*Published in Punjabi & English*
**Distributed in Toronto, Calgary, Vancouver, Winnipeg and Edmonton and Online Worldwide.**

Sarokaran Di Awaz

Voice of Social Concerns
Pro-People Arts Project Media Group

# ਸਰੋਕਾਰਾਂ ਦੀ ਆਵਾਜ਼

Email: ppapmg@gmail.com | ਸਾਲ-9, ਅੰਕ-1, ਜਨਵਰੀ 2019 | Website: www.ppapmg.com

HARBANS SINGH 416-817-7142 | DEVINDER TOOR 416-902-9372 | MASTER BHAJAN SINGH 403-455-4220 | Registration No. 210836300

# ਕੈਨੇਡਾ ਦੀ ਵਿਦੇਸ਼ ਨੀਤੀ ਦਾ ਦੀਵਾਲੀਆਪਣ



ਮਲਕੀਤ ਸਿੰਘ
ਐਬਸਫੋਰਡ ਬੀ. ਸੀ.
604 755 3969
tatlamalkeetsingh@yahoo.in



ਹਰ ਦੇਸ਼ ਦੀ ਵਿਦੇਸ਼ ਨੀਤੀ, ਉਸਦੇ ਰਾਜਨੀਤਕ, ਆਰਥਿਕ, ਸਮਾਜਿਕ ਅਤੇ ਸਭਿਆਚਾਰਕ ਪ੍ਰਸੰਗ ਵਿਚ ਨਿਰਧਾਰਤ ਕੀਤੀ ਜਾਂਦੀ ਹੈ। ਪਰ ਅਜੋਕੇ ਟਰੂਡੋ ਪ੍ਰਸ਼ਾਸਨ ਵਿਚ ਸਾਫ਼ ਦਿਸ ਰਿਹਾ ਹੈ ਕਿ ਕੈਨੇਡਾ ਦੀ ਵਿਦੇਸ਼ ਨੀਤੀ ਦਿਸ਼ਾਹੀਣ ਹੈ। ਇਹ ਕੈਨੇਡਾ ਦੀਆਂ ਅੱਜ ਦੀਆਂ ਰਾਜਨੀਤਕ, ਆਰਥਿਕ ਲੋੜਾਂ ਦੀ ਉਲਟ ਭਾਵੀ ਦਿਸ਼ਾ ਵਿਚ ਵਹਿ ਰਹੀ ਹੈ। ਇਹ ਗੱਲ ਬਾਅਦ ਵਿਚ ਆਂਕਣ ਦੀ ਕੋਸ਼ਿਸ਼ ਕਰਾਂਗੇ ਕਿ ਦਿਸ਼ਾਹੀਣਤਾ ਸੁੱਤੇ ਹੀ ਹੋ ਰਹੀ ਹੈ ਜਾਂ ਜਾਣ ਬੁਝ ਕੇ ਵਿਦੇਸ਼ ਵਿਭਾਗ ਵਿਚ ਬੈਠੇ ਕਾਰਕੁੰਨ ਇਸ ਲਈ ਜ਼ਿੰਮੇਵਾਰ ਹਨ।

**- ਕੈਨੇਡਾ-ਇੰਡੀਅਨ ਸਬੰਧ -**

ਸਾਨੂੰ ਕੈਨੇਡੀਅਨ ਪੰਜਾਬੀਆਂ ਨੂੰ ਉਦੋਂ ਬੜਾ ਸ਼ਰਮਸਾਰ ਹੋਣਾ ਪਿਆ, ਜਦੋਂ ਪ੍ਰਧਾਨ ਮੰਤਰੀ ਆਪ ਬੜੀਆਂ ਵੱਡੀਆਂ ਉਮੀਦਾਂ ਲੈ ਕੇ, ਇਕ ਵੱਡੇ ਵਪਾਰਕ ਡੈਲੀਗੇਸ਼ਨ ਨਾਲ ਇੰਡੀਆ ਦੇ ਦੌਰੇ 'ਤੇ ਗਿਆ। ਪਰ ਇੰਡੀਆ ਵਾਲਿਆਂ ਨੇ, ਭਾਵੇਂ ਉਹ ਮੋਦੀ ਦੀ ਅਗਵਾਈ ਵਾਲੀ ਕੇਂਦਰੀ ਸਰਕਾਰ ਸੀ ਅਤੇ ਭਾਵੇਂ ਇਕ ਵਿਵਾਦਤ ਮੁੱਖ ਮੰਤਰੀ-ਕੈਪਟਨ, ਉਨ੍ਹਾਂ ਨੇ ਰੱਜ ਕੇ ਪ੍ਰਧਾਨ ਮੰਤਰੀ ਸਮੇਤ ਸਾਰੇ ਡੈਲੀਗੇਸ਼ਨ ਦੀ ਬੇਇੱਜ਼ਤੀ ਕੀਤੀ। ਕੈਨੇਡਾ ਨਾਲ ਬੜੀ ਮਾੜੀ ਹੋਈ। ਇਸ ਤਰ੍ਹਾਂ ਨਹੀਂ ਸੀ ਹੋਣਾ ਚਾਹੀਦਾ ਹੈ। ਪਰ ਸਾਰੀ ਦੁਨੀਆਂ ਦੇ ਸਾਹਮਣੇ ਹੋਇਆ। ਡੈਲੀਗੇਸ਼ਨ ਬਿਨਾਂ ਕਿਸੇ ਲਾਹੇਵੰਦ ਸਮਝੌਤੇ ਤੋਂ ਵਾਪਸ ਪਰਤ ਆਇਆ। ਇਸ ਤੋਂ ਪਹਿਲਾਂ ਕੈਨੇਡਾ ਦੇ ਰੱਖਿਆ। ਮੰਤਰੀ ਹਰਜੀਤ ਸੱਜਣ ਨਾਲ ਵੀ ਇਵੇਂ ਹੀ ਹੋ ਚੁੱਕੀ ਸੀ। ਇਨ੍ਹਾਂ ਖਰਾਬ ਹੋਏ ਸਬੰਧਾਂ ਦੇ ਕੀ-ਕੀ ਦੂਰਗਾਮੀ ਸਿੱਟੇ ਆਉਣ ਵਾਲੇ ਸਮੇਂ ਵਿਚ ਨਿਕਲਣਗੇ। ਇਹ ਸਮੇਂ ਦੀ ਬੁੱਕਲ ਵਿਚ ਲੁਕਿਆ ਸਵਾਲ ਹੈ। ਕੈਨੇਡਾ ਵਿਚ ਪੰਜਾਬੀ-ਪੂਰੋ ਵਾਸਤੇ ਮਾੜੀ ਖ਼ਬਰ ਆ ਚੁੱਕੀ ਹੈ। ਸਿੱਖ ਧਰਮ ਨੂੰ ਅੱਤਵਾਦ ਨਾਲ ਜੋੜ ਦਿੱਤਾ ਗਿਆ ਹੈ।

**- ਕੈਨੇਡਾ-ਸਾਊਦੀ ਅਰਬ -**

ਸਾਊਦੀ ਅਰਬ ਇਸ ਵੇਲੇ ਸੋਨੇ ਦੀ ਚਿੜੀ ਸਮਝਿਆ ਜਾਂਦਾ ਹੈ। ਇਸ ਕੋਲ ਪੈਟਰੋ-ਡਾਲਰਾਂ ਦਾ ਅਥਾਹ ਭੰਡਾਰ ਹੈ। ਇਸ ਵਲੋਂ ਕੀਤੀ ਜਾਣ ਵਾਲੀ ਸਰਮਾਇਆਕਾਰੀ ਅਤੇ ਜੰਗੀ ਹਥਿਆਰਾਂ ਦੀ ਖਰੀਦਦਾਰੀ ਦੀ, ਹਰ ਸਰਮਾਏਦਾਰੀ ਰਾਜ ਪ੍ਰਬੰਧ ਵਾਲੀ ਸਰਕਾਰ ਇੱਛਾਵਾਨ ਹੈ। ਤੇਲ ਅਤੇ ਕੁਦਰਤੀ ਗੈਸ ਦੇ ਵੀ ਇਸ ਕੋਲ ਅਥਾਹ ਭੰਡਾਰ ਹਨ। ਮੇਰੇ ਇਸ ਲੇਖ ਦਾ ਵਿਸ਼ਾ ਇਹ ਨਹੀਂ ਕਿ ਸਾਊਦੀ ਅਰਬ ਬੜਾ ਮਾੜਾ ਰਾਜ ਹੈ। ਸਾਰੀ ਦੁਨੀਆਂ ਜਾਣਦੀ ਹੈ ਕਿ ਇਹ ਸੱਚ ਹੈ। ਸਾਊਦੀ ਅਰਬ ਵਲੋਂ, ਯਮਨ ਦੀ ਕੀਤੀ ਤਬਾਹੀ ਇਸ ਦੀ ਗਵਾਹ ਹੈ। ਪੱਤਰਕਾਰ ਖਸ਼ੋਗੀ ਦਾ ਘਿਨਾਉਣਾ ਕਤਲ ਵੱਡਾ ਕਾਲਾ ਦਾਗ ਹੈ। ਪਰ ਜੇ ਕੈਨੇਡਾ ਵੀ ਹਥਿਆਰਾਂ ਦਾ ਸਪਲਾਇਰ ਹੈ ਅਤੇ ਅਰਬ ਸਰਮਾਇਆਕਾਰੀ ਚਾਹੁੰਦਾ ਹੈ ਤਾਂ ਕੈਨੇਡਾ ਦੀ ਵਿਦੇਸ਼ ਨੀਤੀ ਰਾਹੀਂ ਇਹ ਆ ਸਕਦੀ ਹੈ। ਸਿਤਮ ਜ਼ਰੀਫੀ ਇਹ ਹੈ ਕਿ ਮਨੁੱਖੀ ਅਧਿਕਾਰਾਂ ਦਾ ਰੋਲ ਘਚੋਲਾ ਖੜ੍ਹਾ ਕਰਕੇ, ਕੈਨੇਡਾ ਨੂੰ ਅਰਬ ਵਲੋਂ ਹੋਣ ਵਾਲੀ ਸਰਮਾਇਆਕਾਰੀ ਦੇ ਬੂਹੇ ਬੰਦ ਕਰਵਾ ਲਏ। ਜੇ ਅਸੀਂ ਸੋਚੀਏ ਮਾਨਵੀ ਅਧਿਆਕਾਰਾਂ ਦੇ ਖੇਤਰ ਵਿਚ ਕੈਨੇਡਾ ਆਪ ਕਿਹੜਾ ਦੁੱਧ ਧੋਤਾ ਹੈ। ਇਸ ਦਾ ਰਿਕਾਰਡ ਵੀ ਤਾਂ ਸਾਊਦੀ ਅਰਬ ਤੋਂ ਕੋਈ ਜ਼ਿਆਦਾ ਵਧੀਆ ਨਹੀਂ ਹੈ। ਇਸ ਸਬੰਧੀ ਕੈਨੇਡੀਅਨ ਸੈਂਟਰ ਫਾਰ ਪਾਲਿਸੀ ਆਲਟਰਨੇਟਿਵ- CCPA ਦੀਆਂ ਅਨੇਕਾਂ ਖੋਜ ਭਰਪੂਰ ਲਿਖਤਾਂ ਮੌਜੂਦਾ ਹਨ। ਅਫਰੀਕਾ ਅਤੇ ਦੱਖਣੀ ਅਮਰੀਕਾ ਵਿਚ ਕੈਨੇਡਾ ਦੀਆਂ ਮਾਇਨਿੰਗ ਅਤੇ ਖਣਿਜ ਕੰਪਨੀਆਂ ਸਰਕਾਰ ਦੀ ਸਰਪ੍ਰਸਤੀ ਹੇਠ ਮਾਨਵੀ ਅਧਿਕਾਰਾਂ ਦੀਆਂ ਧੱਜੀਆਂ ਉਡਾ ਰਹੀਆਂ ਹਨ। ਬੋਟਸਵਾਨਾ-ਅਫਰੀਕਾ ਦੇ ਖ਼ੂਨ ਚੋਂਦੇ ਹੀਰੇ, ਕੈਨੇਡਾ ਦੀ ਡੀ.ਬੀਅਰਜ਼ ਕੰਪਨੀ ਦੇ ਅਤੇ ਕੈਨੇਡਾ ਦੀਆਂ ਕੰਪਨੀਆਂ ਵਲੋਂ ਚਿੱਲੀ ਦੇ ਖਣਿਜ ਮਜ਼ਦੂਰਾਂ ਦਾ ਸ਼ੋਸ਼ਣ ਅਤੇ ਕਤਲ ਇਸ ਦੀਆਂ ਉਘੜਵੀਆਂ ਉਦਾਹਰਣਾਂ ਹਨ। ਫਿਰ ਕੈਨੇਡਾ ਵੀ ਤਾਂ ਅਰਬ ਹਥਿਆਰ ਸਪਲਾਈ ਕਰ ਰਿਹਾ ਹੈ, ਜਿਨ੍ਹਾਂ ਨਾਲ ਯਮਨ ਵਿਚ ਬੇਦੋਸ਼ਿਆਂ ਦੇ ਖ਼ੂਨ ਦੀ ਹੋਲੀ ਖੇਡੀ ਜਾ ਰਹੀ ਹੈ। ਉਨਟਾਰੀਓ ਅਤੇ ਕਿਊਬਕ ਵਿਚ ਜੋ ਅਰਬ ਸਰਮਾਇਆਕਾਰੀ ਸੀ ਉਹ ਖਿੱਚੀ ਜਾ ਰਹੀ

(**ਬਾਕੀ ਸਫ਼ਾ 5 'ਤੇ**)

CONGRATULATIONS
TEAM OVER 425 REALTORS
HomeLife Silvercity Realty Inc., Brokerage
905-913-8500
11775 Bramalea Rd # 201, Brampton
GARCHA BROTHERS

Super Visa Insurance
With all the BENEFITS & REQUIREMENTS
Life Insurance, Critical illness Insurance, Disability Insurance, RRSP, RESP Etc.
For More Information Call
Harcharan Singh Parhar
403-681-8689

A Class Granite Ltd.
A CLASS GRANITE
PRICED RIGHT AND DONE RIGHT
CALL FOR A FREE ESTIMATE
MALKIT
778 889 9526
#48,49 13315 115 Ave Surrey
Office: 604.496.6746
m.swaich@aclassgranite.org
www.aclassgraniteltd.com
WWW.ACLASSGRANITE.ORG
• KITCHEN COUNTERS • STAIRCASES
• VANITIES • INSTALLATIONS
• FIRE PLACES • REPAIRS

Call for your home BUYING & SELLING needs
BALJINDER SANGHA B.Com
Real Estate Associate
403-680-3212
baljindersangha@urban-realty.ca
urban Real Estate Services Ltd.

CAMBRIDGE
Call Rani - 403-612-7881
Amar - 403-470-2627

Dhillon Fashions
Ladies Clothing | Wedding Clothing
Kids Dressing | Fashion Jewellery
1110-4818 Westwinds Dr. NE, Calgary
Green Plaza (By Dr. Bhullar)
Ph. : 403-453-9090
Cell : 403-614-2096

ਹਰ ਤਰਾਂ ਦੀ ਇੰਸ਼ੋਰੈਂਸ ਲਈ ਅੱਜ ਹੀ ਸੰਪਰਕ ਕਰੋ
• Auto Insurance
• Home Insurance
• Life Insurance
• Critical illness
• Disability Insurance
• Car Loans
SAVE UPTO 35%
• ਕਾਰ ਇੰਸ਼ੋਰੈਂਸ
• ਹੋਮ ਇੰਸ਼ੋਰੈਂਸ
• ਲਾਈਫ ਇੰਸ਼ੋਰੈਂਸ
• ਕਰਿਟੀਕਲ ਇਲਨੈਸ ਇੰਸ਼ੋਰੈਂਸ
• ਡਿਸਅਬਿਲਿਟੀ ਇੰਸ਼ੋਰੈਂਸ
• ਕਾਰ ਲੋਨ
Call us for FREE Insurance Quote
Paramjit Plaha
403 554.4444
paramjit@paramjit.ca
paramjit.ca
215 - 2323 32 Ave NE
Calgary AB T2E 6Z3

SUPER VISA INSURANCE
PUNJAB INSURANCE INC.
• Life Insurance • Mortgage Insurance • Critical Illness Insurance • Disability Insurance • RESP, RRSP
www.punjabinsurance.ca
Sherjang Singh Rana
416.910.9000
Sandeep Ahuja
416.660.1010


SECURELIFE
INSURANCE AGENCY INC.
NOW HIRING !!!
NEW & EXPERIENCED ADVISORS
Ravinderjit Basra
416-845-6232
www.securelifeinsurance.ca


For All your Commercial Real Estate
needs in Alberta, Motels/Hotels, Gas Station,
Liquor Store, Plazas, Franchise, Restaurant
Call Gurprit Sidhu (Rana)
Ph:403.831.5000
Email: sidhugurprit@hotmail.com
www.liangcommercial.ca


Punjab Insurance Inc.
Super Visa Insurance
Your Expert Advisor for SUPER VISA INSURANCE
• Life Insurance • Mortgage Insurance • Critical Illness
Insurance • Disability Insurance • RESP, RRSP
303, 7- Westwinds Cres. NE Calgary AB, Canada T3J5H2
Website : www.calgaryinsurancequotes.com
HARPINDER SIDHU
(403) 404-3500


Tiwana
Real Estate Team
LIST WITH US
FOR GUARANTEED RESULTS
MEET THE TEAM:
Malvinder Tiwana
Harman Tiwana
Ajitpal Gill
Professional Services
Free Home Evaluation
Digital Marketing & Social Media
Top Dollars in your Pocket
Superb Negotiation Skills
Team of 3 Realtors With Full Time Office Staff
ROYAL LEPAGE
100 YEARS
Call: 403-830-5152
Visit : www.TiwanaTeam.com
Email: tiwanateam@gmail.com
Address: 110-7220 Fisher St SE, Calgary, AB T2H 2H8
www.TiwanaTeam.com

**SARO KARAN DI AWAZ**

**Publisher**
Pro-People Arts Project Media Group 29 Mapleview Ave, Brampton Ontario, CA, L6R 1M2

**Chief Editor**
Harbans Singh
416-817-7142
ppapmg@gmail.com

**Managing Director**
Devinder Toor, Toronto
416-902-9372
ppapmg@gmail.com

**Sub Editor**
Master Bhajan Singh
Calgary (Alberta)
403-455-4220
btarksheel@gmail.com

**Sub Editor**
Dr. Hardeep Singh, Milton (Ontario)
416-209-6363
deephsingh@gmail.com

**Sub Editor**
Randeep Singh (India)
09855695905
rvs0001@gmail.com

**Literary Advisor**
Haripal
Calgary (NE) Alberta
403-714-4816
haripalharry2016@gmail.com

**Sports Advisor**
Sukhvir Grewal
403-402-0770
sukhsports@gmail.com

Parminder Swaich
Surrey (BC)
604-760-4794

**Graphic Desinger**
Baljinder Singh
+91-98782-29598
+91-92167-29598
akashdeep.1064@gmail.com

**Honorary Advisory Board**

Sukhdev Singh Sandhu (Toronto)

Master Balbir Singh Gill (Toronto)

Jaspreet Dhaliwal (Toronto)

Harcharan Singh Parhar Calgary

Malkit Singh Abbotsford (BC)

Narbhinder Singh (India) (Punjab)
935-443-0211

Buta Singh Nawan Shahr (Punjab)
946-347-4342
atoozed@gmail.com

Jaswant Zirakh (India) (Punjab)
98151-69825
jaswantzirakh@gmail.com

ਸੰਪਾਦਕੀ ਮੰਡਲ ਦਾ ਕਿਸੇ ਵੀ ਰਚਨਾ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ। ਮੈਟਰ ਵਿਚ ਵਾਧਾ-ਘਾਟਾ ਕਰਨ ਦਾ ਅਧਿਕਾਰ ਅਦਾਰਾ 'ਸਰੋਕਾਰਾਂ ਦੀ ਆਵਾਜ਼' ਨੂੰ ਹੋਵੇਗਾ। ਪੇਪਰ ਵਿਚ ਛਪੀ ਹਰ ਲਿਖਤ ਜਾਂ ਇਸ਼ਤਿਹਾਰ ਸਬੰਧੀ ਲੇਖਕ ਅਤੇ ਇਸ਼ਤਿਹਾਰਦਾਤਾ ਹੀ ਜ਼ਿੰਮੇਵਾਰ ਹੋਵੇਗਾ।




Details of 163 trinity:

$837,000 | 3,348 sq ft | 3 car garage | Walkout basement | 2 master bedrooms
Spice kitchen | Main floor bed and bath 4 bathrooms
Select all colors and specs if purchased now

Details of 705 mcdougal rd:

Practically in downtown

brand new 2300 sq ft townhouses with single garage

You can't beat these spectacular view

Priced to sell at $889,000



Call Rani - 403-612-7881
Amar - 403-470-2627

# ਸਪਰਿੰਗ ਮੂਨ-ਚੀਨ ਦਾ ਇਕ ਨਾਵਲ : ਪੱਛੋਂ ਦੀ ਵਾ



ਮਲਕੀਤ ਸਿੰਘ
ਐਬਸਫੋਰਡ ਬੀ. ਸੀ.
604 755 3969
tatlamalkeetsingh@yahoo.in

**"ਮਾਲਕ ਮੇਰੇ ਮਾਲਕ" ਸੁਣ ਕੇ ਉਹ ਚੌਂਕ ਗਿਆ। ਉਨ੍ਹਾਂ ਦਾ ਪੁਰਾਣਾ ਨੌਕਰ ਬੁੱਢਾ ਮਾਲੀ ਉਸ ਨੂੰ ਲੈਣ ਆਇਆ ਸੀ। "ਮੇਰੇ ਪਰਮ ਮਿੱਤਰ" ਬੋਲਡ ਟੇਲੈਂਟ ਨੇ ਸੁਭਾਵਿਕ ਆਖਿਆ। ਮਾਲੀ ਦਾ ਚਿਹਰਾ ਖਿੜ ਉੱਠਿਆ ਅਤੇ ਅੱਖਾਂ ਚਮਕ ਗਈਆਂ। "ਪਿਓ ਚੱਲ ਵਸਿਆ ਤਾਂ ਪੁੱਤਰ ਘਰ ਮੁੜ ਆਇਆ"। ਮਾਲੀ ਦੇ ਮਨ ਵਿਚ ਪਰਿਵਾਰ ਲਈ ਅਥਾਹ ਸ਼ਰਧਾ ਸੀ। "ਮਾਲਕ ਜੁੱਗ ਲੰਘ ਗਏ ਨੇ ਤੈਨੂੰ ਵਿਛੜਿਆਂ" ਬੱਸ ਤੂੰ ਮਿਲ ਪਿਆ ਸਮਝ ਮੈਂ ਘਰ ਪਹੁੰਚ ਗਿਆ"**

ਸਪਰਿੰਗ ਮੂਨ ਦੀ ਦਾਸੀ, ਭੈਣਾਂ ਵਰਗੀ ਪਿਆਰੀ, ਪਲੱਮ ਬਲਾਜ਼ਮ, ਉਸੇ ਸਾਈ ਪਰੱਸ ਦੇ ਦਰਤਖ਼ਤ ਨਾਲ ਫਾਹਾ ਲੈ ਕੇ ਮਰ ਗਈ, ਜਿਹੜਾ ਚੰਗ ਰਾਜ ਘਰਾਣੇ ਦੇ ਮੋਢੀ ਵਿਦਵਾਨ ਮੁੰਡੇ ਨੇ ਆਪਣੇ ਮਾਂ ਦੀ ਕਬਰ ਉਪਰ ਇਕ ਟਾਹਣੀ ਦੇ ਰੂਪ ਵਿਚ ਲਾਇਆ ਸੀ। ਰਾਜਾ ਵੀ ਚਲ ਵਸਿਆ। ਇਹ ਦੋਵੇਂ ਗੱਲਾਂ ਨਾਵਲਕਾਰ ਨੇ ਚਿੰਨ੍ਹ ਅਤੇ ਸੰਕੇਤ ਵਜੋਂ ਵਰਤੀਆਂਹਨ। ਸੰਕੇਤ ਆਉਣ ਵਾਲੀਆਂ ਭਾਵੀਆਂ ਦੇ ਹਨ। ਸਾਈ ਪਰੱਸ ਪੱਟੇ ਜਾਣ ਦੇ ਨਾਲ ਹੀ ਢੰਗ ਰਾਜ ਦੀ ਜੜ੍ਹ ਪੱਟੀ ਗਈ। ਸੰਕੇਤ ਹੈ ਕਿ ਪੂਰੇ ਚੀਨੀ ਸਾਮਰਾਜ ਵਿਚ ਉਥਲ ਪੁੱਥਲ ਹੋਣ ਵਾਲੀ ਹੈ। ਚੀਨ ਦੇ ਸਮਾਜਵਾਦੀ-ਇਨਕਲਾਬ ਦਾ ਮੁੱਢ ਬੰਨ੍ਹਿਆ ਜਾ ਰਿਹਾ ਹੈ। ਚੰਗ ਰਾਜ ਦਾ ਸਰੂਪ ਬੇਸ਼ੱਕ ਆਪਣੇ ਹੱਲ ਵਾਹਕਾਂ, ਨੌਕਰਾਂ ਅਤੇ ਮਜ਼ਦੂਰਾਂ ਨਾਲ ਹਮਦਰਦੀ ਵਾਲਾ ਸੀ ਪਰ ਸਾਮਰਾਜ ਦੇ ਬਾਕੀ ਰਾਜ ਹੋਰ ਸਨ। ਚੀਨ ਦਾ ਸਮਾਜ ਪਛੜਿਆ, ਪੁਰਾਤਨ ਗੀਤੀ ਰਿਵਾਜਾਂ ਵਿਚ ਜਕੜਿਆ ਸੀ। ਵਹਿਮ ਭਰਮ ਹੱਦੋਂ ਵੱਧ ਸਨ। ਵਿਗਿਆਨ, ਤਕਨੀਕ ਅਤੇ ਵਿਕਾਸ ਦੇ ਹੋਰ ਵਿਸ਼ਿਆਂ ਬਾਰੇ ਗਿਆਨ ਦੀ ਬੜੀ ਘਾਟ ਸੀ। ਸਮਾਜਿਕ, ਰਾਜਨੀਤਕ ਅਤੇ ਆਰਥਿਕ ਸੁਧਾਰਾਂ ਦੀ ਬੜੀ ਲੋੜ ਸੀ। ਪਛੜਿਆ ਚੀਨੀ ਸਮਾਜ ਰਾਜਨੀਤਕ ਤੌਰ 'ਤੇ ਬਦੇਸ਼ੀਆਂ ਵਲੋਂ ਗੁਲਾਮ ਬਣਾਇਆ ਜਾ ਰਿਹਾ ਸੀ। ਸਾਰੀਆਂ ਯੂਰਪੀਨ ਤਾਕਤਾਂ ਚੀਨ ਦੇ ਵੱਖ-ਵੱਖ ਹਿੱਸਿਆਂ 'ਤੇ ਕਾਬਜ਼ ਹੋ ਰਹੀਆਂ ਸਨ। ਇਸ ਪਸਰ ਰਹੀ ਗੁਲਾਮੀ ਦਾ ਮੁਕਾਬਲਾ ਕਰਨ ਅਤੇ ਇਸ ਤੋਂ ਮੁਕਤੀ ਹਾਸਲ ਕਰਨ ਦਾ ਇਕੋ ਇਕ ਰਾਹ, ਸਮਾਜ ਸੁਧਾਰ ਅਤੇ ਰਾਜਨੀਤਕ ਚੇਤਨਾ ਦੀ ਲੋੜ ਸੀ। ਇਸ ਪੱਖੋਂ ਚੀਗ ਰਾਜ ਘਰਾਣਾ ਪਹਿਲਕਦਮੀ ਕਰਦਾ ਦਿੱਸਦਾ ਹੈ। ਸਪਰਿੰਗ ਮੂਨ ਆਪ ਮਹਿਲਾਂ ਤੋਂ ਬਾਹਰ ਨਿਕਲਣ ਦਾ ਐਲਾਨ ਕਰਕੇ, ਸੰਕੇਤ ਦਿੰਦੀ ਹੈ।

**ਚੀਨ ਦੇ ਇਤਿਹਾਸ ਦੀ ਲੋਕ ਗਾਥਾ**

ਆਖਿਆ ਜਾਂਦਾ ਹੈ ਕਿ ਯੁੰਗ ਵਿੰਗ ਪਹਿਲਾ ਚੀਨੀ ਵਿਦਿਆਰਥੀ ਸੀ ਜੋ ਬਦੇਸ਼ੋਂ ਪੜ੍ਹ ਕੇ ਮੁੜਿਆ। ਪਿੰਡ ਵਿਚ ਤਾਂ ਕਾਨਟਨੀ ਬੋਲਦਾ ਸੀ, ਫਿਰ ਮਿਸ਼ਨ ਸਕੂਲ ਪੜ੍ਹਦਿਆਂ ਉਸ ਨੇ ਅੰਗਰੇਜ਼ੀ ਸਿੱਖੀ। ਬਦੇਸ਼ੀ ਧਰਮ ਅਪਣਾ ਲਿਆ। ਉਸ ਨੂੰ ਅਮਰੀਕਾ ਦੇ ਯੇਲ ਸਕੂਲ ਵਿਚ ਪੜ੍ਹਨ ਭੇਜਿਆ ਗਿਆ। 1854 ਵਿਚ ਉਸ ਨੇ ਡਿਗਰੀ ਹਾਸਲ ਕੀਤੀ। ਚੀਨ ਵਾਪਸ ਆ ਕੇ ਉਸ ਨੇ ਉਹ ਕਾਰਜ ਕੀਤੇ ਜਿਨ੍ਹਾਂ ਨੂੰ ਪਿਛਾਂਹਖਿਚੂ ਸਮਝ ਨਹੀਂ ਸਨ ਸਕਦੇ। ਉਹ ਚਾਹੁੰਦਾ ਸੀ ਕਿ ਵੱਧ ਤੋਂ ਵੱਧ ਚੀਨੀ ਮੁੰਡੇ, ਅਮਰੀਕਾ ਜਾ ਕੇ ਪੜ੍ਹਨ। ਅਠਾਰਾਂ ਸਾਲ ਬਾਅਦ ਉਸਦੇ ਯਤਨਾਂ ਨੂੰ ਬੂਰਾ ਪਿਆ। ਚੀਨ ਸਰਕਾਰ ਨੇ 120 ਮੁੰਡਿਆਂ ਨੂੰ ਪੜ੍ਹਨ ਭੇਜਿਆ। ਯੁੰਗ ਵਿੰਗ ਚਾਹੁੰਦਾ ਸੀ ਕਿ ਸਾਰੇ ਮੁੰਡੇ ਹਾਰਟਫੋਰਡ ਦੇ ਸਕੂਲਾਂ ਵਿਚ 15 ਸਾਲ ਪੜ੍ਹਨ ਅਤੇ ਵਾਪਸ ਆ ਕੇ ਚੀਨ ਦੀ ਸੇਵਾ ਕਰਨ। ਉਹ ਸਾਰੇ ਮੁੰਡੇ ਛੇਤੀ ਹੀ ਯੁੰਗ ਵਿੰਗ ਵਾਂਗ ਪੱਛਮੀ ਸਭਿਅਤਾ ਵਿਚ ਰੰਗੇ ਗਏ। ਚੀਨੀ ਪਹਿਰਾਵਾ ਛੱਡ ਕੇ ਪੱਛਮੀ ਪਹਿਰਾਵਾ ਪਾਉਣ ਲੱਗੇ। ਸਮਰਾਟ ਨੂੰ ਇਸ ਵਿਚ ਖਤਰਾ ਜਾਪਿਆ। ਉਸ ਨੇ ਸਾਰਿਆਂ ਨੂੰ ਵਾਪਸ ਬੁਲਾ ਲਿਆ। ਪਰ ਹੁਣ ਤਾਂ ਬਹੁਤ ਦੇਰ ਹੋ ਚੁੱਕੀ ਸੀ। ਦੂਜੇ ਬੰਨੇ ਸਾਮਰਾਜ ਵਿਚ ਬਦੇਸ਼ੀ ਘੁਸਪੈਠ ਸ਼ੁਰੂ ਹੋ ਚੁੱਕੀ ਸੀ। ਬੰਦਰਗਾਹਾਂ ਦੇ ਕਬਜ਼ੇ ਹੋ ਰਹੇ ਸਨ ਅਤੇ ਚੀਨ ਤੇ ਆਪਣਾ ਸਭਿਆਚਾਰਕ ਪ੍ਰਭਾਵ ਪਾ ਰਹੇ ਸਨ।

ਸਮਰਾਟ ਵਾਂਗ ਹੁਨ ਰਾਜ ਨੇ ਵੀ ਆਪਣੇ ਮੁੰਡਿਆਂ ਨੂੰ ਬਦੇਸ਼ੀਂ ਪੜ੍ਹਨ ਤੋਰਿਆ ਹੋਇਆ ਸੀ, ਤਾਂ ਜੋ ਚੀਨ ਸਾਮਰਾਜ ਨੂੰ ਬਚਾਇਆ ਜਾ ਸਕੇ। ਯੁੰਗ ਵਿੰਗ ਦੇ ਇਲਾਕੇ ਵਿਚੋਂ ਹਜ਼ਾਰਾਂ ਦੀ ਗਿਣਤੀ ਵਿਚ ਗਰੀਬ ਕਿਸਾਨ ਜਹਾਜ਼ੀਂ ਚੜ੍ਹ ਸੋਨੇ ਦੇ ਪਹਾੜਾਂ ਵਾਲੇ ਮੁਲਕ ਪਹੁੰਚ ਚੁੱਕੇ ਸਨ। ਉਹ ਦੇਸ਼ ਨੂੰ ਪੈਸੇ, ਬਦੇਸ਼ੀ ਵਸਤਾਂ ਅਤੇ ਨਾਲ ਹੀ ਬਦੇਸ਼ੀ ਵਿਚਾਰ ਵੀ ਭੇਜ ਰਹੇ ਸਨ। ਇਨ੍ਹਾਂ ਵਿਚ ਇਕ ਸਨ-ਯਤ-ਸੇਨ, 13 ਸਾਲਾਂ ਦਾ ਮੁੰਡਾ ਵੀ ਸੀ। ਉਹ ਹੋਨੋ ਲੂਲੂ, ਡਾਕਟਰੀ ਦੀ ਪੜ੍ਹਾਈ ਕਰਨ ਗਿਆ ਸੀ ਪਰ ਮੁੜਿਆ ਜੀਵਨ ਨੂੰ ਛਾਂਗਣ, ਤਰਾਸਣ ਵਾਲਾ ਬਣ ਕੇ। ਉਹ ਹੀ ਚੀਨ ਦੇ ਸਮਾਜਵਾਦੀ ਇਨਕਲਾਬ ਦਾ ਪਿਤਾਮਾ ਸੀ (ਯਾਦ ਰਹੇ ਕਿ ਗ਼ਦਰੀ ਇਨਕਲਾਬਆਂ ਦੇ ਉਸ ਨਾਲ ਨੇੜਲੇ ਸਬੰਧ ਸਨ ਇਸੇ ਕਰਕੇ ਸੰਘਾਈ ਪੰਜਾਬੀ ਪੁਲਿਸ ਦੇ ਕੁਝ ਅਨਸਾਰਾਂ ਅਤੇ ਹੋਰਨਾਂ ਨੇ ਚੀਨ ਦੇ ਇਨਕਲਾਬ ਵਿਚ ਅਹੂਤੀਆਂ ਦਿੱਤੀਆਂ)

**ਰਾਜ ਦਾ ਨਵਾਂ ਮੁਖੀ**

ਸਪਰਿੰਗ ਮੂਨ ਦਾ ਦਾਦਾ ਵੀ ਅਗਾਂਹਵਧੂ ਵਿਚਾਰਾਂ ਵਾਲਾ ਸੀ। ਆਪਣੀ ਮੌਤ ਤੋਂ ਸੱਤ ਸਾਲ ਪਹਿਲਾਂ ਉਸ ਨੇ ਇਕ ਫੈਸਲਾ ਕੀਤਾ ਕਿ ਸਪਰਿੰਗ ਮੂਨ ਦੇ ਤਾਏ ਬੋਲਡ ਟੇਲੈਂਟ ਨੂੰ ਅਮਰੀਕਾ ਪੜ੍ਹਨ ਤੋਰਿਆ। ਸਪਰਿੰਗ ਮੂਨ ਦਾ ਪਿਓ, ਸਟਰਲਿੰਗ ਟੇਲੈਂਟ ਕਿਤਾਬੀ ਕੀੜਾ ਸੀ ਇਸ ਲਈ ਫੈਸਲਾ ਕੀਤਾ ਕਿ ਘਰ ਰਵੇਗਾ। ਤੀਜੇ ਛੋਟੇ ਮੁੰਡੇ ਨੋਬਲ ਟੇਲੈਂਟ ਨੂੰ ਉਸ ਨੇ ਫੌਜੀ ਸਿਖਲਾਈ ਵਾਸਤੇ ਪੀਕਿੰਗ ਦੇ ਮਿਲਟਰੀ ਸਕੂਲ ਭੇਜਿਆ।

ਬੋਲਡ ਟੇਲੈਂਟ ਦੀ ਅਮਰੀਕਨ ਮਕਾਨ ਮਾਲਕਣ ਨੇ, ਜਦੋਂ ਉਸ ਨੂੰ ਵਤਨੋਂ ਆਈ ਚਿੱਠੀ ਫੜਾਈ ਤਾਂ ਉਸ ਨੇ ਜੇਬ ਵਿਚ ਪਾ ਲਈ ਮਾਲਕਣ ਨੇ ਪੁੱਛਿਆ "ਕਿਉਂ, ਸੁੱਖ ਸਾਂਦ ਦੀ ਹੈ?" "ਹਾਂ ਕੋਈ ਗੱਲ ਨਹੀਂ। ਮੈਨੂੰ ਪਤਾ ਹੀ ਹੈ ਕਿ ਕੀ ਲਿਖਿਆ ਹੈ। ਆਪ ਹੀ ਤਾਂ ਮੈਨੂੰ ਇਸ ਦੀ ਉਮੀਦ ਸੀ। ਤਾਂ ਹੀ ਮੈਂ ਆਪਣੇ ਪਿਓ ਨੂੰ ਆਉਣ ਵੇਲੇ, ਸੱਤ ਸਾਲ ਪਹਿਲਾਂ, ਉਸ ਦੇ 60ਵੇਂ ਜਨਮ ਦਿਨ 'ਤੇ, ਇਕ ਵੱਡਾ ਪੱਕੀ ਲੱਕੜ ਦਾ ਤਾਬੂਤ ਭੇਂਟ ਕੀਤਾ ਸੀ। ਰੇਸ਼ਮੀ ਕਫ਼ਨ ਵੀ ਗੋਟਾ ਕਿਨਾਰੀ ਲੱਗਿਆ ਅਤੇ ਸੋਨੇ ਦੀ ਕਸੀਦਾਕਾਰੀ ਵਾਲਾ। ਰਾਜੇ ਨੇ ਆਪ ਇਕ ਬਹੁਤ ਵਧੀਆ ਮਰਸੀਆ, ਗਾਉਂਦੀ ਕਿਤਾਬ ਚੁਣੀ ਸੀ, ਜਿਸ ਨੂੰ ਉਹ ਅਗਲੇ ਜਹਾਨ ਨਾਲ ਲੈ ਕੇ ਜਾਵੇਗਾ। ਉਹ ਇਕ ਉਚੇ ਨਾਂ ਵਾਲੇ ਖਾਨਦਾਨ ਵਿਚ ਜੰਮਿਆ, ਖਾਨਦਾਨ ਦਾ ਨਾਂ ਉਸ ਨੇ ਹੋਰ ਉਚਾ ਕੀਤਾ ਅਤੇ ਰਾਜ ਦੀ ਸੇਵਾ ਕੀਤੀ। ਚੈਨ ਦੀ ਜ਼ਿੰਦਗੀ ਜੀਵਿਆ ਉਹ। ਮੌਤ ਵੇਲੇ ਵੀ ਖੁਸ਼ਗਵਾਰ ਮੌਤ ਮਾਰਿਆ ਹੋਏਗਾ ਉਹ। ਐਸੇ ਪਿਓ ਦੇ ਪੁੱਤਰਾਂ ਨੂੰ ਹੋਰ ਕੀ ਚਾਹੀਦਾ ਹੈ" ਜਦੋਂ ਉਸ ਨੇ ਚਿੱਠੀ ਖੋਲ੍ਹੀ ਤਾਂ ਇਕੋ ਲਾਈਨ ਸੀ, "ਲੱਖ ਸਨਮਾਨਾਂ ਦਾ ਪਾਤਰ ਬੁੱਢਾ ਰਾਜ ਸਵਰਗ ਉਤਾਰੀ ਮਾਰ ਗਿਆ ਹੈ।"

ਵਕਤ ਬੜਾ ਕੌੜਾ ਸੀ। 49 ਦਿਨਾਂ ਬਾਅਦ ਵਿਛੜੇ ਪਿਓ ਦਾ ਕ੍ਰਿਆ ਕਰਮ ਕੀਤਾ ਜਾਣਾ ਹੈ। ਹਫ਼ਤੇ ਬਾਅਦ ਉਹ ਸਾਂ-ਫਰਾਂਸਿਸਕੋ ਬੰਦਰਵਾਹ ਤੋਂ ਸਿਟੀ ਆਫ਼ ਪੀਕਿੰਗ ਜਹਾਜ਼ ਵਿਚ ਵਤਨ ਲਈ ਰਵਾਨਾ ਹੋ ਗਿਆ। ਹੁਣ ਉਹ ਚੰਗ ਰਾਜ ਦਾ ਨਵਾਂ ਮੁਖੀ ਸੀ। ਬੀਤੇ ਸੱਤਾਂ ਸਾਲਾਂ ਦਾ ਸਮਾਂ ਚਲ-ਚਿੱਤਰ ਵਾਂਗ ਉਸ ਦੀਆਂ ਨਜ਼ਰਾਂ ਵਿਚੋਂ ਲੰਘਣ ਲੱਗਿਆ। "ਮੇਰੇ ਬੇਟੇ ਸੁਣ ਮੈਂ ਤੈਨੂੰ ਅਮਰੀਕਾ ਪੜ੍ਹਨ ਭੇਜ ਰਿਹਾਂ" ਸੁਣ ਕੇ ਉਹ ਸੁੰਨ ਹੋ ਗਿਆ। ਸੋਚਿਆ ਕਿ ਕੀ ਉਹ ਜ਼ਿਲ੍ਹਾ ਮਜਿਸਟਰੇਟ ਵਜੋਂ ਅਸਫ਼ਲ ਰਿਹਾ ਹੈ? ਇਸ ਕਰਕੇ ਉਸ ਨੂੰ ਬਾਹਰ ਭੇਜਿਆ ਜਾ ਰਿਹਾ ਹੈ। ਸੱਚ ਵੀ ਸੀ। ਉਸ ਨੇ ਕੀਤੇ ਫੈਸਲਿਆਂ ਤੋਂ, ਨਾ ਜ਼ਿਲ੍ਹਾ ਅਧਿਕਾਰੀ ਅਤੇ ਨਾ ਵਪਾਰੀ ਖੁਸ਼ ਸਨ। ਬਦੇਸ਼ੀ ਵੀ ਨਰਾਜ਼ ਜਿਨ੍ਹਾਂ ਦੀ ਭਾਸ਼ਾ ਉਹ ਜਾਣਦਾ ਸੀ। ਬਾਪ ਨੇ ਕਿਹਾ, "ਮੈਂ ਤੈਨੂੰ ਚੋਂਕਾ ਦਿੱਤਾ ਨਾ। ਮੈਨੂੰ ਹੁੱਕੇ ਦੀ ਘੁੱਟ ਭਰ ਲੈਦ ਦੇ। ਦਸ ਮਿੰਟ ਠਹਿਰ ਬੇਟੇ, ਸੋਚ, ਦਸਾਂ ਮਿੰਟਾਂ ਵਿਚ ਦੁਸ਼ਮਣ ਨੇ ਸਾਡਾ ਦੱਖਣੀ ਸਮੁੰਦਰੀ ਬੇੜਾ ਗਰਕ ਕਰ ਦਿੱਤਾ। ਜੇ ਚੀਨ ਨੇ ਬਚਣਾ ਹੈ ਤਾਂ ਇਸ ਨੂੰ ਆਧੁਨਿਕੀਕਰਨ ਕਰਨਾ ਪਵੇਗਾ। ਪੀਕਿੰਗ ਵਿਚ ਬੈਠੇ ਪਿਛਾਂਹਖਿੱਚੂਆਂ ਨੇ ਬਦੇਸ਼ੀਂ ਪੜ੍ਹਦੇ ਵਿਦਿਆਰਥੀ ਵਾਪਸ ਬੁਲਾ ਲਏ ਹਨ। ਅਸੀਂ ਜਿਹੜੇ ਉਨ੍ਹਾਂ ਪਿਛਾਂਕੜਾਂ ਦਾ ਵਿਰੋਧ ਕਰਦੇ ਹਾਂ, ਸਾਨੂੰ ਪਹਿਲ ਕਰਨੀ ਪਵੇਗੀ। ਦੇਖ ਬੇਟੇ ਤੇਰੀ ਮੰਗੇਤਰ ਕੁੜੀ ਮਰ ਚੁੱਕੀ ਹੈ। ਕਈ ਸਾਲ ਤੇਰੀ ਨਵੀਂ ਮੰਗਣੀ ਨਹੀਂ ਹੋ ਸਕਦੀ। ਉਨ੍ਹਾਂ ਦੇ ਖਾਨਦਾਨ ਦੀ ਇੱਜ਼ਤ ਦਾ ਸਵਾਲ ਹੈ। ਤੂੰ ਹੈਂ ਵੀ ਖੋਜੀ ਦਿਮਾਗ ਵਾਲਾ। ਤਾਂ ਹੀ ਮੈਂ ਤੈਨੂੰ ਅਮਰੀਕਾ ਭੇਜ ਰਿਹਾਂ" ਬੁੱਢੇ ਦੇ ਬੋਲ ਸਨ। "ਜਾਹ ਬਾਹਰ ਜਾ ਕੇ ਇਹ ਸਿੱਖ ਕੇ ਆ ਕੇ ਉਨ੍ਹਾਂ ਦੀ ਤਾਕਤ ਦੇ ਕੀ ਭੇਦ ਹਨ। ਫਿਰ ਦੇਸ਼ ਮੁੜ ਕੇ ਵਿਗਿਆਨ ਅਤੇ ਤਕਨੀਕ ਇਥੇ ਪੜ੍ਹਾਵੀਂ। ਸਾਡਾ ਦੇਸ਼ ਵੀ ਤਕੜਾ ਹੋਵੇ। ਤੇਰਾ ਛੋਟਾ ਭਾਈ ਨੋਬਲ ਟੇਲੈਂਟ ਫੌਜੀ ਸਕੂਲ ਵਿਚ ਭਰਤੀ ਹੋਣ ਜਾ ਰਿਹਾ। ਸ਼ੁਕਰ ਹੈ ਕਿ ਸਾਡੇ ਸਾਰੇ ਫੌਜੀ ਜਰਨੈਲ ਪੀਕਿੰਗ ਦੀਆਂ ਨੀਤੀਆਂ ਦੀ ਹਾਮੀ ਨਹੀਂ ਭਰਦੇ। ਬਹੁਤ ਔਖੇ ਹਨ ਉਹ ਬਦੇਸ਼ੀ ਕਬਜ਼ਿਆਂ ਤੋਂ"

**ਦੇਸ਼ ਵਾਪਸੀ**

ਬੱਤੀ ਦਿਨਾਂ ਬਾਅਦ ਸਿਟੀ ਆਫ਼ ਪੀਕਿੰਗ ਨੇ ਸੰਘਾਈ ਦੀ ਬੰਦਰਗਾਹ ਤੋਂ 12 ਮੀਲ ਵਿੱਥ ਨਾਲ ਲੰਗਰ ਆਣ ਸੁੱਟੇ। ਦੂਜੇ ਮੁਸਾਫਰਾਂ ਵਾਂਗ ਬੋਲਡ ਟੇਲੈਂਟ ਵੀ ਟੈਰੀ ਚਿਆਂਗ ਚੁੰਗ ਵਿਚ ਆ ਚੜ੍ਹਿਆ ਅਤੇ ਇਸ ਨੇ ਮੁਸਾਫਰਾਂ ਨੂੰ ਸੰਘਾਈ ਲੈ ਜਾਣਾ ਹੈ। ਉਹ ਬਦੇਸ਼ਾਂ ਦੀਆਂ ਸਾਰੀਆਂ ਨਿਸ਼ਾਨੀਆਂ ਇਕ ਇਕ ਕਰਕੇ ਉਤਾਰ ਰਿਹਾ ਸੀ। ਜੰਮਣ ਮਿੱਟੀ 'ਤੇ ਪੈਰ ਰੱਖਣ ਵਾਸਤੇ ਬੜਾ ਉਤਸੁਕ ਸੀ। ਵਤਨ ਦੀਆਂ ਉਹੀ ਖੁਸ਼ਬੋਆਂ, ਉਹੀ ਨਜ਼ਾਰੇ ਉਸਦਾ ਸਵਾਗਤ ਕਰ ਰਹੇ ਸਨ। ਛੋਟੀਆਂ ਵੱਡੀਆਂ ਕਿਸ਼ਤੀਆਂ, ਲੋਰਚੇ, ਸਟੀਮਰ, ਟੈਗ, ਸਾਂਧਾਨ ਅਤੇ ਜੰਕਸ ਉਪਰ ਵੱਡੀਆਂ ਗੋਲ ਅੱਖਾਂ ਉੱਕਰੀਆਂ ਸਨ ਤਾਂ ਕਿ ਦਰਿਆਵਾਂ ਦੇ ਦੈਂਤਾਂ ਤੋਂ ਬਚਾਅ ਰਵੇ। ਸੀਟੀਆਂ, ਸਾਇਰਨਾਂ ਅਤੇ ਭੌਂਪੂਆਂ ਦੀ ਕਾਵਾਂ ਰੌਲੀ ਸੀ। ਔਰਤਾਂ ਕਿਸ਼ਤੀਆਂ ਦੇ ਫਰਸ਼ਾਂ ਉਪਰ ਨੰਗੇ ਪੈਰੀਂ ਬੈਠੀਆਂ ਚੌਲ ਭਾਤ ਦਾ ਜੁਗਾੜ ਬਲਦੇ ਚੁੱਲਿਆਂ 'ਤੇ ਕਰ ਰਹੀਆਂ ਸਨ। ਬਾਲਕ ਬਾਲਟੀਆਂ ਭਰ ਭਰ ਪਾਣੀ ਢੋਅ ਰਹੇ ਸਨ। ਉਨ੍ਹਾਂ ਦੇ ਗਲੀਂ ਲੱਕੜੀ ਜਾਂ ਸੁੱਕੇ ਕੱਦੂ ਦੇ ਖੋਲ ਬੱਧੇ ਸਨ ਤਾਂ ਕਿ ਜੇ ਸਮੁੰਦਰ ਵਿਚ ਡਿੱਗਣ ਤਾਂ ਬਚਾਅ ਹੋਵੇ।

ਸਾਹਮਣੇ ਸੰਘਾਈ ਆ ਗਿਆ। ਬਿਲਡਿੰਗਾਂ ਦੇ ਅਕਾਰ ਕੈਥੇ ਨਾਲੋਂ ਵੱਧ ਲੰਡਨ ਵਰਗੇ ਲੱਗਦੇ ਸਨ। ਫਰਾਂਸ ਅਤੇ ਮਲਕਾ ਵਿਕਟੋਰੀਆ ਦੇ ਝੰਡੇ ਝੂਲ ਰਹੇ ਸਨ। ਝੰਡੇ ਉਸ ਦੇ ਕਲੇਜੇ ਖੰਜਰਾਂ ਮਾਰ ਰਹੇ ਸਨ। ਸਮਰਾਟ ਡਰੈਕਸ ਕਿਧਰੇ ਦਿਖਾਈ ਨਹੀਂ ਸੀ ਪੈਂਦਾ। ਅੰਗਰੇਜ਼ੀ ਸੈਕਟਰ ਵਿਚ ਲਾਲ ਪੱਗਾਂ ਬੰਨ੍ਹੀਂ ਕੱਦਾਵਰ ਪੰਜਾਬੀ ਪੁਲਿਸ ਦੇ, ਤਾਮੇ ਰੰਗੇ ਸਿਪਾਹੀ ਟ੍ਰੈਫਿਕ ਕੰਟਰੋਲ ਕਰ ਰਹੇ ਸਨ। ਮੁਸਾਫਰ ਸਮਾਨ ਚੁੱਕੀ ਦੂਜਿਆਂ ਨੂੰ ਦੁਆਵਾਂ ਸਲਾਮਾਂ ਆਖਦੇ ਜਾ ਰਹੇ ਸਨ। ਪੰਜ ਸੱਤ ਅਮਰੀਕੀ ਸੇਲਰ ਵੀ ਸਨ। ਉਹ ਮਨਚਲੇ ਬੱਚਿਆਂ ਵਰਗੀਆਂ ਹਰਕਤਾਂ ਕਰਦੇ ਖੁਸ਼ ਸਨ। ਉਸ ਨੇ ਸੋਚਿਆ ਕਿ ਉਹ ਉਸ ਦੀ ਯਾਦ ਵਿਚ ਵਸੇ ਰਹਿਣਗੇ। ਸੱਤਾਂ ਸਾਲਾਂ ਵਿਚ ਉਹ ਕਿਸੇ ਵੀ ਅਮਰੀਕਨ ਨੂੰ ਮਿੱਤਰ ਨਹੀਂ ਸੀ ਬਣਾ ਸਕਿਆ। ਉਸ ਦਾ ਇਕੋ ਇਕ ਮਿੱਤਰ, ਪੀਕਿੰਗ ਦਾ ਗਲੈਂਡ ਪਰਾਮਿਜ਼ ਸੀ। ਉਹ ਅਮਰੀਕੀ ਰੰਗ ਵਿਚ ਰੰਗਿਆ ਗਿਆ ਸੀ। ਉਹ ਉਸਦੇ ਪਿਓ ਦੇ ਦੋਸਤ ਦਾ ਮੁੰਡਾ ਸੀ ਅਤੇ ਵਧੀਆ ਪੜ੍ਹਾਈ ਵੀ ਕਰ ਰਿਹਾ ਸੀ। ਬੋਲਡ ਟੇਲੈਂਟ ਇਉਂ ਨਾ ਕਰ ਸਕਿਆ। ਉਹ ਸੋਚਦਾ ਇੰਜੀਨੀਅਰਿੰਗ ਅਤੇ ਵਿਗਿਆਨ ਵਿਚ ਤਰੱਕੀ ਤਾਂ ਅਮਰੀਕੀ ਤਾਕਤ ਦੀਆਂ ਬਾਹਰੀ ਨਿਸ਼ਾਨੀਆਂ ਹਨ। ਉਨ੍ਹਾਂ ਦੀ ਤਾਕਤ ਦਾ ਅਸਲ ਸੋਮਾ ਕਿੱਤੇ ਹੋਰ ਹੈ। ਉਸਨੇ ਖੋਜ ਕੀਤੀ ਅਤੇ ਸਮਝ ਲਿਆ ਕਿ ਅਸਲ ਤਾਕਤ ਉਨ੍ਹਾਂ ਦੀ ਜ਼ਿੰਦਗੀ ਦਾ ਫਲਸਫਾ ਹੈ। ਉਹ ਇਸ ਧਾਰਨਾ ਨੂੰ ਖੋਜਦਾ ਰਿਹਾ। ਅੱਜ ਉਹ ਮਾਤ ਭੂਮੀ ਪਹੁੰਚ ਗਿਆ।

"ਮਾਲਕ ਮੇਰੇ ਮਾਲਕ" ਸੁਣ ਕੇ ਉਹ ਚੌਂਕ ਗਿਆ। ਉਨ੍ਹਾਂ ਦਾ ਪੁਰਾਣਾ ਨੌਕਰ ਬੁੱਢਾ ਮਾਲੀ ਉਸ ਨੂੰ ਲੈਣ ਆਇਆ ਸੀ। "ਮੇਰੇ ਪਰਮ ਮਿੱਤਰ" ਬੋਲਡ ਟੇਲੈਂਟ ਨੇ ਸੁਭਾਵਿਕ ਆਖਿਆ। ਮਾਲੀ ਦਾ ਚਿਹਰਾ ਖਿੜ ਉੱਠਿਆ ਅਤੇ ਅੱਖਾਂ ਚਮਕ ਗਈਆਂ। "ਪਿਓ ਚੱਲ ਵਸਿਆ ਤਾਂ ਪੁੱਤਰ ਘਰ ਮੁੜ ਆਇਆ"। ਮਾਲੀ ਦੇ ਮਨ ਵਿਚ ਪਰਿਵਾਰ ਲਈ ਅਥਾਹ ਸ਼ਰਧਾ ਸੀ। "ਮਾਲਕ ਜੁੱਗ ਲੰਘ ਗਏ ਨੇ ਤੈਨੂੰ ਵਿਛੜਿਆਂ" ਬੱਸ ਤੂੰ ਮਿਲ ਪਿਆ ਸਮਝ ਮੈਂ ਘਰ ਪਹੁੰਚ ਗਿਆ" ਬੋਲਡ ਟੇਲੈਂਟ ਦੇ ਬੋਲ ਸਨ 60 ਮੀਲ ਦਾ ਬਾਕੀ ਸਫ਼ਰ ਸੂ ਕੂ ਦਰਿਆ ਰਾਹੀਂ ਉਨ੍ਹਾਂ ਨੇ ਇਕੱਠਿਆਂ ਤੈਅ ਕੀਤਾ। ਤਿੰਨ ਦਿਨ ਤੇ ਤਿੰਨ ਰਾਤਾਂ। ਤਿੰਨੋ ਦਿਨ ਬੋਲਡ ਟੇਲੈਂਟ ਕਿਸ਼ਤੀ ਦੇ ਡੈੱਕ ਤੇ ਖੜ੍ਹੋ, ਇਧਰ ਉਧਰ ਮਾਤ ਭੂਮੀ ਦੇ ਦ੍ਰਿਸ਼ ਵਹਿੰਦਾ ਰਿਹਾ। ਮਾਲੀ ਉਸ ਨੂੰ ਕ੍ਰਿਆ ਕਰਨ ਵੇਲੇ ਦੀਆਂ ਰਸਮਾਂ ਜੋ ਉਸ ਨੇ ਕਰਨੀਆਂ ਸਨ, ਸਮਝਾਉਂਦਾ ਰਿਹਾ। ਪਰ ਉਹ ਅਣਸੁਣੀਆਂ ਕਰ ਰਿਹਾ ਸੀ। ਨਦੀ ਦੇ ਦੋਵਾਂ ਕਿਨਾਰਿਆਂ ਦੇ ਨਜ਼ਾਰੇ ਉਸ ਨੂੰ ਫ਼ਿਲਮ ਵਾਂਗ ਲੱਗ ਰਹੇ ਸਨ। ਖੂਹਾਂ ਤੇ ਥੋਪੇ ਲੱਗੇ ਛੋਟੇ ਪਾਣੀ ਗੇੜ ਰਹੇ ਸਨ। ਬਾਸਾਂ ਦੇ ਤੁਲਿਆਂ ਤੋਂ ਮਾਛੀ ਮੱਛੀਆਂ ਫੜ ਰਹੇ ਸਨ। ਇਸ ਕੰਮ ਵਾਸਤੇ ਉਨ੍ਹਾਂ ਨੇ ਛੱਤਰੀਆਂ ਤੇ ਕਾਲੇ ਬਗਲੇ ਯੱਧੇ ਹੋਏ ਸਨ। ਕਿਤੇ ਕਿਤੇ ਚਟਾਨਾਂ ਤੇ ਸੁਆਣੀਆਂ ਕੱਪੜੇ ਧੋ ਕੇ ਰੱਸੀਆਂ ਤੇ ਸੁਕਾ ਰਹੀਆਂ ਸਨ ਅਤੇ ਘਰੇਲੂ ਦੁੱਖ ਦਰਦ ਫੋਲ ਰਹੀਆਂ ਸਨ।

ਬੱਚਿਆਂ ਦੀਆਂ ਕਿਲਾਕਾਰੀਆਂ ਦਾ ਜਾਦੂ ਸੀ। ਮੱਤੀਆਂ ਤਲੀਂਦੀਆਂ ਦੀ ਖੁਸ਼ਬੂ ਨੱਕ ਨੂੰ ਨਸ਼ਿਆ ਰਹੀ ਸੀ। ਖੇਤਾਂ ਵਿਚ ਕਿਸਾਨ ਗਾਉਂਦੇ ਕਥੋਲੀਆਂ ਨਾਲ ਗੋਡੀਆਂ ਕਰ ਰਹੇ ਸਨ। ਦੂਰ-ਦੂਰ ਤੱਕ ਹਰੇ ਝੋਨੇ ਦੇ ਖੇਤ ਲਹਿਰਾ ਰਹੇ ਸਨ। ਉਨ੍ਹਾਂ ਵਿਚ ਬਰਫ਼ ਚਿੱਟੇ ਬਗਲਿਆਂ ਦੇ ਝੁੰਡ ਸਨ। ਦਿਨ ਛਿਪਾ ਨਾਲ ਪੰਛੀਆਂ ਦੀਆਂ ਡਾਰਾਂ ਟੈਲੀਗਰਾਫ਼ ਦੀਆਂ ਤਾਰਾਂ 'ਤੇ ਆ ਉਤਰੀਆਂ। ਚੀਨ ਵਿਚ ਇਹ ਤਾਰਾਂ ਹੀ ਨਵੀਆਂ ਸਨ। ਤਿੰਨ ਦਿਨਾਂ ਪਿਛੋਂ, ਬਾਅਦ ਦੁਪਹਿਰ ਕਿਸ਼ਤੀ ਸੂ ਕੂ ਸ਼ਹਿਰ ਦੇ ਘਾਟ ਆਣ ਲੱਗੀ। ਉਸ ਨੂੰ ਯਾਦ ਆਇਆ ਉਸ ਦਾ ਪਿਓ ਇਸੇ ਘਾਟ ਤੋਂ ਜਾਣ ਵੇਲੇ ਉਸ ਨੂੰ ਵਿਦਾ ਕਰਕੇ ਮੁੜਿਆ ਸੀ। ਉਦੋਂ ਉਸ ਨੇ ਉਚਾਰਿਆ ਸੀ "ਪੁੱਤਰ ਮਿਲਣ ਤੋਂ ਮਗਰ ਵਿਛੋੜਾ ਵੀ ਤਾਂ ਹੁੰਦਾ"। ਘਾਟ ਉਪਰ ਅੱਜ ਮੰਡੀ ਸੀ। ਸੈਂਕੜੇ ਕਿਸਾਨ ਵੱਡੇ ਟੋਕਰਿਆਂ ਵਿਚੋਂ ਆਪਣੀ ਕਮਾਈ ਵੇਚ ਰਹੇ ਸਨ। ਚਟਾਈਆਂ ਰੱਖੀਂ ਫੇਰੀਆਂ ਵਾਲੇ ਭਾਂਤ-ਸੁ-ਭਾਂਤਾ ਸਮਾਨ ਵੇਚ ਰਹੇ ਸਨ। ਅਮੀਰ ਗਰੀਬ ਖਰੀਦਦਾਰ ਸੌਦੇਬਾਜ਼ੀਆਂ ਕਰ ਰਹੇ ਸਨ। ਹੋਕਰਿਆਂ ਦੀ ਕਾਵਾਂ ਰੌਲੀ ਸੀ। ਜੀਵਨ ਅਮਨ ਕਰ ਦੇਣ ਵਾਲੀਆਂ ਮਿੱਠੀਆਂ ਨਾਖਾਂ ਲੈ ਲਵੋ, ਬੱਦਲਾਂ ਦੇ ਕੰਨ ਡੇਗਨ ਦੀਆਂ ਅੱਖਾਂ ਲਵੋ, ਦੁਪਹਿਰ ਖਿੜੀ ਦੀਆਂ ਕਲੀਆਂ ਨੇ ਇਧਰ ਤੇਂ ਦੀਆਂ ਜੜ੍ਹਾਂ ਜਿਹੜੀਆਂ ਸਵਰਗ ਦੇ ਨੌਕਰ ਸਾਹਾਂ ਨੂੰ ਵੀ ਨਸ਼ਿਆ ਦੇਣ ਲੈ ਲਵੋ। ਰੇਸ਼ਮ ਲਓ ਰੇਸ਼ਮ ਜਿਹੜਾ ਪਰੀਆਂ ਦੀਆਂ ਖੱਡੀਆਂ ਤੋਂ ਹੁਣੇ ਉਣੇ ਕੇ ਆਇਆ। ਉਹ ਭੀੜ ਵਿਚੋਂ ਸਿਮਟ ਕੇ ਲੰਘ ਰਿਹਾ ਸੀ ਅਤੇ ਆਪਣਾ ਅਟੈਚੀ ਘੁੱਟ ਕੇ ਫੜਿਆ ਹੋਇਆ ਸੀ। ਇਕ ਪਾਸੇ ਨਾਈ ਲੋਕਾਂ ਦੇ ਸਿਰ ਮੁੰਨ ਰਿਹਾ ਸੀ ਅਤੇ ਦੂਜੇ ਪਾਸੇ ਮੁਨਸ਼ੀ ਬੈਠਾ ਲੋਕਾਂ ਦੇ ਖਤ ਲਿਖ ਰਿਹਾ ਸੀ। ਤਦੇ ਪਿਛਿਓਂ ਆਉਂਦੀ ਬਦਬੋ ਉਸ ਦੇ ਨਾਸੀਂ ਚੜ੍ਹੀ। ਇਕ ਮੰਗਤਾ ਭੁੱਖੀਆਂ ਨਜ਼ਰੀਂ ਉਸ ਵਲ ਪਾ ਰਿਹਾ ਸੀ। ਨਾਈ ਅਤੇ ਮੁਨਸ਼ੀ ਕੰਮ ਛੱਡ ਦੌੜ ਗਏ। ਅਚਾਨਕ ਮੰਗਤਾ ਰੁਕ ਗਿਆ ਅਤੇ ਨਜ਼ਰਾਂ ਗੱਡੀ ਉਸ ਵੱਲ ਤੱਕਦਾ ਰਿਹਾ। ਫਿਰ ਮੰਗਤੇ ਨੇ ਜ਼ੋਰ ਨਾਲ ਜ਼ਮੀਨ 'ਤੇ ਥੁੱਕਿਆ ਅਤੇ ਪਿਛਾਂਹ ਹਟ ਗਿਆ। ਇਕ ਕੁੱਲੀ ਬੈਠਾ ਖਾਣਾ ਖਾ ਰਿਹਾ ਸੀ। "ਬਾਬੂ ਮੈਨੂੰ ਵੀ ਤੋਰਾ ਦੇ ਦੇ ਤੂੰ ਜਿਉਂਦਾ ਰਵੇਂ।' ਕਈ ਦਿਨਾਂ ਤੋਂ ਮੈਂ ਭੁੱਖਾਂ।" "ਪਰਾਂ ਦਫ਼ਾ ਹੋ ਮੇਰਾ ਸੁਆਦ ਨਾ ਖਰਾਬ ਕਰ।" ਕਹਿੰਦਾ ਕੁੱਲੀ ਖਾਣੇ ਵਾਲੀ ਥਾਲੀ ਚੁੱਕ ਜਾਣ ਲੱਗਿਆ। ਮੰਗਤੇ ਨੇ ਖਾਣੇ ਵਿਚ ਥੁੱਕ ਦਿੱਤਾ। ਕੁੱਲੀ ਸਾਰਾ ਖਾਣਾ ਡੋਲ੍ਹ ਕੇ ਚਲਾ ਗਿਆ। ਮੰਗਤੇ ਨੇ ਡੁੱਲੇ ਖਾਣੇ ਵਿਚੋਂ ਜੋ ਚੁੱਕ ਸਕਦਾ ਸੀ ਚੁੱਕ ਕੇ ਖਾ ਲਿਆ ਅਤੇ ਨੋਬਲ ਟੇਲੈਂਟ ਵੱਲ ਬਿਨਾਂ ਦੇਖੋ ਮੰਗਤਾ ਚਲਾ ਗਿਆ। ਨੋਬਲ ਟੇਲੈਂਟ ਸੋਚਣ ਲੱਗਿਆ ਕਿ ਜੇ ਇਹ ਘਟਨਾ ਅਮਰੀਕਾ ਵਿਚ ਵਾਪਰਦੀ ਤਾਂ ਮੰਗਤਾ ਗੋਲੀਆਂ ਨਾਲ ਭੁੰਨਿਆ ਜਾਣਾ ਸੀ। ਜਦੋਂ ਮਾਲੀ ਕਿਸ਼ਤੀ ਦਾ ਹਿਸਾਬ ਕਰਕੇ ਵਾਪਸ ਆਇਆ ਤਾਂ ਉਸ ਨੇ ਪੁੱਛਿਆ "ਲੋਕ ਮੇਰੇ ਵੱਲ ਅੱਖਾਂ ਪਾੜ ਪਾੜ ਕਿਉਂ ਝਾਕ ਰਹੇ ਹਨ। ਮੈਂ ਕੋਈ ਬਦੇਸ਼ੀ ਨਿਸ਼ਾਨੀ ਵੀ ਨੀ ਰੱਖੀ।" ਇਸ ਨੂੰ ਐਵੇਂ ਦਿਲ 'ਤੇ ਨਾ ਲਾ ਕੋਈ ਖਾਸ ਗੱਲ ਨਹੀਂ।" ਕੁਝ ਜ਼ਰੂਰ ਹੈ ਮੈਨੂੰ ਸਹੀ ਦੱਸ" ਜਦੋਂ ਉਸ ਨੇ ਜ਼ੋਰ ਪਾਇਆ ਤਾਂ ਮਾਲੀ ਫੁੱਟ ਪਿਆ, "ਉਹ ਤੇਰੇ ਵੱਲ ਵੇਖ ਰਹੇ ਹਨ" "ਕਿਉਂ ਉਹ ਮੈਨੂੰ ਜਾਣਦੇ ਹਨ?" "ਨਹੀਂ" ਫਿਰ ਵੀ ਮੇਰੇ ਸਿਰ 'ਤੇ ਸਿੰਗ ਹਨ" "ਦੇਖ ਇਨ੍ਹਾਂ ਨੇ ਸ਼ਾਇਦ ਹੀ ਕਦੇ ਤੇਰੇ ਵਰਗਾ ਸੋਹਣਾ ਗੱਭਰੂ ਦੇਖਿਆ ਹੋਵੇ।" "ਫਜ਼ੂਲ ਗੱਲਾਂ ਨਾ ਕਰ ਮੈਨੂੰ ਸਹੀ ਦੱਸ" "ਇਹ ਤੇਰੇ ਵਾਲ ਨੇ, ਇਹ ਬਦੇਸ਼ੀ ਬਾਂਦਰਾਂ ਵਰਗੇ ਨੇ, ਛੋਟੇ ਨੇ ਗੁੱਤ ਵੀ ਨਹੀਂ ਹੈ ਅਤੇ ਚੀਨੀ ਲੁੱਕ ਅੱਜ ਕੱਲ੍ਹ ਬਦੇਸ਼ੀਆਂ ਨੂੰ ਸਖ਼ਤ ਨਫ਼ਰਤ ਕਰਦੇ ਨੇ।" "ਬਦੇਸ਼ੀ ਫਰੰਗੀ ਨਸਲ ਦਾ ਧਰਮ ਮੰਨਣ ਵਾਲਾ। ਇਹੀ ਕਹਿੰਦਾ ਮੰਗਤਾ ਥੁੱਕ ਕੇ ਤੈਥੋਂ ਪਿਛਾਂਹ ਹਟ ਗਿਆ ਸੀ ਨਾ" "ਆਹ ਆਹ ਮੈਂ ਤਾਂ ਭਾਵੇਂ ਸੌ ਸਾਲ ਵੀ ਅਮਰੀਕਾ ਰਹਿ ਪਵਾਂ ਮੈਨੂੰ ਉਨ੍ਹਾਂ ਦਾ ਭੋਰਾ ਵੀ ਅਸਰ ਨਾ ਹੋਵੇ।" ਕਹਿੰਦਾ ਉਹ ਆਪਣੇ 'ਤੇ ਹੱਸ ਪਿਆ।

ਦੋਵੀਂ ਪਾਸੀਂ ਮਕਾਨਾਂ ਦੀਆਂ ਕਤਾਰਾਂ ਲੰਘਦਾ ਉਹ ਪਿਛਲੀਆਂ ਯਾਦਾਂ ਫ਼ਰੋਲ ਰਿਹਾ ਸੀ। ਯੁੰਗ ਪਰਿਵਾਰ ਦੀ ਉਨ੍ਹਾਂ ਨਾਲ ਸਦੀਆਂ ਤੋਂ ਨੇੜਤਾ ਸੀ। ਦੂਜੇ ਪਾਸੇ ਸੁੰਗ ਪਰਿਵਾਰ ਦਾ ਘਰ ਸੀ, ਇਨ੍ਹਾਂ ਦੀ ਕੁੜੀ ਨਾਲ ਉਹ ਮੰਗਿਆ ਸੀ। ਤੁੰਗ ਪਰਿਵਾਰ ਦਾ ਮੁਖੀ ਉਸਦਾ ਮਿੱਤਰ ਸੀ। ਉਨ੍ਹਾਂ ਨੇ ਇਕੱਠਿਆਂ ਸਾਮਰਾਜੀ ਮੁਕਾਬਲੇ ਦਾ ਇਮਤਿਹਾਨ ਪਾਸ ਕੀਤਾ ਸੀ ਅਤੇ ਦੋਵੇਂ ਸੇਵਾਵਾਂ ਲਈ ਚੁਣੇ ਗਏ ਸਨ।

ਅਚਾਨਕ ਕੁਰਸੀ ਵਾਲੀ ਡੋਲੀ ਰੁਕ ਗਈ। ਘਰ ਗਿਆ। ਮਹਿਲਾਂ ਉਪਰ ਸਾਈਪਰੱਸ ਦੀ ਤਸਵੀਰ ਵਾਲਾ ਪਰਚਮ ਲਹਿਰਾ ਰਿਹਾ ਸੀ। ਸ਼ੇਰਾਂ ਵਾਲਾ ਗੇਟ ਉਵੇਂ ਦੇ ਉਵੇਂ ਸਨ ਜਿਵੇਂ ਸੱਤ ਸਾਲ ਪਹਿਲਾਂ ਉਹ ਛੱਡ ਕੇ ਗਿਆ ਸੀ। ਜ਼ੋਰਦਾਰ ਵਾ ਦਾ ਝੋਕਾ ਆਇਆ। ਉਸ ਦੀਆਂ ਅੱਖਾਂ ਘੱਟੇ ਨਾਲ ਭਰ ਗਈਆਂ। ਅੱਖਾਂ ਮਲ ਕੇ ਉਸ ਨੇ ਦੁਬਾਰਾ ਝਾਕਿਆ ਇਕ ਮਨੁੱਖੀ ਅਕਾਰ ਉਸਨੂੰ ਅੰਦਰਲੇ ਪਹਿਲਾਂ ਦੇ ਗੇਟ 'ਤੇ ਖੜ੍ਹਾ ਦਿੱਸਿਆ। ਉਸ ਨੇ ਦੂਰੋਂ ਅਦਿੱਖ ਨਕਸ਼ ਪਛਾਣਨ ਦੀ ਕੋਸ਼ਿਸ਼ ਕੀਤੀ। "ਪਿਤਾ ਜੀ ਪਿਤਾ ਜੀ ਔਖੇ ਨਾ ਹੋਵੇ, ਮੈਂ ਆਪ ਆਉਂਦਾ ਪਿਆ।" ਉਸ ਦੇ ਪਹੁੰਚਣ ਤੋਂ ਪਹਿਲਾਂ ਹੀ ਆਕਾਰ ਗਾਇਬ ਹੋ ਗਿਆ।

ਬੁੱਢਾ ਮਾਲੀ ਉਸ ਤੋਂ ਅੱਗੇ ਨਿਕਲ ਗਿਆ ਤਾਂ ਕਿ ਅਗਾਊਂ, ਸੂਚਨਾ ਦੇ ਦੇਵੇ। "ਮੇਰੇ ਪਿਛੇ ਪਿਛੇ ਐਧਰ ਆ ਮਾਲਕ" ਇਕ ਦਮ ਸੰਯਾਂ, ਘੜਿਆਲਾਂ ਨਗਾਰਿਆਂ ਦਾ ਸ਼ੋਰ ਗੂੰਜ ਉਠਿਆ। ਰਾਜੇ ਦੀ ਵਗਸਤ ਦਾ ਵਾਲੀ ਘਰ ਮੁੜ ਆਇਆ ਹੈ। "ਮਾਲਕ ਛੇਤੀ ਕਰੋ ਅਸੀਂ ਲੇਟ ਹੋ ਰਹੇ ਹਾਂ" ਉਸਨੂੰ ਲੈ ਕੇ ਮਾਲੀ ਵੱਡੇ ਘਰ ਪਹੁੰਚ ਗਿਆ। ਸਾਰਾ ਖਾਨਦਾਨ ਮ੍ਰਿਤਕ ਰਾਜੇ ਵਾਸਤੇ ਅਰਦਾਸ

ਵਿਚ ਜੁੜਿਆ ਹੋਇਆ ਸੀ। "ਮਾਲਕ ਐਧਰ ਆਓ।" ਰਾਜ ਕੁਮਾਰ ਦੇ ਇਕ ਵਾਰ ਫਿਰ ਪਿਓ ਦੇ ਪਰਛਾਵੇਂ ਨੂੰ ਫੜਨ ਦੀ ਕੋਸ਼ਿਸ਼ ਕੀਤੀ। ਪਰ ਬੁੱਢੇ ਮਾਲੀ ਅਤੇ ਰੁਦਾਲੂ ਸ਼ਾਜਿੰਦਿਆਂ ਤੋਂ ਬਿਨਾਂ ਕੋਈ ਨਹੀਂ ਸੀ।

ਛੇਤੀ ਕਰੋ ਮਾਲਕ ਮੇਰੇ ਪਿਛੇ ਆਓ। ਅਸੀਂ ਪਹਿਲਾਂ ਈ ਲੇਟ ਹਾਂ।" ਹੁਕਮ ਦਾ ਬੱਧਾ ਉਹ ਤੇਜ਼ ਕਦਮੀਂ ਖਾਲੀ ਮਗਰ ਤੁਰ ਰਿਹਾ ਸੀ। ਬੋਤਲ ਗੇਟ, ਚੈਂਸ ਬਾਗ ਸਕੂਲ ਘਰ ਵਿਚੋਂ ਲੰਘ ਰਹੇ ਸਨ। ਬੋਲਡ ਟੇਲੈਂਟ ਅਚਾਨਕ ਤਵੰਤਰ ਕੇ ਰੁਕ ਗਿਆ। ਉਸ ਨੂੰ ਭੁਲੇਖਾ ਤਾਂ ਨਹੀਂ ਲੱਗ ਰਿਹਾ ਸੀ। ਇਹ ਤਾਂ ਸਾਈਪਰੈਸ ਵਾਲਾ ਬਾਗ ਹੈ। ਪਰ ਦਰਖ਼ਤ ਕਿਥੇ ਗਿਆ। ਦਿੱਸਦਾ ਨੀ। ਉਸ ਦੀ ਥਾਵੇਂ ਕੰਵਲ ਫੁੱਲਾਂ ਦਾ ਤਲਾਅ ਹੈ। "ਪਿਆਰੇ ਮਿੱਤਰ ਰੁਕ ਜਾ ਇਥੇ ਕੀ ਭਾਣਾ ਵਾਪਰ ਗਿਆ।" ਮਾਲੀ ਨੇ ਜਵਾਬ ਦੇਣ ਵਾਸਤੇ ਮੂੰਹ ਖੋਹਲਿਆ ਪਰ ਚੁੱਪ ਵੱਟ ਲਈ। ਬੋਲਡ ਟੇਲੈਂਟ ਨੇ ਵੀ ਜਿੱਦ ਨਾ ਕੀਤੀ। ਸੋਚਿਆ ਉਹ ਹੋਈ ਬੀਤੀ ਭਰਾਵਾਂ ਤੋਂ ਹੀ ਸੁਣੇ ਤਾਂ ਠੀਕ ਹੈ। ਮਾਲੀ ਉਸ ਨੂੰ ਉਸਦੇ ਕਮਰੇ ਤੱਕ ਲੈ ਗਿਆ। "ਸੂਟਕੇਸ ਰੱਖੋ ਅਤੇ ਆਹ ਸੱਥਰ ਵਾਲੇ ਕੱਪੜੇ ਪਾਓ।" ਕੱਪੜੇ ਬਦਲ ਰਿਹਾ ਉਹ ਮਾਲੀ ਵਲੋਂ ਸਮਝਾਈਆਂ ਰਸਮਾਂ ਯਾਦ ਕਰ ਰਿਹਾ ਸੀ।

ਜਦੋਂ ਅਖੀਰੀ ਰਸਮਾਂ ਸ਼ੁਰੂ ਹੋਈਆਂ ਉਹ ਵੱਡੇ ਹਾਲ ਵਿਚ ਪਹੁੰਚ ਗਏ। ਸੈਂਕੜੇ ਮਰਦ ਚਿੱਟੇ ਚੋਗੇ ਪਾਏ, ਗੁੱਤਾਂ ਖੋਲੀਂ ਬਿਨਾਂ ਹਜਾਮਤ, ਹੱਥ ਜੋੜੀਂ ਸ਼ੋਕ ਵਿਚ ਡੁੱਬੇ ਖੜ੍ਹੇ ਸਨ। ਮਰਦ ਸੱਜੇ, ਔਰਤਾਂ ਖੱਬੇ। ਧਾਰਮਿਕ ਪੁਜਾਰੀ, ਬੋਧੀ ਭਿਕਸ਼ੂ ਬਸੰਤੀ ਰੰਗ ਵਿਚ ਅਤੇ ਤਾਓਵਾਦੀ ਕਾਲਿਆਂ ਕੱਪੜਿਆਂ ਵਿਚ ਲਾਈਨਾਂ ਵਿਚ ਖੜ੍ਹੇ ਸਨ। ਸਿਰੇ ਤੇ ਧਾਰਮਿਕ ਚੌਕੀ ਉਪਰ, ਮ੍ਰਿਤਕ ਦੇਹ ਉਸੇ ਲੱਕੜੀ ਦੇ ਤਬੂਤ ਵਿਚ, ਰੇਸ਼ਮੀ ਕਫ਼ਨ ਵਿਚ ਲਿਪਟੀ ਸੀ। ਸ਼ਰਧਾ ਨਾਲ ਨਜ਼ਰਾਂ ਨੀਵੀਆਂ ਕਰੀਂ ਉਹ ਚੌਂਕੀ ਵੱਲ ਵਧਿਆ। ਤਬੂਤ ਉਪਰ ਵੱਡੀ ਅਕਾਰੀ ਸਿਉ ਦੀ ਤਸਵੀਰ ਸੀ। ਸ਼ਰਧਾ ਵੱਸ ਕਿਉਂਕਿ ਉਸ ਨੇ ਤਿੰਨ ਵਾਰ ਸੀਸ ਬੰਧਨਾਂ ਕੀਤੀ। ਇਕ ਨੌਕਰ ਨੇ ਆ ਕੇ, ਮੀਟ, ਫਲ, ਸਬਜ਼ੀਆਂ ਭਰੀ ਥਾਲੀ ਮ੍ਰਿਤਕ ਵਾਸਤੇ ਤਬੂਤ 'ਤੇ ਰੱਖੀ। ਤਿੰਨ ਵਾਰ "ਹੇ ਮੇਰੇ ਪਿਤਾ, ਹੇ ਮੇਰੇ ਪਿਤਾ" ਦਾ ਉਚਾਰਣ ਕੀਤਾ। ਸਾਰੇ ਜੀਅ ਉਸਦੇ ਮਗਰ ਬੋਲੇ। ਔਰਤਾਂ ਉੱਚੀ ਉਚੀ ਵੈਣ ਪਾ ਰਹੀਆਂ ਸਨ ਤਾਂ ਕਿ ਕੀਰਨੇ ਮ੍ਰਿਤਕ ਨੂੰ ਵੀ ਸੁਣ ਜਾਣ। ਹਨੇਰਾ ਹੁੰਦਿਆਂ ਹਾਲ ਵਿਚੋਂ ਸਾਰੇ ਨਿਕਲ ਗਏ। ਇਕੱਲਾ ਬੋਲਡ ਟੇਲੈਂਟ ਰਹਿ ਗਿਆ। ਅੱਜ ਤੱਕ ਉਹ ਸੀਸ ਬੰਧਨਾਂ ਵਿਚ ਲੁਕਿਆ ਸੰਕਲਪ ਕਰ ਰਿਹਾ ਸੀ ਕਿ ਉਹ ਪਿਓ ਵਾਂਗ ਖਾਨਦਾਨ ਦਾ ਨਾਂ ਰੌਸ਼ਨ ਕਰਾਂਗਾ ਜਿਵੇਂ ਪਿਓ ਨੇ ਕੀਤਾ। ਪਹਿਲਾਂ ਉਸ ਦੇ ਪਿਓ ਨੇ ਅਤੇ ਉਸ ਤੋਂ ਪਹਿਲਾਂ ਉਸ ਦੇ ਪਿਓ ਨੇ।

ਮਿੱਥੇ ਦਿਨ ਸਵੇਰ ਸਾਰ ਜਨਾਜ਼ਾ ਉਠਿਆ। ਸ਼ਹਿਰ ਵਿਚੋਂ ਲੰਘਦਾ ਮਾਤਾਸੀ ਜਲੂਸ ਪੱਛਮੀ ਦਰਵਾਜ਼ਾ ਮਾਰ ਕਰ ਗਿਆ। ਸ਼ਹਿਰ ਵਾਲਿਆਂ ਨੇ ਵੀ ਮਾਤਮ ਕੀਤਾ ਅਤੇ ਮਾਤਮੀ ਬੈਨਰ ਜਲੂਸ ਨਾਲ ਜਾ ਰਹੀਆਂ ਸਨ ਅਠਾਰਾਂ ਬੋਧੀ ਤਿਕਸ਼ੂ, ਚਾਰਾਂ ਤਾਓਵਾਦਾਂ ਪ੍ਰੋਹਤ, ਸੱਤਲਾਸੇ ਅਤੇ ਦੋ ਰੁਦਾਲੀ ਵਾਜ਼ੇ ਸੈਂਕੜੇ ਕੁਲੀ ਜਿਨ੍ਹਾਂ ਨੇ ਸਵਰਗੀ ਜਾਣ ਵਾਲੇ ਤੋਹਫ਼ੇ ਚੁੱਕੇ ਹੋਏ ਸਨ, ਮਾਤਮੀ ਜਲੂਸ ਵਿਚ ਸਨ। ਦਸ ਝਾੜੂ ਫੇਰਨ ਵਾਲੇ ਬੱਦ ਰੂਹਾਂ ਸਾਫ਼ ਕਰ ਰਹੇ ਸਨ। ਹਰੇ ਬਰੋਕ ਦੇ ਕੋਟ ਅਤੇ ਲਾਲ ਟੋਪੀਆਂ ਪਾਈ ਬੱਤੀ ਜਣਿਆਂ ਨੇ ਬਬਾਣ ਚੁੱਕਿਆ ਸੀ ਜੋ ਰੇਸ਼ਮ ਦਾ ਬਣਿਆ ਵੱਡਾ ਘਰ ਸੀ। ਸਾਰਾ ਸ਼ਹਿਰ ਅਤੇ ਖਾਨਦਾਨ ਦੇ ਲੋਕ ਬੋਲਡ ਟੇਲੈਂਟ ਦੇ ਪਿਛੇ ਚਲ ਰਹੇ ਸਨ। ਅੱਧਾ ਦਿਨ ਲੰਘ ਗਿਆ ਜਦੋਂ ਮਾਤਮੀ ਜਲੂਸ ਖਾਨਦਾਨੀ ਕਬਰਸਤਾਨ ਪਹੁੰਚਿਆ। ਰੁਦਾਲੀ ਵਾਜਿਆਂ ਦੀਆਂ ਧੁਨਾਂ ਗੂੰਜੀਆਂ ਅਤੇ ਮ੍ਰਿਤਕ ਨੂੰ ਖਾਕ-ਏ-ਸਪੁਰਦ ਕਰ ਦਿੱਤਾ। ਸਾਰਿਆਂ ਨੇ ਮਿੱਟੀ ਦੀ ਮੁੱਠ ਕਬਰ ਵਿਚ ਪਾਈ। ਕਬਰ ਨੱਕੋ ਨੱਕ ਭਰ ਗਈ। ਮ੍ਰਿਤਕ, ਵਾਸਤੇ ਆਏ ਸਾਰੇ ਕੀਮਤੀ ਤੋਹਫ਼ੇ ਪ੍ਰੋਹਤਾਂ ਨੇ ਅਗਨ ਭੇਂਟ ਕਰਕੇ ਸਵਰਗ ਅਪੜਾ ਦਿੱਤੇ। ਇਸ ਤਰ੍ਹਾਂ ਪਹਿਲੇ ਦੀ ਯਾਤਰਾ ਪੂਰੀ ਹੋਈ ਅਤੇ ਦੂਜੇ ਦਾ ਸਫ਼ਰ ਸ਼ੁਰੂ ਹੋ ਗਿਆ।

# ਕੈਨੇਡਾ ਦੀ ਵਿਦੇਸ਼ ਨੀਤੀ ਦਾ ਦੀਵਾਲੀਆਪਣ

ਸਫ਼ਾ 1 ਦੀ ਬਾਕੀ

ਹੈ। 15 ਹਜ਼ਾਰ ਅਰਬ ਵਿਦਿਆਰਥੀ ਕੈਨੇਡਾ ਤੋਂ ਵਾਪਸ ਬੁਲਾ ਲਏ ਗਏ ਹਨ। ਕੈਨੇਡਾ ਦੇ ਦੂਤ ਨੂੰ ਉਥੋਂ ਕੱਢ ਦਿੱਤਾ ਗਿਆ ਹੈ।

**- ਕੈਨੇਡਾ-ਜੀ 7-**

ਸਰਮਾਏਦਾਰੀ ਰਾਜ ਪ੍ਰਬੰਧ ਵਾਲੇ ਸੱਤ ਰਾਜਾਂ ਦੀ ਇਕ ਕਲੱਬ ਹੈ, ਜੀ ਸੈਵਨ। ਇਸ ਦੀ ਹਰ ਸਾਲ ਕਿਸੇ ਇਕ ਦੇਸ਼ ਵਿਚ ਐਸੋਇਸ਼ਤਰ ਕਰਨ ਵਾਸਤੇ ਸਾਲਾਨਾ ਮੀਟਿੰਗ ਹੁੰਦੀ ਹੈ। 2018 ਦੀ ਮੀਟਿੰਗ ਦਾ ਮੇਜ਼ਬਾਨ ਕੈਨੇਡਾ ਸੀ। ਇੰਗਲੈਂਡ ਫਰਾਂਸ, ਜਰਮਨੀ, ਇਟਲੀ, ਜਪਾਨ ਅਤੇ ਅਮਰੀਕਾ ਦੇ ਰਾਜਮੁੱਖੀ ਇਸ ਅਮੀਰਾਂ ਦੇ ਮੇਲੇ ਵਿਚ ਆਏ। ਅਮਰੀਕਾ ਦਾ ਪ੍ਰਧਾਨ ਟਰੰਪ ਵੀ ਆਇਆ। ਟਰੰਪ ਨੇ ਸਾਰੀ ਦੁਨੀਆ ਦੇ ਮੀਡੀਏ ਸਾਹਮਣੇ ਟਰੂਡੋ ਦੀ ਜੋ ਬੇਇੱਜ਼ਤੀ ਕੀਤੀ, ਉਹ ਭਲਾ ਕਿਸੇ ਤੋਂ ਭੁੱਲੀ ਹੈ। ਇਸ ਨੂੰ ਝੂਠਾ, ਫਰੇਬੀ, ਮਕਾਰ ਤੱਕ ਆਖ ਗਿਆ। ਪਹਿਲੀ ਵਾਰ ਹੋਇਆ ਕਿ ਸਾਂਝਾ ਐਲਾਨਨਾਮਾ ਜਾਰੀ ਨਾ ਕੀਤਾ ਜਾ ਸਕਿਆ। ਟਰੰਪ ਨੇ ਦਸਤਖਤ ਕਰਨ ਤੋਂ ਕੋਰੀ ਨਾਂਹ ਕਰ ਦਿੱਤੀ। ਪਾਠਕਾਂ ਨੂੰ ਮੈਂ ਫਿਰ ਯਾਦ ਕਰਵਾਉਂਦਾ ਹਾਂ ਕਿ ਮੈਂ ਟਰੰਪ ਨੂੰ ਠੀਕ ਨਹੀਂ ਆਖ ਰਿਹਾ। ਮੇਰਾ ਹਥਲਾ ਵਿਸ਼ਾ ਤਾਂ ਕੈਨੇਡਾ ਦੀ ਵਿਦੇਸ਼ ਨੀਤੀ ਹੈ। ਇਸ ਦੀ ਨਿਘਰੀ ਹਾਲਤ, ਜੀ ਸੱਤ ਮੁਲਕਾਂ ਨੇ ਆਪਣੇ ਅੱਖੀਂ ਦੇਖੀ।

ਹਰ ਸਾਲ ਮੀਟਿੰਗ ਵੇਲੇ ਅਵਾਮ ਵੀ, ਜੀ ਸੱਤ ਵਿਰੋਧੀ ਮੁਜ਼ਾਹਰੇ ਕਰਦੇ ਹਨ। ਇਸ ਵਾਰ ਉਨ੍ਹਾਂ ਦਾ ਕੰਮ ਟਰੰਪ ਨੇ ਟਰੂਡੋ ਦੀ ਕਿਰਕਰੀ ਕਰਕੇ ਸੁਖਾਲਾ ਕਰ ਦਿੱਤਾ।

**- ਕੈਨੇਡਾ-ਅਮਰੀਕਾ, NAFTA 2.0 -**

ਬੜੇ ਚਿਰਾਂ ਤੋਂ ਅਮਰੀਕਾ ਕੈਨੇਡਾ ਅਤੇ ਮੈਕਸੀਕੋ ਵਿਚ ਮੁਕਤ ਵਪਾਰ ਸਮਝੌਤੇ-ਨਾਰਥ ਅਮਰੀਕਨ ਫਰੀ ਟਰੇਡ ਐਗਰੀਮੈਂਟ ਦਾ ਜੱਬ ਚੱਲ ਰਿਹਾ ਸੀ। ਟਰੂਡੋ ਤੋਂ ਪਹਿਲਾਂ ਕੈਨੇਡਾ ਦਾ ਹਰ ਪ੍ਰਧਾਨ ਮੰਤਰੀ ਸਮਝੌਤੇ ਵਿਚਲੀਆਂ ਸ਼ਰਤਾਂ 'ਤੇ ਸਹੀ ਪਾਉਣੋਂ ਝਿਜਕਦਾ ਸੀ। ਸਭ ਤੋਂ ਖਤਰਨਾਕ ਸ਼ਰਤ ਇਹ ਸੀ ਕਿ ਤਿੰਨੋਂ ਮੁਲਕਾਂ ਦੇ ਵਪਾਰੀ ਅਤੇ ਸਰਮਾਇਕਾਰ, ਜੇ ਸਮਝਣ ਕਿ ਕਿਸੇ ਮੁਲਕ ਦੀ ਪਾਰਲੀਮੈਂਟ ਵਲੋਂ ਪਾਸ ਕੀਤੀਆਂ ਨੀਤੀਆਂ ਕਾਰਨ ਉਨ੍ਹਾਂ ਨੂੰ ਵਪਾਰਕ ਜਾਂ ਉਦਯੋਗਿਕ ਘਾਟਾ ਪਿਆ ਹੈ ਜਾਂ ਘਾਟੇ ਦਾ ਖਤਰਾ ਹੈ ਤਾਂ ਉਹ ਮੁਆਵਜ਼ੇ ਦਾ ਕੇਸ ਕਰ ਸਕਦੇ ਹਨ। ਚਲਦਿਆਂ ਚਲਦਿਆਂ ਕੈਨੇਡਾ ਤੇ ਕਈ ਕੇਸ ਹੋਏ ਵੀ ਹਨ। ਜਿਨ੍ਹਾਂ ਕਰਕੇ ਕੈਨੇਡਾ ਅੱਜ ਤੱਕ 250 ਮਿਲੀਅਨ ਡਾਲਰ ਕਈ ਅਮਰੀਕਨ ਕੰਪਨੀਆਂ ਨੂੰ ਜੁਰਮਾਨਾ ਤਾਰ ਵੀ ਚੁੱਕਿਆ ਹੈ। ਹੁਣ ਉਸੇ ਐਗਰੀਮੈਂਟ ਨੂੰ ਨਵਾਂ ਨਾਂਓ, USMCA ਦੇ ਕੇ ਪਾਸ ਕਰ ਦਿੱਤਾ ਗਿਆ ਹੈ। ਕੈਨੇਡਾ ਦੀ ਵਿਦੇਸ਼ ਮੰਤਰੀ ਆਪ ਵਾਸ਼ਿੰਗਟਨ ਜਾ ਕੇ ਸਹੀ ਪਾ ਕੇ ਆਈ ਹੈ। USMCA ਸਮਝੌਤੇ ਵਿਚ ਭਾਵੇਂ I.T.D.S., ਅੰਤਰ ਟਰੇਡ ਡਿਸਪਿਊਟ ਸੈਟਲਮੈਂਟ ਵਿਵਸਥਾ ਕੈਨੇਡਾ ਸਬੰਧੀ ਨਹੀਂ ਹੈ, ਪਰ ਪੰਚਾਂ ਦਾ ਕਿਹਾ ਸਿਰ ਮੱਥੇ ਪਰ ਪਰਨਾਲਾ ਉਥੇ ਦਾ ਉਥੇ ਵਾਲੀ ਗੱਲ ਹੈ। ਪਹਿਲੇ ਤੋਂ ਵੀ ਮਾੜੀ ਸ਼ਰਤ ਇਹ ਹੈ ਕਿ ਕੈਨੇਡਾ, ਮੈਕਸੀਕੋ ਦੋਵੇਂ ਦੇਸ਼ ਅਮਰੀਕਾ ਦੀ ਮਰਜ਼ੀ ਤੋਂ ਬਿਨਾਂ, ਕਿਸੇ ਹੋਰ ਦੇਸ਼ ਨਾਲ ਦੁਵੱਲਾ ਵਪਾਰਕ ਸਮਝੌਤਾ ਨਹੀਂ ਕਰ ਸਕਦੇ। ਅਮਰੀਕਾ ਨੇ ਵੀਟੋ ਪਾਵਰ ਹਥਿਆ ਲਈ ਹੈ। ਮੈਂ ਸਿਰੇ ਦੀ ਗੱਲ ਆਖਾਂ, ਤੋਂ ਬਿਹਤਰ ਹੈ ਕਿ ਪਾਠਕ ਆਪ ਨਿਰਣਾ ਕਰਨ।

**- ਕੈਨੇਡਾ ਅਤੇ ਚੀਨ-ਹੁਵੇਈ ਕੇਸ -**

ਅਮਰੀਕਾ ਚੀਨ ਵਪਾਰਕ ਯੁੱਧ ਸਿਖਰਾਂ 'ਤੇ ਚਲ ਰਿਹਾ ਹੈ। ਚੀਨ ਦੀਆਂ ਵਪਾਰਕ ਵਸਤਾਂ ਤੇ ਸ਼ਰਮ ਦੀ ਹੱਦ ਤੱਕ ਅਮਰੀਕਾ ਵਲੋਂ ਟੈਰਿਫ਼, ਭਾਵ ਅਜਾਤ ਟੈਕਸ ਲਾਏ ਜਾ ਰਹੇ ਹਨ। ਕੈਨੇਡਾ ਆਪਣੀ ਇਨ੍ਹਾਂ ਟੈਕਸਾਂ ਦੀ ਮਾਰ ਹੇਠ ਹੈ। ਪਰ ਅਜੇ ਤੱਕ ਕੈਨੇਡਾ ਯੁੱਧ ਅਖਾੜੇ ਤੋਂ ਬਾਹਰ ਸੀ। ਪਰ ਇਕੋ ਝਟਕੇ ਨਾਲ ਅਮਰੀਕਾ ਨੇ ਕੈਨੇਡਾ ਨੂੰ ਇਸ ਵਪਾਰਕ ਜੰਗ ਮੋਰਚੇ ਦਾ ਕੇਂਦਰਬਿੰਦੂ ਬਦਾ ਦਿੱਤਾ ਹੈ। 1 ਦਸੰਬਰ ਨੂੰ ਕੀ ਹੋਇਆ ਕਿ ਹੁਵੇਲੀ ਕੰਪਨੀ ਦੀ 46 ਸਾਲਾ, ਚੀਫ਼ ਫਾਈਨਾਂਸ ਆਫੀਸਰ ਮੈਂਗ ਵੇਨਜਾਈ ਨੂੰ ਅਮਰੀਕਾ ਵਲੋਂ ਜਾਰੀ ਕੀਤੇ ਫਰੰਟ ਗ੍ਰਿਫ਼ਤਾਰੀ ਤੇ ਕੈਨੇਡਾ ਨੇ ਵੈਨਕੂਵਰ ਹਵਾਈ ਅੱਡੇ ਤੇ ਗ੍ਰਿਫ਼ਤਾਰ ਕਰ ਲਿਆ। ਜਿਵੇਂ ਕਿਤੇ ਉਸ ਨੇ ਕੋਈ ਵੱਡਾ ਕਰਾਈਮ ਕੀਤਾ ਹੋਵੇ। ਮੈਂਗ ਦਾ ਪਿਤਾ ਹੀ ਚੀਨ ਦੀ ਇਸ ਵੱਡੀ ਕੰਪਨੀ ਦਾ ਮਾਲਕ ਹੈ। ਇਸ ਕੰਪਨੀ ਆਈ ਟੀ ਸੈਕਟਰ ਵਿਚ ਵਰਤੀ ਜਾਣ ਵਾਲੀ ਮਸ਼ੀਨਰੀ ਅਤੇ ਸਾਜੋ ਸਮਾਨ ਵੇਚਦੀ ਹੈ ਅਮਰੀਕਾ ਕੈਨੈਡਾ ਅਤੇ ਹੋਰ ਯੂਰਪੀਅਨ ਮੁਲਕਾਂ ਵਿਚ ਇਸ ਦਾ ਤਿਆਰ ਕੀਤਾ ਸਮਾਨ ਆਮ ਵਰਤਿਆ ਜਾਂਦਾ ਹੈ। ਪਿਛਲੇ ਪੰਜ ਸੱਤ ਮਹੀਨਿਆਂ ਤੋਂ ਅਮਰੀਕਾ ਪੱਖੀ ਲਾਬੀ ਵਲੋਂ, ਅਮਰੀਕਾ ਦੀਆਂ ਕੰਪਨੀਆਂ ਕਾਰਨ ਬੜਾ ਜ਼ੋਰਦਾਰ ਪ੍ਰਚਾਰ ਕੀਤਾ ਜਾ ਰਿਹਾ ਸੀ ਕਿ ਇਸ ਕੰਪਨੀ ਦੀਆਂ ਮਸ਼ੀਨਾਂ ਵਿਚ ਯਸੂਸੀ ਕਰਨ ਦੇ ਖੁਫ਼ੀਆ ਜੰਤਰ ਫਿੱਟ ਹਨ। ਇਸ ਕਰਕੇ ਇਸ ਦੀ ਵਰਤੋਂ ਨਾ ਕੀਤੀ ਜਾਵੇ। ਅਮਰੀਕਾ ਨੇ,ਥਲ ਸੈਨਾ, ਵਾਯੂ ਸੈਨਾ ਅਤੇ ਨੇਵੀ ਨੂੰ ਮਨਾ ਕਰਨ ਦੇ ਦਿਸ਼ਾ-ਨਿਰਦੇਸ਼ ਵੀ ਜਾਰੀ ਕੀਤੇ ਹਨ। ਪਰ ਅੱਜ ਤੱਕ ਸਦਾਮ ਹੁਸੈਨ ਦੇ ਡਬਲਿਊ.ਐਮ.ਡੀ. ਵਾਂਗ, ਅਮਰੀਕਾ ਇਸ ਦਾ ਕੋਈ ਸਬੂਤ ਨਹੀਂ ਦੇ ਸਕਿਆ। ਸਿਰਫ਼ ਪ੍ਰਚਾਰ ਹੈ। ਅਜਿਹਾ ਹੀ ਪ੍ਰਚਾਰ ਕੁਝ ਸਾਲ ਪਹਿਲਾਂ ਕੋਰੀਆ ਦੇ ਸੈਮਸੰਗ ਟੈਲੀਵਿਜ਼ਨ ਸੈਟਾਂ ਬਾਰੇ ਹੋਇਆ ਸੀ। ਕੈਨੇਡਾ ਦੀਆਂ ਸਾਰੀਆਂ ਵੱਡੀਆਂ ਕੰਪਨੀਆਂ ਜਿਵੇਂ ਬੈੱਲ, ਸ਼ਾਮਨ, ਟੈਲਸ ਆਦਿ ਹੁਵੇਈ ਕੰਪਨੀ ਦੀ ਮਸ਼ੀਨਰੀ ਹੀ ਵਰਤ ਰਹੀਆਂ ਹਨ। ਕਿਸੇ ਕੋਲ ਕੋਈ ਸਬੂਤ ਨਹੀਂ ਕਿ ਯਸੂਸੀ ਜੰਤਰ ਲੱਗੇ ਹਨ।

ਖੈਰ ਇਨ੍ਹਾਂ ਬੇਤੁੱਕੇ ਇਲਜਾਮਾਂ ਦੇ ਸਬੂਤਾਂ ਦੀ ਘਾਟ ਕਾਰਨ, ਅਮਰੀਕਾ ਨੇ ਇਰਾਨ ਤੇ ਉਸ ਵਲੋਂ ਲਾਈਆਂ ਪਾਬੰਦੀਆਂ, ਜਿਹੜੀਆਂ ਪਹਿਲਾਂ ਹਟਾ ਦਿੱਤੀਆਂ ਸਨ, ਦੀ ਆੜ ਹੇਠ, ਕਿ ਹੁਵੇਲੀ ਕੰਪਨੀ ਪਾਬੰਦੀਆਂ ਤੋੜ ਕੇ ਇਰਾਨ ਨਾਲ ਵਪਾਰ ਕਰਦੀ ਹੈ, ਵਰੰਟ ਜਾਰੀ ਕੀਤੇ ਹਨ। ਤਿਆਰੀ ਤਾਂ ਪਹਿਲਾਂ ਤੋਂ ਚੱਲ ਰਹੀ ਸੀ। ਅਸਲ ਕਾਰਨ ਤਾਂ ਇਹ ਹੈ ਕਿ ਅਮਰੀਕਾ ਦੀਆਂ ਐਪਲ, ਆਈ ਫੋਨ ਕੰਪਨੀਆਂ ਨੂੰ ਹੁਵੇਲੀ ਨੇ ਹਾਸ਼ੀਏ 'ਤੇ ਧੱਕ ਦਿੱਤਾ ਹੈ। ਐਪਲ ਅਤੇ ਆਈਫੋਨ ਦੁਨੀਆਂ ਵਿਚੋਂ ਸਿਮਟ ਗਿਆ ਹੈ। ਹੁਵੇਈ ਛਾ ਗਈ ਹੈ। ਆਈ. ਟੀ. ਸੈਕਟਰ ਵਿਚ ਗੂਗਲ ਦੀ ਅਜ਼ਾਰੇਦਾਰੀ ਨੂੰ ਵੀ ਖਤਰਾ ਖੜ੍ਹਾ ਹੋ ਗਿਆ ਹੈ। ਆਈਫੋਨ 5ਜੀ ਦੀ ਤਕਨੀਕ ਛੇਤੀ ਹੀ ਹੁਵੇਈ ਵਲੋਂ ਮਾਰਕੀਟ ਵਿਚ ਲਾਂਚ ਕੀਤੀ ਜਾ ਰਹੀ ਹੈ। ਗੂਗਲ ਨੂੰ ਕੌਣ ਭੁੱਲਿਆ ਹੈ ਕਿ ਇਹ ਅਮਰੀਕਾ ਖੁਫ਼ੀਆ ਤੰਤਰ ਦੀ ਹਿੱਸੇਦਾਰ ਹੈ। ਗੂਗਲ ਦੀ ਫੇਸਬੁੱਕ ਅਤੇ ਟਵਿੱਟਰ ਨੇ ਆਪ ਮੰਨਿਆ ਹੈ ਕਿ ਅਮਰੀਕੀ ਖੁਫ਼ੀਆ ਤੰਤਰ ਨੂੰ ਆਪਣੇ ਵਰਤੋਂਕਾਰਾਂ ਦੇ ਨਿੱਜੀ ਵੇਰਵੇ ਮੁਹੱਈਆ ਕਰਵਾਉਂਦੀ ਹੈ।

ਅਮਰੀਕਾ ਦੇ ਵਰੰਟ ਤੇ ਕੈਨੇਡਾ ਵਲੋਂ ਉਸ ਨੂੰ ਗ੍ਰਿਫ਼ਤਾਰ ਕਰਨਾ ਅੰਤਰਰਾਸ਼ਟਰੀ ਕਾਨੂੰਨਾਂ ਮੁਤਾਬਕ ਗੈਰ ਕਾਨੂੰਨੀ ਹੈ। ਕਿਉਂ ? ਈਰਾਨ 'ਤੇ ਲਾਈਆਂ ਪਾਬੰਦੀਆਂ ਅਮਰੀਕਾ ਦੀਆਂ ਹਨ। ਯੂ. ਐਨ. ਓ., ਡਬਲਿਊ. ਟੀ ਓ., ਯੂਰਪੀਅਨ ਯੂਨੀਅਨ ਜਾਂ ਕੋਈ ਹੋਰ ਅੰਤਰ ਰਾਸ਼ਟਰੀ ਸੰਸਥਾ ਵਲੋਂ ਉਹ ਪ੍ਰਵਾਨਤ ਨਹੀਂ ਹਨ। ਫਿਰ ਇਸ ਗੈਰ ਕਾਨੂੰਨੀ ਅਮਲ ਵਿਚ ਕੈਨੇਡਾ ਵਲੋਂ ਕੀਤੀ ਕਾਰਵਾਈ ਵੀ ਗੈਰ ਕਾਨੂੰਨੀ ਹੈ। ਕੈਨੇਡਾ ਦਾ ਸਾਰਾ ਮੇਨਸਟਰੀਮ ਮੀਡੀਆ- MSM ਇਸ ਨੂੰ ਠੀਕ ਆਖ ਰਿਹਾ ਹੈ।

ਮੈਂਗ, ਕੰਪਨੀ ਦੇ ਵਪਾਰ ਦੇ ਸਬੰਧ ਵਿਚ ਹਾਂਗ ਕਾਂਗ ਤੋਂ ਵੈਨਕੂਵਰ ਹੁੰਦੀ ਹੋਈ ਮੈਕਸੀਕੋ ਜਾ ਰਹੀ ਸੀ। ਜਹਾਜ਼ ਬਦਲੀ ਸਮੇਂ ਉਸ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ। ਅਮਰੀਕਾ ਨਾ ਤਾਂ ਹਾਂਗ ਕਾਂਗ ਸਰਕਾਰ 'ਤੇ ਦਬਾਅ ਪਾ ਸਕਿਆ ਅਤੇ ਨਾ ਹੀ ਉਸ ਨੂੰ ਮੈਕਸੀਕੋ 'ਤੇ ਭਰੋਸਾ ਸੀ। ਮੈਕਸੀਕੋ ਵਿਚ ਹੁਣ ਕਾਮਰੇਡ ਆਮਲੋ-ਉਬਰਾਡੋਰ ਦੀ ਸਰਕਾਰ ਹੈ। ਕੈਨੈਡਾ ਨੂੰ ਉਲਝਾਉਣ ਵਾਸਤੇ ਉਸ ਨੂੰ ਫਸਾ ਦਿੱਤਾ ਗਿਆ ਹੈ। ਖੈਰ ਮੈਂਗ ਨੇ ਜ਼ਮਾਨਤ ਦੀ ਅਰਜ਼ੀ ਦੇ ਦਿੱਤੀ ਜੋ ਕਈ ਦਿਨਾਂ ਤੋਂ ਸੁਣਵਾਈ ਅਧੀਨ ਰਹੀ। ਸਾਬਾਸ਼ ਚੀਨੀ ਡਾਇਸਪੋਰਕ ਜਥੇਬੰਦੀਆਂ ਦੇ ਕਿ ਹਰ ਰੋਜ਼ ਸੈਂਕੜਿਆਂ ਦੀ ਗਿਣਤੀ ਕੋਰਟ ਦੇ ਬਾਹਰ ਜ਼ਮਾਨਤ ਦੇਣ ਦੀਆਂ ਪੇਸ਼ਕਸ਼ਾਂ ਲੈ ਕੇ ਹਾਜ਼ਰ ਹੁੰਦੇ ਰਹੇ। ਮੈਂਗ ਸ਼ਰਤਾਂ ਅਧੀਨ ਰਿਹਾ ਹੈ।

ਚੀਨ ਨੇ ਕੈਨੇਡਾ ਤੇ ਮੋੜਵੀਂ ਸੱਟ ਮਾਰਦਿਆਂ ਦੋ ਕੈਨੇਡੀਅਨਾਂ ਨੂੰ ਕੌਮੀ ਸੁਰੱਖਿਆ ਲਈ ਖਤਰਾ, ਦੇ ਦੋਸ਼ਾਂ ਹੇਠਾਂ ਗ੍ਰਿਫ਼ਤਾਰ ਕਰ ਲਿਆ ਹੈ। ਇਕ ਹੈ ਮਾਈਕਲ ਕੋਵਰਿਗ। ਉਹ ਕੈਨੇਡਾ ਦੇ ਵਿਦੇਸ਼ ਵਿਭਾਗ ਦਾ ਅਫ਼ਸਰ ਹੈ। 2014-16 ਤੱਕ ਉਹ ਹਾਂਗਕਾਂਗ ਵਿਚ ਕੈਨੇਡਾ ਦਾ ਡਿਪਟੀ ਸਫ਼ੀਰ ਰਿਹਾ ਹੈ। ਪਾਠਕਾਂ ਨੂੰ ਯਾਦ ਹੋਵੇਗਾ ਕਿ 2014-16 ਵਿਚ, ਹਾਂਗ ਕਾਂਗ ਵਿਚ ਚੀਨ ਦੇ ਖਿਲਾਫ਼ ਪੀਲੀ ਛੱਤਰੀ ਵਿਦਰੋਹ ਭੜਕਿਆ ਸੀ। ਇਸ ਤੇ ਮੈਂ ਇਕ ਪੂਰਾ ਆਰਟੀਕਲ ਵੀ 'ਸਰੋਕਾਰਾਂ ਦੀ ਆਵਾਜ਼' ਵਾਸਤੇ ਲਿਖਿਆ ਸੀ। ਕੋਵਰਿਗ ਅੱਜ ਕੱਲ੍ਹ ਵਿਭਾਗ ਤੋਂ, ਬਿਨਾਂ ਤਨਖਾਹੋਂ ਛੁੱਟੀ 'ਤੇ ਹੈ। ਉਸ ਕੋਲ ਸਫ਼ੀਰੀ ਦਰਜਾ ਵੀ ਨਹੀਂ ਹੈ। ਅੱਜ ਕੱਲ੍ਹ ਉਹ ਇਕ ਅੰਤਰਰਾਸ਼ਟਰੀ ਸੰਸਥਾ-ਇੰਟਰਨੈਸ਼ਨਲ ਕਰਾਈਸਸ ਗਰੁੱਪ ਦਾ ਸਲਾਹਕਾਰ ਹੈ। ਇਹ ਸੰਸਥਾ ਚੀਨ ਵਿਚ ਮਾਨਤਾ ਪ੍ਰਾਪਤ ਨਹੀਂ ਹੈ। ਉਹ ਕਈ ਅਖ਼ਬਾਰਾਂ ਵਿਚ ਲਿਖਦਾ ਵੀ ਹੈ। ਉਹ ਜ਼ਿਆਦਾ ਪਾਲੀਟੀਕਲ ਰਿਪੋਰਟਿੰਗ ਕਰਦਾ ਹੈ। ਕੈਨੇਡਾ ਦੇ ਹਾਂਗ ਕਾਂਗ ਵਿਚਲੇ ਸਫ਼ੀਰ, ਜਿਸ ਥੱਲੇ ਉਸ ਨੇ ਕੰਮ ਕੀਤਾ ਹੈ, ਗੁਆਏ ਸੰਤ ਜੈਕਸ ਨੇ ਟਿੱਪਣੀ ਕੀਤੀ ਹੈ ਕਿ ਕੋਵਰਿਗ ਅਕਸਰ ਤਿੱਬਤ, ਹਾਂਗਕਾਂਗ ਅਤੇ ਉੱਤਰ ਪੱਛਮੀ ਸੂਬੇ ਸਿੰਜਿਆਂਗ ਵਿਚ ਚੀਨ ਵਿਰੋਧੀ ਅਨਸਰਾਂ ਨੂੰ ਮਿਲਦਾ ਰਹਿੰਦਾ ਸੀ। ਚੀਨ ਕੋਲ ਉਸ ਦੀ ਗਤੀਵਿਧੀ ਦੀਆਂ ਪੂਰੀਆਂ ਫਾਈਲਾਂ ਹਨ।

ਦੂਜਾ ਹੈ ਮਾਈਕਲ ਸਪੋਵਰ। ਉਹ ਬਿਜਨੈੱਸਮੈਨ ਅਖਵਾਉਂਦਾ ਹੈ। ਉਹ ਉਤਰੀ ਅਤੇ ਦੱਖਣੀ ਕੋਰੀਆ ਵਿਚ ਇਕ ਟੂਰਇਜ਼ਮ ਕੰਪਨੀ ਦਾ ਮਾਲਕ ਹੈ। ਉਹ ਅੰਤਰ ਕੋਰੀਆ ਬਾਸਕਟਬਾਲ ਅਤੇ ਹੋਰ ਖੇਡ ਕਲੱਬਾਂ ਦਾ ਵੀ ਮਾਲਕ ਹੈ ਅਤੇ ਬੀਜਿੰਗ ਵਿਚ ਟਿਕਿਆ ਹੈ। ਆਖਿਆ ਜਾਂਦਾ ਹੈ ਕਿ ਕੋਰੀਅਨ ਸਬੰਧਾਂ ਅਤੇ ਕੋਰੀਅਨ ਚੀਨੀ ਸਬੰਧਾਂ ਵਿਚ ਤ੍ਰੇੜਾਂ ਇਥੋਂ ਹੀ ਚਲਦੀਆਂ ਹਨ। ਇਸ ਦਾ ਵੀ ਪੂਰਾ ਵੇਰਵਾ ਚੀਨ ਕੋਲ ਹੈ।

ਨਵੀਂ ਗੱਲ ਇਹ ਕਿ ਕੈਨੇਡਾ ਵਿਚ ਭੁੱਲ ਗਿਆ ਕਿ ਚੀਨ ਦੇ ਸਾਰੇ ਵਪਾਰੀ ਅਤੇ ਕਾਰੋਬਾਰੀ ਚੀਨ ਦੀ ਕਮਿਊਨਿਸਟ ਪਾਰਟੀ ਦੇ ਮੈਂਬਰ ਹਨ। ਅਲੀ ਬਾਬਾ ਆਨਲਾਈਨ ਟ੍ਰੇਡਿੰਗ ਕੰਪਨੀ ਨੂੰ ਅਮਰੀਕਾ, ਯੂਰਪ ਆਦਿ ਦੀਆਂ ਟ੍ਰੇਡਿੰਗ ਕੰਪਨੀਆਂ ਨੂੰ ਭਾਜੜ ਪਾਈ ਹੋਈ ਹੈ। ਅਲੀ ਬਾਬਾ ਦਾ ਮਾਲਕ ਚੀਨ ਦਾ ਸਭ ਤੋਂ ਅਮੀਰ ਆਦਮੀ ਹੈ। ਮੀਡੀਏ ਵਿਚ ਆਇਆ ਹੈ ਕਿ ਉਹ ਚੀਨ ਦੀ ਕਮਿਊਨਿਸਟ ਪਾਰਟੀ ਦਾ ਵਫ਼ਾਦਾਰ ਮੈਂਬਰ ਹੈ। ਚੀਨ ਦਾ ਇਹ ਸਿਸਟਮ ਰੂਸ ਤੋਂ ਵੱਖਰਾ ਹੈ। ਸ਼ਾਇਦ ਇਸੇ ਕਰਕੇ ਚੀਨ ਰੂਸ ਵਾਲੀ ਹਾਲਤ ਤੋਂ ਬਚਿਆ ਰਵੇ।

ਇਹ ਹੈ ਸ੍ਹਾਨਾਂ ਦਾ ਭੇੜ। ਇਸ ਵਿਚ ਅਮਰੀਕਾ ਨੇ ਆਪਣੀ ਥਾਂ, ਕੈਨੇਡਾ ਨੂੰ ਖੜ੍ਹਾ ਕਰ ਦਿੱਤਾ ਹੈ। ਟਰੰਪ ਤਾਂ ਇਹ ਵੀ ਕਹਿ ਗਿਆ ਕਿ ਜੇ ਉਸ ਦੀ ਚੀਨ ਨਾਲ ਠੀਕ ਬੈਠ ਗਈ ਤਾਂ ਉਹ ਮੈਂਗ ਦੀ ਗ੍ਰਿਫ਼ਤਾਰੀ ਵਿਚ ਦਖ਼ਲ ਵੀ ਦੇ ਸਕਦਾ ਹੈ; ਭਾਵ ਉਸ ਖਿਲਾਫ਼ ਕੇਸ ਵਾਪਸ ਵੀ ਲੈ ਸਕਦਾ ਹੈ। ਇਸ ਹਾਲਤ ਵਿਚ ਕੈਨੇਡਾ ਦੇ ਕਾਇਦੇ ਕਾਨੂੰਨਾਂ ਦਾ ਕੀ ਹਸ਼ਰ ਹੋਵੇਗਾ। ਇਹ ਹੈ ਕੈਨੇਡਾ ਦੀ ਬਦੇਸ਼ ਨੀਤੀ ਦਾ ਦੀਵਾਲੀਆਪਣ।

ਕੈਨੇਡਾ ਦੀ ਵਿਦੇਸ਼ ਮੰਤਰੀ ਕ੍ਰਿਸਟੀ ਫ਼ਰੀਲੈਂਡ ਹੈ। ਅਸਲ ਵਿਚ ਬਦੇਸ਼ ਨੀਤੀ ਫੈਸਲੇ ਇਥੇ ਹੀ ਨਿਰਧਾਰਤ ਹੁੰਦੇ ਹਨ। ਉਸ ਦਾ ਪਰਿਵਾਰਕ ਪਿਛੋਕੜ ਜਰਮਨੀ ਨਾਲ ਜੁੜਿਆ ਹੈ। ਦੂਜੀ ਸੰਸਾਰ ਜੰਗ ਵੇਲੇ ਨਾਜ਼ੀਵਾਦੀ ਨੀਤੀਆਂ ਨਾਲ ਪਰਿਵਾਰਕ ਹਮਦਰਦੀ ਸੀ।

ਆਉਣ ਵਾਲੇ ਥੋੜ੍ਹੇ ਦਿਨਾਂ ਵਿਚ, ਕੈਨੇਡਾ, ਅਮਰੀਕਾ ਦੇ ਦਬਾਅ ਹੇਠ ਇਕ ਹੋਰ ਵੱਡਾ ਫੈਸਲਾ ਕਰਨ ਵਾਲਾ ਹੈ। ਆਸਟ੍ਰੇਲੀਆ ਆਪਦੀ ਅੰਬੈਸੀ ਤਲ-ਅਵੀਵ ਤੋਂ ਯਾਰੂਸਲਮ ਬਦਲਣ ਦਾ ਐਲਾਨ ਕਰ ਚੁੱਕਿਆ ਹੈ। ਕੈਨੇਡਾ ਅਤੇ ਨਿਊਜ਼ੀਲੈਂਡ ਫੈਸਲਾ ਕਰਨ ਦੀ ਲਾਈਨ ਵਿਚ ਹਨ। ਦੇਖੋ ਕਿਹੜਾ ਪਹਿਲਾਂ ਛਾਲ ਮਾਰਦਾ ਹੈ। ਇਉਂ ਕਰਨਾ ਅੰਤਰਰਾਸ਼ਟਰੀ ਕਾਨੂੰਨ ਦੀ ਉਲੰਘਣਾ ਹੋਵੇਗੀ। ਕਿਉਂਕਿ ਸਕਿਉਰਿਟੀ ਕੌਂਸਲਰ ਦੇ ਪਾਸ ਕੀਤੇ ਮਤਿਆਂ ਅਨੁਸਾਰ ਇਜ਼ਰਾਇਲ ਯਰੂਸ਼ਲਮ ਨੂੰ ਆਪਣੀ ਰਾਜਧਾਨੀ ਨਹੀਂ ਬਣਾ ਸਕਦਾ। ਉਰ ਫਲਸਤੀਨ ਅਤੇ ਇਜ਼ਰਾਇਲ ਦਾ ਸਾਂਝਾ ਸ਼ਹਿਰ ਹੈ। ਅਮਰੀਕਾ, ਇਜ਼ਰਾਇਲ ਅਤੇ ਆਸਟ੍ਰੇਲੀਆ ਦੀ ਕੀਤੀ ਕਾਰਵਾਈ ਗੈਰ ਕਾਨੂੰਨੀ ਹੈ। ਯੂਰਪ ਸਮੇਤ ਦੁਨੀਆਂ ਭਰ ਦੇ ਮੁਲਕ ਇਸ ਦੀ ਮਾਨਤਾ ਨਹੀਂ ਦਿੰਦੇ।

20 ਦਸੰਬਰ ਦੇ ਸੀਪੀਸੀ ਨਿਊਜ਼ ਬਰੀਫ ਵਿਚ ਅੰਤਰਰਾਸ਼ਟਰੀ ਮਾਮਲਿਆਂ ਦੇ ਨਿਊਜ਼ ਐਡੀਟਰ ਕ੍ਰਿਸਹਾਲ ਦਾ ਇਕ ਵਿਸਥਾਰਪੂਰਵਕ ਲੇਖ ਵਿਦੇਸ਼ ਨੀਤੀ ਦਾ 18 ਸਾਲ ਦਾ ਰਿਵਿਊ ਛਪਿਆ ਹੈ। ਉਸ ਨੇ ਲਿਖਿਆ ਹੈ ਕਿ 2018 ਵਿਦੇਸ਼ ਨੀਤੀ ਪੱਖੋਂ ਬੇਹੱਦ ਮਾੜਾ ਰਿਹਾ ਹੈ। ਉਹ ਕਹਿੰਦਾ ਹੈ ਕਿ ਕੈਨੇਡਾ ਅੰਤਰਰਾਸ਼ਟਰੀ ਪੱਧਰ 'ਤੇ ਇਕੱਲਾ ਖੜ੍ਹਾ ਦਿਸਦਾ ਹੈ। ਨਾ ਯੂਰਪ ਵਿਚ, ਨਾ ਏਸ਼ੀਆ, ਅਫਰੀਕਾ ਵਿਚ ਇਸ ਦਾ ਕੋਈ ਵੀ ਮਿੱਤਰ ਨਹੀਂ ਰਿਹਾ। ਸਭ ਤੋਂ ਜ਼ਿਆਦਾ ਵਿਰੋਧ ਇਸ ਦਾ ਅਮਰੀਕਾ ਵਲੋਂ ਹੋ ਰਿਹਾ ਹੈ। ਹਾਲਾਂਕਿ ਯੂਐਸਐਮਸੀਏ ਦੇ ਵਿਚ ਇਸ ਨੇ ਗੋਡੇ ਵੀ ਟੇਕ ਦਿੱਤੇ ਹਨ। ਕ੍ਰਿਸਹਾਲ ਨੇ ਕੈਨੇਡਾ ਦੇ ਚੋਟੀ ਦੇ 8 ਅਰਥ ਸ਼ਾਸਤਰੀਆਂ ਅਤੇ ਰਾਜਨੀਤੀ ਵਿਦਵਾਨਾਂ ਦੇ ਵਿਚਾਰ ਦਰਜ ਕੀਤੇ ਹਨ। ਕੁਝ ਨਾਮ ਇਸ ਤਰ੍ਹਾਂ ਹਨ; ਐਂਡਰੀਅਰਾ ਚਾਰੋ, ਕੈਮਰੀਚਡਰ ਨਥਲ, ਬਾਬਰੇਈ, ਡਨਕੁਰਕ, ਜੈਫਰੀਸਰਫ ਜੋ ਕਿ ਕੋਲੰਬੀਆ ਯੂਨੀਵਰਸਿਟੀ ਵਿਚ ਸੈਂਟਰ ਆਫ਼ ਯੂਐਨਓ ਦੇ ਸੈਸਟੇਨਏਵਲ ਡਿਵੈਲਪਮੈਂਟ ਨੈਟਵਰਕ ਦਾ ਡਾਇਰੈਕਟਰ ਹੈ, ਇਸ ਦਾ ਵਿਚਾਰ ਹੈ ਕਿ ਇਸ ਵੇਲੇ ਤਾਕਤ ਚੀਨ ਅਤੇ ਰੂਸ ਦੇ ਹੱਥਾਂ ਵਿਚ ਚਲੀ ਗਈ ਹੈ। ਜਿਸ ਨੂੰ ਕੋਈ ਵੀ ਤਾਕਤ ਰੋਕ ਨਹੀਂ ਸਕਦੀ।

ਅਲੀ ਬਾਬਾ ਆਨਲਾਈਨ ਟ੍ਰੇਡਿੰਗ ਕੰਪਨੀ ਬਾਨੀ ਜੇਕਮਾ ਹੈ। ਇਸ ਦੀ ਕੰਪਨੀ ਅਲੀਪੇ ਦੀ ਹੈ। ਇਨ੍ਹਾਂ ਕੰਪਨੀਆਂ ਨੇ ਅਮਰੀਕੀਆਂ ਦੀਆਂ ਅਮਾਜੋਨ ਅਤੇ ਈਬੇ ਨੂੰ ਮਾਤ ਪਾ ਦਿੱਤਾ ਹੈ। ਮਾਸਟਰ ਕਾਰਡ ਇਹ ਵੀਜਾ ਦੀ ਅਲੀ ਪੇਅ ਤੋਂ ਪਛੜ ਗਿਆ ਹੈ। ਅਮਰੀਕਾ ਅਤੇ ਚੀਨ ਦੀ ਅਸਲ ਲੜਾਈ ਦੀ ਜੜ ਇਹ ਹੈ ਕਿ ਇਸ ਵਿਚ ਕੈਨੇਡਾ ਫਸ ਗਿਆ।

ਕੈਨੇਡਾ ਦੀ ਦੀਵਾਲੀਏਪਣ ਵਾਲੀ ਨੀਤੀ ਦਾ ਪਹਿਲਾਂ ਸ਼ਿਕਾਰ ਕੈਨੇਡਾ ਦਾ ਬੀ.ਸੀ. ਸੂਬਾ ਬਣ ਗਿਆ ਹੈ। ਬੀ. ਸੀ. ਦੇ ਉਦਮੀ ਅਤੇ ਵਪਾਰੀ, ਖੇਤੀਬਾੜੀ ਅਤੇ ਜੰਗਲਾਤ ਸੈਕਟਰ ਦੀ ਤਰੱਕੀ ਵਾਸਤੇ, ਚੀਨ ਦੇ ਵਪਾਰਕ ਦੌਰੇ 'ਤੇ ਜਾਣ ਵਾਲੇ ਸਨ। ਉਹ ਸਾਰੇ ਅਮਰੀਕਾ ਦੀ ਜਕੜ, ਜੋ ਇਨ੍ਹਾਂ ਤੋਂ ਕੱਚੇ ਮਾਲ ਦੇ ਰੂਪ ਵਿਚ ਲੁੱਟਦੀ ਹੈ, ਤੋਂ ਬਾਹਰ ਨਿਕਲਣ ਦੀ ਰਾਹ ਤਲਾਸ਼ ਰਹੇ ਹਨ। ਅਮਰੀਕਾ ਨੇ ਐਸੀ ਸ਼ਤਰੰਜੀ ਚਾਲ ਚੱਲੀ ਕਿ 50-60 ਵਪਾਰੀਆਂ ਦੇ ਡੈਲੀਗੇਸ਼ਨ ਦੀ ਕੀਤੀ ਤਿਆਰੀ ਮਲੀਆਮੇਟ ਹੋ ਗਈ। ਜੇ ਚੀਨ ਨਾਲ ਖੇਤੀ ਅਤੇ ਲੰਬਰ ਦਾ ਵਪਾਰ ਸ਼ੁਰੂ ਹੋ ਗਿਆ ਤਾਂ ਅਮਰੀਕੀ ਕੰਪਨੀਆਂ ਵਲੋਂ ਕੀਤੀ ਜਾਂਦੀ ਲੁੱਟ ਖਤਮ ਹੁੰਦੀ ਸੀ।

ਵੈਨਕੂਵਰ ਏਅਰਪੋਰਟ ਵੀ ਦੂਜੀ ਵਾਰ ਬਦਨਾਮ ਹੋ ਗਈ। ਹੁਣ ਮੈਂਗ ਦੀ ਗ੍ਰਿਫ਼ਤਾਰੀ ਕਰਕੇ ਪਹਿਲਾਂ 2007 ਵਿਚ, ਇਕ ਪੋਲੈਂਡ ਦਾ 40 ਸਾਲਾ ਸ਼ਹਿਰੀ ਇਥੇ RCMP ਦੇ ਇਕ ਸਿਰ ਫਿਰੇ ਅਫ਼ਸਰ ਨੇ ਏਜ਼ਰ ਕਰਕੇ ਮਾਰ ਦਿੱਤਾ ਸੀ। ਰਾਬਰਟ ਜ਼ੁਕਾਂਸਕੀ, ਪੋਲਿਸ ਦਾ ਕਸੂਰ ਇਹ ਸੀ ਕਿ ਉਸ ਨੂੰ ਇਕ ਤਾਂ ਅੰਗਰੇਜ਼ੀ ਨਹੀਂ ਸੀ ਆਉਂਦੀ ਦੂਜਾ ਉਹ ਥੋੜ੍ਹਾ ਜਿਹਾ ਮਾਨਸਿਕ ਸੀ। ਮਾਰਨ ਵਾਲਾ RCMP ਅਫ਼ਸਰ ਐਬਟਸ ਫੋਰਡ ਦਾ ਸੀ। ਜਿਹੜਾ ਕੇਸ ਵਿਚ ਕੋਰਟ ਸਾਹਮਣੇ ਝੂਠ ਬੋਲਦਾ ਰਿਹਾ ਅਤੇ ਸਜਾਏ ਮੌਤ ਤੋਂ ਡਰਦਾ ਪਹਿਲਾਂ ਹੀ ਆਤਮ ਹੱਤਿਆ ਕਰ ਗਿਆ। ਉਸ ਵੇਲੇ ਪੋਲੈਂਡ ਸਰਕਾਰ ਨੇ ਵੀ ਕੈਨੇਡਾ ਨੂੰ ਚੰਗੇ ਸਬਕ ਸਿਖਾਏ ਸਨ।

ਅਮੀਨ

# ਕੈਨੇਡਾ ਵਿੱਚ ਭੰਗ (ਮੈਰਵਾਨਾ) ਨੂੰ ਕਨੂੰਨੀ ਮਾਨਤਾ !



ਹਰਚਰਨ ਸਿੰਘ ਪਰਹਾਰ
403-681-8689
hp8689@gmail.com

2015 ਦੀਆਂ ਫੈਡਰਲ ਚੋਣਾਂ ਮੌਕੇ ਲਿਬਰਲ ਪਾਰਟੀ ਵਲੋਂ ਕੀਤੇ ਗਏ ਚੋਣ ਵਾਅਦੇ ਮੁਤਾਬਿਕ ਮੌਜੂਦਾ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਵਲੋਂ ਜੁਲਾਈ 1,2018 ਤੋਂ ਕਨੇਡਾ ਭਰ ਵਿੱਚ ਭੰਗ ਨੂੰ ਖਾਣ ਜਾਂ ਪੀਣ (ਸਿਗਰਟ ਵਾਂਗ) ਲਈ ਮਾਨਤਾ ਦੇ ਦਿੱਤੀ ਜਾਵੇਗੀ। ਯਾਦ ਰਹੇ ਕੈਨੇਡਾ ਵਿੱਚ ਹੁਣ ਭੰਗ ਸਿਹਤ ਕਾਰਨਾਂ (ਜੇ ਕਿਸੇ ਬੀਮਾਰੀ ਨਾਲ ਸਰੀਰ ਵਿੱਚ ਬਹੁਤ ਦਰਦ ਰਹਿੰਦਾ ਹੋਵੇ ਤਾਂ ਮੈਡੀਸਨ ਦੇ ਤੌਰ ਤੇ ਭੰਗ ਲਈ ਜਾ ਸਕਦੀ ਹੈ) ਕਰਕੇ ਡਾਕਟਰ ਵਲੋਂ ਲਿਖਣ ਤੋਂ ਬਾਅਦ ਮਰੀਜ਼ ਲੈ ਸਕਦਾ ਹੈ। ਪਰ ਜੁਲਾਈ, 2018 ਤੋਂ ਲੋਕ ਸ਼ਰਾਬ ਜਾਂ ਸਿਗਰਟਾਂ ਵਾਂਗ ਇਸਨੂੰ ਸਟੋਰਾਂ ਤੋਂ ਖਰੀਦ ਸਕਿਆ ਕਰਨਗੇ। ਮਿਲੀ ਜਾਣਕਾਰੀ ਅਨੁਸਾਰ ਭੰਗ ਨੂੰ ਸ਼ਰਾਬ ਦੇ ਠੇਕਿਆਂ ਤੇ ਵੇਚਿਆ ਨਹੀਂ ਜਾ ਸਕੇਗਾ, ਪਰ ਇਹ ਗਰੌਸਰੀ ਸਟੋਰਾਂ ਜਾਂ ਕਾਰਨਰ ਸਟੋਰਾਂ ਤੋਂ ਮਿਲ ਸਕੇਗੀ। ਪਿਛਲੇ ਸਾਲ ਲਿਬਰਲ ਪਾਰਟੀ ਵਲੋਂ ਪੇਸ਼ ਕੀਤੇ ਗਏ ਬਿੱਲ ਸੀ-45 (Bill C-45) (ਜਿਸਨੂੰ ਕੈਨਾਬਿਸ ਐਕਟ) ਵੀ ਕਿਹਾ ਜਾਂਦਾ ਹੈ) ਦੇ ਪਾਸ ਹੋਣ ਨਾਲ 18 ਸਾਲ ਤੋਂ ਉਪਰ ਉਮਰ ਦਾ ਕੋਈ ਵੀ ਮਰਦ/ਔਰਤ 30 ਗਰਾਮ ਤੱਕ ਭੰਗ ਇੱਕ ਵਕਤ ਖਰੀਦ ਸਕਦਾ ਹੈ। ਇਸ ਬਾਰੇ ਕੋਈ ਬਹੁਤੀ ਜਾਣਕਾਰੀ ਨਹੀਂ ਕਿ ਕੋਈ ਵਿਅਕਤੀ 30 ਗਰਾਮ ਦਿਨ ਵਿੱਚ ਕਿਤਨੀ ਵਾਰ ਖਰੀਦ ਸਕਦਾ ਹੈ? ਭੰਗ ਨੂੰ ਅੰਗਰੇਜ਼ੀ ਵਿੱਚ ਮੈਰਵਾਨਾ, ਕੈਨਾਬਿਸ, ਵੀਡ, ਪੌਟ ਆਦਿ ਨਾਵਾਂ ਨਾਲ ਵੀ ਜਾਣਿਆ ਜਾਂਦਾ ਹੈ। ਮੌਜੂਦਾ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ 2013 ਵਿੱਚ 'ਹਾਫਿੰਗਟਨ ਪੋਸਟ' ਨੂੰ ਦਿੱਤੀ ਇੱਕ ਇੰਟਰਵੀਊ ਵਿੱਚ ਮੰਨਿਆ ਸੀ ਕਿ ਗੈਰ ਕਨੂੰਨੀ ਹੋਣ ਦੇ ਬਾਵਜੂਦ ਉਸਨੇ ਆਪਣੇ ਦੋਸਤਾਂ ਨਾਲ ਮਿਲ ਕੇ ਕਈ ਵਾਰ ਭੰਗ ਪੀਤੀ ਸੀ। ਮੌਜੂਦਾ ਕਨੂੰਨ ਅਨੁਸਾਰ ਕਿਸੇ ਵਿਅਕਤੀ ਦੇ ਕਬਜੇ ਵਿਚੋਂ ਭੰਗ ਬਰਾਮਦ ਹੋਣ ਜਾਂ ਵੇਚਣ ਦੇ ਜ਼ੁਰਮ ਵਿੱਚ ਸਜ਼ਾ ਜਾਂ ਜ਼ੁਰਮਾਨਾ ਹੋ ਸਕਦਾ ਹੈ। ਪਾਠਕਾਂ ਦੀ ਜਾਣਕਾਰੀ ਲਈ ਇਥੇ ਇਹ ਦੱਸਣਾ ਵੀ ਜ਼ਰੂਰੀ ਹੈ ਕਿ ਕੈਨੇਡਾ ਵਿੱਚ ਪਹਿਲੀ ਵਾਰ ਨਸ਼ਿਆਂ ਤੇ ਪਾਬੰਦੀ ਲਈ 1908 ਵਿੱਚ 'ਓਪੀਅਮ ਐਕਟ' (Opium Act 1908) ਬਣਿਆ ਸੀ, ਜਿਸ ਅਨੁਸਾਰ ਅਫੀਮ ਖਾਣ ਜਾਂ ਵੇਚਣ ਤੇ ਪਾਬੰਧੀ ਲਗਾਈ ਗਈ ਸੀ। ਚੀਨ ਦੇ ਇਤਿਹਾਸ ਅਨੁਸਾਰ ਬਸਤੀਵਾਦੀ ਅੰਗਰੇਜ਼ਾਂ ਵਲੋਂ 18-19ਵੀਂ ਸਦੀ ਵਿੱਚ ਭਾਰਤ ਵਿੱਚ ਤਿਆਰ ਕੀਤੀ ਜਾਂਦੀ ਅਫੀਮ ਨੂੰ ਚੀਨਿਆਂ ਨੂੰ ਅਫੀਮਚੀ ਬਣਾਉਣ ਤੇ ਪੈਸਾ ਕਮਾਉਣ ਲਈ ਸਾਜ਼ਿਸ਼ ਦੇ ਤੌਰ 'ਤੇ ਵਰਤਿਆ ਜਾਂਦਾ ਸੀ। ਬਾਅਦ ਵਿੱਚ ਚੀਨੀਆਂ ਵਲੋਂ ਅੰਗਰੇਜ਼ਾਂ ਤੇ ਫਰਾਂਸੀਸੀਆਂ ਖਿਲਾਫ 19ਵੀਂ ਸਦੀ ਦੇ ਅੱਧ ਵਿੱਚ ਦੋ ਅਫੀਮ ਵਿਰੋਧੀ ਲੜਾਈਆਂ ਲੜੀਆਂ ਗਈਆਂ ਸਨ। 19ਵੀਂ ਸਦੀ ਦੇ ਅਖੀਰ ਵਿੱਚ ਜਦੋਂ ਚੀਨੇ ਕੈਨੇਡਾ ਆਉਣੇ ਸ਼ੁਰੂ ਹੋਏ ਤਾਂ ਉਨ੍ਹਾਂ ਨੇ ਇਥੇ ਆ ਕੇ ਅਫੀਮ ਖਾਣੀ ਤੇ ਵੇਚਣੀ ਸ਼ੁਰੂ ਕਰ ਦਿੱਤੀ, ਜਿਸ ਤੋਂ ਘਬਰਾ ਕੇ ਕੈਨੇਡਾ ਦੀ ਨਸਲਵਾਦੀ ਗੋਰੀ ਸਰਕਾਰ ਨੇ ਗੋਰਿਆਂ ਦੀ ਨੌਜਵਾਨੀ ਨੂੰ ਅਫੀਮਚੀ ਬਣਨ ਤੋਂ ਬਚਾਉਣ ਲਈ 1908 ਵਾਲਾ ਅਫੀਮ ਵਿਰੋਧੀ ਕਨੂੰਨ ਪਾਸ ਕੀਤਾ ਸੀ। ਇੱਕ ਪਾਸੇ ਕੈਨੇਡਾ ਦੀ ਨਸਲਵਾਦੀ ਸਰਕਾਰ ਆਪਣੀ ਗੋਰੀ ਨਸਲ ਨੂੰ ਨਸ਼ਿਆਂ ਦੇ ਮਾਰੂ ਪ੍ਰਭਾਵਾਂ ਤੋਂ ਬਚਾਉਣਾ ਚਾਹੁੰਦੀ ਸੀ, ਦੂਜੇ ਪਾਸੇ ਕਨੇਡਾ ਵਿੱਚ ਹੀ 'ਨੇਟਿਵਜ਼' (ਮੂਲ ਨਿਵਾਸੀਆਂ) ਨੂੰ ਸਾਜ਼ਿਸ਼ ਅਧੀਨ ਨਸ਼ਈ ਬਣਾਇਆ ਜਾ ਰਿਹਾ ਸੀ ਤੇ ਅੱਜ ਵੀ ਉਨ੍ਹਾਂ ਨੂੰ ਜੰਗਲੀ ਇਲਾਕਿਆਂ ਵਿੱਚ ਰਿਜਰਵ ਏਰੀਆਂ ਵਿੱਚ ਰਹਿਣਾ ਪੈ ਰਿਹਾ ਹੈ, ਜਿਥੇ ਸ਼ਰਾਬ ਤੇ ਹੋਰ ਨਸ਼ਿਆਂ ਦੀ ਲੱਤ ਨਾਲ ਉਨ੍ਹਾਂ ਦਾ ਸਾਰਾ ਪਰਿਵਾਰਕ ਤੇ ਸਮਾਜਿਕ ਜੀਵਨ ਤਬਾਹ ਹੋ ਚੁੱਕਾ ਹੈ। ਕੈਨੇਡਾ ਵਰਗੇ ਸਵਰਗ ਵਿੱਚ ਵੀ ਉਹ ਆਪਣੀ ਧਰਤੀ ਤੇ ਨਰਕਾਂ ਵਾਲਾ ਜੀਵਨ ਬਤੀਤ ਕਰ ਰਹੇ ਹਨ। ਇਸ ਤੋਂ ਬਾਅਦ 1911, 1920 ਤੇ 1923 ਵਿੱਚ 'ਓਪੀਅਮ ਤੇ ਡਰੱਗ ਐਕਟ', 'ਓਪੀਅਮ ਤੇ ਨਾਰਕੋਟਿਕ ਐਕਟ' ਆਦਿ ਨਵੇਂ ਕਾਨੂੰਨ ਲਿਆਂਦੇ ਗਏ ਤਾਂ ਕਿ ਗੋਰਿਆਂ ਦੀ ਨੌਜਵਾਨੀ ਨੂੰ ਅਫੀਮ, ਭੰਗ, ਚਰਸ, ਗਾਂਜਾ, ਹੈਰੋਇਨ ਆਦਿ ਨਸ਼ਿਆਂ ਵੱਲ ਜਾਣ ਤੋਂ ਰੋਕਿਆ ਜਾ ਸਕੇ। ਉਨ੍ਹਾਂ ਸਮਿਆਂ ਵਿੱਚ ਹੀ 'ਚਾਈਨੀਜ਼ ਐਕਸਕਲੂਜ਼ਨ ਐਕਟ 1923' ਪਾਸ ਕਰਕੇ ਚੀਨਿਆਂ ਦੇ ਕੈਨੇਡਾ ਵਿੱਚ ਦਾਖਲੇ ਤੇ ਪਾਬੰਧੀ ਲਗਾਈ ਗਈ ਸੀ ਤਾਂ ਕਿ ਨਸ਼ਿਆਂ ਦੀ ਸਮਗਲਿੰਗ ਰੋਕੀ ਜਾ ਸਕੇ। ਇਹ ਨਸਲਵਾਦੀ ਕਨੂੰਨ 1947 ਵਿੱਚ ਖਤਮ ਕੀਤਾ ਗਿਆ ਸੀ ਤੇ 1967 ਤੋਂ ਬਾਅਦ ਚੀਨਿਆਂ ਦਾ ਕੈਨੇਡਾ ਵਿੱਚ ਆਉਣਾ ਦੁਬਾਰਾ ਸ਼ੁਰੂ ਹੋਇਆ ਸੀ। ਪਿਛਲ਼ੀ ਟੋਰੀ ਸਰਕਾਰ ਦੇ ਪ੍ਰਧਾਨ ਮੰਤਰੀ ਸਟੀਫਨ ਹਾਰਪਰ ਨੇ 2006 ਵਿੱਚ ਚੀਨਿਆਂ ਕੋਲੋਂ ਇਸ ਨਸਲਵਾਦੀ ਕਨੂੰਨ ਦੌਰਾਨ ਹੋਈਆਂ ਜ਼ਿਆਦਤੀਆਂ ਲਈ ਮੁਆਫੀ ਵੀ ਮੰਗੀ ਸੀ। ਨਸ਼ਿਆਂ ਵਿਰੁੱਧ ਇਨ੍ਹਾਂ ਪਾਬੰਦੀਆਂ ਦੇ ਬਾਵਜੂਦ 1960 ਦੇ ਦਹਾਕੇ ਦੇ ਆਖਰੀ ਸਾਲਾਂ ਵਿੱਚ 'ਹਿੱਪੀ ਮੂਵਮੈਂਟ' ਦੇ ਪ੍ਰਭਾਵ ਅਧੀਨ ਪੱਛਮੀ ਦੇਸ਼ਾਂ ਦੀ ਗੋਰੀ ਨਸਲ ਦੇ ਨੌਜਵਾਨ ਮੁੰਡੇ-ਕੁੜੀਆਂ ਭੰਗ, ਚਰਸ, ਗਾਂਜਾ, ਹੈਰੋਇਨ ਆਦਿ ਨਸ਼ਿਆਂ ਵਿੱਚ ਗਲਤਾਨ ਹੋਣਾ ਸ਼ੁਰੂ ਹੋ ਗਏ ਸਨ, ਜਿਸਦੇ ਨਤੀਜੇ ਵਜੋਂ ਵੱਡੀ ਗਿਣਤੀ ਵਿੱਚ ਲੋਕਾਂ ਵਲੋਂ ਆਜ਼ਾਦੀ ਦੇ ਨਾਮ ਤੇ ਇਨ੍ਹਾਂ ਨਸ਼ਿਆਂ ਤੋਂ ਪਾਬੰਧੀ ਹਟਾਈ ਜਾਣ ਦੀ ਮੰਗ ਉਠਣ ਲੱਗੀ। ਇਸੇ ਕਰਕੇ ਕੈਨੇਡਾ ਦੀ ਲਿਬਰਲ ਸਰਕਾਰ ਨੇ 2001 ਵਿੱਚ ਮੈਡੀਕਲ ਕਾਰਨਾਂ ਕਰਕੇ ਡਾਕਟਰ ਦੀ ਸਲਾਹ ਨਾਲ ਇੱਕ ਖਾਸ ਮਾਤਰਾ ਵਿੱਚ ਭੰਗ ਵਰਤਣ ਨੂੰ ਕਾਨੂੰਨੀ ਮਾਨਤਾ ਦੇ ਦਿੱਤੀ। ਸੰਨ 2016 ਵਿੱਚ 'ਨੈਨੋਸ ਰਿਸਰਚ' ਨਾਮ ਦੀ ਇੱਕ ਸੰਸਥਾ ਵਲੋਂ ਕੈਨੇਡਾ ਭਰ ਵਿੱਚ ਕਰਵਾਏ ਸਰਵੇਖਣ ਅਨੁਸਾਰ 10 ਵਿਚੋਂ 7 ਕੈਨੇਡੀਅਨ ਭੰਗ ਨੂੰ ਲੀਗਲ ਕਰਨ ਦੇ ਹੱਕ ਵਿੱਚ ਸਨ। ਹੁਣ ਨਵੇਂ ਬਿੱਲ ਸੀ-45 ਦੇ ਕਨੂੰਨ ਬਣਨ ਨਾਲ ਭੰਗ ਨੂੰ 'ਕੰਟਰੋਲਡ ਡਰੱਗ ਐਂਡ ਸਬਸਟਾਂਸ ਐਕਟ 1996' ਵਿਚੋਂ ਕੱਢ ਦਿੱਤਾ ਜਾਵੇਗਾ। ਯਾਦ ਰਹੇ ਇਸ ਐਕਟ ਵਿੱਚ 100 ਤੋਂ ਵੀ ਵੱਧ ਤਰ੍ਹਾਂ ਦੇ ਕੈਮੀਮਕਲ ਨਸ਼ਿਆਂ ਦੇ ਵਰਤਣ ਅਤੇ ਵੇਚਣ ਤੇ ਪਾਬੰਦੀ ਹੈ।



ਅਲਬਰਟਾ ਦੀ ਐਨ. ਡੀ. ਪੀ. ਸਰਕਾਰ ਵਲੋਂ ਵੀ ਬਿੱਲ-26 ਰਾਹੀਂ ਅਲਬਰਟਾ ਵਿੱਚ ਜੁਲਾਈ ਤੋਂ ਭੰਗ ਦੇ ਖਾਣ-ਪੀਣ ਤੇ ਵੇਚਣ ਨੂੰ ਹਰੀ ਝੰਡੀ ਦੇ ਦਿੱਤੀ ਗਈ ਹੈ। ਜਦੋਂ ਤੋਂ ਕੈਨੇਡਾ ਵਿੱਚ ਭੰਗ ਨੂੰ ਲੀਗਲ ਕਰਨ ਦੀ ਗੱਲ ਚੱਲੀ ਹੈ, ਉਦੋਂ ਤੋਂ ਹੀ ਭੰਗ ਨਾਲ ਸਬੰਧਤ ਇੰਡਸਟਰੀ ਦੀ ਸ਼ੇਅਰ ਮਾਰਕੀਟ ਸਿੱਖਰਾਂ ਛੂਹਣ ਲੱਗੀ ਹੈ। ਫਾਈਨੈਂਸ਼ੀਅਲ ਸੈਕਟਰ ਨਾਲ ਸਬੰਧਤ ਪਬਲੀਕੇਸ਼ਨ 'ਮਨੀ ਮੌਰਨਿੰਗ' ਦੀ ਪਿਛਲੇ ਦਿਨੀਂ ਛਪੀ ਇੱਕ ਰਿਪੋਰਟ ਅਨੁਸਾਰ ਭੰਗ ਨਾਲ ਸਬੰਧਤ ਸਟਾਕ 15000% ਵਧ ਚੁੱਕੇ ਹਨ। 'ਵਾਲ ਸਟਰੀਟ ਜਰਨਲ' ਅਨੁਸਾਰ 2018 ਦੇ ਅਖੀਰ ਤੱਕ ਕਨੇਡਾ ਵਿੱਚ 22000 ਪੌਂਡ ਭੰਗ ਵਿਕਣ ਦੀ ਸੰਭਾਵਨਾ ਹੈ ਤੇ ਇਹ ਗਿਣਤੀ ਅਗਲੇ 8-10 ਸਾਲਾਂ ਵਿੱਚ 3 ਗੁਣਾਂ ਹੋਣ ਦੀ ਸੰਭਾਵਨਾ ਹੈ। ਹੁਣ ਤੱਕ 100 ਤੋਂ ਵੱਧ ਕੰਪਨੀਆਂ ਨੂੰ ਭੰਗ ਪੈਦਾ (ਉਗਾਉਣ) ਕਰਨ ਅਤੇ 100 ਤੋਂ ਵੱਧ ਕੰਪਨੀਆਂ ਨੂੰ ਭੰਗ ਵੇਚਣ ਦੇ ਲਾਇਸੈਂਸ ਦਿੱਤੇ ਗਏ ਹਨ। ਅਲਬਰਟਾ ਸਰਕਾਰ ਵਲੋਂ ਜਾਰੀ ਬਿਆਨ ਅਨੁਸਾਰ ਇਸ ਸਾਲ 250 ਲਾਇਸੈਂਸ ਜਾਰੀ ਕੀਤੇ ਜਾਣਗੇ ਤੇ ਅਗਲੇ ਸਾਲਾਂ ਵਿੱਚ ਲੋੜ ਅਨੁਸਾਰ ਗਿਣਤੀ ਵਧਾਈ ਜਾਵੇਗੀ। ਜੁਲਾਈ 1 ਤੋਂ ਬਾਅਦ ਸਾਊਥ ਅਮਰੀਕਨ ਦੇਸ਼ 'ਯੁਰੂਗੋਏ' (Urugoay) ਤੋਂ ਬਾਅਦ ਵਿਕਸਤ ਦੇਸ਼ਾਂ ਵਿਚੋਂ ਕੈਨੇਡਾ ਪਹਿਲਾ ਦੇਸ਼ ਬਣ ਜਾਵੇਗਾ, ਜਿਥੇ ਭੰਗ ਨੂੰ ਹਰ ਪੱਧਰ ਤੇ ਲੀਗਲ ਮਾਨਤਾ ਮਿਲ ਜਾਵੇਗੀ।ਬੇਸ਼ੱਕ ਅਮਰੀਕਾ ਵਿੱਚ ਪਿਛਲ਼ੇ ਕਈ ਸਾਲਾਂ ਤੋਂ ਕੁਝ ਸਟੇਟਾਂ ਵਲੋਂ ਭੰਗ ਨੂੰ ਮਾਨਤਾ ਦਿੱਤੀ ਹੋਈ ਹੈ। ਪਰ ਇਹ ਸਾਰੇ ਅਮਰੀਕਾ ਵਿੱਚ ਲੀਗਲ ਨਹੀਂ ਹੈ। ਇੱਕ ਅੰਦਾਜ਼ੇ ਮਤਾਬਿਕ 2017 ਵਿੱਚ ਭੰਗ ਦੀ ਇੰਡਸਟਰੀ ਤਕਰੀਬਨ 10 ਬਿਲੀਅਨ ਡਾਲਰ ਦੀ ਸੀ ਅਤੇ ਕੈਨੇਡਾ ਦੇ ਲੀਗਲ ਕਰਨ ਨਾਲ, ਜਿਥੇ ਅਮਰੀਕਾ ਸਮੇਤ ਹੋਰ ਦੇਸ਼ਾਂ ਵਿੱਚ ਇਸਦੇ ਲੀਗਲ ਕਰਨ ਦੀ ਮੰਗ ਉਠੇਗੀ, ਉਥੇ ਮਾਹਿਰਾਂ ਅਨੁਸਾਰ ਇਹ ਇੰਡਸਟਰੀ ਅਗਲੇ 10 ਸਾਲਾਂ ਵਿੱਚ 100 ਬਿਲੀਅਨ ਹੋਣ ਦੀ ਸੰਭਾਵਨਾ ਹੈ। ਜੇ ਤਾਜ਼ਾ ਰੁਝਾਨਾਂ ਨੂੰ ਦੇਖੀਏ ਤਾਂ ਸਰਕਾਰਾਂ ਤੋਂ ਲੈ ਕੇ ਵੱਡੀਆਂ ਕਾਰਪੋਰੇਸ਼ਨਾਂ ਤੇ ਛੋਟੇ ਬਿਜਨੈਸਮੈਨਾਂ ਦੀ ਪਿਛਲੇ ਸਾਲ ਤੋਂ ਦੌੜ ਲੱਗੀ ਹੋਈ ਕਿ ਕਿਵੇਂ ਨਾ ਕਿਵੇਂ ਉਹ ਵੀ ਵਹਿੰਦੀ ਗੰਗਾ ਵਿੱਚ ਹੱਥ ਧੋ ਲੈਣ। ਹਰ ਇੱਕ ਦੀ ਨਿਗ੍ਹਾ ਮਾਇਆ ਦੇ ਵੱਡੇ ਗੱਫਿਆਂ ਵੱਲ ਲੱਗੀ ਹੋਈ ਹੈ।

ਤਕਰੀਬਨ 100 ਸਾਲ ਪਹਿਲਾਂ ਦੀਆਂ ਸਰਕਾਰਾਂ ਵਲੋਂ ਬੇਸ਼ਕ ਨਸ਼ੇ ਵਿਰੋਧੀ ਕਾਨੂੰਨ ਨਸਲੀ ਅਧਾਰ ਤੇ ਬਣਾਏ ਗਏ ਸਨ, ਪਰ ਉਨ੍ਹਾਂ ਵਿਚੋਂ ਸਰਕਾਰਾਂ ਦੀ ਆਪਣੇ ਲੋਕਾਂ ਦੀ ਸਿਹਤ ਅਤੇ ਸਮਾਜ ਤੇ ਪੈਣ ਵਾਲੇ ਪ੍ਰਭਾਵਾਂ ਪ੍ਰਤੀ ਚਿੰਤਾ ਸਪੱਸ਼ਟ ਸੀ। ਪਿਛਲੀ ਸਦੀ ਤੱਕ ਲੋਕ ਵਿਰੋਧੀ ਹਾਕਮਾਂ ਵਲੋਂ ਲੋਕਾਂ ਨੂੰ ਗੁਲਾਮ ਬਣਾਉਣ ਲਈ ਨਸ਼ਿਆਂ ਨੂੰ ਹਥਿਆਰ ਦੀ ਤਰ੍ਹਾਂ ਵਰਤਿਆ ਜਾਂਦਾ ਰਿਹਾ ਹੈ। ਵੱਖ-ਵੱਖ ਦੇਸ਼ਾਂ ਦੇ ਮੂਲ ਨਿਵਾਸੀਆਂ (ਕੈਨੇਡਾ, ਅਮਰੀਕਾ, ਨਿਊਜ਼ੀਲੈਂਡ, ਆਸਟਰੇਲੀਆ ਆਦਿ) ਦੇ ਮੌਜੂਦਾ ਹਾਲਾਤ, ਇਸ ਦੀਆਂ ਸਪੱਸ਼ਟ ਉਦਾਹਰਣਾਂ ਹਨ। ਇਹ ਸਿਲਸਿਲਾ ਅੱਜ ਵੀ ਲੋਕਤੰਤਰੀ ਸਰਕਾਰਾਂ ਵਲੋਂ ਲੋਕਾਂ ਦੀ ਅਜ਼ਾਦੀ ਦੇ ਨਾਮ ਤੇ ਚੱਲ ਰਿਹਾ ਹੈ, ਉਨ੍ਹਾਂ ਵਲੋਂ ਦੂਜਾ ਪੱਖ ਇਹ ਪੇਸ਼ ਕੀਤਾ ਜਾਂਦਾ ਹੈ ਕਿ ਨਸ਼ਿਆਂ ਨੂੰ ਲੀਗਲ ਕਰਨ ਨਾਲ ਜਿਥੇ ਜ਼ੁਰਮ ਘਟਦਾ ਹੈ, ਉਥੇ ਸਰਕਾਰ ਕੋਲ ਟੈਕਸ ਰੂਪ ਵਿੱਚ ਵੱਧ ਪੈਸਾ ਇਕੱਠਾ ਹੁੰਦਾ ਹੈ, ਜਿਸਨੂੰ ਉਹ ਲੋਕ ਭਲਾਈ ਲਈ ਖਰਚ ਸਕਦੇ ਹਨ ਬੜਾ ਅਜੀਬ ਤਰਕ ਹੈ ਕਿ ਪਹਿਲਾਂ ਲੋਕਾਂ ਨੂੰ ਨਸ਼ਈ ਬਣਾਉ, ਫਿਰ ਉਸ ਵਿਚੋਂ ਟੈਕਸ ਰੂਪ ਵਿੱਚ ਇਕੱਠੇ ਕੀਤੇ ਪੈਸੇ ਵਿਚੋਂ ਕੁਝ ਹਿੱਸਾ ਉਨ੍ਹਾਂ ਦੀ ਭਲਾਈ ਲਈ ਖਰਚੋ? ਇਥੇ ਇਹ ਵੀ ਵਰਨਣਯੋਗ ਹੈ ਕਿ ਨਸ਼ਿਆਂ ਵਿਰੋਧੀ ਜਾਂ ਘਰੇਲੂ ਹਿੰਸਾ ਆਦਿ ਦੀਆਂ ਬਹੁਤ ਸਾਰੀਆਂ NGO (ਨਾਨ ਪਰੌਫਿਟ ਸੰਸਥਾਵਾਂ) ਵੀ ਇਨ੍ਹਾਂ ਵੱਡੀਆਂ ਕਾਰਪੋਰੇਸ਼ਨਾਂ ਦੀਆਂ ਹੀ ਹੁੰਦੀਆਂ ਹਨ, ਜਿਨ੍ਹਾਂ ਨੂੰ ਟੈਕਸ ਵਿਚੋਂ ਵੱਡੀ ਫੰਡਿਗ ਦਿੱਤੀ ਜਾਂਦੀ ਹੈ। ਇੱਕ ਤਰਕ ਇਹ ਵੀ ਦਿੱਤਾ ਜਾ ਰਿਹਾ ਹੈ ਕਿ ਭੰਗ ਦਾ ਤੰਬਾਕੂ ਨਾਲੋਂ ਸਿਹਤ ਤੇ ਘੱਟ ਅਸਰ ਪੈਂਦਾ ਹੈ ਅਤੇ ਇਸਦੇ ਸਿਹਤ ਪੱਖੋਂ ਕਈ ਲਾਭ ਵੀ ਹਨ। ਬਹੁਤ ਸਾਰੇ ਲੋਕ, ਜੋ ਕਿਸੇ ਤਰ੍ਹਾਂ ਦੀ ਸਰੀਰਕ ਦਰਦ ਤੋਂ ਪ੍ਰੇਸ਼ਾਨ ਹਨ, ਉਨ੍ਹਾਂ ਨੂੰ ਇਹ ਰਾਹਤ ਦੇਵੇਗਾ। ਪਰ ਇਨ੍ਹਾਂ ਦਾਅਵਿਆਂ ਵਿੱਚ ਕਿਤਨੀ ਕੁ ਸਚਾਈ ਹੈ, ਇਹ ਸਮਾਂ ਹੀ ਦੱਸੇਗਾ ਕਿਉਂਕਿ ਪਿਛਲੇ ਸਮੇਂ ਵਿੱਚ ਅਨੇਕਾਂ ਇਹੋ ਜਿਹੇ ਮਾਮਲੇ ਸਾਹਮਣੇ ਆਏ ਹਨ, ਜਦੋਂ ਸਰਮਾਏਦਾਰ ਸਰਕਾਰਾਂ ਤੇ ਵੱਡੀਆਂ ਕਾਰਪੋਰੇਸ਼ਨਾਂ, ਪੈਸੇ ਦੇ ਜ਼ੋਰ ਨਾਲ ਲੋਕਾਂ ਦੀ ਰਾਏ ਬਦਲਣ ਲਈ ਮਨਮਰਜ਼ੀ ਦੇ ਸਰਵੇ ਕਰਵਾ ਲੈਂਦੀਆਂ ਹਨ। ਮੇਨ ਸਟਰੀਮ ਮੀਡੀਆ ਵੀ ਇਨ੍ਹਾਂ ਦੇ ਕੰਟਰੋਲ ਵਿੱਚ ਹੁੰਦਾ ਹੈ, ਜਿਸ ਰਾਹੀਂ ਲੋਕਾਂ ਵਿੱਚ ਆਪਣੇ ਰਾਜਨੀਤਕ ਤੇ ਆਰਥਿਕ ਹਿੱਤਾਂ ਲਈ ਮਾਰਕੀਟਿੰਗ ਕਰ ਲੈਂਦੇ ਹਨ। ਜਦੋਂ 1993 ਵਿੱਚ ਅਲਬਰਟਾ ਵਿੱਚ ਸ਼ਰਾਬ ਦੇ ਬਿਜਨੈਸ ਨੂੰ ਪ੍ਰਾਈਵੇਟ ਕੀਤਾ ਗਿਆ ਤਾਂ ਉਸ ਵੇਲੇ ਅਲਬਰਟਾ ਵਿੱਚ 208 ਸਰਕਾਰੀ ਠੇਕੇ ਸਨ, ਜੋ ਕਿ ਹੁਣ 2000 ਤੋਂ ਵੱਧ ਹਨ। ਜਿਸਦਾ ਨਤੀਜਾ ਇਹ ਨਿਕਲਿਆ ਹੈ ਕਿ ਪਿਛਲੇ ਸਾਲ ਕਨੇਡਾ ਵਿਚੋਂ ਅਲਬਰਟਾ ਵਿੱਚ ਸਭ ਤੋਂ ਵੱਧ ਸ਼ਰਾਬ ਪੀਤੀ ਗਈ ਤੇ ਸ਼ਰਾਬ ਦੀ ਖਪਤ ਪਿਛਲੇ 20 ਸਾਲਾਂ ਵਿੱਚ 10 ਗੁਣਾਂ ਵਧੀ ਹੈ। ਇਸ ਵਿੱਚ ਕੋਈ ਸ਼ੱਕ ਨਹੀਂ ਕਿ ਇਸ ਨਾਲ ਸਰਕਾਰ ਨੇ ਵੱਧ ਟੈਕਸ ਇਕੱਠਾ ਕੀਤਾ, ਪਰ ਸਰਕਾਰ ਤੋਂ ਕਿਸੇ ਇਹ ਨਹੀਂ ਪੁੱਛਿਆ ਕਿ ਸ਼ਰਾਬ ਨਾਲ ਹੋਈਆਂ ਮੌਤਾਂ, ਬੀਮਾਰੀਆਂ, ਐਕਸੀਡੈਂਟਾਂ, ਘਰੇਲੂ ਹਿੰਸਾ, ਜ਼ੁਰਮ ਆਦਿ ਵਿੱਚ ਕਿਤਨਾ ਵਾਧਾ ਹੋਇਆ ਤੇ ਇਨ੍ਹਾਂ ਕਰਕੇ ਕਿਤਨਾ ਸਰਕਾਰੀ ਖਰਚਾ ਹੋਇਆ? ਇਸ ਤੋਂ ਵੀ ਵੱਧ ਸੋਚਣ ਵਾਲੀ ਗੱਲ ਹੈ ਕਿ ਸ਼ਰਾਬੀਆਂ ਜਾਂ ਨਸ਼ਈਆਂ ਕਾਰਨ ਲੋਕਾਂ ਦੇ ਪਰਿਵਾਰਕ ਤੇ ਸਮਾਜਿਕ ਜੀਵਨ ਦਾ ਪੱਧਰ ਕਿਤਨਾ ਨੀਵਾਂ ਹੋਇਆ ਹੈ? ਅੱਜ ਜੇ ਹਸਪਤਾਲਾਂ ਦੀ ਐਮਰਜੈਂਸੀ ਵਿੱਚ 5-8 ਘੰਟੇ ਦਾ ਇੰਤਜਾਰ ਕਰਨਾ ਪੈਂਦਾ ਹੈ ਤਾਂ ਉਸ ਵਿੱਚ ਨਸ਼ਿਆਂ (ਸ਼ਰਾਬ, ਸਿਗਰਟਨੋਸ਼ੀ ਆਦਿ) ਨਾਲ ਹੋਣ ਵਾਲੀਆਂ ਬੀਮਾਰੀਆਂ ਤੇ ਐਕਸੀਡੈਂਟਾਂ ਦਾ ਵੀ ਵੱਡਾ ਰੋਲ ਹੈ।

ਸਰਕਾਰ ਭੰਗ ਨੂੰ ਸਰਕਾਰੀ ਮਾਨਤਾ ਦੇਣ ਵਿੱਚ ਵੱਡਾ ਕਾਰਨ ਜ਼ੁਰਮ ਨੂੰ ਰੋਕਣਾ ਤੇ ਸਿਹਤ ਸਬੰਧੀ ਕਾਰਨਾਂ ਨੂੰ ਦੱਸਦੀ ਹੈ। ਭੰਗ ਨੂੰ ਕਾਨੂੰਨੀ ਮਾਨਤਾ ਦੇਣ ਦੇ ਹਮਾਇਤੀਆਂ ਦਾ ਇਹ ਵੀ ਦਾਅਵਾ ਹੈ ਕਿ ਇਸ ਨਾਲ ਸਟਰੈਸ ਘਟਦੀ ਹੈ, ਨੀਂਦ ਵਧਦੀ ਹੈ, ਜਦਕਿ ਇਸ ਬਾਰੇ ਬਹੁਤੀਆਂ ਖੋਜਾਂ ਹਾਂ ਪੱਖੀ ਨਹੀਂ ਹਨ। ਜੇ ਕੁਝ ਸਮੇਂ ਲਈ ਸਟਰੈਸ ਘਟਦੀ ਹੈ ਜਾਂ ਨੀਂਦ ਆਉਣ ਵਿੱਚ ਮੱਦਦ ਮਿਲਦੀ ਹੈ, ਪਰ ਉਸ ਨਾਲ ਜੋ ਨਸ਼ੇ ਦੀ ਲੱਤ ਲੱਗੇਗੀ ਤੇ ਪਰਿਵਾਰਾਂ ਤੇ ਭਾਰੀ ਆਰਥਿਕ ਬੋਝ ਪਵੇਗਾ, ਉਸ ਵੱਲ ਧਿਆਨ ਨਹੀਂ ਦਿੱਤਾ ਜਾ ਰਿਹਾ? ਅਮਰੀਕਾ ਵਿੱਚ ਵਿਕ ਰਹੀ ਲੀਗਲ 1 ਗਰਾਮ ਭੰਗ ਦੀ ਕੀਮਤ 5-15 ਅਮਰੀਕਨ ਡਾਲਰ ਤੱਕ ਹੈ, ਇਸਦੀ ਕੀਮਤ ਇਸ ਵਿਚਲੇ ਨਸ਼ੇ ਦੀ ਮਾਤਰਾ ਅਨੁਸਾਰ ਹੈ। ਨਵੇਂ ਕਾਨੂੰਨ ਮੁਤਾਬਿਕ ਇੱਕ ਵਿਅਕਤੀ ਰੋਜ਼ਾਨਾ 30 ਗਰਾਮ ਭਾਵ 150-450 ਅਮਰੀਕਨ ਡਾਲਰ ਦੀ ਭੰਗ ਖਰੀਦ ਸਕਦਾ ਹੈ। ਇਸ ਤੋਂ ਅੰਦਾਜ਼ਾ ਲਗਾਇਆ ਜਾ ਸਕਦਾ ਹੈ ਕਿ ਭੰਗ ਦੀ ਖਰੀਦ ਦਾ ਪਰਿਵਾਰਾਂ ਦੀ ਆਰਥਿਕਤਾ ਤੇ ਕਿਤਨਾ ਮਾਰੂ ਪ੍ਰਭਾਵ ਪਵੇਗਾ। ਜ਼ੁਰਮ ਘਟਾਉਣ ਅਤੇ ਸਿਹਤ ਪੱਖੋਂ ਭੰਗ ਦੀ ਖੁੱਲ੍ਹ ਦੇਣਾ ਟੈਂਪਰੇਰੀ ਹੱਲ ਤਾਂ ਹੋ ਸਕਦਾ ਹੈ, ਪਰ ਪੱਕਾ ਇਲਾਜ ਨਹੀਂ ਮੰਨਿਆ ਜਾ ਸਕਦਾ? ਪਰ ਇਸਦੇ ਉਲਟ ਮਨੁੱਖ ਦੇ ਦਿਮਾਗ ਅਤੇ ਉਸਦੇ ਰੋਜ਼ਾਨਾ ਜੀਵਨ ਅਤੇ ਕੰਮ ਤੇ ਪੈਣ ਵਾਲੇ ਪ੍ਰਭਾਵਾਂ ਨੂੰ ਵੀ ਅਣਗੌਲਿਆਂ ਕੀਤਾ ਜਾ ਰਿਹਾ ਹੈ। ਅਸਲ ਵਿੱਚ ਜਿਥੇ ਸਰਮਾਏਦਾਰ ਸਰਕਾਰਾਂ ਦਾ ਮੁੱਖ ਮਕਸਦ ਟੈਕਸ ਇਕੱਠੇ ਕਰਨੇ ਤੇ ਆਪਣੇ ਹਿੱਤਾਂ ਲਈ ਵਰਤਣੇ ਹਨ, ਉਥੇ ਵੱਡੀਆਂ ਕਾਰਪੋਰੇਸ਼ਨਾਂ ਦਾ ਮੁੱਖ ਮਕਸਦ ਸਿਰਫ ਵੱਧ ਤੋਂ ਵੱਧ ਮੁਨਾਫਾ ਕਮਾਉਣਾ ਹੀ ਹੈ। ਉਨ੍ਹਾਂ ਵਲੋਂ ਲੋਕਾਂ ਦੀ ਸਿਹਤ, ਹੈਲਥ ਕੇਅਰ, ਐਜੂਕੇਸ਼ਨ, ਸਮਾਜ ਅਤੇ ਪਰਿਵਾਰਾਂ ਤੇ ਪੈਣ ਵਾਲੇ ਘਾਤਕ ਪ੍ਰਭਾਵਾਂ ਨੂੰ ਅੱਖੋਂ-ਪਰੋਖੇ ਕੀਤਾ ਜਾ ਰਿਹਾ ਹੈ। ਜਿਸ ਤਰ੍ਹਾਂ ਸ਼ਰਾਬ ਪੀ ਕੀ ਗੱਡੀ ਚਲਾਉਣੀ ਖਤਰਨਾਕ ਹੈ, ਭੰਗ ਖਾ ਕੇ ਗੱਡੀ ਚਲਾਉਣੀ ਹੋਰ ਵੀ ਜ਼ਿਆਦਾ ਖਤਰਨਾਕ ਹੈ। ਭੰਗ ਦਾ ਵੱਖਰੇ ਢੰਗ ਨਾਲ ਦਿਮਾਗ ਤੇ ਸ਼ਰਾਬ ਨਾਲੋਂ ਵੱਧ ਮਾਰੂ ਅਸਰ ਪੈਂਦਾ ਹੈ। ਇੱਕ ਅਮਰੀਕਨ ਸੰਸਥਾ 'ਨੈਸ਼ਨਲ ਇੰਸਟੀਚਿਊਟ ਆਫ ਅਲਕੋਹਲ ਅਬਿਊਜ਼ ਐਂਡ ਅਲਕੋਲਿਜ਼ਮ' ਦੇ ਸਰਵੇਖਣਾਂ ਅਨੁਸਾਰ ਨਾਰਥ ਅਮਰੀਕਾ ਵਿੱਚ ਬੀਮਾਰੀਆਂ ਰਾਹੀਂ ਮੌਤਾਂ ਦੇ ਕਾਰਨਾਂ ਵਿੱਚ ਸ਼ਰਾਬ ਤੀਜਾ ਵੱਡਾ ਕਾਰਨ ਹੈ। ਇਸੇ ਸੰਸਥਾ ਦੀ ਰਿਪੋਰਟ ਅਨੁਸਾਰ ਦੁਨੀਆਂ ਭਰ ਵਿੱਚ ਹਰ ਸਾਲ 33 ਲੱਖ ਬੰਦੇ ਸ਼ਰਾਬ ਕਾਰਨ ਮਰਦੇ ਹਨ। ਘਰੇਲੂ ਹਿੰਸਾ, ਔਰਤਾਂ ਨਾਲ ਬਲਾਤਕਾਰ, ਤਲਾਕ, ਕਤਲ ਤੇ ਹੋਰ ਜ਼ੁਰਮਾਂ ਆਦਿ ਵਿੱਚ ਨਸ਼ਿਆਂ ਦਾ ਬਹੁਤ ਵੱਡਾ ਰੋਲ ਹੈ।ਅਸਲ ਵਿੱਚ ਲੋਕ ਵਿਰੋਧੀ ਸਰਕਾਰਾਂ ਦਾ ਇਹ ਖਾਸਾ ਹੈ ਕਿ ਉਹ ਲੋਕਾਂ ਦੀਆਂ ਸਮੱਸਿਆਵਾਂ ਹੱਲ ਕਰਨ ਦੀ ਥਾਂ, ਉਨ੍ਹਾਂ ਵਿਚੋਂ ਵੀ ਟੈਕਸ ਤੇ ਮੁਨਾਫੇ ਭਾਲਦੀਆਂ ਹਨ। ਉਹ ਨਹੀਂ ਚਾਹੁੰਦੀਆਂ ਕਿ ਲੋਕ ਆਪਣੇ ਮਸਲਿਆਂ ਅਤੇ ਇਨ੍ਹਾਂ ਦੀਆਂ ਲੋਕ ਵਿਰੋਧੀ ਨੀਤੀਆਂ ਤੋਂ ਜਾਣੂ ਹੋਣ। ਲੋਕ ਆਪਣੇ ਹੱਕਾਂ ਲਈ ਜਾਗਣ। ਉਹ ਸਾਨੂੰ ਨਸ਼ਿਆਂ ਵਿੱਚ ਪਾ ਕੇ ਸਾਡੇ ਦਿਮਾਗ ਬੋਦੇ ਕਰਨਾ ਚਾਹੁੰਦੀਆਂ ਹਨ। ਸਰਕਾਰਾਂ ਨੂੰ ਚਾਹੀਦਾ ਹੈ ਕਿ ਨਸ਼ਿਆਂ ਨੂੰ ਸਰਕਾਰੀ ਮਾਨਤਾ ਦੇਣ ਦੀ ਥਾਂ ਇਸਨੂੰ ਘਟਾਉਣ ਅਤੇ ਲੋਕਾਂ ਨੂੰ ਇਨ੍ਹਾਂ ਦੇ ਮਾਰੂ ਪ੍ਰਭਾਵਾਂ ਤੋਂ ਜਾਣੂ ਕਰਾਉਣ ਲਈ ਯਤਨ ਕਰਨ, ਪਰ ਜੇ ਸਰਕਾਰਾਂ ਤੇ ਸਰਮਾਏਦਾਰਾਂ ਦੇ ਹਿੱਤ ਲੋਕਾਂ ਨੂੰ ਨਸ਼ਈ ਬਣਾਉਣ ਵਿੱਚ ਹਨ ਤਾਂ ਉਹ ਕਿਉਂ ਲੋਕ ਪੱਖੀ ਫੈਸਲੇ ਲੈਣਗੀਆਂ? ਇਸ ਲਈ ਲੋਕਾਂ ਨੂੰ ਹੀ ਜਾਗਣਾ ਪਵੇਗਾ?




# ..ਤੇਰੇ ਵਿਛੜਨ ਦਾ ਮੰਜ਼ਰ ਮੁੜ-ਮੁੜ ਯਾਦ ਆ ਰਿਹਾ.....



ਬੇਅੰਤ ਸਿੰਘ
ਖੋਜਾਰਥੀ ਪੰਜਾਬੀ ਵਿਭਾਗ
ਪੰਜਾਬੀ ਯੂਨੀਵਰਸਿਟੀ
ਪਟਿਆਲਾ।
+91-9463505435

ਜੂਨ ਮਹੀਨਾ ਪੰਜਾਬ ਅੰਦਰ ਤਪਸ ਦਾ ਪ੍ਰਤੀਕ ਹੈ। ਇਸ ਤੋਂ ਬਾਅਦ ਬਾਰਿਸ਼ਾਂ ਦੀ ਬੂੰਦਾਂ-ਬਾਂਦੀ ਤਪਦੇ ਤਵੇ 'ਤੇ ਪੈਂਦੇ ਛਿੱਟਿਆਂ ਤੋਂ ਬਾਅਦ ਠਾਰ ਦੀ ਭਿਣਕ ਪਾਉਂਦੀ ਹੈ। ਪ੍ਰਕਿਰਤੀ ਦੇ ਨੇਮ ਵੀ ਬਦਲਦੇ ਹਨ, ਰੁੱਤਾਂ ਵੀ ਬਦਲਦੀਆਂ ਹਨ। ਇਸੇ ਮਹੀਨੇ ਲੋਕਾਂ ਦੇ ਨਾਇਕ ਨੂੰ ਜ਼ਰਵਾਣਿਆਂ ਨੇ ਤੱਤੀ ਤਵੀ 'ਤੇ ਬਿਠਾ ਸਿਰ ਤੇ ਰੇਤ ਪਾ ਕੇ ਆਪਣੀ ਜ਼ਾਬਰ ਪਰੰਪਰਾ ਨਿਭਾਈ ਪਰ ਨਾਇਕ ਤਾਂ ਆਖਿਰ ਨਾਇਕ ਹੁੰਦੇ ਹਨ, ਉਹ ਸਿਦਕੋਂ ਨਾ ਡੋਲਦੇ ਗ਼ਾਲਬਾਂ ਨੂੰ ਵੰਗਾਰਨ ਦੀਆਂ ਰਵਾਇਤਾਂ ਪਾਉਂਦੇ ਹਨ। ਇਸ ਤਪਸ ਦਾ ਸੇਕ ਪੰਜਾਬੀ ਜੂਨ 1984 ਵਿੱਚ ਹੰਢਾਅ ਰਹੇ ਸੀ, ਪਰ ਸਾਦੀ ਜ਼ਿੰਦਗੀ ਜਿਉਣ ਅਤੇ ਰੱਬ ਦੇ ਭਾਣੇ ਨੂੰ ਮੰਨਣ ਵਾਲੇ ਲੋਕਾਂ ਨੂੰ ਕਈ ਵਾਰ ਸਿਰ ਵਿੱਚ ਰੇਤ ਪਾਉਣ ਵਾਲਿਆਂ ਪ੍ਰਤੀ ਧੁੰਦਲਕੇ ਹੋ ਜਾਂਦੇ ਹਨ ਤੇ ਉਹ ਆਪਣੇ ਜੀਵਨ ਵਿਚੋਂ ਨਿੱਕੀਆ-ਵੱਡੀਆਂ ਖ਼ੁਸ਼ੀਆਂ ਨੂੰ ਮਾਨਣਾ ਚਾਹੁੰਦੇ ਹਨ। ਅਜਿਹਾ ਹੀ ਇਕ ਸੰਗਰੂਰ ਜਿਲ੍ਹੇ ਦੇ ਛੋਟੇ ਜਿਹੇ ਕਸਬੇ ਖਨੌਰੀ ਦਾ ਇਕ ਪਰਿਵਾਰ ਇਸ ਸੇਕ ਤੋਂ ਪਾਸੇ ਹੱਟ 30 ਜੂਨ 1984 ਨੂੰ ਖੁਸ਼ੀ ਵਿੱਚ ਖਿਵਾ ਨਾ ਸੀ, ਜਦੋਂ ਬਾਪੂ ਭਗਵਾਨ ਸੂੰਹ (ਸਿੰਘ) ਦੇ ਘਰ ਪੋਤਰਾ ਹੋਇਆ, ਜਿਸ ਦਾ ਨਾਮ ਘਰਦਿਆਂ ਨੇ ਜਰਨੈਲ ਸਿੰਘ ਰੱਖਿਆ ਸੀ, ਜੋ ਅੱਗੇ ਜਾ ਕੇ ਜੈਲੀ ਨਾਮ ਨਾਲ ਮਕਬੂਲ ਹੋਇਆ, ਪਰ ਨਾਮ ਜੋ ਵੀ ਹੋਵੇ ਬੰਦੇ ਦੁਆਰਾ ਜ਼ਿੰਦਗੀ ਵਿੱਚ ਕੀਤੇ ਕਾਰਜ ਹੀ ਉਸਦੇ ਨਾਮ ਨੂੰ ਅਸਲੀ ਅਰਥ ਪ੍ਰਦਾਨ ਕਰਦੇ ਹਨ।

ਜੈਲੀ ਨੇ ਆਪਣੇ ਜਰਨੈਲ ਹੋਣ ਨੂੰ ਚੜਦੀ ਜਵਾਨੀ ਵਿਚ ਸਾਕਾਰ ਕਰਨਾ ਸ਼ੁਰੂ ਕਰ ਦਿੱਤਾ ਸੀ। ਜ਼ਿੰਦਗੀ ਦੇ ਸੋਲ੍ਹਵੇਂ ਵਰ੍ਹੇ ਵਿੱਚ ਜਦੋਂ ਮੁੱਛ-ਫੁੱਟ ਗੱਭਰੂ ਇਸ ਪੜਾਅ ਨੂੰ ਰੰਗੀਲਾ ਬਣਾਉਣ ਦੇ ਸੁਪਨੇ ਬੁਨਣ ਲਗਦੇ ਹਨ, ਜੈਲੀ ਇਸ ਪੜਾਅ ਤੇ ਪੰਜਾਬ ਦੀ ਇਨਕਲਾਬੀ ਵਿਦਿਆਰਥੀ ਲਹਿਰ ਦਾ ਅੰਗ ਬਣ ਗਿਆ ਸੀ ਤੇ ਉਸਨੇ ਫੇਰ ਕਦੇ ਪਿੱਛੇ ਮੁੜ ਕੇ ਨਾ ਵੇਖਿਆ।

ਕਿਵ ਸਚਿਆਰਾ ਹੋਈਏ, ਕਿਵ ਕੂੜੈ ਤੁਟੈ ਪਾਲ। ਕੂੜ ਦੀ ਕੰਧ ਤੋੜਨ ਲਈ ਗੁਰਬਾਣੀ ਦਾ ਇਹ ਵਾਕ ਇਸੇ ਦੌਰ ਵਿੱਚ ਉਸ ਨੇ ਆਪਣੇ ਸੁੱਚੇ ਤੇ ਸੋਹਲ ਮਨ ਤੇ ਉਕਰ ਲਿਆ ਸੀ। ਜਿਵੇਂ-ਜਿਵੇਂ ਉਸ ਦੀ ਸਰਗਰਮੀ ਨਿਖਰ ਕੇ ਉਸ ਦੀ ਵਿਦਿਆਰਥੀ ਆਗੂ ਦੀ ਪਹਿਚਾਣ ਸਥਾਪਿਤ ਕਰ ਰਹੀ ਸੀ, ਓਵੇਂ-ਓਵੇਂ ਉਸ ਦਾ ਰੰਗ-ਰੂਪ ਵੀ ਨਿਖਰਦਾ ਜਾ ਰਿਹਾ ਸੀ। ਉਹ ਸੋਹਣਾ, ਸੁਹਿਰਦ ਅਤੇ ਸੁਪਨਿਆਂ ਨੂੰ ਸਾਕਾਰ ਕਰਨਾ ਲੋਚਦਾ ਸੀ ਇਸੇ ਕਰਕੇ ਉਹ ਸਮਾਜ ਨੂੰ ਵੀ ਆਪਣੇ ਜਿੰਨਾ ਸੋਹਣਾ ਬਣਾਉਣਾ ਲੋਚਦਾ ਸੀ। ਵੇਲਾ ਸੀ ਸਾਮਰਾਜੀ ਧੌਂਸ ਦੀ ਆੜ ਹੇਠ ਦਲਾਲ ਹੁਕਮਰਾਨਾ ਵਲੋਂ ਪੰਜਾਬ ਦੀਆਂ ਉਦਯੋਗਿਕ ਸਿੱਖਿਆ ਸੰਸਥਾਵਾਂ ਨੂੰ ਪ੍ਰਾਈਵੇਟ ਕਰਨ ਅਤੇ ਵਿੱਦਿਆ ਪ੍ਰਾਪਤੀ ਲਈ ਆਉਣ ਜਾਣ ਵਾਲੀ ਬੱਸ ਪਾਸ ਦੀ ਸਹੂਲਤ ਨੂੰ ਖਤਮ ਕਰਨ ਦਾ, ਪ੍ਰੰਤੂ ਪੰਜਾਬ ਦੀ ਨਾਬਰੀ ਰਵਾਇਤ ਇਸ ਹੋਣੀ ਨੂੰ ਕਿਵੇਂ ਬਰਦਾਸ਼ਤ ਕਰ ਸਕਦੀ ਸੀ।

ਜਰਨੈਲ ਸਮੇਤ ਹਜਾਰਾਂ ਮੁੰਡੇ-ਕੁੜੀਆਂ ਨੇ ਸੰਘਰਸ਼ ਦਾ ਪਿੜ ਮੱਲ ਕੇ ਆਪਣੇ ਵਿਦਿਅਕ ਅਦਾਰਿਆਂ ਨੂੰ ਸੰਘਰਸ਼ ਦੇ ਮੈਦਾਨ ਬਣਾ ਦਿੱਤਾ ਸੀ। ਕੇਂਦਰ ਵਿੱਚ ਐਨ. ਡੀ. ਏ. ਦੀ ਵਾਜਪਾਈ ਵਾਲੀ ਹਕੂਮਤ ਸੀ, ਜਿਸਦਾ ਦਾ ਕੇਂਦਰੀ ਅਜੰਡਾ ਸਮੂਚੇ ਭਾਰਤ ਨੂੰ ਫਿਰਕੂ ਰੰਗਤ ਚਾੜਨੀ ਸੀ। ਇਹ ਕਾਰੇ ਸਿੱਖਿਆ ਦੇ ਢਾਂਚੇ ਵਿੱਚ ਵੀ ਫਾਸ਼ੀਵਾਦੀ ਬਿਰਤੀ ਸੇ ਧਾਰਨੀ ਮੁਰਲੀ ਮਨੋਹਰ ਜੋਸ਼ੀ ਦਾ ਟੋਲਾ ਸਿਲੇਬਸਾਂ ਦੀ ਸੁਧਾਈ ਦੇ ਨਾਂ ਹੇਠ ਕਰ ਰਿਹਾ ਸੀ। ਸਮਕਾਲੀ ਦੌਰ ਵਿੱਚ ਸਮ੍ਰਿਤੀ ਇਰਾਨੀ ਅਤੇ ਦੀਨਾ ਨਾਥ ਬੱਤਰਾ ਇਸੇ ਗਰੋਹ ਦੇ ਮੈਂਬਰ ਹਨ। ਪਰ ਓਦੋਂ ਵੀ ਪੰਜਾਬ, ਬੰਗਾਲ, ਆਂਧਰਾ ਪ੍ਰਦੇਸ, ਯੂਪੀ ਅਤੇ ਦਿੱਲੀ ਦੀ ਜਵਾਨੀ ਨੇ ਜੋਟੀ ਪਾ ਕੇ ਇਸ ਹੱਲੇ ਨੂੰ ਦਿੱਲੀ ਦੀਆਂ ਸੜਕਾਂ ਤੇ ਵੰਗਾਰਿਆ ਸੀ। ਜਦੋਂ ਲੋਕਾਈ ਜ਼ਾਬਰਾਂ ਦੇ ਖਿਲਾਫ ਬਾਗੀ ਸੁਰ ਤਿੱਖੀ ਕਰਦੀ ਹੈ ਤਾਂ ਇਸ ਆਵਾਜ਼ ਨੂੰ ਜੋਰ ਦੇ ਬਲ ਕੁਚਲਣ ਦੀ ਕੋਸ਼ਿਸ਼ ਹੁੰਦੀ ਹੈ। 10 ਮਈ 2001 ਨੂੰ 1857 ਦੇ ਗਦਰ ਦੀ ਮਿਤੀ ਮੌਕੇ ਫੈਗ (ਫੋਰਮ ਅਗੈਂਸਟ ਇੰਪੀਰੀਅਲੀਸਟ ਗਲੋਬਲਾਈਜੇਸ਼ਨ) ਦੀਆਂ 59 ਜੱਥੇਬੰਦੀਆਂ ਵਲੋਂ ਦਿੱਲੀ ਵਿਖੇ ਕੀਤੀ ਜਾ ਰਹੀ ਰੈਲੀ ਤੇ ਪੁਲਸੀ ਧਾੜਾ ਨੇ ਲਾਠੀਚਾਰਜ ਦਾ ਹੱਲਾ ਬੋਲ ਕੇ ਰਾਮ ਲੀਲਾ ਮੈਦਾਨ ਨੂੰ ਜਿਲ੍ਹਿਆਂ ਵਾਲਾ ਬਾਗ 'ਚ ਬਦਲਣ ਦੇ ਮਨਸੂਬੇ ਸਨ।

ਮਾਈਕਲ ਅਡਵਾਇਰ ਦਿੱਲੀ ਪੁਲਸ ਦੀ ਵਰਦੀ 'ਚ ਆ ਧਮਕਿਆ ਸੀ। ਜੈਲੀ ਦੇ ਕਈ ਗੰਭੀਰ ਸੱਟਾਂ ਵੱਜੀਆਂ ਸਨ। ਜਿਸ ਕਰਕੇ ਕਈ ਦਿਨ ਤੁਰਨ 'ਚ ਬੇਹਦ ਤਕਲੀਫ ਵੀ ਆਉਂਦੀ ਰਹੀ ਪਰ ਅਗਲੇ ਹੀ ਦਿਨ ਫਿਰ ਜ਼ਖਮੀ ਹਾਲਤ ਵਿਚ ਲੋਕਾਂ ਦੁਆਰਾ ਜੰਤਰ-ਮੰਤਰ ਮਾਰਗ ਜਾਮ ਕਰ ਦਿੱਤਾ ਗਿਆ ਸੀ ਜਿਥੇ ਜੈਲੀ ਵੀ ਸ਼ਾਮਿਲ ਹੋ ਗਿਆ ਸੀ। ਪੰਜਾਬ 'ਚ ਫੀਸਾਂ ਦੇ ਵਾਧੇ ਦੇ, ਬੱਸ ਓਪਰੇਟਰਾਂ ਦੀ ਗੁੰਡਾਗਰਦੀ, ਜਲ੍ਹਿਆਂ ਵਾਲੇ ਬਾਗ ਦੀ ਦਿੱਖ ਖਰਾਬ ਕਰਨ ਖਿਲਾਫ ਚੱਲੇ ਘੋਲਾਂ 'ਚ ਉਸ ਦੀ ਆਗੂ ਭੂਮੀਕਾ ਰਹੀ ਸੀ। 2007 'ਚ ਸ਼ਹੀਦ ਭਗਤ ਸਿੰਘ ਦੀ 100ਵੀਂ ਜਨਮ ਸ਼ਤਾਬਦੀ ਮੌਕੇ ਓਹਦੇ ਵਿਚਾਰਾਂ ਨੂੰ ਘਰ-ਘਰ ਪਹੁੰਚਾਉਣ 'ਚ ਦਿਨ-ਰਾਤ ਇੱਕ ਕਰ ਦਿੱਤਾ ਸੀ। ਉਸਦੀ ਸੰਘਰਸ਼ਮਈ ਸਰਗਰਮੀ ਨੂੰ ਇੱਕ ਲੇਖ 'ਚ ਸਮੇਟਿਆ ਨਹੀਂ ਜਾ ਸਕਦਾ।

ਆਈ ਟੀ ਆਈ ਪਟਿਆਲਾ ਤੋਂ ਕਿਰਤੀ ਕਾਲਜ ਨਿਆਲ ਇੱਥੋਂ ਫਿਰ ਪੰਜਾਬੀ ਯੂਨੀਵਰਸਿਟੀ ਪਟਿਆਲਾ ਦਾ ਵਿਦਿਆਰਥੀ ਹੁੰਦਿਆ ਵੀ ਉਹ ਮੋਹਰੀਆਂ 'ਚ ਸ਼ਾਮਿਲ ਰਿਹਾ ਸੀ। ਮਾਰਕਸਵਾਦ ਦੀ ਵਿਗਿਆਨਿਕ ਵਿਚਾਰਧਾਰਾ ਨੇ ਉਸ ਨੂੰ ਵਿਚਾਰਾਂ ਪੱਖੋਂ ਪਕਰੌੜ ਬਣਾ ਦਿੱਤਾ ਸੀ। ਉਸ ਦੀ ਹਰ ਦਲੀਲ 'ਚ ਦਵੰਦਵਾਦੀ ਵਿਧੀ ਸਹਿਜੇ ਹੀ ਸਮੋਈ ਹੁੰਦੀ ਸੀ। ਆਪਣਿਆਂ ਤੋਂ ਇਲਾਵਾ ਵਿਰੋਧੀਆਂ ਉੱਤੇ ਵੀ ਉਸ ਦੀ ਸ਼ਖ਼ਸੀਅਤ ਦਾ ਅਸਰ ਸੀ। ਉਹ ਛੋਟੀ ਉਮਰ ਦਾ ਸਿਆਣਾ ਬਣ ਗਿਆ। ਉਸ ਨੂੰ ਪਤਾ ਸੀ ਕਿ ਜਿਸ ਬਿਖੜੇ ਪੈਂਡਿਆਂ ਦਾ ਰਾਹ ਉਸ ਨੇ ਚਣਿਆ ਹੈ ਉਹ ਲੰਬਾ ਹੈ। ਮੰਜ਼ਿਲਾਂ ਦੇ ਇਸ ਲੰਮੇਰੇ ਪੰਧ ਤੇ ਕੰਡਿਆਂ ਨੂੰ ਵੀ ਕਬੂਲ ਕਰਨਾ ਪੈਂਦਾ ਹੈ। ਇਸ ਲਈ ਉਸ ਦੇ ਸੁਭਾਅ 'ਚ ਸਹਿਜਤਾ ਆ ਗਈ ਸੀ। ਉਸ ਨੇ ਲੋਕ ਪੱਖੀ ਕਲਾਕਾਰਾਂ ਫਿਲਮ ਸਾਜ਼ਾਂ ਨਾਲ ਨੇੜਤਾਂ ਵਧਾਉਣੀ ਸ਼ੁਰੂ ਕਰ ਦਿੱਤੀ ਸੀ। ਯੂਨੀਵਰਸਿਟੀ 'ਚ ਰਿਸਰਚ ਸਕਾਲਰਾਂ ਦੇ ਘੇਰੇ ਨੂੰ ਖੱਬੇ-ਪੱਖੀ ਪੁੱਠ ਚਾੜਨ ਦਾ ਕਾਰਜ ਵੀ ਹੱਥ ਲੈ ਲਿਆ ਸੀ। ਓਹ ਘੱਟ ਬੋਲਦਾ ਦੂਜੇ ਨੂੰ ਜ਼ਿਆਦਾ ਸੁਣਦਾ ਪਰ ਜਦੋਂ ਬੋਲਦਾ ਠੋਸ ਬੋਲਦਾ। ਕੰਟੀਨ, ਸੜਕਾਂ, ਲਾਇਬ੍ਰੇਰੀ ਅਤੇ ਥਮਲੇ ਉਸਦੀ ਸਟੇਜ ਬਣ ਜਾਂਦੇ। ਵਿਦਿਆਰਥੀ ਉਸਦੇ ਭਾਸ਼ਨ ਤੋਂ ਕਾਇਲ ਹੋਏ ਬਿਨ੍ਹਾਂ ਨਾ ਰਹਿੰਦੇ। ਓਹ ਸ਼ਖਸੀ ਪੂਜਾ ਦੇ ਖਿਲਾਫ ਸੀ। ਵਿਚਾਰਧਾਰਾ ਤੋਂ ਅਗਵਾਈ ਲਓ ਸ਼ਖਸੀ ਭਗਤੀ ਨਹੀਂ ਹੋਣੀ ਚਾਹੀਦੀ ਉਹ ਅਕਸਰ ਆਪਣੇ ਨਾਲ ਦੇ ਸਾਥੀਆਂ ਨੂੰ ਸਮਝੋਂਦਾ।

ਪੀ. ਐਸ.ਯੂ. ਨੂੰ ਫੇਸਬੁਕ ਅਤੇ ਇੰਟਰਨੈਟ ਤੇ ਲੇ ਕੇ ਆਉਣ ਦੇ ਵਿਚਾਰਾਂ ਨੂੰ ਬੂਰ ਪੈਣ ਲਗਾ ਸੀ। ਪੀ. ਐਸ.ਯੂ. ਦੇ ਰਸਾਲੇ ਵਿਦਿਆਰਥੀ ਸੰਘਰਸ਼ ਨੂੰ ਲਗਾਤਾਰ ਕੱਢਣ ਦੀਆਂ ਕੋਸ਼ਿਸ਼ਾਂ ਵਿਚ ਜੁੱਟ ਗਿਆ ਸੀ। ਪੰਜਾਬ ਅੰਦਰ ਚਲ ਰਹੇ ਮਜਦੂਰਾਂ, ਕਿਸਾਨਾਂ, ਬੇਰੁਜ਼ਗਾਰਾਂ ਅਤੇ ਔਰਤਾਂ ਦੇ ਸੰਘਰਸ਼ਾਂ ਨੂੰ ਨੀਝ ਨਾਲ ਵੇਖ ਰਿਹਾ ਸੀ ਅਤੇ ਨੌਜਵਾਨਾਂ-ਮੁਟਿਆਰਾਂ ਨੂੰ ਇਹਨਾਂ ਅੰਦੋਲਨਾਂ ਦਾ ਹਿੱਸਾ ਬਣਨ ਲਈ ਪ੍ਰੇਰ ਰਿਹਾ ਸੀ।

ਜੈਲੀ ਕਦੇ ਵੀ ਸੰਕੀਰਨ ਨਹੀਂ ਸੋਚਦਾ ਸੀ, ਭਾਵੇਂ ਖਾਲਿਸਤਾਨੀ ਦਰਿੰਦਿਆਂ ਨੇ ਪੰਜਾਬ ਅਤੇ ਲੋਕਾਂ ਦਾ ਘਾਣ ਕਰਨ ਵਿੱਚ ਕੋਈ ਕਸਰ ਨਹੀਂ ਛੱਡੀ ਸੀ, ਪਰ ਜਦੋਂ ਉਹਨਾਂ ਦੀ ਰਹਿੰਦ-ਖੂੰਹਦ ਦੇ ਅੰਸ਼ ਇਕ ਖਾਲਿਸਤਾਨੀ ਵਿਚਾਰਾਂ ਵਾਲੇ ਵਿਦਿਆਰਥੂ ਨੂੰ ਯੂਨੀਵਰਸਿਟੀ ਵਿਚੋਂ ਪੁਲੀਸ ਨੇ ਚੁੱਕ ਲਿਆ ਸੀ ਤਾਂ ਉਸਦੇ ਜਮਹੂਰੀ ਅਧਿਕਾਰਾਂ ਦੀ ਰਖਿਆ ਅਤੇ ਉਸ ਨੌਜਵਾਨ ਨੂੰ ਪੇਸ਼ ਕਰਕੇ ਉਸਦੇ ਅਦਾਲਤੀ ਹੱਕਾਂ ਲਈ ਹੜਤਾਲ ਦੀ ਹਮਾਇਤ ਵਿੱਚ ਆ ਗਿਆ ਸੀ। ਦਿੱਲੀ 'ਚ ਵਾਪਰੀ ਚੁਰਾਸੀ ਦੇ ਸਿੱਖ ਵਿਰੋਧੀ ਨਸਲਕੁਸ਼ੀ ਖਿਲਾਫ ਜਦੋਂ ਪੀ ਐਸ ਯੂ ਨੇ 25ਵੇਂ ਸਾਲ ਦੋਸ਼ੀਆਂ ਨੂੰ ਸਜ਼ਾ ਦਵਾਉਣ ਲਈ ਸਮੁੱਚੇ ਪੰਜਾਬ ਦੀਆਂ ਵਿੱਦਿਅਕ ਸੰਸਥਾਵਾਂ ਬੰਦ ਕਰਵਾਈਆਂ ਸੀ ਤਾਂ ਇਹੀ ਖਾਲਸਤਾਨੀ ਅਤੇ ਅਖੌਤੀ ਵਿਦਿਆਰਥੀ ਆਗੂਆਂ ਦੇ ਮੂੰਹ 'ਚ ਘੁੰਗਣੀਆਂ ਪੈ ਗਈਆਂ ਸੀ। ਇਹਨਾਂ ਨੇ ਉਸ ਹੜਤਾਲ 'ਚ ਹਾ ਦਾ ਨਾਹਰਾ ਵੀ ਨਾ ਮਾਰਿਆ, ਇਹਨਾਂ ਦੀ ਇਸ ਅਸਲੀਅਤ ਨੂੰ ਜੈਲੀ ਨੇ ਇਸ ਹੜਤਾਲ਼, ਡੇਰਾ ਸਰਸਾ ਮੁੱਖੀ ਅਤੇ ਖਾਲਸਤਾਨੀਆਂ ਵਲੋਂ ਪੰਜਾਬ ਦੀ ਫਿਜ਼ਾ ਨੂੰ ਫਿਰਕੂ ਰੰਗਤ ਦੇਣ ਦੌਰਾਨ ਬੇਪਰਦ ਕੀਤਾ ਸੀ।

ਉਹ ਯਾਰਾਂ ਦਾ ਯਾਰ ਸੀ ਪਰ ਉਸਦੀ ਇਹ ਬਦਕਿਸਮਤੀ ਕਹਿ ਲਵੋ ਕਿ ਉਸ ਦੇ ਟੇਵੇ ਵਿੱਚ ਉਹਨਾਂ ਯਾਰਾਂ ਦਾ ਸਾਥ ਲੰਬਾ ਸਮਾਂ ਨਾ ਰਿਹਾ ਜਿਹਨਾਂ ਨੂੰ ਉਸ ਨੇ ਬੇਪਨਾਹ ਮੁਹੱਬਤ ਕੀਤੀ। ਸਭ ਤੋਂ ਪਹਿਲਾਂ ਸਤਿੰਦਰ ਨਾਲ ਗੂੜੀ ਸਾਂਝ ਪਈ ਉਹ ਕਨੇਡਾ ਚਲਾ ਗਿਆ। ਜਵਾਨੀ ਦਾ ਇਹ ਪੜਾਅ ਪਿਆਰ ਤੋਂ ਕਿਵੇਂ ਮੁਨਕਰ ਹੋ ਸਕਦਾ ਸੀ। ਲੋਕਾਈ ਨੂੰ ਪਿਆਰ ਕਰਨ ਵਾਲਾ ਆਪਣੇ ਅੰਦਰ ਉਠੱਦੇ ਵਲਵਲਿਆਂ ਨੂੰ ਵੀ ਸਮਝਦਾ ਸੀ। ਵਿਭਾਗ ਵਿੱਚ ਹੀ ਪੜ੍ਹਦੀ ਲੜਕੀ ਨਾਲ ਮੁਹਬੱਤ ਦੀਆਂ ਤੰਦਾਂ ਜੁੜੀਆਂ ਉਹ ਵੀ ਪਰਵਾਸ ਕਰ ਗਈ। ਫਿਰ ਮਸਤ-ਮਲੰਗ ਹਰਜਿੰਦਰ ਜੌਹਲ ਨਾਲ ਯਾਰੀ ਲਾਈ ਉਹ ਵੀ ਆਸਟ੍ਰਲੀਆ ਜਾ ਵਸਿਆ ਉਹਨਾਂ ਦੇ ਵਿਛੋੜੇ ਦੇ ਵਿਯੋਗ ਦਾ ਸੱਲ ਹੀ ਸੀ ਕਿ ਉਸਨੇ ਆਪਣਾ ਐਮ. ਫਿਲ ਦਾ ਥੀਸਜ਼ ਪਰਵਾਸੀ ਹੋਏ ਸੱਜਣਾਂ ਨੂੰ ਸਮਰਪਿਤ ਕਰ ਦਿੱਤਾ ਸੀ।

ਜੈਲੀ ਨੇ ਆਪਣੇ ਅਕਾਦਮਿਕ ਖੋਜ ਕਾਰਜ ਨੂੰ ਵੀ ਲਹਿਰ ਦੇ ਅਨੁਸਾਰੀ ਚੁਣਿਆ ਸੀ। ਉਸ ਨੇ ਨਕਸਲਬਾੜੀ ਲਹਿਰ ਦੇ ਅਣਗੌਲੇ ਕਵੀਆਂ ਤੇ ਕੰਮ ਕੀਤਾ। ਜੈਲੀ ਦਾ ਵਾਇਵਾ ਲੈਣ ਆਏ ਪ੍ਰਸਿੱਧ ਸ਼ਾਇਰ ਸ੍ਰੀ ਸੁਰਜੀਤ ਪਾਤਰ ਨੇ ਉਸ ਦੀ ਸ਼ਹਾਦਤ ਵੇਲੇ ਲਿਖਿਆ ਸੀ ਬੜੇ ਲੰਮੇ ਸਮੇਂ ਬਾਅਦ ਅਜਿਹਾ ਖੋਜ ਕਾਰਜ ਪੜ੍ਹਨ ਨੂੰ ਮਿਲਿਆ ਹੈ ਜਿਸ ਨੂੰ ਲਹਿਰ ਨਾਲ ਸੰਬੰਧਿਤ ਮਸਲਿਆਂ ਅਤੇ ਕਵੀਆਂ ਬਾਰੇ ਡੂੰਘੀ ਸਮਝ ਹੈ। ਫਿਰ ਪੀਐਚ. ਡੀ.ਲਈ ਕਿਸਾਨੀ ਸੰਕਟ ਅਤੇ ਦ੍ਰਿਸ਼ ਮੀਡੀਆ ਉੱਤੇ ਖੋਜ ਕਾਰਜ ਆਰੰਭ ਕਰ ਲਿਆ ਸੀ। ਜਰਨੈਲ ਦੀ ਵਿਭਾਗ ਦੇ ਅਧਿਆਪਕਾਂ ਡਾ. ਗੁਰਮੁਖ ਸਿੰਘ ਅਤੇ ਡਾ. ਸੁਰਜੀਤ ਸਿੰਘ ਨਾਲ ਬੇਹੱਦ ਨੇੜਤਾ ਸੀ। ਇਹ ਮੋਹ ਨਿੱਜੀ ਪਧੱਰ ਉੱਤੇ ਵੀ ਸੀ ਅਤੇ ਅਕਾਦਮਿਕ ਪਧੱਰ ਉੱਤੇ ਵੀ ਸੀ।

ਪਟਿਆਲੇ ਜ਼ਿਲ੍ਹੇ ਦੇ ਪਿੰਡਾਂ ਵਿੱਚ ਇਨਕਲਾਬ ਦੀ ਜਾਗ ਲਾਉਣ ਦਾ ਕਾਰਜ ਅਸੀਂ ਇੱਕਠਿਆਂ ਆਰੰਭਿਆ ਸੀ। ਮਿਲਕੇ ਕਿੰਨੇ ਹੀ ਸੁਪਨੇ ਸੰਜੋਏ ਸੀ, ਪਰ 2010 ਦੀ 13 ਦਸੰਬਰ ਨੂੰ ਨੇਪਾਲ ਵਿਚੋਂ ਇਹ ਮਨਹੂਸ ਖ਼ਬਰ ਆਈ ਸੀ ਕਿ ਜੈਲੀ ਸਾਡੇ ਲਈ ਵੀ ਸੁਪਨਾ ਬਣ ਗਿਆ ਹੈ। ਇਸ ਖ਼ਬਰ ਨੇ ਸਾਹਾਂ ਦਾ ਸੇਕ ਵੀ ਠੰਡਾ ਕਰ ਦਿੱਤਾ, ਸਰੀਰ ਪਥੱਰਾ ਗਏ ਸਨ। ਯਕੀਨ ਨਾ ਸੀ ਕਿ ਇਹ ਅਣਹੋਣੀ ਵਾਪਰ ਗਈ ਹੈ। ਉਹ ਜ਼ਿੰਦਗੀ ਜਿਉਂਦਾ ਨਹੀਂ ਮਾਣਦਾ ਸੀ। ਸ਼ਾਇਦ ਏਸੇ ਲਈ ਪਾਸ਼ ਵੀ ਸਾਡੇ ਤੋਂ ਪੁੱਛਦਾ ਹੈ ਕਿ, ਸਾਡੇ ਵਿੱਚੋਂ ਕਿਨਿੰਆਂ ਕੁ ਦਾ ਵਾਸਤਾ ਜ਼ਿੰਦਗੀ ਨਾਲ ਹੈ ।ਆਪਣੇ ਹਿੱਸੇ ਦਾ ਕਾਰਜ ਸ਼ਿੱਦਤ ਨਾਲ ਨਿਭਾਅ ਕੇ ਬਾਕੀ ਦਾ ਹਿੱਸਾ ਸਾਡੀ ਅਤੇ ਅਉਣ ਵਾਲੀ ਪੀੜੀ ਦੇ ਹਵਾਲੇ ਕਰ ਗਿਆ।




ਅੱਜ ਜਦੋਂ ਨਿੱਜੀਕਰਨ ਦੀ ਹਨੇਰੀ ਨੇ ਸਾਧਨਾਂ ਨੂੰ ਸਫਾ ਚੱਟ ਕਰ ਦਿੱਤਾ ਹੈ, ਅੰਨਦਾਤਾ ਖੁਦਕੁਸ਼ੀਆਂ ਦੇ ਰਾਹ ਪਾ ਦਿੱਤਾ ਹੈ, ਹਰ ਸਵਾਲ ਉਠਾਉਣ ਵਾਲਾ ਸ਼ਹਿਰੀ ਨਕਸਲੀ ਘੋਸ਼ਿਤ ਹੋਵੇ, ਅੰਬੇਦਕਰ, ਸ਼ਹੀਦ ਭਗਤ ਸਿੰਘ ਦੀਆਂ ਕਿਤਾਬਾਂ ਰੱਖਣ ਵਾਲੇ ਦੇਸ਼ ਧ੍ਰੋਹੀ ਸਾਬਿਤ ਕੀਤੇ ਜਾਣ, ਹਰ ਲਿਖਣ-ਸੋਚਣ ਵਾਲੇ ਦੇ ਕੁਬਲਬੁਰਗੀ ਅਤੇ ਗੌਰੀ ਲੰਕੇਸ਼ ਵਾਂਗ ਮੋਤ ਦੇ ਵਰੰਟ ਛਾਪੇ ਜਾਣ, ਕੈਪਟਨ ਅਮਰਿੰਦਰ ਸਮੇਤ ਪੰਜਾਬ ਦੇ117 ਪਾਲਤੂ ਐਮ.ਐਲ. ਏ. ਮਾਸਟਰਾਂ ਦੀ ਤਨਖਾਹਾਂ ਕੱਟ ਕੇ ਆਪਣੀਆਂ ਤਨਖਾਹਾਂ ਢਾਈ ਗੁਣਾ ਵਧਾਉਣ, ਬਾਦਲਾਂ ਦੀਆਂ ਹਿਵੜ-ਹਿਵੜ ਕਰਦੀਆਂ ਬੱਸਾਂ ਕੁੜੀਆਂ ਨੂੰ ਦਰੜ ਰਹੀਆਂ ਹੋਣ, ਜਦੋਂ ਘਰ ਦੇ ਕਿਸੇ ਜੀ ਲਈ ਨੌਕਰੀ ਦੀ ਯੋਗਤਾ ਟੈਂਕੀ ਤੇ ਚੜ੍ਹ ਕੇ ਅੱਗ ਲਾਉਣਾ ਹੋਵੇ, ਨੌਜਵਾਨਾਂ ਨੂੰ ਨਸ਼ਿਆਂ ਦੇ ਲੜ੍ਹ ਲਾ ਨਿਸ਼ਾਨ ਸਿੰਘ ਅਤੇ ਸੁੱਖਾਂ ਕਾਹਲਵਾਂ ਵਰਗੇ ਕਾਤਿਲ ਗਰੋਹਾਂ ਨੂੰ ਸਿਆਸਤ ਆਪਣੇ ਗਰਭ ਵਿੱਚ ਪਾਲ ਰਹੀ ਹੋਵੇ, ਹੱਕ ਮੰਗਣ ਦਾ ਮਤਲਬ ਇਰਾਦਾ ਕੱਤਲ ਹੋਵੇ, ਜਾਬਰਾਂ ਖਿਲਾਫ ਲੜਦੀ ਕੋਟਲੇ ਵਾਲੀ ਬੀਬੀ ਹਰਦੀਪ ਕੌਰ ਨੂੰ ਡੀ. ਐਸ. ਪੀ. ਕਸ਼ਮੀਰ ਕੋਰ ਪੁੱਛਦੀ ਹੈ ਕਿ ਤੂੰ ਕਿਹੜੇ ਖ਼ਸਮਾਂ ਕੋਲ ਰਹਿੰਦੀ ਹੈ, ਤਾਂ ਸ਼ਹੀਦ ਜਰਨੈਲ ਦੀ ਵਿਰਾਸਤ ਨੂੰ ਅੱਗੇ ਤੋਰਨ ਤੋਂ ਬਿਨ੍ਹਾਂ ਹੋਰ ਕੋਈ ਚਾਰਾ ਨਹੀਂ। ਪੰਜਾਬ ਦੀ ਵਿਦਿਆਰਥੀ ਲਹਿਰ ਅੰਗੜਾਈ ਲੇ ਰਹੀ ਹੈ, ਦਲਿਤਾਂ ਨੇ ਪਿੰਡਾਂ ਵਿੱਚ ਆਪਣੇ ਹਿੱਸੇ ਦੀ ਜ਼ਮੀਨ ਅਤੇ ਸਵੈ-ਮਾਣ ਲਈ ਆਰ-ਪਾਰ ਦੀ ਲੜਾਈ ਲਈ ਤਿਆਰ ਹੋ ਰਹੇ ਹੋਣ, ਜਵਾਨੀ ਜ਼ਾਲਮ ਹਕੂਮਤਾਂ ਦੀਆਂ ਜੜ੍ਹਾਂ ਪੁੱਟਣ ਨੂੰ ਕਾਹਲੀ ਪੈ ਰਹੀ ਹੋਵੇ ਤਾਂ ਜੈਲੀ ਵਰਗੇ ਅਨੇਕਾਂ ਸੂਝਵਾਨਾਂ ਦੀ ਲੋੜ ਮਹਿਸੂਸ ਹੋ ਰਹੀ ਹੈ। ਇਨਕਲਾਬ ਦਾ ਬੂਟਾ ਸ਼ਹੀਦਾਂ ਅਤੇ ਦੁਸ਼ਮਨਾਂ ਦੇ ਖ਼ੂਨ ਨਾਲ ਸਿੰਜਿਆ ਜਾਂਦਾ ਹੈ।

ਹੁਣ ਸਿਰਾਂ 'ਚ ਰੇਤ ਪਾਉਣ ਅਤੇ ਤੱਤੀਆਂ ਤਵੀਆਂ ਤੇ ਬਿਠਾਉਣ ਵਾਲੇ ਪ੍ਰਤੱਖ ਹਨ। ਦਿੱਲੀ ਉਦੋਂ ਵੀ ਲੋਕ ਵਿਰੋਧੀ ਫ਼ਤਵੇ ਦਿੰਦੀ ਸੀ ਅਤੇ ਹੁਣ ਵੀ। ਸ਼ਾਹ ਕਾਲੀਆਂ ਰਾਤਾਂ ਵਿੱਚ ਲਿਖੇ ਸੰਘਰਸ਼ਾਂ ਦੇ ਦਸਤਾਵੇਜ਼ ਚੜ੍ਹਦੇ ਸੂਰਜ ਦਾ ਹੋਕਾ ਦੇਣ ਲਈ ਰੋਸ਼ਨੀ ਦੀ ਹਿੱਕ ਤੇ ਫੜਫੜਾ ਰਹੇ ਹਨ। ਪੰਜਾਬ ਆਪਣੀ ਬੌਧਿਕ ਕੰਗਾਲੀ ਦੀ ਚਰਮ ਸੀਮਾ ਵੀ ਨਾਲੋ-ਨਾਲ ਹੰਢਾਅ ਰਿਹਾ ਹੈ। ਪੰਜਾਬ ਦੀ ਜਵਾਨੀ ਆਪਣੀ ਧਰਤੀ ਦੇ ਨਾਮ ਬੇਦਾਵੇ ਲਿਖ ਆਸਟ੍ਰੇਲੀਆ, ਕਨੇਡਾ ਨੂੰ ਭੱਜ ਰਹੀ ਹੈ, ਹੁਣ ਪੰਜਾਬ ਦਾ ਪੌਣ-ਪਾਣੀ ਅਤੇ ਧਰਤੀ ਰਹਿਣਯੋਗ ਨਹੀਂ ਰਹੇ। ਹਰੇ ਇਨਕਲਾਬ ਦੇ ਸਾਮਰਾਜੀ ਮਾਡਲ ਨੇ ਹਵਾ, ਮਿੱਟੀ ਤੇ ਮਿਸ਼ਰੀ ਵਰਗੇ ਪਾਣੀ ਵਿੱਚ ਜ਼ਹਿਰਾਂ ਘੋਲ ਦਿੱਤੀਆਂ ਹਨ। ਪੰਜ ਆਬਾਂ ਦੀ ਸਭਿਅਤਾ ਪਾਣੀ ਤੋਂ ਸਖਣੀ ਹੋਣ ਵੱਲ ਵੱਧ ਰਹੀ ਹੈ।ਪਰ ਫੇਰ ਵੀ ਪੰਜਾਬ ਦੀ ਜੁਝਾਰੂ ਵਿਚਾਰਕ ਪ੍ਰੰਪਰਾ ਭਗਤੀ, ਸੂਫ਼ੀ, ਸਿੱਖ ਲਹਿਰ, ਬਾਬਾ ਬੰਦਾ ਬਹਾਦੁਰ ਦਾ ਜ਼ਮੀਨੀ ਘੋਲ, ਗਦਰੀ ਬਾਬੇ, ਭਗਤ ਸਿੰਘ, ਕਰਤਾਰ ਸਿੰਘ ਸਰਾਭਾ ਅਤੇ ਨਕਸਲਬਾੜੀ ਤੋਂ ਆਪਣੀ ਅਗਵਾਈ ਲੈਂਦੀ ਹੈ। ਇਹ ਬਾਗੀ ਪ੍ਰੰਪਰਾ ਜਾਰੀ ਹੈ। ਕੈਪਟਨਾਂ-ਬਾਦਲਾਂ, ਮੋਦੀਆਂ ਅਤੇ ਕਾਰਪੋਰੇਟਾਂ ਦੇ ਹਕੂਮਤੀ ਜ਼ਬਰ ਖਿਲਾਫ ਸੰਘਰਸ਼ਾਂ ਦੇ ਫੂਟਾਰੇ ਹੋ ਰਹੇ ਹਨ। ਜਨਤੱਕ ਸੰਘਰਸ਼ ਮੱਘ ਰਹੇ ਹਨ।

ਸਚੀਓਂ ਅਜਿਹੇ ਸਮਿਆਂ ਵਿੱਚ ਜੈਲੀ ਦੀ ਘਾਟ ਬਹੁਤ ਰੜਕਦੀ ਹੈ।

ਯੂਨੀਵਰਸਿਟੀ ਦੇ ਭਾਈ ਵੀਰ ਸਿੰਘ ਹੋਸਟਲ ਦੇ ਸੀ-ਬਲਾਕ ਦੇ 64 ਨੰਬਰ ਕਮਰੇ ਦੀ ਕੰਧ ਤੇ ਜੈਲੀ ਦੁਆਰਾ ਡਾ. ਜਗਤਾਰ ਦੀਆਂ ਉਕਰੀਆਂ ਲਾਇਨਾਂ ਚੇਤੇ ਆ ਰਹੀਆਂ ਹਨ....

ਹਰੇ ਪੱਤੇ ਨੂੰ ਡਿਗਦਾ ਵੇਖ ਬੇ-ਮੌਸਮ ਹੀ ਸ਼ਾਖ਼ੋਂ,

ਤੇਰੇ ਵਿਛੜਨ ਦਾ ਮੰਜ਼ਰ ਮੁੜ-ਮੁੜ ਯਾਦ ਆ ਰਿਹੈ।



# ਖੇਤੀ ਖੇਤਰ ਪ੍ਰਤੀ ਹਾਕਮਾਂ ਦੀ ਬੇਰੁਖ਼ੀ



ਡੰਗ ਅਤੇ ਚੋਭਾਂ

ਗੁਰਮੀਤ ਸਿੰਘ ਪਲਾਹੀ
98158-02070



ਇਹ ਜਾਣਦਿਆਂ ਹੋਇਆਂ ਕਿ ਭਾਰਤ ਡੂੰਘੇ ਖੇਤੀ ਸੰਕਟ ਨਾਲ ਜੂਝ ਰਿਹਾ ਹੈ ਅਤੇ ਖੇਤੀ ਸੰਕਟ ਦੀ ਮਾਰ ਸਾਡੇ ਸਾਰਿਆਂ ਉੱਤੇ ਪਵੇਗੀ, ਦੇਸ਼ ਦੇ ਸ਼ਹਿਰੀ ਮੱਧ-ਵਰਗ ਦੇ ਬਹੁਤ ਘੱਟ ਲੋਕ ਇਸ ਪ੍ਰਤੀ ਫ਼ਿਕਰਮੰਦ ਹਨ। ਖੇਤੀ ਉਤਪਾਦਨ ਬਿਨਾਂ ਸ਼ੱਕ ਵਧ ਰਿਹਾ ਹੈ, ਪਰ ਛੋਟੇ ਅਤੇ ਵਿਚਕਾਰਲੇ ਕਿਸਾਨਾਂ ਦੀ ਆਮਦਨ ਲਗਾਤਾਰ ਘਟਦੀ ਜਾ ਰਹੀ ਹੈ। ਪੇਂਡੂ ਅਰਥ-ਵਿਵਸਥਾ ਵਿੱਚ ਵਰਨਣ ਯੋਗ ਵਾਧੇ ਦੇ ਬਾਵਜੂਦ ਪਿੰਡਾਂ ਵਿੱਚ ਰੁਜ਼ਗਾਰ ਦੇ ਮੌਕੇ ਪੈਦਾ ਨਹੀਂ ਹੋ ਰਹੇ, ਸਗੋਂ ਘਟ ਰਹੇ ਹਨ।

ਦੇਸ਼ ਵਿੱਚ ਖੇਤੀ ਖੇਤਰ ਰੁਜ਼ਗਾਰ ਦਾ ਸਭ ਤੋਂ ਵੱਡਾ ਜ਼ਰੀਆ ਹੈ, ਪਰ ਖੇਤੀ ਸੰਕਟ ਕਾਰਨ ਇਸ ਖੇਤਰ 'ਚ ਰੁਜ਼ਗਾਰ ਪੈਦਾ ਕਰਨ ਦੀ ਸਮਰੱਥਾ ਘਟਦੀ ਜਾ ਰਹੀ ਹੈ। ਕਿਸਾਨ ਖੇਤੀ ਦਾ ਧੰਦਾ ਛੱਡ ਰਹੇ ਹਨ। ਰੁਜ਼ਗਾਰ ਦੇ ਹੋਰ ਵਸੀਲੇ ਲੱਭ ਰਹੇ ਹਨ। ਰੁਜ਼ਗਾਰ ਦੇ ਹੋਰ ਵਸੀਲੇ ਲੱਭਣ ਵਾਲਿਆਂ ਦੀ ਗਿਣਤੀ ਲਗਾਤਾਰ ਵਧਦੀ ਜਾ ਰਹੀ ਹੈ। ਪੇਂਡੂ ਅਰਥਚਾਰੇ 'ਚ ਰੁਜ਼ਗਾਰ ਸਿਰਜਣ ਦੀ ਸਮਰੱਥਾ 'ਚ ਕਮੀ ਕਾਰਨ ਖੇਤੀ ਸੰਕਟ ਦਾ ਭਾਰਤ ਦੇ ਸ਼ਹਿਰੀ ਖੇਤਰ 'ਤੇ ਦਬਾਅ ਪੈਣਾ ਲਾਜ਼ਮੀ ਹੈ।

ਖੇਤੀ ਸੰਕਟ ਇਸ ਕਦਰ ਵਧ ਰਿਹਾ ਹੈ ਕਿ ਦੇਸ਼ ਦਾ ਕਿਸਾਨ ਉਪਰਾਮ ਹੋ ਚੁੱਕਾ ਹੈ। ਦੇਸ਼ ਦੇ ਵੱਖੋ-ਵੱਖਰੇ ਖੇਤਰਾਂ ਤੋਂ ਇਕੱਠੇ ਹੋ ਕੇ ਆਪਣੀ ਦਸ਼ਾ ਦਾ ਰੋਣਾ ਰੋਣ, ਹਾਕਮਾਂ ਨੂੰ ਆਪਣੀਆਂ ਸਮੱਸਿਆਵਾਂ ਦੱਸਣ ਲਈ ਕਿਸਾਨ ਦਿੱਲੀ ਪਹੁੰਚ ਰਹੇ ਹਨ। ਪਿਛਲੇ ਹਫਤੇ ਦੇਸ਼ ਭਰ ਦੇ ਹਜ਼ਾਰਾਂ ਕਿਸਾਨ ਰਾਮ ਲੀਲਾ ਮੈਦਾਨ ਵਿੱਚ ਇਕੱਠੇ ਹੋਏ। ਉਹਨਾਂ ਨੇ ਸੰਸਦ ਵੱਲ ਮਾਰਚ ਕੀਤਾ। ਦੇਸ਼ ਦੇ ਕਿਸਾਨਾਂ ਦੇ 200 ਤੋਂ ਵੱਧ ਛੋਟੇ-ਵੱਡੇ ਸੰਗਠਨ ਇਸ ਵਿੱਚ ਸ਼ਾਮਲ ਸਨ। ਥੋੜ੍ਹੇ ਦਿਨ ਪਹਿਲਾਂ ਮੁੰਬਈ 'ਚ ਕਿਸਾਨਾਂ ਨੇ ਰੈਲੀ ਕੱਢੀ ਸੀ। ਦੇਸ਼ ਦੇ ਕਿਸਾਨਾਂ ਦੀ ਗੱਲ ਸੁਣਨ ਲਈ ਸਾਰੇ ਵਿਰੋਧੀ ਧਿਰ ਦੇ ਪ੍ਰਮੁੱਖ ਨੇਤਾ ਦਿੱਲੀ ਰੈਲੀ 'ਚ ਪਹੁੰਚੇ। ਕਿਸਾਨਾਂ ਦੇ ਹੱਕ 'ਚ ਉਨ੍ਹਾਂ ਨੇ ਆਵਾਜ਼ ਉਠਾਈ, ਪਰ ਕੀ ਸੱਤਾ 'ਚ ਬੈਠੇ ਨੇਤਾ ਸੱਚਮੁੱਚ ਕਿਸਾਨਾਂ ਦੇ ਦੁਖੜੇ ਸੁਣ ਰਹੇ ਹਨ? ਆਖ਼ਿਰ ਕਿਸਾਨਾਂ ਦੇ ਇਹੋ ਜਿਹੇ ਕਿਹੜੇ ਮੁੱਦੇ ਹਨ ਕਿ ਉਹ ਵਾਰ-ਵਾਰ ਦਿੱਲੀ ਤਖ਼ਤ ਤੱਕ ਪਹੁੰਚ ਕੇ ਹਾਕਮਾਂ ਦਾ ਦਰਵਾਜ਼ਾ ਖੜਕਾਉਣ ਲਈ ਮਜਬੂਰ ਹੋ ਰਹੇ ਹਨ?

ਭਾਰਤ ਦੇ ਕਿਸਾਨ ਕਰਜ਼ੇ ਦੀ ਦਲਦਲ 'ਚ ਧੱਸੇ ਹੋਏ ਹਨ। ਬਹੁਤ ਸਾਰੇ ਕਿਸਾਨਾਂ ਦੀ ਜ਼ਮੀਨ ਬੁਨਿਆਦੀ ਢਾਂਚੇ ਦੀਆਂ ਯੋਜਨਾਵਾਂ ਦੀ ਭੇਟ ਚੜ੍ਹ ਰਹੀ ਹੈ ਅਤੇ ਉਸ ਦੇ ਇਵਜ਼ ਵਿੱਚ ਉਹਨਾਂ ਨੂੰ ਬਣਦਾ ਮੁਆਵਜ਼ਾ ਨਹੀਂ ਮਿਲਦਾ ਤੇ ਉਨ੍ਹਾਂ ਦੇ ਮੁੜ-ਵਸੇਬੇ ਦਾ ਵੀ ਕੋਈ ਪ੍ਰਬੰਧ ਨਹੀਂ ਕੀਤਾ ਜਾਂਦਾ। ਫ਼ਸਲਾਂ ਦਾ ਘੱਟੋ-ਘੱਟ ਮੁੱਲ (ਸਮੱਰਥਨ ਮੁੱਲ) ਵੀ ਉਹਨਾਂ ਦੇ ਪੱਲੇ ਨਹੀਂ ਪੈਂਦਾ। ਬੀਜਾਂ, ਖ਼ਾਦਾਂ, ਕੀਟ ਨਾਸ਼ਕਾਂ, ਡੀਜ਼ਲ ਆਦਿ ਦੀਆਂ ਕੀਮਤਾਂ ਲਗਾਤਾਰ ਵਧ ਰਹੀਆਂ ਹਨ। ਸਰਕਾਰੀ ਸਕੀਮਾਂ ਤੇ ਸੁਵਿਧਾਵਾਂ ਦਾ ਲਾਭ ਛੋਟੇ ਕਿਸਾਨਾਂ ਤੱਕ ਪਹੁੰਚਦਾ ਹੀ ਨਹੀਂ।

ਜਲਵਾਯੂ ਤਬਦੀਲੀ ਨੇ ਦੇਸ਼ ਦੇ ਕਿਸਾਨਾਂ ਲਈ ਵੱਡੀਆਂ ਔਕੜਾਂ ਪੈਦਾ ਕੀਤੀਆਂ ਹਨ। ਇਸ ਤਬਦੀਲੀ ਨੇ ਖੇਤਾਂ ਦੀ ਸਿਹਤ ਖ਼ਰਾਬ ਕੀਤੀ ਹੈ। ਵਾਤਾਵਰਣ ਬਾਰੇ ਵਰਲਡ ਰਿਸੋਰਸ ਗਰੁੱਪ ਨੇ ਆਪਣੀ ਰਿਪੋਰਟ ਵਿੱਚ ਕਿਹਾ ਹੈ ਕਿ ਜਲਵਾਯੂ ਸੰਕਟ ਨਾਲ ਖੇਤੀ ਖੇਤਰ ਨੂੰ ਭਾਰੀ ਨੁਕਸਾਨ ਹੋਣ ਵਾਲਾ ਹੈ। ਇਸ ਨਾਲ ਲਗਾਤਾਰ ਵਧ ਰਹੀ ਆਬਾਦੀ ਦੀਆਂ ਅੰਨ ਦੀਆਂ ਲੋੜਾਂ ਪੂਰੀਆਂ ਕਰਨ ਲਈ ਖੇਤੀ ਖੇਤਰ ਵਿੱਚ ਕ੍ਰਾਂਤੀਕਾਰੀ ਬਦਲਾਅ ਲਿਆਉਣ ਦੀ ਜ਼ਰੂਰਤ ਹੈ।

ਦੁਨੀਆ ਦੇ 40 ਫ਼ੀਸਦੀ ਖੇਤਰਫਲ 'ਚ ਖੇਤੀ ਹੁੰਦੀ ਹੈ। ਖੇਤੀ ਕੁੱਲ ਗਰੀਨ ਹਾਊਸ ਗੈਸਾਂ ਦਾ ਚੌਥਾ ਹਿੱਸਾ ਪੈਦਾ ਕਰਦੀ ਹੈ। ਸਾਲ 2050 ਵਿੱਚ ਦੁਨੀਆ ਦੀ ਆਬਾਦੀ 7.2 ਅਰਬ ਤੋਂ ਵਧ ਕੇ 10 ਅਰਬ ਹੋ ਜਾਣ ਦੀ ਉਮੀਦ ਹੈ ਅਤੇ ਆਮਦਨ ਵਧਣ ਕਾਰਨ ਵੱਧ ਸੁਵਿਧਾਵਾਂ ਦੀ ਪ੍ਰਾਪਤੀ ਦੀ ਦੌੜ ਵਾਤਾਵਰਣ ਪ੍ਰਦੂਸ਼ਣ 'ਚ ਵਾਧਾ ਕਰੇਗੀ। ਸਿੱਟਾ ਜਲਵਾਯੂ ਤਬਦੀਲੀ 'ਚ ਨਿਕਲੇਗਾ, ਜਿਸ ਦਾ ਸਿੱਧਾ ਅਸਰ ਖੇਤੀ 'ਤੇ ਪਵੇਗਾ। ਉਂਜ ਵੀ ਆਬਾਦੀ ਵਧਣ ਨਾਲ 2050 ਤੱਕ 56 ਫ਼ੀਸਦੀ ਵਾਧੂ ਕੈਲੋਰੀ ਉਤਪਾਦਨ ਦੀ ਲੋੜ ਪਵੇਗੀ। ਇਸ ਵਾਸਤੇ ਕਿਸਾਨ ਜੇਕਰ ਜੰਗਲਾਂ ਨੂੰ ਸਾਫ਼ ਕਰਨ, ਜਿਵੇਂ ਕਿ ਪਹਿਲਾਂ ਵੀ ਕਰਦੇ ਆਏ ਹਨ, ਤਾਂ ਖੇਤੀ ਦੇ ਲਈ ਭਾਰਤ ਦੇ ਦੁੱਗਣੇ ਖੇਤਰਫਲ ਦੇ ਬਰਾਬਰ ਖੇਤੀ ਖੇਤਰਫਲ ਨਿਕਲ ਸਕਦਾ ਹੈ, ਪਰ ਜੰਗਲ ਕੱਟਣ ਕਾਰਨ ਧਰਤੀ ਦੇ ਤਾਪਮਾਨ 'ਚ ਵਾਧਾ ਹੋਵੇਗਾ, ਜਿਹੜਾ ਇਸ ਧਰਤੀ ਉੱਤੇ ਮਨੁੱਖੀ ਜੀਵਨ ਲਈ ਘਾਤਕ ਸਿੱਧ ਹੋਵੇਗਾ। ਇਸ ਨਾਲ ਖੇਤੀ ਸੰਕਟ ਹੋਰ ਵੀ ਵਧੇਗਾ।


ਵਰਲਡ ਰਿਸੋਰਸ ਗਰੁੱਪ ਦਾ ਕਹਿਣਾ ਹੈ ਕਿ ਭਵਿੱਖ ਦੀ ਸਭ ਤੋਂ ਵੱਡੀ ਚੁਣੌਤੀ ਖਾਣ ਵਾਲੇ ਪਦਾਰਥ ਹਨ। ਇਨ੍ਹਾਂ ਦੀ ਪੂਰਤੀ ਤਦੇ ਸੰਭਵ ਹੈ, ਜੇਕਰ ਧਰਤੀ ਦੀ ਉਪਜਾਊ ਸ਼ਕਤੀ ਦੀ ਰਾਖੀ ਕੀਤੀ ਜਾਵੇ ਅਤੇ ਜ਼ਿਆਦਾ ਉਤਪਾਦਕਤਾ ਵਾਲੀਆਂ ਫ਼ਸਲ ਦੀਆਂ ਕਿਸਮਾਂ ਵਿਕਸਤ ਕੀਤੀਆਂ ਜਾਣ ਅਤੇ ਕਿਸਾਨਾਂ ਤੱਕ ਬੀਜਾਂ ਦੀ ਪਹੁੰਚ ਯਕੀਨੀ ਬਣਾਈ ਜਾਵੇ।

ਭਾਰਤ ਦੇ ਛੋਟੇ ਕਿਸਾਨਾਂ ਤੱਕ ਨਾ ਚੰਗੇ ਬੀਜ ਪਹੁੰਚ ਰਹੇ ਹਨ, ਨਾ ਫ਼ਸਲਾਂ ਦੀ ਚੰਗੇਰੀ ਉਪਜ ਲਈ ਸਿੰਜਾਈ ਦਾ ਯੋਗ ਪ੍ਰਬੰਧ ਹੈ। ਜਲਵਾਯੂ ਪਰਿਵਰਤਨ ਕਾਰਨ ਸਮੇਂ ਸਿਰ ਮੀਂਹ ਨਹੀਂ ਪੈਂਦੇ; ਸੋਕੇ ਪੈਂਦੇ ਹਨ ਜਾਂ ਹੜ੍ਹ ਆ ਜਾਂਦੇ ਹਨ। ਕਿਸਾਨ ਮਜਬੂਰਨ ਧਰਤੀ ਹੇਠਲੇ ਪਾਣੀ ਦੀ ਵਰਤੋਂ ਖੇਤੀ ਲਈ ਕਰਦੇ ਹਨ। ਪਿਛਲੇ ਦਿਨੀਂ ਕੇਂਦਰ ਸਰਕਾਰ ਨੇ ਨੈਸ਼ਨਲ ਗਰੀਨ ਟ੍ਰਿਬਿਊਨਲ 'ਚ ਇੱਕ ਹਲਫਨਾਮਾ ਦਾਇਰ ਕੀਤਾ ਹੈ। ਇਸ ਵਿੱਚ ਦੱਸਿਆ ਗਿਆ ਹੈ ਕਿ ਧਰਤੀ ਹੇਠੋਂ ਜਿੰਨਾ ਪਾਣੀ ਕੱਢਿਆ ਜਾ ਰਿਹਾ ਹੈ, ਉਸ ਦਾ 10 ਫ਼ੀਸਦੀ ਪਾਣੀ ਪੀਣ ਲਈ ਅਤੇ 90 ਫ਼ੀਸਦੀ ਪਾਣੀ ਖੇਤੀ ਲਈ ਵਰਤੋਂ 'ਚ ਲਿਆਂਦਾ ਜਾ ਰਿਹਾ ਹੈ। ਹਲਫਨਾਮੇ 'ਚ ਇਹ ਵੀ ਦੱਸਿਆ ਗਿਆ ਹੈ ਕਿ 2009 ਵਿੱਚ ਦੇਸ਼ ਵਿੱਚ ਜਿੱਥੇ 2700 ਅਰਬ ਕਿਊਬਿਕ ਮੀਟਰ ਧਰਤੀ ਹੇਠਲਾ ਪਾਣੀ ਉਪਲੱਬਧ ਸੀ, ਉਥੇ 2013 ਵਿੱਚ ਸਾਡੇ ਕੋਲ 411 ਅਰਬ ਕਿਊਬਿਕ ਮੀਟਰ ਪਾਣੀ ਹੀ ਬਚਿਆ ਹੈ। ਪਾਣੀ ਦਾ ਇਹ ਸੰਕਟ ਸਾਡੇ ਖੇਤੀ ਖੇਤਰ ਲਈ ਅਤਿਅੰਤ ਘਾਤਕ ਸਿੱਧ ਹੋਵੇਗਾ।

ਖੇਤੀਬਾੜੀ ਦੇ ਸੰਕਟ ਨੇ ਦੇਸ਼ ਦੀ ਆਰਥਿਕਤਾ ਨੂੰ ਵੱਡੀ ਢਾਹ ਲਾਈ ਹੈ। ਇੱਕ ਆਰਥਿਕ ਵਿਗਿਆਨੀ ਦਾ ਕਹਿਣਾ ਹੈ ਕਿ ਇਹ ਸਭ ਕੁਝ ਦੇਸ਼ ਦੇ ਹਾਕਮਾਂ ਦੀ ਖੇਤੀ ਖੇਤਰ ਪ੍ਰਤੀ ਬੇਰੁਖ਼ੀ ਅਤੇ ਕਾਰਪੋਰੇਟ ਸੈਕਟਰ ਹੱਥ ਦੇਸ਼ ਦੀ ਵਾਗਡੋਰ ਫੜਾਉਣ ਦਾ ਸਿੱਟਾ ਹੈ। ਖੇਤੀ ਦਾ ਇਹ ਸੰਕਟ ਸਰਕਾਰੀ-ਦਰਬਾਰੀ-ਜੁਗਾੜੀ ਲੋਕਾਂ ਦੀ ਬੇਧਿਆਨੀ ਦੇ ਕਾਰਨ ਵੀ ਹੈ, ਜਿਹੜੇ ਕਿਸਾਨਾਂ ਦੀ ਫ਼ਸਲ ਦਾ ਮੁੱਲ ਪਾਉਣ ਦੀ ਬਜਾਏ ਉਹਨਾਂ ਨੂੰ ਦਲਾਲਾਂ, ਆੜ੍ਹਤੀਆਂ, ਵੱਡੀਆਂ ਕੰਪਨੀਆਂ ਅੱਗੇ ਉਹਨਾਂ ਦੇ ਰਹਿਮੋ-ਕਰਮ 'ਤੇ ਸੁੱਟ ਦੇਂਦੇ ਹਨ। ਇਸ ਦੀ ਇੱਕ ਉਦਾਹਰਣ ਇਹ ਹੈ ਕਿ ਦੇਸ਼ ਵਿੱਚ ਪ੍ਰਧਾਨ ਮੰਤਰੀ ਫ਼ਸਲ ਬੀਮਾ ਯੋਜਨਾ ਤਹਿਤ ਸਰਕਾਰੀ ਖੇਤਰ ਦੀ ਖੇਤੀਬਾੜੀ ਇਸ਼ੋਰੈਂਸ ਕੰਪਨੀ ਆਫ਼ ਇੰਡੀਆ ਤੋਂ ਇਲਾਵਾ ਕੁੱਲ ਦਸ ਨਿੱਜੀ ਕੰਪਨੀਆਂ ਨੇ ਇਸ ਯੋਜਨਾ ਦੇ ਤਹਿਤ ਦੋ ਸਾਲ ਵਿੱਚ ਕੁੱਲ 15,795 ਕਰੋੜ ਰੁਪਏ ਦੀ ਕਮਾਈ ਕੀਤੀ ਅਤੇ ਦੇਸ਼ ਦੇ 85 ਲੱਖ ਕਿਸਾਨਾਂ ਨੇ ਬੀਮਾ ਕੰਪਨੀਆਂ ਤੋਂ ਕੋਈ ਫਾਇਦਾ ਨਾ ਮਿਲਦਾ ਵੇਖ ਕੇ ਇਹ ਯੋਜਨਾ ਹੀ ਛੱਡ ਦਿੱਤੀ।

ਅਸਲ ਵਿੱਚ ਦੇਸ਼ ਵਿੱਚ ਖੇਤੀ ਖੇਤਰ ਦੀਆਂ ਚੂਲਾਂ ਹਿਲਾਈਆਂ ਨਹੀਂ, ਤੋੜੀਆਂ ਜਾ ਰਹੀਆਂ ਹਨ। ਕਿਸਾਨਾਂ ਨੂੰ ਉਹਨਾਂ ਦੀ ਫ਼ਸਲ ਦਾ ਪੂਰਾ ਮੁੱਲ ਦੇਣ ਲਈ ਸਵਾਮੀਨਾਥਨ ਕਮਿਸ਼ਨ ਦੀ ਰਿਪੋਰਟ ਨੂੰ ਕਿਸੇ ਵੀ ਹਕੂਮਤ ਵੱਲੋਂ ਲਾਗੂ ਨਾ ਕਰਨਾ ਕੀ ਇਸ ਗੱਲ ਦਾ ਪ੍ਰਮਾਣ ਨਹੀਂ? ਜੇਕਰ ਕਿਸਾਨਾਂ ਨੂੰ ਸੋਧੇ ਹੋਏ ਬੀਜ ਸਸਤੇ ਮਿਲਣ, ਖ਼ਾਦਾਂ ਤੇ ਕੀਟ ਨਾਸ਼ਕਾਂ ਉੱਤੇ ਸਬਸਿਡੀ ਮਿਲੇ, ਸਿੰਜਾਈ ਦੇ ਨਵੀਨ ਸਾਧਨ ਸਰਕਾਰ ਵੱਲੋਂ ਉਪਲੱਬਧ ਕਰਵਾਏ ਜਾਣ, ਉਹਨਾਂ ਨੂੰ ਫ਼ਸਲ ਮੰਡੀ 'ਚ ਸੁੱਟਣ ਜਾਂ ਢੇਰ ਕਰਨ ਲਈ ਨਾ ਜਾਣਾ ਪਵੇ, ਸਗੋਂ ਫ਼ਸਲ ਦਾ ਪੂਰਾ ਮੁੱਲ ਮਿਲੇ, ਤਾਂ ਕੋਈ ਕਾਰਨ ਨਹੀਂ ਕਿ ਦੇਸ਼ ਵਿਚਲਾ ਖੇਤੀ ਦਾ ਸੰਕਟ ਦੂਰ ਨਾ ਹੋਵੇ।

ਮਾਰਚ 2018 ਵਿੱਚ ਦਿੱਲੀ ਵਿੱਚ ਹੋਈ ਬੈਠਕ ਵਿੱਚ 21 ਸਿਆਸੀ ਦਲਾਂ ਨੇ ਸਰਬ-ਸੰਮਤੀ ਨਾਲ ਕਿਸਾਨਾਂ ਦੇ ਹੱਕ 'ਚ ਖਰੜਾ ਤਿਆਰ ਕੀਤਾ ਸੀ। ਇਸ ਖਰੜੇ ਉੱਤੇ ਸਹੀ ਪਾਈ ਗਈ। ਪਹਿਲੇ ਬਿੱਲ ਵਿੱਚ ਕਿਸਾਨਾਂ ਨੂੰ ਕਰਜ਼ੇ ਤੋਂ ਮੁਕਤੀ ਦੀ ਵਿਵਸਥਾ ਦਾ ਜ਼ਿਕਰ ਸੀ ਅਤੇ ਸਵਾਮੀਨਾਥਨ ਕਮਿਸ਼ਨ ਦੀ ਰਿਪੋਰਟ ਵਿਚਲੀਆਂ ਸਿਫਾਰਸ਼ਾਂ ਦੇ ਹਵਾਲੇ ਨਾਲ ਮੰਗ ਕੀਤੀ ਗਈ ਸੀ ਕਿ ਜਿਸ ਤਰ੍ਹਾਂ ਸਰਕਾਰੀ ਕਰਮਚਾਰੀਆਂ ਲਈ ਕਾਇਮ ਪੇ-ਕਮਿਸ਼ਨ ਦੀਆਂ ਸਿਫਾਰਸ਼ਾਂ ਅਨੁਸਾਰ ਸਭ ਤਰ੍ਹਾਂ ਦੇ ਭੱਤੇ ਬਕਾਇਆਂ ਦੇ ਰੂਪ 'ਚ ਦਿੱਤੇ ਜਾਂਦੇ ਹਨ, ਕਿਸਾਨਾਂ ਨੂੰ ਵੀ ਇਹ ਸੁਵਿਧਾ ਦਿੱਤੀ ਜਾਵੇ। ਬਿੱਲ ਦਾ ਮੰਤਵ ਕਰਜ਼ੇ ਤੋਂ ਆਜ਼ਾਦੀ ਹੈ, ਨਾ ਕਿ ਕਰਜ਼ੇ ਤੋਂ ਮੁਆਫੀ। ਦੂਜੇ ਬਿੱਲ 'ਚ ਘੱਟੋ-ਘੱਟ ਸਮੱਰਥਨ ਮੁੱਲ ਦਿੱਤੇ ਜਾਣ ਦੀ ਗੱਲ ਸੀ। ਕਿਸੇ ਨੂੰ ਵੀ ਘੱਟੋ-ਘੱਟ ਸਮੱਰਥਨ ਮੁੱਲ ਤੋਂ ਘੱਟ ਕੋਈ ਫ਼ਸਲ ਖ਼ਰੀਦਣ ਉੱਤੇ ਸਜ਼ਾ ਦੀ ਮੱਦ ਸ਼ਾਮਲ ਕਰਨ ਲਈ ਕਿਹਾ ਗਿਆ। ਨਾਲ ਹੀ ਘੱਟੋ-ਘੱਟ ਸਮੱਰਥਨ ਮੁੱਲ ਤੈਅ ਕਰਨ ਲਈ ਸਵਾਮੀਨਾਥਨ ਰਿਪੋਰਟ ਦੀਆਂ ਸਿਫਾਰਸ਼ਾਂ ਨੂੰ ਧਿਆਨ 'ਚ ਰੱਖਣ ਦੀ ਮੱਦ ਰੱਖੀ ਗਈ, ਪਰ ਸੰਸਦ ਵਿੱਚ ਇਹਨਾਂ ਬਿੱਲਾਂ 'ਤੇ ਨਿਰਾਸ਼ਾ ਹੀ ਹੱਥ ਲੱਗੀ। ਕਿਸਾਨ ਜੱਥੇਬੰਦੀਆਂ ਨੇ ਰਾਸ਼ਟਰਪਤੀ ਦਾ ਦਰ ਖੜਕਾਇਆ ਤੇ ਮੰਗ ਕੀਤੀ ਕਿ ਜੇਕਰ ਜੀ ਐੱਸ ਟੀ ਬਿੱਲ ਪਾਸ ਕਰਾਉਣ ਲਈ ਸੰਸਦ ਦਾ ਇਜਲਾਸ ਬੁਲਾਇਆ ਜਾ ਸਕਦਾ ਹੈ ਤਾਂ ਕਿਸਾਨਾਂ ਲਈ ਸੰਸਦ ਦਾ ਵਿਸ਼ੇਸ਼ ਇਜਲਾਸ ਕਿਉਂ ਨਹੀਂ ਸੱਦਿਆ ਜਾ ਸਕਦਾ? ਮੌਜੂਦਾ ਹਾਕਮਾਂ ਨੇ ਚੋਣਾਂ ਵੇਲੇ ਕਿਸਾਨਾਂ ਨਾਲ ਕੀਤੇ ਵਾਅਦੇ ਭੁਲਾ ਦਿੱਤੇ ਹਨ ਅਤੇ ਹੈਰਾਨੀ ਦੀ ਗੱਲ ਤਾਂ ਇਹ ਹੈ ਕਿ ਦੇਸ਼ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਆਪਣੇ ਵੱਲੋਂ ਕੀਤੇ ਵਾਅਦਿਆਂ ਤੋਂ ਅਣਜਾਣ ਬਣੇ ਹੋਏ ਹਨ।









# ਇਨਸਾਫ ਦੀ ਲੜਾਈ ਦਾ ਕਪਤਾਨ

**ਨਰਿੰਦਰ ਮੋਦੀ ਸਿੱਖਾਂ ਨੂੰ ਇਨਸਾਫ ਕਿਵੇਂ ਦੇ ਸਕਦਾ ਹੈ ਜਿਸਨੇ ਇੱਕ ਆਰ ਐਸ ਐਸ ਦੇ ਵਰਕਰ ਤੋਂ ਪ੍ਰਧਾਨ ਮੰਤਰੀ ਦਾ ਸਫਰ ਲਾਸ਼ਾਂ ਦੇ ਢੇਰ ’ਤੇ ਤਹਿ ਕੀਤਾ ਹੋਵੇ। ਸਰਦਾਰ ਸੁਖਬੀਰ ਸਿੰਘ ਬਾਦਲ ਨੂੰ ਸਮਝ ਲੈਣਾ ਚਾਹੀਦਾ ਹੈ ਕਿ ਕਾਤਲ ਕੋਲੋਂ ਕਤਲਾਂ ਦਾ ਇਨਸਾਫ ਨਹੀਂ ਮੰਗਿਆ ਜਾ ਸਕਦਾ ਅਤੇ ਨਾ ਕਾਤਿਲ ਇਨਸਾਫ ਕਰ ਸਕਦਾ ਹੈ।**



ਸਰਦਾਰ ਹਰਵਿੰਦਰ ਸਿੰਘ ਫੂਲਕਾ ਨੇ ਜਦੋਂ ਚੁਰਾਸੀ ਦੇ ਕਾਤਲਾਂ ਵਿਰੁੱਧ ਕਨੂੰਨੀ ਲੜਾਈ ਅਰੰਭ ਕੀਤੀ ਸੀ ਉਸ ਵਕਤ ਉਹ ਰਾਜਨੀਤੀ ਅਤੇ ਰਾਜਨੀਤਿਕ ਪਾਰਟੀਆਂ ਤੋਂ ਦੂਰ ਸੀ ।

ਉਹਨਾਂ ਨੇ ਸਮੇਂ ਦੀਆਂ ਸਰਕਾਰਾਂ ਅਤੇ ਸਰਕਾਰਾਂ ਦੇ ਦਬਾਅ ਹੇਠ ਕੰਮ ਕਰਦੇ ਪ੍ਰਸ਼ਾਸ਼ਨ ਨਾਲ ਇਕ ਲੰਬੀ ਲੜਾਈ ਲੜੀ ਹੈ।

34 ਸਾਲ ਦਾ ਸਮਾਂ ਬਹੁਤ ਲੰਬਾ ਹੁੰਦਾ ਹੈ ਭਾਰਤੀ ਨਿਆਂਪ੍ਰਣਾਲੀ ਵਿੱਚ ਆਪਣੀ ਨਿੱਜੀ ਲੜਾਈ ਲੜਦਿਆਂ ਅਸੀਂ ਪੰਜ ਦਸ ਸਾਲ ਵਿੱਚ ਅੱਕ ਕੇ ਹਾਰ ਮੰਨ ਲੈਂਦੇ ਹਾਂ। ਪਰ ਸਰਦਾਰ ਫੂਲਕਾ ਨੇ ਇਹ ਲੜਾਈ ਸਰਕਾਰੀ ਜਬਰ ਦਾ ਸ਼ਿਕਾਰ ਹੋਏ ਲੋਕਾਂ ਲਈ ਸਰਕਾਰ ਵਿਰੁੱਧ ਲੜੀ ਹੈ। ਜਿੰਨਾ ਚਿਰ ਸਰਦਾਰ ਫੂਲਕਾ ਰਾਜਨੀਤੀ ਵਿੱਚ ਨਹੀ ਸੀਂ ਆਏ ਤਾ ਸਿੱਖੀ ਦੇ ਅਖੌਤੀ ਅਲੰਬਰਦਾਰ ਸ਼੍ਰੋਮਣੀ ਅਕਾਲੀ ਨੇ ਸਰਦਾਰ ਫੂਲਕਾ ਦੇ ਸੰਘਰਸ਼ ਦੀ ਕਈ ਵਾਰ ਪ੍ਰਸ਼ੰਸ਼ਾ ਕੀਤੀ ਸੀ ਪਰ ਜਿਵੇਂ ਸਰਦਾਰ ਫੂਲਕਾ ਆਮ ਆਦਮੀ ਪਾਰਟੀ ਰਾਹੀਂ ਰਾਜਨੀਤੀ ਵਿੱਚ ਆਏ ਉਸੇ ਅਕਾਲੀ ਦਲ ਨੇ ਉਹਨਾਂ ਤੇ ਪੈਸੇ ਖਾਣ ਦੇ ਇਲਜ਼ਾਮ ਲਗਾ ਦਿੱਤੇ ਉਹ ਗੱਲ ਵੱਖਰੀ ਜਦੋਂ ਫੂਲਕਾ ਸਾਹਿਬ ਨੇ ਖੁੱਲ੍ਹਾ ਚੈਲੰਜ ਕੀਤਾ ਤਾ ਅਕਾਲੀ ਦਲ ਵਾਲੇ ਚੁੱਪ ਵੱਟ ਗਏ।

ਆਮ ਆਦਮੀ ਪਾਰਟੀ ਤੋਂ ਨਰਾਜ਼ ਲੋਕਾ ਨੇ ਵੀ ਸਰਦਾਰ ਫੂਲਕਾ ਤੇ ਬਹੁਤ ਭੱਦੇ-ਭੱਦੇ ਵਿਅੰਗ ਕੀਤੇ ਇੱਥੇ ਤੱਕ ਉਸਦੀ ਦਾਹੜੀ ਮੁੱਛਾਂ ਤੱਕ ਦਾ ਮਜ਼ਾਕ ਉਡਾਉਦੇ ਰਹੇ।

ਬੜਾ ਸੌਖਾ ਹੈ ਫ਼ੋਨ ਲੈਪਟੌਪ ਦੇ ਕੀਬੋਰਡ ਤੋਂ ਕਿਸੇ ਨੂੰ ਗੰਦਾ ਅਤੇ ਕਿਸੇ ਨੂੰ ਚੰਗਾ ਲਿਖ ਦੇਣਾ ਪਰ ਜਿਹੜਾ ਇਨਸਾਨ 34 ਸਾਲ ਮਰ ਮੁੱਕਿਆ ਦੇ ਲਹੂ ਲਈ ਲੜਿਆ ਹੋਵੇ ਉਸਨੂੰ ਸਾਡੇ ਵਰਗੇ ਕੁਮੈਂਟਸ ਅਤੇ ਲਾਈਕਸ ਦੇ ਭੁਖਿਆ ਕੋਲੋਂ ਕਿਸੇ ਸਰਟੀਫ਼ਿਕੇਟ ਦੀ ਲੋੜ ਨਹੀਂ ਹੈ।

ਜਿੰਨਾ ਦੀ ਲੜਾਈ ਸਰਦਾਰ ਫੂਲਕਾ ਲੜਿਆ ਹੈ ਉਹਨਾਂ ਨੂੰ ਪਤਾ ਹੈ ਕਿ ਉਹ ਬੇਈਮਾਨ ਸੀ ਜਾ ਇਮਾਨਦਾਰ।

ਬੀਬੀ ਜਗਦੀਸ਼ ਕੌਰ ਦਾ ਕਹਿਣਾ ਕਿ ਇਕ ਹੀ ਇਨਸਾਨ ਸੀ ਜਿਹੜਾ ਵਿਕਿਆ ਨਹੀਂ ਜਿਸਨੇ ਇਹ ਲੜਾਈ ਵਕੀਲ ਬਣਕੇ ਨਹੀਂ ਇਕ ਪੀੜਤ ਬਣਕੇ ਲੜੀ ਹੈ।

ਸਰਦਾਰ ਫੂਲਕਾ ਲਈ ਬੀਬੀ ਜਗਦੀਸ਼ ਕੌਰ ਦੇ ਇਹ ਵਿਚਾਰ ਬਹੁਤ ਵੱਡਾ ਪ੍ਰਮਾਣ ਹਨ ਉਸਨੂੰ ਨਹੀਂ ਲੋੜ ਕਿਸੇ ਪਰਗਟਜੀਤ ਸੰਧੂ ਜਾ ਕਿਸੇ ਹੋਰ ਫੇਸਬੁੱਕੀ ਛਾਂਗੂ ਮਾਂਗੂ ਦੀ ਜੋ ਸਾਬਿਤ ਕਰੇ ਕਿ ਉਹ ਕਿੰਨੇ ਇਮਾਨਦਾਰ ਸਨ।

ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸਰਦਾਰ ਸੁਖਬੀਰ ਬਾਦਲ ਨੇ ਕਹਿ ਦਿੱਤਾ ਕਿ ਸੱਜਣ ਕੁਮਾਰ ਨੂੰ ਸਜ਼ਾ ਮੋਦੀ ਕਰਕੇ ਹੋਈ ਹੈ ਉਧਰ ਆਮ ਆਦਮੀ ਪਾਰਟੀ ਦੀ ਬੀਬੀ ਬਲਜਿੰਦਰ ਕੌਰ ਕਹਿੰਦੀ ਇਹ ਕੇਜਰੀਵਾਲ ਕਰਕੇ ਹੋਈ ਹੈ। ਦੋਵਾਂ ਪਾਰਟੀਆਂ ਦੇ ਬਿਆਨ ਬੇਸ਼ਰਮੀ ਤੋਂ ਅੱਗੇ ਵਾਲੇ ਮੁਕਾਮ ਤੇ ਹਨ।

ਸੱਜਣ ਕੁਮਾਰ ਨੂੰ ਸਜ਼ਾ ਅਦਾਲਤੀ ਸਿਸਟਮ ਨੇ ਦਿੱਤੀ ਹੈ ਪਤਾ ਨਹੀਂ 34 ਸਾਲ ਵਿੱਚ ਕਿੰਨੇ ਗਵਾਹ ਮੁਕਰੇ ਕਿੰਨੇ ਮਰ ਗਏ ਕਿੰਨੇ ਡਰ ਗਏ ਕਿੰਨੇ ਸਬੂਤ ਮਿਟ ਗਏ ਕਿੰਨੇ ਭਗੌੜੇ ਹੋ ਗਏ ਇਸ ਸਾਰੇ ਵਿੱਚ ਜੇ ਕੋਈ ਅਖੀਰ ਤੱਕ ਖੜ੍ਹਾ ਨਾਮ ਨਜ਼ਰ ਆਉਂਦਾ ਹੈ ਤਾਂ ਉਹ ਹਰਵਿੰਦਰ ਸਿੰਘ ਫੂਲਕਾ ਹੈ ਜਦੋਂ ਉਸਨੇ ਅਦਾਲਤ ਵਿੱਚ ਚੀਖਣਾ ਸ਼ੁਰੂ ਕੀਤਾ ਸੀ ਨਾ ਉਸ ਵੇਲੇ ਆਮ ਆਦਮੀ ਪਾਰਟੀ ਦੀ ਕੋਈ ਹੋਂਦ ਸੀ ਨਾ ਹੀ ਕੋਈ ਕੇਜਰੀਵਾਲ ਨੂੰ ਜਾਣਦਾ ਸੀ। ਨਰਿੰਦਰ ਮੋਦੀ ਸਿੱਖਾਂ ਨੂੰ ਇਨਸਾਫ ਕਿਵੇਂ ਦੇ ਸਕਦਾ ਹੈ ਜਿਸਨੇ ਇੱਕ ਆਰ ਐਸ ਐਸ ਦੇ ਵਰਕਰ ਤੋਂ ਪ੍ਰਧਾਨ ਮੰਤਰੀ ਦਾ ਸਫਰ ਲਾਸ਼ਾਂ ਦੇ ਢੇਰ ’ਤੇ ਤਹਿ ਕੀਤਾ ਹੋਵੇ। ਸਰਦਾਰ ਸੁਖਬੀਰ ਸਿੰਘ ਬਾਦਲ ਨੂੰ ਸਮਝ ਲੈਣਾ ਚਾਹੀਦਾ ਹੈ ਕਿ ਕਾਤਲ ਕੋਲੋਂ ਕਤਲਾਂ ਦਾ ਇਨਸਾਫ ਨਹੀਂ ਮੰਗਿਆ ਜਾ ਸਕਦਾ ਅਤੇ ਨਾ ਕਾਤਿਲ ਇਨਸਾਫ ਕਰ ਸਕਦਾ ਹੈ।

ਨਰਿੰਦਰ ਮੋਦੀ ਖ਼ੁਦ ਸੱਜਣ ਟਾਈਟਲਰ ਨਾਲ਼ੋਂ ਵੱਡਾ ਦੈਂਤ ਹੈ ਫਰਕ ਏਨਾ ਹੈ ਉਸਦੀ ਹੈਵਾਨੀਅਤ ਦਾ ਸ਼ਿਕਾਰ ਵਾਹਿਗੁਰੂ ਕਹਿਣ ਵਾਲੇ ਨਹੀ ਅੱਲਾਹ ਹੂ ਅਕਬਰ ਕਹਿਣ ਵਾਲੇ ਸਨ।

ਕਈ ਲੋਕ ਇਹੋ ਕਹਿ ਰਹੇ 34 ਸਾਲ ਬਾਅਦ ਮਿਲਣ ਵਾਲੀ ਸਜ਼ਾ ਨੂੰ ਇਨਸਾਫ ਨਹੀ ਕਿਹਾ ਜਾ ਸਕਦਾ ਮੈਂ ਸਹਿਮਤ ਹਾਂ ਪਰ ਜਿੰਨਾ ਵੀ ਹੋਇਆ ਹੈ ਉਸ ਲਈ ਬੀਬੀ ਜਗਦੀਸ਼ ਕੌਰ ਦੇ ਸਬਰ ਅਤੇ ਸਰਦਾਰ ਫੂਲਕਾ ਦੀ ਨਿਰਸਵਾਰਥ ਲੜਾਈ ਨੂੰ ਵੀ ਗਵਾਰਾਂ ਨਹੀਂ ਕੀਤਾ ਜਾ ਸਕਦਾ।

34 ਸਾਲ ਵਾਪਸ ਨਹੀਂ ਕੀਤੇ ਜਾ ਸਕਦੇ ਪਰ ਜੇ ਏਨਾ ਵੀ ਨਾ ਹੁੰਦਾ ਫਿਰ ਵੀ ਅਸੀਂ ਕੋਸਣ ਜੋਗੇ ਸੀ ਕਿਹੜਾ ਅਸੀਂ ਜ਼ਮੀਨੀ ਪੱਧਰ ’ਤੇ ਕੋਈ ਲੜਾਈ ਲੜਣ ਵਾਲੇ ਸੀ ?

ਕੋਈ ਵੀ ਰਾਜਨੀਤਿਕ ਪਾਰਟੀ ਜੇ ਇਹ ਕ੍ਰੈਡਿਟ ਲੈਣ ਲਈ ਬਿਆਨਬਾਜ਼ੀ ਕਰਦੀ ਹੈ ਤਾਂ ਲਾਹਨਤ ਹੈ ਉਸਤੇ ਮੈਂ ਦਿਲੋਂ ਬਿਨਾਂ ਕਿਸੇ ਰਾਜਨੀਤਿਕ ਪੱਖ ਤੋਂ ਸਰਦਾਰ ਹਰਵਿੰਦਰ ਸਿੰਘ ਫੂਲਕਾ ਦੇ ਸੰਘਰਸ਼ ਨੂੰ ਸਲਾਮ ਕਰਦਾ ਹਾਂ।

ਮੁਰਦੇ ਆਪਣੇ ਲਈ ਇਨਸਾਫ ਨਹੀਂ ਮੰਗ ਸਕਦੇ ਜੋ ਲੋਕ ਜਿਉਂਦੇ ਹਨ ਉਹਨਾਂ ਦਾ ਫਰਜ਼ ਬਣਦਾ ਹੈ ਉਹਨਾਂ ਦੇ ਇਨਸਾਫ ਲਈ ਲੜਾਈ ਲੜਕੇ ਇਸ ਗੱਲ ਦਾ ਸਬੂਤ ਦੇਣ ਕਿ ਉਹ ਜਿਉਂਦੇ ਹਨ। ਸਿਰਫ ਸਾਹ ਲੈਣਾ ਹੀ ਜਿਉਂਦੇ ਹੋਣਾ ਨਹੀਂ ਹੁੰਦਾ ਜੇ ਏਨਾ ਜ਼ੁਲਮ ਦੇਖਕੇ ਅਸੀਂ ਚੁੱਪ ਹਾਂ ਤਾਂ ਸਾਡੇ ਅਤੇ ਮੁਰਦਿਆਂ ਵਿੱਚ ਕੋਈ ਅੰਤਰ ਨਹੀਂ ਹੈ।

ਇਸ ਲਈ ਸਾਡੇ ਵਰਗੇ ਮੁਰਦਿਆਂ ਨੂੰ ਕੋਈ ਹੱਕ ਨਹੀਂ ਸਰਦਾਰ ਫੂਲਕੇ ਵਰਗੇ ਜਿਉਦੇ ਇਨਸਾਨ ਤੇ ਉਂਗਲੀ ਚੁਕੀਏ।

- ਪ੍ਰਗਟ ਸੰਧੂ


















# ਮਨੂੰਵਾਦੀ ਫਾਸ਼ੀਵਾਦ ਜਮਹੂਰੀ ਹੱਕਾਂ ਦੀ ਲਹਿਰ ਲਈ ਸਭ ਤੋਂ ਵੱਡੀ ਚੁਣੌਤੀ : ਜਸਟਿਸ ਕੋਲਸੇ ਪਾਟਿਲ






ਲੁਧਿਆਣਾ : "ਅੱਜ ਆਰ.ਬੀ.ਆਈ ਸਮੇਤ ਮੁਲਕ ਦੇ ਹਰ ਰਾਜਕੀ ਅਦਾਰੇ ਉੱਪਰ ਆਰ. ਐੱਸ. ਐੱਸ. ਦਾ ਕਬਜ਼ਾ ਹੋ ਚੁੱਕਾ ਹੈ ਅਤੇ ਮੋਦੀ ਸਰਕਾਰ ਖੁੱਲ੍ਹੇ ਤੌਰ 'ਤੇ ਮਨੂਵਾਦ ਅਤੇ ਪੂੰਜੀਵਾਦ ਲਈ ਕੰਮ ਕਰ ਰਹੀ ਹੈ। ਜਿਸ ਦੀਆਂ ਸਾਜ਼ਿਸ਼ਾਂ ਨੂੰ ਹਰਾਕੇ ਸੁਤੰਤਰ ਸੋਚ ਅਤੇ ਜਮਹੂਰੀ ਹੱਕਾਂ ਦੀ ਰਾਖੀ ਕਰਨਾ ਅੱਜ ਸਾਡੇ ਸਾਮਣੇ ਸਭ ਤੋਂ ਵੱਡੀ ਚੁਣੌਤੀ ਹੈ" ਇਹ ਵਿਚਾਰ ਅੱਜ ਜਮਹੂਰੀ ਅਧਿਕਾਰ ਸਭਾ ਪੰਜਾਬ ਵੱਲੋਂ ਇੱਥੇ ਪੰਜਾਬੀ ਭਵਨ ਲੁਧਿਆਣਾ ਵਿਖੇ ਆਯੋਜਤ ਸੂਬਾਈ ਕਨਵੈਨਸ਼ਨ ਦੌਰਾਨ ਮੁੱਖ ਬੁਲਾਰੇ ਵਜੋਂ ਬੋਲਦਿਆਂ ਜਸਟਿਸ ਬੀ. ਜੀ. ਕੋਲਸੇ ਪਾਟਿਲ ਨੇ ਪੇਸ਼ ਕੀਤੇ ਜੋ ਮਹਾਂਰਾਸ਼ਟਰ ਤੋਂ ਵਿਸ਼ੇਸ਼ ਤੌਰ 'ਤੇ ਪਹੁੰਚੇ ਸਨ। ਕਨਵੈਨਸ਼ਨ ਦੀ ਪ੍ਰਧਾਨਗੀ ਮੁੱਖ ਵਕਤਾ ਦੇ ਨਾਲ ਸਭਾ ਦੇ ਸੂਬਾ ਪ੍ਰਧਾਨ ਪ੍ਰੋਫੈਸਰ ਏ.ਕੇ.ਮਲੇਰੀ, ਜਨਰਲ ਸਕੱਤਰ ਪ੍ਰੋਫੈਸਰ ਜਗਮੋਹਣ ਸਿੰਘ, ਸਕੱਤਰੇਤ ਮੈਂਬਰ ਡਾ. ਪਰਮਿੰਦਰ ਸਿੰਘ ਅਤੇ ਮਲਕੀਤ ਕੌਰ ਨੇ ਕੀਤੀ।

ਜਸਟਿਸ ਪਾਟਿਲ ਨੇ ਵਿਸਤਾਰ ਵਿਚ ਤੱਥ ਪੇਸ਼ ਕਰਕੇ ਸਪਸ਼ਟ ਕੀਤਾ ਕਿ ਭੀਮਾ-ਕੋਰੇਗਾਓਂ ਮਾਮਲੇ ਵਿਚ ਬੁੱਧੀਜੀਵੀਆਂ ਅਤੇ ਕਾਰਕੁੰਨਾਂ ਨੂੰ "ਸ਼ਹਿਰੀ ਨਕਸਲੀ" ਕਰਾਰ ਦੇਕੇ ਦਰਜ ਕੀਤਾ ਮੁਕੱਦਮਾ ਪੂਰੀ ਤਰ੍ਹਾਂ ਝੂਠਾ ਹੈ। ਅਸਲ ਤੱਥ ਇਹ ਹੈ ਕਿ ਐਲਗਾਰ ਪਰੀਸ਼ਦ ਦੇ ਕੁਲ ਇੰਤਜ਼ਾਮ ਜਸਟਿਸ ਪੀ.ਬੀ.ਸਾਵੰਤ ਅਤੇ ਹੋਰ ਸ਼ਖਸੀਅਤਾਂ ਵਲੋਂ ਕੀਤੇ ਗਏ ਸਨ। ਹਿੰਸਾ ਦਰਅਸਲ ਹਿੰਦੂਤਵ ਆਗੂ ਸ਼ੰਭਾਜੀ ਭੀੜੇ ਅਤੇ ਮਿਲਿੰਦ ਏਕਬੋਟ ਵੱਲੋਂ ਬਾਕਾਇਦਾ ਸਾਜ਼ਿਸ਼ ਬਣਾਕੇ ਅਤੇ ਪਿੰਡਾਂ ਵਿਚ ਐਲਗਾਰ ਪਰੀਸ਼ਦ ਵਿਚ ਸ਼ਾਮਲ ਹੋਣ ਵਾਲਿਆਂ ਦਾ ਬਾਈਕਾਟ ਕਰਨ ਲਈ ਭੜਕਾਊ ਮੁਹਿੰਮ ਚਲਾਕੇ ਕੀਤੀ ਗਈ ਸੀ। ਉਹਨਾਂ ਕਿਹਾ ਕਿ ਮਨੂਵਾਦੀ ਤਾਕਤਾਂ ਨੇ ਹਮੇਸ਼ਾ ਦੇਸ਼ ਵਿਰੋਧੀ ਹਮਲਾਵਰਾਂ ਨਾਲ ਗੰਢ-ਤੁੱਪ ਕਰਕੇ ਦੇਸ਼ਧ੍ਰੋਹ ਕੀਤਾ ਹੈ ਅਤੇ ਸੰਘ ਦਾ ਮੂਲ ਹੀ ਸੁਤੰਤਰ ਵਿਚਾਰਾਂ ਨੂੰ ਤਬਾਹ ਕਰਨਾ ਹੈ। ਹੁਣ ਵੀ ਸੰਘ ਪਰਿਵਾਰ ਦਾ ਏਜੰਡਾ ਰਾਸ਼ਟਰਵਾਦ ਦੇ ਨਾਂ ਹੇਠ ਦੇਸ਼ ਨੂੰ ਬਰਬਾਦ ਕਰਨਾ ਹੈ। ਮਿਲਿੰਦ ਏਕਬੋਟੇ ਵਰਗੇ ਹਿੰਦੂਤਵ ਆਗੂ ਹਿੱਕ ਠੋਕਕੇ ਕਹਿ ਰਹੇ ਹਨ ਕਿ ਮਨੂ ਸਮਰਿਤੀ ਭਾਰਤੀ ਸੰਵਿਧਾਨ ਨਾਲੋਂ ਦਸ ਗੁਣਾਂ ਬਿਹਤਰ ਅਤੇ ਤਾਕਤਵਰ ਹੈ। ਸੰਘ ਦਾ ਪੂਰਾ ਤੰਤਰ ਮੁਲਕ ਦੇ ਜਮਹੂਰੀ ਮੁੱਲਾਂ ਅਤੇ ਪ੍ਰਸ਼ਾਸਨਿਕ ਅਦਾਰਿਆਂ ਨੂੰ ਢਾਹ ਲਾਉਣ ਲਈ ਪੂਰਾ ਸਰਗਰਮ ਹੈ। ਮੁੱਖ ਦੀ ਜਾਂਚ ਏਜੰਸੀ ਆਈ.ਬੀ. ਆਰ.ਐੱਸ.ਐੱਸ. ਦੇ ਵਿੰਗ ਦੇ ਤੌਰ 'ਤੇ ਕੰਮ ਕਰ ਰਹੀ ਹੈ ਅਤੇ ਸਮੂਹ ਜਾਂਚ ਏਜੰਸੀਆਂ ਹਿੰਦੂਤਵ ਦਹਿਸ਼ਤੀ ਗਰੋਹਾਂ ਦੀਆਂ ਦੇਸ਼ ਵਿਰੋਧੀ ਦਹਿਸ਼ਤੀ ਖ਼ਤਰਨਾਕ ਸਾਜ਼ਿਸ਼ ਤਹਿਤ ਕੀਤੇ ਕਤਲੇਆਮਾਂ, ਬੰਬ ਧਮਾਕਿਆਂ ਵਿਚ ਹਿੰਦੂਤਵ ਆਗੂਆਂ ਦੀ ਭੂਮਿਕਾ ਨੂੰ ਨਜ਼ਰਅੰਦਾਜ ਕਰਕੇ ਬੇਕਸੂਰ ਮੁਸਲਮਾਨਾਂ ਅਤੇ ਹੋਰ ਹਾਸ਼ੀਆਗ੍ਰਸਤ ਹਿੱਸਿਆਂ ਅਤੇ ਲੋਕਪੱਖੀ ਕਾਰਕੁੰਨਾਂ ਨੂੰ ਜੇਲ੍ਹਾਂ ਵਿਚ ਸਾੜ ਰਹੀਆਂ ਹਨ। ਉਹਨਾਂ ਕਿਹਾ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਭਾਜਪਾ ਪ੍ਰਧਾਨ ਅਮਿੱਤ ਸ਼ਾਹ ਦਾ ਮੁਸਲਮਾਨਾਂ ਦੇ ਕਤਲੇਆਮ ਅਤੇ ਹੋਰ ਸਿਆਸੀ ਕਤਲਾਂ ਪਿੱਛੇ ਹੱਥ ਹੈ ਅਤੇ ਗੁਜਰਾਤ ਦੀ ਪ੍ਰਯੋਗਸ਼ਾਲਾ ਨੂੰ ਹੁਣ ਪੂਰੇ ਮੁਲਕ ਵਿਚ ਲਾਗੂ ਕੀਤਾ ਜਾ ਰਿਹਾ ਹੈ। ਉਹਨਾਂ ਕਿਹਾ ਗਊ ਹੱਤਿਆ ਦਾ ਮੁੱਦਾ ਦਲਿਤ ਅਤੇ ਕਿਸਾਨ ਵਿਰੋਧੀ ਹੈ, ਸੰਘ ਦੀ ਸਾਜ਼ਿਸ਼ ਪੂਰੀ ਤਰ੍ਹਾਂ ਬੇਪਰਦ ਹੋ ਚੁੱਕੀ ਹੈ ਅਤੇ ਅੱਜ ਹਿੰਦੂਤਵ ਦੀ ਖ਼ਤਰਨਾਕ ਵਿਚਾਰਧਾਰਾ ਨੂੰ ਹਰਾਉਣ ਲਈ ਪੂਰਾ ਤਾਣ ਲਾ ਦੇਣਾ ਚਾਹੀਦਾ ਹੈ। ਉਹਨਾਂ ਜ਼ੋਰ ਦਿੱਤਾ ਕਿ ਇਤਿਹਾਸ ਦੇ ਸੱਚ ਨੂੰ ਸਾਹਮਣੇ ਲਿਆਉਣਾ ਜ਼ਰੂਰੀ ਹੈ ਅਤੇ ਇਸ ਲਈ ਲੋਕਾਂ ਨੂੰ ਵਿਆਪਕ ਪੱਧਰ 'ਤੇ ਜਾਗਰੂਕ ਕਰਨਾ ਚਾਹੀਦਾ ਹੈ। ਉਹਨਾਂ ਕਿਹਾ ਕਿ ਸਾਰੀਆਂ ਹਾਕਮ ਜਮਾਤੀ ਪਾਰਟੀਆਂ ਮਨੂਵਾਦ ਦੀਆਂ ਪੈਰੋਕਾਰ ਹਨ ਅਤੇ ਦੱਬੇਕੁਚਲੇ ਲੋਕਾਂ ਦੇ ਹਿਤ ਲਈ ਇਹਨਾਂ ਨੂੰ ਇਕ ਇਕ ਕਰਕੇ ਦਬੱਲਣਾ ਹੋਵੇਗਾ। ਉਹਨਾਂ ਕਿਹਾ ਚੁੱਪ ਰਹਿਣਾ ਸਭ ਤੋਂ ਵੱਡੀ ਬਦਮਾਸ਼ੀ ਹੈ। ਇਸ ਮੌਕੇ ਸੰਬੋਧਨ ਕਰਦਿਆਂ ਪ੍ਰੋਫੈਸਰ ਜਗਮੋਹਣ ਸਿੰਘ ਨੇ ਜਮਹੂਰੀ ਹੱਕਾਂ ਦੀ ਰਾਖੀ ਲਈ ਵਿਸ਼ਾਲ ਲੋਕ ਰਾਇ ਖੜ੍ਹੀ ਕਰਨ ਉੱਪਰ ਜ਼ੋਰ ਦਿੱਤਾ। ਇਸ ਮੌਕੇ ਡਾ. ਪਰਮਿੰਦਰ ਸਿੰਘ ਵੱਲੋਂ ਪੇਸ਼ ਕੀਤੇ ਮਤਿਆਂ ਵਿਚ ਮੰਗ ਕੀਤੀ ਗਈ ਕਿ ਉੱਘੇ ਬੁੱਧੀਜੀਵੀਆਂ ਗੌਤਮ ਨਵਲੱਖਾ, ਸੁਧਾ ਭਾਰਦਵਾਜ, ਕਵੀ ਪ੍ਰੋ ਵਰਵਰਾ ਰਾਓ ਸਮੇਤ ਸਮੂਹ ਬੁੱਧੀਜੀਵੀਆਂ ਵਿਰੁੱਧ ਦਰਜ ਝੂਠੀ ਐੱਫ.ਆਈ.ਆਰ. ਰੱਦ ਕੀਤੀ ਜਾਵੇ, ਪ੍ਰੋਫੈਸਰ ਸਾਈਬਾਬਾ ਸਮੇਤ ਜੇਲ੍ਹਬੰਦ ਬੁੱਧੀਜੀਵੀਆਂ ਨੂੰ ਤੁਰੰਤ ਰਿਹਾਅ ਕੀਤਾ ਜਾਵੇ। ਯੂ ਏ ਪੀ ਏ, ਅਫਸਪਾ, ਐੱਨ ਐਸ ਏ,ਪੀ ਐੱਸ ਏ ਜਨਤਕ ਤੇ ਨਿੱਜੀ ਜਾਇਦਾਦ ਨੁਕਸਾਨ ਰੋਕੂ ਕਾਨੂੰਨ, ਧਾਰਮਿਕ ਬੇਅਦਬੀਆਂ ਸਬੰਧੀ ਦੋ ਕਾਨੂੰਨ (295-ਏ ਤੇ 295-ਏਏ) ਸਮੇਤ ਸਾਰੇ ਕਾਲੇ ਕਨੂੰਨਾਂ ਨੂੰ ਖਤਮ ਕੀਤੇ ਜਾਣ। ਆਜ਼ਾਦ ਵਿਚਾਰਾਂ ਦੇ ਪ੍ਰਗਟਾਵੇ ਦੀ ਆਜ਼ਾਦੀ ਤੇ ਹਮਲੇ ਬੰਦ ਕੀਤੇ ਜਾਣ, ਸੰਘਰਸ਼ਸ਼ੀਲ ਅਧਿਆਪਕਾਂ 'ਤੇ ਦਰਜ ਝੂਠੇ ਕੇਸ ਵਾਪਸ ਲੈਣ, ਪੰਜਾਬ ਵਿਚ ਗ੍ਰਿਫ਼ਤਾਰ ਕਸ਼ਮੀਰੀ ਵਿਦਿਆਰਥੀਆਂ ਨੂੰ ਰਿਹਾਅ ਕੀਤਾ ਜਾਵੇ ਅਤੇ ਉਹਨਾਂ ਉੱਪਰ ਹਮਲਾ ਬੰਦ ਕੀਤਾ ਜਾਵੇ। ਅਧਿਆਪਕਾਂ ਦੇ ਸੰਘਰਸ਼ ਦੌਰਾਨ ਕੀਤੀਆਂ ਬਦਲੀਆਂ ਅਤੇ ਮੁਅੱਤਲੀਆਂ ਵਾਪਸ ਲੈ ਕੇ ਉਹਨਾਂ ਦੀਆਂ ਮੰਗਾਂ ਮੰਨੀਆਂ ਜਾਣ। ਸਭਾ ਵੱਲੋਂ ਜਸਟਿਸ ਕੋਲਸੇ ਨੂੰ ਸ਼ਾਲ, ਭਗਤ ਸਿੰਘ ਦੀ ਤਸਵੀਰ ਅਤੇ ਕਿਤਾਬਾਂ ਦਾ ਸੈੱਟ ਦੇਕੇ ਸਨਮਾਨਿਤ ਕੀਤਾ ਗਿਆ। ਇਸ ਮੌਕੇ ਸਮੂਹ ਜ਼ਿਲ੍ਹਾ ਇਕਾਈਆਂ ਦੇ ਅਹੁਦੇਦਾਰਾਂ ਅਤੇ ਕਾਰਕੁੰਨਾਂ ਸਮੇਤ ਬਹੁਤ ਸਾਰੀਆਂ ਅਗਾਂਹਵਧੂ, ਜਮਹੂਰੀ ਸ਼ਖਸੀਅਤਾਂ ਦੇ ਨਾਲ ਨਾਲ ਕਿਸਾਨ, ਮਜ਼ਦੂਰ, ਵਿਦਿਆਰਥੀ, ਨੌਜਵਾਨ, ਤਰਕਸ਼ੀਲ ਅਤੇ ਸਾਹਿਤਕ ਸਭਿਆਚਾਰਕ ਜਥੇਬੰਦੀਆਂ ਦੇ ਆਗੂ ਤੇ ਵਰਕਰ ਵੱਡੀ ਗਿਣਤੀ ਵਿਚ ਸ਼ਾਮਿਲ ਹੋਏ। ਸਟੇਜ ਸਕੱਤਰ ਦੀ ਭੂਮਿਕਾ ਜ਼ਿਲ੍ਹਾ ਪ੍ਰਧਾਨ ਜਸਵੰਤ ਜੀਰਖ ਨੇ ਬਾਖ਼ੂਬੀ ਨਿਭਾਈ।

# ਬਰਨਾਲਾ ਵਿੱਚ ਹੋਈ ਸੂਬਾਈ ਕਾਨਫਰੰਸ ਨੇ ਦਿੱਤਾ ਹੋਕਾ

## ਲੋਕ ਸ਼ਕਤੀ ਹੀ ਫ਼ਿਰਕੂ ਦਹਿਸ਼ਤ ਨੂੰ ਹਰਾਏਗੀ : ਹਿਮਾਂਸ਼ੂ ਕੁਮਾਰ



ਬਰਨਾਲਾ: ਬੁੱਧੀਜੀਵੀਆਂ, ਇਨਕਲਾਬੀ ਜਮਹੂਰੀ ਤੇ ਸਮਾਜਿਕ ਤਬਦੀਲੀ ਲਈ ਜੂਝਦੇ ਸੰਗਰਾਮੀਆਂ ਦੀ ਰਿਹਾਈ ਅਤੇ ਵਿਚਾਰ ਪ੍ਰਗਟਾਵੇ ਦੀ ਆਜ਼ਾਦੀ ਲਈ ਆਵਾਜ਼ ਬੁਲੰਦ ਕਰਨ ਲਈ ਸਥਾਨਕ ਤਰਕਸ਼ੀਲ ਭਵਨ ਵਿਖੇ ਅਪਰੇਸ਼ਨ ਗਰੀਨ ਹੰਟ ਵਿਰੋਧੀ ਜਮਹੂਰੀ ਫਰੰਟ ਵੱਲੋਂ ਕੀਤੀ ਸੂਬਾਈ ਕਨਵੈਨਸ਼ਨ ਚ ਪੰਜਾਬ ਦੇ ਕੋਨੇ ਕੋਨੇ ਤੋਂ ਪੁੱਜੇ ਬੁੱਧੀਜੀਵੀਆਂ, ਲੇਖਕਾਂ, ਲੇਖਕਾਂ, ਕਿਰਤੀ, ਕਿਸਾਨਾਂ, ਵਿਦਿਆਰਥੀਆਂ ਤੇ ਨੌਜਵਾਨਾਂ ਨੇ ਜੋਸ਼ੋ ਖਰੋਸ਼ ਨਾਲ ਸ਼ਿਰਕਤ ਕੀਤੀ। ਉੱਘੇ ਰੰਗ ਕਰਮੀ ਮਨਜੀਤ ਕੌਰ ਔਲਖ, ਸੁਰਿੰਦਰ ਕੁਮਾਰੀ ਕੋਛੜ, ਐਡਵੋਕੇਟ ਐੱਨ. ਕੇ. ਜੀਤ, ਕਹਾਣੀਕਾਰ ਅਤਰਜੀਤ, ਪ੍ਰੋ. ਬਲਦੀਪ, ਮਾਸਟਰ ਭਜਨ ਸਿੰਘ ਤੇ ਜਮਹੂਰੀ ਫਰੰਟ ਦੇ ਕਨਵੀਨਰ ਡਾ. ਪਰਮਿੰਦਰ ਸਿੰਘ ਦੀ ਪ੍ਰਧਾਨਗੀ ਹੇਠ ਹੋਈ ਕਨਵੈਨਸ਼ਨ ਨੂੰ ਦੇਸ਼ ਦੇ ਜਾਣੇ ਪਹਿਚਾਣੇ ਸਮਾਜ ਸੇਵੀ ਤੇ ਚਿੰਤਕ ਹਿਮਾਂਸ਼ੂ ਕੁਮਾਰ ਨੇ ਮੁੱਖ ਬੁਲਾਰੇ ਵਜੋਂ ਸੰਬੋਧਨ ਕੀਤਾ।ਕਨਵੈਨਸ਼ਨ ਦਾ ਆਗਾਜ਼ ਕੁਲਦੀਪ ਜਲੂਰ, ਅੰਮ੍ਰਿਤਪਾਲ ਬਠਿੰਡਾ ਤੇ ਪੀਪਲਜ਼ ਥੀਏਟਰ ਪਟਿਆਲਾ ਦੇ ਸੱਤਪਾਲ ਬੰਗੇ ਤੇ ਸਾਥੀਆਂ ਦੇ ਗਾਏ ਇਨਕਲਾਬੀ ਗੀਤਾਂ ਨਾਲ ਹੋਇਆ। ਜਮਹੂਰੀ ਫਰੰਟ ਦੇ ਕਨਵੀਨਰ ਡਾ. ਪਰਮਿੰਦਰ ਸਿੰਘ ਨੇ ਕਨਵੈਨਸ਼ਨ ਵਿੱਚ ਬੋਲਦਿਆਂ ਆਖਿਆ ਕਿ ਅੱਜ ਦੀ ਕਨਵੈਨਸ਼ਨ ਦੇ ਮੁੱਖ ਬੁਲਾਰੇ ਅਨਿਰ ਬਾਨ ਭੱਟਾਚਾਰੀਆ(ਜਵਾਹਰ ਲਾਲ ਨਹਿਰੂ ਯੂਨੀਵਰਸਿਟੀ, ਦਿੱਲੀ) ਮੁੜ ਦੇਸ਼ ਧ੍ਰੋਹ ਦੇ ਕੇਸ ਪਾ ਕੇ,ਉਸ ਵਾਂਗ ਹੀ ਦਰਜਨਾਂ ਵਿਦਿਆਰਥੀ ਆਗੂਆਂ ਨੂੰ ਗ੍ਰਿਫ਼ਤਾਰ ਕਰਨ ਦੀਆਂ ਤਿਆਰੀਆਂ ਕੀਤੀਆਂ ਜਾ ਰਹੀਆਂ ਹਨ।ਕਨਵੈਨਸ਼ਨ ਵਿੱਚ ਮੁੱਖ ਵਕਤਾ ਵਜੋਂ ਬੋਲਦਿਆਂ ਹਿਮਾਂਸ਼ੂ ਕੁਮਾਰ ਨੇ ਆਖਿਆ ਕਿ ਫੋਕੇ ਸਵੈਮਾਣ ਤੇ ਕੌਮੀ ਅੰਧਵਿਸ਼ਵਾਸ ਦੀ ਦੁਹਾਈ ਦੇ ਸ਼ੋਰ ਵਿੱਚ ਦੇਸ਼ ਦੇ ਲੋਕਾਂ ਦੀ ਜਮਹੂਰੀ ਆਜ਼ਾਦੀ ਉੱਪਰ ਝਪਟਿਆ ਜਾ ਰਿਹਾ ਹੈ। ਉਹਨਾਂ ਕਿਹਾ ਕਿ ਮੁਲਕ ਦੇ ਮੁੱਠੀ ਭਰ ਪੂੰਜੀਪਤੀ, ਕੁੱਲ ਦੇਸ਼ਵਾਸੀਆਂ ਦੀ ਕਿਰਤ ਬੰਦੂਕ ਤੇ ਸੱਤਾ ਦੇ ਜੋਰ ਖੋਹ ਕੇ ਹੀ ਅਮੀਰ ਬਣ ਰਹੇ ਹਨ। ਆਦਿਵਾਸੀ ਖੇਤਰਾਂ ਵਿੱਚ ਨੀਮ ਫੌਜੀ ਬਲਾਂ ਦੀ ਤਾਇਨਾਤੀ ਦਾ ਜ਼ਿਕਰ ਕਰਦਿਆਂ ਉਹਨਾਂ ਆਖਿਆ ਕਿ ਗਰੀਬ, ਮਿਹਨਤਕਸ਼ ਲੋਕਾਂ ਉੱਪਰ ਨੰਗੀ ਚਿੱਟੀ ਨਿਹੱਕੀ ਜੰਗ ਮੜਨਾ ਹੈ। ਹਿਮਾਂਸ਼ੂ ਕੁਮਾਰ ਨੇ ਸਪਸ਼ੱਟ ਕੀਤਾ ਕਿ ਆਰਥਿਕ ਲੁੱਟ ਖਸੁੱਟ, ਸਮਾਜਿਕ ਦਾਬੇ, ਫ਼ਿਰਕੂ ਫਾਸ਼ੀ ਹੱਲੇ ਦਾ ਹਕੀਕੀ ਬਦਲ,ਇਨਕਲਾਬੀ ਲੋਕ ਸ਼ਕਤੀ ਹੈ। ਹਾਕਮ ਜਮਾਤੀ ਅਦਲਾ ਬਦਲੀ ਦੇ ਚੱਕਰਾਂ ਤੋਂ ਉੱਪਰ ਉੱਠਕੇ ਕੇ ਹੀ ਅਸਲ ਵਿੱਚ ਕਮਾਊ ਅਤੇ ਜਮਹੂਰੀ ਸ਼ਕਤੀਆਂ ਦੀ ਪੁੱਗਤ ਵਾਲਾ ਨਵਾਂ ਸਮਾਜ ਸਿਰਜਣ ਲਈ ਲੋਕ ਸੰਗਰਾਮ ਤੇਜ਼ ਕਰਨ ਦੀ ਲੋੜ ਹੈ। ਐਡਵੋਕੇਟ ਐੱਨ.ਕੇ. ਜੀਤ ਵੱਲੋਂ ਕਨਵੈਨਸ਼ਨ ਵਿੱਚ ਪੜੇ ਗਏ ਮਤਿਆਂ ਜਵਾਹਰ ਲਾਲ ਨਹਿਰੂ ਯੂਨੀਵਰਸਿਟੀ ਦੇ ਆਗੂਆਂ ਕਨਈਆ ਕੁਮਾਰ, ਅਨਿਰ ਬਾਨ ਭੱਟਾਚਾਰੀਆ, ਉਮਰ ਖਾਲਿਦ, ਸਾਹਿਲਾ ਰਸ਼ੀਦ ਤੇ ਮੁੜ ਪਾਏ ਝੂਠੇ ਕੇਸ ਰੱਦ ਕਰਨ,ਲੋਕਾਂ ਦੀ ਜ਼ੁਬਾਨਬੰਦੀ ਕਰਨ ਲਈ ਝੂਠੇ ਕੇਸ ਪਾ ਕੇ ਗ੍ਰਿਫਤਾਰ ਕੀਤੇ ਜਮਹੂਰੀ ਹੱਕਾਂ ਦੇ ਰਖਵਾਲੇ ਪੰਜ ਬੁੱਧੀਜੀਵੀਆਂ ਦੀ ਬਿਨਾ ਸ਼ਰਤ ਰਿਹਾਈ, ਪੰਜਾਬੀ ਕਵੀ ਸੁਰਜੀਤ ਗੱਗ ਤੇ ਧਾਰਾ 295 ਏ ਦੇ ਬਣਾਏ ਕੇਸ ਰੱਦ ਕਰਨ, ਤਰਕਸ਼ੀਲ ਆਗੂਆਂ ਡਾ. ਦਾਭੋਲਕਰ, ਗੋਵਿੰਦ ਪੰਸਾਰੇ, ਪ੍ਰੋ. ਕੁਲਬਰਗੀ ਤੇ ਗੌਰੀ ਲੰਕੇਸ਼ ਦੇ ਕਾਤਲਾਂ ਨੂੰ ਸਖਤ ਸਜ਼ਾਵਾਂ ਦੇਣ,ਕੇਂਦਰ ਸਰਕਾਰ ਦੇ ਤਾਨਾਸ਼ਾਹੀ ਫਰਮਾਨ ਖ਼ੁਫ਼ੀਆ ਏਜੰਸੀਆਂ ਰਾਹੀਂ ਲੋਕਾਂ ਦੇ ਕੰਪਿਊਟਰਾਂ ਤੇ ਨਜ਼ਰ ਰੱਖਣ ਦੇ ਹੁਕਮ ਰੱਦ ਕਰਨ ਤੇ ਕਸ਼ਮੀਰ ਦੇ ਲੋਕਾਂ ਖ਼ਿਲਾਫ਼ ਚਲਾਈ ਜਾ ਰਹੀ ਖੁੱਲੀ ਜੰਗ ਤੁਰੰਤ ਬੰਦ ਕਰਨ ਦੇ ਮਤਿਆਂ ਨੂੰ ਕਨਵੈਨਸ਼ਨ ਵਿੱਚ ਸਰਵਸੰਮਤੀ ਨਾਲ ਪ੍ਰਵਾਨ ਕੀਤਾ ਗਿਆ।

ਪ੍ਰਧਾਨਗੀ ਮੰਡਲ ਦੀ ਤਰਫ਼ੀ ਮਨਜੀਤ ਕੌਰ ਔਲਖ ਨੇ ਸਮੂਹ ਹਾਜ਼ਰੀਨ ਦਾ ਧੰਨਵਾਦ ਕੀਤਾ। ਕਨੈਵਸ਼ਨ ਉਪਰੰਤ ਤਰਕਸ਼ੀਲ ਚੌਕ ਤੱਕ ਬੁੱਧੀਜੀਵਿਆਂ ਦੀ ਗ੍ਰਿਫਤਾਰੀ ਖਿਲਾਫ਼ ਰੋਸ ਮਾਰਚ ਕੀਤਾ ਗਿਆ।







# ਕਿਤ ਕਿਤ ਵਰ੍ਹਿਆ ਮੋਘਲਾ, ਕਿਤ ਕਿਤ ਲੱਗੀ ਔੜ !

## ਸਾਹਿਤ ਅਕਾਦਮੀ ਇਨਾਮ



ਗੁਰਬਚਨ ਸਿੰਘ ਭੁੱਲਰ

ਲੋਕ-ਵੇਦ ਵਿਚ ਇਹ ਕਥਨ ਸ਼ਾਇਦ ਸਾਹਿਤ ਅਕਾਦਮੀ ਦੇ ਇਨਾਮਾਂ ਬਾਰੇ ਹੀ ਉਚਾਰਿਆ-ਚਿਤਾਰਿਆ ਗਿਆ ਸੀ: ਦੇ ਦੀਆ ਤੋ ਦੂਧ ਬਰਾਬਰ, ਮਾਂਗ ਲੀਆ ਤੋ ਪਾਨੀ! ਭਾਵ, ਜੇ ਇਨਾਮ ਲੇਖਕ ਦੀ ਕਲਮ ਦੀ ਕਮਾਈ ਦੀ ਕਦਰ ਕਰਦਿਆਂ ਅਕਾਦਮੀ ਨੇ ਆਪੇ ਦੇ ਦਿੱਤਾ, ਉਹ ਦੁੱਧ ਦੇ ਬਰਾਬਰ ਹੈ, ਪਰ ਜੇ ਉਹੋ ਇਨਾਮ ਜੁਗਾੜ ਕਰ ਕੇ, ਜਤਨ ਕਰ ਕੇ, ਮੰਗ ਕੇ ਲਿਆ, ਉਹ ਪਾਣੀ ਬਰਾਬਰ ਹੈ! ਲੇਖਕਾਂ ਵਾਸਤੇ ਸਾਹਿਤ ਅਕਾਦਮੀ ਇਨਾਮ ਦੀ ਕਦਰ-ਕੀਮਤ ਮੋਘਲੇ ਵਾਲੀ ਹੈ। ਜਿੱਥੇ ਵਰ੍ਹ ਜਾਂਦਾ ਹੈ, ਲਹਿਰ-ਬਹਿਰ ਹੋ ਜਾਂਦੀ ਹੈ ਤੇ ਜਿੱਥੇ ਔੜ ਰਹਿ ਜਾਂਦੀ ਹੈ, ਦਿਲ ਦਾ ਕੰਵਲ ਮੁਰਝਾ ਜਾਂਦਾ ਹੈ।

1955 ਤੋਂ ਸ਼ੁਰੂ ਹੋਏ ਸਾਹਿਤ ਅਕਾਦਮੀ ਇਨਾਮਾਂ ਨੇ 2017 ਤੱਕ ਪਹੁੰਚਦਿਆਂ ਬੜਾ ਕੁਝ ਦੇਖਿਆ ਵੀ ਹੈ ਤੇ ਦਿਖਾਇਆ ਵੀ ਹੈ। ਇਨ੍ਹਾਂ 61 ਸਾਲਾਂ ਵਿਚ 55 ਇਨਾਮ ਪੰਜਾਬੀ ਦੀ ਝੋਲ਼ੀ ਪਏ ਹਨ। 1957, 1958, 1960, 1963, 1966 ਤੇ 1970 ਵਿਚ ਪੰਜਾਬੀ ਦਾ ਇਨਾਮ ਖੁੰਝਦਾ ਰਿਹਾ ਸੀ। ਅਜਿਹਾ ਇਨਾਮ ਦੀ ਚੋਣ ਕਰਨ ਵਾਲਿਆਂ ਦੀ ਆਪਸੀ ਅਸਹਿਮਤੀ ਕਾਰਨ ਜਾਂ ਉਨ੍ਹਾਂ ਨੂੰ ਕੋਈ ਪੁਸਤਕ ਇਨਾਮ ਦੇ ਯੋਗ ਨਾ ਲੱਗੀ ਹੋਣ ਕਾਰਨ ਹੋ ਜਾਂਦਾ ਸੀ।

ਕੋਈ ਇਨਾਮ ਕਿੰਨੀ ਵੀ ਨਿਰਪੱਖਤਾ ਨਾਲ ਦਿੱਤਾ ਜਾਵੇ ਤੇ ਉਹਦਾ ਪ੍ਰਾਪਤ-ਕਰਤਾ ਕਿੰਨਾ ਵੀ ਹੱਕਦਾਰ ਹੋਵੇ, ਸਰਬ-ਪਰਵਾਨਗੀ ਮੁਸ਼ਕਿਲ, ਸਗੋਂ ਅਸੰਭਵ ਹੁੰਦੀ ਹੈ। ਪਿਉ-ਦਾਦਿਆਂ ਦੇ ਨਾਂ ਨਾਲ ਕਾਇਮ ਕੀਤੇ ਗਏ ਛੋਟੇ-ਮੋਟੇ ਘਰੇਲੂ ਇਨਾਮਾਂ ਤੋਂ ਲੈ ਕੇ ਨੋਬੇਲ ਇਨਾਮ ਤੱਕ ਵਿਵਾਦ ਅਕਸਰ ਭਖੇ ਰਹਿੰਦੇ ਹਨ। ਸਾਹਿਤ ਅਕਾਦਮੀ ਤਾਂ ਆਪਣੇ ਹਿੱਸੇ ਨਾਲੋਂ ਬਹੁਤ ਵੱਧ ਵਿਵਾਦਾਂ ਦਾ ਪਿੜ ਬਣੀ ਰਹੀ ਹੈ ਤੇ ਨੁਕਤਾਚੀਨੀ ਦਾ ਨਿਸ਼ਾਨਾ ਬਣਨ ਲਈ ਇਹ ਵਾਰ ਵਾਰ ਆਪ ਹੀ ਕਾਰਨ ਦਿੰਦੀ ਰਹੀ ਹੈ। ਅਕਾਦਮੀ ਨੇ ਨੈੱਟ ਉੱਤੇ ਚਾੜ੍ਹੇ ਹੋਏ ਆਪਣੇ ਵੇਰਵੇ ਵਿਚ ਆਪ ਲਿਖਿਆ ਹੋਇਆ ਹੈ, "ਖ਼ੁਸ਼ਵੰਤ ਸਿੰਘ ਵਰਗੇ ਲੇਖਕਾਂ ਨੇ ਇਸ ਆਧਾਰ ਉੱਤੇ ਸਾਹਿਤ ਅਕਾਦਮੀ ਦੀ ਬਹੁਤ ਸਖ਼ਤ ਆਲੋਚਨਾ ਵੀ ਕੀਤੀ ਹੈ ਕਿ ਇਨਾਮ ਦੇਣ ਦੇ ਸੰਬੰਧ ਵਿਚ ਇਹਨੇ ਮਾਣਯੋਗ ਲੇਖਕਾਂ ਨੂੰ ਅੱਖੋਂ ਓਹਲੇ ਕੀਤਾ ਹੈ ਅਤੇ ਗ਼ੈਰ-ਮਿਆਰੀ ਲੇਖਕਾਂ ਤੇ ਘਟੀਆ ਮਿਆਰ ਦੀਆਂ ਸਾਹਿਤਕ ਰਚਨਾਵਾਂ ਨੂੰ ਸਨਮਾਨਿਆ ਹੈ।"

ਗੱਲ ਇੱਥੇ ਪਹੁੰਚਦੀ ਹੈ ਤਾਂ ਇਹ ਸਮੱਸਿਆ ਖੜ੍ਹੀ ਹੋ ਜਾਂਦੀ ਹੈ ਕਿ ਕਿਸੇ ਲੇਖਕ ਦੇ ਮਿਆਰੀ ਜਾਂ ਗ਼ੈਰ-ਮਿਆਰੀ ਹੋਣ ਦਾ ਨਿਤਾਰਾ ਕੌਣ ਕਰੇ! ਲੇਖਕ ਤਾਂ ਹਰ ਕੋਈ ਨੌਂ-ਗਜ਼ੀਆ ਹੈ। ਅਜਿਹੇ ਬੇ-ਸਿੱਟਾ ਮੁੱਦੇ ਲਾਂਭੇ ਛੱਡ ਕੇ ਅਕਾਦਮੀ ਦੇ ਕੁਝ ਅਜਿਹੇ ਮਿਲੇ ਤੇ ਅਣਮਿਲੇ ਇਨਾਮਾਂ ਨੂੰ ਚੇਤੇ ਕਰਨਾ ਦਿਲਚਸਪ ਰਹੇਗਾ ਜੋ ਚਰਚਾ ਦਾ ਵਿਸ਼ਾ ਬਣੇ। 1955-2017 ਦੇ ਇਨਾਮਾਂ ਦੀ ਸੂਚੀ ਉੱਤੇ ਨਜ਼ਰ ਮਾਰਿਆਂ ਮਨ ਵਿਚ ਦੋ ਨਾਂ ਅਜਿਹੇ ਉੱਭਰਦੇ ਹਨ ਜਿਨ੍ਹਾਂ ਦਾ ਉਸ ਵਿਚ ਸ਼ਾਮਲ ਨਾ ਹੋਣਾ ਕਿਸੇ ਤਰ੍ਹਾਂ ਵੀ ਕੋਈ ਸਾਧਾਰਨ ਗੱਲ ਨਹੀਂ। ਇਕ ਗੁਰਬਖ਼ਸ਼ ਸਿੰਘ ਤੇ ਦੂਜਾ ਦੇਵਿੰਦਰ ਸਤਿਆਰਥੀ। ਲੱਗਦਾ ਹੈ ਕਿ ਸਾਹਿਤ ਅਕਾਦਮੀ ਦੇ ਉਨ੍ਹਾਂ ਮੁਕਾਬਲਤਨ ਭਲੇ ਵੇਲਿਆਂ ਵਿਚ ਵੀ ਇਨਾਮ ਦੀ ਖਿੱਚ ਏਨੀ ਕੁ ਮਿਕਨਾਤੀਸੀ ਹੈ ਸੀ ਕਿ ਇਨ੍ਹਾਂ ਦੋ ਨਾਂਵਾਂ ਦਾ ਸੂਚੀ ਵਿਚ ਨਾ ਹੋਣਾ ਇਸ ਖਿੱਚ ਦਾ ਤੇ ਇਸ ਦੇ ਨਤੀਜੇ ਵਜੋਂ ਹੋਈ ਗੁੱਝੀ ਖਿੱਚ-ਧੂਹ ਦਾ ਹੀ ਨਤੀਜਾ ਸੀ। ਇਨ੍ਹਾਂ ਦੋਵਾਂ ਵਿਚੋਂ ਸਤਿਆਰਥੀ ਨੂੰ ਇਨਾਮ ਤੋਂ ਵਿਰਵਾ ਰੱਖੇ ਜਾਣਾ ਬਹੁਤਾ ਦੁਖਦਾਈ ਹੈ ਕਿਉਂਕਿ ਗੁਰਬਖ਼ਸ਼ ਸਿੰਘ ਨੂੰ ਇਨਾਮ ਦੇਣ ਦਾ ਫ਼ੈਸਲਾ ਇਕ ਵਾਰ ਘੱਟੋ-ਘੱਟ ਹੋ ਤਾਂ ਗਿਆ ਸੀ ਜੋ ਐਨ ਅੰਤਲੇ ਪਲ ਖੁੰਝ ਗਿਆ। ਤੇ ਫੇਰ ਸਾਹਿਤ ਅਕਾਦਮੀ ਨੇ 1977 ਵਿਚ ਹੋਏ ਉਨ੍ਹਾਂ ਦੇ ਦੇਹਾਂਤ ਤੋਂ ਬਹੁਤ ਪਹਿਲਾਂ, 1971 ਵਿਚ ਉਨ੍ਹਾਂ ਨੂੰ ਫੈਲੋਸ਼ਿਪ ਦੇ ਕੇ, ਜਿਸ ਦਾ ਦਰਜਾ ਇਨਾਮ ਤੋਂ ਉੱਚਾ ਮੰਨਿਆ ਜਾਂਦਾ ਹੈ, ਇਹ ਕਸਰ ਪੂਰੀ ਕਰ ਦਿੱਤੀ ਸੀ। ਇਹਦੇ ਉਲਟ ਸਤਿਆਰਥੀ ਬਿਲਕੁਲ ਸੁੱਕੇ ਰਹਿ ਗਏ। ਉਨ੍ਹਾਂ ਦਾ ਦੇਹਾਂਤ 2003 ਵਿਚ ਹੋਇਆ ਤੇ ਮੈਂ ਉਨ੍ਹਾਂ ਦੇ ਸ਼ੁਭਚਿੰਤਕਾਂ ਵੱਲੋਂ ਉਨ੍ਹਾਂ ਨੂੰ ਦੱਸੇ ਬਿਨਾਂ ਉਨ੍ਹਾਂ ਦੇ ਇਨਾਮ ਲਈ ਕੀਤੇ ਜਾਂਦੇ ਰਹੇ ਯਤਨਾਂ ਦਾ ਚਸ਼ਮਦੀਦ ਗਵਾਹ ਹਾਂ। ਭਾਪਾ ਪ੍ਰੀਤਮ ਸਿੰਘ ਨੇ ਤਾਂ ਕਈ ਵਾਰ ਉਨ੍ਹਾਂ ਦੀਆਂ ਨਵੀਆਂ ਪੁਸਤਕਾਂ ਉਚੇਚੀਆਂ ਇਸ ਮੰਤਵ ਲਈ ਢੁੱਕਵੇਂ ਸਮੇਂ ਛਾਪੀਆਂ।

ਸਤਿਆਰਥੀ ਫ਼ੱਕਰ-ਫ਼ਕੀਰ ਬੰਦੇ ਸਨ। ਕਦੇ ਜੇ ਇਹ ਗੱਲ ਚੱਲ ਪੈਂਦੀ ਤਾਂ ਆਖਦੇ, "ਜਦੋਂ ਇਹ ਇਨਾਮ ਕਿਸੇ ਵੀ ਹੋਰ ਲੇਖਕ ਨੂੰ ਮਿਲਦਾ ਹੈ, ਉਹ ਵੀ ਮੈਨੂੰ ਹੀ ਮਿਲਦਾ ਹੈ। ਦੇਖੋ ਨਾ ਭੁੱਲਰ ਜੀ, ਆਖ਼ਰ ਇਨਾਮ ਮਿਲਿਆ ਤਾਂ ਸਾਹਿਤ ਨੂੰ ਹੀ ਹੈ ਨਾ ਤੇ ਸਾਹਿਤ ਵਿਚ ਮੇਰਾ ਵੀ ਤਾਂ ਸੀਰ ਹੈ! ਸਗੋਂ ਸਾਹਿਤ ਅਕਾਦਮੀ ਦਾ ਇਨਾਮ ਕੀ, ਜਦੋਂ ਕਿਸੇ ਲੇਖਕ ਨੂੰ ਨੋਬੇਲ ਇਨਾਮ ਮਿਲਦਾ ਹੈ, ਉਹ ਵੀ ਨਾਲ ਹੀ ਮੈਨੂੰ ਵੀ ਮਿਲਦਾ ਹੈ।"

ਗੁਰਬਖ਼ਸ਼ ਸਿੰਘ ਦਾ ਇਨਾਮ ਆਖ਼ਰੀ ਪਲ ਖੁੰਝ ਜਾਣ ਦੇ ਅਸਲ ਕਿੱਸੇ ਦਾ ਤਾਂ ਹੁਣ ਸ਼ਾਇਦ ਹੀ ਕਿਸੇ ਨੂੰ ਪਤਾ ਹੋਵੇ। ਉਨ੍ਹਾਂ ਦੇ ਪੱਕੇ ਹੋ ਚੁੱਕੇ ਇਨਾਮ ਨਾਲ ਤਾਂ ਇਸ ਕਥਨ ਵਾਲੀ ਹੋਈ: ਪੱਕੀ ਖੇਤੀ ਦੇਖ ਕੇ ਗਰਵ ਕਰੇ ਕਿਰਸਾਨ, ਝੱਖੜ-ਝੰਜਾ ਸਿਰ ਖੜ੍ਹਾ, ਘਰ ਆਵੇ ਤਾਂ ਜਾਣ! ਇਹ ਵੀ ਕੁਦਰਤ ਦਾ ਵਿਅੰਗ ਹੀ ਕਿਹਾ ਜਾ ਸਕਦਾ ਹੈ ਕਿ ਉਨ੍ਹਾਂ ਦਾ ਇਹ ਇਨਾਮ ਉਨ੍ਹਾਂ ਦੇ ਪ੍ਰਸੰਸਕ ਤੇ ਸ਼ੁਭ-ਚਿੰਤਕ ਜਵਾਹਰਲਾਲ ਨਹਿਰੂ ਸਦਕਾ ਖੁੰਝਿਆ ਜੋ ਇਕ ਵਾਰ ਗੁਰਬਖ਼ਸ਼ ਸਿੰਘ ਦੇ ਆਦਰਸ਼ਕ ਨਗਰ ਦੇ ਸੁਫ਼ਨੇ ਦੀ ਸਾਕਾਰਤਾ ਨੂੰ ਦੇਖਣ ਪ੍ਰੀਤਨਗਰ ਜਾ ਪਹੁੰਚੇ ਸਨ।

ਪ੍ਰਧਾਨ ਵਜੋਂ ਜਵਾਹਰਲਾਲ ਨਹਿਰੂ ਸਾਹਿਤ ਅਕਾਦਮੀ ਦੇ ਸਭ ਕੰਮਾਂ ਨਾਲ ਜੁੜੇ ਰਹਿੰਦੇ ਸਨ ਜਿਨ੍ਹਾਂ ਵਿਚ ਇਨਾਮਾਂ ਦਾ ਨਿਰਣਾ ਵੀ ਸ਼ਾਮਲ ਸੀ। ਕੁਦਰਤੀ ਸੀ ਕਿ ਉਨ੍ਹਾਂ ਵਾਸਤੇ ਘੰਟਿਆਂ-ਬੱਧੀ ਸਮਾਂ ਦੇਣਾ ਸੰਭਵ ਨਹੀਂ ਸੀ। ਫਿਰ ਵੀ ਇਨਾਮਾਂ ਦੇ ਐਲਾਨ ਤੋਂ ਪਹਿਲਾਂ ਉਹ ਇਕੱਲੇ ਇਕੱਲੇ ਨਾਂ ਬਾਰੇ ਜਾਣਕਾਰੀ ਜ਼ਰੂਰ ਲੈਂਦੇ ਸਨ। ਇਕ ਵਾਰ ਪੰਜਾਬੀ ਦੇ ਨਿਰਣੇਕਾਰਾਂ ਨੇ ਇਨਾਮ ਲਈ ਗੁਰਬਖ਼ਸ਼ ਸਿੰਘ ਦੀ ਪੁਸਤਕ 'ਇਸ਼ਕ ਜਿਨ੍ਹਾਂ ਦੀ ਹੱਡੀਂ ਰਚਿਆ' ਦੀ ਚੋਣ ਕਰ ਲਈ ਸੀ। ਨਹਿਰੂ ਆਏ ਤੇ ਮੇਜ਼ ਉੱਤੇ ਸਜਾਈਆਂ ਹੋਈਆਂ ਇਨਾਮੀ ਪੁਸਤਕਾਂ ਦੇ ਲੇਖਕਾਂ ਤੇ ਵਿਸ਼ਿਆਂ ਬਾਰੇ ਇਕ ਇਕ ਕਰ ਕੇ ਪੁੱਛਣ ਲੱਗੇ। ਜਦੋਂ ਨਹਿਰੂ ਨੇ ਪੰਜਾਬੀ ਪੁਸਤਕ ਚੁੱਕੀ, ਪੰਜਾਬੀ ਦੇ ਕਨਵੀਨਰ ਮੋਹਨ ਸਿੰਘ ਨੇ ਦੱਸਿਆ, "ਇਹ ਗੁਰਬਖ਼ਸ਼ ਸਿੰਘ ਦੀ ਪੁਸਤਕ ਹੈ, ਪੁਨਰ-ਕਥੀਆਂ ਪੰਜਾਬੀ ਪ੍ਰੇਮ-ਕਥਾਵਾਂ (ਪੰਜਾਬੀ ਲਵ-ਟੇਲਜ਼ ਰੀਟੋਲਡ)।" ਮੋਹਨ ਸਿੰਘ ਨੂੰ ਆਸ ਸੀ ਕਿ ਗੁਰਬਖ਼ਸ਼ ਸਿੰਘ ਦਾ ਨਾਂ ਸੁਣਦਿਆਂ ਹੀ ਨਹਿਰੂ ਕੋਈ ਪ੍ਰਸੰਸਾ-ਭਰੀ ਟਿੱਪਣੀ ਕਰਦਿਆਂ ਸਹਿਮਤ ਹੋ ਜਾਣਗੇ। ਪਰ ਉਨ੍ਹਾਂ ਨੇ ਪੁਸਤਕ ਰੱਖਦਿਆਂ ਕਿਹਾ, "ਪੁਨਰ-ਕਥੀਆਂ ਵਿਚ ਮੌਲਿਕ ਕੀ ਹੈ (ਵ੍ਹਾਟ ਇਜ਼ ਓਰਿਜਿਨਲ ਇਨ ਰੀਟੋਲਡ)!" ਤੇ ਬੱਸ ਇਸ ਟਿੱਪਣੀ ਕਾਰਨ ਗੁਰਬਖ਼ਸ਼ ਸਿੰਘ ਦਾ ਇਨਾਮ ਖੁੰਝ ਗਿਆ।

ਪੂਰੀ ਸੂਚੀ ਵਿਚ ਅੱਧੀ ਕੁ ਦਰਜਨ ਨਾਂ ਅਜਿਹੇ ਹਨ ਜਿਨ੍ਹਾਂ ਦੇ ਐਲਾਨੇ ਜਾਣ ਨਾਲ ਸਾਹਿਤਕ ਹਲਕਿਆਂ ਵਿਚ ਹੈਰਾਨੀ ਵੀ ਹੋਈ ਤੇ ਨੁਕਤਾਚੀਨੀ ਵੀ ਕੀਤੀ ਗਈ। ਕਦੇ ਕਦੇ ਸਰਕਾਰੀ ਪ੍ਰਭਾਵ ਦੀਆਂ ਸੋਆਂ ਵੀ ਆਈਆਂ। ਸੁਣਿਆ ਹੈ, ਓਦੋਂ ਸਭਿਆਚਾਰਕ ਵਿਭਾਗ ਦੇ ਅਧਿਕਾਰੀਆਂ ਦੇ ਸੁਨੇਹੇ ਦਾ ਵੀ ਕੁਝ ਅਸਰ ਹੋ ਜਾਂਦਾ ਸੀ। ਇਸੇ ਕਰਕੇ ਇਨ੍ਹਾਂ ਇਨਾਮਾਂ ਵੇਲੇ ਇਕ-ਅੱਧ ਵਾਰ ਅਜਿਹੀਆਂ ਅਫ਼ਵਾਹਾਂ ਵੀ ਸੁਣਨ ਵਿਚ ਆਈਆਂ ਕਿ ਕਿਸ ਇਨਾਮ-ਅਭਿਲਾਸ਼ੀ ਲੇਖਕ ਨੇ ਇਨਾਮਾਂ ਦਾ ਫ਼ੈਸਲਾ ਕਰਨ ਵਾਲੀ ਮੀਟਿੰਗ ਤੋਂ ਪਹਿਲਾਂ ਦਿੱਲੀ ਵਿਚ ਕੀਹਦੇ ਕੋਲ ਨਿਵਾਸ ਕੀਤਾ ਸੀ। ਦੋ-ਚਾਰ ਵਾਰ ਇਹ ਵੀ ਸੁਣਨ ਨੂੰ ਮਿਲਿਆ ਕਿ ਕਿਸ ਨੇ ਕਿਸ ਤੋਂ ਕਿਸ ਨੂੰ ਆਪਣੇ ਪੱਖ ਵਿਚ ਅਖਵਾਇਆ ਸੀ। ਕੁਝ ਪੁਰਸਕਾਰ ਅਜਿਹੇ ਵੀ ਦਿੱਤੇ ਗਏ ਜਿਨ੍ਹਾਂ



ਨੇ ਲੇਖਕ ਦਾ ਫ਼ੈਸਲਾ ਕੀਤੇ ਜਾਣ ਦੇ ਸਮੁੱਚੇ ਢੰਗ-ਤਰੀਕੇ ਦਾ ਹੀਜ-ਪਿਆਜ ਵੀ ਨੰਗਾ ਕਰ ਦਿੱਤਾ ਅਤੇ ਆਖ਼ਰ ਨੂੰ ਇਸ ਢੰਗ-ਤਰੀਕੇ ਵਿਚ ਵੱਡੀਆਂ ਤਬਦੀਲੀਆਂ ਵੀ ਜ਼ਰੂਰੀ ਬਣਾ ਦਿੱਤੀਆਂ।

ਪਹਿਲਾ ਲੇਖਕ ਜਿਸ ਦਾ ਇਨਾਮ ਚਰਚਾ ਦਾ ਵਿਸ਼ਾ ਬਣਿਆ, ਸ਼ਿਵ ਕੁਮਾਰ ਸੀ। ਭਾਈ ਵੀਰ ਸਿੰਘ, ਅੰਮ੍ਰਿਤਾ ਪ੍ਰੀਤਮ, ਮੋਹਨ ਸਿੰਘ, ਨਾਨਕ ਸਿੰਘ, ਬਲਵੰਤ ਗਾਰਗੀ, ਪ੍ਰਭਜੋਤ ਕੌਰ ਤੇ ਕਰਤਾਰ ਸਿੰਘ ਦੁੱਗਲ ਵਰਗੇ ਸੱਤ ਮਹਾਂਰਥੀਆਂ ਤੋਂ ਮਗਰੋਂ ਇਨਾਮ ਦਾ ਅਚਾਨਕ ਤੀਹ ਸਾਲਾਂ ਦੇ ਸ਼ਿਵ ਕੁਮਾਰ ਦੀ ਝੋਲ਼ੀ ਪੈ ਜਾਣਾ ਖਾਸੀ ਚਰਚਾ ਦਾ ਵਿਸ਼ਾ ਬਣ ਗਿਆ। ਕਾਵਿਕ ਗੁਣਤਾ ਦੇ ਪੱਖੋਂ ਤਾਂ ਇਹ ਨਹੀਂ ਸੀ ਕਿਹਾ ਜਾ ਸਕਦਾ ਕਿ ਉਹ ਇਨਾਮ ਦੇ ਯੋਗ ਨਹੀਂ ਸੀ। ਖ਼ਾਸ ਕਰਕੇ ਉਹਦੀ ਇਨਾਮੀ ਗਈ ਪੁਸਤਕ 'ਲੂਣਾ' ਤਾਂ ਕਾਵਿਕਤਾ ਦੇ ਨਾਲ ਨਾਲ ਵਿਸ਼ੇ ਦੇ ਪੱਖੋਂ ਵੀ ਅਹਿਮ ਸੀ। ਉਹਨੇ ਪੂਰਨ ਭਗਤ ਦੀ ਹਰਮਨਪਿਆਰੀ ਲੋਕ-ਕਥਾ ਨੂੰ ਆਮ ਕਿੱਸਿਆਂ ਵਾਂਗ ਪੁਰਸ਼ ਪਾਤਰਾਂ ਦੇ, ਭਾਵ ਪੂਰਨ ਦੇ, ਸਲਵਾਨ ਦੇ ਨਜ਼ਰੀਏ ਤੋਂ ਨਹੀਂ, ਕਰਮਾਂ-ਮਾਰੀ ਲੂਣਾ ਦੇ ਨਜ਼ਰੀਏ ਤੋਂ ਪੁਨਰ-ਸਿਰਜਿਆ ਸੀ। ਉਹ ਲੂਣਾ ਦੇ ਦੇਹ-ਦਰਦ ਦਾ ਤੇ ਅੰਤਰ-ਮਨ ਦੀ ਪੀੜ ਦਾ ਗਵੱਈਆ ਬਣਿਆ ਸੀ ਜੋ ਪਿਉ ਦੀ ਉਮਰ ਦੇ ਉਸ ਰਾਜਾ ਸਲਵਾਨ ਨਾਲ ਵਿਆਹੀ ਗਈ ਸੀ ਸਗੋਂ ਉਹਦੀ ਦੌਲਤ ਨਾਲ ਖ਼ਰੀਦੀ ਗਈ ਸੀ ਜਿਸ ਦੇ ਪਹਿਲੇ ਵਿਆਹ ਦਾ ਪੁੱਤਰ ਪੂਰਨ ਉਹਦੇ ਆਪਣੇ ਹਾਣ ਦਾ ਸੀ! ਤਾਂ ਵੀ ਕੁਲਵੰਤ ਸਿੰਘ ਵਿਰਕ, ਹਰਿਭਜਨ ਸਿੰਘ, ਦਲੀਪ ਕੌਰ ਟਿਵਾਣਾ, ਸੰਤ ਸਿੰਘ ਸੇਖੋਂ, ਡਾ. ਹਰਚਰਨ ਸਿੰਘ ਤੇ ਹੋਰ ਕਈ ਵੱਡਿਆਂ ਦੇ ਅਜੇ ਬੇਇਨਾਮੇ ਹੋਣ ਨੇ ਕੁਝ ਕੁਝ ਚਰਚਾ ਛੇੜ ਦਿੱਤੀ। ਇਸ ਧੁਖਦੀ ਚਰਚਾ ਨੂੰ ਫੂਕ ਸ਼ਿਵ ਕੁਮਾਰ ਨੇ ਆਪ ਮਾਰ ਦਿੱਤੀ। ਇਨਾਮ ਲੈਣ ਮਗਰੋਂ ਉਹਨੇ ਦਿੱਲੀ ਦੇ ਕਾਫ਼ੀ ਹਾਉਸ ਵਿਚ ਐਲਾਨ ਕੀਤਾ, "ਸਾਹਿਤ ਅਕਾਦਮੀ ਦਾ ਇਨਾਮ ਲੈਣਾ ਕੀ ਔਖਾ ਹੈ! ਢਾਈ ਹਜ਼ਾਰ ਦੀ ਦਾਰੂ ਪਿਆਉ ਤੇ ਪੰਜ ਹਜ਼ਾਰ ਦਾ ਇਨਾਮ ਲਉ!" ਓਦੋਂ ਸਾਹਿਤ ਅਕਾਦਮੀ ਦੇ ਇਨਾਮ ਨਾਲ ਨਕਦ ਰਕਮ ਪੰਜ ਹਜ਼ਾਰ ਹੀ ਹੁੰਦੀ ਸੀ। ਸ਼ਿਵ ਦਾ ਆਪਣੀ ਇਨਾਮ-ਪ੍ਰਾਪਤੀ ਦੇ ਰਹੱਸ ਨੂੰ ਇਉਂ ਉਜਾਗਰ ਕਰ ਦੇਣਾ ਅੱਜ ਵੀ ਯਾਦ ਕੀਤਾ ਜਾਂਦਾ ਹੈ। ਇਹ ਸਭ ਚੇਤੇ ਕਰ ਕੇ ਹੈਰਾਨੀ ਜ਼ਰੂਰ ਹੁੰਦੀ ਹੈ ਕਿ ਸ਼ਿਵ ਕੁਮਾਰ ਏਨਾ ਚੰਗਾ ਤੇ ਹਰਮਨਪਿਆਰਾ ਕਵੀ ਸੀ ਕਿ ਅਵੇਰ-ਸਵੇਰ ਉਹਨੂੰ ਇਨਾਮ ਤਾਂ ਮਿਲ ਹੀ ਜਾਣਾ ਸੀ, ਤਾਂ ਵੀ ਉਹਨੇ ਇਨਾਮ ਦਾ ਬਰਾਸਤਾ ਸ਼ਰਾਬ ਰਾਹ ਕਿਉਂ ਫੜਿਆ! ਤੇ ਜੇ ਇਹ ਰਾਹ ਫੜਿਆ ਹੀ ਸੀ, ਚੌਕ ਵਿਚ ਖਲੋ ਕੇ ਆਪ ਹੀ ਆਪਣਾ ਭਾਂਡਾ ਕਿਉਂ ਭੰਨਿਆ! ਉਹਨੇ ਤਾਂ ਗੱਲ ਜ਼ਬਾਨੀ-ਕਲਾਮੀ ਤੱਕ ਹੀ ਨਾ ਰਹਿਣ ਦਿੱਤੀ ਸਗੋਂ ਇਨਾਮਾਂ ਦੇ ਇਤਿਹਾਸ ਦੇ ਪੰਨੇ ਉੱਤੇ ਇਕ ਕਵਿਤਾ ਦੇ ਰੂਪ ਵਿਚ ਵੀ ਉੱਕਰ ਦਿੱਤੀ। ਰਚਨਾ ਦੇ ਮੁਕਾਬਲੇ ਇਨਾਮ ਦੀ ਤੁੱਛਤਾ ਦਾ ਜ਼ਿਕਰ ਕਰਦੀਆਂ ਕੁਝ ਸਤਰਾਂ ਇਉਂ ਹਨ: "ਫੇਰ ਇਕ ਦਿਨ ਗੀਤ ਉਸਦਾ, ਰਾਜ ਦਰਬਾਰੇ ਗਿਆ/ ਉਸ ਮੁਲਕ ਦੇ ਬਾਦਸ਼ਾਹ ਨੇ, ਉਸ ਨੂੰ ਵਾਹ ਵਾਹ ਕਿਹਾ/ ਸਾਰਿਆਂ ਗੀਤਾਂ ਦਾ ਰਲ਼ ਕੇ, ਪੰਜ ਮੋਹਰਾਂ ਮੁੱਲ ਪਿਆ!"

ਦੂਜਾ ਇਨਾਮ, ਜੋ ਤਿੱਖੀ ਨੁਕਤਾਚੀਨੀ ਦਾ ਵਿਸ਼ਾ ਬਣਿਆ, ਨਰਿੰਦਰਪਾਲ ਸਿੰਘ ਦਾ ਸੀ। ਇਹ ਉਹਨੂੰ 1976 ਵਿਚ ਨਾਵਲ 'ਬਾਮੁਲਾਹਜ਼ਾ ਹੋਸ਼ਿਆਰ' ਲਈ ਮਿਲਿਆ ਸੀ। ਭਵਿੱਖੀ ਮਸ਼ੀਨੀ ਸਭਿਅਤਾ ਦੇ ਅਸੰਤੁਸ਼ਟ ਮਨੁੱਖ ਦੇ ਜੀਵਨ-ਚਿਤਰਨ ਦੇ ਬਹਾਨੇ ਇਹ ਨਾਵਲ ਚਸਕਾ ਲੈ ਲੈ ਕੀਤੇ ਗਏ ਕਾਮ ਦੇ ਜ਼ਿਕਰ ਨਾਲ ਭਰਿਆ ਪਿਆ ਹੈ ਅਤੇ ਅਨੇਕ ਵਾਰ ਅਸ਼ਲੀਲਤਾ ਦੀਆਂ ਬਹੁਤ ਡੂੰਘੀਆਂ ਨਿਵਾਣਾਂ ਵਿਚ ਤਿਲ੍ਹਕ ਜਾਂਦਾ ਹੈ। ਅਨੇਕ ਥਾਂ ਬਿਰਤਾਂਤ ਵਿਚੋਂ ਗਲਪੀ ਰੰਗਤ ਲੱਭਿਆਂ ਨਹੀਂ ਲੱਭਦੀ। ਕਲਾ-ਹੀਣ ਗ਼ੈਰ-ਗਲਪੀ ਗ਼ਲਤ ਭਾਸ਼ਾ, ਲੁੱਚੇ ਸ਼ਬਦਾਂ ਦੇ ਸਹਿਣਜੋਗ ਬਦਲ ਲੱਭਣ ਦੀ ਅਸਮਰੱਥਾ ਜਾਂ ਜਾਣ-ਬੁੱਝ ਕੇ ਅਣਦੇਖੀ, ਕਸਵੀਂ ਕਥਾ ਦੀ ਥਾਂ ਖਿੱਲਰੇ ਹੋਏ ਬੇਮੇਲ ਟੋਟੇ ਅਤੇ ਰਚਨਾ ਵਿਚ ਬਿਲਕੁਲ ਹੀ ਸਮਾ ਨਾ ਸਕਣ ਵਾਲੇ ਲੰਮੇ ਲੰਮੇ ਵਾਧੂ ਪ੍ਰਵਚਨ!

ਅਖ਼ਬਾਰਾਂ-ਰਸਾਲਿਆਂ ਵਿਚ ਜਿੰਨੀ ਤਿੱਖੀ ਨਿੰਦਿਆ ਇਸ ਨਾਵਲ ਦੀ ਹੋਈ, ਪੰਜਾਬੀ ਵਿਚ ਉਸ ਤੋਂ ਪਹਿਲਾਂ ਕਿਸੇ ਇਨਾਮੀ ਪੁਸਤਕ ਦੀ ਨਹੀਂ ਸੀ ਹੋਈ। ਹੋਰ ਤਾਂ ਹੋਰ, ਇਹ ਮੁੱਦਾ ਪਾਰਲੀਮੈਂਟ ਵਿਚ ਵੀ ਉੱਠਿਆ ਕਿ ਏਨੇ ਅਸ਼ਲੀਲ ਨਾਵਲ ਨੂੰ ਸਾਹਿਤ ਅਕਾਦਮੀ ਨੇ ਇਨਾਮ ਕਿਵੇਂ ਤੇ ਕਿਉਂ ਦੇ ਦਿੱਤਾ! ਪਰ ਲੇਖਕ ਨਰਿੰਦਰਪਾਲ ਸਿੰਘ ਦੀ ਅਜੀਬ ਮਾਨਸਿਕਤਾ ਦੇਖੋ, ਉਹ ਇਸ ਸਾਰੇ ਨਿੰਦਕੀ ਝੱਖੜ ਨੂੰ 'ਚਰਚਾ' ਦਾ ਨਾਂ ਦੇ ਕੇ ਨਾ ਸਿਰਫ਼ ਬਾਗ਼ੋ-ਬਾਗ਼ ਸੀ ਸਗੋਂ ਉਹਨੇ ਇਹ ਸਭ ਨਿੰਦਿਆ-ਪੁਰਾਣ ਬੜੇ ਮਾਣ ਨਾਲ ਸੰਗ੍ਰਹਿਤ ਵੀ ਕੀਤਾ। ਉਹ ਪਾਰਲੀਮੈਂਟ ਵਿਚ ਹੋਈ ਨਿੰਦਿਆ ਬਾਰੇ ਆਖਦਾ ਸੀ, ਮੇਰਾ ਨਾਵਲ ਭਾਰਤੀ ਭਾਸ਼ਾਵਾਂ ਦਾ ਇਕੋ-ਇਕ ਨਾਵਲ ਹੈ ਜਿਸ ਉੱਤੇ ਪਾਰਲੀਮੈਂਟ ਵਿਚ ਚਰਚਾ ਹੋਈ ਹੈ।

ਤੀਜਾ ਇਨਾਮ, ਜਿਸ ਨੇ ਝੱਖੜ ਹੀ ਝੁਲਾ ਦਿੱਤਾ, 1991 ਵਿਚ ਹਰਿੰਦਰ ਸਿੰਘ ਮਹਿਬੂਬ ਨੂੰ ਉਹਦੀ ਵੱਡ-ਆਕਾਰੀ ਕਾਵਿ-ਪੁਸਤਕ 'ਝਨਾਂ ਦੀ ਰਾਤ' ਲਈ ਦਿੱਤਾ ਗਿਆ ਸੀ। ਸਾਹਿਤ ਅਕਾਦਮੀ ਵਿਚ ਇਹ ਅੰਮ੍ਰਿਤਾ ਪ੍ਰੀਤਮ ਦਾ ਜ਼ਮਾਨਾ ਸੀ। ਪੰਜਾਬੀ ਸਾਹਿਤ ਦੇ ਹਰ ਵਾਰ ਦੇ ਰਿਵਾਜ ਅਨੁਸਾਰ ਇਨਾਮੀ ਲੇਖਕ ਦੇ ਐਲਾਨ ਮਗਰੋਂ ਪੁਣ-ਛਾਣ ਤੇ ਚਬਾ-ਚਬੀ ਸ਼ੁਰੂ ਹੋ ਗਈ ਜੋ ਇਸ ਵਾਰ ਕੁਝ ਵਧੇਰੇ ਹੀ ਤਿੱਖੀ ਤੇ ਸ਼ੋਰੀਲੀ ਸੀ। ਕਾਰਨ ਇਹ ਸੀ ਕਿ ਕਾਂਗਰਸ ਦਾ ਰਾਜ ਸੀ ਤੇ ਇਸ ਪੁਸਤਕ ਵਿਚ ਇੰਦਰਾ ਗਾਂਧੀ ਨੂੰ ਸਪਨੀ, ਕੁਪੱਤੀ ਨਾਰ, ਚੁੜੇਲ ਤੇ ਡੈਣ ਤੱਕ ਆਖਿਆ ਗਿਆ ਸੀ। ਜਦੋਂ ਅੰਮ੍ਰਿਤਾ ਨੂੰ ਅਜਿਹੇ ਕਥਨਾਂ ਵਾਲੀ ਪੁਸਤਕ ਚੁਣੇ ਜਾਣ ਬਾਰੇ ਪੁੱਛਿਆ ਗਿਆ, ਉਹਦਾ ਕਹਿਣਾ ਸੀ ਕਿ "ਕਿਸੇ ਵੀ ਭਾਸ਼ਾ ਦੇ ਕਨਵੀਨਰ ਤੋਂ ਨਾ ਇਹ ਆਸ ਹੋ ਸਕਦੀ ਹੈ ਤੇ ਨਾ ਹੀ ਉਹਦੇ ਲਈ ਇਹ ਸੰਭਵ ਹੋ ਸਕਦਾ ਹੈ ਕਿ ਉਹ ਇਨਾਮ ਲਈ ਆਈਆਂ ਸਾਰੀਆਂ ਪੁਸਤਕਾਂ ਆਪ ਪੜ੍ਹ ਕੇ ਉਨ੍ਹਾਂ ਬਾਰੇ ਰਾਇ ਬਣਾ ਸਕੇ।" ਜੇ ਏਨਾ ਸਮਾਂ ਬੀਤਿਆ ਹੋਣ ਕਰਕੇ ਮੇਰਾ ਚੇਤਾ ਮੱਧਮ ਨਹੀਂ ਪੈ ਰਿਹਾ, ਮੇਰਾ ਖ਼ਿਆਲ ਹੈ, ਅੰਮ੍ਰਿਤਾ ਨੇ ਇਸ ਰਾਮ-ਰੌਲ਼ੇ ਵਿਚ ਸਾਹਿਤ ਅਕਾਦਮੀ ਦੀ ਪਦਵੀ ਤੋਂ ਅਸਤੀਫ਼ਾ ਵੀ ਦੇ ਦਿੱਤਾ ਸੀ। ਆਖ਼ਰ ਭੇਤ ਇਹ ਖੁੱਲ੍ਹਿਆ ਕਿ ਖਾੜਕੂਆਂ ਨੇ ਅੰਮ੍ਰਿਤਾ ਪ੍ਰੀਤਮ ਨੂੰ ਧਮਕੀਆਂ-ਭਰੇ ਫ਼ੋਨ ਕੀਤੇ ਸਨ- ਇਨਾਮ ਹਰਿੰਦਰ ਸਿੰਘ ਮਹਿਬੂਬ ਦੀ ਪੁਸਤਕ ਨੂੰ ਹੀ ਦੇਣਾ ਹੋਵੇਗਾ, ਨਹੀਂ ਤਾਂ ਤੇਰੀ ਖ਼ੈਰ ਨਹੀਂ! ਕੁਦਰਤੀ ਸੀ ਕਿ ਇਹ ਗਰਮਾ-ਗਰਮੀ ਰਾਜਨੀਤਕ ਰੰਗ ਧਾਰ ਲੈਂਦੀ। ਰਾਜਨੀਤਕ ਰੰਗ ਦਾ ਇਕ ਕੌੜਾ ਫਲ ਸਾਹਿਤ ਅਕਾਦਮੀ ਦੀ ਝੋਲ਼ੀ ਵੀ ਆ ਪਿਆ।

ਹੋਇਆ ਇਹ ਕਿ ਯੂਥ ਕਾਂਗਰਸ ਦੇ ਕੁਛ ਛੋਕਰੇ ਸਾਹਿਤ ਅਕਾਦਮੀ ਪਹੁੰਚੇ ਤੇ ਕਿਹਾ ਕਿ ਉਹ ਸਕੱਤਰ ਨੂੰ ਮੰਗ-ਪੱਤਰ ਦੇਣ ਆਏ ਹਨ। ਰਿਸੈਪਸ਼ਨ ਵਾਲਿਆਂ ਨੇ ਉਤੇਜਿਤ ਭੀੜ ਨੂੰ ਗੇਟ ਦੇ ਬਾਹਰ ਰੋਕ ਲਿਆ ਤੇ ਸਕੱਤਰ ਨੂੰ ਸੁਨੇਹਾ ਭੇਜ ਦਿੱਤਾ। ਜਿਵੇਂ ਅਜਿਹੇ ਮੌਕਿਆਂ ਉੱਤੇ ਆਮ ਕਰਕੇ ਹੁੰਦਾ ਹੈ, ਸਕੱਤਰ ਨੇ ਸਹਿਜ-ਭਾਅ ਇਕ ਸਹਾਇਕ ਨੂੰ ਕਹਿ ਦਿੱਤਾ ਕਿ ਉਹ ਜਾ ਕੇ ਮੰਗ-ਪੱਤਰ ਫੜ ਲਿਆਵੇ। ਇਕ ਯੂਥ ਕਾਂਗਰਸੀ ਨੇ ਹੱਥਾਂ ਨੂੰ ਕਾਲਖ਼ ਲਾਈ ਹੋਈ ਸੀ ਜੋ ਉਹਨੇ ਮੰਗ-ਪੱਤਰ ਲੈਣ ਲੱਗੇ ਸਹਾਇਕ ਸਕੱਤਰ ਦੇ ਮੂੰਹ ਉੱਤੇ ਮਲ਼ ਦਿੱਤੀ। ਇਸ ਨਾਲ ਸਾਹਿਤ ਅਕਾਦਮੀ ਦੇ ਅੰਦਰ ਵੀ ਤੇ ਬਾਹਰ ਵੀ ਭੂਚਾਲ ਆ ਗਿਆ। ਮਾੜੀ ਗੱਲ ਇਹ ਹੋਈ ਕਿ ਇਕ ਅਜਿਹੇ ਵਿਅਕਤੀ ਦਾ ਮੂੰਹ ਕਾਲ਼ਾ ਕਰ ਦਿੱਤਾ ਗਿਆ ਜਿਸ ਦਾ ਇਸ ਸਾਰੇ ਮਾਮਲੇ ਨਾਲ ਕੋਈ ਲੈਣਾ-ਦੇਣਾ ਹੀ ਨਹੀਂ ਸੀ। ਚੰਗੀ ਗੱਲ ਇਹ ਹੋਈ ਕਿ ਇਸ ਘਟਨਾ ਨੇ ਸਾਹਿਤ ਅਕਾਦਮੀ ਨੂੰ ਇਨਾਮ ਦਾ ਫ਼ੈਸਲਾ ਕਰਨ ਦੀ ਕਾਰਜਵਿਧੀ ਬਾਰੇ ਚਿੰਤਨ-ਮੰਥਨ ਕਰਨ ਲਈ ਮਜਬੂਰ ਕਰ ਦਿੱਤਾ। ਆਖ਼ਰ ਦੋ ਅਹਿਮ ਫ਼ੈਸਲੇ ਲਏ ਗਏ।

ਇਕ ਤਾਂ ਇਹ ਜ਼ਰੂਰੀ ਸਮਝਿਆ ਗਿਆ ਕਿ ਇਨਾਮ ਦਾ ਫ਼ੈਸਲਾ ਕਰਨ ਵਾਲੀ ਮੀਟਿੰਗ ਤੋਂ ਪਹਿਲਾਂ ਤਿੰਨਾਂ ਨਿਰਣੇਕਾਰਾਂ ਦੇ ਨਾਂ ਕਿਸੇ ਨੂੰ ਪਤਾ ਨਹੀਂ ਹੋਣੇ ਚਾਹੀਦੇ। ਅੱਗੇ ਤੋਂ ਉਹ ਤਿੰਨੇ ਅਕਾਦਮੀ ਦੀ ਸੰਬੰਧਿਤ ਭਾਸ਼ਾ ਦੀ ਕਮੇਟੀ ਵਿਚੋਂ ਹੋਣ ਦੀ ਥਾਂ ਬਾਹਰੋਂ ਹੋਣੇ ਸਨ। ਬਹੁਤ ਮਗਰੋਂ ਜਦੋਂ ਦੋ ਵਾਰ, ਪਤਾ ਨਹੀਂ ਕਿਵੇਂ, ਮੇਰਾ ਨਾਂ ਤਿੰਨਾਂ ਨਿਰਣੇਕਾਰਾਂ ਵਿਚ ਆਇਆ, ਮੈਨੂੰ ਬਾਕੀ ਦੋਵਾਂ ਦਾ ਪਤਾ ਕਮਰੇ ਵਿਚ ਜਾ ਕੇ ਹੀ ਲੱਗਦਾ ਰਿਹਾ। ਦੂਜਾ ਫ਼ੈਸਲਾ, ਜੋ ਪਹਿਲੇ ਨੇ ਹੀ ਜ਼ਰੂਰੀ ਬਣਾ ਦਿੱਤਾ ਸੀ, ਕਨਵੀਨਰ ਨੂੰ ਇਨਾਮ ਦੇ ਫ਼ੈਸਲੇ ਦੇ ਪੱਖੋਂ ਬੇਤਾਕਤਾ ਕਰ ਦਿੱਤਾ ਗਿਆ ਤੇ ਉਹਦੀ ਵੋਟ ਤੱਕ ਨਾ ਰਹੀ। ਉਹਦਾ ਕੰਮ ਤਿੰਨਾਂ ਨਿਰਣੇਕਾਰਾਂ ਅੱਗੇ ਇਨਾਮ ਨਾਲ ਸੰਬੰਧਿਤ ਕਾਗ਼ਜ਼-ਪੱਤਰ ਰੱਖ ਕੇ ਚੁੱਪ ਹੋ ਜਾਣ ਅਤੇ ਅੰਤ ਵਿਚ ਉਨ੍ਹਾਂ ਤੋਂ ਫ਼ੈਸਲੇ ਦੇ ਦਸਤਖ਼ਤਾਂ ਵਾਲੇ ਕਾਗ਼ਜ਼ ਲੈਣ ਤੱਕ ਸੀਮਤ ਹੋ ਗਿਆ। ਅਕਾਦਮੀ ਦੇ ਨੇਮਾਂ ਅਨੁਸਾਰ "ਕਨਵੀਨਰ ਦਾ ਕੰਮ ਜਿਊਰੀ ਤੇ ਅਕਾਦਮੀ ਵਿਚਕਾਰ ਕੜੀ ਬਣਨਾ ਹੋਵੇਗਾ।੩ ਉਹ ਯਕੀਨੀ ਬਣਾਵੇਗਾ ਕਿ ਜਿਊਰੀ ਦੀ ਮੀਟਿੰਗ ਸਹੀ ਤੇ ਤਸੱਲੀਬਖ਼ਸ਼ ਢੰਗ ਨਾਲ ਹੋਵੇ ਅਤੇ ਜਿਊਰੀ ਦੀ ਰਿਪੋਰਟ ਉੱਤੇ ਆਪਣੀ ਸਹੀ ਪਾਵੇਗਾ।"

ਇਨ੍ਹਾਂ ਬਹੁਚਰਚਿਤ ਇਨਾਮਾਂ ਤੋਂ ਇਲਾਵਾ ਉਪਰੋਕਤ ਕਾਲ-ਖੰਡ ਦੇ ਕੁਝ ਹੋਰ ਇਨਾਮਾਂ ਬਾਰੇ ਵੀ ਚਰਚਾ ਤਾਂ ਛਿੜੀ ਪਰ ਉਹ ਪੰਜਾਬੀ ਸਾਹਿਤਕ ਖੇਤਰ ਵਿਚ ਨਿੰਦਿਆ, ਗਿਲਾਨੀ, ਚਬਾਚਬੀ ਜਾਂ ਹੈਰਾਨੀ ਤੱਕ ਸੀਮਤ ਰਹੀ। ਕਈ ਇਨਾਮਾਂ ਬਾਰੇ ਤਾਂ ਪੰਜਾਬੀ ਸਾਹਿਤ ਦੇ ਸਿਆਣੇ ਤੇ ਗੰਭੀਰ ਪਾਠਕ ਵੀ ਇਹ ਸਵਾਲ ਕਰਦੇ ਸੁਣੇ ਜਾਂਦੇ ਹਨ, "ਇਹ ਕੌਣ ਹੋਇਆ ਜੀ? ਕਵਿਤਾ ਲਿਖਦਾ ਹੈ ਕਿ ਕਹਾਣੀ? ਕੀ ਨਾਂ ਹਨ ਇਹਦੀਆਂ ਕਿਤਾਬਾਂ ਦੇ?"

ਸੰਪਰਕ: 011-42502364

# ਮੰਦਭਾਗਾ ਹੈ ਸੱਜ ਪਿਛਾਖੜੀ ਤਾਕਤਾਂ ਦਾ ਉਭਾਰ

ਅਨੁਵਾਦ ਨਰਭਿੰਦਰ
93544-30211

## ਨਾਮ ਚੌਮਸਕੀ ਨਾਲ ਜਿਪਸਨ ਜੌਨ ਅਤੇ ਜਿਤੀਸ਼ ਪੀ.ਐਮ. ਦੀ ਗੱਲਬਾਤ



ਨੋਅਮ ਏਵਰਮ ਨਾਮ ਚੌਮਸਕੀ ਆਧੁਨਿਕ ਦੌਰ ਦੀ ਚੋਟੀ ਦੀਆਂ ਬੌਧਿਕ ਸੁਖਗਿਅਤਾਂ 'ਚੋਂ ਇਕ ਹਨ। ਪਿਛਲੇ ਛੇ ਦਹਾਕਿਆਂ ਤੋਂ ਚੌਮਸਕੀ ਦੁਨੀਆ ਭਰ ਦੇ ਉਨ੍ਹਾਂ ਲੱਖਾਂ ਲੋਕਾਂ ਦੀ ਪ੍ਰੇਰਣਾ ਬਣੇ ਹੋਏ ਹਨ ਜਿਹੜੇ ਦਮਨ ਅਤੇ ਅਨਿਆਂ ਦੇ ਵਿਰੁੱਧ ਲੜਦੇ ਹਨ ਅਤੇ ਇਕ ਚੰਗੇਰੀ ਅਤੇ ਨਵੀਂ ਨਰੋਈ ਦੁਨੀਆ ਜਾਂ ਸੰਸਾਰ ਸਿਰਜਨ ਲਈ ਸੰਘਰਸ਼ ਕਰ ਰਹੇ ਹਨ। ਇਹ ਚੌਮਸਕੀ ਦੀ ਸਲਾਹੁਣਯੋਗ, ਸਾਹਸੀ, ਪ੍ਰਤੀਬੱਧ ਅਤੇ ਅਸਾਧਾਰਨ ਬੌਧਿਕ ਮਿਹਨਤ ਜਾਂ ਕਿਰਤ ਹੈ ਜਿਹੜੀ ਸੰਸਾਰ ਦੇ ਸਭ ਤੋਂ ਤਾਕਤਵਰ ਦੇਸ਼, ਸੰਯੁਕਤ ਰਾਜ ਅਮਰੀਕਾ ਦੇ ਸਾਮਰਾਜਵਾਦੀ ਮਨਸੂਬਿਆਂ ਅਤੇ ਜਮਹੂਰੀ ਧੋਖਾਦੇਹੀ ਨੂੰ ਉਜਾਗਰ ਕਰ ਦਿੰਦੀ ਹੈ।

ਪ੍ਰੋ. ਮਨੁੱਖੀ ਇਤਿਹਾਸ ਵਿਚ ਸਭ ਤੋਂ ਜ਼ਿਆਦਾ ਉਤੇਜਿਤ ਕੀਤੇ ਜਾਣ ਵਾਲੇ ਭਾਵ ਤਿੱਖੇ ਤੇ ਸਪਸ਼ਟ ਬੋਲਣ ਵਾਲੇ ਵਿਦਵਾਨਾਂ 'ਚੋਂ ਹਨ ਅਤੇ ਉਨ੍ਹਾਂ ਨੂੰ ਆਧੁਨਿਕ ਭਾਸ਼ਾ ਵਿਗਿਆਨ ਦਾ ਪਿਤਾਮਾ ਵੀ ਮੰਨਿਆ ਜਾਂਦਾ ਹੈ। 1950 ਤੱਕ ਚੌਮਸਕੀ ਵਾਕਆਤਮਕ ਸੰਰਚਨਾ (ਸਿੰਟੈਟਿਕ ਸਟਰਕਚਰ) ਵਾਲੇ ਆਪਣੇ ਇਤਿਹਾਸਕ ਕਾਰਜ ਦੇ ਨਾਲ ਭਾਸ਼ਾ ਵਿਗਿਆਨ ਦੇ ਖੇਤਰ ਵਿਚ ਇਕ ਮਹੱਤਵਪੂਰਨ ਵਿਅਕਤੀ ਦੇ ਰੂਪ ਵਿਚ ਉਭਰ ਚੁੱਕੇ ਸਨ। ਉਨ੍ਹਾਂ ਦੇ ਇਸ ਕੰਮ ਨੇ ਭਾਸ਼ਾ ਦੇ ਵਿਗਿਆਨਕ ਅਧਿਐਨ ਨੂੰ ਨਵੇਂ ਸਿਰੇ ਤੋਂ ਉਸਾਰਿਆ।

"ਚੌਮਸਕੀ ਨੇ ਭਾਸ਼ਾ ਵਿਗਿਆਨਕ ਸਿਧਾਂਤ ਦੀਆਂ ਜੜ੍ਹਾਂ ਜੈਵ ਭਾਸ਼ਾ ਵਿਗਿਆਨ ਵਿਚ ਹਨ। ਇਹਦੇ ਮੁਤਾਬਕ ਭਾਸ਼ਾ ਦੀ ਸੰਰਚਨਾ ਨੂੰ ਰੇਖਾਂਕਿਤ ਕਰਨ ਵਾਲੇ ਸਿਧਾਂਤ ਮਨੁੱਖੀ ਮਸਤਿਕ ਵਿਚ ਜੈਵਿਕ ਰੂਪ ਨਾਲ ਨਿਰਧਾਰਤ ਰਹਿੰਦੇ ਹਨ ਅਤੇ ਇਸ ਲਈ ਮੁਸ਼ਤੈਨੀ ਢੰਗ ਨਾਲ ਇਕ ਪੀੜ੍ਹੀ ਤੋਂ ਦੂਸਰੀ ਪੀੜ੍ਹੀ 'ਚ ਤਬਦੀਲ ਹੋ ਜਾਂਦੇ ਹਨ।"

ਉਸ ਇਸ ਲਈ ਤਰਕ ਕਰਦੇ ਹਨ ਕਿ ਸਮਾਜਿਕ ਸੰਸਕ੍ਰਿਤਕ ਵਿਭੇਦਾਂ ਤੋਂ ਪਰ੍ਹਾਂ ਸਾਰੇ ਮਨੁੱਖਾਂ ਦੇ ਕੋਲ ਇਕ ਆਮ ਆਪਣੀ ਲੋੜ ਮੁਤਾਬਕ ਭਾਸ਼ਿਕ ਸੰਰਚਨਾ ਹੁੰਦੀ ਹੈ। ਮਨੁੱਖ ਕਿਵੇਂ ਭਾਸ਼ਿਕ ਕੌਸ਼ਲਾਂ ਨੂੰ ਸਿਖਦਾ ਹੈ ਅਤੇ ਵਿਕਸਤ ਕਰਦਾ ਹੈ, ਇਸ ਵਿਸ਼ੇ ਸਬੰਧੀ ਪਹਿਲੀ (ਪਾਏ ਜਾਂਦੇ) ਵਿਦਵਾਨ ਵਿਚਾਰਾਂ ਨੂੰ ਚੁਣੌਤੀ ਦਿੰਦਿਆਂ ਹੋਇਆਂ ਚੌਮਸਕੀ ਦੇ 'ਰੂਪਾਂਤਰ ਪਰਕ ਵਿਆਕਰਨ (ਟਰਾਂਸਫਾਰਮਰਸ਼ਨਲ ਗ੍ਰਾਮਰ) ਦੇ ਸਿਧਾਂਤ ਨੇ ਭਾਸ਼ਾ ਵਿਗਿਆਨ, ਦਰਸ਼ਨ ਅਤੇ ਸੰਗਿਆਤਮਕ ਮਨੋਵਿਗਿਆਨ ਦੇ ਖੇਤਰ ਵਿਚ ਇਨਕਲਾਬ ਲਿਆ ਦਿੱਤਾ।

ਇਕ ਅਨੁਕੂਲ ਆਚਰਣ ਵਾਲੇ ਵਿਉਹਾਰ ਦੇ ਰੂਪ ਵਿਚ ਚੌਮਸਕੀ ਨੇ ਅਕਾਦਮਿਕ ਕਾਰਜ ਅਤੇ ਰਾਜਨੀਤਕ ਅੰਦੋਲਨ ਸੰਘਰਸ਼ ਦੀ ਮਰਿਆਦਾ ਦੋਹਾਂ ਨੂੰ ਜੋੜ ਦਿੱਤਾ। ਇਹਨੇ ਉਹਨੂੰ ਸਾਡੇ ਯੁੱਗ ਦਾ ਇਕ ਅਜਿਹਾ ਬੁੱਧੀਜੀਵੀ ਬਣਾ ਦਿੱਤਾ ਜਿਹੜਾ ਆਮ ਲੋਕਾਈ ਦਾ ਬੁੱਧੀਜੀਵੀ ਹੈ। ਵੀਅਤਨਾਮ ਉਤੇ ਅਮਰੀਕੀ ਹਮਲੇ ਦੇ ਵਿਰੁੱਧ ਉਹਦੇ ਵਿਰੋਧ ਨੇ ਉਹਨੂੰ ਬੌਧਿਕ ਅਤੇ ਸਰਵਜਨਕ ਬਹਿਸ/ਚਰਚਾ ਦੇ ਖੇਤਰ ਵਿਚ ਇਕ ਤਾਕਤਵਰ ਆਵਾਜ਼ ਬਣਾ ਦਿੱਤਾ।

1967 ਵਿਚ ਆਪਣੇ ਯੁੱਧ ਵਿਰੋਧੀ ਲੇਖ 'ਬੁੱਧੀਜੀਵੀਆਂ ਦੀ ਜਵਾਬਦੇਹੀ ਨਾਲ ਚੌਮਸਕੀ ਨੇ ਵਿਆਪਕ ਪੱਧਰ ਉਤੇ ਆਮ ਲੋਕਾਈ ਨੂੰ ਖਿੱਚਿਆ। ਇਹ ਲੇਖ ਆਪਣੇ ਮਹੱਤਵ ਵਿਚ ਸਰਵਕਾਲਿਕੀ ਸਦਾ ਜੀਵਤ ਰਹਿਣ ਵਾਲੀ ਲਿਖਤ ਹੈ। ਕਿਸੇ ਵੀ ਅਰਥ ਵਿਚ ਉਹ ਆਮ ਲੋਕਾਂ ਤੋਂ ਕੱਟੇ ਆਪਣੀ ਹੀ ਦੁਨੀਆ ਵਿਚ ਰਹਿਣ ਵਾਲੇ ਬੌਧਿਕ ਨਹੀਂ ਹਨ। ਯੁੱਧ ਵਿਰੋਧੀ ਪ੍ਰਦਰਸ਼ਨਾਂ ਵਿਚ ਹਿੱਸੇਦਾਰੀ ਦੇ ਲਈ ਉਨ੍ਹਾਂ ਨੂੰ ਅਨੇਕ ਵਾਰੀ ਗ੍ਰਿਫ਼ਤਾਰ ਕੀਤਾ ਗਿਆ। ਉਹ ਅਮਰੀਕੀ ਰਾਸ਼ਟਰਪਤੀ ਰਿਚਰਡ ਨਿਕਸਨ ਦੀ ਬਦਨਾਮ 'ਦੁਸ਼ਮਣ ਸੂਚੀ' ਵਿਚ ਸ਼ਾਮਲ ਸਨ।

ਪੂਰਵੀ ਤਿਮੋਰ ਵਰਗੇ ਦੇਸ਼ਾਂ ਦੀ ਆਜ਼ਾਦੀ ਸੁਨਿਸਚਿਤ ਕਰਨ ਅਤੇ ਵੱਖ-ਵੱਖ ਖੇਤਰਾਂ ਵਿਚ ਸ਼ਾਂਤੀ ਦੀ ਸਥਾਪਨਾ ਵਿਚ ਚੌਮਸਕੀ ਦੀ ਦਖ਼ਲ ਅੰਦਾਜ਼ੀ ਮਹੱਤਵਪੂਰਨ ਰਹੀ। ਉਹ ਅਮਰੀਕੀ ਵਿਦੇਸ਼ ਨੀਤੀ, ਨਵਉਦਾਰਵਾਦ, ਸਮਕਾਲੀਨ ਪੂੰਜੀਵਾਦ, ਫਿਲਸਤੀਨ ਉਤੇ ਇਜ਼ਰਾਈਲੀ ਹਮਲੇ ਅਤੇ ਇਸੇ ਤਰ੍ਹਾਂ ਦੇ ਹੋਰ ਮੁੱਦਿਆਂ ਉਤੇ ਤਿੱਖੇ ਆਲੋਕ ਰਹੇ ਹਨ। 2011 ਵਿਚ ਉਹਨਾਂ ਨੂੰ ਸਿਡਨੀ ਸ਼ਾਂਤੀ ਪੁਰਸਕਾਰ ਨਾਲ ਨਿਵਾਜਿਆ ਗਿਆ ਸੀ।

ਚੌਮਸਕੀ ਸੌ ਤੋਂ ਜ਼ਿਆਦਾ ਕਿਤਾਬਾਂ ਦੇ ਲੇਖਕ ਹਨ। ਇਨ੍ਹਾਂ ਵਿਚ ਸ਼ਾਮਲ ਹੈ : ਅਮਰੀਕਨ ਪਾਵਰ ਐਂਡ ਦਾ ਨਿਊ ਮੇਂਡਰਿਨਸ, ਫਾਰ ਰੀਜਨਸ ਆਫ਼ ਸਟੇਟ, ਮੈਨੂਫੈਕਚਰਿੰਗ ਕੰਸੈਂਟ : ਦਾ ਪੋਲੀਟੀਕਲ ਇਕਾਨਸੀ ਆਫ਼ ਮਾਸ ਮੀਡੀਆ, ਨਸੈਸਰੀ ਟਿਲਯੂਜਿਨ : ਥਾਟ ਕੰਟਰੋਲ ਇਨ ਡੈਮੋਕਰੇਟਿਕ ਸੁਸਾਇਟੀਜ਼, ਪ੍ਰੋਫਿਟ ਓਵਰ ਪੀਪਲਜ਼ : ਨਿਊ ਲਿਬਰਲਇਜ਼ਮ ਐਂਡ ਗਲੋਬਲ ਆਰਡਰ, ਹੈਜੀਮਨੀ ਆਫ਼ ਸਰਵਾਈਵਲ, ਅਮੇਰਿਕਨ ਕਵੈਸਟ ਆਫ਼ ਗਲੋਬਲ ਡੌਮੀਨੈਂਸ ਔਰ ਫੈਡਰਲ ਸਟੇਟ : ਏ ਏਬਯੂਸ ਆਫ਼ ਪਾਵਰ ਐਂਡ ਦਾ ਆਸਲਟ ਆਨ ਡੈਮੋਕਰੇਸੀ। ਆਪਣੇ ਆਪ ਨੂੰ ਉਦਾਰਵਾਦੀ ਸਮਾਜਵਾਦੀ ਜਾਂ ਅਰਾਜਕਤਾਵਾਦੀ ਦੇ ਰੂਪ ਵਿਚ ਐਲਾਨਨ ਵਾਲੇ ਚੌਮਸਕੀ ਸੁਪਨੇ ਵੇਂਹਦੇ ਹਨ, "ਇਕ ਅਰਾਜਕ ਕਿਰਤੀ ਸੰਘ ਵਾਲੇ ਭਵਿੱਖ ਦਾ ਜਿਸ ਵਿਚ ਉਤਪਾਦਨ ਦੇ ਸਾਧਨਾਂ ਉਤੇ ਸਿੱਧਾ ਕਿਰਤੀਆਂ ਦਾ ਕਬਜ਼ਾ ਹੋਵੇ, ਜਿਸ ਵਿਚ ਸਮਾਜ ਕਿਰਤੀਆਂ ਦੀਆਂ ਪ੍ਰੀਸ਼ਦਾਂ ਤੋਂ ਸੰਚਾਲਿਤ ਹੋਵੇ ਅਤੇ ਜਿਹੜਾ ਆਮ ਸਭਾਵਾਂ ਦੀਆਂ ਬੈਠਕਾਂ ਦੇ ਲਈ ਆਪਣੇ ਪ੍ਰਤੀਨਿਧ ਚੁਣੇ।"

ਮੌਜੂਦਾ ਸਮਿਆਂ 'ਚ ਚੌਮਸਕੀ ਮੈਸਾਚੁਸੇਟੂਸ ਇੰਸਟੀਚਿਊਟ ਆਫ਼ ਟੈਕਨਾਲੋਜੀ ਵਿਚ ਸੰਸਥਾਗਤ ਸਨਮਾਨਤ ਪ੍ਰੋਫੈਸਰ (ਨਾਮਜ਼ਕ ਇੰਸਟੀਚਿਊਟ ਪ੍ਰੋਫੈਸਰ ਅਮੇਰਿਟਸ ਅਤੇ ਇਰੋਜੋਨਾ ਯੂਨੀਵਰਸਿਟੀ ਵਿਚ ਲਾਰਈਏਟ ਪ੍ਰੋਫੈਸਰ) ਪ੍ਰੋਫੈਸਰ, ਇਨ੍ਹਾਂ ਦੋਹਾਂ ਅਹੁਦਿਆਂ ਉਤੇ ਸਾਂਝੇ ਰੂਪ ਵਿਚ ਬਿਰਾਜਮਾਨ ਹਨ। 89 ਸਾਲ ਦੀ ਉਮਰ ਵਿਚ ਵੀ ਸਾਮਰਾਜਵਾਦ ਵਿਰੋਧ ਅਤੇ ਨਿਆਂ ਅਤੇ ਸ਼ਾਂਤੀ ਲਈ ਜਾਰੀ ਆਪਣੇ ਸੰਘਰਸ਼ ਵਿਚ ਚੌਮਸਕੀ ਥੱਕੇ ਨਹੀਂ ਹਨ ਸਗੋਂ ਜੋਸ਼ ਨਾਲ ਭਰੇ ਹੋਏ ਹਨ। ਮਨੁੱਖਤਾ ਨੂੰ ਲੈ ਕੇ ਉਨ੍ਹਾਂ ਦੀ ਪ੍ਰਤੀਬੱਧਤਾ ਉਨ੍ਹਾਂ ਦੇ ਹੀ ਸ਼ਬਦਾਂ ਤੋਂ ਉਜਾਗਰ ਹੁੰਦੀ ਹੈ, "ਮੈਂ ਇਕ ਅਜਿਹੇ ਸੰਸਾਰ ਦੇ ਵੱਲ ਵਿਕਾਸ ਚਾਹੁੰਦਾ ਹਾਂ ਜਿਸ ਵਿਚ ਮੇਰਾ ਪੋਤਾ ਪੋਤੀ ਬਿਨਾਂ ਕਸ਼ਟ ਦੇ ਅਤੇ ਦੂਸਰਿਆਂ ਦੀ ਪੀੜਾ ਦੇ ਕਾਰਨ ਪੈਦਾ ਹੋਣ ਵਾਲੀ ਸ਼ਰਮਿੰਦਗੀ ਦੇ ਬਿਨਾਂ ਜੀਊਣ ਵਿਚ ਸਮਰੱਥ ਹੋਣ ਅਤੇ ਵਧੇਰੇ ਜਾਂ ਬਹੁਗਿਣਤੀ ਲੋਕਾਂ ਦੇ ਅਧਿਕਾਰਾਂ ਨੂੰ ਨਾ ਕਾਰਨ ਵਾਲੇ ਵਿਸ਼ੇਸ਼ ਅਧਿਕਾਰ ਪ੍ਰਾਪਤ ਲੋਕ, ਜਿਨ੍ਹਾਂ 'ਚੋਂ ਮੈਂ ਵੀ ਇਕ ਹਾਂ ਉਸ ਟੀਚੇ ਦੀ ਪ੍ਰਾਪਤੀ ਦੇ ਲਈ ਬਹੁਤ ਥੋੜ੍ਹੇ ਵਿਅਕਤੀਗਤ ਨੁਕਸਾਨ ਦੇ ਨਾਲ ਆਪਣੀ ਜ਼ਿੰਦਗੀ ਦਾ ਇਕ ਹਿੱਸਾ ਸਮਰਪਿਤ ਕਰ ਸਕਣ।"

ਜਿਪਸਨ ਜੌਨ ਅਤੇ ਜਿਤੀਸ਼ ਪੀ. ਐਮ. ਨੂੰ ਦਿੱਤੀ ਇਸ ਵਿਸ਼ੇਸ਼ ਮੁਲਾਕਾਤ ਵਿਚ ਚੌਮਸਕੀ ਵਿਆਪਕ ਮੁੱਦਿਆਂ ਉਤੇ ਗੱਲਬਾਤ ਕਰਦੇ ਹਨ ਜਿਨ੍ਹਾਂ 'ਚ ਸ਼ਾਮਲ ਹਨ, ਡੋਨਾਲਡ ਟਰੰਪ ਦਾ ਰਾਸ਼ਟਰਪਤੀ ਦਾ ਮਿਆਰ, ਇਜ਼ਰਾਇਲ ਦੀ ਰਾਜਧਾਨੀ ਦੇ ਰੂਪ ਵਿਚ ਯਰੂਸਲਮ ਨੂੰ ਸਵੀਕਾਰਨ ਦੀ ਮੋਹਰ, ਅਮਰੀਕਾ ਦੀ ਤਾਕਤ ਵਿਚ ਗਿਰਾਵਟ, ਦੁਨੀਆ ਵਿਚ ਸੱਜ ਪਿਛਾਖੜੀ ਰਾਜਨੀਤੀ ਦਾ ਉਭਾਰ, ਨਰੇਂਦਰ ਮੋਦੀ ਦਾ ਸਾਸ਼ਨ ਕਾਲ, ਰਾਸ਼ਟਰਵਾਦੀ ਬਹਿਸ, ਮੀਡੀਆ ਅਤੇ ਇੰਟਰਨੈਟ, ਲਾਤੀਨੀ ਅਮਰੀਕਾ ਦੇ ਖੱਬੇ ਪੱਖੀ, ਪੋਪ ਫਰਾਂਸਿਸ, ਇਸਲਾਮ ਦਾ ਹਉਅਤ (ਫੋਬੀਆ) ਸੀਰੀਆ ਯੁੱਧ, ਇਰਾਨ ਦੇ ਨਾਲ ਪ੍ਰਮਾਣੂ ਸਮਝੌਤੇ ਤੋਂ ਡੋਨਾਲਡ ਟਰੰਪ ਦਾ ਪਿਛੇ ਹਟਨ, ਬੁੱਧੀਜੀਵੀਆਂ ਦੀ ਭੂਮਿਕਾ ਅਤੇ ਉਨ੍ਹਾਂ ਦੀ ਰਾਜਨੀਤਕ ਅੰਦੋਲਨ ਦੀ ਜਾਂ ਸੰਘਰਸ਼ ਦੀ ਮਰਿਆਦਾ ਉਤੇ ਰੌਸ਼ਨੀ।

### ਟਰੰਪ ਦਾ ਰਾਸ਼ਟਰਪਤੀਤਵ

ਪਿਛਲੀਆਂ ਅਮਰੀਕੀ ਚੋਣਾਂ ਦੇ ਦੌਰਾਨ ਤੁਸੀਂ ਚੌਕਸ ਕੀਤਾ ਸੀ ਕਿ 'ਦੁਨੀਆ ਨੂੰ ਡੋਨਾਲਡ ਟਰੰਪ ਦੇ ਰਾਸ਼ਟਰਪਤੀਤਵ ਤੋਂ ਬਹੁਤ ਜ਼ਿਆਦਾ ਦਹਿਸ਼ਤ ਜਾਂ ਡਰਨਾ ਚਾਹੀਦਾ ਹੈ। ਹੁਣ ਤਾਂ ਵਾਈਟ ਹਾਊਸ ਉਤੇ ਉਹ ਕਾਬਿਜ਼ ਹਨ ਉਨ੍ਹਾਂ ਦੀਆਂ ਨੀਤੀਆਂ ਅਤੇ ਐਲਾਨ ਸਾਂਝੇ ਰੂਪ ਵਿਚ ਗੋਰਿਆਂ ਦੀ ਸਰਕਾਰੀ (ਤਾਨਾਸ਼ਾਹੀ) ਅਤੇ ਨਿਗਮੀ (ਕਾਰਪੋਰੇਟੀ) ਏਜੰਡੇ ਨੂੰ ਪੇਸ਼ ਕਰਦੀਆਂ ਹਨ। ਕੁਝ ਨੇ ਤਾਂ ਉਨ੍ਹਾਂ ਨੂੰ ਵਾਈਟ ਹਾਊਸ ਵਿਚ 'ਰਾਖਸ਼ਿਸ਼' ਤੱਕ ਕਿਹਾ ਹੈ। ਉਹ ਖਤਰਾ ਕੀ ਹੈ, ਜਿਹੜਾ ਨਾ ਸਿਰਫ਼ ਅਮਰੀਕਾ ਲਈ ਸਗੋਂ ਵਿਸ਼ਵ ਦੇ ਲਈ ਵੀ ਪੈਦਾ ਕਰਦੇ ਹਨ? ਉਹ ਇਸ ਅਹੁਦੇ ਉਤੇ ਆਪਣੇ ਪਹਿਲਿਆਂ (ਪਹਿਲੇ ਰਾਸ਼ਟਰਪਤੀਆਂ) ਨਾਲੋਂ ਕਿਵੇਂ 'ਭਿੰਨ' ਹਨ?

ਇਕੱਲੀ ਸਭ ਤੋਂ ਜ਼ਿਆਦਾ ਨਾਟਕੀ ਮਿਸਾਲ ਹੈ ਵਿਸ਼ਵੀ ਤਾਂ ਬ੍ਰਹਿਮੰਡਲੀ ਗਰਮੀ (ਤਪਸ਼) ਉਤੇ ਟਰੰਪ ਦਾ ਪੱਖ। ਜਿਹੜਾ ਹਕੀਕਤ ਵਿਚ ਹੋਂਦ ਦਾ ਹੀ ਸੰਕਟ ਹੈ। ਇਸ ਬਹੁਤ ਹੀ ਗੰਭੀਰ ਸੰਕਟ ਦਾ ਸਾਹਮਣਾ ਕਰਨ ਦੇ ਲਈ ਬਾਕੀ ਦੁਨੀਆ ਘੱਟੋ ਘੱਟ ਕੁਝ ਕਦਮ ਉਠਾ ਰਹੀ ਹੈ। ਲੋੜੀਂਦੇ ਨਾ ਸਹੀ ਪ੍ਰੰਤੂ ਕੁਝ ਤਾਂ ਦਿਖਾਵੇ ਵਜੋਂ ਕਰ ਹੀ ਰਹੇ ਹਨ। ਇਹ ਗੱਲ ਅਮਰੀਕਾ ਦੇ ਆਪਣੇ ਕੁਝ ਰਾਜਾਂ ਅਤੇ ਇਲਾਕਿਆਂ ਦੇ ਸਬੰਧ ਵਿਚ ਵੀ ਸੱਚ ਹੈ। ਪ੍ਰੰਤੂ ਟਰੰਪ ਦੇ ਅਧੀਨ ਰਿਪਬਲਿਕਨ ਸੰਗਠਨ ਦੀ ਆਮ ਹਮਾਇਤ ਨਾਲ ਇਸ ਵਿਸ਼ਵ ਇਤਿਹਾਸ ਦੀ ਸਭ ਤੋਂ ਤਾਕਤਵਰ ਸੱਤਾ ਸੰਘੀ ਸਰਕਾਰ ਨੇ, ਨਾ ਸਿਰਫ਼ ਇਨ੍ਹਾਂ ਕਦਮਾਂ ਤੋਂ ਆਪਣੇ ਹੱਥ ਖਿੱਚ ਲਏ ਹਨ ਸਗੋਂ ਇਹ ਸਰਕਾਰ ਅੰਨ੍ਹੀ ਅਤੇ ਮਾਰੂ ਦੌੜ ਨੂੰ ਹੋਰ ਤੇਜ਼ ਕਰਨ ਦੀ ਖੁੱਲ੍ਹੀ ਤੇ ਸਰਗਰਮ ਮੰਗ ਕਰ ਰਹੀ ਹੈ। ਇਹ ਤੱਥ ਹੈਰਾਨੀ ਪ੍ਰਗਟ ਕਰਨ ਵਾਲਾ ਹੈ ਪਰ ਇਸ ਉਤੇ ਠੀਕ ਤਰ੍ਹਾਂ ਨਾਲ ਧਿਆਨ ਨਹੀਂ ਦਿੱਤਾ ਗਿਆ ਹੈ। ਪ੍ਰੰਤੂ ਪਾਣੀ ਖਤਰੇ ਦੇ ਨਿਸ਼ਾਨ ਤੋਂ ਬਹੁਤ ਉਤੇ ਜਾ ਚੁੱਕਾ ਹੈ।

ਟਰੰਪ ਵਲੋਂ ਯੋਰੂਸ਼ਲਮ ਨੂੰ ਇਜ਼ਰਾਈਲ ਦੀ ਰਾਜਧਾਨੀ ਦਾ ਐਲਾਨ ਕਰਨਾ ਅਤੇ ਮਾਨਤਾ ਦੇਣੀ, ਸ਼ਾਂਤੀ ਪ੍ਰਕਿਰਿਆ ਅਤੇ ਇਜ਼ਰਾਈਲ-ਫਲਸਤੀਨ ਤਣਾਅ ਦੇ ਹੱਲ ਦੇ ਲਈ ਸਭ ਤੋਂ ਵੱਡਾ ਧੱਕਾ ਹੈ। ਟਰੰਪ ਇਸ ਨਾਲ ਕਿਹੜੇ ਸੰਕੇਤ ਦੇਣੇ ਚਾਹੁੰਦੇ ਹਨ? ਇਸ ਅਚਾਨਕ ਲਏ ਗਏ ਫੈਸਲੇ ਦੇ ਪਿਛੇ ਕੀ ਹੈ। ਇਹ ਇਸ ਖੇਤਰ ਵਿਚ ਮਹੱਤਵਪੂਰਨ ਢੰਗ ਨਾਲ ਮਸਲਿਆਂ ਦੇ ਹੱਲ ਦੀਆਂ ਕੋਸ਼ਿਸ਼ਾਂ ਨੂੰ ਕਿਸ ਤਰ੍ਹਾਂ ਪ੍ਰਭਾਵਿਤ ਕਰੇਗਾ?

ਅਫ਼ਸੋਸ ਨਾਲ ਇਸ ਇਕ ਹੋਰ ਝਟਕੇ ਦੇ ਬਿਨਾਂ ਵੀ ਕੋਈ ਖਾਸ "ਸ਼ਾਂਤੀ ਪ੍ਰਕਿਰਿਆ" ਵਰਗੀ ਚੀਜ਼ ਨਹੀਂ ਸੀ। ਮੇਰਾ ਅਨੁਮਾਨ ਹੈ ਕਿ ਕੁਲ ਮਿਲਾ ਕੇ ਇਹ ਘਰੇਲੂ ਰਾਜਨੀਤਕ ਕਾਰਨਾਂ ਕਰਕੇ ਕੀਤਾ ਗਿਆ ਹੈ। ਟਰੰਪ ਦੇ ਜ਼ਿਆਦਾਤਰ ਰਾਜਨੀਤਕ ਹਮਾਇਤੀ ਅਤੇ ਚੋਣ ਫੰਡਾਂ ਵਿਚ ਯੋਗਦਾਨ ਪਾਉਣ ਵਾਲੇ ਇਜ਼ਰਾਇਲ ਵਲੋਂ ਵੈਸਟ ਬੈਂਕ ਖੇਤਰ ਵਿਚ ਗੈਰ ਕਾਨੂੰਨੀ ਵਿਸਥਾਰ ਕਰਨ ਦੇ ਪ੍ਰਚੰਡ ਹਮਾਇਤੀ ਹਨ।

**ਤੁਸੀਂ ਇਹ ਲਿਖ ਚੁੱਕੇ ਹੋ ਕਿ ਵਿਸ਼ਵੀ ਪੱਧਰ ਉਤੇ ਅਮਰੀਕਾ ਦੀ ਤਾਕਤ ਵਿਚ ਗਿਰਾਵਟ ਹੋ ਰਹੀ ਹੈ। ਜੇ ਮਸਲਾ ਇਹੋ ਹੈ ਤਾਂ ਕੌਮਾਂਤਰੀ ਰਾਜਨੀਤਕ ਦ੍ਰਿਸ਼ ਵਿਚ ਕਿਸ ਤਰ੍ਹਾਂ ਦੀਆਂ ਸੰਰਚਨਾਤਮਕ ਤਬਦੀਲੀਆਂ ਹੋ ਰਹੀਆਂ ਹਨ? ਕੀ ਅਸੀਂ ਬਹੁ ਧਰੁਵੀਕਰਨ ਦੁਨੀਆ ਦੇ ਵੱਲ ਵੱਧ ਰਹੇ ਹਾਂ?**

– ਅਮਰੀਕੀ ਕੌਮੀ ਸ਼ਕਤੀ ਦੂਸਰੀ ਸੰਸਾਰ ਜੰਗ ਦੀ ਸਮਾਪਤੀ ਉਤੇ ਆਪਣੇ (ਇਤਿਹਾਸਕ ਰੂਪ ਨਾਲ ਪਹਿਲਾਂ ਕਦੇ ਅਜਿਹਾ ਨਹੀਂ ਸੀ ਹੋਇਆ ਭਾਵ ਇਕ ਅਚੰਭਾ ਹੀ ਸੀ) ਸਿਖਰ ਉਤੇ ਪਹੁੰਚ ਗਈ ਸੀ। ਪਰ ਛੇਤੀ ਹੀ ਜਿਹਨੂੰ 'ਚੀਨ ਦਾ ਹੱਥਾਂ 'ਚੋਂ ਨਿਕਲਣਾ' ਕਿਹਾ ਜਾਂਦਾ ਹੈ। ਉਹਦੇ ਨਾਲ ਹੀ ਉਨ੍ਹਾਂ (ਢਹਿਣਾ) ਨਾਸ਼ ਹੋਣਾ ਵੀ ਸ਼ੁਰੂ ਹੋ ਗਿਆ। ਇਹਦੇ ਵਿਸ਼ਵ ਪੱਧਰ ਉਤੇ ਵਿਆਪਕ ਪ੍ਰਭਾਵ ਪਏ ਹਨ। ਜਿਵੇਂ ਕਿ ਦੂਸਰੇ ਉਦਯੋਗਿਕ ਸਮਾਜ ਯੁੱਧਕਾਲੀਨ ਤਬਾਹੀ 'ਚੋਂ ਉਭਰੇ ਅਤੇ ਬਸਤੀਵਾਦ ਦੀ ਸਮਾਪਤੀ ਦੀ ਕਸ਼ਟਦਾਇਕ ਪ੍ਰਕਿਰਿਆ ਸ਼ੁਰੂ ਹੋਈ ਵਿਸ਼ਵੀ ਸਮਾਜ ਹੋਰ ਜ਼ਿਆਦਾ ਬੇਢੰਗਾਪਨ ਹੋ ਗਿਆ। 1970 ਦੀ ਸ਼ੁਰੂਆਤ ਤੱਕ ਵਿਸ਼ਵ ਅਰਥ ਵਿਵਸਥਾ ਆਪਣੇ ਮੂਲ ਵਿਚ ਤ੍ਰੈਧਰੁਵੀ ਹੋ ਰਹੀ ਸੀ।

ਯੰਯੁਕਤ ਰਾਜ (ਯੂ.ਐਸ.) ਦੀ ਧੁਰੀਵਾਲਾ ਉਤਰੀ ਅਮਰੀਕਾ, ਜਰਮਨ ਦੀ ਧੁਰੀਵਾਲਾ ਯੂਰਪ ਅਤੇ ਜਾਪਾਨ ਦੀ ਧੁਰੀ ਵਾਲਾ ਉਤਰ ਪੂਰਬੀ ਏਸ਼ੀਆ ਜਿਹੜਾ ਪਹਿਲਾਂ ਤੋਂ ਹੀ ਜ਼ਿਆਦਾ ਗਤੀਮਾਨ ਖੇਤਰ ਰਿਹਾ ਹੈ। ਵਿਸ਼ੇਸ਼ ਤੌਰ 'ਤੇ ਚੀਨ ਦੇ ਉਭਾਰ ਤੋਂ ਪਿਛੋਂ ਅਮਰੀਕੀ ਤਾਕਤ ਦਾ ਨਿਰਬਲ ਹੋਣਾ ਹੋਰ ਜ਼ਿਆਦਾ ਹੋਇਆ ਹੈ। ਜਦਕਿ ਕਈ ਤਰੀਕਿਆਂ ਦੇ ਅੰਦਰੂਨੀ ਸੰਕਟਾਂ ਦੇ ਕਾਰਨ ਇਹ ਅਜੇ ਵੀ ਗਰੀਬ ਦੇਸ਼ ਹੈ, ਪ੍ਰੰਤੂ ਕੁਝ ਹਕੀਕੀ ਪੈਮਾਨਿਆਂ ਉਤੇ, ਹੁਣ ਇਹ ਵਿਸ਼ਵ ਦੀ ਸਭ ਤੋਂ ਵੱਡੀ ਅਰਥ ਵਿਵਸਥਾ ਹੈ। ਕੁਝ ਉਚਾਈਆਂ, ਵਿਸ਼ੇਸ਼ ਕਰਕੇ : ਫੌਜੀ ਸ਼ਕਤੀ ਵਿਚ ਸੰਯੁਕਤ ਰਾਜ ਅਜੇ ਵੀ ਸਭ ਤੋਂ ਸਰਵੁਚ ਬਣਿਆ ਹੋਇਆ ਹੈ। ਇਹ ਯਾਦ ਰੱਖਣਾ ਚਾਹੀਦਾ ਹੈ ਕਿ ਕੌਮਾਂਤਰੀ ਅਰਥ ਵਿਵਸਥਾ ਦੇ ਵਿਸ਼ਵੀਕਰਨ ਦੇ ਨਾਲ ਕੌਮੀ ਹਿਸਾਬ ਕਿਤਾਬ ਪਹਿਲਾਂ ਦੇ ਮੁਕਾਬਲੇ ਵਿਚ ਘੱਟ ਮਹੱਤਵਪੂਰਨ ਹੋ ਗਿਆ ਹੈ। ਇਸ ਤਰ੍ਹਾਂ ਜਦੋਂ ਕਿ ਵਿਸ਼ਵੀ ਘਰੇਲੂ ਉਤਪਾਦਨ ਵਿਚ ਅਮਰੀਕਾ ਦੀ ਹਿੱਸੇਦਾਰੀ 20 ਫੀਸਦੀ ਤੋਂ ਵੀ ਘੱਟ ਅੰਮੀ ਜਾਂਦੀ ਹੈ, ਫਿਰ ਵੀ ਅਮਰੀਕਾ ਆਧਾਰਤ ਕੰਪਨੀਆਂ ਕਾਰਪੋਰੇਟ (ਫਰਮਾਂ) ਦਾ ਦੁਨੀਆ ਦੀ ਲਗਭਗ ਅੱਧੀ ਸੰਪੱਤੀ ਉਤੇ ਕਬਜ਼ਾ ਹੈ। ਲਾਜ਼ਮੀ ਹੀ ਇਹ ਸਾਰਾ ਇਕ ਜਟਿਲ ਤਸਵੀਰ ਦਾ ਸਤਹੀ ਦ੍ਰਿਸ਼ ਹੈ।

### ਫਾਸ਼ੀਵਾਦੀ ਉਭਾਰ

**ਸੰਸਾਰ ਦੇ ਲਗਭਗ ਸਾਰੇ ਹਿੱਸਿਆਂ ਵਿਚ ਸੱਜ ਪਿਛਾਖੜੀ ਤਾਕਤਾਂ ਦਾ ਖਤਰਨਾਕ ਉਭਾਰ ਨਜ਼ਰ ਆ ਰਿਹਾ ਹੈ। ਜਿਵੇਂ ਕਿ ਅਮਰੀਕਾ ਵਿਚ ਟੀ. ਪਾਰਟੀ ਅੰਦੋਲਨ, ਭਾਰਤ ਵਿਚ ਸੰਘ ਪਰਿਵਾਰ ਨਾਲ ਜੁੜੀਆਂ ਤਾਕਤਾਂ, ਫਰਾਂਸ ਵਿਚ ਮਰਿਨ-ਲੇ-ਪੇਨ ਦਾ ਕੌਮਵਾਦ ਮੋਰਚਾ ਅਤੇ ਵੱਖ ਵੱਖ ਦੇਸ਼ਾਂ ਵਿਚ ਕਈ ਤਰ੍ਹਾਂ ਦੀਆਂ ਇਸਲਾਮਿਕ ਤਾਕਤਾਂ। ਮਾਰਕਸਵਾਦੀ ਚਿੰਤਕ ਸਮੀਰ ਅਮੀਨ ਇਸ ਉਭਾਰ ਨੂੰ 'ਸਮਕਾਲੀਨ ਪੂੰਜੀਵਾਦ ਵਿਚ ਫਾਸ਼ੀਵਾਦ ਦੀ ਪੁਨਰ ਵਾਪਸੀ' ਦੀ ਘਟਨਾ ਦੇ ਰੂਪ ਵਿਚ ਪ੍ਰੀਭਾਸ਼ਤ ਕਰਦੇ ਹਨ। ਕੀ ਤੁਸੀਂ ਇਸ ਡਰ ਨਾਲ ਸਹਿਮਤ ਹੋ ਕਿ ਧਰਤੀ (ਦਰਅਸਲ ਅਨੁਵਾਦ ਇਹ ਬਣਦਾ ਹੈ ਕਿ ਉਹ ਥਾਂ ਜਿਥੇ ਧਰਤੀ ਅਤੇ ਆਕਾਸ਼ ਮਿਲਦੇ ਹੋਏ ਦਿਖਾਈ ਦਿੰਦੇ ਹੋਣ।) ਉਤੇ ਫਾਸ਼ੀਵਾਦ ਮੰਡਲਾ ਰਿਹਾ ਹੈ।**

– ਰਾਜਨੀਤਕ ਬਹਿਸ-ਮਆਬਸੇ ਦੀ ਵਧੇਰੇ ਕਰਕੇ ਸ਼ਬਦਾਵਲੀ ਦੇ ਵਾਂਗੂੰ 'ਫਾਸ਼ੀਵਾਦ' ਵੀ ਅਸਪਸ਼ਟ ਹੈ। ਅਜੇ ਤੱਕ ਇਹਦਾ ਪੂਰਨ ਰੂਪ ਜਾਂ ਲਗਭਗ ਨਫ਼ਰਤਯੋਗ ਅਰਥ ਲਾਇਆ ਜਾਂਦਾ ਹੈ ਜਿਹੜਾ ਕਿ ਸੁਭਾਵਿਕ ਵੀ ਹੈ। ਕਿਉਂਕਿ ਫਾਸ਼ੀਵਾਦੀ ਸੱਤਾਵਾਂ ਅਤੇ ਸੰਗਠਨਾਂ ਦੇ ਕੰਮਾਂ ਤੋਂ ਇਹੋ ਅਰਥ ਨਿਕਲਦਾ ਹੈ। ਪਹਿਲਾਂ ਇਸ ਸ਼ਬਦਾਵਲੀ ਦੀ ਵਰਤੋਂ ਜ਼ਿਆਦਾ ਤਕਨੀਕੀ ਰੂਪ ਵਿਚ ਜ਼ਿਆਦਾ ਸਟੀਕ (ਸਪਸ਼ਟ) ਨਾਲ ਕੀਤਾ ਜਾਂਦਾ ਸੀ। ਮਿਸਾਲ ਦੇ ਲਈ ਪ੍ਰਤੀਭਾਸ਼ਾਈ ਵੈਬਲੇ ਲਾਈਟ ਅਰਥ ਸ਼ਾਸ਼ਤਰੀ ਰਾਬਰਟ ਬ੍ਰੈਡੀ ਨੇ 1930 ਦੇ ਦੌਰ ਦੇ ਪੂੰਜੀਵਾਦੀ ਸਮਾਜਾਂ ਨੂੰ ਆਮ ਤੌਰ 'ਤੇ ਫਾਸ਼ੀਵਾਦਾਂ ਪ੍ਰਵਿਤਰੀਆਂ ਵਾਲੇ ਸਮਾਜਾਂ ਦੇ ਰੂਪ ਵਿਚ ਵਰਣਿਤ ਕੀਤਾ ਹੈ। ਸੰਭਵ ਹੈ ਕਿ ਉਹ ਇਹ ਪਦ ਨਿਰਵੇਸ਼ਾਤਮਕ ਦੇ ਤੁਲਨਾ ਵਿਚ ਸੰਦੇਹ (ਭਰਮ) ਪੈਦਾ ਕਰਨ ਵਾਲਿਆ ਜ਼ਿਆਦਾ ਹੋ ਗਿਆ ਹੋਵੇ।

ਸੱਜ ਪਿਛਾਖੜੀ ਤਾਕਤਾਂ ਦਾ ਉਭਾਰ ਇਸ ਸ਼ਬਦਾਵਲੀ ਦੇ ਬਿਨਾਂ ਜਿਨ੍ਹਾਂ ਵੀ ਕਹੀਏ ਉਨੇ ਹੀ ਰੂਪ ਵਿਚ ਅਸ਼ੁੱਭ ਸੂਚਕ ਹੈ ਅਤੇ ਨਵਉਦਾਰਵਾਦੀ ਸਮੇਂ ਵਿਚ ਮੱਧਵਰਗੀ ਰਾਜਨੀਤਕ ਸੰਸਥਾਵਾਂ ਵਿਚ ਆਈ ਆਮ ਗਿਰਾਵਟ ਦੇ ਅੰਗ ਦੇ ਰੂਪ ਵਿਚ ਇਨ੍ਹਾਂ ਸੰਸਥਾਵਾਂ ਦਾ ਵਿਸ਼ਲੇਸ਼ਣ ਇਨ੍ਹਾਂ ਦੀ ਹੀ ਸ਼ਬਦਾਵਲੀ ਵਿਚ ਕੀਤਾ ਜਾਣਾ ਚਾਹੀਦਾ ਹੈ। ਉਦਯੋਗਿਕ ਜਮਹੂਰੀਅਤਾਂ ਦੀਆਂ ਹਾਲੀਆ ਚੋਣਾਂ ਵਿਚ ਇਹ ਗਿਰਾਵਟ ਸਾਫ਼ ਨਜ਼ਰ ਆਉਂਦੀ ਹੈ। ਇਸ ਪ੍ਰਕਿਰਿਆ ਦੀ ਭੜਕਾਊ ਸੱਜ ਪਿਛਾਖੜੀ ਉਭਾਰ ਵਿਚ ਪ੍ਰਗਟਾਅ ਹੈ ਅਤੇ ਅਜਿਹੇ ਲੋਕਾਂ ਦੇ ਹਰਮਨਪਿਆਰੇ ਸੰਘਰਸ਼ਾਂ ਅਤੇ ਰਾਜਨੀਤਕ ਸੰਗਠਨਾਂ ਦਾ ਉਭਾਰ ਜਿਹੜੇ ਸਮਾਜਿਕ ਜਮਹੂਰੀ ਨੀਤੀਆਂ ਨੂੰ ਅੱਗੇ ਲਿਜਾਣ ਦੀ ਮੰਗ ਕਰਦੇ ਹਨ ਦੂਸਰਾ ਪ੍ਰਗਟਾਅ ਹੈ।

ਅਮਰੀਕਾ ਵਿਚ ਇਕ ਮਹੱਤਵਪੂਰਨ ਮਿਸਾਲ ਹੈ (ਬਰਨੀ) ਮੈਂਡਰਸ ਅੰਦੋਲਨ ਹਨ ਅਮਰੀਕਾ ਦੀਆਂ ਨਵੰਬਰ 2016 ਦੀਆਂ ਚੋਣਾਂ ਦੀ ਸਭ ਤੋਂ ਵੱਧ ਜ਼ਿਕਰਯੋਗ ਵਿਸ਼ੇਸ਼ਤਾ ਇਕ ਖਰਬਪਤੀ ਦਾ ਚੁਣਿਆ ਜਾਣਾ ਨਹੀਂ ਸੀ, ਜਿਸ ਦੀ ਚੋਣ ਮੁਹਿੰਮ ਵਿਚ ਖੁੱਲ੍ਹੇ ਹੱਥੀਂ ਪੈਸਾ ਵੰਡਿਆ ਗਿਆ ਸੀ ਅਤੇ ਜਿਹਨੂੰ ਮੀਡੀਆ ਦਾ ਵਿਆਪਕ ਹਮਾਇਤ ਹਾਸਲ ਹੋਈ ਸੀ। ਇਸ ਦੇ ਬਾਵਜੂਦ ਉਹਨੂੰ ਰੀਪਬਲਿਕਨ ਸੰਗਠਨ ਦੀ ਚੁਣਾਵੀ ਸ਼ੈਲੀ ਤੋਂ ਦੂਰ ਹੋਣ ਵਿਚ ਸਮਾਂ ਨਹੀਂ ਲੱਗਾ। ਸਗੋਂ ਇਹ ਤਾਂ ਸੈਂਡਰਸ ਦੀ ਮੁਹਿੰਮ ਸੀ ਜਿਹਨੇ ਵੱਡੇ ਪੱਧਰ ਉਤੇ ਚੋਣਾਂ ਨੂੰ ਖ੍ਰੀਦੇ ਜਾਣ ਦੀ ਲੰਬੀ ਰਾਜਸੀ ਪ੍ਰੰਪਰਾ ਨੂੰ ਤੋੜਿਆ।

ਜਿਵੇਂ ਕਿ ਵਿਸ਼ੇਸ਼ ਕਰਕੇ ਰਾਜਨੀਤਕ ਅਰਥ ਸ਼ਾਸਤਰੀ ਥਾਮਸ ਫਰਗੂਸਨ ਦਾ ਮਹੱਤਵਪੂਰਨ ਕੰਮ ਵਿਖਾਉਂਦਾ ਹੈ, ਨਿੱਜੀ ਖੇਤਰ ਦੀ ਸ਼ਕਤੀ ਦਾ ਇਕ ਮਹੱਤਵਪੂਰਨ ਤੱਤ ਚੋਣ ਮੁਹਿੰਮਾਂ ਵਿਚ ਲਾਇਆ ਜਾਣ ਵਾਲਾ ਪੈਸਾ ਹੀ ਚੁਣਾਵੀ ਯੋਗਤਾ ਦਾ ਸਭ ਤੋਂ ਵੱਧ ਤਾਕਤਵਰ ਪੈਮਾਨਾ ਹੈ। ਸੈਂਡਰਸ ਦੇ ਕੋਲ ਨਿੱਜੀ ਜਾਇਦਾਦ ਜਾਂ ਕਾਰਪੋਰੇਟ ਤਾਕਤ ਦਾ ਪੈਸਾ ਨਹੀਂ ਸੀ, ਨਾ ਹੀ ਮੀਡੀਆ ਉਹਨੂੰ ਹਮਾਇਤ ਦੇ ਰਿਹਾ ਸੀ ਅਤੇ ਇਥੋਂ ਤੱਕ ਕਿ ਉਨ੍ਹਾਂ ਨੇ 'ਸਮਾਜਵਾਦ' ਵਰਗੇ ਸ਼ਬਦ ਦੀ ਵਰਤੋਂ ਕੀਤੀ ਜਿਹੜਾ ਅਮਰੀਕੀ ਰਾਜਨੀਤਕ ਬਹਿਸ ਪ੍ਰਚਾਰ ਵਿਚ ਇਕ ਡਰਾਉਣਾ ਸ਼ਬਦ ਹੈ। ਉਹ ਸ਼ਾਇਦ : ਡੈਮੋਕਰੇਟਿਕ ਪਾਰਟੀ ਦਾ ਨੌਮੀਨੇਸ਼ਨ

(ਨਾਮਜ਼ਦਗੀ) ਜਿੱਤ ਗਏ ਹੁੰਦੇ ਜੇ ਪਾਰਟੀ ਪ੍ਰਬੰਧਕਾਂ ਨੇ ਤਿਕੜਮ ਨਾ ਕੀਤੀ ਹੁੰਦੀ ਅਤੇ ਦੇਸ਼ ਦੇ ਸਭ ਤੋਂ ਜ਼ਿਆਦਾ ਹਰਮਨ ਪਿਆਰੇ ਰਾਜਨੀਤਕ ਵਿਅਕਤੀ ਦੇ ਰੂਪ ਵਿਚ ਉਭਰਦੇ।

ਉਹ ਮਧੱਯੋਗੀ ਸੰਸਥਾਵਾਂ ਅਤੇ ਨਵਉਦਾਰਵਾਦੀ ਯੁੱਗ ਦੀਆਂ ਉਨ੍ਹਾਂ ਦੀਆਂ ਨੀਤੀਆਂ ਨੂੰ ਲੈ ਕੇ (ਤੱਥਾਂ ਉਤੇ ਆਧਾਰਿਤ) ਹਰਮਨ ਪਿਆਰੇ ਵਿਰੋਧ ਦਾ ਇਕ ਹੋਰ ਪ੍ਰਗਟਾਅ ਹੈ। ਬਿਲਕੁਲ ਇਸੇ ਤਰ੍ਹਾਂ ਦੀਆਂ ਪ੍ਰਤੀਕਿਰਿਆਵਾਂ ਹੋਰ ਥਾਵਾਂ ਉਤੇ ਵੀ ਪ੍ਰਤੀਬਿੰਧਤ ਹੁੰਦੀਆਂ ਹਨ। ਮਿਸਾਲ ਵਜੋਂ ਬ੍ਰਿਟਿਸ਼ ਲੇਬਰ ਪਾਰਟੀ ਦੀ ਅਗਵਾਈ (ਜੇਰੇਮੀ) ਕਾਰਬਿਨ ਦੇ ਹੱਥਾਂ ਵਿਚ ਆਉਣੀ ਅਤੇ ਡੀ. ਆਈ. ਟੀ. ਐਮ. 25 ਵਲੋਂ ਯੂਰਪ ਦੀ ਅਗਵਾਈ ਸੰਭਾਲਣਾ। ਜੋ ਹੋ ਰਿਹਾ ਹੈ, ਉਹ ਬੀਤ ਚੁੱਕੇ ਯੁੱਗ ਨੂੰ ਲੈ ਕੇ ਕਹੀ ਗਈ ਗ੍ਰਾਮਸ਼ੀ ਦੇ ਉਸ ਕਥਨ ਦੀ ਯਾਦ ਦੁਆਉਂਦਾ ਹੈ ਕਿ ਜਦੋਂ, 'ਪੁਰਾਣਾ ਮਰ ਰਿਹਾ ਹੋਵੇ, ਅਤੇ ਨਵੇਂ ਦਾ ਜਨਮ ਨਾ ਹੋ ਸਕਦਾ ਹੋਵੇ ਤਾਂ ਇਸ ਅਗਵਾਈ ਵਿਹੂਣੀ ਹਾਲਤ ਵਿਚ ਕਈ ਕਈ ਤਰ੍ਹਾਂ ਦੀਆਂ ਬੀਮਾਰੀਆਂ ਦੇ ਲੱਛਣ ਪ੍ਰਗਟ ਹੋ ਜਾਂਦੇ ਹਨ।" ਇਹਦੇ ਨਾਲ ਹੀ ਜੋੜ ਸਕਦੇ ਹਾਂ, ਉਮੀਦਾਂ ਦੇ ਚਿੰਨ੍ਹ ਵੀ।

**ਭਾਰਤ ਵਿਚ ਹਿੰਦੂਤਵਵਾਦੀ ਸੱਜ ਪਿਛਾਖੜੀ ਤਾਕਤਾਂ ਵਲੋਂ ਅਸਹਿਮਤੀ ਦੀਆਂ ਆਵਾਜ਼ਾਂ ਨੂੰ ਦਬਾਉਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਭਾਰਤ ਦੀ ਰਾਜਨੀਤਕ ਸਥਿਤੀ ਅਤੇ ਮੋਦੀ ਹਕੂਮਤ ਨੂੰ ਤੁਸੀਂ ਕਿਸ ਤਰ੍ਹਾਂ ਵੇਖਦੇ ਹੋ?**

– ਕੁਝ ਰਿਪੋਰਟਾਂ ਮੈਂ ਪੜ੍ਹੀਆਂ ਹਨ ਅਤੇ ਜਿਹੜੀਆਂ ਇਹ ਦਿਖਾਉਂਦੀਆਂ ਹਨ ਕਿ ਇਹ ਲਾਜ਼ਮੀ ਹੀ ਨਿੰਦਣਯੋਗ ਹੈ। ਅਜਿਹਾ ਪ੍ਰਤੀਤ ਹੁੰਦਾ ਹੈ ਕਿ ਮੋਦੀ ਸਰਕਾਰ ਕੁਝ ਨਹੀਂ ਤਾਂ ਇਨ੍ਹਾਂ ਅਪਰਾਧਾਂ ਨੂੰ ਬਰਦਾਸ਼ਤ ਤਾਂ ਕਰ ਹੀ ਰਹੀ ਹੈ।

**ਤੁਸੀਂ ਅਮਰੀਕਾ ਨੂੰ ਦੁਨੀਆ ਦਾ ਸਭ ਤੋ ਵੱਡਾ ਮੋਹਰੀ ਦਹਿਸ਼ਤਗਰਦ ਰਾਜ ਕਿਹਾ ਹੈ। ਭਾਰਤ ਵਿਚ ਮੌਜੂਦਾ ਸਰਕਾਰ ਦੇ ਪ੍ਰਤੀ ਇਸ ਤਰ੍ਹਾਂ ਦੀ ਟਿੱਪਣੀ ਕਰਨਾ ਰਾਸ਼ਟਰ ਵਿਰੋਧੀ ਕਾਨੂੰਨ ਨੂੰ ਸੱਦਾ ਦੇਣਾ ਹੈ। ਲੇਖਿਕਾ ਅਰੰਧਤੀ ਰਾਏ, ਮਨੁੱਖੀ ਅਧਿਕਾਰਾਂ ਦੇ ਕਾਰਕੁੰਨ ਡਾ. ਵਿਨਾਇਕ ਸੇਨ (2010 ਵਿਚ) ਅਤੇ ਹੁਣੇ ਹੁਣੇ ਨਹਿਰੂ ਯੂਨੀਵਰਸਿਟੀ ਦੇ ਵਿਦਿਆਰਥੀਆਂ ਨੂੰ ਭਾਰਤ ਵਿਚ ਵੱਖ-ਵੱਖ ਸਰਕਾਰਾਂ ਨੇ ਰਾਸ਼ਟਰ ਧ੍ਰੋਹ ਦੇ ਅਪਰਾਧਾਂ ਵਿਚ ਫਸਾਇਆ ਹੈ। ਤੁਸੀਂ ਰਾਸ਼ਟਰਵਾਦ ਅਤੇ ਰਾਸ਼ਟਰ ਧ੍ਰੋਹ ਵਿਚ ਕਿਸ ਤਰ੍ਹਾਂ ਦਾ ਅੰਤਰ ਕਰਦੇ ਹੋ?**

– ਮੇਰੇ ਲਈ ਇਹ ਕੋਈ ਮੁੱਦਾ ਹੀ ਨਹੀਂ ਹੈ। ਕੋਈ ਰਾਸ਼ਟਰਵਾਦ ਜਾਂ ਰਾਸ਼ਟਰ ਧ੍ਰੋਹ ਉਤੇ ਜੋ ਵੀ ਸੋਚਦਾ ਹੋਵੇ ਇਕ ਆਜ਼ਾਦ ਸਮਾਜ ਵਿਚ ਹਰ ਤਰ੍ਹਾਂ ਦੇ ਦ੍ਰਿਸ਼ਟੀਕੋਨਾਂ ਦਾ ਪ੍ਰਗਟਾਅ ਦੀ ਹਰ ਸੰਭਵ ਰੱਖਿਆ ਕੀਤੀ ਜਾਣੀ ਚਾਹੀਦੀ ਹੈ।

**ਰਾਸ਼ਟਰ ਧ੍ਰੋਹੀ ਸਰਗਰਮੀਆਂ ਦੇ ਦੋਸ਼ ਮੁਕੰਮਲ ਤੌਰ 'ਤੇ ਅਨਿਆਂਪੂਰਨ ਹੈ।**

**ਬਦਲਦਾ ਹੋਇਆ ਮੀਡੀਆ**

**ਤੁਹਾਡੀ ਅਤੇ ਏਡਵਰਡ ਐਸ ਹਰਮਨ ਦੀ 1988 ਵਿਚ ਪ੍ਰਕਾਸ਼ਿਤ ਪੁਸਤਕ "ਮੈਨੂਫੈਕਚਰਿੰਗ ਕਨਸੈਂਟ (ਸਹਿਮਤੀ ਦਾ ਨਿਰਮਾਣ) ਨੇ ਪ੍ਰਮਾਣਿਕ ਢੰਗ ਨਾਲ ਖੁਲਾਸਾ ਕੀਤਾ ਕਿ ਕਿਵੇਂ ਸੱਤਾ ਸਾਨ ਵਰਗ ਦੇ ਲਈ ਮਾਸ ਮੀਡੀਆ ਸਹਿਮਤੀ ਬਣਾਉਣ ਦਾ ਕੰਮ ਕਰਦਾ ਹੈ। ਤੁਹਾਡੀ ਇਸ ਕਿਤਾਬ ਦੇ ਪ੍ਰਕਾਸ਼ਨ ਹੋਣ ਤੋਂ ਪਿਛੋਂ ਹੁਣ ਤੱਕ ਮੀਡੀਆ ਜਗਤ ਵਿਚ ਬਹੁਤ ਸਾਰੀਆਂ ਤਬਦੀਲੀਆਂ ਆ ਚੁੱਕੀਆਂ ਹਨ। ਇੰਟਰਨੈਟ ਦੀ ਵਧ ਰਹੀ ਵਰਤੋਂ ਨੇ ਕਾਫ਼ੀ ਹੱਦ ਤੱਕ ਸਮਾਚਾਰਾਂ ਅਤੇ ਸੂਚਨਾਵਾਂ ਉਤੇ ਪ੍ਰੰਪਰਾਗਤ ਏਕਾਅਧਿਕਾਰ ਵਾਲੇ ਕੰਟੋਰਲ (ਸਰਕਾਰੀ) ਨੂੰ ਘੱਟ ਕਰ ਦਿੱਤਾ ਹੈ। ਕੁਝ ਦਾ ਵਿਸ਼ਵਾਸ ਹੈ ਕਿ ਸ਼ੋਸ਼ਲ ਮੀਡੀਆ ਅਤੇ ਆਨਲਾਈਨ ਮੀਡੀਆ ਮੰਚ ਮੁਕਤੀ ਦੀਆਂ ਸੰਭਾਵਨਾਵਾਂ ਪੈਦਾ ਕਰਦੇ ਹਨ। ਬਦਲੇ ਹੋਏ ਮੀਡੀਆ ਦੇ ਪੂਰੇ ਦਿਸ੍ਰ ਨੂੰ ਤੁਸੀਂ ਕਿਵੇਂ ਵੇਖਦੇ ਹੋ?**

–1988 ਵਿਚ ਪ੍ਰਕਾਸ਼ਿਤ ਇਸ ਕਿਤਾਬ ਨੇ ਇਹ ਖੁਲਾਸਾ ਕੀਤਾ ਕਿ ਕਿਵੇਂ ਸੱਤਾਧਾਰੀ ਵਰਗ ਦੇ ਲਈ ਮਾਸ ਮੀਡੀਆ ਸਹਿਮਤੀ ਬਣਾਉਣ ਦੀ ਭੂਮਿਕਾ ਨਿਭਾਉਂਦਾ ਹੈ।

ਸਾਲ 2002 ਵਿਚ ਜਦੋਂ ਅਸੀਂ ਇਸ ਕਿਤਾਬ ਦੀ ਦੂਸਰੀ ਛਾਪ ਛਾਪੀ (ਐਡੀਸ਼ਨ) ਸੀ ਤਾਂ ਉਦੋਂ ਤੱਕ ਇੰਟਰਨੈਟ ਦੀ ਵਿਆਪਕ ਪੱਧਰ ਉਤੇ ਵਰਤੋਂ ਹੋ ਰਹੀ ਸੀ ਪਰ ਸਾਨੂੰ ਕਿਸੇ ਤਬਦੀਲੀ ਦੀ ਲੋੜ ਨਾ ਲੱਗੀ। ਦੋਹਾਂ ਨੇ ਇਸ ਮੁੱਦੇ ਉਤੇ ਹੁਣੇ ਹੀ ਗੱਲਬਾਤ ਕੀਤੀ ਅਤੇ ਸਾਨੂੰ ਸਭ ਕੁਝ ਪਹਿਲਾਂ ਵਰਗਾ ਹੀ ਲੱਗਾ। ਤਬਦੀਲੀਆਂ ਤਾਂ ਲਾਜ਼ਮੀ ਹੋਈਆਂ ਹਨ ਪਰ ਮੀਡੀਆ ਦੇ ਭੁੰਨੇ ਹੋਏ ਜਾਂ ਪਕਾਏ ਹੋਏ ਕਾਰਜ ਨੂੰ ਪ੍ਰਭਾਵਿਤ ਕਰਨ ਵਾਲੇ ਸੰਸਥਾਗਤ ਕਾਰਕ ਵਸਤੂਗਤ ਢੰਗ ਤੋਂ ਭਿੰਨ ਨਜ਼ਰ ਨਹੀਂ ਆਉਂਦੇ। ਆਪਣੀਆਂ ਖ਼ੂਬੀਆਂ ਅਤੇ ਖਾਮੀਆਂ ਦੇ ਨਾਲ ਖ਼ਬਰਾਂ ਅਤੇ ਸੂਚਨਾਵਾਂ ਦਾ ਮੂੱਲ ਸਰੋਤ ਮੁੱਖ ਧਾਰਾ ਦਾ ਮੀਡੀਆ ਹੀ ਬਣਿਆ ਹੋਇਆ ਹੈ।

ਇੰਟਰਨੈਟ ਉਹਦੀ ਪਹੁੰਚ ਦੇ ਸਰੋਤਾਂ ਦੀ ਵਿਆਪਕ ਲੜੀ ਤੱਕ ਸੰਭਵ ਬਣਾਉਂਦਾ ਹੈ, ਜਿਹੜੇ ਇਹਦੇ ਲਈ ਕੋਸ਼ਿਸ਼ ਕਰਨ ਨੂੰ ਤਿਆਰ ਰਾਜ ਖੋਜ ਦੇ ਲਈ ਇਹ ਲਾਜ਼ਮੀ ਹੀ ਬਹੁਤ ਸਹਾਇਕ ਹੈ। ਮੰਦੇ ਭਾਗੀਂ ਇਹਦੇ ਸੰਕੇਤ ਬਹੁਤ ਘੱਟ ਹਨ ਕਿ ਸੂਚਨਾਵਾਂ ਅਤੇ ਵਿਅਕਤੀਗਤ ਮੱਤ ਤੱਕ ਐਨੀ ਗਹਿਰੀ ਪਹੁੰਚ ਨੇ ਆਮ ਤੌਰ 'ਤੇ ਜ਼ਿਆਦਾ ਮਹੱਤਵ ਵਾਲੀ ਜਾਗਰੂਕਤਾ ਅਤੇ ਸਮਝ ਨੂੰ ਉਤਸ਼ਾਹ ਦਿੱਤਾ ਹੋਵੇ। ਅਕਸਰ ਇਹਦਾ ਉਲਟਾ ਨਜ਼ਰ ਆਉਂਦਾ ਹੈ। ਲਾਜ਼ਮੀ ਹੀ ਆਜ਼ਾਦੀ ਦੀਆਂ ਸੰਭਾਵਨਾਵਾਂ ਹਨ ਪ੍ਰੰਤੂ ਉਸ ਤੋਂ ਲਾਭ ਉਠਾਉਣਾ ਲਾਜ਼ਮੀ ਹੈ ਅਤੇ ਅਕਸਰ ਇਹ ਆਸਾਨ ਹੁੰਦਾ ਹੈ ਕਿ ਅਸੀਂ ਉਨ੍ਹਾਂ ਦਿਖਾਵਟੀ ਅਰਾਮਗਾਹਾਂ ਵਿਚ ਸਿਮਟ ਜਾਈਏ। ਜਿਹੜੀਆਂ ਸਾਨੂੰ ਇਹ ਦੱਸਦੀਆਂ ਹਨ ਕਿ ਜੋ ਅਸੀਂ ਸੁਣਨਾ ਚਾਹੁੰਦੇ ਹਾਂ ਸਗੋਂ ਇਸ ਦੇ ਕਿ ਸੰਭਾਵਨਾਵਾਂ ਦੀਆਂ ਜਿਹੜੀਆਂ ਵਿਸ਼ਾਲ ਫੈਲੀਆਂ ਕੜੀਆਂ (ਸ਼ਾਖਾਵਾਂ) ਉਪਲਬਧ ਹਨ ਉਨ੍ਹਾਂ ਨੂੰ ਜਾਣੀਏ ਪਰਖੀਏ।

**ਕਈ ਲਾਤੀਨੀ ਦੇਸ਼ਾਂ ਵਿਚ ਖੱਬੀਆਂ ਤਾਕਤਾਂ ਨੂੰ ਚੋਣ ਹਾਰਾਂ ਦਾ ਅਤੇ ਵੱਖ-ਵੱਖ ਨੁਕਸਾਨਾਂ (ਮੁਸ਼ਕਲਾਂ ਜਾਂ ਠੋਕਰਾਂ) ਦਾ ਸਾਹਮਣਾ ਕਰਨਾ ਪਿਆ ਹੈ। ਕੀ ਲਾਤੀਨੀ ਅਮਰੀਕਾ ਵਿਚ ਖੱਬੇਪੱਖੀ ਲਹਿਰ ਕਮਜ਼ੋਰ ਹੋ ਰਹੀ ਹੈ। ਲਾਤੀਨੀ ਅਮਰੀਕਾ ਦੀ ਖੱਬੀ ਲੋਕਾਈ ਦੇ ਸਾਹਮਣੇ ਕੀ ਚੁਣੌਤੀਆਂ ਅਤੇ ਮੌਕੇ ਹਨ?**

– ਇਹ ਮਾਰ ਪੈ ਰਹੀ ਹੈ ਪਰ ਬਹੁਤ ਸਾਰੀਆਂ ਸਥਾਈ ਪ੍ਰਾਪਤੀਆਂ ਵੀ ਹਨ ਅਤੇ ਪਹਿਲਾਂ ਜੋ ਸੀ, ਹੁਣ ਉਸ ਤੋਂ ਵੀ ਬਿਹਤਰ ਹੈ। ਇਤਿਹਾਸਕ ਵਿਕਾਸ ਅਤੇ ਖੜੋਤ (ਜਾਂ ਗਿਰਾਵਟ) ਦੋਹਾਂ ਨੂੰ ਹੀ ਦਰਜ ਕਰਦਾ ਹੈ ਪਰ ਆਮ ਰੂਪ ਵਿਚ ਵਿਕਾਸ ਹੀ ਹੋਇਆ ਹੈ ਅਤੇ ਜ਼ਿਆਦਾ ਮਹੱਤਵਪੂਰਨ ਇਹ ਹੈ ਕਿ ਕਾਫ਼ੀ ਕੁਝ ਹੋਇਆ ਹੈ ਅਤੇ ਮਾਰਕਿਟ ਲੂਥਰ ਕਿੰਗ ਦੇ ਪ੍ਰਸਿੱਧ ਮੁਹਾਵਰੇ ਦੀ ਵਰਤੋਂ ਕਰੀਏ ਤਾਂ ਇਸ ਨਾਲ ਅਸੀਂ ਇਤਿਹਾਸ ਦੀ ਚਾਲ (ਪੈਰਾਂ ਦੀ ਆਹਟ) ਨੂੰ ਨਿਆਂ ਦੇ ਵੱਲ ਹੋਰ ਝੁਕਾਅ ਸਕਦੇ ਹਾਂ। ਨਿਰਾਸ਼ਾ ਤੋਂ ਹਾਰ ਮੰਨ ਲੈਣਾ ਤਾਂ ਆਸਾਨ ਰਾਹ ਹੈ। ਜਿਹੜਾ ਇਹ ਸੁਨਿਸਚਿਤ ਕਰਨ ਵਿਚ ਸਹਿਯੋਗ ਦਿੰਦਾ ਹੈ ਕਿ ਮਾੜਾ ਜਾਂ ਬਦਤਰ ਘੱਟ ਰਿਹਾ ਹੈ। ਸਮਝਦਾਰੀ ਭਰਿਆ ਅਤੇ ਸਾਹਸੀ ਰਾਹ ਜਾਂ ਹਿੰਮਤੀ ਕਦਮ ਉਨ੍ਹਾਂ ਲੋਕਾਂ ਦੇ ਨਾਲ ਜੁੜਨਾ ਹੈ। ਜਿਹੜੇ ਭਰੂਣ ਜਾਂ ਬਹੁਤ ਘੱਟ ਰੂਪ ਵਿਚ ਹਾਸਲ ਸੰਭਾਵਨਾਵਾਂ ਦੀ ਵਰਤੋਂ ਕਰਦਿਆਂ ਹੋਇਆਂ ਇਕ ਚੰਗੇਰੇ ਸਮਾਜ ਦੇ ਲਈ ਕੰਮ ਕਰ ਰਹੇ ਹਨ।

**ਇਸ ਸੰਸਾਰ ਨੂੰ ਪ੍ਰਭਾਵਿਤ ਕਰਨ ਵਾਲੇ ਵੱਖ-ਵੱਖ ਸਮਾਜਿਕ ਆਰਥਿਕ ਮੁੱਦਿਆਂ ਉਤੇ ਵੈਂਟਕਨ ਨੇ ਆਪਣੇ ਸਾਰੇ ਪੂਰਵ ਹਮ ਅਹੁਦੇਦਾਰਾਂ ਤੋਂ ਹਟ ਕੇ ਆਪਣੀ ਬਹੁਤ ਹੀ ਪ੍ਰਗਤੀਸ਼ੀਲ ਭੂਮਿਕਾ ਦੇ ਨਾਲ ਪੋਪ ਫਰਾਂਸਿਸ ਨੇ ਬਹੁਤ ਜ਼ਿਆਦਾ ਹਰਮਨਪਿਆਰਤਾ ਹਾਸਲ ਕੀਤੀ ਹੈ। ਅਸੀਂ ਜਾਣਦੇ ਹਾਂ ਕਿ ਤੁਸੀਂ ਇਕ ਐਲਾਨੀਆ ਨਾਸਤਿਕ ਹੈ। ਪੋਪ ਦੇ ਨਾਲ ਵਿਚਾਰਕ ਭਿੰਨਤਾ ਨੂੰ ਪਰ੍ਹਾਂ ਰੱਖਕੇ ਪੋਪ ਫਰਾਂਸਿਸ ਨੂੰ ਲੈ ਕੇ ਤੁਹਾਡਾ ਨਜ਼ਰੀਆ ਕੀ ਹੈ? ਕੀ ਤੁਹਾਨੂੰ ਲਗਦਾ ਹੈ ਕਿ ਉਹਦਾ ਨਿੱਜੀ ਮਤ ਕੈਥੋਲਿਕ ਚਰਚ ਦੀ ਸੰਕੀਰਨਤਾ ਵਿਚ ਬਦਲਾਅ ਲਿਆਵੇਗਾ?**

– ਮੈਂ ਬੀਤੇ ਹੋਏ ਨਾਲ ਬਿਲਕੁਲ ਸਹਿਮਤ ਨਹੀਂ ਸਾਂ। ਮਿਸਾਲ ਦੇ ਲਈ 28ਵੇਂ ਪੋਪ ਜਾਨ ਦੇ ਕਈ ਮਹੱਤਵਪੂਰਨ ਮੁੱਦਿਆ ਉਤੇ ਫੈਸਲੇ ਸਲਾਹੁਣਯੋਗ ਸਨ। ਪੋਪ ਫਰਾਂਸਿਸ ਨੇ ਵੀ ਕੁਝ ਬਹੁਤ ਹੀ ਮਹੱਤਵਪੂਰਨ ਮਸਲਿਆਂ ਉਤੇ ਸਲਾਹੁਣਯੋਗ ਫੈਸਲੇ ਲਏ ਹਨ ਅਤੇ ਇਹ ਉਮੀਦ ਜਤਾਉਂਦੇ ਹਨ ਕਿ ਚਰਚ ਉਤੇ ਉਨ੍ਹਾਂ ਦਾ ਪ੍ਰਭਾਵ ਆਮ ਤੌਰ 'ਤੇ ਸਾਕਾਰ ਆਤਮਕ ਰਹੇਗਾ।

**ਇਸਲਾਮ ਦਾ ਹਊਆ**

**ਸੰਸਾਰ, ਵਿਸ਼ੇਸ਼ ਕਰਕੇ ਪੱਛਮ ਵਿਚ ਵੱਧ ਰਹੇ ਇਸਲਾਮ ਦੇ ਹਊਏ (ਫੋਬੀਆਂ ਦਾ ਵਿਸ਼ਲੇਸ਼ਣ ਤੁਸੀਂ ਕਿਵੇਂ ਕਰੋਗੇ?) ਇਹਦੀਆਂ ਜੜ੍ਹਾਂ ਕਿਥੇ ਹਨ? ਕਿਉਂ ਅਤੇ ਕਿਵੇਂ ਇਹਨੂੰ ਬਣਾਈ ਅਤੇ ਰਹਿ ਰਹਿ ਕੇ ਪੁਨਰ ਜੀਵਤ ਕੀਤਾ ਜਾ ਰਿਹਾ ਹੈ?**

– ਇਸਲਾਮ ਦੇ ਹਊਏ ਦਾ ਇਤਿਹਾਸ ਪੁਰਾਣਾ ਹੈ। ਹੁਣ ਇਹਦੇ ਤਿੱਖੇ ਹੋਣ ਦੇ ਕਈ ਸਾਰੇ ਕਾਰਨ ਹਨ। ਇਨ੍ਹਾਂ ਵਿਚੋਂ ਇਕ ਕਾਰਨ ਹੈ : ਖਾੜਕੂ ਇਸਲਾਮਿਕ ਦਹਿਸ਼ਤਵਾਦ ਦਾ ਪੱਛਮ ਦੇ ਵੱਲ ਰੁਖ ਕਰਨਾ। ਦੂਸਰਾ ਕਾਰਨ ਹੈ ਸ਼ਰਨਾਰਥੀਆਂ ਦਾ ਹੜ੍ਹ ਜਿਸ ਵਿਚ ਬਹੁਤ ਸਾਰੇ ਮੁਸਲਮਾਨ ਹਨ। ਆਮ ਸਮਾਜਿਕ ਤਾਣੇ ਬਾਣੇ ਉਤੇ ਜ਼ਿਆਦਾ ਸੂਖਮ ਪੱਧਰ ਉਤੇ ਖ਼ਤਰਨਾਕ ਅਸਰ ਨਵਉਦਾਰਵਾਦੀ ਨੀਤੀਆਂ ਦਾ ਪਿਆ ਹੈ। ਇਹਨੇ ਅੰਦਰੂਨੀ ਅੰਦਰਲੀਆਂ ਵਿਰੋਧਤਾਈਆਂ ਤਣਾਵਾਂ ਨੂੰ ਵਧਾਉਣ ਵਿਚ ਕਈ ਵਾਰੀ ਬਹੁਤ ਘਾਤਕ ਕੰਮ ਕੀਤਾ ਹੈ। ਜਿਵੇਂ ਕਿ ਰਵਾਂਡਾਂ ਅਤੇ ਉਤਰੀ ਟੀਟੋ ਯੁਗੋਸਲਾਵੀਆ ਉਤੇ ਹੋਏ ਗੰਭੀਰ ਅਧਿਐਨਾਂ ਨਾਲ ਸਾਹਮਣੇ ਆਇਆ ਹੈ।

**ਸੀਰੀਆਈ ਸਰਕਾਰ ਵਲੋਂ ਰਸਾਇਣਕ ਹਥਿਆਰਾਂ ਦੇ ਕਥਿਤ (ਫਰਜ਼ੀ) ਇਸਤੇਮਾਲ ਨੂੰ ਲੈ ਕੇ ਸੀਰੀਆ ਉਤੇ ਹੋਏ ਅਮਰੀਕਾ ਦੇ ਹੁਣੇ ਹੁਣੇ ਫੌਜੀ ਹਮਲੇ ਨੇ ਪੱਛਮੀ ਤਾਕਤਾਂ ਅਤੇ ਬਸ਼ਰ ਮਾਲ ਅਸਟ ਹਕੂਮਤ ਦੇ ਹਮਾਇਤੀ ਦੇਸ਼ਾਂ ਦੇ ਵਿਚਕਾਰ ਤਣਾਅ ਵਧਾਇਆ ਹੈ। ਉਸ ਦੇਸ਼ ਦੀ ਪ੍ਰਭੂਸੱਤਾ ਦੀ ਉਲੰਘਣਾ ਦੇ ਰੂਪ ਵਿਚ ਰੂਸ ਨੇ ਇਸ ਘਟੀਆ ਕਾਰਨਾਮੇ ਦੀ ਨਿੰਦਿਆ ਵੀ ਕੀਤੀ ਹੈ। ਤੁਹਾਡੀ ਇਸ ਸੰਬਧੀ ਕੀ ਪ੍ਰਤੀਕਿਰਿਆ ਹੈ? ਸੀਰੀਆਈ ਸਰਕਾਰ ਵਿਰੋਧੀਆਂ ਦੇ ਵਿਰੁੱਧ ਫੈਸਲਾਕੁੰਨ ਲੜਾਈ ਦੇ ਦੌਰ ਵਿਚ ਹੈ, ਇਹ ਕਾਰਨਾਮਾ ਉਸ ਦੇਸ਼ ਵਿਚ ਜਾਰੀ ਘਟਨਾਕ੍ਰਮ ਨੂੰ ਕਿਵੇਂ ਪ੍ਰਭਾਵਿਤ ਕਰੇਗਾ?**

– ਇਹ ਮਿਜ਼ਾਇਲ ਹਮਲੇ (ਜਿਹੜੇ ਲਾਜ਼ਮੀ ਹੀ ਕੌਮਾਂਤਰੀ ਕਾਨੂੰਨਾਂ ਦੀ ਉਲੰਘਣਾ ਹਨ) ਜ਼ਿਆਦਾਤਰ ਪ੍ਰਤੀਕਾਤਮਕ ਨਜ਼ਰ ਆਉਂਦੇ ਹਨ ਜਿਹੜੇ ਟਰੰਪ ਦੀ 'ਸਖ਼ਤ ਆਦਮੀ' ਵਾਲੀ ਘਰੇਲੂ ਪਹਿਚਾਣ ਨੂੰ ਮਜਬੂਤ ਕਰਨ ਲਈ ਕੀਤੇ ਗਏ ਸਨ। ਰੂਸ ਦੇ ਨਾਲ ਝਗੜੇ ਤੋਂ ਬਚਦਿਆਂ ਹੋਇਆਂ, ਬਹੁਤ ਸੰਭਵ ਹੈ ਆਪਸੀ ਸਹਿਮਤੀ ਦੇ ਨਾਲ, ਇਹਦਾ ਖਤਰਾ ਬਹੁਤ ਹੀ ਸਾਵਧਾਨੀ ਨਾਲ ਤਿਆਰ ਕੀਤਾ ਗਿਆ ਸੀ। ਇਸ ਹਮਲੇ ਦਾ ਕੋਈ ਵੀ ਪ੍ਰਭਾਵ ਇਸ ਯੁੱਗ ਉਤੇ ਜਾਂ ਸੀਰੀਆਈ ਸਰਕਾਰ ਵਲੋਂ ਲਗਾਤਾਰ ਅਤੇ ਵੱਡੇ ਪੈਮਾਨੇ ਉਤੇ ਕੀਤੇ ਜਾ ਰਹੇ ਅੱਤਿਆਚਾਰਾਂ ਉਤੇ ਪੈਣ ਦੀ ਸੰਭਾਵਨਾ ਨਹੀਂ ਹੈ। ਵੱਡਾ ਮੀਡੀਆ ਵਿਅਪਾਕ ਪੱਧਰ ਉਤੇ ਇਸ ਤੱਥ ਨੂੰ ਦਬਾਉਂਦਾ ਰਿਹਾ ਹੈ ਕਿ ਰੂਸ ਅਤੇ ਸੀਰੀਆ ਨੇ ਰਸਾਇਣਕ ਹਥਿਆਰਾਂ ਉਤੇ ਪਾਬੰਦੀਆਂ ਨੂੰ ਲੈ ਕੇ ਕੰਮ ਕਰਨ ਵਾਲੇ ਸੰਗਠਨ (ਆਰਗੇਨਾਈਜੇਸ਼ਨ ਫਾਰ ਦਾ ਪ੍ਰੋਹਿਬੀਸ਼ਨ ਆਫ਼ ਕੈਮੀਕਲ ਵੈਪਨਜ਼) ਪਾਸੋਂ ਕੌਮਾਂਤਰੀ ਜਾਂਚ ਮਾਹਿਰਾਂ ਵਲੋਂ ਜ਼ਮੀਨੀ ਪੱਧਰ ਉਤੇ ਤਤਕਾਲੀ ਜਾਂਚ ਕਰਵਾਏ ਜਾਣ ਦਾ ਸੱਦਾ ਦਿੱਤਾ ਜਾਂ ਐਲਾਨ ਕੀਤਾ ਸੀ ਅਤੇ ਇਸ ਸੰਗਠਨ ਨੇ ਫੌਰੀ ਇਕ ਜਾਂਚ ਦਾ ਪ੍ਰੋਗਰਾਮ ਵੀ ਤਹਿ ਕਰ ਦਿੱਤਾ ਸੀ। (ਪਰ ਮੀਡੀਆ ਵਿਸਥਾਰ ਨਾਲ ਇਕ ਪਾਸੇ ਦੀ ਹੀ ਕਵਰੇਜ਼ ਕਰਦਾ ਰਿਹਾ) ਇਹ ਹਮਲਾ ਐਨ ਉਦੋਂ ਹੋਇਆ ਜਦੋਂ ਨਿਰੀਖਣ ਕਰਨ ਵਾਲਾ ਜਾਂਚ ਦਲ, ਜਾਂਚ ਕਰਨ ਲਈ ਪਹੁੰਚਣ 'ਤੇ ਜਾਂਚ ਕਰਨ ਹੀ ਲੱਗੇ ਸਨ। ਇਸ ਗੱਲ ਦੇ ਢੇਰ ਸਾਰੇ ਸਬੂਤ ਹਨ ਕਿ ਇਸ ਹਮਲੇ ਦਾ ਮੁੱਖ ਨਿਸ਼ਾਨਾ ਜਿਥੇ ਬਣਾਇਆ ਗਿਆ, ਉਹ ਦਵਾਈਆਂ (ਐਂਟੀ ਬ੍ਰਾਡੀਜ਼) ਬਣਾਉਣ ਵਾਲਾ ਮੈਡੀਕਲ ਖੋਜ ਕੇਂਦਰ ਹੀ ਸੀ। ਇਹਦੀਆਂ ਵੱਡੀਆਂ ਸੰਭਾਵਨਾਵਾਂ ਹਨ। ਪ੍ਰੰਤੂ ਜ਼ਿਆਦਾਤਰ ਸਬੂਤਾਂ ਨੂੰ ਮੀਡੀਆ ਨੇ ਦਬਾਅ ਦਿੱਤਾ (ਜਾਂ ਸਰੋਤਾਂ ਨੂੰ ਨਜ਼ਰ ਅੰਦਾਜ਼ ਕਰਦਿਆਂ ਹੋਇਆਂ ਉਨ੍ਹਾਂ ਦਾ ਮਜ਼ਾਕ ਉਡਾਇਆ) ਜੇ ਇਹ ਸੱਚ ਸਾਬਤ ਹੋ ਜਾਂਦਾ ਹੈ ਤਾਂ ਇਹ ਸੂਡਾਨ (ਅਲਫਿਸ਼ਾ) ਦੇ ਮੁੱਖ ਦਵਾਈਆਂ ਤਿਆਰ (ਉਤਪਾਦਨ) ਕਰਨ ਵਾਲੀ ਫੈਕਟਰੀ ਨੂੰ ਤਹਿਸ਼-ਨਹਿਸ਼ ਕਰਨ ਵਾਲੀ ਬਿੱਲ ਕਲਿਟਨ ਦੀ ਅਪਰਾਧਿਕ ਕਰਤੂਤਾਂ ਤੋਂ ਘੱਟ ਨਹੀਂ ਹੋਵੇਗਾ। ਅਜੇ ਤਾਂ ਬਹੁਤ ਸਾਰੀਆਂ ਚੀਜ਼ਾਂ ਅਸਪਸ਼ਟ ਹਨ ਅਤੇ ਬਹੁਤ ਸੰਭਵ ਹੈ ਕਿ ਅਸਪਸ਼ਟ ਹੀ ਰਹਿ ਜਾਣਗੀਆਂ।

**ਇਰਾਨ ਦੇ ਨਾਲ ਪ੍ਰਮਾਣੂ ਸਮਝੌਤੇ ਤੋਂ ਟਰੰਪ ਦੇ ਪਿਛੇ ਹਟਣ ਨੂੰ ਤੁਸੀਂ ਕਿਵੇਂ ਵਹਿੰਦੇ ਹੋ? ਕੌਮਾਂਤਰੀ ਰਾਜਨੀਤੀ ਵਿਚ ਇਹਦੇ ਕੀ ਸਿੱਟੇ ਪੈਣਗੇ?**

– ਜੁਆਇੰਟ ਕੰਪਰੀਹੈਂਸਿਵ ਪਲਾਨ ਆਫ਼ ਐਕਸ਼ਨ (ਜੇ.ਸੀ.ਪੀ.ਓ.) ਭਾਵ ਸੰਯੁਕਤ ਮੁਕੰਮਲ ਕਾਰਜ ਯੋਜਨਾ ਤੋਂ ਪਿਛੇ ਹਟਣ ਦੇ ਲਈ ਜਿਹੜੇ ਤਰਕ ਪੇਸ਼ ਕੀਤੇ ਗਏ, ਉਨ੍ਹਾਂ ਨੂੰ ਪੜ੍ਹ ਲਿਆ ਜਾਣਾ ਚਾਹੀਦਾ ਹੈ। ਉਹ ਐਨੇ ਹਾਸੋਹੀਣੇ ਹਨ ਕਿ ਜਿਨ੍ਹਾਂ ਨੇ ਉਨ੍ਹਾਂ ਨੂੰ ਰਾਸ਼ਟਰਪਤੀ ਨੂੰ ਦਿੱਤਾ ਹੋਵੇਗਾ, ਸ਼ਾਇਦ ਉਹ ਵੀ ਉਨ੍ਹਾਂ ਉਤੇ ਵਿਸ਼ਵਾਸ ਨਹੀਂ ਕਰ ਸਕਦੇ ਅਤੇ ਜਦੋਂ ਰਾਸ਼ਟਰਪਤੀ ਨੇ ਉਸ ਲਿਖਤ (ਪਟਕਥਾ) ਨੂੰ ਪੜ੍ਹਿਆ ਹੋਵੇਗਾ ਤਾਂ ਸ਼ਾਇਦ ਉਹ ਵੀ ਹੱਸ ਰਹੇ ਹੋਣਗੇ।

ਹਕੀਕੀ ਕਾਰਨਾਂ ਨੂੰ ਪਹਿਚਾਣਨਾ ਔਖੇਰਾ ਨਹੀਂ ਹੈ। ਟਰੰਪ ਦੇ ਸਬੰਧ ਵਿਚ ਅਕਸਰ ਕਿਹਾ ਜਾਂਦਾ ਹੈ ਕਿ ਉਹਦੇ ਸਬੰਧ ਵਿਚ ਕੋਈ ਅਨੁਮਾਨ ਨਹੀਂ ਲਾਇਆ ਜਾ ਸਕਦਾ। ਹਕੀਕਤ ਇਹ ਹੈ ਕਿ ਉਹਦੇ ਸਬੰਧ ਵਿਚ ਅਨੁਮਾਨ ਲਾਉਣਾ ਹੀ ਸਭ ਤੋਂ ਆਸਾਨ ਹੈ। ਉਹਦਾ ਸਭ ਤੋਂ ਵੱਡਾ ਸਿਧਾਂਤ ਹੈ : "ਮੈਂ.ਮੈਂ.ਮੈਂ!" ਇਹਦਾ ਇਕ ਸਬੂਤ ਇਹ ਹੈ ਕਿ ਉਹਨੇ ਆਪਣੇ ਉਸਤਰੇ ਨੂੰ ਸਦਾ ਗਰਮਾਈ ਰੱਖਣਾ ਹੁੰਦਾ ਹੈ। ਦੂਸਰਾ ਸਬੂਤ ਜਿਹੜਾ ਬਿਲਕੁਲ ਇਹਦੇ ਨਾਲ ਜੁੜਿਆ ਹੈ ਉਹ ਇਹ ਹੈ ਕਿ ਜਿਹੜਾ ਕੁਝ ਉਸ ਦੁਸ਼ਟ ਕਾਲੇ ਰਾਖਸ਼ਿਸ਼ (ਬਰਾਕ) ਓਬਾਮਾ ਨੇ ਕੀਤਾ ਸੀ, ਉਸ ਤੋਂ ਉਲਟਾ ਕੀਤਾ ਜਾਵੇ। ਜਿਵੇਂ ਕਿ ਇਕ ਤਿਹਾਈ ਰਿਪਬਲਿਕਨਾਂ ਦਾ ਮੰਨਣਾ ਹੈ ਕਿ ਓਬਾਮਾ ਸ਼ਾਇਦ ਅਮਰੀਕੀ ਹੀ ਨਹੀਂ ਹੈ, ਇਥੋਂ ਤੱਕ ਕਿ ਸੰਭਵ ਹੈ : ਈਸਾ ਵਿਰੋਧੀ ਵੀ ਹਨ।

ਉਹਦੀਆਂ ਨੀਤੀਆਂ ਦੀ ਸਮੀਖਿਆ ਦਿਖਾ ਦੇਵੇਗੀ ਕਿ ਇਸ ਪਟਕਥਾ ਦੀ ਪਾਲਣਾ ਕਿਸ ਹੱਦ ਤੱਕ ਕੀਤੀ ਗਈ ਹੈ। ਜੇ ਸੀ. ਪੀ. ਓ. ਏ. ਤੋਂ ਪਿਛੇ ਹਟਣਾ ਤਾਂ ਇਕ ਦ੍ਰਿਸ਼ਤਾਂਤ ਹੈ। ਓਬਾਮਾ ਇਹਦੇ ਜ਼ਿੰਮੇਵਾਰ ਸਨ, ਇਸ ਲਈ ਇਹ ਅਮਰੀਕਾ ਉਤੇ ਇਕ ਘਿਨਾਉਣਾ ਹਮਲਾ ਹੈ ਅਤੇ ਇਸ ਤੋਂ ਹਟਣਾ ਚਾਹੀਦਾ ਹੈ। ਸਿੱਟਿਆਂ ਦੀ ਚਿੰਤਾ ਕਿਹਨੂੰ ਹੈ! ਪੈਰਿਸ ਵਾਰਤਾ ਤੋਂ ਉਨ੍ਹਾਂ ਦਾ ਪਿਛੇ ਹਟਣਾ ਅਤੇ ਉਸ ਵਾਤਾਵਰਣ ਨੂੰ ਬਰਬਾਦ ਕਰਨ, ਜਿਸ ਵਿਚ ਸਥਾਪਤ ਸਮਾਜਿਕ ਮਨੁੱਖੀ ਜ਼ਿੰਦਗੀ ਬਚ ਸਕਦੀ ਹੈ, ਦੀ ਦੌੜ ਵਿਚ ਸ਼ਾਮਲ ਹੋਣ ਦਾ ਸੱਚ ਵੀ ਇਹੋ ਹੀ ਹੈ। ਆਪਣੇ ਬਾਕੀ ਨੀਤੀਗਤ ਨਿਰਣਿਆਂ ਦੇ ਰਾਹੀਂ ਵੀ ਉਹ ਲਗਾਤਾਰ ਇਹੋ ਕਰ ਰਹੇ ਹਨ।

ਟਰੰਪ ਦਾ ਇਕ ਗੌਣ ਸਿਧਾਂਤ ਇਹ ਹੈ ਕਿ ਸੰਪਤੀ ਅਤੇ ਵਿਸ਼ੇਸ਼ ਅਧਿਕਾਰ ਉਨ੍ਹਾਂ ਦੇ ਹਕੀਕੀ ਸਬੰਧੀ ਹਮਾਇਤੀਆਂ ਉਤੇ ਖ਼ੁੱਲ੍ਹੇ ਹੱਥੀਂ ਖਰਚ ਕੀਤੇ ਜਾਣ। ਉਨ੍ਹਾਂ ਦੇ ਹਕੀਕੀ ਸਬੰਧੀ ਹਮਾਇਤੀ ਹਨ, ਉਚ ਕੋਟੀ ਦੇ ਅਮੀਰ ਵਰਗ ਦੇ ਲੋਕ ਅਤੇ ਕਾਰਪੋਰੇਟ ਖੇਤਰ ਦੇ ਲੋਕ। ਇਹ ਦੀ ਕਾਰਜਸ਼ੈਲੀ ਬੜੀ ਸਿੱਧੀ ਜਿਹੀ ਹੈ। ਟਰੰਪ ਦੇ ਰੋਜ਼ਾਨਾ ਸਰਗਰਮੀਆਂ ਦੇ ਕਰਤਬ ਲਗਾਤਾਰ ਮੀਡੀਆ ਦਾ ਧਿਆਨ ਖਿੱਚਦੇ ਰਹਿੰਦੇ ਹਨ। ਉਹ ਜਿੰਨੇ ਜ਼ਿਆਦਾ ਬਕਵਾਸ ਬਾਜ਼ ਅਤੇ ਬੇਹੂਦੇ ਹੋਣ, ਉਹਦੇ ਲਈ ਉਨ੍ਹਾਂ ਹੀ ਚੰਗਾ ਹੈ।

ਇਸੇ ਦਰਮਿਆਨ ਰੀਪਬਲਿਕ ਪਾਰਟੀ ਦਾ ਜ਼ਿਆਦਾ ਕਰੂਰ ਹਿੱਸਾ ਕਾਨੂੰਨ ਦੇ ਡੰਡੇ ਦੇ ਮਾਧਿਅਮ (ਜ਼ੋਰ ਨਾਲ) ਨਾਲ ਆਪਣੇ ਹਕੀਕੀ ਯਾਰਨਾ ਹਮਾਇਤੀਆਂ (ਭਾਵ ਕਾਰਪੋਰੇਟ ਤੇ ਯਰਾਨਾ ਪੂੰਜੀਪਤੀਆਂ) ਦੇ ਹਿੱਤਾਂ ਦੀ ਪੂਰਤੀ ਕਰਨ ਵਿਚ ਲੱਗਾ ਹੈ, ਬਾਕੀ ਬਚੇ ਹੋਏ ਜਿਸ ਵਿਚ ਟਰੰਪ ਦੇ ਕਾਮਗਾਰ ਵਰਗ ਦੇ ਹਮਾਇਤੀ ਸ਼ਾਮਲ ਹਨ (ਉਤੇ ਟਰੰਡ ਦੇ ਜ਼ਿਆਦਾਤਰ ਮਤਦਾਤਾ ਮੁਕਾਬਲਤਨ ਅਮੀਰ ਹਨ ਜਾਂ ਬਹੁਤ ਜ਼ਿਆਦਾ ਅਮੀਰ ਹਨ ਅਤੇ ਇਹਦੀਆਂ ਨੀਤੀਆਂ ਨੂੰ ਲੈ ਕੇ ਉਨ੍ਹਾਂ ਨੂੰ ਬਹੁਤ ਘੱਟ ਸ਼ਿਕਾਇਤ ਹੈ) ਨੂੰ ਲੁਭਾਉਣ ਵਿਚ ਜੁਟਿਆ ਹੋਇਆ ਹੈ। ਇਥੇ ਵੀ ਟਰੰਪ ਦਾ ਰਿਕਾਰਡ ਬਹੁਤ ਸਪਸ਼ਟ ਅਤੇ ਜ਼ਿਕਰਯੋਗ ਸੰਗਤੀ ਭਾਵ ਯਾਰੀ ਰੱਖਦਾ ਹੈ।

ਇਹ ਬਹੁਤ ਸੰਭਵ ਹੈ ਕਿ ਦੋਹਾਂ ਕੋਰੀਆਈ ਦੇਸ਼ਾਂ ਦਾ ਇਹ ਨਿਵੇਦਨ ਸਵੀਕਾਰ ਕਰਨ ਵਿਚ ਟਰੰਪ ਜਿੰਨਾ ਵੀ ਹੋ ਸਕੇ, ਉਨੇ ਰੂਪ ਵਿਚ ਚਾਲਾਕ ਸਾਬਤ ਹੋਣ ਜਿਵੇਂ ਕਿ ਉਨ੍ਹਾਂ ਦੇਸ਼ਾਂ ਨੇ ਕੁਝ ਦਿਨ ਪਹਿਲਾਂ (27 ਅਪ੍ਰੈਲ 2012) ਪੈਨਟਮਨਜੋਮ ਦੇ ਇਤਿਹਾਸਕ ਐਲਾਨਨਾਮੇ ਵਿਚ ਟਰੰਪ ਨੂੰ ਅਪੀਲ ਕੀਤੀ ਕਿ ਉਹ ਬਿਨਾਂ ਕਿਸੇ ਦਖ਼ਲਅੰਦਾਜ਼ੀ ਦੇ ਉਨ੍ਹਾਂ ਨੂੰ 'ਆਪਣੇ ਹਿਸਾਬ ਨਾਲ' ਆਪਣੀਆਂ ਸੱਮਸਿਆਵਾਂ ਦਾ ਹੱਲ ਕਰਨ ਦੇਣ। ਅਜਿਹਾ ਹੋਇਆ ਤਾਂ ਉਹ ਦੁਨੀਆਂ ਦੇ ਵਿਚ ਜਾ ਜਾ ਕੇ ਇਹ ਦਾਅਵਾ ਕਰਦੇ ਫਿਰਨਗੇ ਕਿ ਜਿਥੇ ਕਾਲਾ ਰਾਖਸ਼ਿਸ਼ ਅਸਫ਼ਲ ਹੋ ਗਿਆ, ਉਥੇ ਸਦੀ ਦੇ ਇਸ ਸਮਝੌਤੇ ਨੂੰ ਕਰਵਾਉਣ ਵਿਚ ਸਫ਼ਲ ਰਹੇ ਹਨ। ਜੇ ਅਜਿਹਾ ਹੁੰਦਾ ਹੈ ਤਾਂ ਘੱਟੋ ਘੱਟ ਇਕ ਵੱਡੀ ਕੌਮਾਂਤਰੀ ਸੱਮਸਿਆ ਦੇ ਹੱਲ ਦੇ ਵੱਲ ਦੁਨੀਆ ਵੱਧ ਸਕਦੀ ਹੈ, ਜਦੋਂ ਕਿ ਮੱਧ ਏਸ਼ੀਆ (ਪੱਛਮੀ ਏਸ਼ੀਆ) ਵਿਚ ਗੰਭੀਰ ਸੰਕਟਾਂ ਦੇ ਡੂੰਘੇ ਹੋਣ ਦੇ ਤੌਖ਼ਲੇ (ਸ਼ੱਕ) ਪਏ ਹਨ।

ਇਸ ਗੱਲ ਦੀ ਪੂਰੀ ਸੰਭਾਵਨਾ ਹੈ ਕਿ ਮਨੁੱਖਤਾ ਦੇ ਵਿਰੁੱਧ ਟਰੰਪ ਦਾ ਜ਼ਿਆਦਾ ਤਾਜ਼ਾ ਹਮਲੇ ਨੂੰ ਇਜ਼ਰਾਇਲ ਸੀਰੀਆ ਉਤੇ ਆਪਣੀ ਚਲ ਰਹੀ ਲਗਾਤਾਰ ਬੰਬਾਰੀ ਨੂੰ ਵਧਾਉਣ ਦੇ ਲਈ ਹਰੀ ਝੰਡੀ ਦੇ ਰੂਪ ਵਿਚ ਵੇਖੇ। ਦੇਰ ਸਵੇਰ ਰੂਸ ਜ਼ਿਆਦਾ ਵਿਕਸਤ ਵਿਮਾਨ ਭੇਜੀ (ਹਵਾਈ ਹਮਲਿਆਂ ਤੋਂ ਬਚਾਅ ਲਈ) ਰੱਖਿਆ ਪ੍ਰਣਾਲੀ ਮੁਹੱਈਆ ਕਰਵਾਕੇ ਜਵਾਬ ਦੇ ਸਕਦਾ ਹੈ। ਜਿਹਨੂੰ ਨਸ਼ਟ ਕਰਨ ਦੇ ਲਈ ਇਜ਼ਰਾਈਲ ਲਾਜ਼ਮੀ ਹੀ ਕਦਮ ਉਠਾਵੇਗ ਅਤੇ ਇਹ ਰੂਸ ਦੇ ਨਾਲ ਝਗੜੇ ਦੇ ਵੱਲ ਲੈ ਜਾਵੇਗਾ। ਜਿਸ ਤੋਂ ਹੁਣ ਤੱਕ ਦੋਵੇਂ ਪੱਖ ਚੌਕਸੀਪੂਰਵਕ ਬਚਨ ਦੀ ਕੋਸ਼ਿਸ਼ ਕਰਦੇ ਰਹੇ ਹਨ। ਇਸ ਝਗੜੇ ਦੇ ਨਤੀਜੇ ਜਾਂ ਸਿੱਟੇ ਬਹੁਤ ਬਦਤਰ ਹੋ ਸਕਦੇ ਹਨ ਅਤੇ ਸਿਰਫ਼ ਇਹੋ ਹੀ ਇਕੋ ਇਕ ਭਿਅੰਕਰ ਤਬਦੀਲੀਆਂ ਨਹੀਂ ਹਨ ਪਰ ਇਹ ਸਾਰਾ ਕੁਝ ਟਰੰਪ ਦੇ ਲਈ ਚਿੰਤਨ ਕਰਨ ਵਾਲਾ ਨਹੀਂ ਹੈ। ਬਿਲਕੁਲ ਉਵੇਂ ਹੀ ਜਿਵੇਂ ਕਿ ਵਾਤਾਵਰਣ ਵਿਨਾਸ਼ ਵਾਲੀ ਦੌੜ ਦੀ ਉਨ੍ਹਾਂ ਨੂੰ ਕੋਈ ਪ੍ਰਵਾਹ ਨਹੀਂ ਹੈ। ਜਿਹੜਾ ਮਹੱਤਵਪੂਰਨ ਹੈ ਉਹ ਹੈ ਆਪਣੇ ਅਤੇ ਆਪਣੇ ਹਕੀਕੀ ਸਬੰਧੀ ਜੋਟੀਦਾਰਾਂ (ਕਾਰਪੋਰੇਟਾਂ) ਦੇ ਕੱਲ (ਭਵਿੱਖ) ਦੇ ਲਈ ਹੋਰ ਜ਼ਿਆਦਾ ਸੰਪਤੀ ਅਤੇ ਤਾਕਤ ਹੜਪਣ ਦੀ ਖਾਹਿਸ਼ "ਉਹਦੇ ਪਿਛੋਂ ਜਲਪ੍ਰਵਾਹ ਹੀ ਹੋ ਜਾਵੇ" (ਜਿਵੇਂ ਅਸਥੀਆਂ ਜਲਪ੍ਰਵਾਹ ਕੀਤੀਆਂ ਜਾਂਦੀਆਂ ਹਨ)। ਇਸ ਮਾਮਲੇ ਵਿਚ ਸੱਚੀਓਂ ਇਹੋ ਗੱਲ ਹੈ।

**ਵੀਅਤਨਾਮ ਉਤੇ ਅਮਰੀਕੀ ਹਮਲੇ ਦੇ ਸੰਦਰਭ ਵਿਚ ਤੁਸੀਂ 'ਬੁੱਧੀਜੀਵੀਆਂ ਦੀ ਜਵਾਬਦੇਹੀ' (ਦਾ ਰਿਸਪਾਂਸੇਬਿਲਟੀ ਆਫ਼ ਇੰਨਟੇਲੈਕਚੂਅਲ) ਹੈਡਿੰਗ ਨਾਲ ਬਹੁਤ ਹੀ ਪ੍ਰਭਾਵਸ਼ਾਲੀ ਲੇਖ ਲਿਖਿਆ ਸੀ। ਉਸ ਲੇਖ ਵਿਚ ਤੁਸੀਂ ਬੁੱਧੀਜੀਵੀਆਂ ਨੂੰ ਲੋਕਾਂ ਦੇ ਬੁੱਧੀਜੀਵੀ ਕਹਿ ਕੇ ਸੰਬੋਧਤ ਕੀਤਾ ਹੈ। ਪ੍ਰੰਤੂ ਅੱਜ ਲੋਕਾਂ ਦੇ ਬੁੱਧੀਜੀਵੀ ਇਕ ਬਿਪਤਾ ਵਾਲੀ ਨਸਲ ਬਣਦੇ ਜਾ ਰਹੇ ਹਨ; ਇਨ੍ਹਾਂ ਦੀ ਥਾਂ ਹੁਣ ਤੁਹਾਡੇ ਕੋਲ ਹਨ-ਵਿਸ਼ੇਸ਼ਗ, ਖੇਤਰ ਵਿਸ਼ੇਸ਼ ਦੇ ਜਾਣਕਾਰ, ਪੇਸ਼ਾਵਰ ਲੋਕ ਅਤੇ ਹੋਰ ਵਿਅਕਤੀ। ਦੂਸਰੀ ਚਿੰਤਾਜਨਕ ਚੀਜ਼ ਹੈ : 'ਗਿਆਨ/ਚੇਤਨਾ/ਬੌਧਿਕਤਾ ਦੇ ਨਿੱਜੀਕਰਨ' ਦਾ ਵਿਸਥਾਰ। ਲੋਕ ਬੁੱਧੀਜੀਵੀਆਂ ਦਾ ਮਹੱਤਵ, ਭੂਮਿਕਾ ਅਤੇ ਜ਼ਿੰਮੇਵਾਰੀ ਕੀ ਹੈ।**

– 'ਬੁੱਧੀਜੀਵੀ'– ਲਫ਼ਜ਼ ਦੀ ਧਾਰਨਾ ਹੀ ਬਹੁਤ ਅਜੀਬ ਹੈ। ਜਿਨ੍ਹਾਂ ਨੂੰ ਬੁੱਧਜੀਵੀ ਵੀ ਕਿਹਾ ਜਾਂਦਾ ਹੈ ਉਨ੍ਹਾਂ ਕੋਲ ਇਕ ਸੀਮਾ ਤੱਕ ਵਿਸ਼ੇਸ਼ ਅਧਿਕਾਰ ਹੈ। ਵਿਸ਼ੇਸ਼ ਅਧਿਕਾਰ ਮੌਕੇ ਮੁਹੱਈਆ ਕਰਦਾ ਹੈ ਜਿਹੜਾ ਬਦਲੇ ਵਿਚ ਵਿਵੇਕ ਅਤੇ ਸੰਵੇਦਨਾ ਦੇ ਨਾਲ ਇਨ੍ਹਾਂ ਮੌਕਿਆਂ ਦੀ ਵਰਤੋਂ ਕਰਨ ਦੀ ਜ਼ਿੰਮੇਵਾਰੀ ਪਾਉਂਦਾ ਹੈ। ਇਹ ਅੱਜ ਵੀ ਉਸੇ ਤਰ੍ਹਾਂ ਸੱਚ ਹੈ ਜਿਵੇਂ ਬੀਤੇ ਸਮੇਂ ਉਹ ਸੱਚ ਸੀ। ਇਹ ਬੁਨਿਆਦੀ ਸਿਧਾਂਤ ਹਮੇਸ਼ਾ ਤੋਂ ਵਿਆਪਕ ਪੱਧਰ ਉਤੇ ਲਾਗੂ ਰਹੇ ਹਨ ਅਤੇ ਅੱਜ ਵੀ ਹਨ।

**ਛੇ ਦਹਾਕਿਆਂ ਤੋਂ ਵੀ ਜ਼ਿਆਦਾ ਸਮੇਂ ਤੋਂ ਤੁਸੀਂ ਦੁਨੀਆਂ ਭਰ ਦੇ ਲੱਖਾਂ ਲੋਕਾਂ ਲਈ ਪ੍ਰੇਰਣਾ ਦੇ ਮਹਾਨ ਸਰੋਤ ਰਹੇ ਹੋ-ਜਿਹੜੇ ਸੰਸਾਰ ਨੂੰ ਇਕ ਬਿਹਤਰ ਭਾਵ ਮਨੁੱਖ ਲਈ ਚੰਗੇਰੇ ਭਵਿੱਖ ਲਈ ਸੰਘਰਸ਼ਸ਼ੀਲ ਹੈ। ਉਹ ਕਿਹੜੀ ਚੀਜ਼ ਹੈ ਜਿਹੜੀ ਤੁਹਾਡੇ ਜੋਸ਼ ਨੂੰ ਠੰਡਾ ਨਹੀਂ ਪੈਣ ਦਿੰਦੀ ਹੈ? ਕੀ ਤੁਸੀਂ ਮਨੁੱਖ ਜਾਤੀ ਦੇ ਆਉਣ ਵਾਲੇ ਕਾਲ (ਭਵਿੱਖ) ਨੂੰ ਲੈ ਕੇ ਆਸ਼ਾਵਾਦੀ ਹੋ?**

– ਮੂਲ ਰੂਪ ਵਿਚ ਸਾਡੇ ਕੋਲ ਦੋ ਬਦਲ ਹਨ? ਇਹ ਮੰਨਕੇ ਕਿ ਕੋਈ ਉਮੀਦ ਨਹੀਂ ਹੈ, ਨਿਰਾਸ਼ ਹੋ ਜਾਣਾ ਹੋਰ ਜ਼ਿਆਦਾ ਬਦਤਰ ਨੂੰ ਵਾਪਰਦੇ ਜਾਣ ਨੂੰ ਜਾਇਜ਼ ਠਹਿਰਾਉਣ ਵਿਚ ਸਹਿਯੋਗ ਦਿੰਦਾ ਹੈ ਜਾਂ ਉਨ੍ਹਾਂ ਮੌਕਿਆਂ ਨੂੰ ਹੱਥ ਲੈ ਕੇ, ਸਮਝ ਕੇ ਜਿਹੜੇ ਲਾਜ਼ਮੀ ਹੀ ਹਾਸਲ ਹੁੰਦੇ ਹਨ, ਗੰਭੀਰਤਾਪੂਰਵਕ ਉਨ੍ਹਾਂ ਨੂੰ ਅੱਗੇ ਵਧਾਉਣਾ ਅਤੇ ਸੰਭਵ ਹੈ: ਜਾਂ ਮੁਮਕਿਨ ਹੈ, ਵੀ ਸਾਨੂੰ ਇਕ ਬਿਹਤਰੀਨ ਦੁਨੀਆ ਬਣਾਉਣ ਵਿਚ ਸਹਾਇਕ ਹੋਣਾ ਹੈ। ਬਦਲ ਇਹੋ ਹੀ ਹੈ, ਹੋਰ ਕੋਈ ਨਹੀਂ ਹੈ। (ਭਾਵ ਮਾੜੀ ਤੋਂ ਮਾੜੀ ਹਾਲਤ ਵਿਚ ਵੀ ਚੰਗੇ ਭਵਿੱਖ ਦੀ ਆਸ ਰੱਖਣਾ ਤੇ ਇਹਦੇ ਲਈ ਸੰਘਰਸ਼ੀਲ ਰਹਿਣਾ।)

# ਇਹ ਮੇਰਾ ਨਾਂ



ਸਾਧੂ ਬਿਨਿੰਗ

ਸਵੇਰੇ ਆਪਣੇ ਪੋਤੇ ਦੀ ਕਾਰ ਵਿੱਚ ਰੇਡੀਓ 'ਤੇ ਸੁਣੀ ਇਹ ਗੱਲ ਕਿ ਬੰਦੇ ਦਾ ਨਾਂ ਤੇ ਜਨਮ ਤਰੀਕ ਉਹਦੀ ਹੋਂਦ ਦੀਆਂ ਦੋ ਬਹੁਤ ਹੀ ਮੁੱਢਲੀਆਂ ਗੱਲਾਂ ਹੁੰਦੀਆਂ ਹਨ', ਮੇਰੇ ਕੰਨਾਂ 'ਚ ਗੂੰਜ ਰਹੀ ਹੈ। ਮੇਰੇ ਲਈ ਤਾਂ ਇਹ ਦੋਵੇਂ ਚੀਜ਼ਾਂ ਹੀ ਰਲਗੱਡ ਜਿਹੀਆਂ ਰਹੀਆਂ ਹਨ ਸਦਾ। ਮਾਂ ਮੇਰਾ ਜਨਮ ਕਿਸੇ ਹੋਰ ਮਹੀਨੇ ਹੋਇਆ ਦੱਸਦੀ ਰਹੀ ਤੇ ਮੇਰੇ ਪੇਪਰ ਕੋਈ ਹੋਰ ਈ ਮਹੀਨਾ ਦਰਸਾਉਂਦੇ ਰਹੇ। ਏਨਾ ਸ਼ੁਕਰ ਹੈ ਕਿ ਸਾਲ ਉਹੀ ਆ, ਕਈ ਮੇਰੇ ਅਰਗਿਆਂ ਦੇ ਤਾਂ ਸਾਲ ਵੀ ਇੱਧਰ ਉੱਧਰ ਹੋਏ ਪਏ ਨੇ।

ਬੇਬੇ ਮੇਰੀ ਨੇ, ਦੱਸਦੇ ਆ, ਮੇਰਾ ਨਾਂ ਰੱਖਿਆ ਸੀ ਬਹਾਦਰ ਸਿੰਘ। ਉਹ ਜਿੰਨਾ ਚਿਰ ਜੀਂਦੀ ਰਹੀ ਆਪਣੇ ਸੌ ਸੁੱਖਾਂ ਬਾਅਦ ਮਿਲੇ' ਜੇਠੇ ਪੋਤੇ ਨੂੰ, ਜਾਣੀ ਕਿ ਮੈਨੂੰ, ਇਸੇ ਨਾਂ ਨਾਲ ਬੁਲਾਉਂਦੀ ਰਹੀ। ਪਰ ਪੇਪਰਾਂ 'ਚ ਮੇਰਾ ਨਾਂ ਗੁਰਮੁਖ ਸਿੰਘ ਲਿਖਿਆ ਗਿਆ ਤੇ ਬਾਕੀ ਸਾਰੀ ਦੁਨੀਆਂ ਮੈਨੂੰ ਇਸੇ ਨਾਂ ਨਾਲ ਹੀ ਜਾਣਦੀ ਹੈ। ਖੈਰ ਜਿੱਦਾਂ ਹੁੰਦਾ ਈ ਆ, ਇਸ ਸਾਰੇ ਪਿੱਛੇ ਵੀ ਇਕ ਕਹਾਣੀ ਹੈ।

ਜਦੋਂ ਮੈਂ ਨਿੱਕਾ ਜਿਹਾ ਸੀ ਤਾਂ ਜੀਵਨ ਦੀ ਤੋਰ ਬੜੀ ਮਜ਼ੇਦਾਰ ਹੁੰਦੀ ਸੀ। ਬਸ ਮੌਜਾਂ ਈ ਮੌਜਾਂ। ਸਵੇਰੇ ਮਰਜੀ ਨਾਲ ਉੱਠਣਾ। ਚੁੱਲੇ ਲਾਗੇ ਬੈਠ ਕੇ ਚਾਹ ਦੀ ਬਾਟੀ ਪੀ ਕੇ ਸੁਸਤੀ ਜਿਹੀ ਉਤਾਰਨ ਲਈ ਕਈ ਕਈ ਮਿੰਟ ਸ਼ੌਕ ਵਜੋਂ ਈਂ ਸਿਰ, ਢਿੱਡ ਜਾਂ ਚਿੱਤੜਾਂ ਨੂੰ ਖਨੂੰਹੀ ਜਾਣਾ। ਜੇ ਲੱਗਾ ਪਈ ਬੀਬੀ ਜਾਂ ਬੇਬੇ ਕੋਲ਼ ਧਿਆਨ ਦੇਣ ਦਾ ਟੈਮ ਹੈਗਾ, ਇਸ ਗੱਲ ਦਾ ਕੁਦਰਤੋਂ ਅੰਦਾਜ਼ਾ ਜਿਹਾ ਹੋ ਜਾਂਦਾ ਸੀ, ਤਾਂ ਐਂਵੀਂ ਬੇਮਤਲਬ ਜਿਹਾ ਰੋਣਾ ਸ਼ੁਰੂ ਕਰ ਦੇਣਾ।

ਪਤਾ ਤਾਂ ਉਨ੍ਹਾਂ ਨੂੰ ਵੀ ਹੁੰਦਾ ਈ ਸੀ ਪਈ ਮੇਰੇ ਸਵੇਰ ਆਲ਼ ਰੋਣ 'ਚ ਕੋਈ ਅਸਲੀਅਤ ਤਾਂ ਹੈ ਈ ਨਈਂ ਪਰ ਫੇਰ ਵੀ ਜੇ ਕਿਤੇ ਬੇਬੇ ਕੋਲ਼ ਟੈਮ ਹੋਣਾ ਤਾਂ ਉਹਨੇ ਚੁੱਕ ਲੈਣਾ। ਬੀਬੀ ਕੋਲ਼ ਤਾਂ ਸਵੇਰ ਵੇਲੇ ਟੈਮ ਹੋਣ ਦਾ ਸਵਾਲ ਈ ਪੈਦਾ ਨਈਂ ਸੀ ਹੁੰਦਾ। ਬੇਬੇ ਨੇ ਮੇਰੇ ਨਿੱਕੇ ਜਿਹੇ ਢਿੱਡ 'ਤੇ ਹੱਥ ਫੇਰ ਕੇ ਕਹਿਣਾ, "ਕੀ ਹੋਇਆ ਮੇਰੇ ਪੁੱਤ ਨੂੰ ? ਹੈਂ ਕਿਉਂ ਰੋਂਦੀ ਆ ਮੇਰੀ ਨਿੱਕੀ ਜਿਹੀ ਡਿੱਡੀ ਸਵੇਰੇ ਸਵੇਰੇ ? ਚਾਹ ਥੋੜ੍ਹੀ ਮਿਲੀ ਆ ਅੱਜ ਮੇਰੇ ਬਹਾਦਰ ਸਿੰਓਂ ਨੂੰ ?" ਖੁਸ਼ੀ ਤਾਂ ਏਸੇ ਗੱਲ ਦੀ ਬਹੁਤ ਹੁੰਦੀ ਸੀ ਪਈ ਬੇਬੇ ਨੇ ਚੁੱਕ ਲਿਆ। ਇਸ ਖੁਸ਼ੀ 'ਚ ਥੋੜ੍ਹਾ ਜਿਹਾ ਜਿੱਤ ਦਾ ਵੀ ਰਲ਼ਾਅ ਹੁੰਦਾ ਸੀ। ਨਾਲ ਚਾਹ ਦੀ ਹੋਰ ਸੁਲ੍ਹਾ ਤਾਂ ਸੋਨੇ ਤੇ ਸੁਹਾਗੇ ਆਲ਼ੀ ਗੱਲ ਹੁੰਦੀ ਸੀ। ਆਪਾਂ ਸਿਰ ਥੱਲੇ ਨੂੰ ਮਾਰ ਦੇਣਾ। ਬਾਟੀ ਚਾਹ ਦੀ ਹੋਰ ਮਿਲ ਜਾਣੀ।

ਉੱਦਾਂ ਜੇ ਬੇਬੇ ਨੇ ਕੁਛ ਹੋਰ ਵੀ ਕਹਿ ਦਿੱਤਾ, ਜਿੱਦਾਂ ਪਈ "ਬਿਸਕੁਟ ਲੈਣਾ ?" ਤਾਂ ਆਪਣਾ ਸਿਰ ਉਸੇ ਦਿਸ਼ਾ 'ਚ ਹਿਲਣਾ ਹੁੰਦਾ ਸੀ, ਸਗੋਂ ਹੋਰ ਜੋਸ਼ ਨਾਲ਼। ਸਾਡੇ ਘਰ ਦੀ ਪਿਛਲੀ ਕੋਠੜੀ 'ਚ ਇਕ ਨਿੱਕੀ ਜਿਹੀ ਪੀਪੀ 'ਚ ਬੇਬੇ ਆਏ ਗਏ ਲਈ' ਬਿਸਕੁਟ ਰੱਖਦੀ ਹੁੰਦੀ ਸੀ। ਇਕ ਦਿਨ ਬੀਬੀ ਨੇ ਕਿਸੇ ਗੱਲੋਂ ਖਿੱਝ ਕੇ ਮੈਨੂੰ ਉਸ ਕੋਠੜੀ 'ਚ ਹੁੜ ਦਿੱਤਾ। ਨ੍ਹੇਰੇ 'ਚ ਹੱਥ ਪੈਰ ਮਾਰਦੇ ਦੇ ਮੇਰੇ ਗੋਡੇ 'ਚ ਉਹ ਪੀਪੀ ਲੱਗ ਗਈ ਤੇ ਉਹਦੇ ਟੁੱਟੇ ਹੋਏ ਕੰਢੇ ਨੇ ਗੋਡੇ 'ਚੋਂ ਲਹੂ ਕੱਢ ਦਿੱਤਾ। ਪਰ ਫੇਰ ਮੈਨੂੰ ਵਰਾਉਣ ਲਈ ਤੇ ਖਬਰੇ ਪੀਪੀ ਨੂੰ ਸਜ਼ਾ ਦੇਣ ਲਈ, ਬੇਬੇ ਨੇ ਦੋ ਤਿੰਨ ਬਿਸਕੁਟ ਦੇ ਦਿੱਤੇ। ਬਿਸਕੁਟਾਂ ਨੇ ਜੋ ਸੁਆਦ ਦਿੱਤਾ ਸੀ, ਮੈਂ ਹਾਣੀ ਨਿਆਣਿਆਂ ਨੂੰ ਦੱਸ ਦੱਸ ਕੇ ਉਨ੍ਹਾਂ ਦੇ ਮੂੰਹਾਂ 'ਚੋਂ ਕਈ ਦਿਨ ਲਾਲ਼ਾਂ ਵਗਾਉਂਦਾ ਰਿਹਾ।

ਸੋ ਜੇ ਕਿਤੇ ਬੇਬੇ ਰੋਂਦੇ ਨੂੰ ਚੁੱਕ ਕੇ ਬਿਸਕੁਟਾਂ ਦੀ ਸੁਲ੍ਹਾ ਮਾਰ ਲੈਂਦੀ ਤਾਂ ਆਪਾਂ ਪਲ 'ਚ ਮੰਨ ਜਾਂਦੇ ਤੇ ਚੇਤਾ ਈ ਨਾ ਰਹਿੰਦਾ ਪਈ ਰੋਣਾ ਕਾਹਦੇ ਲਈ ਸ਼ੁਰੂ ਕੀਤਾ ਸੀ।

ਪਰ ਏਦਾਂ ਹੁੰਦੀ ਬਹੁਤ ਘੱਟ ਸੀ। ਸਵੇਰ ਨੂੰ ਨਾ ਬੇਬੇ ਨੂੰ ਤੇ ਨਾ ਹੀ ਕਦੇ ਬੀਬੀ ਨੂੰ ਵਿਹਲ ਹੁੰਦੀ ਸੀ ਪਈ ਮੈਨੂੰ ਚੁੱਕ ਲੈਣ। ਬੀਬੀ ਨੂੰ ਮੈਥੋਂ ਛੋਟੀ ਭੈਣ ਤੇ ਉਹਦੇ ਤੋਂ ਛੋਟਾ ਭਰਾ ਈ ਨਈਂ ਸੀ ਛੱਡਦੇ ਸਵੇਰੇ ਕਦੇ। ਨਾਲੇ ਉਹਨੇ ਖੂਹ ਨੂੰ ਚਾਹ ਤੇ ਰੋਟੀਆਂ ਲੈ ਕੇ ਜਾਣੀਆਂ ਹੁੰਦੀਆਂ। ਪਹਿਲਾਂ ਤੜਕੇ ਉਹ ਦੋ ਮਹੀਂਆਂ ਚੋ ਕੇ ਲਿਆਉਂਦੀ। ਮੀਲ ਭਰ 'ਤੇ ਸਾਡਾ ਖੂਹ ਸੀ। ਜਿੱਦਾਂ ਬੇਬੇ ਤੇ ਬੀਬੀ ਆਪ ਈ ਕਹਿੰਦੀਆਂ ਹੁੰਦੀਆਂ ਸੀ ਪਈ ਉਨ੍ਹਾਂ ਕੋਲ਼ ਤਾਂ ਮਰਨ ਦੀ ਵਿਹਲ ਨਹੀਂ', ਸਾਨੂੰ ਮਲੰਗਾਂ ਨੂੰ ਕੌਣ ਚੁੱਕੇ ਤੇ ਕੌਣ ਵਰਾਵੇ।

ਹਾਲਾਤ ਨੇ ਸਾਨੂੰ ਵੀ ਫੱਕਰਪੁਣਾ ਸਿਖਾ ਦਿੱਤਾ। ਚਾਹ ਪੀਣੀ, ਢਿੱਡ 'ਤੇ ਫੇਰਨਾ ਹੱਥ ਤੇ ਉੱਠ ਪੈਣਾ ਚੜ੍ਹਦੇ ਦਿਨ ਨਾਲ ਸਿੱਧੀ ਟੱਕਰ ਲੈਣ। ਜੇ ਰਾਤ ਦੀ ਨਿੱਕੀ ਜਿਹੀ ਕੱਛੀ ਪਾਈ ਹੁੰਦੀ ਤਾਂ ਉਹਦੇ 'ਚ, ਨਹੀਂ ਤਾਂ ਨਿੱਕੀਆਂ ਨਿੱਕੀਆਂ ਰੰਗ ਬਰੰਗੀਆਂ ਘੂੰਗਰੀਆਂ ਵਾਲੀ ਯਾਰਾਂ ਦੀ ਤੜਾਗੀ। ਸੁੱਤੇ ਉਠਦਿਆਂ ਪਹਿਲਾ ਕੰਮ ਹੁੰਦਾ ਸੀ ਹੱਥ 'ਚ ਛਿਟੀ ਜਿਹੀ ਫੜ ਕੇ ਵਿਹੜੇ 'ਚ ਗੇੜਾ ਮਾਰਨਾ। ਜਿੱਦਾਂ ਪੁਲਸ ਦਾ ਛੋਟਾ ਅਫਸਰ ਵੱਡੇ ਅਫਸਰ ਦੀ ਗੈਰ ਹਾਜਰੀ 'ਚ ਆਪਣੀ ਚੌਧਰ ਦਿਖਾਉਣ ਲਈ ਠਾਣੇ 'ਚ ਗੇੜਾ ਮਾਰਦਾ ਹੁੰਦਾ ਸੀ ਨਾ, ਐਨ ਉਸੇ ਤਰ੍ਹਾਂ। ਜੇ ਕੁਕੜੀ ਮੋਹਰੇ ਆ ਗਈ ਤਾਂ ਹੱਥ ਦੀ ਛਿਟੀ ਨੇ ਉਹਦੇ ਵਲ ਉੱਠਣਾ ਤੇ ਜੇ ਬਿੱਲੀ ਦਿਸ ਪਈ ਤਾਂ ਉਹਦੀ ਸ਼ਾਮਤ। ਚਿੜੀਆਂ ਤੇ ਸਾਰਕਾਂ ਦੁਹਾਈਆਂ ਪਾਉਂਦੀਆਂ ਉੜ ਜਾਂਦੀਆਂ ਹੁੰਦੀਆਂ ਸੀ ਮੈਨੂੰ ਦੇਖ ਕੇ। ਜਮਾਨੇ ਜਮਾਨੇ ਦੀਆਂ ਗੱਲਾਂ, ਸਾਡੇ ਆਪਣੇ ਵਿਹੜੇ 'ਚ ਉਨ੍ਹਾਂ ਦਿਨਾਂ 'ਚ ਸਾਡੀ ਤੜਾਗੀ 'ਚ ਈ ਕਈ ਕਈ ਫੀਤੀਆਂ ਲੱਗੀਆਂ ਵਾਲੇ ਅਫਸਰਾਂ ਜਿੰਨੀ ਟੌਹਰ ਹੁੰਦੀ ਸੀ। ਪਰ ਫੇਰ ਤੜਾਗੀ ਵਾਲੀ ਆਜ਼ਾਦੀ ਤਾਂ ਜਾਂਦੀ ਲੱਗੀ ਕਿਉਂਕਿ ਸੁੱਤੇ ਉਠਦੇ ਦੇ ਹੀ ਬੀਬੀ ਜਾਂ ਬੇਬੇ ਨੇ ਕੁਝ ਨਾ ਕੁਝ ਲੱਤਾਂ 'ਚ ਅੜਾ ਦੇਣਾ। ਜੇ ਗਰਮੀਆਂ ਹੋਣ ਤਾਂ ਨਿੱਕੀ ਜਿਹੀ ਕੱਛੀ ਤੇ ਜੇ ਸਰਦੀਆਂ ਹੋਣ ਤਾਂ ਲੰਡੀ ਜਿਹੀ ਪੰਜਾਮੀ ਜਿਹਦੇ ਥੱਲੇ ਪਿੱਛੇ ਐਮਰਜੈਂਸੀ ਵੇਲੇ ਲਈ ਮਗੋਰਾ ਰੱਖਿਆ ਹੁੰਦਾ ਸੀ।

ਖੈਰ, ਛਿਟੀ ਦੇ ਸਹਾਰੇ ਵਿਹੜੇ 'ਚ ਆਪਣੀ ਸਰਦਾਰੀ ਕਾਇਮ ਕਰਕੇ ਫੇਰ ਮੈਂ ਗਲ਼ੀ 'ਚ ਗੇੜਾ ਦੇਣ ਚਲੇ ਜਾਣਾ। ਸਾਡੇ ਘਰ ਦਾ ਬੂਹਾ ਚੜ੍ਹਦੇ ਵਲ ਨੂੰ ਖੁੱਲ੍ਹਦਾ ਸੀ। ਸੱਜੇ ਪਾਸੇ, ਨਾਲ ਲਗਦਾ ਘਰ ਤਾਂਗੇ ਆਲਿਆਂ' ਦਾ ਸੀ। ਉਹ ਦੋ ਭਰਾ ਸਿਗੇ ਤੇ ਸਿਗੇ ਵੀ ਸਾਡੇ ਸਕਿਆਂ 'ਚੋਂ ਪਰ ਸਾਡੇ ਟੱਬਰ ਨਾਲ ਬਹੁਤੀ ਬੋਲ ਚਾਲ ਨਹੀਂ ਸੀ। ਵੱਡੇ ਦਾ ਨਾਂਅ ਸੀ ਭਗਤਾ। ਉਹ ਖੇਤੀ ਕਰਦਾ ਸੀ ਤੇ ਵਿਆਹਿਆ ਹੋਇਆ ਸੀ। ਆਪਣੇ ਨਾਂ ਵਾਂਗ ਪੂਰਾ ਭਗਤ ਕਿਸਮ ਦਾ ਬੰਦਾ ਸੀ ਉਹੋ। ਨਾ ਕਿਸੇ ਨਾਲ ਵਾਧੂ ਨਾ ਘਾਟੂ ਬਸ ਆਪਣੇ ਕੰਮ ਨਾਲ ਮਤਲਬ। ਉਹਦੇ ਬਾਰੇ ਪਿੰਡ 'ਚ ਅਕਸਰ ਚਰਚਾ ਚਲਦੀ ਪਈ ਉਹ ਬੰਦਾ ਸੱਚੀਂ ਭਗਤ ਕਿਸਮ ਦਾ ਹੋਣ ਕਰਕੇ ਉਹਦਾ ਨਾਂਅ ਭਗਤਾ ਸੀ ਜਾਂ ਉਹਦਾ ਨਾਂਅ ਭਗਤਾ ਹੋਣ ਕਰਕੇ ਉਹ ਭਗਤ ਬਣ ਗਿਆ ਸੀ। ਭਗਤਾ ਦਿਨੇ ਨੂੰ ਬਹੁਤਾ ਖੂਹ 'ਤੇ ਹੀ ਕੰਮ ਕਾਰ ਕਰਦਾ ਰਹਿੰਦਾ। ਬਸ ਰਾਤ ਪਈ ਤੇ ਘਰ ਆਉਂਦਾ ਤੇ ਸਵੇਰੇ ਤੜਕਿਉਂ ਖੂਹ ਨੂੰ ਚਲੇ ਜਾਂਦਾ। ਇਸ ਗੱਲੋਂ ਉਹ ਬਿਲਕੁਲ ਮੇਰੇ ਭਾਈਏ ਵਰਗਾ ਹੀ ਸੀ। ਏਸੇ ਕਰਕੇ ਮੈਨੂੰ ਅਜੇ ਤੱਕ ਵੀ ਭਗਤੇ ਦਾ ਚੇਤਾ ਨਹੀਂ ਭੁੱਲਿਆ ਭਾਵੇਂ ਮੈਂ ਉਹਨੂੰ ਦੇਖਿਆ ਬਹੁਤ ਘੱਟ ਸੀ।

ਤੇ ਭਗਤੇ ਤੋਂ ਛੋਟਾ ਤਾਰੂ ਤਾਂਗਾ ਵਾਹੁੰਦਾ ਸੀ। ਪਹਿਲਾਂ ਉਨ੍ਹਾਂ ਦਾ ਇਕ ਛੜਾ ਚਾਚਾ ਤਾਂਗਾ ਵਾਹੁੰਦਾ ਰਿਹਾ ਸੀ ਤੇ ਕਿਤੇ ਉਦੋਂ ਦੀ ਹੀ ਉਨ੍ਹਾਂ ਦੀ ਇਹ ਅੱਲ ਪੈ ਗਈ ਸੀ ਤਾਂਗੇ ਆਲੇ'। ਤਾਰੂ ਕੱਦ ਦਾ ਕਾਫੀ ਮੱਧਰਾ ਸੀ। ਸਾਰੇ ਜਾਣਦੇ ਸੀ ਪਈ ਪਿੰਡ 'ਚ ਇਕ ਪਾਸੇ ਲੰਬੜਾਂ ਦਾ ਕੈਲੋ ਸੱਭ ਤੋਂ ਉੱਚਾ ਸੀ ਤੇ ਦੂਜੇ ਪਾਸੇ ਸੀ ਤਾਂਗੇ ਆਲਿਆਂ ਦਾ ਤਾਰੂ। ਪਤਲਾ ਜਿਹਾ ਤੇ ਨਿੱਕਾ ਜਿਹਾ ਤਾਰੂ ਵੈਲੀ ਬੰਦਾ ਸੀ ਪਰ ਆਪਣੇ ਚਾਚੇ ਆਂਗ ਛੜਾ ਈ ਰਹਿ ਗਿਆ ਸੀ। ਡੋਡੇ ਤੇ ਫੀਮ ਉਹਦੇ ਸ਼ੌਂਕ ਸਨ ਤੇ ਬਣ ਠਣ ਕੇ ਰਹਿਣਾ ਜਨੂੰਨ। ਆਪਣੀ ਮਾੜਕੂ ਜਿਹੀ ਘੋੜੀ ਦੀ ਦੇਖ ਰੇਖ ਧੀਆਂ ਪੁੱਤਾਂ ਵਾਂਗ ਕਰਦਾ।

ਮੇਰੇ ਨਾਲ ਚਾਚੇ ਤਾਰੂ ਦੀ ਬਣਦੀ ਵੀ ਬਹੁਤ ਸੀ। ਮੇਰੀ ਬੇਬੇ ਤੋਂ ਬਿਨਾਂ ਉਹੀ ਇਕ ਜੀਅ ਸੀ ਜਿਹੜਾ ਮੈਨੂੰ ਮੇਰੇ ਬੇਬੇ ਵਾਲੇ ਨਾਂ ਨਾਲ ਬੁਲਾਉਂਦਾ ਹੁੰਦਾ ਸੀ। ਮੈਨੂੰ ਦੂਰੋਂ ਦੇਖ ਕੇ ਉਹਨੇ ਵਾਜ ਮਾਰਨੀ, "ਉਏ ਆ ਬਈ ਬਹਾਦਰਾ, ਅੱਜ ਕਿੱਧਰ ਦੀਆਂ ਤਿਆਰੀਆਂ ?" ਚਾਚੇ ਤਾਰੂ ਨੂੰ ਪਤਾ ਤਾਂ ਹੁੰਦਾ ਸੀ ਪਈ ਮੈਂ ਕਿਹੜੀ ਤਸੀਲੇ ਤਰੀਕ 'ਤੇ ਜਾਣਾ। ਵੱਧ ਤੋਂ ਵੱਧ ਬੋੜੀ ਖੂਹੀ ਸਾਡੀ ਮੰਜ਼ਲੇ-ਮਕਸੂਦ ਹੁੰਦੀ ਸੀ ਉਨ੍ਹਾਂ ਦਿਨਾਂ 'ਚ। ਪਰ ਜਦੋਂ ਉਹਨੇ ਮੈਨੂੰ ਏਦਾਂ ਪੁੱਛਣਾ ਤਾਂ ਮੈਨੂੰ ਇਹ ਗੱਲ ਚੰਗੀ ਬਹੁਤ ਲੱਗਣੀ। ਏਸੇ ਕਰਕੇ ਮੈਨੂੰ ਚਾਚਾ ਤਾਰੂ ਸਾਰਿਆਂ ਨਾਲੋਂ ਚੰਗਾ ਲਗਦਾ ਸੀ। ਕਦੇ ਕਦੇ ਉਹ ਮੈਨੂੰ ਤਾਂਗੇ 'ਤੇ ਝੂਟਾ ਵੀ ਦੇ ਦਿੰਦਾ ਹੁੰਦਾ ਸੀ।

ਪਰ ਮੇਰੀ ਚਾਚੇ ਤਾਰੂ ਦੇ ਕੁੱਤੇ ਨਾਲ ਗੜਬੜ ਰਹਿੰਦੀ ਸੀ। ਮਾੜੂ ਨਾਂ ਦਾ ਪਤਲਾ ਜਿਹਾ, ਮਰਿਆ ਜਿਹਾ ਕੁੱਤਾ ਸੀ ਉਨ੍ਹਾਂ ਦਾ। ਘੋੜੀ ਤੇ ਕੁੱਤਾ ਈ ਨਈਂ, ਉਨ੍ਹਾਂ ਦੇ ਬਾਕੀ ਪਸੂ ਤੇ ਉਹ ਆਪ ਵੀ ਸਾਰੇ ਪਤਲੇ ਜਿਹੇ ਹੀ ਸੀ। ਪਿੰਡ ਦੇ ਕਈ ਨਗ੍ਹੋਚੀ ਕਿਸਮ ਦੇ ਬੰਦੇ ਕਈ ਵਾਰੀ ਕਹਿੰਦੇ ਹੁੰਦੇ ਸੀ ਪਈ ਇਨ੍ਹਾਂ ਦੀ ਅੱਲ ਤਾਂ ਪਤਲਿਆਂ ਦੇ' ਜਾਂ ਛੜਿਆਂ ਦੇ' ਹੋਣੀ ਚਾਹੀਦੀ ਸੀ ਤਾਂਗੇ ਆਲਿਆਂ' ਦੀ ਨਈਂ। ਪਰ ਪਿੰਡ ਦੇ ਸਿਆਣੇ ਲੋਕ ਅੱਲ ਉਹ ਪਾਉਂਦੇ ਆ ਜਿਹੜੀ ਟੱਬਰ ਦੀ ਵਿਲੱਖਣਤਾ ਦੱਸੇ। ਹੁਣ ਦੋ ਦੋ ਖੱਤਿਆਂ ਵਾਲੇ ਕਈਆਂ ਟੱਬਰਾਂ ਵਿਚ ਪਤਲੇ ਬੰਦਿਆਂ ਦੀਆਂ ਤਾਂ ਕਤਾਰਾਂ ਲੱਗੀਆਂ ਹੁੰਦੀਆਂ ਤੇ ਏਦਾਂ ਦੇ ਪੰਜਾਂ ਸੱਤਾਂ ਘਰਾਂ 'ਚ ਛੜਿਆ ਦਾ ਹੋਣਾ ਤਾਂ ਏਦਾਂ ਈ ਕੁਦਰਤੀ ਹੁੰਦਾ ਜਿੱਦਾਂ ਛੱਪੜ 'ਚ ਡੱਡੂਆਂ ਦਾ ਹੋਣਾ। ਪਰ ਸਾਰੇ ਪਿੰਡ 'ਚ ਤਾਂਗੇ ਆਲਾ ਇਹ ਇੱਕੋ ਘਰ ਸੀ।

ਮੇਰੀ ਬੇਬੇ ਕਹਿੰਦੀ ਸੀ ਪਈ ਤਾਰੂ ਕਾ ਮਾੜੂ ਕੁੱਤਾ ਮੇਰਾ ਹਾਣੀ ਆਂ। ਜਦੋਂ ਮੈਂ ਜੰਮਿਆਂ ਸੀ ਉਦੋਂ ਕੁ ਹੀ ਕਿਤੇ ਉਹ ਕਤੂਰਾ ਤਾਰੂ ਕੇ ਦਰੀਂ ਆ ਗਿਆ ਸੀ। ਤਾਰੂ ਨੇ ਰੋਟੀ ਖਾਂਦੇ ਨੇ ਉਹਨੂੰ ਵੀ ਬੁਰਕੀ ਸੁੱਟ ਦੇਣੀ। ਬਸ ਏਦਾਂ ਈ ਕਿਤੇ ਤਾਰੂ ਦੀ ਤਾਂ ਮਾੜੂ ਦੀ ਸਾਂਝ ਪੈ ਗਈ। ਕੁੱਤਾ ਬਹੁਤ ਮਾੜਾ ਸੀ ਤੇ ਨਾਂ ਵੀ ਉਹਦਾ ਮਾੜੂ ਈ ਸੀ। ਜਿੰਨਾ ਏਸ ਕੁੱਤੇ ਦਾ ਨਾਂ ਉਹਦੇ ਫਿੱਟ ਸੀ ਏਨਾ ਨਾਂ ਕਿਸੇ ਦੇ ਮੇਚ ਆਉਂਦਾ ਮੈਂ ਮੁੜਕੇ ਨਈਂ ਦੇਖਿਆ ਕਦੀ। ਉਹਦੇ ਅਕਸਰ ਖਸ ਪਈ ਰਹਿੰਦੀ। ਵਿਚਾਰਾ ਸਵੇਰ ਨੂੰ ਚੜਦੇ ਸੂਰਜ ਦਾ ਨਿੱਘ ਮਾਨਣ ਲਈ ਸਾਡੇ ਬੂਹੇ ਦੇ ਬਾਹਰ ਕੰਧ ਨਾਲ ਲੱਗ ਕੇ ਬੈਠਾ ਹੁੰਦਾ। ਮੈਂ ਨਿਕਲਦਿਆਂ ਈ ਦੋ ਤਿੰਨ ਛਿਟੀਆਂ ਜੜਨੀਆਂ ਉਹਦੇ। ਉਹਨੇ ਚਊਂ ਚਊਂ ਕਰਦੇ ਨੇ ਦੌੜਨਾ। ਬੜਾ ਆਨੰਦ ਆਉਣਾ।

ਇਹ ਕੰਮ ਉਦਾਂ ਮੈਨੂੰ ਆਲ਼ਾ ਦੁਆਲ਼ਾ ਦੇਖ ਕੇ ਕਰਨਾ ਪੈਂਦਾ ਸੀ। ਇਕ ਦਿਨ ਜਦੋਂ ਮੈਂ ਅੰਦਰੋਂ ਨਿਕਲ ਕੇ ਕੁੱਤੇ ਦੇ ਅਜੇ ਪਹਿਲੀ ਹੀ ਛਿਟੀ ਮਾਰੀ ਸੀ ਤੇ ਉਹਨੇ ਵਿਚਾਰੇ ਨੇ ਆਪਣੀ ਪਤਲੀ ਤੇ ਮਰੀ ਜਿਹੀ ਆਵਾਜ਼ 'ਚ ਚਊਂ ਚਊਂ ਸ਼ੁਰੂ ਈ ਕੀਤੀ ਸੀ ਤਾਂ ਉਸੇ ਵੇਲੇ ਕਿਤੇ ਬਾਹਰੋਂ ਕੂੜਾ ਸਿੱਟ ਕੇ ਮੁੜੀ ਆਉਂਦੀ ਬੀਬੀ ਨੇ ਦੇਖ ਲਿਆ ਇਹ ਤਮਾਸ਼ਾ। ਉਹਨੇ ਖੱਬੇ ਹੱਥ ਵਿਚ ਕੂੜੇ ਵਾਲ਼ਾ ਖਾਲੀ ਟੋਕਰਾ ਲਟਕਾਇਆ ਹੋਇਆ ਸੀ ਤੇ ਸੱਜੇ ਹੱਥ ਨਾਲ ਚੁੰਨੀ ਦਾ ਲੜ ਮੂੰਹ ਅੱਗੇ ਕੀਤਾ ਹੋਇਆ ਸੀ, ਜਾਣੀ ਘੁੰਡ ਕੱਢਿਆ ਹੋਇਆ ਸੀ। ਸਾਡੀ ਬੀਬੀ ਵਿਚਾਰੀ ਨੂੰ ਸਵੇਰੇ ਘੁੰਡ ਜਰੂਰ ਕੱਢਣਾ ਪੈਂਦਾ ਸੀ। ਸਾਡਾ ਘਰ ਪਿੰਡ ਦੇ ਬਾਹਰ ਬਾਹਰ ਹੋਣ ਕਰਕੇ ਬਾਬੇ ਦਾਸੂ ਦੇ ਗੁਰਦਵਾਰੇ ਨੂੰ ਜਾਣ ਵਾਲੇ ਕਈ ਬੁੜ੍ਹੇ ਏਧਰੋਂ ਈ ਲੰਘਦੇ ਹੁੰਦੇ ਸੀ। ਜਦੋਂ ਕਿਤੇ ਪਿੰਡ 'ਚ ਘੁੰਡ ਕੱਢਣ ਦਾ ਰਿਵਾਜ ਪਿਆ ਹਊ ਉਦੋਂ ਤੋਂ ਹੀ ਪਿੰਡ ਦੇ ਬੁੜ੍ਹਿਆਂ ਲਈ ਇਹ ਜ਼ਰੂਰੀ ਹੁੰਦਾ ਸੀ ਪਈ ਘੁੰਡ ਕੱਢਣ ਵਾਲੀ ਦਾ ਮੂੰਹ ਹਰ ਹੀਲੇ ਦੇਖਣ ਦੀ ਕੋਸ਼ਸ਼ ਕਰਨੀ। ਇਸ ਕੰਮ 'ਚ ਕਾਮਯਾਬੀ ਦਾ ਅਰਥ ਹੁੰਦਾ ਸੀ ਦੁਪਹਿਰੋਂ ਬਾਅਦ ਪਿੰਡ ਦੇ ਦਰਵਾਜੇ ਬੈਠ ਕੇ ਦੂਜਿਆਂ 'ਤੇ ਆਪਣਾ ਰੋਅਬ ਪਾਉਣਾ।

ਮੇਰੀ ਮਾੜੀ ਕਿਸਮਤ ਨੂੰ ਤੇ ਮਾੜੂ ਦੀ ਚੰਗੀ ਕਿਸਮਤ ਨੂੰ ਉਸ ਵੇਲੇ ਗਲ਼ੀ 'ਚ ਕੋਈ ਬੁੜ੍ਹਾ ਹੈ ਨਈਂ ਸੀ। ਬੀਬੀ ਨੇ ਘੁੰਡ ਛੱਡ ਕੇ ਸੱਜੇ ਹੱਥ ਨਾਲ ਮੇਰੀ ਛਿਟੀ ਖੋਹ ਕੇ ਚੰਗੀ ਖਿੱਚ ਕੇ ਮੇਰੇ ਗਿੱਟਿਆਂ 'ਚ ਲਾਈ, "ਮਰ ਜਾਣਿਆਂ ਘੀਚਰਾ ਜਿਹਾ ਏਸ ਪਤੰਦਰ ਨੂੰ ਕਿਉਂ ਤੰਗ ਕਰਦਾ ਰਹਿੰਨਾ ਸਵੇਰੇ ਸਵੇਰੇ ?" ਬੀਬੀ ਨੇ ਅਜੇ ਇੱਕੋ ਛਿਟੀ ਮਾਰੀ ਸੀ, ਆਪਾਂ ਗਲ਼ੀ ਦੇ ਗੱਭੇ ਬਣੀ ਗੰਦੀ ਨਾਲੀ ਉੱਪਰਦੀ ਛੜੱਪਾ ਮਾਰ ਕੇ ਗਲ਼ੀ ਦੇ ਮੋੜ 'ਤੇ ਬੋੜੀ ਖੂਹੀ 'ਤੇ ਜਾ ਖੜ੍ਹੇ ਹੋਏ। ਬੀਬੀ ਗਾਲ਼ਾਂ ਦਿੰਦੀ ਘਰ ਅੰਦਰ ਜਾ ਵੜੀ।

ਖੈਰ, ਮਾੜੂ ਨਾਲ ਮਿਲਣੀ ਤੋਂ ਬਾਅਦ ਸਵੇਰ ਵੇਲੇ ਕਿਸੇ ਨਾ ਕਿਸੇ ਤਰ੍ਹਾਂ ਪਹੁੰਚਣਾ ਬੋੜੀ ਖੂਹੀ 'ਤੇ ਹੀ ਹੁੰਦਾ ਸੀ। ਉਦੋਂ ਤੱਕ ਕੋਈ ਨਾ ਕੋਈ ਆਪਣਾ ਯਾਰ ਬੇਲੀ ਪਹਿਲਾਂ ਹੀ ਪਹੁੰਚਿਆਂ ਹੁੰਦਾ ਸੀ ਉੱਥੇ। ਨਲ਼ਕਿਆਂ ਵਾਲੇ ਇਕ ਦੋ ਘਰਾਂ ਤੋਂ ਬਿਨਾਂ ਬਾਕੀ ਸਾਰੇ ਪਾਣੀ ਬੋੜੀ ਖੂਹੀ ਤੋਂ ਹੀ ਭਰਦੇ ਸੀ। ਬੋੜੀ ਖੂਹੀ ਦਾ ਪਾਣੀ ਕਦੇ ਕਦੇ ਗਰਮੀਆਂ ਨੂੰ ਥੱਲੇ ਚਲੇ ਜਾਂਦਾ ਸੀ ਨਹੀਂ ਤਾਂ ਕਾਫੀ ਉੱਤੇ ਹੀ ਹੁੰਦਾ। ਬਰਸਾਤਾਂ ਦੁਆਲ਼ੇ ਤਾਂ ਅਸੀਂ ਅੱਕਾਂ ਦੇ ਲੰਮੇ ਡੰਡੇ ਲੈ ਕੇ ਖੂਹੀ 'ਚ ਡਿੱਗੇ ਚੂਹਿਆਂ ਨਾਲ ਛੇੜ ਖਾਨੀ ਵੀ ਕਰ ਲੈਂਦੇ ਹੁੰਦੇ ਸੀ। ਕਈ ਵਾਰੀ ਜੇ ਕੋਈ ਅਜੇ ਜੀਂਦਾ ਚੂਹਾ ਹੋਣਾ ਤਾਂ ਸਾਡੇ ਲਈ ਤਾਂ ਇਹ ਖਬਰ ਨੇੜਲੇ ਸ਼ਹਿਰ ਆਈ ਸਰਕਸ ਜਿੰਨੀ ਹੀ ਵਧੀਆ ਹੁੰਦੀ ਸੀ। ਖੂਹੀ 'ਤੇ ਉਨਾਂ ਚਿਰ ਨਿਆਣਿਆਂ ਦੀਆਂ ਰੌਣਕਾਂ ਰਹਿਣੀਆਂ ਜਿੰਨਾ ਚਿਰ ਕਿਸੇ ਸਿਆਣੇ ਨੇ ਆ ਕੇ ਉੱਚੀ ਉੱਚੀ ਗਾਲ਼ਾਂ ਕੱਢ ਕੇ ਸਾਰਿਆਂ ਨੂੰ ਦੁੜਾਉਣਾ ਨਾ। ਬੋੜੀ ਖੂਹੀ 'ਤੇ ਉਸ ਵੇਲੇ ਸਵੇਰੇ ਸਵੇਰੇ ਸਕੂਲ ਖੁੱਲ੍ਹਣ ਤੋਂ ਪਹਿਲਾਂ ਸਾਥੋਂ ਵੱਡੀ ਉਮਰ ਦੇ ਮੁੰਡੇ ਕੁੜੀਆਂ ਹੀ ਹੁੰਦੇ ਸੀ ਪਾਣੀ ਭਰਨ ਵਾਲੇ। ਉਨ੍ਹਾਂ ਨੂੰ ਕੱਚੀ ਨੀਂਦੋਂ ਉਠਾ ਕੇ ਘਰਦਿਆਂ ਨੇ ਗਾਲ਼ਾਂ ਕੱਢ ਕੱਢ ਕੇ ਭੇਜਿਆ ਹੁੰਦਾ ਸੀ। ਖੂਹੀ 'ਤੇ ਆ ਕੇ ਉਹ ਆਪਣੀ ਖਿਝ ਇਕ ਦੂਜੇ ਉੱਪਰ ਲਾਹੁੰਦੇ। ਉਨ੍ਹਾਂ ਦੀਆਂ ਲੜਾਈਆਂ ਸਾਡੇ ਲਈ ਸਵੇਰੇ ਕਨੇਡਾ ਵਿਚਲੇ ਨਿਆਣਿਆਂ ਦੇ ਕਾਰਟੂਨਾਂ ਨਾਲੋਂ ਵੀ ਜਾਦੇ ਆਨੰਦ ਵਾਲੀਆਂ ਹੁੰਦੀਆਂ ਸੀ।

ਬੋੜੀ ਖੂਹੀ ਤੋਂ ਬਾਅਦ ਮੈਂ ਤੇ ਮੇਰੇ ਖਾਸ ਆੜੀ, ਲੰਗਿਆਂ ਦੇ ਭਜੀ ਨੇ ਗਲ਼ੀਆਂ 'ਚ ਗੇੜੇ ਕੱਢਣੇ ਤੇ ਹੌਲੀ ਹੌਲੀ ਸਕੂਲ ਖੁੱਲ੍ਹਣ ਤੱਕ ਅਸੀਂ ਵੀ ਸਕੂਲ ਲਾਗੇ ਪਹੁੰਚ ਜਾਣਾ। ਸਕੂਲ ਪਿੰਡ ਦੇ ਨਾਲ ਹੀ ਸੀ ਵੱਡੇ ਥੜ੍ਹੇ ਦੇ ਦੂਜੇ ਪਾਸੇ ਪਰ ਸਾਨੂੰ ਨਿਆਣਿਆਂ ਨੂੰ ਪਿੰਡ ਤੋਂ ਕਾਫੀ ਦੂਰ ਲਗਦਾ ਹੁੰਦਾ ਸੀ। ਸਕੂਲ ਅੰਦਰ ਜਾਣ ਤੋਂ ਪਹਿਲਾਂ ਥੜ੍ਹੇ ਦੇ ਓਹਲੇ ਮੁੰਡਿਆਂ ਨੇ ਆਪਣੇ ਬਸਤੇ ਰੱਖ ਕੇ ਬੰਟਿਆਂ ਨਾਲ ਖੇਡਣਾ। ਅਸੀਂ ਆਪਣੀਆਂ ਤੜਾਗੀਆਂ 'ਚ ਗੂਠੇ ਅੜਾ ਕੇ ਉਨ੍ਹਾਂ ਦੀ ਹਰ ਹਰਕਤ, ਹਰ ਅਦਾ ਨੂੰ, ਬਹੁਤ ਹੀ ਧਿਆਨ ਨਾਲ ਦੇਖਣਾ ਜਿੱਦਾਂ ਗੌਲਫ ਦੇ ਸ਼ੁਕੀਨ ਟਾਈਗਰ ਵੁੱਡ ਨੂੰ ਦੇਖਦੇ ਹੋਣ। ਘੰਟੀ ਵੱਜਣ 'ਤੇ ਸਾਰੇ ਨਿਆਣਿਆਂ ਨੇ ਆਪੋ ਆਪਣੇ ਬਸਤੇ ਚੁੱਕ ਕੇ ਸਕੂਲ ਵੱਲ ਨੂੰ ਦੌੜ ਜਾਣਾ ਤੇ ਅਸੀਂ ਵੇਹਲੇ ਜਿਹੇ ਹੋ ਜਾਣਾ। ਜੇ ਕਿਤੇ ਇਕ ਅੱਧ ਬੰਟਾ ਸਾਡੇ ਵੀ ਹੱਥ ਆ ਜਾਂਦਾ ਤਾਂ ਅਸੀਂ ਥੋੜ੍ਹੀ ਦੇਰ ਉਹਦੇ ਨਾਲ ਵੱਡਿਆਂ ਦੀ ਰੀਸੇ ਆਪਣੇ ਬੰਟੇ ਖੇਡਣ ਦੇ ਹੁਨਰ ਨੂੰ ਤਿੱਖਾ ਕਰਦੇ। ਕਦੇ ਕਦੇ ਜੇ ਕਿਤੇ ਸਕੂਲ ਤੋਂ ਪਹਿਲਾਂ ਸਕੂਲ ਦਾ ਵੱਡਾ ਮਾਸਟਰ ਨਿਆਣਿਆਂ ਨੂੰ ਗਲ਼ੀ ਵਿਚ ਤੁਰਿਆ ਆਉਂਦਾ ਦਿਸ ਪੈਂਦਾ ਤਾਂ ਉਹ ਡਰਦੇ ਆਪਣੇ ਬਸਤੇ ਚੁੱਕ ਦੌੜਨ ਦੀ ਕਰਦੇ ਤੇ ਉਨ੍ਹਾਂ ਦੇ ਦੋ ਚਾਰ ਬੰਟੇ ਖੁੱਤੀ ਵਿਚ ਤੇ ਆਲੇ ਦੁਆਲੇ ਪਏ ਰਹਿ ਜਾਂਦੇ। ਇਸ ਮੁਫਤ 'ਚ ਮਿਲੀ ਲੁੱਟ ਲਈ ਸਾਡੀ ਛੋਟਿਆਂ ਦੀ ਬਹੁਤੀ ਵਾਰੀ ਜੁੱਤੀ ਖੜ੍ਹਕਦੀ। ਅਸੀਂ ਉਨਾਂ ਚਿਰ ਗੁੱਥ-ਮ-ਗੁੱਥਾ ਹੁੰਦੇ ਰਹਿੰਦੇ ਜਿਨਾਂ ਚਿਰ ਕੋਈ ਸਿਆਣਾ ਆ ਕੇ ਦਬਕਾ ਨਾ ਮਾਰਦਾ।

ਇਨ੍ਹਾਂ ਗਤੀਆਂ ਵਿਧੀਆਂ ਤੋਂ ਵੇਹਲੇ ਹੋ ਕੇ ਸਵੇਰ ਦੇ ਗਿਆਂ ਭੁੱਖ ਲੱਗੀ ਤੇ ਘਰ ਮੁੜਨਾ। ਪਰ ਜਿੱਦਾਂ ਕਹਿੰਦੇ ਹੁੰਦੇ ਆ ਕਿ ਭਲੇ ਦਿਨ ਸਦਾ ਨਹੀਂ ਰਹਿੰਦੇ। ਇਕ ਦਿਨ ਸਾਡੇ ਵੀ ਇਨ੍ਹਾਂ ਖੂਬਸੂਰਤ ਦਿਨਾਂ ਦਾ ਅੰਤ ਹੋ ਗਿਆ ਤੇ ਅੰਤ ਕਰਨ ਵਾਲਾ ਸੀ ਮੇਰਾ 'ਕਾਲੀ ਤਾਇਆ।

ਸਾਡਾ ਇਹ ਤਾਇਆ ਆਪ ਤਾਂ ਛੜ੍ਹਾ ਛਟਾਂਕ ਹੀ ਸੀ ਪਰ ਉਹਨੂੰ ਨਿਆਣਿਆਂ ਦਾ ਬੜਾ ਫਿਕਰ ਰਹਿੰਦਾ। ਉਹ ਬੰਦਾ ਬੜ੍ਹਾ ਰੰਗੀਲਾ ਸੀ। ਜਵਾਨੀ ਦੇ ਦਿਨਾਂ 'ਚ ਥੋੜ੍ਹਾ ਬਹੁਤਾ ਘੁਲ਼ਦਾ ਵੀ ਰਿਹਾ ਸੀ ਤੇ ਮੇਲਿਆਂ, ਛਿੰਜਾਂ ਤੇ ਜਾਣ ਦਾ ਤੇ ਖਾਣ ਪੀਣ ਦਾ ਪੂਰਾ ਸ਼ੌਕੀਨ। ਘਰ ਦੀ ਜ਼ਮੀਨ ਥੋੜ੍ਹੀ ਤੇ ਉਤੋਂ ਚਾਰ ਭਰਾ ਤੇ ਤਾਇਆ ਵਿਆਹ ਦੀ ਦੌੜ 'ਚ ਫਾਡੀ ਰਹਿ ਗਿਆ। ਪਿੰਡ ਦੇ ਇਕ ਕਦੇ ਕਦਾਈਂ ਦਿਸਣ ਵਾਲੇ ਅਕਾਲੀ ਲੀਡਰ ਦੇ ਅਸਰ ਥੱਲੇ ਤਾਇਆ ਕਾਲੀ ਬਣ ਗਿਆ। ਉਹਨੇ ਨੀਲੀ ਪੱਗ ਬੰਨ੍ਹਣੀ ਸ਼ੁਰੂ ਕਰ ਦਿੱਤੀ ਤੇ ਅੰਮ੍ਰਿਤ ਛੱਕ ਲਿਆ। ਪਹਿਲਾਂ ਸਾਰੀ ਉਮਰ ਉਹ ਛਿੱਬੀ ਰਿਹਾ ਸੀ ਤੇ ਫੇਰ ਅੰਮ੍ਰਿਤ ਛੱਕ ਕੇ ਬਣ ਗਿਆ ਸਰਦਾਰ ਸ਼ਿਵ ਸਿੰਘ। ਉਦਾਂ ਸਿੰਘ ਸਜਣ ਤੋਂ ਪਹਿਲਾਂ ਵੀ ਉਹ ਪਾਕਿਸਤਾਨ ਬਣਨ ਵੇਲੇ ਆਲ਼ੇ ਦੁਆਲ਼ੇ ਦੇ ਸਿੰਘਾਂ ਨਾਲ ਰਲ਼ ਕੇ ਦੁਸ਼ਮਣਾਂ ਨੂੰ ਸੋਧਣ 'ਚ ਹਿੱਸਾ ਲੈਂਦਾ ਰਿਹਾ ਸੀ। ਫੇਰ ਉਹ ਪੰਥ ਦਾ ਜ਼ਿਆਦਾ ਫਿਕਰ ਕਰਨ ਲੱਗ ਪਿਆ। ਉਹਦਾ ਵਿਚਾਰ ਸੀ ਪਈ ਨਿਆਣਿਆਂ ਨੂੰ ਪੜ੍ਹਾਉਣਾ ਲਿਖਾਉਣਾ ਚਾਹੀਦਾ ਤਾਂ ਕਿ ਸਿਆਣੇ ਹੋ ਕੇ ਪੰਥ ਦੀ ਰਖਵਾਲੀ ਕਰਨ।

ਜਿੱਦਾਂ ਮੇਰੀ ਚਾਚੇ ਕੇ ਮਾੜੂ ਨਾਲ ਦਾਲ਼ ਨਹੀਂ ਸੀ ਗਲ਼ਦੀ ਏਦਾਂ ਹੀ ਸਾਡੇ ਤਾਏ ਦੀ ਤੇ ਚਾਚੇ ਤਾਰੂ ਦੀ ਆਪਸ ਵਿਚ ਬਹੁਤੀ ਨਹੀਂ ਸੀ ਬਣਦੀ। ਇਕ ਵਾਰੀ ਮੇਰੇ ਤਾਏ ਨੇ ਬੇਬੇ ਨੂੰ ਕਿਹਾ ਪਈ ਆਹ ਨਿੱਕੇ ਦੇ ਹੁਣ ਵਾਲ਼ ਨਹੀਂ ਮੰਨਾਉਣੇ। ਇਹਨੂੰ ਸਿੰਘ ਬਣਾਉਣਾ ਆਂ। ਚਾਚਾ ਤਾਰੂ ਆਪ ਤਾਂ ਦੂਏ ਤੀਏ ਦਾਸ ਨਾਈ ਕੋਲੋਂ ਕਦੇ ਵਾਲ਼ ਤੇ ਕਦੇ ਦਾਹੜੀ ਮੰਨਾਉਣ ਤੁਰਿਆ ਹੀ ਰਹਿੰਦਾ ਸੀ। ਕਦੇ ਕਦੇ ਮੈਨੂੰ ਵੀ ਨਾਲ਼ ਲੈ ਜਾਂਦਾ ਹੁੰਦਾ ਸੀ ਮੇਰੀ ਹਜਾਮਤ ਕਰਾਉਣ। ਇਕ ਦਿਨ

ਜਦ ਉਹਨੇ ਮੈਨੂੰ ਨਾਲ ਲਿਜਾਣ ਲਈ ਵਾਜ ਮਾਰੀ ਤਾਂ ਮੇਰੀ ਬੇਬੇ ਨੇ ਕਿਹਾ, "ਵੇਹ ਤਾਰੂ ਭਾਈ, ਇਹਨੂੰ ਨਾ ਲੈ ਕੇ ਜਾਈਂ। ਇਹਦਾ ਤਾਇਆ ਕਹਿੰਦਾ ਪਈ ਹੁਣ ਮੁੰਡੇ ਦੀ ਹਜਾਮਤ ਨਈਂ ਕਰਾਉਣੀ। ਇਹਨੂੰ ਸਿੰਘ ਬਣਾਉਣਾ ਆਂ।"

ਸੁਣ ਕੇ ਤਾਰੂ ਚਾਚਾ ਕਹਿੰਦਾ, "ਤਾਈ, ਤੇਰੇ ਕਾਲੀ ਪੁੱਤ ਦਾ ਤਾਂ ਸਿਰ ਹਿੱਲ ਗਿਆ ਲਗਦਾ। ਅਜੇ ਇਹ ਰੀਣ ਭਰ ਤਾਂ ਹੈਗਾ। ਇਹਨੂੰ ਕੀ ਪਤਾ ਸਿੱਖੀ ਕੀ ਹੁੰਦੀ ਆ ਤੇ ਕੇਸ ਕੀ ਹੁੰਦੇ ਆ। ਤਾਈ ਨਾ ਤੇਰੇ ਕੋਲ, ਨਾ ਭਾਬੀ ਕੋਲ ਇਹਦਾ ਮੂੰਹ ਧੋਣ ਲਈ ਕਦੇ ਟੈਮ ਤਾਂ ਹੁੰਦਾ ਨਈਂ। ਇਹਨੂੰ ਨਲ੍ਹਾਉਣ ਲਈ ਤੇ ਗੁੱਤੀਆਂ ਕਰਨ ਲਈ ਤੁਹਾਨੂੰ ਕਿੱਥੇ ਵਿਹਲ ਮਿਲਣ ਲੱਗੀ ਆ। ਮਹੀਨੇ 'ਚ ਇਹਦਾ ਸਿਰ ਜੂੰਆਂ ਨਾਲ ਭਰ ਜਾਣਾਂ। ਕੋਈ ਅਕਲ ਦੀ ਗੱਲ ਕਰੋ।"

ਬੇਬੇ ਹੌਲੀ ਜਿਹੀ ਕਹਿਣ ਲੱਗੀ, "ਪੁੱਤ ਤੇਰੀ ਗੱਲ ਤਾਂ ਹੈਗੀ ਆ ਠੀਕ, ਪਰ ਹੁਣ ਘਰ ਦੇ ਬੰਦੇ ਕਹਿਣ ਤਾਂ ਫੇਰ ਕਰਨਾ ਤਾਂ ਪਊਗਾ ਹੀ।"

"ਉਹ ਤੂੰ ਰਹਿਣ ਦੇ ਤਾਈ। ਮੈਂ ਕਰ ਲਊਂਗਾ ਵੱਡੇ ਭਾਈ ਕਾਲੀ ਨਾਲ ਆਪੇ ਗੱਲ। ਨਾਲੇ ਜੇ ਇਹਨੇ ਕੇਸ ਰੱਖਣੇ ਹੋਏ ਆਪੇ ਬੜਾ ਹੋ ਕੇ ਰੱਖ ਲਊਗਾ।" ਫੇਰ ਚਾਚਾ ਮੈਨੂੰ ਕਹਿਣ ਲੱਗਾ, "ਚੱਲ ਬਈ ਸ਼ੇਰ ਬਹਾਦਰ ਉੱਠ।"

ਮੇਰਾ ਸਿਰ ਮੰਨਾਉਣ ਨੂੰ ਤਾਂ ਕਦੇ ਵੀ ਜੀਅ ਨਹੀਂ ਸੀ ਕਰਦਾ ਹੁੰਦਾ। ਹਜਾਮਤ ਕਰਾਉਂਦਾ ਬਹੁਤਾ ਟੈਮ ਤਾਂ ਮੈਂ ਦਾਸ ਬਾਬੇ ਮੂਹਰੇ ਬੈਠਾ ਰੋਂਦਾ ਈ ਰਹਿੰਦਾ ਸੀ। ਪਰ ਚਾਚਾ ਤਾਰੂ ਮੈਨੂੰ ਮਗਰੋਂ ਆਣੀ ਪ੍ਰੀਤਮ ਦੀ ਹੱਟੀ ਤੋਂ ਮਿੱਠੀਆਂ ਗੋਲੀਆਂ ਲੈ ਦਿੰਦਾ ਹੁੰਦਾ ਸੀ। ਗੋਲੀਆਂ ਦੇ ਲਾਲਚ ਨੂੰ ਮੈਂ ਪੈਰ ਜਹੇ ਮਲ਼ਦਾ ਉਹਦੇ ਮਗਰ ਤੁਰ ਪਿਆ।

ਥੋੜ੍ਹੇ ਜਿਹੇ ਦਿਨਾਂ ਬਾਅਦ ਤਕਾਲਾਂ ਜਿਹੀਆਂ ਵੇਲੇ ਤਾਏ ਨੂੰ ਗੁਰਦਵਾਰੇ ਲਾਗੇ ਚਾਚਾ ਤਾਰੂ ਵੀਹੀ ਚ ਤੁਰਿਆ ਜਾਂਦਾ ਦਿਸ ਪਿਆ। ਉਹ ਦੋਵੇਂ ਉੱਥੇ ਵੀਹੀ ਚ ਹੀ ਇਕ ਦੂਜੇ ਨਾਲ ਖਹਿਬੜ ਪਏ। ਤਾਏ ਬਰਾਬਰ ਚਾਚਾ ਤਾਰੂ ਲਗਦਾ ਤਾਂ ਛੋਕਰਾ ਜਿਹਾ ਈ ਸੀ ਪਰ ਉਹ ਡਰਿਆ ਨਈਂ ਉਹਦੇ ਕੋਲੋਂ। ਅਸੀਂ ਨਿਆਣਿਆਂ ਨੇ, ਗੁਰਦਵਾਰੇ ਦੀ ਨਿੱਕੀ ਕੰਧ 'ਤੇ ਬੈਠ ਕੇ, ਉਨ੍ਹਾਂ ਦੀ ਲੜਾਈ ਦਾ ਬੜਾ ਆਨੰਦ ਲਿਆ। ਪਰ ਉਹ ਗੱਲਾਂ ਜਿਹੀਆਂ ਕਰ ਕੇ ਹੀ ਹਟ ਗਏ। ਅਸੀਂ ਤਾਂ ਆਸ ਲਾਈ ਬੈਠੇ ਸੀ ਪਈ ਇਕ ਦੂਜੇ ਨਾਲ ਹੱਥੋ ਪਾਈ ਹੋਣਗੇ। ਹੁਣ ਲੜਾਈ ਦੇਖਣ ਦਾ ਤਾਂ ਆਪਣਾ ਹੀ ਮਜ਼ਾ ਹੁੰਦਾ ਹੈ ਖਾਸ ਕਰ ਵੀਹੀ ਵਿਚ। ਉੱਥੇ ਥਾਂ ਥੋੜ੍ਹੀ ਹੁੰਦੀ ਹੈ ਤੇ ਆਲ਼ੇ ਦੁਆਲ਼ੇ ਕੰਧਾਂ। ਬੰਦਾ ਕਿਸੇ ਪਾਸੇ ਭੱਜ ਨਹੀਂ ਸਕਦਾ। ਉਨ੍ਹਾਂ ਦੇ ਜਾਣ ਬਾਅਦ ਮੇਰੀ ਤੇ ਲੰਬੜਾਂ ਦੇ ਕੀਰਤੂ ਦੀ ਚੰਗੀ ਖੜਕੀ। ਉਹ ਮੈਨੂੰ ਕਹਿੰਦਾ ਤੂੰ ਐਥੇ ਬੈਠਾ ਦੰਦੀਆਂ ਕੱਢੀ ਜਾਨਾਂ, ਤੇਰੇ ਈ ਕਰਕੇ ਤਾਂ ਉਹ ਲੜਦੇ ਸੀਗੇ। ਜਦੋਂ ਉਹਨੇ ਮੈਨੂੰ ਏਨੀ ਗੱਲ ਕਹੀ, ਮੈਂ ਪੈ ਗਿਆ ਉਹਨੂੰ। ਮੈਂ ਅੱਗੇ ਵੀ ਕਈ ਵਾਰੀ ਘੁਲਿਆ ਸੀ ਉਹਦੇ ਨਾਲ ਤੇ ਮੈਨੂੰ ਪਤਾ ਸੀ ਪਈ ਉਹ ਮੇਰੇ ਨਾਲੋਂ ਮਾੜਾ ਸੀ। ਮੈਂ ਕੰਧ ਤੋਂ ਛਾਲ ਮਾਰ ਕੇ ਢਾਹ ਲਿਆ ਉਹਨੂੰ। ਗਲ਼ੀ 'ਚ ਤੁਰੀ ਜਾਂਦੀ ਇਕ ਬੁੜੀ ਨੇ ਮਸੀ ਕੀਰਤੂ ਨੂੰ ਮੇਰੇ ਥੱਲਿਓਂ ਕੱਢਿਆ।

ਇਹ ਤਾਇਆ ਮੇਰਾ ਵੀ ਦਿਨੇ ਬਹੁਤਾ ਸਮਾਂ ਖੂਹ 'ਤੇ ਹੀ ਰਹਿੰਦਾ ਸੀ ਤੇ ਤਰਕਾਲਾਂ ਵੇਲੇ ਹੀ ਪਿੰਡ ਗੇੜ੍ਹਾ ਮਾਰਦਾ ਸੀ। ਇਕ ਦਿਨ ਸਵੇਰੇ ਹੀ ਉਹਨੂੰ ਕਿਸੇ ਕੰਮ ਘਰ ਨੂੰ ਆਉਣਾ ਪਿਆ।

ਓਸ ਦਿਨ ਬੀਬੀ ਸਾਡੀ ਕਿਸੇ ਮੁਕਾਣੇ ਗਈਓ ਸੀ ਤੇ ਬੇਬੇ ਕੱਲੀ ਸੀ ਘਰ। ਮੈਥੋਂ ਛੋਟੀ ਮੇਰੀ ਭੈਣ ਬੇਬੇ ਲਾਗੇ ਬੈਠੀ ਖੇਲਦੀ ਸੀ। ਮੇਰਾ ਛੋਟਾ ਭਰਾ ਜਿਹੜਾ ਉਦੋਂ ਅਜੇ ਸੱਤਾਂ ਅੱਠਾਂ ਕੁ ਮਹੀਨਿਆਂ ਦਾ ਹੀ ਸੀ ਬੇਬੇ ਨੇ ਆਪਣੇ ਲਾਗੇ ਮੰਜੀ 'ਤੇ ਲਿਟਾਇਆ ਹੋਇਆ ਸੀ। ਅਚਾਨਕ ਘਰ ਆਏ ਤਾਏ ਨੇ ਆਲੇ ਦੁਆਲੇ ਦੇਖਿਆ ਤੇ ਬੇਬੇ ਨੂੰ ਪੁੱਛਿਆ ਪਈ ਨਿਆਣੇ ਕਿੱਧਰ ਆ। ਉਹਦਾ ਸਿੱਧਾ ਇਸ਼ਾਰਾ ਮੇਰੇ ਵੱਲ ਸੀ। ਬੇਬੇ ਵੀ ਕਿਸੇ ਗੱਲੋਂ ਅੱਕੀ ਬੈਠੀ ਸੀ ਵਿਹੜੇ 'ਚ ਡੇਕ ਥੱਲੇ। ਬੇਬੇ ਨੇ ਆਪਣੇ ਆਲ਼ਾ ਪੂਰਾ ਰਿਕਾਰਡ ਲਾ ਦਿੱਤਾ ਪਈ 'ਵੱਡਾ ਤਾਂ ਸਾਰਾ ਸਾਰਾ ਦਿਨ ਘਰ ਈ ਨਈਂ ਵੜਦਾ। ਨਾ ਮੂੰਹ ਧੋਂਦਾ ਨਾ ਕੋਈ ਕੱਪੜਾ ਲੀੜਾ ਪਾਉਂਦਾ ਆ। ਆਹ ਗਧੀਲਿਆਂ ਦੇ ਨਿਆਣਿਆਂ ਆਂਗ ਗਲੀਆਂ ਕੱਛਦਾ ਫਿਰਦਾ ਆ ਸਾਰਾ ਦਿਨ। ਕੋਈ ਪੁੱਛਣ ਆਲਾ ਹੈ ਨਈ ਏਸ ਘਰ 'ਚ।'

ਲਓ ਜੀ, ਸਾਡੇ ਚੰਗੇ ਦਿਨਾਂ ਦੇ ਅੰਤ ਦੀ ਉਹ ਸ਼ੁਰੂਆਤ ਸੀ।

ਮੇਰੇ ਜੀਵਨ ਵਿਚ ਤਬਦੀਲੀ ਲਿਆਉਣ ਦੇ ਇਰਾਦੇ ਨਾਲ ਤਾਇਆ ਮੇਰਾ ਘਰੋਂ ਮੈਨੂੰ ਲੱਭਣ ਤੁਰ ਪਿਆ। ਉਸ ਕੁ ਵੇਲੇ ਮੈਂ ਵੀ ਘਰ ਵਲ ਮੋੜਾ ਪਾਇਆ ਹੋਇਆ ਸੀ। ਉਹ ਨਿਹੰਗਾਂ ਵਾਲ਼ੀ ਗਲ਼ੀ ਥਾਣੀਂ ਝੜੂ ਵੱਲ ਨੂੰ ਗਿਆ ਤੇ ਮੈਂ ਗਭਲੀ ਵੀਹੀ ਘਰ ਆ ਵੜਿਆ। ਬੇਬੇ ਕਹਿੰਦੀ, "ਵੇ ਤੇਰਾ ਤਾਇਆ ਤੈਨੂੰ ਲੱਭਦਾ ਫਿਰਦਾ ਸੀ ਕਿੱਥੇ ਚਲੇ ਜਾਂਨਾ ਆਂ ਤੂੰ ਸਵੇਰੇ ਈ?"

ਮੈਂ ਘੇਸਲ ਜਿਹੀ ਵੱਟ ਕੇ ਅੰਦਰ ਜਾ ਵੜਿਆ ਤੇ ਗਰੀਬੜਾ ਜਿਹਾ ਮੂੰਹ ਬਣਾ ਕੇ ਬੇਬੇ ਵੱਲ ਦੇਖਣ ਲੱਗ ਪਿਆ। ਬੇਬੇ ਨੂੰ ਤਾਂ ਸਾਰੀ ਗੱਲ ਦੀ ਪਹਿਲਾਂ ਈ ਸਮਝ ਸੀ। ਉਹ ਬੁੜ ਬੁੜ ਕਰਦੀ ਉੱਠੀ ਤੇ ਉਹਨੇ ਕੌਲੀ 'ਚ ਥੋੜ੍ਹਾ ਜਿਹਾ ਦਹੀਂ ਪਾ ਕੇ ਮੈਨੂੰ ਇਕ ਰੋਟੀ ਫੜਾ ਦਿੱਤੀ। ਮੈਂ ਵੀ ਕਿਸੇ ਕਿਸਮ ਦੀ ਕੋਈ ਅੜੀ ਫੜੀ ਨਾ ਕੀਤੀ ਤੇ ਚੁੱਪ ਕਰਕੇ ਰੋਟੀ ਖਾਣ ਲੱਗ ਪਿਆ।

ਮੈਂ ਅਜੇ ਰੋਟੀ ਖਤਮ ਹੀ ਕੀਤੀ ਸੀ ਕਿ ਮੇਰਾ ਤਾਇਆ ਲੈਫਟ ਰਾਈਟ ਕਰਦਾ ਘਰ ਨੂੰ ਮੁੜ ਆਇਆ। ਮੈਨੂੰ ਰੋਟੀ ਖਾਂਦੇ ਨੂੰ ਦੇਖ ਕੇ ਉਹਨੇ ਦੋ ਤਿੰਨ ਹਲਕੀਆਂ ਹਲਕੀਆਂ ਜਿਹੀਆਂ ਗਾਲ੍ਹਾਂ ਕੱਢੀਆਂ ਤੇ ਕੰਨੋ ਫੜ ਕੇ ਉਠਾਲ ਲਿਆ। "ਤੈਨੂੰ ਮੈਂ ਸਾਰੇ ਪਿੰਡ 'ਚ ਟੋਲਦਾ ਆਇਆਂ ਤੂੰ ਕਿੱਧਰ ਦੀ ਘਰ ਆ ਵੜਿਆਂ ਛਲੇਡਿਆ ਜਿਹਾ? ਤੇਰਾ ਈ ਪਤਾ ਨਈਂ ਲਗਦਾ ਵੱਡੇ ਜੈਲਦਾਰ ਦਾ। ਚੱਲ ਤੈਨੂੰ ਸਕੂਲੇ ਦਾਖਲ ਕਰਾ ਕੇ ਆਉਣਾਂ। ਜੇ ਕੱਲ੍ਹ ਤੋਂ ਸਕੂਲੇ ਨਾ ਗਿਆ ਤਾਂ ਪਰਸੋਂ ਨੂੰ ਮੈਂ ਤੈਨੂੰ ਤੜਕਿਓਂ ਖੂਹ ਨੂੰ ਲੈ ਜਾਣਾ ਤੇ ਗਾਧੀ 'ਤੇ ਦੇਣਾ ਆ ਬਠਾਲ।"

ਮੈਂ ਚੁੱਪ ਕਰਕੇ ਉਹਦੇ ਨਾਲ ਤੁਰ ਪਿਆ। ਬੇਬੇ ਨੇ ਵਾਜ ਮਾਰ ਕੇ ਕਿਹਾ, "ਵੇਹ ਮੁੰਡੇ ਦਾ ਮਾੜਾ ਮੋਟਾ ਮੂੰਹ ਤਾਂ ਧੋ ਲੈਣ ਦੇ। ਨਾਲੇ ਕੋਈ ਦਾਅ ਦਾ ਕੱਪੜਾ ਪਾ ਦਿੰਨੀ ਆਂ ਏਹਦੇ।"

ਪਰ ਤਾਏ ਸਾਡੇ ਨੇ ਬੇਬੇ ਦੀ ਗੱਲ ਵੱਲ ਕੋਈ ਧਿਆਨ ਈ ਨਾ ਦਿੱਤਾ ਤੇ ਮੈਨੂੰ ਸਿੱਧਾ ਈ ਲੈ ਗਿਆ ਸਕੂਲੇ।

ਵੱਡੇ ਮਾਸ਼ਟਰ ਨੂੰ ਕਹਿਣ ਲੱਗਾ, "ਪੰਡਤ ਜੀ ਆਹ ਫੜੋ ਆਪਣਾ ਸ਼ਗਿਰਦ ਤੇ ਕਰੋ ਸਿੱਧਾ ਏਹਨੂੰ।"

ਮਾਸ਼ਟਰ ਹੱਥ 'ਚ ਛਿਟੀ ਫੜੀ ਚੌਥੀ ਜਮਾਤ ਦੇ ਨਿਆਣਿਆਂ ਨੂੰ ਇਕ ਪਾਸੇ ਕਤਾਰ ਵਿਚ ਖੜ੍ਹੇ ਕਰਾ ਕੇ ਪਹਾੜੇ ਯਾਦ ਕਰਾ ਰਿਹਾ ਸੀ। ਪਹਿਲੀ ਦੂਜੀ ਵਾਲੇ ਥੋੜ੍ਹੀ ਜਿਹੀ ਦੂਰ ਸਕੂਲ ਦੇ ਵਰਾਂਡੇ 'ਚ ਆਪਣੀਆਂ ਬੋਰੀਆਂ ਵਿਛਾਈ ਬੈਠੇ ਆਲਾ ਦੁਆਲਾ ਜਿਹਾ ਦੇਖੀ ਜਾਂਦੇ ਸੀ ਤੇ ਤੀਜੀ ਜਮਾਤ ਆਲੇ ਆਪਣੀਆਂ ਫੱਟੀਆਂ 'ਤੇ ਕੁਛ ਲਿਖਣ ਲੱਗੇ ਹੋਏ ਸੀ। ਜਦੋਂ ਮੈਂ ਉੱਥੇ ਜਾ ਕੇ ਖੜ੍ਹਾ ਹੋਇਆ ਤਾਂ ਸਕੂਲ ਦੇ ਸਾਰੇ ਨਿਆਣੇ ਪੂਰਾ ਧਿਆਨ ਲਾ ਕੇ ਮੇਰੇ ਵਲ ਹੀ ਦੇਖਣ ਲੱਗ ਪਏ। ਮਾਸਟਰ ਜੀ ਹੋਰਾਂ ਪਹਾੜੇ ਯਾਦ ਕਰਾਉਣ ਦਾ ਕੰਮ ਜਮਾਤ ਦੇ ਮਨੀਟਰ ਦੇ ਹਵਾਲੇ ਕੀਤਾ। ਆਪ ਉਹ ਸਕੂਲ ਦੇ ਵਿਹੜੇ ਵਿਚਲੀ ਨਿੱਕੀ ਜਿਹੀ ਪਿਪਲੀ ਥੱਲੇ ਡਾਹੀ ਹੋਈ ਆਪਣੀ ਕੁਰਸੀ 'ਤੇ ਜਾ ਬੈਠੇ। ਉਹਦੇ ਲਾਗੇ ਇਕ ਛੋਟਾ ਜਿਹਾ ਬੈਂਚ ਪਿਆ ਸੀ। ਤਾਏ ਨੂੰ ਸੈਨਤ ਕਰਕੇ ਆਪਣੇ ਸਾਹਮਣੇ ਪਏ ਬੈਂਚ 'ਤੇ ਬਿਠਾ ਲਿਆ।

ਮਾਸ਼ਟਰ ਨੇ ਮੇਜ 'ਤੇ ਪਿਆ ਇਕ ਰਜਿਸਟਰ ਜਿਹਾ ਖੋਹਲਿਆ ਤੇ ਤਾਏ ਨੂੰ ਪੁੱਛਿਆ," ਸਰਦਾਰ ਸ਼ਿਵ ਸਿੰਘ ਜੀ ਨਾਂ ਕੀ ਆ ਆਪਣੇ ਛੋਟੂ ਦਾ?"

"ਨਾਂ ਤਾਂ ਪਤਾ ਨਈਂ ਸੌਹਰੇ ਦਾ ਇਹਦਾ ਕੀ ਰੱਖਿਆ ਹੋਇਆ ਪਰ ਤੁਸੀਂ ਗੁਰਮੁਖ ਸਿੰਘ ਲਿਖੋ ਜੀ।"

ਏਦਾਂ ਈ ਸਾਡੇ ਤਾਏ ਨੇ ਆਪਣੇ ਅੰਦਾਜੇ ਨਾਲ ਸਾਡੀ ਜਨਮ ਤਰੀਕ ਲਿਖਾ ਦਿੱਤੀ।

ਮਾਸ਼ਟਰ ਨੇ ਪੱਲ ਕੁ ਲਈ ਰਜਿਸਟਰ ਤੋਂ ਨਿਗਾਹ ਉਠਾ ਕੇ ਮੇਰੇ ਵੱਲ ਵੇਖਿਆ ਤੇ ਮੈਨੂੰ ਕਹਿਣ ਲੱਗਾ, "ਚੱਲ ਬਈ ਗੁਰਮੁਖ ਸਿਹਾਂ ਚੱਲ ਕੇ ਓਹ ਪਹਿਲੀ ਜਮਾਤ ਵਾਲੀ ਕਤਾਰ 'ਚ ਬਹਿ ਜਾਹ।"

ਤੇ ਉਸ ਪੱਲ ਤੋਂ ਬੇਬੇ ਅਤੇ ਚਾਚੇ ਤਾਰੂ ਦੇ ਬਹਾਦਰ ਸ਼ੇਰ ਦੀ ਥਾਂ ਅਸੀਂ ਸਦਾ ਲਈ ਗੁਰਮੁਖ ਸਿੰਘ ਬਣ ਗਏ।

# ਹਜੂਮੀ ਹਿੰਸਾ: ਭੀੜ-ਤੰਤਰ, ਸਿਆਸਤ ਜਾਂ ਸਾਜ਼ਿਸ਼





ਸਿਮਰਨਜੀਤ ਕੌਰ

ਹਾਲ ਹੀ 'ਚ ਯੂਪੀ ਦੇ ਸ਼ਹਿਰ ਬੁਲੰਦਸ਼ਹਿਰ ਵਿਚ ਹੋਈ ਘਟਨਾ 'ਚ ਗਊਕੁਸ਼ੀ ਦੀ ਆੜ ਹੇਠ ਭੜਕੀ ਭੀੜ ਵੱਲੋਂ ਇਕ ਪੁਲਿਸ ਇੰਸਪੈਕਟਰ ਸੁਬੋਧ ਕੁਮਾਰ ਸਿੰਘ ਅਤੇ 20 ਸਾਲ ਦੇ ਸੁਮਿਤ ਨਾਮੀ ਨੌਜਵਾਨ ਦੀ ਹੱਤਿਆ ਕਰ ਦਿੱਤੀ ਗਈ ਹੈ। ਇਸ ਜਨੂੰਨੀ ਭੀੜ ਵਿਚ ਬਜਰੰਗ ਦਲ ਅਤੇ ਹੋਰ ਕੱਟੜਪੰਥੀ ਕਾਰਕੁੰਨ ਸ਼ਾਮਿਲ ਸਨ। ਇਹ ਇੱਕਲਾ-ਕਾਰਾ ਅਜਿਹਾ ਮਾਮਲਾ ਨਹੀਂ ਹੈ, ਜਦੋਂ ਕੋਈ ਵਿਅਕਤੀ ਹਜੂਮ ਦਾ ਸ਼ਿਕਾਰ ਹੋਇਆ ਹੋਵੇ। ਪਿਛਲੇ ਕੁਝ ਸਾਲਾਂ ਤੋਂ ਅਜਿਹੇ ਮਾਮਲੇ ਆਮ ਹੀ ਸਾਹਮਣੇ ਆ ਰਹੇ ਹਨ।

ਸਤੰਬਰ 2015 ਵਿਚ ਉੱਤਰ ਪ੍ਰਦੇਸ਼ ਦੇ ਦਾਦਰੀ ਵਿਖੇ ਇਸੇ ਤਰ੍ਹਾਂ ਗਊਕੁਸ਼ੀ ਦੇ ਸ਼ੱਕ 'ਚ ਭੀੜ ਵੱਲੋਂ ਅਖ਼ਲਾਕ ਨਾਂ ਦੇ ਸ਼ਖ਼ਸ ਦੀ ਹੱਤਿਆ ਕਰ ਦਿੱਤੀ ਗਈ ਸੀ। ਉਸ ਸਮੇਂ ਅਖ਼ਲਾਕ ਦੀ ਮਾਂ ਨੇ ਬਿਆਨ ਵਿਚ ਕਿਹਾ ਸੀ ਕਿ ਪਿੰਡ ਵਿਚ ਰਹਿਣਾ27 ਜਾਂ ਨਾ ਰਹਿਣਾ ਹੁਣ ਉਨ੍ਹਾਂ ਦੇ ਹੱਥ ਵਿਚ ਨਹੀਂ ਹੈ, ਇਹ ਸਰਕਾਰ ਤੈਅ ਕਰੇਗੀ..। ਉੱਥੇ ਹੀ ਅਖ਼ਲਾਕ ਦੇ ਜਵਾਈ ਨੇ ਕਿਹਾ ਕਿ ਜੋ ਕੁਝ ਹੋਇਆ, ਇਸ ਪਿਛੇ ਕੋਈ ਸਾਜ਼ਿਸ਼ ਲੱਗਦੀ ਹੈ, ਕਿਉਂਕਿ ਇੰਨਾ ਸਭ ਕੁਝ ਅਚਾਨਕ ਨਹੀਂ ਹੋ ਸਕਦਾ। ਅਖ਼ਲਾਕ ਦੇ ਪਰਿਵਾਰ ਨੂੰ ਡਰ ਸੀ ਕਿ ਅੱਗੋਂ ਵੀ ਉਨ੍ਹਾਂ ਨਾਲ ਅਜਿਹੀ ਘਟਨਾ ਹੋ ਸਕਦੀ ਹੈ, ਜਿਸ ਕਾਰਨ ਉਨ੍ਹਾਂ ਨੂੰ ਆਪਣਾ ਘਰ ਛੱਡਣਾ ਪਿਆ। ਇਸੇ ਤਰ੍ਹਾਂ 22 ਜੂਨ, 2017 ਜੰਮੂ-ਕਸ਼ਮੀਰ ਦੇ ਸ੍ਰੀਨਗਰ ਵਿਚ ਵੀ ਪੁਲੀਸ ਅਫ਼ਸਰ ਆਯੂਬ ਪੰਡਿਤ ਦੀ ਜਾਮਾ ਮਸਜਿਦ ਦੇ ਬਾਹਰ ਭੀੜ ਵੱਲੋਂ ਹੱਤਿਆ ਕਰ ਦਿੱਤੀ ਗਈ ਸੀ ਅਤੇ 28 ਜੂਨ, 2017 ਝਾਰਖੰਡ ਵਿਚ ਗਊ ਰੱਖਿਅਕਾਂ ਵੱਲੋਂ ਇਕ ਵਿਅਕਤੀ ਨੂੰ ਕੁੱਟ ਕੁੱਟ ਕੇ ਅੱਧ-ਮਰਿਆ ਕਰ ਦਿੱਤਾ ਗਿਆ, ਜਿਸ ਦੀ ਹਸਪਤਾਲ ਵਿਚ ਜਾ ਕੇ ਮੌਤ ਹੋ ਗਈ। ਇਸੇ ਤਰ੍ਹਾਂ 18 ਜੂਨ, 2018 ਯੂ.ਪੀ. ਨੂੰ ਕਾਸਿਮ ਨਾਂ ਦੇ ਸ਼ਖ਼ਸ ਨੂੰ ਗਊ ਹੱਤਿਆ ਦਾ ਦੋਸ਼ ਲਗਾ ਕੇ ਭੀੜ ਵੱਲੋਂ ਮੌਤ ਦੇ ਘਾਟ ਉਤਾਰ ਦਿੱਤਾ ਗਿਆ।

ਇਹ ਸਿਰਫ਼ ਗਊਕੁਸ਼ੀ ਦਾ ਮਾਮਲਾ ਹੀ ਨਹੀਂ ਹੈ, ਇਸ ਤੋਂ ਇਲਾਵਾ ਬੱਚਾ ਚੋਰੀ ਦੀਆਂ ਫੈਲਾਈਆਂ ਅਫ਼ਵਾਹਾਂ ਤਹਿਤ ਭੜਕੀ ਭੀੜ ਦਾ ਵੀ ਬਹੁਤ ਲੋਕ ਸ਼ਿਕਾਰ ਹੋਏ ਹਨ। ਤ੍ਰਿਪੁਰਾ ਵਿਚ 28 ਜੂਨ, 2018 ਨੂੰ ਸਿਰਫ਼ ਬੱਚਾ ਚੋਰੀ ਦੇ ਸ਼ੱਕ ਤਹਿਤ ਭੀੜ ਨੇ ਇਕ ਸਰਕਾਰੀ ਕਰਮਚਾਰੀ ਸਮੇਤ ਤਿੰਨ ਵਿਅਕਤੀਆਂ ਦੀ ਹੱਤਿਆ ਕਰ ਦਿੱਤੀ ਸੀ। ਮਹਾਰਾਸ਼ਟਰ ਦੇ ਧੂਲੇ ਵਿਚ ਵੀ ਪਹਿਲੀ ਜੁਲਾਈ, 2018 ਬੱਚਾ ਚੋਰੀ ਕਰਨ ਦੀ ਸਿਰਫ਼ ਅਫ਼ਵਾਹ ਦੇ ਮੱਦੇਨਜ਼ਰ ਭੀੜ ਵੱਲੋਂ ਪੰਜ ਵਿਅਕਤੀਆਂ ਨੂੰ ਕੁੱਟ-ਕੁੱਟ ਕੇ ਮਾਰ ਦਿੱਤਾ ਗਿਆ, ਜਿਸ ਮਾਮਲੇ ਵਿਚ 23 ਲੋਕਾਂ ਨੂੰ ਗ੍ਰਿਫ਼ਤਾਰ ਵੀ ਕੀਤਾ ਗਿਆ।

ਇਸ ਤਰ੍ਹਾਂ ਦੀਆਂ ਤੇਜ਼ੀ ਨਾਲ ਵਧਦੀਆਂ ਘਟਨਾਵਾਂ ਕਾਰਨ ਜੁਲਾਈ 2018 ਵਿਚ ਸੁਪਰੀਮ ਕੋਰਟ ਨੂੰ ਕਹਿਣਾ ਪਿਆ ਕਿ ਦੇਸ਼ ਵਿਚ ਭੀੜ ਨੂੰ ਇਸ ਤਰ੍ਹਾਂ ਦੀਆਂ ਭਿਆਨਕ ਕਾਰਵਾਈਆਂ ਕਰਨ ਇਜਾਜ਼ਤ ਨਹੀਂ ਦਿੱਤੀ ਜਾ ਸਕਦੀ। ਕਿਸੇ ਵੀ ਵਿਅਕਤੀ ਨੂੰ 'ਬਿਨਾ ਮੁਕੱਦਮੇ ਦੇ ਮਾਰ-ਮੁਕਾਉਣਾ' ਜਾਂ ਭੀੜ ਦੀ ਹਿੰਸਾ ਸਮਾਜ ਲਈ ਅਜਿਹਾ ਖ਼ਤਰਾ ਹੈ, ਜੋ ਹੌਲੀ ਹੌਲੀ ਵੱਡੇ ਤੂਫ਼ਾਨ ਦਾ ਰੂਪ ਲੈ ਸਕਦਾ ਹੈ। ਇਸ ਲਈ ਇਸ ਨੂੰ ਛੇਤੀ ਹੀ ਰੋਕਣਾ ਜ਼ਰੂਰੀ ਹੈ। ਸੁਪਰੀਮ ਕੋਰਟ ਨੇ ਇਹ ਵੀ ਕਿਹਾ ਕਿ ਭੀੜ ਦੀ ਹਿੰਸਾ ਸਰਕਾਰਾਂ ਨੂੰ ਹੀ ਰੋਕਣੀ ਪਵੇਗੀ। ਰਾਜ ਵਿਚ ਕਾਨੂੰਨ ਵਿਵਸਥਾ ਬਣਾਈ ਰੱਖਣਾ ਅਤੇ ਭੀੜ ਦੀ ਹਿੰਸਾ ਰੋਕਣਾ ਸਰਕਾਰ ਦੀ ਜ਼ਿੰਮੇਵਾਰੀ ਹੈ। ਸੁਪਰੀਮ ਕੋਰਟ ਨੇ ਸਭ ਤੋਂ ਮਹੱਤਵਪੂਰਨ ਗੱਲ ਇਹ ਕਿ ਕਹੀ ਕਿ ਕੁੱਟ-ਕੁੱਟ ਕੇ ਮਾਰਨ ਵਾਲੇ ਮਾਮਲੇ ਵਿਚ ਆਈਪੀਸੀ ਦੀ ਧਾਰਾ 302 ਲੱਗੇਗੀ ਅਤੇ ਧਾਰਾ 302 ਵਿਚ ਸਭ ਤੋਂ ਸਖ਼ਤ ਸਜ਼ਾ ਫਾਂਸੀ ਦੀ ਹੀ ਹੈ।

ਹਜੂਮੀ ਹਿੰਸਾ ਦੇ ਖ਼ਿਲਾਫ਼ ਸੁਪਰੀਮ ਕੋਰਟ ਦੇ ਇਸ ਫ਼ੈਸਲੇ ਤੋਂ ਕੁਝ ਦਿਨਾਂ ਬਾਅਦ ਹੀ ਜੁਲਾਈ 2018 ਵਿਚ ਰਾਜਸਥਾਨ ਦੇ ਜ਼ਿਲ੍ਹਾ ਅਲਵਰ ਵਿਚ ਗਊ ਤਸਕਰੀ ਦੇ ਸ਼ੱਕ ਤਹਿਤ ਰਕਬਰ ਨਾਂ ਦੇ ਵਿਅਕਤੀ ਨੂੰ ਭੀੜ ਵੱਲੋਂ ਉਦੋਂ ਤੱਕ ਕੁੱਟਿਆ-ਮਾਰਿਆ ਗਿਆ, ਜਦੋਂ ਤੱਕ ਉਸਦੀ ਮੌਤ ਨਾ ਹੋ ਗਈ। ਇਸ ਸਬੰਧੀ ਪੁਲੀਸ ਵੱਲੋਂ ਕੋਈ ਸਪੱਸ਼ਟ ਬਿਆਨ ਨਹੀਂ ਦਿੱਤਾ ਗਿਆ। ਹੋ ਸਕਦਾ ਹੈ ਕਿ ਸੁਰੱਖਿਆ ਕਰਮਚਾਰੀਆਂ ਨੂੰ ਵੀ ਇਸ ਮਾਮਲੇ ਵਿਚ ਕੋਈ ਡਰ ਹੋਵੇ। ਗੌਰਤਲਬ ਹੈ ਭੀੜ ਦੀ ਇਹ ਦਹਿਸ਼ਤ ਦਿਨ ਬ ਦਿਨ ਵੱਖ ਵੱਖ ਰੂਪਾਂ ਵਿਚ ਵਧਦਾ ਹੀ ਜਾ ਰਹੀ ਹੈ। ਸੁਪਰੀਮ ਕੋਰਟ ਦੇ ਸਖ਼ਤ ਫ਼ੈਸਲੇ ਤੋਂ ਬਾਅਦ ਵੀ ਭੀੜ 'ਤੇ ਕੋਈ ਅਸਰ ਨਹੀਂ ਹੋਇਆ ਤੇ ਅਜਿਹੀਆਂ ਘਟਨਾਵਾਂ ਲਗਾਤਾਰ ਜਾਰੀ ਹਨ। ਅਜਿਹੇ ਮਾਮਲਿਆਂ ਦੇ ਦੋਸ਼ੀਆਂ ਨੂੰ ਇਕ ਵਾਰ ਤਾਂ ਗ੍ਰਿਫ਼ਤਾਰ ਕਰ ਕੇ ਉਨ੍ਹਾਂ 'ਤੇ ਕਾਰਵਾਈ ਕੀਤੀ ਜਾਂਦੀ ਹੈ, ਪਰ ਉਹ ਕਾਰਵਾਈ ਕਿੰਨਾ ਸਮਾਂ ਚੱਲਦੀ ਹੈ, ਇਸ ਬਾਰੇ ਕਿਸੇ ਨੂੰ ਕੋਈ ਖ਼ਬਰ ਤੱਕ ਨਹੀਂ ਹੁੰਦੀ।

ਆਖਿਰ ਅਜਿਹੀ ਕੀ ਸਿਆਸਤ ਹੈ, ਜੋ ਭੀੜ ਨੂੰ ਰੋਕਣ ਦੀ ਬਜਾਏ ਉਸਦੇ ਹੌਸਲੇ ਬੁਲੰਦ ਕਰ ਰਹੀ ਹੈ ਅਤੇ ਸੋਸ਼ਲ ਮੀਡੀਆ ਰਾਹੀਂ ਫੈਲਾਈਆਂ ਅਫ਼ਵਾਹਾਂ ਪਿੱਛੇ ਅਜਿਹਾ ਕਿਹੜਾ ਸੱਚ ਹੈ, ਜੋ ਭੀੜ ਨੂੰ ਇਸ ਤਰ੍ਹਾਂ ਖ਼ਤਰਨਾਕ ਰੂਪ ਵਿਚ ਉਕਸਾ ਕੇ ਇਕ ਮੋਹਰੇ ਦੀ ਤਰ੍ਹਾਂ ਤਿਆਰ ਕਰ ਰਿਹਾ ਹੈ? ਬੇਸ਼ੱਕ ਧਰਮ, ਜਾਤ ਅਤੇ ਨਸਲ ਦੇ ਨਾਂ 'ਤੇ ਹਜੂਮ ਦੇ ਮੋਢੇ 'ਤੇ ਬੰਦੂਕ ਰੱਖ ਚਲਾਉਣਾ ਇਕ ਖ਼ਤਰਨਾਕ ਰੁਝਾਨ ਹੈ।

ਇਹ ਵੀ ਸਾਫ਼ ਹੈ ਕਿ ਹਜੂਮੀ ਹਿੰਸਾ ਜਿਹੇ ਮਾਮਲੇ ਕੋਈ ਇਕ ਪੱਖੀ ਜਾਂ ਇਕ ਧਿਰ ਵੱਲੋਂ ਕੀਤੇ ਮਾਮਲੇ ਨਹੀਂ ਹਨ। ਇਹ ਵੀ ਨਹੀਂ ਕਿਹਾ ਜਾ ਸਕਦਾ ਕਿ ਇਹ ਅਚਾਨਕ ਹੋਈਆਂ ਘਟਨਾਵਾਂ ਹਨ। ਅਜਿਹੇ ਮਾਮਲਿਆਂ ਵਿਚ ਪਹਿਲਾਂ ਤੋਂ ਝੂਠੀਆਂ ਅਫ਼ਵਾਹਾਂ, ਵਿਅੰਗ ਅਤੇ ਭੜਕਾਊ ਬਿਆਨਾਂ ਜ਼ਰੀਏ ਇਕ ਮੰਚ ਤਿਆਰ ਕਰ ਲਿਆ ਜਾਂਦਾ ਹੈ, ਜਿਸ 'ਤੇ ਇਹ ਹਜੂਮੀ ਹਿੰਸਾ ਦੀ ਇਹ ਸਾਰੀ ਜਨੂੰਨੀ ਖੇਡ' ਰਚੀ ਜਾਂਦੀ ਹੈ। ਅਜਿਹੀ ਹਜੂਮੀ ਖੇਡ ਵਿਚ ਮਿੱਥੀ ਹੋਈ ਧਿਰ ਤਾਂ ਸ਼ਿਕਾਰ ਹੁੰਦੀ ਹੀ ਹੈ, ਨਾਲ ਹੀ ਆਮ ਭੋਲੀ-ਭਾਲੀ ਜਨਤਾ ਵੀ ਇਸਦੀ ਲਪੇਟ ਵਿਚ ਆ ਜਾਂਦੀ ਹੈ। ਇਸ ਵਿਚ ਉਹੀ ਭੀੜ ਸ਼ਾਮਿਲ ਹੁੰਦੀ ਹੈ, ਜੋ ਅੱਜ ਦੇ ਮੌਜੂਦਾ ਹਾਲਾਤ ਤੋਂ ਨਿਰਾਸ਼, ਪਰੇਸ਼ਾਨ ਅਤੇ ਪੂਰੀ ਤਰ੍ਹਾਂ ਅਸੰਤੁਸ਼ਟ ਹੁੰਦੀ ਹੈ, ਜਿਨ੍ਹਾਂ 'ਤੇ ਕੋਈ ਵੀ ਛੋਟੀ ਤੋਂ ਛੋਟੀ ਅਫ਼ਵਾਹ ਅਸਾਨੀ ਨਾਲ ਆਪਣਾ ਅਸਰ ਕਰ ਸਕਦੀ ਹੈ।

ਸੋਸ਼ਲ ਮੀਡੀਆ ਇਕ ਅਜਿਹਾ ਜ਼ਰੀਆ ਹੈ, ਜਿਸ ਰਾਹੀਂ ਕਿਸੇ ਵੀ ਤਰ੍ਹਾਂ ਦੀ ਗੱਲ ਨੂੰ ਆਮ ਜਨਤਾ ਤੱਕ ਪਹੁੰਚਾਉਣਾ ਸੁਖਾਲਾ ਹੋ ਜਾਂਦਾ ਹੈ। ਜੇ ਅਸੀਂ ਵਧ ਰਹੀਆਂ ਅਜਿਹੀਆਂ ਘਟਨਾਵਾਂ ਦਾ ਕਾਰਨ ਸੋਸ਼ਲ ਮੀਡੀਆ ਨੂੰ ਹੀ ਮੰਨੀਏ ਤਾਂ ਇਹ ਵਾਜਿਬ ਨਹੀਂ ਹੈ। ਜਦੋਂ ਸਿਆਸੀ ਧਿਰਾਂ ਆਪਣੇ ਫੁੱਟ-ਪਾਊ ਮਕਸਦਾਂ ਨੂੰ ਅੰਜਾਮ ਦੇਣ ਲਈ ਸੋਸ਼ਲ-ਮੀਡੀਆ ਦਾ ਨਾਂਹ-ਪੱਖੀ ਇਸਤੇਮਾਲ ਕਰ ਸਕਦੀਆਂ ਹਨ ਤਾਂ ਪੜ੍ਹੇ-ਲਿਖੇ ਲੋਕ, ਜੋ ਤਰਕ ਦੇ ਅਧਾਰ 'ਤੇ ਸੋਚਦੇ ਹਨ ਉਹ ਅਜਿਹੀ ਸਿਆਸਤ ਦੇ ਜਵਾਬ 'ਚ ਉਸੇ ਸੋਸ਼ਲ ਮੀਡੀਆ ਨੂੰ ਹਾਂਪੱਖੀ ਮਕਸਦ ਲਈ ਕਿਉਂ ਨਹੀਂ ਵਰਤ ਸਕਦੇ? ਸੋਸ਼ਲ ਮੀਡੀਆ ਰਾਹੀਂ ਗਲਤ ਅਫ਼ਵਾਹਾਂ ਅਤੇ ਵਿਅੰਗਾਂ ਨੂੰ ਵਾਰ-ਵਾਰ ਗਲਤ ਦੱਸਣ ਦੀ ਲੋੜ ਹੈ ਤਾਂ ਕਿ ਆਮ ਲੋਕਾਂ ਵਿਚ ਸੁਭਾਵਿਕ ਨੈਤਿਕ ਸਮਝ ਕਾਇਮ ਰਹਿ ਸਕੇ।

ਇਨਹੇਂ ਬਤਾਓ ਕਿ ਲਹਰੇਂ ਜੁਦਾ ਨਹੀਂ ਹੋਤੀਂ

ਯੇ ਕੌਨ ਲੋਗ ਹੈਂ ਪਾਨੀ ਪੇ ਵਾਰ ਕਰਤੇ ਹੁਏ। (ਸ਼ਾਹਿਦ ਜ਼ਕੀ)

ਇਸ ਸਬੰਧੀ ਸਰਕਾਰ 'ਕਹਿਣ ਨੂੰ' ਬਹੁਤ ਕੁਝ ਕਰਦੀ ਹੈ ਅਤੇ ਪੀੜਤਾਂ ਦੇ ਪਰਿਵਾਰ ਨੂੰ 'ਚੰਗੇ ਮੁਆਵਜੇ' ਵੀ ਦਿੰਦੀ ਹੈ। ਪਰ ਆਮ ਜਨਤਾ ਨੂੰ ਇਸ ਸਬੰਧੀ ਜਾਗਰੂਕ ਹੋਣ ਦੀ ਲੋੜ ਹੈ। ਆਮ ਜਨਤਾ ਨੂੰ ਕਿਸੇ ਵੀ ਅਫ਼ਵਾਹ ਜਾਂ ਸ਼ੱਕ ਤਹਿਤ ਇਕਦਮ ਜਜ਼ਬਾਤੀ ਵਹਾਅ ਵਿਚ ਵਹਿਣ ਤੋਂ ਪਹਿਲਾਂ ਇਸ ਪਿੱਛੇ ਦੀ ਅਸਲੀਅਤ ਨੂੰ ਜਾਨਣਾ ਤੇ ਪਛਾਨਣਾ ਚਾਹੀਦਾ ਹੈ ਨਾ ਕਿ ਭੀੜ ਦਾ ਹਿੱਸਾ ਬਣ ਕੇ ਕਾਨੂੰਨ ਨੂੰ ਆਪਣੇ ਹੱਥਾਂ 'ਚ ਲੈਣਾ ਚਾਹੀਦਾ ਹੈ।

ਭਾਰਤੀ ਕਾਨੂੰਨ ਵਿਵਸਥਾ ਵੱਲੋਂ ਇਨ੍ਹਾਂ ਦੋਸ਼ੀਆਂ ਵਿਰੁੱਧ ਕੀਤੀ ਜਾਣ ਵਾਲੀ ਕਾਰਵਾਈ ਅਤੇ ਵਰਤੀ ਜਾਣ ਵਾਲੀ ਢਿੱਲ ਦੀ ਜਾਂਚ ਹੋਣੀ ਚਾਹੀਦੀ ਹੈ ਤੇ ਹੋਣ ਵਾਲੀ ਸਜ਼ਾ ਦਾ ਸੋਸ਼ਲ ਮੀਡੀਆ ਰਾਹੀਂ ਪ੍ਰਚਾਰ ਹੋਣਾ ਚਾਹੀਦਾ ਹੈ। ਇਸ ਹਜੂਮੀ ਕਤਲੋਗਾਰਤ ਪਿੱਛੇ ਕੰਮ ਕਰਦੇ ਮਾਫ਼ੀਆ ਵੱਲ ਵੀ ਉਂਗਲ ਕਰਨ ਦੀ ਲੋੜ ਹੈ।

×ਖੋਜਾਰਥੀ ਦਿੱਲੀ ਯੂਨੀਵਰਸਿਟੀ, ਦਿੱਲੀ
ਸੰਪਰਕ: 94655 96800

# ਆਧਾਰ ਕਾਰਡ ਦੀ ਵਰਤੋਂ ਨਾਲ ਹੋਇਆ ਕੋਈ ਫਾਇਦਾ ?

ਮਿਡ ਡੇ ਮੀਲ,ਰਾਸ਼ਨ ਕਾਰਡ ਤੇ ਮਿਲਣ ਵਾਲਾ ਰਾਸ਼ਨ, ਰਸੋਈ ਗੈਸ, ਸਬਸਿਡੀ, ਬੁਢਾਪਾ ਪੈਨਸ਼ਨ, ਰੇਲਵੇ ਟਿਕਟ, ਬੱਚਿਆਂ ਦੇ ਸਕੂਲਾਂ ਦੇ ਇਮਤਿਹਾਨ, ਰਿਟਾਇਰਮੈਂਟ ਸਮੇਂ ਜਮ੍ਹਾਂ ਹੋਇਆ ਪੀਪੀਐੱਫ, ਦਲਿਤ ਵਿਦਿਆਰਥੀਆਂ ਦੇ ਵਜ਼ੀਫੇ ਆਦਿ ਜੇ ਹੋਰ ਲਾਭ ਲੈਣੇ ਹੋਣ ਤਾਂ ਆਧਾਰ ਕਾਰਡ ਜ਼ਰੂਰੀ ਚਾਹੀਦਾ ਹੈ। ਬੈਂਕ ਵਾਲੇ ਆਧਾਰ ਕਾਰਡ ਮੰਗਦੇ ਹਨ ਭੁਪਾਲ ਗੈਸ ਪੀੜਤਾਂ ਨੂੰ ਵੀ ਇਲਾਜ ਕਰਵਾਉਣ ਲਈ ਹਸਪਤਾਲ ਵਿੱਚ ਆਧਾਰ ਕਾਰਡ ਲਾਜ਼ਮੀ ਕਰ ਦਿੱਤਾ ਗਿਆ ਹੈ। ਬੰਧੂਆ ਮਜ਼ਦੂਰਾਂ ਨੂੰ ਵੀ ਮੁਕਤੀ ਚ ਮਦਦ ਤਾਂ ਹੀ ਮਿਲੂ ਜੇ ਉਹ ਆਧਾਰ ਕਾਰਡ ਬਣਾਉਣਗੇ। ਇਹ ਤਾਂ ਹਾਲ ਹੈ 'ਸਭ ਦਾ ਸਾਥ ਸਭ ਦਾ ਵਿਕਾਸ' ਕਹਿਣ ਵਾਲੀ ਸਰਕਾਰ ਦਾ। ਗਰਭਵਤੀ ਔਰਤਾਂ ਤੇ ਨਵ-ਜਾਤ ਬੱਚਿਆਂ ਲਈ ਕਿਸੇ ਸਕੀਮ ਦਾ ਫਾਇਦਾ ਲੈਣਾ ਹੋਵੇ ਤਾਂ ਪਹਿਲਾਂ ਜੱਚਾ-ਬੱਚਾ ਦਾ ਆਧਾਰ ਕਾਰਡ ਚਾਹੀਦਾ ਹੈ। ਜਦ 2009 ਵਿੱਚ ਆਧਾਰ ਕਾਰਡ ਬਣਾਉਣ ਦੀ ਸਕੀਮ ਸ਼ੁਰੂ ਹੋਈ ਸੀ ਤਾਂ ਕਿਹਾ ਗਿਆ ਸੀ ਕਿ ਇਸ ਵਿੱਚ ਰਜਿਸਟ੍ਰੇਸ਼ਨ ਕਰਾਉਣੀ ਸਵੈ ਇੱਛਕ ਹੋਵੇਗੀ। ਉਸ ਨੇ ਇਸ ਦਾ ਮਕਸਦ ਦੱਸਿਆ ਗਿਆ ਸੀ ਕਿ ਲਾਭਕਾਰੀ ਪ੍ਰੋਗਰਾਮਾਂ ਨੂੰ ਜ਼ਰੂਰਮੰਦਾ, ਗਰੀਬਾਂ ਤੱਕ ਪਹੁੰਚਾਉਣਾ ਫਾਲਤੂ ਲਾਭ ਲੈਣ ਵਾਲਿਆਂ ਨੂੰ ਵੱਖ ਕਰਨਾ, ਭ੍ਰਿਸ਼ਟਾਚਾਰ ਖਤਮ ਕਰਨਾ,ਸਰਕਾਰੀ ਸਕੀਮਾਂ ਨੂੰ ਪਾਰਦਰਸ਼ੀ ਤੇ ਕੁਸ਼ਲ ਬਣਾਉਣਾ ਆਦਿ। ਲੋਕਾਂ ਨੂੰ ਇਹ ਸਮਝਾਉਣ ਦੀ ਕੋਸ਼ਿਸ਼ ਕੀਤੀ ਗਈ ਕਿ ਸਰਕਾਰੀ ਸਕੀਮਾਂ ਦਾ ਫਾਇਦਾ ਉਠਾਉਣ ਲਈ ਆਪਣੇ ਅਧਿਕਾਰਾਂ ਤੇ ਨਿੱਜਤਾ ਨਾਲ ਕੋਈ ਸਮਝੌਤਾ ਤਾਂ ਕਰਨਾ ਹੀ ਪੈਣਾ ਹੈ ਅਤੇ ਹਰ ਬੰਦੇ ਦੀ ਪਹਿਚਾਣ ਦੇ ਹਰ ਜਾਣਕਾਰੀ ਸਰਕਾਰ ਕੋਲ ਹੋਣ ਨਾ ਕਰਨ ਚ ਕਾਮਯਾਬੀ ਮਿਲੇਗੀ। ਪਰ ਇੰਨੇ ਸਾਲਾਂ ਵਿੱਚ ਇਸ ਦੇ ਲਾਗੂ ਹੋਣ ਦਾ ਤਜਰਬਾ ਦੱਸਦਾ ਹੈ ਕਿ ਇਹ ਅਸਲੀ ਵਿੱਚ ਸਮੂਹ ਵਾਂਝੇ ਲੋੜਵੰਦਾਂ ਨੂੰ ਲਾਭਕਾਰੀ ਯੋਜਨਾਵਾਂ ਦੇ ਫਾਇਦੇ ਤੋਂ ਵਾਂਝਾ ਕਰਨ ਅਤੇ ਸਰਕਾਰੀ ਤੰਤਰ ਦੇ ਕਰੀਬੀਆਂ ਨੂੰ ਫਾਇਦਾ ਪਹੁੰਚਾਉਣ ਦਾ ਸੰਦ ਤਾਂ ਹੈ ਹੀ,ਨਾਲ ਹੀ ਇਹ ਸ਼ਹਿਰੀਆਂ ਤੇ ਨਿਗਰਾਨੀ ਅਤੇ ਜਾਸੂਸੀ ਕਰਨ ਦਾ ਤੰਤਰ ਹੈ,ਜੋ ਨਾ ਸਿਰਫ ਸਾਡੀ ਨਿੱਜਤਾਂ ਦੀ ਲੁੱਟ ਕਰਦਾ ਹੈ। ਬਲਕਿ ਸਾਡੇ ਜਮਹੂਰੀ ਅਧਿਕਾਰਾਂ ਨੂੰ ਕੁਚਲਣ ਨਾਲ ਗਲਾ ਘੁੱਟਣ ਦਾ ਦਾ ਫੰਦਾ ਤਿਆਰ ਕਰ ਰਿਹਾ ਹੈ। ਨਾ ਸਿਰਫ ਸਾਰੇ ਸਰਕਾਰੀ ਕਲਿਆਣ ਪ੍ਰੋਗਰਾਮ ਜਿਨ੍ਹਾਂ ਵਿੱਚ ਪਹਿਲਾਂ ਤੋਂ ਹੀ ਬਹੁਤ ਖ਼ਾਮੀਆਂ ਹਨ ਹੁਣ ਪੂਰੀ ਤਰ੍ਹਾਂ ਬਰਬਾਦ ਕੀਤੇ ਜਾ ਰਹੇ ਹਨ। ਬਲਕਿ ਸਾਡੇ ਰੋਜ਼ਮਰਾ ਦੀ ਜ਼ਿੰਦਗੀ ਦੇ ਹਰ ਖੇਤਰ ਤੇ ਸਰਕਾਰ ਸਰਕਾਰੀ ਤਾਣੇ ਬਾਣੇ ਦਾ ਸ਼ਿਕੰਜਾ ਕਸਣ ਤੇ ਜਮਹੂਰੀ ਆਜ਼ਾਦੀ ਅਤੇ ਨਿੱਜਤਾ ਦਾ ਗਲਾ ਘੁੱਟਣ ਦੀ ਤਿਆਰੀ ਕੀਤੀ ਜਾ ਰਹੀ ਹੈ। ਅਸਲ ਵਿੱਚ ਦੇਖਣਾ ਇਹ ਹੈ ਕਿ ਕੀ ਆਧਾਰ ਕਾਰਡਾਂ ਦੀ ਵਰਤੋਂ ਨਾਲ ਜਨਤਕ ਸੇਵਾਵਾਂ ਮੁਹੱਈਆ ਕਰਾਉਣ ਤੇ ਇਨ੍ਹਾਂ ਦੀ ਕਾਰਜ ਕੁਸ਼ਲਤਾ ਵਿੱਚ ਕੀ ਕੋਈ ਵਧਦਾ ਹੋਇਆ ਹੈ ? ਇਸ ਬਾਰੇ ਸਮਾਜਿਕ ਸੰਗਠਨਾਂ ਤੇ ਖੋਜੀਆਂ ਨੇ ਕਾਫੀ ਅਧਿਐਨ ਕੀਤੇ ਹਨ ਅਤੇ ਹਾਲਤ ਨੂੰ ਮਾੜੇ ਰੁੱਖ ਹੀ ਪਾਇਆ ਹੈ। ਆਂਧਰਾ ਪ੍ਰਦੇਸ਼ ਦੇ ਨਾਗਰਿਕ ਪੂਰਤੀ ਵਿਭਾਗ ਨੇ ਜਾਚ (2015) ਵਿੱਚ ਇਹ ਪਾਇਆ ਕਿ ਇੱਕ ਚੌਥਾਈ ਲੋਕ ਰਾਸ਼ਨ ਕਿਉਂ ਨਹੀਂ ਲੈ ਰਹੇ ਹਨ। ਕਾਰਨ ਇਹ ਮਿਲਿਆ ਕਿ ਨੂੰ ਸੱਤ ਸੌ ਨੱਬੇ ਵਿੱਚੋਂ ਦੋ ਸੌ ਨੱਬੇ ਦੀਆਂ ਉਂਗਲਾਂ ਦੇ ਪ੍ਰਿੰਟ ਅਸਫਲ ਗਿਆ ਜਾ ਤਰੰਨਵੇਂ ਦਾ ਆਧਾਰ ਡਾਟਾ ਗਲਤ ਹਾਸਲ ਹੋ ਰਿਹਾ ਹੈ ਜਾਂ ਉਂਗਲਾਂ ਦੇ ਨਿਸ਼ਾਨ ਦੀ ਛਾਪ ਤਾਂ ਸਹੀ ਮਿਲਦੀ ਹੈ ਪਰ ਆਧਾਰ ਦੀ ਜਾਣਕਾਰੀ ਤੇ ਰਾਸ਼ਣ ਕਾਰਡ ਵਿੱਚ ਜਾਣਕਾਰੀ ਬੇਮੇਲ ਸੀ। ਰਾਜਸਥਾਨ ਕੱਢੀ ਗਈ ਜਵਾਬ ਦੇਹੀ ਯਾਤਰਾ ਵਿੱਚ ਵੀ ਇਹ ਕਾਫੀ ਲੋਕਾਂ ਨੇ ਦੱਸਿਆ ਕਿ ਉਹ ਰਾਸ਼ਨ ਜਾਂ ਪੈਨਸ਼ਨ ਨਹੀਂ ਲੈ ਪਾ ਰਹੇ ਹਨ ਕਿਉਂਕਿ ਜਾਂ ਤਾਂ ਉਨ੍ਹਾਂ ਦੀਆਂ ਉਂਗਲਾਂ ਦੇ ਨਿਸ਼ਾਨ ਨਹੀਂ ਮਿਲਦੇ ਸਨ ਜਾਂ ਡੈਟਾ ਗਲਤ ਮਿਲਦਾ ਸੀ। ਬਹੁਤ ਸਾਰੇ ਲੋਕਾਂ ਨੂੰ ਰਾਸ਼ਨ ਲੈਣ ਲਈ ਚਾਰ ਪੰਜ ਵਾਰੀ ਚੱਕਰ ਲਾਉਣੇ ਪੈ ਰਹੇ ਹਨ। ਕਦੀ ਬਿਜਲੀ ਨਹੀਂ, ਕਦੀ ਨੈੱਟਵਰਕ ਨਹੀਂ,ਕਦੀ ਮਸ਼ੀਨ ਠੀਕ ਨਹੀਂ ਜਾ ਗਲਤੀ ਉਂਗਲੀ ਦਾ ਨਿਸ਼ਾਨ ਮਿਲਿਆ। ਬਹੁਤ ਸਾਰੀਆਂ ਥਾਵਾਂ ਤੇ ਨੈੱਟਵਰਕ ਲਈ ਦਰਖਾਸਤਾਂ ਜਾਂ ਛੱਤ ਤੇ ਚੜ੍ਹਨ ਵਾਲੀਆਂ ਖ਼ਬਰਾਂ ਵੀ ਮਿਲ ਰਹੀਆਂ ਹਨ। ਅਸਲ ਵਿੱਚ ਸ਼ੁਰੂ ਤੋਂ ਹੀ ਪਤਾ ਸੀ ਕਿ ਬਾਇਓਮੈਟ੍ਰਿਕਸ ਭਾਵ ਉਂਗਲ ਦੀ ਛਾਪ ਤੇ ਅੱਖ ਦੀ ਪੁਤਲੀ ਨਾਲ ਬੰਦੇ ਦੀ ਪਹਿਚਾਣ ਦੀ ਤਕਨੀਕ ਪੂਰੀ ਤਰ੍ਹਾਂ ਸਹੀ ਨਤੀਜਾ ਨਹੀਂ ਦਿੰਦੀ। ਆਮਤੌਰ ਤੇ ਇਸ ਵਿੱਚ ਦੋ ਤੋਂ ਪੰਜ ਫ਼ੀਸਦੀ ਗ਼ਲਤੀਆਂ ਹਨ। ਪਰ ਭਾਰਤ ਵਿੱਚ ਗਰਮ ਮਿੱਟੀ ਘੱਟੇ ਭਰੇ, ਬਿਨਾਂ ਏਅਰ ਕੰਡੀਸ਼ੰਡ ਵਾਲੇ ਮਾਹੌਲ ਵਿੱਚ ਅਤੇ ਆਮ ਤੌਰ ਤੇ ਸਖ਼ਤ ਮਿਹਨਤ ਕਰਕੇ ਘਿਸੇ ਹੱਥਾਂ ਵਾਲੇ,ਗਰੀਬ ਲੋਕਾਂ ਦੇ ਮਾਮਲੇ ਵਿੱਚ ਤਾਂ ਇਹ ਉੱਕਾ ਹੀ ਭਰੋਸੇਯੋਗ ਨਹੀਂ ਹੈ। ਜਦ ਕਿ ਖ਼ਾਸ ਇਹੀ ਲੋਕ ਹਨ ਜਿਨ੍ਹਾਂ ਨੂੰ ਲਾਭਕਾਰੀ ਸਕੀਮਾਂ ਦੀ ਖਾਸ ਲੋੜ ਹੈ। ਪਰ ਇਨ੍ਹਾਂ ਜ਼ਰੂਰਤਮੰਦ ਮੇਹਨਤਕਸ਼ ਲੋਕਾਂ ਲਈ ਇਹ ਇਨ੍ਹਾਂ ਨੂੰ ਲਾਭ ਮਿਲਣ ਦਾ ਨਹੀਂ ਬਲਕਿ ਵਾਂਝੇ ਹੋਣ ਦਾ ਸਬੱਬ ਬਣ ਗਿਆ ਹੈ। ਜਿੱਥੋਂ ਤੱਕ ਅਧਾਰ ਰਾਹੀਂ ਵੱਖ ਵੱਖ ਲਾਭਕਾਰੀ ਯੋਜਨਾਵਾਂ ਦੀ ਥਾਂ ਤੇ ਸਿੱਧੇ ਕੈਸ਼ ਦੇਣ ਦਾ ਸਵਾਲ ਹੈ ਉਸ ਵਿੱਚ ਆਧਾਰ ਕਾਰਡ ਕੀ ਕਰ ਸਕਦਾ ਹੈ ? ਬੰਦੇ ਦੀ ਸਹੀ ਪਹਿਚਾਣ ਦੀ ਗੱਲ ਨੂੰ ਜੇ ਮੰਨ ਵੀ ਲਿਆ ਜਾਵੇ ਤਾਂ ਕਿਸ ਬੰਦੇ ਨੂੰ ਫ਼ਾਇਦਾ ਦਿੱਤਾ ਜਾਵੇ। ਇਹ ਤੈਅ ਕਰਨ ਦਾ ਕੰਮ ਤਾਂ ਉਸ ਰਾਜਸੀ ਪ੍ਰਸ਼ਾਸਨਿਕ ਤਾਣੇ ਬਾਣੇ ਦਾ ਹੈ ਜਿਸ ਦਾ ਹੁਣ ਰਾਜ ਹੈ। ਫਿਰ ਇਹ ਕੈਸ਼ ਵੰਡ ਲਈ ਬੈਂਕ ਜਾਂ ਏਜੰਟ ਇੱਕ ਹੋਰ ਵਿਚੋਲਾ ਬਣ ਜਾਂਦਾ ਹੈ ਜੋ ਆਧਾਰ ਦੀ ਪਹਿਚਾਣ ਦੇ ਜ਼ਰੀਏ ਕੈਸ਼ ਦਿੰਦਾ ਹੈ। ਇਸ ਵਿੱਚ ਕੁੱਝ ਵੀ ਸਵੈ-ਚਾਲਕ ਨਹੀਂ ਹੈ ਅਤੇ ਲੁੱਟ-ਘਸੁੱਟ ਦਾ ਤੰਤਰ ਨਾ ਸਿਰਫ਼ ਜਿਉਂ ਦਾ ਤਿਉਂ ਕਾਇਮ ਹੈ ਬਲਕਿ ਆਧਾਰ ਦੇ ਜਰਿਏ ਲਾਭ ਦੇ ਹੱਕਦਾਰ ਨੂੰ ਪ੍ਰੇਸ਼ਾਨ ਕਰਕੇ ਲਾਭ ਤੋਂ ਵਾਂਝਾ ਕਰਨ ਦੇ ਬਹਾਨੇ ਉਸ ਕੋਲ ਹੋਰ ਵੱਧ ਜਾਂਦੇ ਹਨ। ਝਾਰਖੰਡ,ਦਿੱਲੀ ਸਤੀਸਗੜ੍ਹ,ਪੰਜਾਬ,ਗੁਜਰਾਤ ਸਭ ਰਾਜਾਂ ਜਿੱਥੇ ਇਸ ਨੂੰ ਜ਼ਰੂਰੀ ਬਣਾਇਆ ਗਿਆ ਹੈ ਉੱਥੇ ਨਾ ਸਿਰਫ ਇਸ ਨਾਲ ਕਾਰਜ ਕੁਸ਼ਲਤਾ ਘਟੀ ਹੈ। ਬਲਕਿ ਇਹ ਜਨਤਕ ਸੇਵਾਵਾਂ ਤੋਂ ਗਰੀਬ ਤੇ ਬੇਵੱਸ ਵਿਅਕਤੀਆ ਆਦੀਵਾਸੀਆਂ, ਦਲਿਤਾਂ, ਬਜ਼ੁਰਗਾਂ, ਔਰਤਾਂ, ਵਿਧਵਾਵਾਂ, ਅਪਾਹਜਾਂ ਨੂੰ ਵਾਂਝੇ ਕਰਨ ਦਾ ਜ਼ਰੀਆ ਬਣ ਗਿਆ ਹੈ। ਇਹ ਇਨ੍ਹਾਂ ਸੇਵਾਵਾਂ ਚ ਭ੍ਰਿਸ਼ਟਾਚਾਰ ਤੇ ਚੋਰੀ ਵਧਾ ਰਿਹਾ ਹੈ। ਆਧਾਰ ਕਾਰਡ ਨੂੰ ਜ਼ਰੂਰੀ ਕਰ ਦੇਣ ਨਾਲ ਹਰ ਜਨਤਕ ਸੇਵਾ ਹਾਸਲ ਕਰਨ ਲਈ ਜ਼ਰੂਰੀ ਸ਼ਰਤਾਂ ਵੀ ਵਧਾ ਦਿੱਤੀਆਂ ਗਈਆਂ ਹਨ। ਬਿਜਲੀ, ਉਂਗਲ ਸਕੈਨ ਕਰਨ ਵਾਲੀ ਮਸ਼ੀਨ, ਇੰਟਰਨੈੱਟ ਦੇ ਸਰਵਰ ਦਾ ਕੁਨੈਕਸ਼ਨ ਇਸ ਵਿੱਚ ਇੱਕ ਵੀ ਮੁਹੱਈਆ ਨਾ ਹੋਵੇ ਜਾਂ ਉਂਗਲ ਦਾ ਨਿਸ਼ਾਨ ਸਥਾਪਿਤ ਨਾ ਹੋਣ ਜਾਂ ਉਗਲ ਦਾ ਨਿਸ਼ਾਨ ਮਿਲ ਜਾਣ ਤੇ ਵੀ ਡਾਟਾ ਆਧਾਰ ਦੀ ਜਾਣਕਾਰੀ ਨਾਲ ਨਾ ਮੇਲ ਖਾਵੇ ਤਾਂ ਬੰਦੇ ਨੂੰ ਸੇਵਾ ਹਾਸਲ ਕਰਨ ਤੋਂ ਵਾਂਝਾ ਕੀਤਾ ਜਾ ਸਕਦਾ ਹੈ। ਉਂਗਲ ਦੀ ਛਾਪ ਦੀ ਸਥਿਤੀ ਇਹ ਹੈ ਕਿ ਸਭ ਤੋਂ ਪਹਿਲਾਂ ਪੈਨਸ਼ਨ ਤੇ ਰੁਜ਼ਗਾਰ ਗਾਰੰਟੀ ਯੋਜਨਾ ਲਈ ਇਸ ਦੀ ਵਰਤੋਂ ਸ਼ੁਰੂ ਕਰਨ ਵਾਲੇ ਆਂਧਰਾ ਪ੍ਰਦੇਸ਼ ਵਿੱਚ ਵੀ ਵੀਹ ਤੋਂ ਬਾਈ ਫੀਸਦੀ ਉਂਗਲ ਦੇ ਛਾਪ ਅਸਫਲ ਹੁੰਦੇ ਹਨ ਭਾਵ ਪੰਜਾ ਵਿੱਚੋਂ ਇੱਕ। ਹੋਰ ਰਾਜਾਂ ਵਿੱਚ ਅਸਫ਼ਲਤਾ ਦਾ ਅੰਕੜਾ ਤੀਹ ਫ਼ੀਸਦੀ ਤੱਕ ਜਾਂਦਾ ਹੈ। ਰਾਜਸਥਾਨ ਵਿੱਚ ਜਦ ਸਮਾਜਿਕ ਸੁਰੱਖਿਆ ਪੈਨਸ਼ਨ ਨੂੰ ਆਧਾਰ ਨਾਲ ਜੋੜਿਆ ਗਿਆ ਤਾਂ ਜਿਨ੍ਹਾਂ ਕੋਲ ਆਧਾਰ ਨਹੀਂ ਸੀ ਜਾਂ ਜਿਨ੍ਹਾਂ ਦੀ ਜਾਣਕਾਰੀ ਵਿੱਚ ਗਲਤੀਆਂ ਸਨ ਅਜਿਹੇ ਦਸ ਲੱਖ ਤੋਂ ਵੱਧ ਲੋਕਾਂ ਨੂੰ ਮ੍ਰਿਤਕ ਜਾਂ ਡੁਪਲੀਕੇਟ ਕਹਿ ਕੇ ਉਨ੍ਹਾਂ ਦੀ ਪੈਨਸ਼ਨ ਬੰਦ ਕਰ ਦਿੱਤੀ ਗਈ ਹੈ। ਪਰ ਜਦ ਸ਼ਿਕਾਇਤਾਂ ਪਿੱਛੋਂ ਕੁਝ ਸੰਗਠਨਾਂ ਨੇ ਜਾਂਚ ਕੀਤੀ ਤਾਂ ਪਾਇਆ ਕਿ ਇਨ੍ਹਾਂ ਵਿੱਚੋਂ ਬਹੁਤ ਗਿਣਤੀ ਮਿ ?ਤਕ ਨਹੀਂ ਬਲਕਿ ਜੀਵਤ ਹਨ। ਪਰ ਇਹ ਸਭ ਲੋਕ ਬੇਹੱਦ ਗਰੀਬ,ਬਜ਼ੁਰਗ,ਬੇਸਹਾਰਾ,ਵਿਧਵਾ ਔਰਤਾਂ ਆਦਿ ਹਨ। ਜਿਨ੍ਹਾਂ ਨੂੰ ਪ੍ਰਸਾਸ਼ਨਿਕ ਤੰਤਰ ਨੇ ਇੱਕੋ ਝਟਕੇ ਵਿੱਚ ਪੰਜ ਸੌ ਰੁਪਏ ਮਹੀਨਾ ਪੈਨਸ਼ਨ ਤੋਂ ਵਾਂਝੇ ਕਰ ਦਿੱਤਾ। ਆਧਾਰ ਦੀ ਸ਼ੁਰੂਆਤ ਸਮੇਂ ਕਿਹਾ ਗਿਆ ਸੀ ਕਿ ਜਿੰਨ੍ਹਾਂ ਕੋਲ ਹੋਰ ਕੋਈ ਪਹਿਚਾਣ ਪੱਤਰ ਨਹੀਂ ਹੈ ਉਹ ਕਲਿਆਣਕਾਰੀ ਯੋਜਨਾਵਾਂ ਦੇ ਲਾਭ ਤੋਂ ਵਾਂਝੇ ਰਹਿ ਜਾਂਦੇ ਹਨ ਤੇ ਆਧਾਰ ਰਾਹੀਂ ਪਹਿਚਾਣ ਪੱਤਰ ਦੇਣ ਨਾਲ ਉਹੀ ਇਨ੍ਹਾਂ ? ਯੋਜਨਾਵਾਂ ਦਾ ਲਾਭ ਲੈ ਸਕਣਗੇ ਪਰ ਆਧਾਰ ਬਣਾਉਣ ਤੋਂ ਪਹਿਲਾਂ ਕੋਈ ਪਹਿਚਾਣ ਪੱਤਰ ਹੋਣ ਦੀ ਵੀ ਇੱਕ ਸ਼ਰਤ ਹੈ ਤਾਂ ਇਨ੍ਹਾਂ ਲੋਕਾਂ ਦਾ ਆਧਾਰ ਵੀ ਨਹੀਂ ਬਣਦਾ ਹਾਲਾਂ ਕਿ ਵਾਕਫ਼ੀਅਤ ਦੇਣ ਵਾਲੇ ਰਾਹੀਂ ਵੀ ਆਧਾਰ ਬਣਾਉਣ ਦੀ ਵਿਵਸਥਾ ਹੈ। ਪਰ ਇਸ ਤਰ੍ਹਾਂ ਨਾਲ ਸਿਰਫ ਦੋ ਲੱਖ ਭਾਵੇਂ ਨਿਗੂਣੀ ਗਿਣਤੀ ਦੇ ਆਧਾਰ ਕਾਰਡ ਹੀ ਜਾਰੀ ਹੋਏ ਹਨ। ਇਸ ਤਰ੍ਹਾਂ ਜੋ ਸਭ ਤੋਂ ਗਰੀਬ ਅਤੇ ਸਕੀਮਾਂ ਦੇ ਲਾਭ ਤੋਂ ਵੰਚਿਤ ਹਨ ਉਹ ਪਹਿਲਾਂ ਤੋਂ ਹੀ ਇਸ ਤੋਂ ਬਾਹਰ ਹਨ। ਫਿਰ ਰਾਸ਼ਨ ਕਾਰਡ ਹੋਵੇ ਜਾਂ ਪੈਨਸ਼ਨ ਹਰ ਥਾਂ ਇਨ੍ਹਾਂ ਲੋਕਾਂ ਨੂੰ ਫਰਜ਼ੀ ਐਲਾਨ ਕੇ ਇਨ੍ਹਾਂ ਦੇ ਨਾਵਾਂ ਨੂੰ ਇਨ੍ਹਾਂ ਦੀਆਂ ਸਕੀਮਾਂ ਚੋਂ ਕੱਟ ਦਿੱਤਾ ਜਾਂਦਾ ਹੈ। ਇਸ ਤਰ੍ਹਾਂ ਆਧਾਰ ਗਰੀਬ ਲੋਕਾਂ ਲਈ ਸਮਾਵੇਸ਼ੀ ਹੋਣ ਦੀ ਬਜਾਏ ਉਸ ਨੂੰ ਲਾਭ ਤੋਂ ਵਾਂਝੇ ਕਰਨ ਦਾ ਔਜ਼ਾਰ ਹੈ। ਅਸੀਂ ਕੁਝ ਹਾਲਤਾਂ ਦੀ ਕਲਪਨਾ ਕਰ ਸਕਦੇ ਹਾਂ। 12 ਕਰੋੜ ਸਕੂਲੀ ਬੱਚਿਆਂ ਨੂੰ ਜਦ ਕਿਹਾ ਜਾਵੇਗਾ ਕਿ ਦੁਪਹਿਰ ਦਾ ਖਾਣਾ ਦੇਣ ਲਈ ਪਹਿਲਾਂ ਆਧਾਰ ਕਾਰਡ ਸਥਾਪਿਤ ਕਰਵਾਓ,ਸਕੂਲ ਦੇ ਅਧਿਆਪਕ ਅਤੇ ਵਿਦਿਆਰਥੀ ਸਾਰਾ ਕੰਮ ਛੱਡ ਕੇ ਇਸੇ ਕੰਮ ਵਿੱਚ ਲੱਗ ਜਾਣਗੇ। ਅਜਿਹੀ ਥਾਂ ਲੱਭਣਗੇ ਜਿੱਥੇ ਨੈੱਟਵਰਕ ਮਿਲਦਾ ਹੋਵੇ ਫਿਰ ਵੀ ਜੇ ਬਿਜਲੀ ਨਾ ਹੋਵੇ ਜਾਂ ਕਿ ਸਰਵਰ ਤੋਂ ਕੁਨੈਕਸ਼ਨ ਨਾ ਮਿਲਿਆ ਤਾਂ ਖਾਣਾ ਨਹੀਂ ਮਿਲੇਗਾ। ਜੇ ਕੁਨੈਕਸ਼ਨ ਮਿਲ ਵੀ ਗਿਆ ਤਾਂ ਵੀ ਜਿਸ ਬੱਚੇ ਦਾ ਫਿੰਗਰ ਪ੍ਰਿੰਟ ਫੇਲ ਹੋ ਗਿਆ ਤਾਂ ਉਸ ਨੂੰ ਕਿਹਾ ਜਾਵੇਗਾ ਕਿ ਅੱਜ ਖਾਣਾ ਨਹੀਂ ਮਿਲੇਗਾ। ਅੱਜ ਭੁੱਖ ਰਹੋ। ਹਸਪਤਾਲ ਮਰੀਜ਼ ਬੀਮਾਰੀ ਨਾਲ ਤੜਫ ਰਿਹਾ ਹੈ ਪਰ ਇਲਾਜ ਲਈ ਆਧਾਰ ਚਾਹੀਦਾ ਹੈ। ਆਧਾਰ ਨਹੀਂ ਤਾਂ ਮਰੀਜ਼ ਨੂੰ ਤੜਫਣ ਤੇ ਮਰਨ ਲਈ ਛੱਡ ਦਿੱਤਾ ਜਾਵੇਗਾ। ਕਿੰਨੀ ਬੇਰਹਿਮ, ਜ਼ਾਲਮ, ਬੇਕਿਰਕ, ਗੈਰ ਮਨੁੱਖੀ, ਭਿਅੰਕਰ ਹਾਲਤ ਹੋਵੇਗੀ ਇਹ ਅਤੇ ਇੱਕ ਕਿਹੋ ਜਿਹਾ ਬੇਰਹਿਮ ਹਕੂਮਤੀ ਨਿਜ਼ਾਮ ਹੈ ਜੋ ਵਾਲੀਆਂ ਨੀਤੀਆਂ ਨਿਰਧਾਰਿਤ ਕਰਦਾ ਹੈ। ਫੈਸਲੇ ਲੈਂਦਾ ਹੈ ਕਿ ਤੜਪਦੇ ਮਰੀਜ਼ ਦੇ ਇਲਾਜ ਲਈ ਪਹਿਲਾਂ ਆਧਾਰ ਚਾਹੀਦਾ ਹੈ। ਆਧਾਰ ਨਹੀਂ ਤੜਫਣ ਜਾਂ ਮਰਨ ਲਈ ਛੱਡ ਦਿੱਤਾ ਜਾਵੇਗਾ। ਸਕੂਲ ਚ ਆਏ ਬੱਚੇ ਤੋਂ ਮਿਡ ਡੇ ਮੀਲ ਦੇਣ ਤੋਂ ਪਹਿਲਾਂ ਪਹਿਚਾਣ ਦਾ ਸਬੂਤ ਦੇਣ ਲਈ ਕਿਹਾ ਜਾਵੇਗਾ। ਇਹ ਇੱਕ ਅਜਿਹੀ ਹਕੂਮਤੀ ਵਿਵਸਥਾ ਹੀ ਕਰ ਸਕਦੀ ਹੈ ਜੋ ਉਨ੍ਹਾਂ ਨੂੰ ਸਹੂਲਤਾਂ ਮੁੱਈਆ ਨਾ ਹੋਣ ਦੀ ਸਮੱਸਿਆ ਨਹੀਂ ਮੰਨਦੀਆਂ ਬਲਕਿ ਉਨ੍ਹਾਂ ਦੀਆਂ ਨਜ਼ਰਾਂ ਵਿੱਚੋਂ ਲੋਕ ਬਗੈਰ ਪਹਿਚਾਣ ਸਬੂਤ ਦੇ ਇਲਾਜ ਕਰਵਾਉਣਾ ਚਾਹੁੰਦੇ ਹਨ,ਉਹ ਮਰੀਜ਼ ਸਮੱਸਿਆ ਹਨ। ਅਜਿਹੀ ਹਕੂਮਤ ਲਈ ਲੜੀਂਦੀ ਮਾਤਰਾ ਵਿੱਚ ਭੋਜਨ ਹੋਇਆ ਨਾ ਹੋਣਾ ਅਤੇ ਬੱਚਿਆਂ ਚ ਵੱਧ ਕੁਪੋਸ਼ਣ ਸਮੱਸਿਆ ਨਹੀਂ ਹੈ। ਬਲਕਿ ਬਗੈਰ ਪਹਿਚਾਣ ਜਾਂ ਸਬੂਤ ਦਿੱਤੇ ਸਕੂਲ ਵਿੱਚ ਮਿਡ ਡੇ ਮੀਲ ਲੈਣ ਆਏ ਬੱਚੇ ਸਮੱਸਿਆਵਾਂ ਹਨ। ਇਹ ਸਿਰਫ ਐਸੀ ਹਕੂਮਤ ਹੀ ਕਰ ਸਕਦੀ ਹੈ ਜੋ ਗਰੀਬ ਮਿਹਨਤਕਸ਼ ਲੋਕਾਂ ਦੀ ਗਰੀਬੀ ਦਾ ਕਾਰਨ ਵਾਤਾਵਰਣ ਚ ਪਈ ਲੁੱਟ ਖਸੁਟ ਨੂੰ ਨਹੀਂ ਮੰਨਦੀ। ਬਲਕਿ ਉਸ ਦੀ ਨਜ਼ਰ ਵਿੱਚ ਇਹ ਲੋਕ ਧੋਖੇਬਾਜ਼,ਕੰਮਚੋਰ ਤੇ ਭਰਿਸ਼ਟ ਹਨ। ਜੋ ਮਿਹਨਤੀ, ਪ੍ਰਤਿਭਾਸ਼ਾਲੀ, ਪੂੰਜੀਪਤੀਆਂ ਦੇ ਵੱਡ-ਵਡੇਰਿਆਂ ਦੀ ਮਿਹਨਤ ਨਾਲ ਕਮਾਏ ਪੈਸੇ ਨੂੰ ਮਿਡ ਡੇ ਮੀਲ ਰਾਸ਼ਨ ਤੇ ਇਲਾਜ ਆਦਿ ਦੇ ਜ਼ਰੀਏ ਲੁੱਟ ਲੈਣਾ ਚਾਹੁੰਦੇ ਹਨ। ਇਸ ਲਈ ਇਹ ਹਕੂਮਤ ਅਜਿਹੀ ਤਾਕਤ ਚਾਹੁੰਦੀ ਹੈ ਕਿ ਉਹ ਜਦ ਜਦੋਂ ਜਿਸ ਕਿਸੇ ਨੂੰ ਅਪਰਾਧੀ ਜਾਂ ਸ਼ੱਕੀ ਮੰਨੇ। ਉਸ ਦੀ ਪਹਿਚਾਣ ਕਰਕੇ ਉਸ ਨੂੰ ਇਹ ਸਹੂਲਤਾਂ ਲੈਣ ਦੇ ਬਹਾਨੇ ਇੱਕ ਤਥਾ ਕਥਿਤ ਲੁੱਟ ਤੋਂ ਰੋਕ ਸਕੇ। ਇਹ ਤਾਂ ਸਪੱਸ਼ਟ ਹੀ ਹੈ ਕਿ ਆਧਾਰ ਦਾ ਮਕਸਦ ਲੋਕਾਂ ਨੂੰ ਸਹੂਲਤਾਂ ਪਚਾਉਣਾ ਨਹੀਂ ਹੈ। ਤਾਂ ਫਿਰ ਮਕਸਦ ਹੈ ਕੀ ? ਮਕਸਦ ਹੈ ਇੱਕ ਅਜਿਹੀ ਨਿਗਰਾਨੀ ਵਿਵਸਥਾ ਤੋਂ ਦੇਸ਼ ਦੇ ਹਰ ਨਾਗਰਿਕ ਨੂੰ ਹਰ ਸਮੇਂ ਉਸ ਦੇ ਚਾਹੇ ਬਿਨਾਂ ਹੀ ਪਹਿਚਾਣ ਸਕੇ,ਉਸ ਦੀ ਹਰ ਸਰਗਰਮੀ ਤੇ ਨਜ਼ਰ ਰੱਖ ਸਕੇ। ਉਸ ਤੋਂ ਖ਼ਫ਼ਾ ਹੋ ਜਾਵੇ ਤਾਂ ਉਸ ਦਾ ਰਾਸ਼ਨ, ਤਨਖਾਹ, ਪੈਨਸ਼ਨ, ਸਕੂਲ ਵਿੱਚ ਬੱਚਿਆਂ ਦੇ ਦਾਖਲੇ, ਹਸਪਤਾਲ ਵਿੱਚ ਇਲਾਜ, ਮੋਬਾਈਲ ਤੇ ਗੱਲ ਕਰਨ, ਇੰਟਰਨੈੱਟ ਦੇ ਜ਼ਰੀਏ ਕੁਝ ਕਰਨ, ਪੜ੍ਹਨ, ਲਾਇਬ੍ਰੇਰੀਆਂ ਤੋਂ ਕਿਤਾਬਾਂ ਲੈ ਕੇ ਜਾਣ ਲਈ, ਟਰੇਨ ਬੱਸ ਦੀ ਟਿਕਟ ਲੈਣ ਭਾਵ ਕਿਸੇ ਵੀ ਸਹੂਲਤ ਤੋਂ ਵਾਂਝਾ ਕਰਨ ਸਕਣ ਦੀ ਤਾਕਤ ਹਾਸਲ ਕਰ ਸਕੇ।

**ਤਕਨੀਕੀ ਪਹਿਲੂ** : ਆਧਾਰ ਦੀ ਅਸਲੀਅਤ ਨੂੰ ਸਮਝਣ ਲਈ ਇਸ ਦੇ ਕੁਝ ਤਕਨੀਕੀ ਪਹਿਲੂਆਂ ਤੇ ਵੀ ਗੌਰ ਕਰ ਲੈਣਾ ਜ਼ਰੂਰੀ ਹੈ। ਹਾਲਾਂਕਿ ਇਹ ਗੱਲ ਕੁਝ ਹੱਦ ਮੰਨੀ ਜਾ ਸਕਦੀ ਹੈ ਕਿ ਪ੍ਰਸ਼ਾਸਨਿਕ ਲੋੜਾਂ ਲਈ ਬੰਦੇ ਦੀ ਸਹੀ ਪਹਿਚਾਣ ਕੀਤੀ ਜਾਵੇ। ਪਰ ਉਸ ਦੇ ਲਈ ਸਭ ਤੋਂ ਜੈਵਿਕ ਪਹਿਚਾਣ ਅਤੇ ਹੋਰ ਸਾਰੀਆਂ ਜਾਣਕਾਰੀਆਂ ਇੱਕ ਕੇਂਦਰੀ ਥਾਂ ਉੱਤੇ ਇਕੱਠੀਆਂ ਕਰਨ ਅਤੇ ਹਰ ਵਿਹਾਰਕ ਲੈਣ ਦੇਣ ਸਮੇਂ ਉਸ ਨੂੰ ਸਥਾਪਤ ਕਰਨ ਦੀ ਕੋਈ ਲੋੜ ਨਹੀਂ ਹੁੰਦੀ। ਇਸ ਦੇ ਲਈ ਦੁਨੀਆਂ ਭਰ ਵਿੱਚ ਸਭ ਵਿਕਸਤ ਦੇਸ਼ਾਂ ਵਿੱਚ ਵੀ ਵੱਖ ਵੱਖ ਕਿਸਮ ਦੀ ਪਹਿਚਾਣ ਪੱਤਰ ਦੀ ਜਾਰੀ ਕੀਤੇ ਜਾਂਦੇ ਹਨ। ਜਿਨ੍ਹਾਂ ਚ ਜ਼ਰੂਰਤਭਰ ਦੀ ਜਾਣਕਾਰੀ ਰਹਿੰਦੀ ਹੈ ਪਰ ਉਹ ਖੁਦ ਉਸ ਬੰਦੇ ਕੋਲ ਰਹਿੰਦੀ ਹੈ ਨਾਂ ਕਿ ਕਿਸੇ ਇੱਕ ਜਗ੍ਹਾ ਸਰਕਾਰ ਕੋਲ। ਬਲਕਿ ਜਮਹੂਰੀ ਚਿੰਤਨ ਤਾਂ ਇਹੀ ਕਹਿੰਦਾ ਹੈ ਕਿ ਸਰਕਾਰ ਜਾਂ ਪ੍ਰਸ਼ਾਸਨ ਦਾ ਕੋਈ ਵੀ ਅੰਗ ਕਿਸੇ ਵੀ ਨਾਗਰਿਕ ਬਾਰੇ ਲੋੜ ਤੋਂ ਵੱਧ ਸੂਚਨਾਵਾਂ ਇਕੱਠੀਆਂ ਨਾ ਕਰੇ। ਕੋਈ ਸੱਤਾ ਦੀ ਤਾਕਤ ਕੋਲ ਬੰਦੇ ਬਾਰੇ ਲੋੜੋਂ ਵੱਧ ਜਾਣਕਾਰੀ ਹਮੇਸ਼ਾ ਗਲਤ ਮਕਸਦ ਲਈ ਵਰਤੇ ਜਾਣ ਦਾ ਖਤਰਾ ਰਹਿੰਦਾ ਹੈ। ਖਾਸ ਕਰਕੇ ਆਧੁਨਿਕ ਤਰੀਕੇ ਦੇ ਨਾਲ ਇੱਕ ਕੇਂਦਰੀ ਥਾਂ ਤੇ ਇੱਕ ਜਾਣਕਾਰੀ ਦਾ ਭੰਡਾਰ ਸਭ ਤੋਂ ਵੱਧ ਅਸੁਰੱਖਿਅਤ ਹੈ। ਤਾਂ ਫਿਰ ਇਸ ਦੀ ਸੁਰੱਖਿਆ ਵਰਗੀ ਕੋਈ ਚੀਜ਼ ਹੁੰਦੀ ਹੀ ਨਹੀਂ। ਬੈਂਕਾਂ ਤੋਂ ਲੈ ਕੇ ਭਾਰੀ ਸੁਰੱਖਿਆ ਵਾਲੇ ਅਮਰੀਕੀ ਸੀਆਈਏ ਦੀ ਸੂਚਨਾ ਭੰਡਾਰਾਂ ਨੂੰ ਵਾਰ ਵਾਰ ਸੰਨ ਲੱਗ ਚੁੱਕੀ ਹੈ। ਉਪਰੋਂ ਬਾਇਓਮੈਟ੍ਰਿਕ ਭਾਵ ਜੈਵਿਕ ਸੂਚਨਾਵਾਂ ਦੇ ਨਾਲ ਛੇੜਛਾੜ ਕਰਨਾ, ਉਸ ਦੀ ਨਕਲ ਕਰਨਾ, ਉਨ੍ਹਾਂ ਦਾ ਨੈੱਟਵਰਕ ਵਿਚਕਾਰੋਂ ਹੀ ਚੋਰੀ ਕਰਕੇ ਦੂਜਿਆਂ ਵੱਲੋਂ ਵਰਤਿਆ ਜਾਣਾ ਬੇਹੱਦ ਸੌਖਾ ਹੈ। ਬਿਨਾਂ ਬਹੁਤ ਤਕਨੀਕੀ ਗਿਆਨ ਅਤੇ ਮਹਿੰਗੇ ਉਪਕਰਨਾਂ ਨੂੰ ਇੱਥੋਂ ਤੱਕ ਕਿ ਉਂਗਲੀਆਂ ਤੇ ਗੂੰਦ ਮੋਮ ਬੋਰੋਲਿਨ ਆਦਿ ਦੀ ਵਰਤੋਂ ਨਾਲ ਵੀ ਇਨ੍ਹਾਂ ਨੂੰ ਸਕੈਨ ਕਰਨ ਵਾਲੀਆਂ ਮਸ਼ੀਨਾਂ ਨੂੰ ਅਸਰਅੰਦਾਜ਼ ਕੀਤਾ ਜਾਂਦਾ ਹੈ। ਪਰ ਸਭ ਤੋਂ ਖਤਰਨਾਕ ਹੈ ਕਿ ਤਕਨੀਕ ਦੀ ਵਰਤੋਂ ਨਾਲ ਇਹ ਸਭ ਜਾਣਕਾਰੀ ਵੱਡੀ ਗਿਣਤੀ ਚ ਬਣਾਈ ਜਾ ਸਕਦੀ ਹੈ ਅਤੇ ਇਸ ਨੂੰ ਬਗੈਰ ਸਬੰਧਿਤ ਵਿਅਕਤੀ ਦੀ ਹਾਜ਼ਰੀ ਅਤੇ ਜਾਣਕਾਰੀ ਦੇ ਵਰਤਿਆ ਜਾ ਸਕਦਾ ਹੈ। ਖੁਦ ਆਧਾਰ ਅਥਾਰਟੀ ਇਸ ਤੋਂ ਇਨਕਾਰ ਨਹੀਂ ਕਰਦੀ ਕਿ ਉਨ੍ਹਾਂ ਵੱਲੋਂ ਕੀਤੇ ਗਏ ਸਕੈਨ ਤੇ ਚਸ਼ਨਾਖਤ ਪੂਰਾ ਭਰੋਸਾ ਨਹੀਂ ਕੀਤਾ ਜਾ ਸਕਦਾ ਹੈ। ਇਸ ਲਈ ਜਦ ਇਹ ਅਥਾਰਟੀ ਕਿਸੇ ਹੋਰ ਏਜੰਸੀ ਦੇ ਨਾਲ ਆਧਾਰ ਰਾਹੀਂ ਪਹਿਚਾਣ ਸਥਾਪਤ ਕਰਨ ਦਾ ਸਮਝੌਤਾ ਕਰਦੀ ਹੈ ਤਾਂ ਉਸ ਵਿੱਚ ਸਾਫ਼ ਲਿਖਿਆ ਜਾਂਦਾ ਹੈ ਕਿ ਇਸ ਵਿੱਚ ਸਹੀ ਪਹਿਚਾਣ ਦੀ ਕੋਈ ਗਰੰਟੀ ਨਹੀਂ ਹੈ। ਇਨ੍ਹਾਂ ਤਰਾਂ ਦੇ ਜੋ ਮਾਮਲੇ ਸਾਹਮਣੇ ਆਏ ਹਨ ਉਹ ਇਸ ਗੱਲ ਦੀ ਪੁਸ਼ਟੀ ਕਰਦੇ ਹਨ ਕਿ ਉਪਰੋਕਤ ਗੱਲਾਂ ਜ਼ਰੂਰਤਾਂ ਨਹੀਂ ਹਨ ਬਲਕਿ ਅਸਲੀਅਤ ਵਿੱਚ ਇਹ ਸਭ ਕੀਤਾ ਜਾ ਰਿਹਾ ਹੈ। ਇੱਕ ਵੱਡੇ ਬੈਂਕ ਐਕਸਿਸ ਬੈਂਕ ਤੇ ਉਸ ਦੇ ਦੋ ਹਿੱਸੇਦਾਰ ਸੰਗਠਨਾਂ ਵੱਲੋਂ ਇੱਕ ਬੰਦੇ ਦੀਆਂ ਜੈਵਿਕ ਸੂਚਨਾਵਾਂ ਨੂੰ ਰਿਕਾਰਡ ਕਰਕੇ ਦਸ ਮਹੀਨੇ ਚ ਉਨ੍ਹਾਂ ਦੀ 397 ਦੀ ਵਾਰੀ ਵਰਤੋਂ ਦਾ ਮਾਮਲਾ ਸਾਹਮਣੇ ਆਂ ?ਆ ਹੈ। ਰਿਲਾਇੰਸ ਜੀਓ ਦੇ 6 ਸੇਲਜ਼ਮੈਨ ਇੰਦੌਰ ਚ ਆਧਾਰ ਡਾਟਾ ਵਿੱਚ ਦੇ ਫੜੇ ਗਏ ਹਨ। ਜਿਸ ਨੂੰ ਖਰੀਦ ਕੇ ਕੋਈ ਦੀ ਵਿਅਕਤੀ ਦੇ ਨਾ ਹੇਠ ਸਿਮ ਲੈ ਸਕਦਾ ਹੈ। ਪੰਜ ਲੱਖ ਬੱਚਿਆਂ ਦੀ ਸੰਪੂਰਨ ਆਧਾਰ ਜਾਣਕਾਰੀ ਇੱਕ ਵੈੱਬਸਾਈਟ ਤੇ ਖੁੱਲ੍ਹੇਆਮ ਮੁਹੱਈਆ ਫੜ੍ਹੀਆ ਗਈਆ ਹਨ। ਕਿਉਂਕਿ ਆਧਾਰ ਅਥਾਰਟੀ ਹੁਣ ਵੱਖ ਵੱਖ ਸੰਸਥਾਵਾਂ ਨੂੰ ਆਧਾਰ ਪਹਿਚਾਣ ਦੀ ਸਹੂਲਤ ਮਹੱਈਆ ਕਰ ਰਹੀ ਹੈ ਤਾਂ ਇਨ੍ਹਾਂ ਸਭ ਦਾ ਮੌਕਾ ਹੈ ਕਿ ਉਹ ਸਾਡੀ ਜਾਣਕਾਰੀ ਸਥਾਪਿਤ ਹੋਣ ਬਾਰੇ ਇਸ ਨੂੰ ਇਕੱਠੀ ਕਰਕੇ ਇਸ ਦੀ ਦੁਰਵਰਤੋਂ ਕਰਨ। ਇਸ ਨੂੰ ਕਿਸੇ ਬੰਦੇ ਦੇ ਨਾਂਅ ਤੇ ਸਿਮ ਕਾਰਡ ਲੈਣ,ਖਾਤਾ ਖੋਲ੍ਹਣ ਤੋਂ ਲੈ ਕੇ ਕੋਈ ਵੀ ਅਪਰਾਧਿਕ ਸਰਗਰਮੀ ਤੋਂ ਸ਼ਾਮਿਲ ਹੋ ਸਕਦਾ ਹੈ। ਜਿਸ ਦਾ ਸਿੱਟਾ ਪਿੱਛੋਂ ਨਿਰਦੋਸ਼ ਬੰਦੇ ਨੂੰ ਭੁਗਤਨਾ ਪਵੇ,ਦੂਜਾ ਇਨ੍ਹਾਂ ਜਾਣਕਾਰੀਆਂ ਦੀ ਵਰਤੋਂ ਬਹੁਤ ਸਾਰੇ ਲੋਕਾਂ ਦੀ ਥਾਂ 'ਤੇ ਇਨ੍ਹਾਂ ਗਰੋਹਾਂ ਵੱਲੋਂ ਵੱਖ ਵੱਖ ਦਲਿਤ ਯੋਜਨਾਵਾਂ ਦਾ ਲਾਭ ਚੋਰੀ ਨਾਲ ਲੈਣ ਚ ਵੀ ਕੀਤਾ ਜਾ ਸਕਦਾ ਹੈ। ਆਧਾਰ ਕਾਰਡ ਦੇ ਅਸੁਰਖਿਅਤ ਹੋਣ ਤੋਂ ਵੀ ਵੱਧ ਖਤਰਨਾਕ ਹੈ ਕਿ ਆਧਾਰ ਅਥਾਰਟੀ ਹੁਣ ਕੁਝ ਨਿੱਜੀ ਕੰਪਨੀਆਂ ਨੂੰ ਇਸ ਤੇ ਆਧਾਰਤ ਕਾਰੋਬਾਰੀ ਤਕਨੀਕੀ ਮਾਡਲ ਬਣਾਉਣ ਚ ਮਦਦ ਕਰ ਰਹੀਆਂ ਹਨ। ਜਿਵੇਂ ਇੰਡੀਆ ਸਟੈਕ ਕੰਪਨੀ ਦਾ ਦਾਅਵਾ ਹੈ ਕਿ ਇਹ ਹਾਈ ਰੈਜ਼ੋਲੂਸ਼ਨ ਕੈਮਰੇ ਨਾਲ ਬਾਇਓਮੈਟ੍ਰਿਕ ਵਧਾ ਪੜ੍ਹ ਸਕਦੀ ਹੈ ਅਤੇ ਇਸ ਦੀ ਵਰਤੋਂ ਨਾਲ ਭੀੜ ਵਿੱਚੋਂ ਵੀ ਆਧਾਰ ਰਾਹੀਂ ਬੰਦੇ ਦੀ ਪਹਿਚਾਣ ਕਰਕੇ ਇੱਥੋਂ ਤੱਕ ਕਿ ਕਿਸੇ ਵੀਡੀਓ ਵਿੱਚੋਂ ਵੀ ਉਸ ਦੀ ਪੂਰੀ ਜਾਣਕਾਰੀ ਮੁਹੱਈਆ ਕਰਵਾ ਸਕਦੀ ਹੈ। ਜਿਸ ਵਿੱਚ ਉਸ ਦਾ ਆਧਾਰ ਡਾਟਾ ਹੀ ਨਹੀਂ,ਉਸ ਦੀਆਂ ਆਰਥਿਕ ਸਰਗਰਮੀਆਂ ਦਾ ਇਤਿਹਾਸ,ਉਸ ਦਾ ਪੁਲੀਸ ਰਿਕਾਰਡ, ਕਾਰੋਬਾਰ, ਨੌਕਰੀ ਆਦਿ ਦਾ ਬਿਉਰਾ ਵੀ ਸ਼ਾਮਲ ਹੋਵੇਗਾ। ਇਹ ਕੰਪਨੀ ਇਸ ਸੁਵਿਧਾ ਨੂੰ ਹੁਣ ਹੋਰ ਕਾਰਪੋਰੇਟ ਨੂੰ ਵੇਚਣ ਦਾ ਇਸ਼ਤਿਹਾਰ ਦੇ ਸਕਦੀ ਹੈ। ਪਰ ਇਹ ਅੰਦਾਜ਼ਾ ਲਾਉਣਾ ਮੁਸ਼ਕਿਲ ਨਹੀਂ ਹੈ ਕਿ ਸਰਕਾਰੀ ਏਜੰਸੀਆਂ ਇਸ ਦੀ ਵਰਤੋਂ ਨਾਗਰਿਕਾਂ ਤੇ ਨਿਗਰਾਨੀ ਕਰਨ ਅਤੇ ਰਾਜਸੀ ਵਿਰੋਧੀਆਂ ਦੇ ਕੰਟਰੋਲ ਤੇ ਤਸ਼ਦਦ ਸ਼ਿਕੰਜਾ ਕਸਣ ਲਈ ਕਿਸ ਤਰ੍ਹਾਂ ਕਰ ਸਕਦੀਆਂ ਹਨ। ਆਧਾਰ, ਕੈਸ਼ਲੈੱਸ, ਡਿਜੀਟਲ ਫਾਸ਼ੀਵਾਦੀ ਢਾਂਚੇ ਦਾ ਅੰਗ ਹਨ। ਜੇ ਆਧਾਰ ਨੂੰ ਕੈਸ਼ਲੈੱਸ ਤੇ ਡਿਜੀਟਲ ਦੀ ਮੌਜੂਦਾ ਮੁਹਿੰਮ ਨਾਲ ਜੋੜ ਕੇ ਵੇਖਿਆ ਜਾਵੇ ਤਾਂ ਸਥਿਤੀ ਹੋਰ ਵੀ ਸਪੱਸ਼ਟ ਹੋ ਜਾਵੇਗੀ। ਮੋਬਾਇਲ ਰਾਹੀਂ ਹਰ ਬੰਦੇ ਨੂੰ ਕਿਹਾ ਜਾਂਦਾ ਹੈ ਕਿ ਹਰੇਕ ਥਾਂ ਦਾ ਬਿਓਰਾ ਮੌਜੂਦ ਹੈ। ਡਿਜੀਟਲ ਰਾਹੀਂ ਉਸ ਦੀ ਹਰ ਸਰਗਰਮੀ ਕੀ ਖਰੀਦਿਆ,ਕੀ ਖਾਇਆ, ਕੀ ਕੀਤਾ, ਕਿਸ ਨੂੰ ਮਿਲੇ, ਕਿ ਲੈਣ ਦੇਣ ਸੌਦਾ ਕੀਤਾ ਅਤੇ ਉਸ ਤੋਂ ਵੱਧ ਕੇ ਕਿਹੜੀ ਕਿਤਾਬ ਮੈਗਜ਼ੀਨ ਪੜ੍ਹੇ, ਕਿਹੜੀ ਵੈੱਬਸਾਈਟ ਤੇ ਗਏ, ਕਿਹੜੇ ਵਿਚਾਰਾਂ ਦੇ ਲੇਖ ਪਸੰਦ ਨਾ ਪਸੰਦ ਕੀਤੇ, ਕੀ ਟਿੱਪਣੀਆਂ ਕੀਤੀਆਂ ਸਭ ਤੇ ਨਜ਼ਰ ਰੱਖੀ ਜਾ ਸਕਦੀ ਹੈ। ਇਹ ਸਾਰੀ ਜਾਣਕਾਰੀ ਦੇ ਆਧਾਰ ਤੇ ਉਸ ਤੇ ਤਸ਼ੱਦਦ ਦੀ ਨਕੇਲ ਹੀ ਨਹੀਂ ਕਸੀ ਜਾ ਸਕਦੀ ਬਲਕਿ ਇਸ ਜਾਣਕਾਰੀ ਨੂੰ ਗ਼ਲਤ ਪ੍ਰਸੰਸਾ ਨਾਲ ਜੋੜ ਕੇ ਉਸ ਨੂੰ ਬਦਨਾਮ ਕਰਨ ਦੀ ਮੁਹਿੰਮ ਵੀ ਚਲਾਈ ਜਾ ਸਕਦੀ ਹੈ। ਅਜਿਹੀ ਹਾਲਤ ਦੀ ਕਲਪਨਾ ਕਰੋ ਕਲਕੱਤੇ ਜਾਂ ਕੋਚੀਨ ਦਾ ਕੋਈ ਬੰਦਾ ਅਹਿਮਦਾਬਾਦ ਵਿੱਚ ਹੈ ਤੇ ਵੈੱਬਸਾਈਟ ਰਾਹੀਂ ਉਸ ਦੀ ਫੋਟੋ ਤੇ ਥਾਂ ਦੇ ਨਾਲ ਇਹ ਖ਼ਬਰ ਫੈਲਾ ਦਿੱਤੀ ਜਾਵੇ ਕਿ ਉਸ ਨੇ ਫਲਾਂ ਫਲਾਂ ਤਰੀਕ ਨੂੰ ਬੀਫ ਖਾਧਾ/ਖਰੀਦੇ ਸੀ ਸਿੱਟਾ ਕੀ ਹੋਵੇਗਾ। ਅਤੇ ਇਹ ਕੋਰੀ ਕਲਪਨਾ ਨਹੀਂ ਹੈ ਇਸ ਤਰ੍ਹਾਂ ਦੀਆਂ ਸਾਰੀਆਂ ਚੀਜ਼ਾਂ ਰਾਜਸੀ ਵਿਰੋਧੀ ਅਤੇ ਕੁਝ ਭਾਈਚਾਰੇ ਦੇ ਬੰਦੇ ਬਾਰੇ ਅੱਜ ਵੀ ਜ਼ੋਰਾਂ ਨਾਲ ਫੋਲਾਂਗੇ ਜਾ ਰਹੀਆਂ ਹਨ। ਪਰ ਆਧਾਰ ਕੈਸ਼ਲੈਸ ਤੇ ਡਿਜੀਟਲ ਦੇ ਮੇਲ ਨਾਲ ਜੋ ਕੀਤਾ ਜਾ ਸਕੇਗਾ ਉਹ ਹੋਰ ਬਹੁਤ ਜ਼ਿਆਦਾ ਖਤਰਨਾਕ ਹੈ। ਇੱਥੇ ਤਕ ਤਾਂ ਗੱਲ ਹੋਈ ਬੰਦਿਆਂ ਸਬੰਧੀ ਸਮੂਹ ਸਬੰਧੀ ਵੇਖੀਏ ਤਾਂ ਆਧਾਰ ਕੈਸ਼ਲੈੱਸ ਉਥੇ ਡਿਜੀਟਲ ਦੇ ਮੇਲ ਨਾਲ ਹਾਕਮਾਂ ਲਈ ਕਿਸੇ ਵੀ ਭਾਈਚਾਰੇ ਦੇ ਜੀਵਨ ਨੂੰ ਕੰਟਰੋਲ ਹੀ ਨਹੀਂ ਪੂਰੀ ਤਰ੍ਹਾਂ ਅੜਿੱਕਾ ਲਾਉਣ ਦੀ ਵੀ ਇਜਾਜ਼ਤ ਮਿਲ ਜਾਵੇਗੀ ਅਤੇ ਵੀ ਅਸੀਂ ਵੱਖ ਵੱਖ ਥਾਵਾਂ ਤੇ ਮੋਬਾਈਲ ਦਾ ਇੰਟਰਨੈੱਟ ਬੰਦ ਕਰਨ ਦੀਆਂ ਖ਼ਬਰਾਂ ਪੜਦੇ ਹਾਂ। ਪਰ ਇਸ ਪਿੱਛੋਂ ਸੱਤਾ ਲਈ ਮੁਮਕਿਨ ਹੋਵੇਗਾ ਪੂਰੇ ਸਮੂਹਾਂ ਦੇ ਸਾਰੇ ਸੰਪਰਕਾਂ ਨੂੰ ਕੱਟ ਦੇਣਾ,ਉਸ

ਦੇ ਖਾਤਿਆਂ ਤੇ ਰੋਕ ਲਾ ਦੇਣੀ,ਉਨ੍ਹਾਂ ਦੇ ਸਾਧਨਾਂ ਨਾਲ ਕੁਝ ਖਰੀਦ ਸਕਣ ਤੱਕ ਨੂੰ ਰੋਕ ਦੇਣਾ ਭਾਵ ਜੀਵਨ ਦੀਆਂ ਜ਼ਰੂਰੀ ਸਹੂਲਤਾਂ ਤੋਂ ਵਾਂਝੇ ਕਰਨਾ ਖਾਸ ਕਰਕੇ ਭਾਰਤ ਦੀਆਂ ਧਰਮ ਜਾਤੀ ਆਦਿ ਤੁਅਸਬਾ-ਨਫਰਤ ਆਧਾਰਿਤ ਹਾਕਮ ਜਮਾਤਾਂ ਦੀਆਂ ਰਾਜਸੀ ਤਾਕਤਾਂ ਅਤੇ ਉਨ੍ਹਾਂ ਦੀ ਸ਼ਹਿ ਵਾਲੇ ਗਰੋਹਾਂ ਦੇ ਹੱਥਾਂ ਵਿੱਚ ਅਜਿਹੇ ਕੇਂਦਰੀ ਡਾਟਾ ਭੰਡਾਰ ਬਹੁਤ ਖਤਰਨਾਕ ਸਿੱਧ ਹੋ ਸਕਦੇ ਹਨ। ਇਹ ਵੀ ਯਾਦ ਰੱਖਣਾ ਚਾਹੀਦਾ ਹੈ ਕਿ 1984 ਵਿੱਚ ਦਿੱਲੀ ਅਤੇ 2002 ਵਿੱਚ ਗੁਜਰਾਤ ਦੋਨੋਂ ਥਾਵਾਂ ਤੇ ਹਾਕਮ ਪਾਰਟੀਆਂ ਨੇ ਪੁਲਿਸ ਪ੍ਰਸ਼ਾਸਨ ਦੀ ਸ਼ਹਿ ਤੇ ਜਿੰਨਾਂ ਭਿਆਨਕ ਹੱਤਿਆ ਕਾਂਡਾਂ ਨੂੰ ਅੰਜ਼ਾਮ ਦਿੱਤਾ ਸੀ ਉਨ੍ਹਾਂ ਵਿੱਚ ਚੁਣ ਚੁਣ ਕੇ ਬੰਦਿਆਂ ਨੂੰ ਅਤੇ ਉਨ੍ਹਾਂ ਦੀ ਜਾਇਦਾਦ ਨੂੰ ਨਿਸ਼ਾਨਾ ਬਣਾਇਆ ਗਿਆ ਸੀ ਅਤੇ ਇਸ ਵਿੱਚ ਵੋਟਰ ਲਿਸਟ ਅਤੇ ਹੋਰ ਸਰਕਾਰੀ ਜਾਣਕਾਰੀਆਂ ਦੀ ਵਰਤੋਂ ਹੋਈ ਸੀ। 1930 ਦੇ ਦਹਾਕੇ ਵਿੱਚ ਯਹੂਦੀਆਂ ਦਾ ਸਮੂਹਕ ਕਤਲੇਆਮ ਸ਼ੁਰੂ ਕਰਨ ਤੋਂ ਪਹਿਲਾਂ ਜਰਮਨ ਨਾਜ਼ੀਆਂ ਨੇ ਉਨ੍ਹਾਂ ਨੂੰ ਵੀ ਆਪਣੀ ਤੇ ਆਪਣੀਆ ਜਾਇਦਾਦਾ ਦੀ ਰਜਿਸਟ੍ਰੇਸ਼ਨ ਕਰਵਾਉਣ ਲਈ ਹੀ ਕਿਹਾ ਸੀ। ਜਿਸ ਨਾਲ ਨਾਜੀ ਹਕੂਮਤ ਉਨ੍ਹਾਂ ਲਈ ਸਹੀ ਪ੍ਰਬੰਧ ਕਰ ਸਕੇ। ਪਿੱਛੋਂ ਇਸ ਦੀ ਵਰਤੋਂ ਕਿਸ ਤਰ੍ਹਾਂ ਕੀਤੀ ਕਿ ਅਸੀਂ ਸਭ ਅੱਛੀ ਤਰ੍ਹਾਂ ਜਾਂਦੇ ਹਾਂ। ਇੱਥੇ ਅਸੀਂ ਸੁਪਰੀਮ ਕੋਰਟ ਦੇ ਹੋਰ ਅਦਾਲਤਾਂ ਦੀ ਭੂਮਿਕਾ ਤੇ ਵੀ ਗ਼ੌਰ ਕਰਦੇ ਹਾਂ। ਜਿਨ੍ਹਾਂ ਤੋਂ ਬਹੁਤ ਸਾਰੇ ਜਾਨਵਾਦੀ-ਲਿਬਰਲ ਹੀ ਨਹੀਂ ਬਲਕਿ ਖੱਬੇਪੱਖੀ ਵੀ ਜਮਹੂਰੀ ਅਧਿਕਾਰਾ ਦੀ ਹਿਫਾਜ਼ਤ ਦੀ ਉਮੀਦ ਕਰਦੇ ਹਨ। ਇਹ ਸੱਚ ਹੈ ਕਿ ਸੁਪਰੀਮ ਕੋਰਟ ਨੇ ਕਈ ਵਾਰ ਸਰਕਾਰ ਨੂੰ ਕਿਹਾ ਹੈ ਕਿ ਉਹ ਆਧਾਰ ਸੂਚਨਾ ਦੀ ਸਹੀ ਸੁਰੱਖਿਆ ਦਾ ਕਾਨੂੰਨ ਬਣਾਏ ਬਗੈਰ ਇਸ ਤੋਂ ਅੱਗੇ ਨਾ ਵਧੇ ਅਤੇ ਕਿਸੇ ਵੀ ਜਨਤਕ ਸੇਵਾ ਲਈ ਇਸ ਨੂੰ ਲਾਜ਼ਮੀ ਨਾ ਕਰੇ। ਪਰ ਸਰਕਾਰ ਜਦੋਂ ਅਜਿਹਾ ਕਰਦੀ ਹੈ ਤਾਂ ਉਸ ਨੂੰ ਰੋਕਣਾ ਤਾਂ ਛੱਡੋ ਸੁਪਰੀਮ ਕੋਰਟ ਉਸ ਦੀ ਸੁਣਵਾਈ ਲਈ ਵੀ ਤਿਆਰ ਨਹੀਂ ਹੁੰਦੀ। ਅਜੇ ਤੱਕ ਅਜਿਹੀ ਸੁਣਵਾਈ ਨਹੀਂ ਹੋਈ ਹੈ। ਉਲਟਾ ਖ਼ੁਦ ਇਸ ਅਦਾਲਤ ਨੇ ਮੋਬਾਈਲ ਸਿਮ ਕਾਰਡ ਲਈ ਆਧਾਰ ਸਥਾਪਿਤ ਕਰਨ ਨੂੰ ਜ਼ਰੂਰੀ ਕਰਾਰ ਦੇ ਦਿੱਤਾ ਹੈ। ਭਾਵ ਇਸ ਆਧਾਰ ਤੇ ਸੁਣਾਈ ਕਦੋਂ ਹੋਵੇਗੀ, ਉਦੋਂ ਹੀ ਕੀ ਹੋਵੇਗਾ। ਇਹ ਸਪੱਸ਼ਟ ਹੈ। ਜਿੱਥੋਂ ਤੱਕ ਪਾਰਲੀਮੈਂਟ ਦਾ ਸਵਾਲ ਹੈ ਉਸ ਵਿੱਚ ਤਾਂ ਅਕਸਰ ਆਉਣ ਵਾਲੀਆਂ ਫਰਜ਼ੀ ਸੰਸਦੀ ਬਹਿਸਾਂ ਤੋਂ ਵੀ ਛੁਟਕਾਰਾ ਪਾ ਲਿਆ ਗਿਆ ਹੈ ਅਤੇ ਆਧਾਰ ਕਾਨੂੰਨ ਨੂੰ ਮਨੀ ਬਿੱਲ ਤੋਂ ਲੋਕ ਸਭਾ ਚ ਪੇਸ਼ ਕਰਨ ਦੀ ਰਸਮ ਅਦਾਇਗੀ ਕਰ ਦਿੱਤੀ ਜਾਵੇਗੀ। ਹੁਣ ਸਾਰੇ ਕੁਝ ਤੋਂ ਇਹ ਸਮਝਿਆ ਜਾ ਸਕਦਾ ਹੈ ਕਿ ਮੌਜੂਦਾ ਸਰਮਾਏਦਾਰੀ ਨਿਜ਼ਾਮ ਦੇ ਕਿਸੇ ਵੀ ਅੰਗ ਤੋਂ ਇਸ ਨੂੰ ਚਣੌਤੀ ਦੀ ਉਮੀਦ ਕਰਨੀ ਬੇਵਕੂਫੀ ਹੋਵੇਗੀ। ਸੰਵਿਧਾਨ ਅਤੇ ਜਨਤਾ ਉੱਪਰ ਵਿੱਚ ਭਰੋਸਾ ਰੱਖਣ ਵਾਲਿਆਂ ਲਈ ਇਹ ਜਾਨਣਾ ਵੀ ਬਿਹਤਰ ਹੋਵੇਗਾ ਕਿ ਆਧਾਰ ਕਾਨੂੰਨ ਦੇ ਅਨੁਸਾਰ ਆਧਾਰ ਅਥਾਰਟੀ ਨੂੰ ਐਸੀ ਕੋਈ ਬੰਧਨ ਨਹੀਂ ਹੈ ਕਿ ਉਸ ਦੀ ਸੇਫਟੀ ਵਿੱਚ ਸੰਨ੍ਹ ਲਾਉਣ ਤੇ ਉਹ ਲੋਕਾਂ ਨੂੰ ਸੂਚਿਤ ਕਰੇ ਜਾਂ ਜਿਨ੍ਹਾਂ ਦਾ ਡਾਟਾ ਚੋਰੀ ਹੋ ਗਿਆ ਹੈ ਉਨ੍ਹਾਂ ਨੂੰ ਦੱਸੇ ਅਤੇ ਇਸ ਨੂੰ ਕੌਮੀ ਸੂਚਨਾ ਦੀ ਸੁਰੱਖਿਆ ਵੀ ਦਿੱਤੀ ਗਈ ਹੈ। ਜਿਸ ਨੂੰ ਸੂਚਨਾ ਅਧਿਕਾਰ ਦੇ ਤਹਿਤ ਪੁੱਛਣ ਤੇ ਵੀ ਇਹ ਦੱਸਣ ਤੋਂ ਮਨ੍ਹਾ ਕਰਦੀ ਹੈ। ਇਸ ਲਈ ਇਸ ਦੀ ਰਾਜਸੀ ਤਾਕਤ ਨੂੰ ਵੇਖੀਏ ਤਾਂ ਪਹਿਲਾਂ ਹੀ ਹਾਕਮਾਂ ਤੋਂ ਅਸ਼ੀਰਵਾਦ ਵੱਲ ਤੇਜ਼ੀ ਨਾਲ ਵੱਧ ਰਹੀ ਹੈ। ਲੋਕਾਂ ਦੇ ਜਮਹੂਰੀ ਹੱਕਾਂ ਖਾਸ ਕਰਕੇ ਘੱਟ ਗਿਣਤੀਆਂ ਆਦਿਵਾਸੀਆਂ ਦਲਿਤਾਂ ਤੇ ਔਰਤਾਂ ਦੇ ਅਧਿਕਾਰਾਂ ਦੀ ਸ਼ਿਕੰਜਾ ਕੱਸਿਆ ਜਾ ਰਿਹਾ ਹੈ ਅਜਿਹੀ ਹਾਲਤ ਵਿੱਚ ਉਸ ਦੀ ਰਾਜਸੀ ਸਮਾਜਿਕ ਆਰਥਿਕ ਸੱਭਿਆਚਾਰਕ ਹਮਲੇ ਨਾਲ ਆਧਾਰ ਕੈਸ਼ਲੈੱਸ ਡਿਜੀਟਲ ਦੀ ਇਹ ਮੁਹਿੰਮ ਉਸ ਲਈ ਲੋਕਾਂ ਤੇ ਨਿਗਰਾਨੀ ਤੇ ਕੰਟਰੋਲ ਦੇ ਇੱਕ ਸ਼ਕਤੀਸ਼ਾਲੀ ਪ੍ਰਸ਼ਾਸਨਿਕ ਢਾਂਚੇ ਨੂੰ ਖੜ੍ਹਾ ਕਰਨ ਦੇ ਜ਼ਰੀਏ ਵਜੋਂ ਚਲਾਇਆ ਜਾ ਰਿਹਾ ਹੈ।

**(ਮੁਕੇਸ਼ ਤਿਆਗ- ਸਰੋਤ ਮਜ਼ਦੂਰ ਬਿਗੁਲ ਮਾਰਚ 2017)**

**ਪੇਸ਼ਕਸ਼ ਡਾ. ਅਜੀਤਪਾਲ ਸਿੰਘ ਐਮਡੀ ਸਾਬਕਾ ਡਿਪਟੀ ਮੈਡੀਕਲ**

**9815629301**



ਹਰੀਪਾਲ
403-714-4816

# ਜਤਿੰਦਰ ਹਾਂਸ ਦੀ ਕਹਾਣੀ "ਙ" ਖਾਲੀ ਨਹੀਂ ਜਾਂਦਾ ਬਾਰੇ

ਜਤਿੰਦਰ ਹਾਂਸ ਪੰਜਾਬੀ ਕਹਾਣੀ ਦਾ ਉਹ ਦਸਖਤ ਹੈ, ਜੋ ਕਿਸੇ ਜਾਣ ਪਹਿਚਾਣ ਦਾ ਮੁਹਤਾਜ ਨਹੀਂ ਹੈ। ਉਸ ਦੀਆਂ ਕਈ ਕਹਾਣੀਆਂ ਤੇ ਡਾਕੂਮੈਂਟਰੀਆਂ ਬਣ ਚੁੱਕੀਆਂ ਹਨ। ਉਹ ਮੈਨੂੰ ਸਹੀ ਮਾਅਨਿਆਂ ਵਿੱਚ ਗੁਰਚਰਨ ਚਾਹਲ ਭੀਖੀ ਦਾ ਵਾਰਿਸ ਲੱਗਦਾ ਹੈ ਕਿਉਂਕਿ ਉਸ ਦੀ ਕਹਾਣੀ "ਰਸ ਰੰਗ" ਅਤੇ ਭੀਖੀ ਦੀ ਕਹਾਣੀ "ਇੱਕ ਮੌਤ ਹੋਰ" ਕਲਾ ਅਤੇ ਮਨੁੱਖੀ ਰਿਸ਼ਤਿਆਂ ਦੀ ਪੇਸ਼ਕਾਰੀ ਕਰਨ ਦੀਆਂ ਸਿਖਰਾਂ ਛੋਹ ਗਈਆਂ ਹਨ। ਪਰ ਇੱਥੇ ਅੱਜ ਜਿਸ ਕਹਾਣੀ ਦਾ ਜ਼ਿਕਰ ਕਰਨਾ ਚਾਹਾਂਗਾ ਉਸ ਦਾ ਨਾਂ ਹੈ "ਙ ਖਾਲੀ ਨਹੀਂ ਜਾਂਦਾ। ਪਿੱਛੇ ਜਿਹੇ ਪੰਜਾਬੀ ਲਿਖਾਰੀ ਸਭਾ ਕੈਲਗਰੀ ਨੇ ਜਤਿੰਦਰ ਦਾ ਕਹਾਣੀ ਸੰਗ੍ਰਹਿ "ਜਿਉਣਾ ਸੱਚ ਮਰਨਾ ਝੂਠ" ਰੀਲੀਜ਼ ਕੀਤਾ, ਵੈਸੇ ਤਾਂ ਉਸਦੀਆਂ ਸਾਰੀਆਂ ਕਹਾਣੀਆਂ ਹੀ ਡੂੰਘੇ ਅਧਿਐਨ ਦੀ ਮੰਗ ਕਰਦੀਆਂ ਹਨ, ਪਰ ਮੈਨੂੰ ਜਿਸ ਕਹਾਣੀ ਨੇ ਬਹੁਤਾ ਪ੍ਰਭਾਵਿਤ ਕੀਤਾ ਉਹ ਹੈ "ਙ" ਖਾਲੀ ਨਹੀਂ ਜਾਂਦਾ"। ਇਸ ਕਰਕੇ ਮੈਂ ਇਸੇ ਦਾ ਹੀ ਜ਼ਿਕਰ ਕਰਾਂਗਾ।

ਸਿਆਣਿਆਂ ਨੇ ਕਿਹਾ ਹੈ, "ਸਾਡਾ ਵਰਤਮਾਨ ਸਾਡੇ ਅਤੀਤ 'ਚੋਂ ਪੈਦਾ ਹੋਇਆ ਹੈ, ਸਾਡਾ ਭਵਿੱਖ ਸਾਡੇ ਵਰਤਮਾਨ ਦੇ ਗਰਭ ਵਿੱਚ ਪਲ਼ ਰਿਹਾ ਹੈ। ਹੁਣ ਜੇਕਰ ਅਸੀਂ ਚੰਗਾ ਭਵਿੱਖ ਚਾਹੁੰਦੇ ਹਾਂ ਤਾਂ ਸਾਨੂੰ ਵਰਤਮਾਨ ਦੀ ਪੂਰੀ ਦੇਖ ਭਾਲ਼ ਕਰਨੀ ਪਵੇਗੀ।

ਸਿਆਣਿਆਂ ਨੇ ਇਹ ਵੀ ਕਿਹਾ ਹੈ, "ਸਾਹਿਤ ਉਹ ਹੁੰਦਾ ਹੈ ਜਿਹੜਾ ਲੋਕਾਂ ਦੇ ਦੁੱਖਾਂ ਸੁੱਖਾਂ ਦੀ ਗੱਲ ਕਰਦਾ ਹੈ, ਸਹਿਤ ਜਾਤੀ ਰੋਣੇ ਧੋਣੇ ਦੀ ਗੱਲ ਨਹੀਂ ਕਰਦਾ। ਸਾਹਿਤ ਮਜ਼ਦੂਰ ਦੇ ਮੁੜ੍ਹਕੇ, ਉਸ ਨਾਲ ਹੁੰਦੇ ਧੱਕੇ, ਉਸਦੀ ਕਿਰਤ ਦੀ ਲੁੱਟ, ਉਸਦਾ ਸੰਘਰਸ਼, ਉਸਦੇ ਆਕਰੋਸ਼ 'ਚੋਂ ਪੈਦਾ ਹੁੰਦਾ ਹੈ।

ਜਤਿੰਦਰ ਦੀ ਇਹ ਕਹਾਣੀ ਬਹੁਤ ਸਾਰੇ ਸਮਾਜਿਕ ਮੁੱਦਿਆਂ ਨੂੰ ਛੂੰਹਦੀ ਹੈ, ਪਾਠਕ ਨੂੰ ਨਾਲ਼ ਲੈ ਕੇ ਤੁਰਦੀ ਹੈ, ਨਾ ਤਾਂ ਕੀੜੀ ਵਾਂਗ ਪਿੱਛੇ ਤੁਰਦੀ ਹੈ ਅਤੇ ਨਾ ਹੀ ਘੋੜੇ ਵਾਂਗ ਸਰਪਟ ਦੌੜ ਕੇ ਅੱਗੇ ਨਿਕਲਦੀ ਹੈ। ਜਿਸ ਠਰੰਮੇ ਨਾਲ ਜਤਿੰਦਰ ਬਹੁਤ ਹੀ ਗੰਭੀਰ ਮੁੱਦਿਆਂ ਦੀ ਗੱਲ ਕਰਦਾ ਹੈ, ਉਸੇ ਤਰ੍ਹਾਂ ਕਹਾਣੀ ਪਾਠਕ ਦੀ ਉਂਗਲ਼ ਫੜੀ ਰੱਖਦੀ ਹੈ। ਜਤਿੰਦਰ ਨੇ ਜਿਹੜੇ ਮੁੱਦੇ ਛੋਹੇ ਹਨ ਸਭ ਤੋਂ ਪਹਿਲਾਂ ਰਿਜ਼ਰਵੇਸ਼ਨ ਦੀ ਗੱਲ ਕਰਦੇ ਹਾਂ। ਭਾਰਤੀ ਸੰਵਿਧਾਨ ਵਿੱਚ ਜਦੋਂ ਰਿਜ਼ਰਵੇਸ਼ਨ ਦੀ ਧਾਰਾ ਪਾਈ ਗਈ, ਉਦੋਂ ਸ਼ਾਇਦ ਕਿਸੇ ਨੇ ਵੀ ਨਹੀਂ ਸੋਚਿਆ ਹੋਣਾ ਕਿ ਰਿਜ਼ਰਵੇਸ਼ਨ ਦਾ ਇਹ ਕੀਲਾ ਸਮਾਜ ਨੂੰ ਉਸ ਮੋੜ ਤੇ ਖੜ੍ਹਾ ਕਰ ਦੇਵੇਗਾ ਜਿਥੋਂ ਸਮਾਜ ਨੂੰ ਨਿਕਲਣਾ ਬਹੁਤ ਮੁਸ਼ਕਿਲ ਹੋ ਜਾਵੇਗਾ। ਹੁਣ ਜੇਕਰ ਤੁਸੀਂ ਰਿਜ਼ਰਵੇਸ਼ਨ ਦਾ ਵਿਰੋਧ ਕਰਦੇ ਹੋ ਤਾਂ ਦਲਿਤ ਭਾਈਚਾਰੇ ਦੀ ਕਰੋਪੀ ਦਾ ਸ਼ਿਕਾਰ ਹੁੰਦੇ ਹੋ ਅਤੇ ਜੇਕਰ ਰਿਜ਼ਰਵੇਸ਼ਨ ਦੇ ਪੱਖ ਵਿੱਚ ਖੜ੍ਹਦੇ ਹੋ ਤਾਂ ਅਖੌਤੀ ਉੱਚ ਜਾਤੀਆਂ ਦੇ ਗਰੀਬ ਲੋਕਾਂ ਦੇ ਗੁੱਸੇ ਦਾ ਸ਼ਿਕਾਰ ਹੁੰਦੇ ਹੋ। ਅਸਲ ਵਿਚ ਰਿਜ਼ਰਵੇਸ਼ਨ ਦਾ ਅਧਾਰ ਆਰਥਿਕਤਾ ਹੋਣਾ ਚਾਹੀਦਾ ਸੀ ਨਾ ਕਿ ਜਾਤ ਧਰਮ ਜਾਂ ਘੱਟ ਗਿਣਤੀ। ਲੋਕਾਂ ਨੂੰ ਪਾੜ ਕੇ ਰੱਖਣ ਵਾਲੀਆਂ ਸਰਕਾਰਾਂ ਦੇ ਹੱਥ ਰਿਜ਼ਰਵੇਸ਼ਨ ਇੱਕ ਵਧੀਆ ਹਥਿਆਰ ਲੱਗ ਗਿਆ ਹੈ। ਇਹ ਲੋਕ ਦੋਖੀ ਸਰਕਾਰਾਂ ਆਪਣੀ ਗਿਣਤੀ ਮਿਣਤੀ ਦੇ ਹਿਸਾਬ ਲਾ ਕੇ ਜਦੋਂ ਮਰਜ਼ੀ ਇਸ ਰਿਜ਼ਰਵੇਸ਼ਨ ਦੇ ਸੱਪ ਨੂੰ ਪਟਾਰੀ ਵਿੱਚ ਪਾ ਲੈਂਦੀਆਂ ਹਨ ਅਤੇ ਜਦੋਂ ਮਰਜ਼ੀ ਬਾਹਰ ਕੱਢ ਲੈਂਦੀਆਂ ਹਨ। ਜਦੋਂ ਤੱਕ ਇਸਦਾ ਕੋਈ ਹੱਲ ਨਹੀਂ ਕੱਢਿਆ ਜਾਂਦਾ ਇਹ ਭੰਬਲਭੂਸਾ ਰਾਜ ਕਰ ਰਹੀਆਂ ਜਮਾਤਾਂ ਦੇ ਬੜਾ ਹੀ ਸੂਤ ਰਹੂਗਾ। ਇਤਿਹਾਸ ਵਿੱਚ ਇੱਕ ਉਦਾਹਰਣ ਮਿਲਦੀ ਹੈ ਕਿ ਜਦੋਂ ਚੰਦਰ ਗੁਪਤ ਦੇ ਰਾਜ ਵਿੱਚ ਕਾਲ ਪਿਆ ਤਾਂ ਲੋਕ ਅਨਾਜ ਮੰਗਣ ਆਏ ਤਾਂ ਚੰਦਰ ਗੁਪਤ ਨੇ ਕਿਹਾ ਕਿ ਅਨਾਜ ਦੇ ਗੁਦਾਮ ਖੋਲ ਦਿਓ ਤਾਂ ਚੰਦਰ ਗੁਪਤ ਨੂੰ ਚਾਣਕਿਆ ਨੇ ਸਿੱਖਿਆ ਦਿੱਤੀ ਕਿ ਲੋਕਾਂ ਨੂੰ ਉਨਾਂ ਕੁ ਅਨਾਜ ਦਿਓ ਜਿੰਨਾਂ ਕੁ ਖਾ ਕੇ ਉਹ ਜਿਉਂਦੇ ਰਹਿ ਸਕਣ ਕਿਉਂਕਿ ਜੇਕਰ ਲੋਕ ਰੱਜ ਗਏ ਤਾਂ ਉਹ ਕੱਲ ਨੂੰ ਰਾਜੇ ਦੇ ਗਲ਼ ਵੀ ਪੈ ਸਕਦੇ ਹਨ। ਸਾਡੇ ਹਾਕਮ ਇਸੇ ਚਾਣਕਿਆ ਨੀਤੀ 'ਤੇ ਕੰਮ ਕਰ ਰਹੇ ਹਨ। ਇਹ ਰਿਜ਼ਰਵੇਸ਼ਨ ਦੀ ਹੀ ਕਰਾਮਾਤ ਹੈ ਕਿ 40% ਨੰਬਰ ਲੈਣ ਵਾਲ਼ੀ ਮੋਨਿਕਾ ਹੈੱਡਮਾਸਟਰਨੀ ਬਣ ਜਾਂਦੀ ਹੈ ਅਤੇ 90% ਨੰਬਰ ਲੈਣ ਵਾਲ਼ਾ ਰੱਜਤ ਸ਼ਰਮਾ ਉਸਦੇ ਮਾਤਹਿੱਤ ਹੈ।



ਹੁਣ ਮੈਡਮ ਮੋਨਿਕਾ ਜਿਸ ਦਾ ਪਤੀ ਡਾਕਟਰ ਹੈ, ਦਾਦਾ ਪਟਵਾਰੀ ਹੈ, ਬਾਪ ਖ਼ੁਰਾਕ ਨਿਗਮ ਕਾਰਪੋਰੇਸ਼ਨ ਦਾ ਇੰਸਪੈਕਟਰ ਹੈ ਅਤੇ ਸਹੁਰਾ ਐਮ ਐਲ ਏ ਹੈ ਪਰ ਫਿਰ ਵੀ ਰਿਜ਼ਰਵੇਸ਼ਨ ਦਾ ਫਾਇਦਾ ਉਠਾ ਰਹੀ ਹੈ। ਮੇਰੀ ਜਾਚੇ ਇੱਥੇ ਆ ਕੇ ਰਿਜ਼ਰਵੇਸ਼ਨ ਬਿਲਕੁਲ ਫੇਲ੍ਹ ਹੈ। ਕਿਉਂਕਿ ਜਦੋਂ ਕੋਈ ਗਰੀਬੀ ਦੀ ਰੇਖਾ ਤੋਂ ਉੱਪਰ ਉਠ ਕੇ ਈਲੀਟ ਕਲਾਸ ਵਿੱਚ ਸ਼ਾਮਲ ਹੋ ਗਿਆ ਹੈ ਉਹ ਰਿਜ਼ਰਵੇਸ਼ਨ 'ਚੋਂ ਵੀ ਬਾਹਰ ਹੋਣਾ ਚਾਹੀਦਾ ਹੈ। ਮੈਡਮ ਦੀ ਅਮੀਰੀ ਦੀ ਇਹ ਹੈਂਕੜਬਾਜ਼ੀ ਉਸਦੀ ਗੱਲ ਵਿੱਚੋਂ ਝਲਕਦੀ ਹੈ, ਜਦ ਉਹ ਆਪਦੇ ਜ਼ਾਤ ਭਾਈਆਂ ਦੇ ਬੱਚੇ ਨੂੰ ਕਹਿੰਦੀ ਹੈ, ਤੂੰ ਕੀ ਹੈ? ਜਿੰਦੂ ਦਾ ਭੋਲੇ ਭਾਅ ਜੁਆਬ ਹੈ,

"ਮੈਂ ਜਿੰਦੂ ਹਾਂ"

ਜਾਣੀ ਕੇ ਜਿੰਦੂ ਕਹਿ ਰਿਹਾ ਹੈ ਕਿ ਤੂੰ ਰਾਣੀ ਹੈਂ, ਮੈਂ ਪਰਜਾ ਹਾਂ। ਇਹ ਲੇਖਕ ਦਾ ਕਮਾਲ ਹੈ ਕਿ ਬੜੇ ਹੀ ਸਹਿਜ ਤਰੀਕੇ ਨਾਲ਼ ਜਮਾਤੀ ਵੰਡ ਦਿਖਾ ਜਾਂਦਾ ਹੈ। ਜਮਾਤੀ ਸੰਘਰਸ਼ ਸ਼ੁਰੂ ਕਰਨ ਲਈ ਜਮਾਤੀ ਨਿਖੇੜਾ ਬਹੁਤ ਜ਼ਰੂਰੀ ਹੈ।

ਬੱਚਿਆਂ ਵਿੱਚ ਸਮਾਨਤਾ ਸਮਾਗਮ ਬਾਰੇ ਗੱਲ ਕਰਨ ਤੋਂ ਪਹਿਲਾਂ ਇੱਕ ਗੱਲ ਜ਼ਰੂਰ ਚੇਤੇ ਕਰ ਲਈਏ ਕਿ ਸਮਾਨਤਾ ਗੱਲਾਂ ਨਾਲ਼ ਜਾਂ ਸਮਾਗਮਾਂ ਨਾਲ਼ ਨਹੀਂ ਆਉਂਦੀ, ਸਮਾਨਤਾ ਬਾਰੇ ਕਿਸੇ ਕਵੀ ਨੇ ਇੱਕ ਵਾਰ ਕਿਹਾ ਸੀ,

"ਕਦੇ ਵੀ ਇਕੱਠਿਆਂ ਪਾਣੀ ਨਹੀਂ ਪੀਤਾ ਸ਼ੇਰ ਅਤੇ ਬੱਕਰੀ ਨੇ

"ਦਿਲ ਵਿੱਚ ਇੱਕ ਉਬਾਲ ਪੀਤਾ ਹੈ ਪਾਣੀ ਕਾਹਦਾ ਪੀਤਾ ਹੈ"

ਸਮਾਨਤਾ ਲਿਆਂਦੀ ਜਾਵੇ, ਇਸਦੇ ਲਈ ਪ੍ਰਾਈਵੇਟ ਅਤੇ ਸਰਕਾਰੀ ਸਕੂਲ ਦੇ ਬੱਚਿਆਂ ਨੂੰ ਇਕੱਠਾ ਕੀਤਾ ਜਾਂਦਾ ਹੈ। ਦੇਖੋ ਜਮਾਤੀ ਵੰਡ ਕਿੰਨੀ ਸਾਫ ਦਿਸਦੀ ਹੈ ਜਦੋਂ, ਮੈਡਮ ਦਾ ਬੇਟਾ ਲਵਪ੍ਰੀਤ ਆਪ ਦੇ ਆਪ ਨੂੰ ਕ੍ਰਿਸ਼ਨ ਸਮਝਦਾ ਹੈ ਅਤੇ ਗ਼ਰੀਬ ਬੱਚਿਆਂ ਨੂੰ ਸੁਦਾਮੇ ਦੇ ਭਾਈ। ਹੁਣ ਜੇਕਰ ਪ੍ਰਾਈਵੇਟ ਸਕੂਲਾਂ ਦੀ ਗੱਲ ਕਰੀਏ ਤਾਂ ਪ੍ਰਾਈਵੇਟ ਸਕੂਲਾ ਦੀ ਗਿਣਤੀ ਸਾਰੀ ਦੁਨੀਆਂ ਵਿੱਚ ਵਧ ਰਹੀ ਹੈ। ਜੇਕਰ ਥੋੜ੍ਹਾ ਜਿਹਾ ਡੂੰਘਾਈ ਨਾਲ਼ ਸੋਚੀਏ ਤਾਂ ਅਸੀਂ ਇੱਕ ਬਹੁਤ ਹੀ ਭਿਆਨਕ ਸਾਜਿਸ਼ ਦਾ ਸ਼ਿਕਾਰ ਹੋ ਰਹੇ ਹਾਂ। ਸਰਕਾਰਾਂ ਜਿਹੜੀਆਂ ਕਿ ਲੋਕਾਂ ਦੀ ਨਹੀਂ ਪੂੰਜੀਵਾਦ ਦੀ ਪ੍ਰਤੀਨਿਧਤਾ ਕਰਦੀਆਂ ਹਨ, ਸਭ ਤੋਂ ਵੱਧ ਅਧਿਆਪਕ ਯੂਨੀਅਨਾਂ, ਵਿਦਿਆਰਥੀ ਯੂਨੀਅਨਾਂ ਤੋਂ ਡਰਦੀਆਂ ਹਨ ਕਿਉਂਕਿ ਅਧਿਆਪਕ ਜਾਂ ਵਿਦਿਆਰਥੀ ਯੂਨੀਅਨਾਂ, ਸਮਾਜਿਕ ਤਬਦੀਲੀ ਲਈ ਲੋਕਾਂ ਨੂੰ ਜਾਗਰਿਤ ਕਰਦੀਆਂ ਹਨ। ਸਰਕਾਰੀ ਸਕੂਲਾਂ ਦੀਆਂ ਯੂਨੀਅਨਾਂ ਨੇ ਬਹੁਤ ਵਾਰ ਸਰਕਾਰਾਂ ਨੂੰ ਬਖ਼ਤ ਪਾਇਆ ਹੈ। ਸਰਕਾਰਾਂ ਵੱਲੋਂ ਇਸ ਜੱਥੇਬੰਦੀ ਨੂੰ ਕਮਜ਼ੋਰ ਕਰਨ ਲਈ, ਸਕੂਲਾਂ ਵਿੱਚੋਂ ਅਧਿਆਪਕਾਂ ਦੀ ਗਿਣਤੀ ਘਟਾ ਕੇ, ਸਰਕਾਰੀ ਸਕੂਲਾਂ ਦਾ ਵਿੱਦਿਆ ਦਾ ਮਿਆਰ ਗਿਰਾ ਦਿੱਤਾ ਗਿਆ। ਵਿੱਦਿਆ ਦਾ ਮਿਆਰ ਡਿੱਗਣ ਕਰਕੇ, ਲੋਕ ਜਿਹੜੇ ਥੋੜ੍ਹੀ ਬਹੁਤ ਚੰਗੀ ਰੋਟੀ ਖਾਂਦੇ ਹਨ, ਆਪਦੇ ਬੱਚਿਆਂ ਨੂੰ ਪ੍ਰਾਈਵੇਟ ਸਕੂਲਾਂ ਵਿੱਚ ਪੜ੍ਹਾਉਣ ਨੂੰ ਤਰਜੀਹ ਦੇਣ ਲੱਗ ਪਏ। ਸਰਕਾਰੀ ਸਕੂਲਾਂ ਵਿੱਚ ਬੱਚਿਆਂ ਦੀ ਗਿਣਤੀ ਘਟਣ ਕਰਕੇ, ਸਰਕਾਰਾਂ ਨੂੰ ਸਰਕਾਰੀ ਸਕੂਲ ਬੰਦ ਕਰਨ ਦਾ ਬਹਾਨਾ ਮਿਲਣਾ ਸ਼ੁਰੂ ਹੋ ਗਿਆ।

ਮੈਡਮ ਮੋਨਿਕਾ ਰਿਜ਼ਰਵੇਸ਼ਨ ਦਾ ਫਾਇਦਾ ਉਠਾ ਕੇ ਆਪ ਤਾਂ ਸਰਕਾਰੀ ਸਕੂਲ ਦੀ ਹੈਡਮਾਸਟਰਨੀ ਬਣ ਜਾਂਦੀ ਹੈ, ਪਰ ਆਪ ਆਪਦੇ ਬੱਚੇ ਨੂੰ ਪ੍ਰਾਈਵੇਟ ਸਕੂਲ ਵਿੱਚ ਪੜ੍ਹਾਉਂਦੀ ਹੈ ਯਾਨੀਕਿ ਸਹੀ ਮਾਅਨਿਆਂ ਵਿੱਚ ਜਿਸ ਟਾਹਣੀ 'ਤੇ ਬੈਠੀ ਹੈ, ਉਸੇ ਨੂੰ ਹੀ ਕੱਟ ਰਹੀ ਹੈ।

ਇੱਕ ਹੋਰ ਬੜੀ ਹੀ ਇਤਿਹਾਸਕ ਗੱਲ ਹੈ ਕਿ ਜੇਕਰ ਲੋਕਾਂ ਨੂੰ ਗੁਲਾਮ ਰੱਖਣਾ ਹੈ ਤਾਂ ਉਹਨਾਂ ਤੋਂ ਉਹਨਾਂ ਦੀ ਮਾਤ-ਭਾਸ਼ਾ ਖੋਹ ਲਵੋ ਤਾਂ ਕਿ ਲੋਕ ਆਪਦੇ ਅਮੀਰ ਅਣਖੀ ਸੱਭਿਆਚਾਰ ਨੂੰ ਭੁੱਲ ਜਾਣ ਅਤੇ ਇਹ ਕੰਮ ਪ੍ਰਾਈਵੇਟ ਸਕੂਲ ਬੜੀ ਚੰਗੀ ਤਰ੍ਹਾਂ ਕਰ ਰਹੇ ਹਨ ਕਿਉਂਕਿ ਬੱਚਿਆਂ ਨੂੰ ਪ੍ਰਾਈਵੇਟ ਸਕੂਲਾਂ ਵਿੱਚ ਪੰਜਾਬੀ ਬੋਲਣ ਦੀ ਮਨਾਹੀ ਹੀ ਨਹੀਂ ਬਲਕਿ ਉਹਨਾਂ ਨੂੰ ਪੰਜਾਬੀ ਬੋਲਣ 'ਤੇ ਸਜ਼ਾ ਵੀ ਮਿਲਦੀ ਹੈ। ਹੁਣ ਇਹੋ ਜਿਹੇ ਬੱਚੇ ਨਾਨਕ, ਬੁੱਲੇ, ਪਾਸ਼, ਉਦਾਸੀ ਨੂੰ ਭੁੱਲ ਕੇ ਮਾਈਕਲ ਜੈਕਸਨ ਜਾਂ ਲੇਡੀ ਗਾਗਾ ਦੇ ਭਗਤ ਬਣਨਗੇ। ਇਹ ਜੋ ਕੁੱਝ ਹੋ ਰਿਹਾ ਹੈ, ਇਸ ਨੂੰ ਸਭ ਦੇਖਦੇ ਸੁਣਦੇ ਅਸੀਂ ਸੁੱਤੇ ਪਏ ਹਾਂ ਕਿਉਂਕਿ ਸਾਡੇ ਕੋਲ਼ ਵਿਹਲ ਹੀ ਨਹੀਂ, ਅਸੀਂ ਤਾਂ ਰੋਜ਼ਮਰ੍ਹਾਂ ਦੀਆਂ ਲੋੜਾਂ ਅਤੇ ਧਾਰਮਿਕ ਅੰਧਵਿਸ਼ਵਾਸ਼ਾਂ ਵਿੱਚ ਬੁਰੀ ਤਰ੍ਹਾਂ ਉਲਝੇ ਪਏ ਹਾਂ। ਵਿਦਵਾਨਾਂ ਦਾ ਕਥਨ ਹੈ ਕਿ ਸਮਾਂ ਮਿਲਦਾ ਨਹੀਂ ਹੁੰਦਾ ਉਸਨੂੰ ਲਿਆਉਣਾ ਪੈਂਦਾ ਹੈ।

ਵੱਡੀਆਂ-ਵੱਡੀਆਂ ਬਿਲਡਿੰਗਾਂ ਦੇਖ ਕੇ ਜਦੋਂ ਬੱਚੇ ਕਹਿੰਦੇ ਹਨ ਇਹ ਮੇਰੀ, ਇਹ ਮੇਰੀ ਹੈ ਤਾਂ ਲੇਖਕ ਦੱਸਣਾ ਚਾਹੁੰਦਾ ਹੈ ਕਿ ਇਹਨਾਂ ਬਿਲਡਿੰਗਾਂ ਵਿੱਚ ਇੱਟਾਂ ਦੀ ਜਗਾਹ ਤੁਹਾਡੇ ਬਜ਼ੁਰਗਾਂ ਦੀਆਂ ਹੱਡੀਆਂ ਚਿਣੀਆਂ ਗਈਆਂ ਹਨ ਤੇ ਪਾਣੀ ਸੀਮਿੰਟ ਦੀ ਜਗਾਹ ਉਹਨਾਂ ਦਾ ਖ਼ੂਨ ਅਤੇ ਚਰਬੀ। ਨਿੱਕੇ ਨਿੱਕੇ ਬੱਚਿਆਂ ਵਿੱਚ, ਇੱਕ ਦੂਜੇ ਪ੍ਰਤੀ ਜਾਂ ਜਿਸ ਬੱਚੇ ਕੋਲ਼ ਨਵਾਂ ਸਾਈਕਲ ਹੋਵੇ ਜਾਂ ਨਵੇਂ ਕੱਪੜੇ ਹੋਣ, ਉਸ ਪ੍ਰਤੀ ਖ਼ੁੜ ਮਾਰੇ ਬੱਚਿਆਂ ਵਿੱਚ ਗੁੱਸਾ ਕੁਦਰਤੀ ਹੈ ਅਤੇ ਇਹ ਗੁੱਸਾ ਰਿਝਦਾ ਰਿਝਦਾ ਇੱਕ ਦਿਨ ਇਹੋ ਜਿਹਾ ਰੰਗ ਦਿਖਾਉਂਦਾ ਹੈ, ਜਿਸ ਦਾ ਬਹੁਤ ਵਾਰ ਕਿਆਸ ਨਹੀਂ ਕੀਤਾ ਜਾ ਸਕਦਾ।

ਜਿੰਦੂ ਦੀ ਸਕਿੱਟ ਲੇਖਕ ਦੀ ਜਮਾਤੀ ਸਮਝ ਨੂੰ ਸਿਖਰ 'ਤੇ ਲੈ ਜਾਂਦੀ ਹੈ। ਜਿੰਦੂ ਜਿਹੜੀ ਸਕਿੱਟ ਪੇਸ਼ ਕਰਦਾ ਹੈ, ਉਹ ਤਾਂ ਉਸਦੇ ਘਰ ਵਿੱਚ ਹਰ ਰੋਜ਼ ਹੁੰਦਾ ਹੈ। ਤੁਸੀਂ ਦੁਨੀਆਂ ਦੇ ਕਿਸੇ ਵੀ ਮੁਲਕ ਵਿੱਚ ਨਿਗਾਹ ਮਾਰੋ, ਗਰੀਬ ਇਲਾਕਿਆਂ ਵਿੱਚ ਕੁੱਟਾਂ ਮਾਰਾਂ, ਨਸ਼ੇ ਤਸਕਰੀ ਜਾਂ ਰੰਡੀਬਾਜ਼ੀ ਆਮ ਹੈ, ਚਾਹੇ ਉਹ ਪਿੰਡ ਇੰਡੀਆ ਦਾ ਹੋਵੇ ਚਾਹੇ ਕੈਨੇਡਾ ਦਾ। ਜਿੰਦੂ ਬਿਲਕੁੱਲ ਉਹੀ ਗਾਲ੍ਹਾ, ਉਹੀ ਹਾਵ ਭਾਵ ਪੇਸ਼ ਕਰਦਾ ਹੈ, ਪਹਿਲਾ ਇਨਾਮ ਲੈ ਜਾਂਦਾ ਹੈ, ਜਿਹੜੇ ਹਾਵ ਭਾਵ, ਗੁੱਸਾ, ਝੇਰਾ, ਉਸਦੇ ਪਿਉ ਦੀਆਂ ਅੱਖਾਂ ਵਿੱਚ ਹੈ ਅਤੇ ਮਿੰਨਤਾਂ, ਤਰਲੇ, ਮਜਬੂਰੀਆਂ, ਉਸਦੀ ਮਾਂ ਦੀਆਂ ਅੱਖਾਂ ਵਿੱਚ ਹਨ।

ਇਸ ਕਹਾਣੀ ਵਿੱਚ ਇੱਕ ਹੋਰ ਪੂੰਜੀਵਾਦੀ ਚਾਲ ਨੂੰ ਨੰਗਿਆਂ ਕੀਤਾ ਗਿਆ ਹੈ ਕਿ ਜਦੋਂ ਇੱਕ ਬੰਦਾ ਆਪਦੇ ਇੱਕ ਰੁਪਈਏ ਨਾਲ਼, ਲਾਲੇ ਦੇ ਗੱਲੇ ਵਿਚੋਂ ਰੁਪਈਏ ਖਿੱਚਣ ਦੀ ਕੋਸ਼ਿਸ਼ ਕਰਦਾ ਹੈ, ਕਹਿੰਦਾ ਹੈ, ਪੈਸਾ ਪੈਸੇ ਨੂੰ ਖਿੱਚਦਾ ਹੈ, ਪਰ ਲਾਲਾ ਕਹਿੰਦਾ ਰੁਪਈਆ ਉੱਪਰ ਨੂੰ ਸੁੱਟ ਉਹ ਰੁਪਈਆ ਉਪਰ ਨੂੰ ਸੁੱਟਦਾ ਹੈ ਤਾਂ ਉਸਦਾ ਰੁਪਈਆ ਲਾਲੇ ਦੇ ਗੱਲੇ ਵਿੱਚ ਜਾ ਡਿੱਗਦਾ ਹੈ ਤਾਂ ਲਾਲਾ ਕਹਿੰਦਾ ਹੈ "ਤੁਸੀਂ ਗੱਲ ਅਧੂਰੀ ਸੁਣੀ ਹੈ, ਅਸਲ ਵਿੱਚ ਥੋੜ੍ਹਾ ਪੈਸਾ ਬਹੁਤੇ ਪੈਸੇ ਨੂੰ ਆਪਦੇ ਵੱਲ ਖਿੱਚਦਾ ਹੈ "ਇਹ ਚੀਜ਼ ਦਰਸਾਉਂਦੀ ਹੈ ਜਾਂ ਸਿੱਧ ਕਰਦੀ ਹੈ ਕਿ ਇੱਕ ਪਰਸੈਂਟ ਲੋਕਾਂ ਕੋਲ਼ ਜਿਹੜੀ ਦੁਨੀਆਂ ਦੀ ਅੱਧੀ ਦੌਲਤ ਹੈ, ਉਹੀ ਲੋਕਾਂ ਕੋਲ਼ ਬਚੀ ਆਪਦੀ ਦੌਲਤ ਨੂੰ ਆਪਦੇ ਵੱਲ ਖਿੱਚ ਰਹੀ ਹੈ ਅਤੇ ਗਰੀਬ ਅਮੀਰ ਦਾ ਪਾੜਾ ਦਿਨੋ-ਦਿਨ ਹੋਰ ਵਧ ਰਿਹਾ ਹੈ। ਅਖੀਰ ਵਿੱਚ ਅਧਿਆਪਕ ਜਿੰਦੂ ਦੀ ਸਕਿੱਟ ਨਾਲ਼ ਖ਼ੁਸ਼ ਹੋਇਆ ਉਸ ਨੂੰ ਪੁੱਛਦਾ ਹੈ, ਕਿ ਵੱਡਾ ਹੋ ਕੇ ਕੀ ਬਣੇਗਾ ਤਾਂ ਜਿੰਦੂ ਚੁੱਪ ਕਰ ਜਾਂਦਾ ਹੈ, ਸ਼ਾਇਦ ਉਸਦੀ ਸੋਚ ਵਿੱਚ ਉਸਦੀ ਮਾਂ ਦੇ ਗੋਹੇ ਨਾਲ਼ ਲਿਬੜੇ ਹੱਥ ਜਾਂ ਪਿਉ ਦਾ ਜ਼ਰਦੇ ਬੀੜੀਆਂ ਜਾਂ ਸਰਦਾਰਾਂ ਦੀਆਂ ਝਿੜਕਾਂ ਮਾਰਿਆ ਸਰੀਰ ਦਿਸ ਰਿਹਾ ਸੀ। ਮਾਸਟਰ ਕਹਿੰਦਾ ਹੈ "ਫਿਲਮਾਂ ਦਾ ਹੀਰੋ ਬਣੇਗਾ ਮੇਰਾ ਰਾਜਾ" ਪਰ ਪਾਠਕ ਝੱਟ ਸੋਚਣ ਤੇ ਮਜਬੂਰ ਹੋ ਜਾਂਦਾ ਹੈ ਕਿ ਜਿੰਦੂ ਹੀਰੋ ਨਹੀਂ ਖ਼ਲਨਾਇਕ ਬਣੇਗਾ, ਜਿੰਦੂ ਵਰਗਿਆਂ ਦਾ ਗੁੱਸਾ ਉਹ ਤਬਾਹੀ ਲਿਆਵੇਗਾ, ਜਿਸ ਵਿੱਚ ਗਰੀਬ ਅਮੀਰ ਦਾ ਪਾੜਾ, ਇਹ ਪ੍ਰਾਈਵੇਟ ਸਕੂਲ, ਇਹ ਪੱਖਪਾਤੀ ਨਿਜ਼ਾਮ, ਇਹ ਲੋਕ ਦੋਖੀ ਸੰਸਥਾਵਾਂ ਸਭ ਰੁੜ੍ਹ ਜਾਣਗੀਆਂ। ਜਤਿੰਦਰ ਨੇ ਕਹਾਣੀ ਵਿੱਚ ਬਹੁਤ ਕੁੱਝ ਕਹਿ ਦਿੱਤਾ ਹੈ, ਹੁਣ ਇਹ ਪਾਠਕ 'ਤੇ ਨਿਰਭਰ ਕਰਦਾ ਹੈ ਕਿ ਉਸਨੇ ਕਿਸ 'ਤੇ ਅਮਲ ਕਰਨਾ ਹੈ। ਪਰ ਕਹਾਣੀ ਇਹ ਜ਼ਰੂਰ ਕਹਿ ਰਹੀ ਹੈ ਕਿ ਜੇਕਰ ਅਸੀਂ ਹੁਣ ਵੀ ਮੌਕਾ ਨਾ ਸਾਂਭਿਆ ਤਾਂ ਬਹੁਤ ਦੇਰ ਹੋ ਚੁੱਕੀ ਹੋਵੇਗੀ, ਕਿਉਂਕਿ ਕਿਸੇ ਸ਼ਾਇਰ ਨੇ ਕਿਹਾ ਹੈ,

**"ਦੇਖੇ ਹੈਂ ਵੋ ਮੰਜ਼ਿਰ ਭੀ, ਤਾਰੀਖ਼ ਕੀ ਨਜ਼ਰੋਂ ਨੇ ਲਮਹੋਂ ਨੇ ਖ਼ਤਾ ਕੀ, ਸਦੀਓਂ ਨੇ ਸਜਾ ਪਾਈ"**

# ਚਮਕੌਰ ਦੀ ਗੜ੍ਹੀ ਤੋਂ ਸਰਹਿੰਦ ਦੀ ਦੀਵਾਰ ਤੱਕ

ਗੁਰਦੇਵ ਸਿੰਘ ਸਿੱਧੂ (ਡਾ.)
94170-494177



ਪੰਜਾਬ ਦੇ ਇਤਿਹਾਸ ਵਿੱਚ ਦਸੰਬਰ ਮਹੀਨੇ ਦਾ ਪਿਛਲਾ ਪੰਦਰਵਾੜਾ ਵਿਸ਼ੇਸ਼ ਸਥਾਨ ਰੱਖਦਾ ਹੈ। ਇਨ੍ਹੀਂ ਦਿਨੀਂ ਹੀ ਇੱਕ ਪਿਤਾ ਦੇ ਚਾਰ ਪੁੱਤਰ ਕੌਮ ਤੇ ਧਰਮ ਲਈ ਆਪਾ ਵਾਰ ਗਏ ਸਨ। ਇਨ੍ਹਾਂ ਵਿਚੋਂ ਵੱਡੇ ਦੋ ਸਾਹਿਬਜ਼ਾਦੇ ਅਜੀਤ ਸਿੰਘ ਅਤੇ ਜੁਝਾਰ ਸਿੰਘ, ਜਿਨ੍ਹਾਂ ਚਮਕੌਰ ਦੇ ਮੈਦਾਨ-ਏ-ਜੰਗ ਵਿੱਚ ਆਪਣੀ ਤਲਵਾਰ ਦੇ ਜੌਹਰ ਵਿਖਾਏ ਤੇ ਛੋਟੇ ਦੋ ਸਾਹਿਬਜ਼ਾਦੇ ਜ਼ੋਰਾਵਰ ਸਿੰਘ ਤੇ ਫਤਿਹ ਸਿੰਘ ਸਨ, ਜਿਨ੍ਹਾਂ ਨੇ ਸੂਬਾ ਸਰਹੰਦ ਵੱਲੋਂ ਦਿੱਤੇ ਦੁਨਿਆਵੀ ਲਾਲਚਾਂ ਨੂੰ ਠੁਕਰਾਉਂਦਿਆਂ ਆਪਣੇ ਧਰਮ ਪ੍ਰਤੀ ਆਸਥਾ ਨੂੰ ਠੇਸ ਨਹੀਂ ਪੁੱਜਣ ਦਿੱਤੀ।

ਇਸ ਘਟਨਾਵਲੀ ਦਾ ਅਰੰਭ ਮਈ 1704 ਈ. ਵਿੱਚ ਮੁਗ਼ਲਾਂ ਤੇ ਪਹਾੜੀ ਰਾਜਿਆਂ ਦੀਆਂ ਸੈਨਾਵਾਂ ਵੱਲੋਂ ਗੁਰੂ ਗੋਬਿੰਦ ਸਿੰਘ ਜੀ ਦੇ ਟਿਕਾਣੇ ਸ੍ਰੀ ਅਨੰਦਪੁਰ ਸਾਹਿਬ ਨੂੰ ਘੇਰਾ ਪਾਉਣ ਤੋਂ ਹੁੰਦਾ ਹੈ। ਜਦ ਦੁਸ਼ਮਣ ਆਪਣੀ ਸੈਨਾ ਨਾਲ ਸਿੰਘਾਂ ਨੂੰ ਦਬਕਾਉਣ ਵਿੱਚ ਸਫ਼ਲ ਨਾ ਹੋਇਆ ਤਾਂ ਉਸ ਨੇ ਇਕ ਪਾਸੇ ਨਗਰ ਵਿੱਚ ਜਾਣ ਵਾਲੇ ਪਾਣੀ ਦੇ ਸਰੋਤ ਨੂੰ ਰੋਕ ਦਿੱਤਾ ਅਤੇ ਦੂਜੇ ਪਾਸੇ ਕੁਰਾਨ ਤੇ ਦੇਵੀ ਦੇ ਨਾਂ ਉੱਤੇ ਕਸਮਾਂ ਖਾ ਕੇ ਗੁਰੂ ਗੋਬਿੰਦ ਸਿੰਘ ਜੀ ਨੂੰ ਭਰੋਸਾ ਦਿਵਾਇਆ ਕਿ ਜੇ ਉਹ ਕਿਲ੍ਹਾ ਖਾਲੀ ਕਰ ਜਾਣ ਤਾਂ ਉਨ੍ਹਾਂ ਨੂੰ ਸੁਰੱਖਿਅਤ ਲਾਂਘਾ ਦੇ ਦਿੱਤਾ ਜਾਵੇਗਾ। ਗੁਰੂ ਗੋਬਿੰਦ ਸਿੰਘ ਆਪਣੇ ਪਰਿਵਾਰ ਅਤੇ ਸਿੱਖ ਸੈਨਾ ਨਾਲ ਅਜੇ ਅਨੰਦਪੁਰ ਤੋਂ ਬਹੁਤੀ ਦੂਰ ਨਹੀਂ ਪਹੁੰਚੇ ਸਨ ਕਿ ਦੁਸ਼ਮਣ ਨੇ ਪਿੱਛਿਓਂ ਹਮਲਾ ਕਰ ਦਿੱਤਾ। ਗੁਰੂ ਜੀ ਨੇ ਰਣਨੀਤਿਕ ਪੈਂਤੜੇ ਵਜੋਂ ਸਿੰਘਾਂ ਦੇ ਤਿੰਨ ਜਥਿਆਂ ਨੂੰ ਵੱਖ-ਵੱਖ ਸਥਾਨਾਂ 'ਤੇ ਤੈਨਾਤ ਕੀਤਾ ਹੋਇਆ ਸੀ। ਉਨ੍ਹਾਂ ਜਥਿਆਂ ਨੇ ਦੁਸ਼ਮਣ ਨੂੰ ਉਲਝਾਈ ਰੱਖਿਆ ਜਿਸ ਦੌਰਾਨ ਗੁਰੂ ਗੋਬਿੰਦ ਸਿੰਘ, ਉਨ੍ਹਾਂ ਦਾ ਪਰਿਵਾਰ ਤੇ ਕੁਝ ਸਿੰਘ ਸਰਸਾ ਨਦੀ ਤੱਕ ਪਹੁੰਚ ਗਏ ਪਰ ਇਸ ਹਫੜਾ-ਦਫੜੀ ਵਿੱਚ ਗੁਰੂ ਜੀ ਦਾ ਪਰਿਵਾਰ ਤਿੰਨ ਹਿੱਸਿਆਂ ਵਿੱਚ ਵੰਡਿਆ ਗਿਆ। ਵੱਡੇ ਦੋਵੇਂ ਸਾਹਿਬਜ਼ਾਦੇ ਗੁਰੂ ਗੋਬਿੰਦ ਸਿੰਘ ਜੀ ਦੇ ਨਾਲ, ਛੋਟੇ ਸਾਹਿਬਜ਼ਾਦੇ ਆਪਣੀ ਦਾਦੀ ਮਾਤਾ ਗੁਜਰੀ ਜੀ ਨਾਲ ਅਤੇ ਗੁਰੂ ਜੀ ਦੇ ਮਹਿਲ ਮਾਤਾ ਸੁੰਦਰੀ ਜੀ ਅਤੇ ਮਾਤਾ ਜੀਤੋ ਜੀ ਭਾਈ ਮਨੀ ਸਿੰਘ ਦੇ ਨਾਲ ਸਨ। ਦੋਵਾਂ ਮਾਤਾਵਾਂ ਨੂੰ ਭਾਈ ਮਨੀ ਸਿੰਘ ਦਿੱਲੀ ਲੈ ਗਏ, ਛੋਟੇ ਸਾਹਿਬਜ਼ਾਦਿਆਂ ਅਤੇ ਮਾਤਾ ਗੁਜਰੀ ਨੂੰ ਉਨ੍ਹਾਂ ਦਾ ਰਸੋਈਆ ਗੰਗੂ ਆਪਣੇ ਪਿੰਡ ਖੇੜੀ ਲੈ ਗਿਆ ਅਤੇ ਵੱਡੇ ਸਾਹਿਬਜ਼ਾਦੇ ਗੁਰੂ ਜੀ ਦੇ ਨਾਲ ਚਮਕੌਰ ਪੁੱਜੇ। ਹੋਰ ਚਾਲੀ ਸਿੰਘ ਵੀ ਇਸ ਜਥੇ ਵਿੱਚ ਸ਼ਾਮਲ ਸਨ।

ਗੁਰੂ ਜੀ ਜਾਣਦੇ ਸਨ ਕਿ ਦੁਸ਼ਮਣ ਸੈਨਾ ਉਨ੍ਹਾਂ ਦਾ ਪਿੱਛਾ ਕਰਦੀ ਆ ਰਹੀ ਹੈ, ਇਸ ਲਈ ਉਨ੍ਹਾਂ ਚਮਕੌਰ ਦੀ ਇਕ ਕੱਚੀ ਗੜ੍ਹੀ ਵਿੱਚ ਮੋਰਚੇ ਲਾ ਲਏ। ਗੁਰੂ ਜੀ ਨੇ ਸਾਰੇ ਸਿੰਘਾਂ ਨੂੰ ਤੀਰ, ਗੋਲੀਆਂ ਆਦਿ ਵੰਡ ਕੇ ਉਨ੍ਹਾਂ ਨੂੰ ਚੁਫੇਰੇ ਨਜ਼ਰ ਰੱਖਣ ਲਈ ਆਖਿਆ। ਇਉਂ ਇੱਥੇ ਉਹ ਅਸਾਵੀਂ ਜੰਗ ਲੜੀ ਗਈ, ਜਿਥੇ ਇਕ ਪਾਸੇ ਕੱਚੀ ਗੜ੍ਹੀ ਵਿੱਚ ਗਿਣਤੀ ਦੇ ਚਾਲੀ ਸਿੰਘ ਸਨ ਅਤੇ ਦੂਜੇ ਪਾਸੇ ਵੱਡੀ ਗਿਣਤੀ ਵਿੱਚ ਦੁਸ਼ਮਣ ਸੈਨਾ। ਜਿਉਂ ਹੀ ਦੁਸ਼ਮਣ ਗੜ੍ਹੀ ਦੇ ਨੇੜੇ ਆਉਂਦਾ, ਗੁਰੂ ਜੀ ਤੇ ਸਿੰਘ ਉਨ੍ਹਾਂ ਨੂੰ ਮੂੰਹ ਤੋੜਵਾਂ ਜਵਾਬ ਦਿੰਦੇ। ਜਦ ਤੀਰ ਅਤੇ ਗੋਲੀਆਂ ਖ਼ਤਮ ਹੋ ਗਏ ਤਾਂ ਗੁਰੂ ਜੀ ਤੋਂ ਆਗਿਆ ਲੈ ਕੇ ਸਿੰਘ ਛੋਟੀਆਂ-ਛੋਟੀਆਂ ਟੋਲੀਆਂ ਵਿੱਚ ਗੜ੍ਹੀ ਤੋਂ ਬਾਹਰ ਜਾ ਕੇ ਦੁਸ਼ਮਣ ਉੱਤੇ ਹਮਲਾਵਰ ਹੋਏ। ਗੜ੍ਹੀ ਉੱਤੇ ਖੜ੍ਹ ਕੇ ਸਿੰਘਾਂ ਦੀ ਸੂਰਬੀਰਤਾ ਨੂੰ ਵੇਖ ਅਜੀਤ ਸਿੰਘ ਨੇ ਗੁਰੂ-ਪਿਤਾ ਅੱਗੇ ਜੰਗ ਦੇ ਮੈਦਾਨ ਵਿੱਚ ਜਾਣ ਦੀ ਬੇਨਤੀ ਕੀਤੀ। ਗੁਰ ਜੀ ਨੇ ਮੱਥਾ ਚੁੰਮ ਕੇ ਉਨ੍ਹਾਂ ਨੂੰ ਛਾਤੀ ਨਾਲ ਲਾਇਆ ਤੇ ਹੱਥੀਂ ਜੰਗ ਦੇ ਮੈਦਾਨ ਵਿੱਚ ਤੋਰਿਆ। ਵੱਡੇ ਵੀਰ ਨੂੰ ਬਹਾਦਰੀ ਨਾਲ ਜੂਝਦਿਆਂ ਵੇਖ ਛੋਟੇ ਸਾਹਿਬਜ਼ਾਦੇ ਦੇ ਮਨ ਵਿੱਚ ਵੀ ਉਤਸ਼ਾਹ ਉਤਪੰਨ ਹੋਇਆ ਤਾਂ ਉਨ੍ਹਾਂ ਨੇ ਵੀ ਗੁਰੂ-ਪਿਤਾ ਨੂੰ ਬੇਨਤੀ ਕੀਤੀ, "ਦਿਹੋ ਆਗਿਆ ਪਿਤਾ ਜੀ ਮੇਰੇ ਤਾਈਂ, ਜਾਵਾਂ ਜੰਗ ਅੰਦਰ ਲਲਕਾਰ ਕਰ ਕੇ।" ਇਹ ਬੇਨਤੀ ਸੁਣ ਕੇ ਗੁਰੂ ਜੀ ਖੁਸ਼ ਹੋਏ ਅਤੇ ਉਨ੍ਹਾਂ ਨੂੰ ਵੀ ਜੰਗ ਦੇ ਮੈਦਾਨ ਵਿੱਚ ਜਾਣ ਦੀ ਇਜਾਜ਼ਤ ਦੇ ਦਿੱਤੀ।

ਚਮਕੌਰ ਦੀ ਜੰਗ ਦਾ ਮਹੱਤਵ ਇਸ ਕਾਰਨ ਨਹੀਂ ਕਿ ਭੋਜਨ ਅਤੇ ਅਸਲੇ ਤੋਂ ਵਿਹੀਨ ਚਾਲੀ ਸਿੰਘਾਂ, ਦੋਵਾਂ ਸਾਹਿਬਜ਼ਾਦਿਆਂ ਅਤੇ ਗੁਰੂ ਗੋਬਿੰਦ ਸਿੰਘ ਜੀ ਨੇ ਦੁਸ਼ਮਣ ਫੌਜ ਦਾ ਬੇਮਿਸਾਲ ਬਹਾਦਰੀ ਨਾਲ ਮੁਕਾਬਲਾ ਕੀਤਾ, ਸਗੋਂ ਇੱਕ ਬਾਪ ਵੱਲੋਂ ਆਪਣੇ ਜਿਗਰ ਦੇ ਟੋਟਿਆਂ ਨੂੰ ਸਾਹਮਣੇ ਖੜ੍ਹੀ ਮੌਤ ਵੱਲ ਆਪ ਤੋਰ ਕੇ ਹਉਕੇ ਲੈਣ ਦੀ ਥਾਂ ਵਾਹਿਗੁਰੂ ਦਾ ਸ਼ੁਕਰਾਨਾ ਕਰਨ ਕਰਕੇ ਵੀ ਹੈ। ਇਨ੍ਹਾਂ ਦੋਵਾਂ ਸਾਹਿਬਜ਼ਾਦਿਆਂ ਦੀ ਜੰਗ ਦੇ ਮੈਦਾਨ ਵਿੱਚ ਸ਼ਹੀਦੀ ਤੋਂ ਕੁੱਝ ਹੀ ਦਿਨ ਪਿੱਛੋਂ ਸਰਹੰਦ ਦਾ ਸਾਕਾ ਵਰਤਿਆ।


ਸਰਸਾ ਨਦੀ 'ਤੇ ਗੁਰੂ ਜੀ ਦੇ ਮੁੱਖ ਜਥੇ ਤੋਂ ਵਿਛੜੀ ਮਾਤਾ ਗੁਜਰੀ, ਸਿਆਲ ਦੀ ਠੰਢੀ ਠਾਰ ਰਾਤ ਵਿੱਚ ਵਗ ਰਹੀ ਠੱਕੇ ਦੀ ਹਵਾ, ਨਦੀ ਪਾਰ ਕਰਨ ਸਮੇਂ ਭਿੱਜੇ ਕੱਪੜੇ ਅਤੇ ਚਾਰ-ਚੁਫੇਰੇ ਹਰਲ-ਹਰਲ ਕਰਦੇ ਦੁਸ਼ਮਣਾਂ ਤੋਂ ਬਾਲਾਂ ਨੂੰ ਬਚਾ ਕੇ ਕਿਸੇ ਸੁਰੱਖਿਅਤ ਟਿਕਾਣੇ ਲੈ ਜਾਣ ਬਾਰੇ ਸੋਚ ਹੀ ਰਹੀ ਸੀ ਕਿ ਗੁਰੂ ਘਰ ਦਾ ਰਸੋਈਆ ਗੰਗੂ ਆ ਗਿਆ। ਉਸ ਨੇ ਮਾਤਾ ਗੁਜਰੀ ਨੂੰ ਧਰਵਾਸ ਦਿੰਦਿਆਂ ਆਖਿਆ, "ਏਥੋਂ ਥੋੜ੍ਹੇ ਹੀ ਕੋਹਾਂ 'ਤੇ ਪਿੰਡ ਮੇਰਾ, ਓਹ ਤਾਂ ਸਮਝ ਤੂੰ ਆਪਣਾ ਘਰ ਮਾਈ।" ਡੁੱਬਦੇ ਨੂੰ ਤਿਣਕੇ ਦਾ ਸਹਾਰਾ, ਮਾਤਾ ਗੁਜਰੀ ਨੇ ਉਸ ਨਾਲ ਜਾਣ ਦੀ ਸਹਿਮਤੀ ਦੇ ਦਿੱਤੀ। ਮਾਤਾ ਗੁਜਰੀ ਕੋਲ ਦੌਲਤ ਵੇਖ ਕੇ ਗੰਗੂ ਦਾ ਮਨ ਬੇਈਮਾਨ ਹੋ ਗਿਆ। ਘਰ ਪਹੁੰਚ ਕੇ ਉਸ ਨੇ ਪਹਿਲਾਂ ਧਨ ਕਾਬੂ ਕੀਤਾ ਅਤੇ ਫਿਰ ਉਨ੍ਹਾਂ ਬਾਰੇ ਮੋਰਿੰਡੇ ਦੇ ਮੁਗ਼ਲ ਹਾਕਮ ਪਾਸ ਜਾ ਮੁਖਬਰੀ ਕੀਤੀ। ਮੋਰਿੰਡੇ ਦੇ ਹਾਕਮਾਂ ਨੇ ਮਾਤਾ ਗੁਜਰੀ ਜੀ ਅਤੇ ਦੋਵਾਂ ਬਾਲ ਸਾਹਿਬਜ਼ਾਦਿਆਂ ਨੂੰ ਸੂਬਾ ਸਰਹੰਦ ਕੋਲ ਪਹੁੰਚਾਉਣ ਵਿੱਚ ਦੇਰ ਨਾ ਲਾਈ।

ਚਮਕੌਰ ਦੀ ਗੜ੍ਹੀ ਵਿਚੋਂ ਨਿਕਲ ਕੇ ਮਾਲਵੇ ਵੱਲ ਨੂੰ ਜਾ ਰਹੇ ਗੁਰੂ ਗੋਬਿੰਦ ਸਿੰਘ ਦਾ ਪਿੱਛਾ ਕਰਨਾ ਛੱਡ ਕੇ ਵਜ਼ੀਰ ਖਾਂ ਸੂਬਾ ਸਰਹੰਦ ਰਾਜਧਾਨੀ ਪਰਤਿਆ ਤਾਂ ਅਗਲੇ ਦਿਨ ਸਾਹਿਬਜ਼ਾਦਿਆਂ ਨੂੰ ਕਚਹਿਰੀ ਵਿੱਚ ਪੇਸ਼ ਕਰਨ ਦਾ ਹੁਕਮ ਹੋਇਆ। ਸਾਹਿਬਜ਼ਾਦਿਆਂ ਉਪਰ ਮੁਸਲਮਾਨ ਬਣਨ ਲਈ ਜ਼ੋਰ ਪਾਇਆ ਗਿਆ ਪਰ ਉਹ ਨਾ ਮੰਨੇ। ਫਿਰ ਲਾਲਚ ਦਿੱਤੇ ਗਏ ਪਰ ਫਿਰ ਵੀ ਦੋਵਾਂ ਸਾਹਿਬਜ਼ਾਦਿਆਂ ਨੂੰ ਧਰਮ ਪਰਿਵਰਤਨ ਲਈ ਮਨਾ ਨਾ ਸਕੇ। ਆਖਰ ਦੋਵਾਂ ਸਾਹਿਬਜ਼ਾਦਿਆਂ ਨੂੰ ਦੀਵਾਰ ਵਿੱਚ ਚਿਣਵਾ ਦਿੱਤਾ ਗਿਆ। ਸ਼ਹੀਦੀ ਮੌਕੇ ਸਾਹਿਬਜ਼ਾਦਿਆਂ ਦੀ ਉਮਰ ਕ੍ਰਮਵਾਰ ਨੌਂ ਸਾਲ ਅਤੇ ਸੱਤ ਸਾਲ ਸੀ ਅਤੇ ਇਉਂ ਉਹ ਵਿਸ਼ਵ ਦੇ ਸਭ ਤੋਂ ਛੋਟੀ ਉਮਰ ਦੇ ਸ਼ਹੀਦ ਹੋਏ ਹਨ। ਸਾਹਿਬਜ਼ਾਦਿਆਂ ਦੀ ਸ਼ਹਾਦਤ ਦੀ ਦੁਖਦਾਈ ਸੂਚਨਾ ਮਿਲੀ ਤਾਂ ਮਾਤਾ ਗੁਜਰੀ ਦੇ ਪ੍ਰਾਣ ਪੰਖੇਰੂ ਵੀ ਉਡਾਰੀ ਮਾਰ ਗਏ।

ਚਮਕੌਰ ਸਾਹਿਬ ਅਤੇ ਸਰਹਿੰਦ ਵਿੱਚ ਵਾਪਰੀਆਂ ਇਨ੍ਹਾਂ ਦੋਵਾਂ ਅਦੁੱਤੀ ਘਟਨਾਵਾਂ ਦੀ ਮਹੱਤਤਾ ਦ੍ਰਿੜਾਉਣ ਲਈ ਵਿਦਵਾਨ ਖੋਜੀ ਕਾਫਿਰ ਵੱਲੋਂ ਆਪਣੀ ਪੁਸਤਕ 'ਸਿੱਖ ਇਤਿਹਾਸਕਾਰੀ ਵਿੱਚ ਤੁਕਾਕਾਰੀ' ਵਿੱਚ ਲਿਖੇ ਇਹ ਸ਼ਬਦ ਵਿਚਾਰਨਯੋਗ ਹਨ, 'ਅਨੰਦਪੁਰ ਛੱਡਣ ਤੋਂ ਲੈ ਕੇ ਚਮਕੌਰ ਅਤੇ ਸਰਹਿੰਦ ਵਾਲੇ ਸਾਕੇ, ਇਕ ਹਫ਼ਤੇ ਦੇ ਬੜੇ ਸੰਖੇਪ ਸਮੇਂ 'ਚ ਵਾਪਰਦੇ ਆ, ਮਗਰ ਸਾਕਿਆਂ 'ਚ ਸਮੋਇਆ ਇਤਿਹਾਸ ਸੰਖੇਪ ਨਹੀਂ, ਸਗੋਂ ਅਤਿ ਵਿਸ਼ਾਲ ਏ - ਸੰਘਣਾ ਵੀ। ਸੰਸਾਰ ਦੇ ਇਤਿਹਾਸ ਦੇ ਸੰਦਰਭ ਨਾਤੇ ਵੀ, ਖਾਸ ਕਰ ਕੇ ਚਮਕੌਰ ਦੀ ਅਜੋੜ ਜੰਗ ਅਤੇ ਸਰਹਿੰਦ ਵਿਚਲੀ ਸ਼ਹੀਦੀ ਦਾ ਤੋੜ, ਸ਼ਾਇਦ, ਕਿਧਰੇ ਨਹੀਂ ਮਿਲਦਾ।' (ਪੰਨਾ 69)

# ਦੇਗਾਂ, ਚਰਖੜੀਆਂ, ਆਰਿਆਂ, ਕੋਹਲੂਆਂ ਦਾ, ਕਿੱਸਾ ਮੁੜਕੇ ਦੁਹਰਾਉਣਾ ਵੀ ਪੈ ਸਕਦੈ....

ਇਤਿਹਾਸ ਇਕ ਲਗਾਤਾਰ ਵੱਗਦਾ ਦਰਿਆ ਹੁੰਦਾ ਅਤੇ ਇਤਿਹਾਸਕ ਸਥਾਨ ਉਸ ਦਰਿਆ ਦਾ ਇੱਕ ਕੇਂਦਰ। ਬੇਸੱਕ ਹਾਕਮ ਜਮਾਤਾਂ ਉਸ ਕੇਂਦਰ ਨੂੰ ਸੰਗਮਰਮਰੀ ਦਿੱਖ ਦੇਕੇ ਉਸ ਨੂੰ ਵਿਗਾੜਨ ਤੇ ਉਲਟਾਉਣ ਦੀ ਸਾਜਿਸ਼ ਕਰਦੀਆਂ ਹਨ। ਪਰ ਵਿਚਾਰ ਹਰ ਹਿੱਲੇ ਅਪਣੀ ਹੋਂਦ ਦਰਸਾਉਂਦੇ ਰਹਿੰਦੇ ਹਨ। ਸਰਹਿੰਦ ਦੀ ਧਰਤੀ ਇਹੋ ਜਹੀ ਧਰਤੀ ਹੈ ਜਿਸ ਦਾ ਦੱਬੇ ਕੁਚਲੇ ਲੋਕਾਂ ਦੇ ਇਤਿਹਾਸ ਨਾਲ ਬਹੁਤ ਨੇੜੇ ਦਾ ਵਾ-ਵਾਸਤਾ ਹੈ। ਗੁਰੂ ਗੋਬਿੰਦ ਸਿੰਘ ਜੀ ਨੂੰ ਜਦੋਂ ਅਨੰਦਪੁਰ ਸਹਿਬ ਦਾ ਕਿਲ੍ਹਾਂ ਛੱਡਣਾ ਪਿਆ ਤਾਂ ਉਹ ਸਮਾਂ ਗੁਰੂ ਜੀ ਦੇ ਪਰਿਵਾਰ ਸਮੇਤ ...ਸਮੁੱਚੀ ਦੱਬੇ ਕੁੱਚਲੇ ਲੋਕਾਂ ਦੀ ਲਹਿਰ ਲਈ ਮੁਸਕਿਲ ਦਾ ਸਮਾਂ ਸੀ। ਖਾਲਸਾ ਪੰਥ ਦੀ ਸਿਰਜਣਾ ਕਰ ਹੱਥਿਆਰਬੰਦ ਤਰੀਕੇ ਨਾਲ ਦੱਬੇ-ਕੁੱਚਲੇ ਲੋਕਾਂ ਦੀ ਸੱਤਾ ਪ੍ਰਾਪਤੀ ਦੀ ਸੁਰੂ ਹੋਈ ਲੜਾਈ ਨੂੰ ਵੱਡੀ ਸੱਟ ਲੱਗੀ ਸੀ। ਬਹੁਤ ਸਾਰੇ ਸਿੰਘ ਸ਼ਹੀਦ ਹੋ ਗਏ ਸਨ। ਵੱਡੇ ਸ਼ਹਿਬਜਾਦੇ ਵੀ ਸ਼ਹੀਦੀ ਜਾਮਾ ਪਾ ਚੁੱਕੇ ਸਨ। ਛੋਟੇ ਅਪਣੀ ਵਿਚਾਰਧਾਰਾ ਦੀ ਰਾਖੀ ਲਈ ਕੰਧਾਂ ਵਿੱਚ ਚਿਣੇ ਜਾਣ ਦੇ ਬਾਵਜੂਦ ਅਡੋਲ ਖੜ੍ਹੇ ਸਨ। ਮਾਤਾ ਗੁਜਰੀ ਦੇ ਹੰਝੂਆਂ ਅੱਗੇ ਠੰਡਾ ਬੁਰਜ ਵੀ ਬੇਵੱਸ ਸੀ। ਦੱਬੇ ਕੁੱਚਲੇ ਕਿਰਤੀ ਲੋਕ ਲਹਿਰ ਦੇ ਢਲਾਣ ਵਿੱਚ ਆ ਜਾਣ ਕਾਰਨ ਨਿਰਾਸ ਸਨ। ਪਰ "ਨਾਨਕਬਾਣੀ" ਇਹਨਾਂ ਘੋਰ ਨਿਰਾਸਾ ਵਾਲੀਆ ਹਾਲਤਾ ਵਿੱਚੋ ਵੀ 'ਕੋਈ ਹਰਿਓ ਬੂਟ ਰਹਿਓ ਰੀ' ਦੀ ਆਸ ਬਣਾਉਦੀਂ ਹੈ ਤੇ ਇਤਿਹਾਸ ਗਵਾਹ ਹੈ, ਮੁੜ ਜਫਰਨਾਮੇ ਵੀ ਲਿੱਖੇ ਗਏ, ਬੇਦਾਵੇ ਵੀ ਪਾੜੇ ਗਏ ਤੇ ਸਰਹਿੰਦ ਦੀ ਇੱਟ ਨਾਲ ਇੱਟ ਖੜਕਾ ਚਿੜੀਆ ਨੇ ਹਾਕਮਾ ਨੂੰ ਅਪਣੇ ਬਾਜ਼ ਹੋਣ ਦਾ ਅਹਿਸਾਸ ਵੀ ਕਰਵਾਇਆ। ਪਰ ਅਫਸੋਸ ਇਹ ਅਹਿਸਾਸ ਦੱਬੇ ਕੁੱਚਲੇ ਲੋਕਾਂ ਦੀ ਮੁਕਤੀ ਵਿੱਚ ਤਬਦੀਲ ਨਾ ਹੋ ਸਕਿਆ। ਅੱਜ ਵੀ ਭਾਈ ਲਾਲੋ ਲੁੱਟਿਆ ਜਾ ਰਿਹਾ। ਅੱਜ ਵੀ ਸਰਹਿੰਦ ਦੇ ਸੂਬੇਦਾਰ ਵਜੀ ?ਰ ਖਾਨ ਦਾ ਗੰਦਾ ਖੂਨ ਤਖ਼ਤ ਤੇ ਬੈਠਾ ਜੂਲਮ ਢਾਹ ਰਿਹਾ। ਚਿੜੀਆ ਦੀ ਹਰ ਅਵਾਜ਼ ਨੂੰ ਦੱਬ ਉਸ ਨੂੰ ਵਿਚਾਰਗੀ ਦੀ ਮੌਤ ਮਾਰਨ ਦਾ ਕੰਮ ਕੀਤਾ ਜਾ ਰਿਹਾ।



*ਚਮਕੌਰ ਦੀ ਕੱਚੀ ਗੜ੍ਹੀ, ਸਰਹਿੰਦ ਦੀ ਕੰਧ, ਠੰਡਾ ਬੁਰਜ, ਸਭ ਨੂੰ ਸੰਗਮਰਮਰ ਦੀਆਂ ਵੱਡੀਆਂ ਇਮਾਰਤਾਂ, ਜਿਹਨਾਂ ਨੂੰ ਗੁਰਦੁਆਰਿਆਂ ਦਾ ਨਾਮ ਦਿੱਤਾ ਗਿਆ ਹੈ, ਕਾਰ ਸੇਵਾ ਵਾਲੇ ਧੂਤੇ ਬਾਬੇ ਅਤੇ ਸ਼੍ਰੋਮਣੀ ਕਮੇਟੀ ਦੇ ਠੇਕੇਦਾਰ ਅੱਜ ਇੱਕੀਵੀਂ ਸਦੀ ਦੇ ਮਸੰਦ ਸਾਡੇ ਇਤਿਹਾਸਕ ਗੁਰਦਵਾਰਿਆਂ ਤੇ ਕਬਜ਼ਾ ਕਰ ਚੁੱਕੇ ਹਨ। ਸਾਡੇ ਇਨਕਲਾਬੀ ਵਿਰਸੇ ਨੂੰ ਸੰਗਮਰਮਰ ਦੀਆਂ ਇਮਾਰਤਾਂ ਥੱਲੇ ਦੱਬ ਦਿਤਾ ਗਿਆ ਹੈ।*

ਅਜਿਹੇ ਮੌਕੇ ਇਤਿਹਾਸ ਸਾਡੇ ਸਾਹਮਣੇ ਪ੍ਰੇਰਣਾ ਸਰੋਤ ਬਣ ਆਉਂਦਾ ਹੈ। ਉਹ ਸਾਨੂੰ ਦੱਸਦਾ ਕਿ ਸਿਦਕ ਤੇ ਸਿਰੜ ਰਾਹੀ ਕਿਵੇਂ ਚੜੀ ਹੋਈ "ਸਰਸਾ" ਪਾਰ ਕਰਨੀ ਹੈ, ਕਿਵੇਂ ਚਮਕੌਰ ਸਹਿਬ ਦਾ ਯੁੱਧ ਲੜਿਆ ਜਾਣਾ ਤੇ ਕਿਵੇ ਸਰਹਿੰਦ ਦੀ ਇੱਟ ਨਾਲ ਇੱਟ ਖੜਕਾਉਣੀ ਹੈ। ਪਰ ਬੇਸਰਤੇ ਇਸ ਲਈ ਖੁੱਦਕੁਸੀਆ ਨੂੰ ਸ਼ਹੀਦੀਆ ਵਿੱਚ ਤਬਦੀਲ ਕਰਨਾ ਪਵੇਗਾ। ਬੇਦਾਅਵੇ ਪਾੜ ਮੈਦਾਨੇ ਜੰਗ ਵਿੱਚ ਕੁੱਦਣਾ ਪਵੇਗਾ। ਦੱਬੇ ਕੁੱਚਲਿਆ ਦੀ ਲਹਿਰ ਨੂੰ ਮੁੜ ਤਕੜਾ ਕਰਨਾ ਪਵੇਗਾ। ਸੰਤ ਸਪਾਹੀ ਦੇ ਸਰੂਪ ਨੂੰ ਅਪਣਾ ਪਹਿਲਾ ਅਕਿਦਾ ਬਣਾਉਣਾ ਪਵੇਗਾ।


ਅੱਜ ਜਦੋਂ ਅਸੀਂ ਸਾਹਿਬਜ਼ਾਦਿਆਂ ਦੇ ਸ਼ਹੀਦੀ ਦਿਵਸ ਮਨਾ ਰਹੇ ਹਾਂ, ਤਾਂ ਅਸੀਂ ਪੰਜਾਬ ਦੀ ਜਵਾਨੀ ਨੂੰ ਸੱਦਾ ਦਿੰਦੇ ਹਾਂ ਕਿ ਜਿੱਥੇ ਇਤਿਹਾਸ ਦੇ ਇਹਨਾਂ ਪਵਿੱਤਰ ਸੋਮਿਆ ਨੂੰ ਸੰਗਮਰਮਰੀ ਪੱਥਰਾਂ ਅਤੇ ਬਹੁਭਾਂਤੀ ਲੰਗਰਾ ਦੀ ਚੁੰਗਲ ਵਿੱਚੋਂ ਕੱਢਣ ਦੇ ਲਈ ਯਤਨਸੀਲ ਹੋਣਾ ਪਵੇਗਾ, ਉੱਥੇ ਹੀ ਭਾਈ ਲਾਲੋਆ ਦੀ ਮਲਿਕ ਭਾਗੋਆ ਖਿਲਾਫ ਚਲ ਰਹੀ ਲੜਾਈ ਵਿੱਚ ਨਾ ਕੇਵਲ "ਹਾਆ ਦਾ ਨਾਹਰਾ" ਮਾਰਨਾ ਪਵੇਗਾ ਬਲਕਿ ਇਸ ਯੁੱਧ ਦੀ ਅਗਵਾਈ ਲਈ ਅੱਗੇ ਵੀ ਆਉਣਾ ਪਵੇਗਾ।

ਅੱਜ ਮਹਾਨ ਸ਼ਹਾਦਤ ਦਾ ਦਿਨ ਹੈ। ਗੁਰੂ ਗੋਬਿੰਦ ਸਿੰਘ ਦੇ ਬੇਟਿਆਂ ਅਤੇ ਬਹਾਦੁਰ ਸਿੰਘਾਂ ਦੀ ਸ਼ਹਾਦਤ ਦਾ ਦਿਨ ਹੈ। ਇੰਨਾ ਦੀ ਲਾਸਾਨੀ, ਸ਼ਾਨਾਮਤਾ ਅਤੇ ਕੁਰਬਾਨੀਆਂ ਭਰਿਆ ਇਤਹਾਸ ਦੁਨੀਆਂ ਵਿਚ ਸ਼ਾਇਦ ਹੀ ਕਿਸੇ ਹੋਰ ਦਾ ਹੋਵੇ। ਪਰ ਸਿੱਖ ਲਹਿਰ ਤੇ ਉਹਨਾਂ ਜਰਵਾਣਿਆਂ ਤੇ ਲੋਟੂਆਂ ਨੇ ਕਬਜ਼ਾ ਕਰ ਲਿਆ ਹੈ ਜਿਨ੍ਹਾਂ ਵਿਰੁੱਧ ਇਹ ਸੇਧਿਤ ਸੀ। ਇਹਨਾਂ ਨੇ ਇਸ ਸ਼ਾਨਾਂਮੱਤੇ ਇਤਹਾਸ ਵਿਰੁੱਧ ਹਮਲਾ ਵਿਢਿੱਆ ਹੋਇਆ ਹੈ ਅਤੈ ਇਨਾਂ ਦਾ ਮਨਸ਼ਾ ਇਤਹਾਸ ਦੇ ਚਿੰਨਾਂ ਨੂੰ ਮਲੀਆਮੇਟ ਕਰਨਾ ਹੈ। ਚਮਕੌਰ ਦੀ ਕੱਚੀ ਗੜ੍ਹੀ, ਸਰਹਿੰਦ ਦੀ ਕੰਧ, ਠੰਡਾ ਬੁਰਜ, ਸਭ ਨੂੰ ਸੰਗਮਰਮਰ ਦੀਆਂ ਵੱਡੀਆਂ ਇਮਾਰਤਾਂ, ਜਿਹਨਾਂ ਨੂੰ ਗੁਰਦੁਆਰਿਆਂ ਦਾ ਨਾਮ ਦਿੱਤਾ ਗਿਆ ਹੈ, ਕਾਰ ਸੇਵਾ ਵਾਲੇ ਧੂਤੇ ਬਾਬੇ ਅਤੇ ਸ਼੍ਰੋਮਣੀ ਕਮੇਟੀ ਦੇ ਠੇਕੇਦਾਰ ਅੱਜ ਇੱਕੀਵੀਂ ਸਦੀ ਦੇ ਮਸੰਦ ਸਾਡੇ ਇਤਿਹਾਸਕ ਗੁਰਦਵਾਰਿਆਂ ਤੇ ਕਬਜ਼ਾ ਕਰ ਚੁੱਕੇ ਹਨ। ਸਾਡੇ ਇਨਕਲਾਬੀ ਵਿਰਸੇ ਨੂੰ ਸੰਗਮਰਮਰ ਦੀਆਂ ਇਮਾਰਤਾਂ ਥੱਲੇ ਦੱਬ ਦਿੱਤਾ ਗਿਆ ਹੈ। ਹੋਰ ਤਾਂ ਹੋਰ ਗੁਰੂ ਗੋਬਿੰਦ ਸਿੰਘ ਵਲੋਂ ਯੁੱਧ ਲਈ ਉਸਾਰੇ ਕਿਲਿਆਂ ਨੂੰ ਵੀ ਗੁਰਦਦੁਆਰਿਆਂ ਨਾਮ ਦੀਆਂ ਇਮਾਰਤਾਂ ਵਿਚ ਬਦਲ ਦਿਤਾ ਗਿਆ ਹੈ। ਇਨ੍ਹਾਂ ਕਾਰਨਾਮਿਆਂ ਕਰਕੇ ਕਾਰ ਸੇਵਾ ਵਾਲੇ ਠੱਗ ਬਾਬਿਆਂ ਨੂੰ ਅਰਬਾਂ ਡਾਲਰਾਂ ਦਾ ਫਾਇਦਾ ਹੁੰਦਾ ਹੈ।

• ਦੁਨੀਆਂ ਦੇ ਅਗਾਂਹ ਵਧੂ ਦੇਸ਼ ਆਪਣੇ ਵਿਰਸੇ ਨੂੰ ਸਭਾਲ ਕੇ ਰਖੱਦੇ ਹਨ ਤਾਂ ਕਿ ਆਉਣ ਵਾਲੀਆਂ ਨਸਲਾਂ ਅਪਣੇ ਇਤਿਹਾਸਕ ਖਜ਼ਾਨੇ ਤੋਂ ਸੇਧ ਲੈ ਸਰਣ। ਪਰ ਸਿੱਖ ਕੌਮ ਦੇ ਠੇਕੇਦਾਰਾਂ ਨੇ ਇੱਕ ਪੱਕਾ ਫੈਸਲਾ ਕੀਤਾ ਹੈ ਕਿ ਸਾਡੀਆਂ ਆਉਣ ਵਾਲੀਆਂ ਨਸਲਾਂ ਕਿਤੇ ਆਪਣੇ ਸ਼ਾਨਾਮਤੇ ਇਨਕਲਾਬੀ ਇਤਿਹਾਸ ਤੋਂ ਪ੍ਰੇਰਿਤ ਹੋ ਕੇ ਸ਼ਹੀਦ ਬਾਬਾ ਬੰਦਾ ਬਹਾਦਰ ਵਲੋਂ ਵਿੱਢੇ ਜ਼ਰਈ ਇਨਕਲਾਬ ਨੂੰ ਅੱਗੇ ਤੋਰ ਕੇ ਇੱਕੀਵੀਂ ਸਦੀ ਦੇ ਮਸੰਦਾਂ ਨੂੰ ਤੇਲ ਦੇ ਕੜਾਹਿਆਂ ਚ ਪਾ ਕੇ ਸਾੜ ਹੀ ਨਾ ਦੇਣ।

• ਸ਼ਹੀਦ ਬੰਦਾ ਸਿੰਘ ਬਹਾਦਰ ਸਿੱਖੀ ਦਾ ਸਿਖਰ ਸੀ ਅਤੇ ਉਹਨਾਂ ਦੀ ਸ਼ਹਾਦਤ ਉਪਰੰਤ ਸਿੱਖੀ ਦਾ ਮਿਸਲਾਂ ਦੇ ਰੂਪ ਵਿਚ ਨਿਘਾਰ ਦਾ ਅਮਲ ਸ਼ੁਰੂ ਹੋਇਆ ਜੋ ਮਹਾਂਰਾਜਾ ਰਣਜੀਤ ਸਿੰਘ ਦੇ ਜਗੀਰੂ ਰਾਜ ਦੇ ਰੂਪ ਵਿਚ ਨੇਪਰੇ ਚੜ੍ਹਿਆ। ਉਸਨੇ ਹੀ ਗੁਰਦੁਆਰਿਆਂ ਦੇ ਨਾਂ ਤੇ ਇਮਾਰਤਾਂ ਬਣਾ ਕੇ, ਉਨ੍ਹਾਂ ਨਾਂ ਜਗੀਰਾਂ ਲਾ ਕੇ, ਪੁਜਾਰੀ ਬਿਠਾ ਕੇ ਇਹ ਹਮਲਾ ਵਿੱਢਿਆ ਜੋ ਹੁਣ ਤੱਕ ਜਾਰੀ ਹੈ।

# 'ਪੰਜਾਬ ਯੂਨੀਵਰਸਿਟੀ 'ਚ ਕੁੜੀਆਂ ਦੇ ਹੋਸਟਲ 24 ਘੰਟੇ ਖੁੱਲ੍ਹਣ 'ਤੇ ਮੈਂ ਕਿਉਂ ਡਰ ਰਿਹਾਂ'




ਔਰਤਾਂ ਤੇ ਉਨ੍ਹਾਂ ਦੇ ਮਸਲਿਆਂ ਬਾਰੇ ਗੱਲ ਕਰਨ ਦਾ ਲਾਇਸੰਸ ਲੈਣਾ ਕੋਈ ਔਖਾ ਨਹੀਂ। ਬਸ ਤੁਹਾਡੀ ਕੋਈ ਭੈਣ ਹੋਣੀ ਚਾਹੀਦੀ ਹੈ। ਮੇਰੀਆਂ ਤਾਂ ਜੀ, ਤਿੰਨ ਭੈਣਾਂ ਹਨ। ਮੈਂ ਅਕਸਰ ਆਪਣੇ ਆਪ ਨੂੰ ਇਹ ਲਾਇਸੰਸ ਜਾਰੀ ਕਰ ਲੈਂਦਾ ਹਾਂ।

ਅੱਜ ਤਾਂ ਮੈਨੂੰ ਲੱਗ ਰਿਹਾ ਹੈ ਕਿ ਆਪਣੇ ਹੱਕ ਸਾਂਭਣ ਦਾ ਸਮਾਂ ਆ ਗਿਆ ਹੈ। ਕੀ ਤੁਸੀਂ ਜਾਣਦੇ ਹੋ ਪੰਜਾਬ ਯੂਨੀਵਰਸਿਟੀ ਦੀ ਸਟੂਡੈਂਟ ਕੌਂਸਲ ਦੀ ਪਹਿਲੀ ਮਹਿਲਾ ਪ੍ਰਧਾਨ ਕਨੂਪ੍ਰਿਆ ਨੂੰ? ਜਦੋਂ ਬਣੀ ਸੀ ਆਪਾਂ ਸਾਰਿਆਂ ਨੇ ਤਾਂ ਤਾੜੀਆਂ ਮਾਰੀਆਂ ਸਨ।

ਉੱਥੇ ਤੱਕ ਠੀਕ ਸੀ, ਹੁਣ ਤਾਂ ਬੀਬੀ ਨੇ ਗੱਡੀ ਬਾਹਲੀ ਅੱਗੇ ਤੋਰ ਲਈ ਹੈ। 'ਦੂਜੀ ਵੱਡੀ ਜਿੱਤ' ਐਲਾਨ ਰਹੀ ਹੈ।

ਬਰਾਬਰੀ ਰੱਖਣ ਲਈ ਅੱਜਕਲ੍ਹ ਮਹਿਲਾ ਕ੍ਰਿਕਟ ਟੀਮ ਦੀ ਜਿੱਤ ਉੱਤੇ ਖੁਸ਼ ਅਤੇ ਹਾਰਨ 'ਤੇ ਦੁਖੀ ਹੋ ਹੀ ਰਹੇ ਹਾਂ। ਦੇਸ਼ਭਗਤੀ ਦੀ ਦੇਸ਼ਭਗਤੀ, ਬਰਾਬਰੀ ਦੀ ਬਰਾਬਰੀ।

ਪਰ ਇਹ ਤਾਂ ਨਵਾਂ ਭੰਬਲਭੂਸਾ ਹੈ, ਆਊਟ ਆਫ ਸਿਲੇਬਸ ਹੈ। ਸੱਚੀ, ਅਸਲ ਗੱਲ ਤਾਂ ਦੱਸੀ ਹੀ ਨਹੀਂ। ਔਰਤਾਂ ਤੇ ਉਨ੍ਹਾਂ ਦੇ ਮਸਲਿਆਂ ਬਾਰੇ ਗੱਲ ਕਰਨ ਦਾ ਲਾਇਸੰਸ ਲੈਣਾ ਕੋਈ ਔਖਾ ਨਹੀਂ। ਬਸ ਤੁਹਾਡੀ ਕੋਈ ਭੈਣ ਹੋਣੀ ਚਾਹੀਦੀ ਹੈ। ਮੇਰੀਆਂ ਤਾਂ ਜੀ, ਤਿੰਨ ਭੈਣਾਂ ਹਨ। ਮੈਂ ਅਕਸਰ ਆਪਣੇ ਆਪ ਨੂੰ ਇਹ ਲਾਇਸੰਸ ਜਾਰੀ ਕਰ ਲੈਂਦਾ ਹਾਂ।

ਅੱਜ ਤਾਂ ਮੈਨੂੰ ਲੱਗ ਰਿਹਾ ਹੈ ਕਿ ਆਪਣੇ ਹੱਕ ਸਾਂਭਣ ਦਾ ਸਮਾਂ ਆ ਗਿਆ ਹੈ। ਕੀ ਤੁਸੀਂ ਜਾਣਦੇ ਹੋ ਪੰਜਾਬ ਯੂਨੀਵਰਸਿਟੀ ਦੀ ਸਟੂਡੈਂਟ ਕੌਂਸਲ ਦੀ ਪਹਿਲੀ ਮਹਿਲਾ ਪ੍ਰਧਾਨ ਕਨੂਪ੍ਰਿਆ ਨੂੰ? ਜਦੋਂ ਬਣੀ ਸੀ ਆਪਾਂ ਸਾਰਿਆਂ ਨੇ ਤਾਂ ਤਾੜੀਆਂ ਮਾਰੀਆਂ ਸਨ।

ਉੱਥੇ ਤੱਕ ਠੀਕ ਸੀ, ਹੁਣ ਤਾਂ ਬੀਬੀ ਨੇ ਗੱਡੀ ਬਾਹਲੀ ਅੱਗੇ ਤੋਰ ਲਈ ਹੈ। 'ਦੂਜੀ ਵੱਡੀ ਜਿੱਤ' ਐਲਾਨ ਰਹੀ ਹੈ।

ਬਰਾਬਰੀ ਰੱਖਣ ਲਈ ਅੱਜਕਲ੍ਹ ਮਹਿਲਾ ਕ੍ਰਿਕਟ ਟੀਮ ਦੀ ਜਿੱਤ ਉੱਤੇ ਖੁਸ਼ ਅਤੇ ਹਾਰਨ 'ਤੇ ਦੁਖੀ ਹੋ ਹੀ ਰਹੇ ਹਾਂ। ਦੇਸ਼ਭਗਤੀ ਦੀ ਦੇਸ਼ਭਗਤੀ, ਬਰਾਬਰੀ ਦੀ ਬਰਾਬਰੀ।

ਪਰ ਇਹ ਤਾਂ ਨਵਾਂ ਭੰਬਲਭੂਸਾ ਹੈ, ਆਊਟ ਆਫ ਸਿਲੇਬਸ ਹੈ। ਸੱਚੀ, ਅਸਲ ਗੱਲ ਤਾਂ ਦੱਸੀ ਹੀ ਨਹੀਂ।

ਮੈਨੂੰ ਗਲਤ ਨਾ ਸਮਝ ਲਿਓ। ਮੈਂ ਬਰਾਬਰੀ ਦੇ ਹੱਕ ਵਿੱਚ ਹਾਂ। ਮੇਰੀਆਂ ਭੈਣਾਂ ਉੱਪਰ ਵੀ ਉਹੀ ਪਾਬੰਦੀਆਂ ਹਨ ਜਿਹੜੀਆਂ ਕਿਸੇ ਵੀ ਹੋਰ ਔਰਤ ਉੱਪਰ ਹਨ।

ਜਿੱਥੇ ਤੱਕ ਸੁਰੱਖਿਆ ਵਾਲਾ ਮਸਲਾ ਹੈ, ਮੈਂ ਤਾਂ ਸ਼ੁਰੂ ਤੋਂ ਹੀ ਇਸ ਦਾ ਮੋਹਰੀ ਰਿਹਾ ਹਾਂ। ਛੋਟੀ ਉਮਰ ਤੋਂ ਹੀ ਮੈਂ ਆਪਣੀਆਂ ਵੱਡੀਆਂ ਭੈਣਾਂ ਨਾਲ ਉਨ੍ਹਾਂ ਦਾ ਗਾਰਡ ਬਣ ਕੇ ਤੁਰਦਾ ਰਿਹਾ ਹਾਂ।

ਵੱਡੀ ਗੱਲ ਇਹ ਹੈ ਕਿ ਹੁਣ ਪੰਜਾਬ ਯੂਨੀਵਰਸਿਟੀ ਦੇ ਇਸ ਕਦਮ ਨੂੰ ਲੈ ਕੇ ਹੋਰ ਥਾਵਾਂ 'ਤੇ ਵੀ ਜ਼ਮਾਨਾ ਖੁਦ ਨੂੰ ਬਦਲਣ ਦੀ ਕੋਸ਼ਿਸ਼ ਕਰੇਗਾ।

ਅੱਜ ਹੋਸਟਲ ਦੀ ਟਾਈਮਿੰਗ ਹੈ, ਕੱਲ੍ਹ ਕੱਪੜਿਆਂ ਦਾ ਢੰਗ-ਤਰੀਕਾ, ਫਿਰ ਸੰਗੀ-ਸਾਥੀ ਚੁਣਨ ਦੀ ਮਰਜ਼ੀ, ਫਿਰ ਇਕੱਲੇ ਜਿਉਣ ਦੀ ਮਰਜ਼ੀ, ਫਿਰ ਇਹ ਵੀ ਮਰਜ਼ੀ ਕਿ ਅਸੀਂ ਗ਼ਲਤੀ ਵੀ ਕਰਾਂਗੀਆਂ। ਮਤਲਬ, ਗ਼ਲਤੀ ਕਰਨ ਦੀ ਵੀ ਮਰਜ਼ੀ!

ਇੰਝ ਤਾਂ ਸਾਰੀਆਂ ਹੀ ਕੁੜੀਆਂ ਸਾਰੇ ਹੀ ਹੱਕ ਮੰਗਣਗੀਆਂ। ਮੰਗ ਲੈਣ। ਪਰ ਜੇ ਮਿਲ ਗਏ, ਫਿਰ? ਕੀ ਬਣੇਗਾ ਜੇ ਕੱਲ੍ਹ ਨੂੰ ਕੁੜੀਆਂ ਪੁੱਛਣ ਕਿ ਅਸੀਂ ਆਪਣੇ ਬਜ਼ੁਰਗ ਮਾਪਿਆਂ ਨੂੰ ਕਿਉਂ ਛੱਡ ਕੇ ਆਈਏ, ਵਿਆਹ ਤੋਂ ਬਾਅਦ ਤੂੰ ਕਿਉਂ ਨਹੀਂ ਆ ਸਕਦਾ ਮੇਰੇ ਘਰ? ਤਾਂ ਕੀ ਮੁੰਡੇ ਤੇ ਕੁੜੀਆਂ ਦੇ ਮਾਪੇ ਵੀ ਬਰਾਬਰ ਹੋ ਜਾਣਗੇ?





ਇਹ ਤਾਂ ਜ਼ਿਆਦਾ ਡਰਾਉਣੀ ਗੱਲ ਹੋ ਗਈ। ਮੈਂ ਪਹਿਲਾਂ ਹੀ ਕਿਹਾ ਹੈ, ਗੱਲ ਤਾਂ ਬਸ ਸੇਫ਼ਟੀ ਦੀ ਹੈ ਜੀ। ਕਈ ਕੁੜੀਆਂ ਇਸ ਤੱਥ ਨੂੰ ਵੀ ਕੱਖ ਨਹੀਂ ਮੰਨਦੀਆਂ, ਸਗੋਂ ਕਹਿੰਦੀਆਂ ਹਨ ਕਿ ਜੇ ਅਸੀਂ ਆਮ ਥਾਵਾਂ 'ਤੇ ਜਾਵਾਂਗੀਆਂ ਤਾਂ ਹੀ ਆਮ ਥਾਵਾਂ 'ਤੇ ਹੱਕ ਰੱਖ ਕੇ ਸੁਰੱਖਿਅਤ ਵੀ ਰਹਾਂਗੀਆਂ।

ਸੋਚੋ, ਕੀ ਚੰਡੀਗੜ੍ਹ ਦੇ 'ਗੇੜੀ ਰੂਟ' ਉੱਤੇ ਵੀ ਕੁੜੀਆਂ ਹੱਕ ਰੱਖਣਗੀਆਂ? ਗੇੜੀ ਰੂਟ ਬਾਰੇ ਤਾਂ ਤੁਹਾਨੂੰ ਪਤਾ ਹੋ ਹੋਣਾ ਹੈ। ਨਹੀਂ ਪਤਾ ਤਾਂ ਦੱਸ ਦਿੰਦੇ ਹਾਂ। ਇੱਕ ਸੱਪ ਵਰਗੀ ਸੜਕ ਹੈ ਜਿਹੜੀ ਚੰਡੀਗੜ੍ਹ ਦੇ ਪੌਸ਼ ਜਾਂ ਮਹਿੰਗੇ ਸੈਕਟਰਾਂ ਵਿੱਚੋਂ ਲੰਘਦੀ ਹੈ। ਹੁਣ ਗੇੜੀ ਰੂਟ ਦੀ ਵੀ ਸ਼ਾਮਤ ਆਵੇਗੀ?

ਇੱਥੇ ਮੁੰਡੇ ਆਪਣਾ ਹੁਨਰ ਵਿਖਾਉਂਦੇ ਹਨ। ਬਹੁਤੇ ਸਿਆਣਿਆਂ ਵਾਂਗ ਕਹੀਏ ਤਾਂ ਮੁੰਡੇ ਇੱਥੇ ਕੁੜੀਆਂ ਦਾ ਪਿੱਛਾ ਕਰ ਕੇ ਤੰਗ ਕਰਦੇ ਹਨ। 'ਗੇੜੀ' ਉਂਝ 'ਗੇੜਾ' ਸ਼ਬਦ ਦਾ ਮਹਿਲਾ ਸਰੂਪ ਹੈ। ਗੇੜਾ ਘੋੜੇ ਉੱਤੇ ਬਹਿ ਕੇ ਖੇਤਾਂ ਨੂੰ ਲਗਦਾ ਹੈ, ਗੇੜੀ ਦਾ ਭਾਵ ਜ਼ਰਾ ਵੱਖ ਹੈ।

ਪਿਛਲੇ ਸਾਲ ਕੁੜੀਆਂ ਦੀ ਇੱਕ 'ਬੇਖੌਫ ਆਜ਼ਾਦੀ' ਮੁਹਿੰਮ ਤੋਂ ਬਾਅਦ ਇਸ ਦਾ ਨਾਂ ਤਾਂ ਬਦਲ ਕੇ ਗੂਗਲ ਮੈਪ 'ਚ 'ਆਜ਼ਾਦੀ ਰੂਟ' ਰੱਖ ਲਿਆ ਗਿਆ ਹੈ। ਮੈਂ ਖੁਸ਼ ਹੋ ਕੇ ਫੇਸਬੁੱਕ ਕਮੈਂਟ ਵੀ ਪਾਇਆ ਸੀ। ਮੈਂ ਉਦੋਂ ਵੀ ਦੱਸਿਆ ਸੀ ਕਿ ਮੇਰੀਆਂ ਤਿੰਨ ਭੈਣਾਂ ਹਨ!

ਪਰ ਗੇੜੀ/ਆਜ਼ਾਦੀ ਰੂਟ 'ਤੇ ਹੱਕ ਰੱਖ ਕੇ ਕੁੜੀਆਂ ਕਰਨਗੀਆਂ ਕੀ? ਕੀ ਸਾਡੇ ਪਿੱਛੇ ਗੇੜੀ ਲਾਉਣਗੀਆਂ, ਕਮੈਂਟ ਮਾਰਣਗੀਆਂ, ਇਸ਼ਾਰੇ ਕਰਨਗੀਆਂ? ਅਸੀਂ ਕੀ ਕਰਾਂਗੇ? ਫਿਰ ਗੇੜੀ ਨੂੰ ਗੇੜੀ ਹੀ ਆਖਾਂਗੇ? ਜਾਂ ਗੇੜੀ ਲਈ ਕੋਈ ਬਰਾਬਰਤਾ ਵਾਲੀ ਵਿਆਕਰਣ ਵਰਤਣੀ ਪਵੇਗੀ?

ਹੋਸਟਲ ਦੀ ਗੱਲ 'ਤੇ ਵਾਪਸ ਚੱਲਦੇ ਹਾਂ।

## ਕੁੜੀਆਂ ਦਾ ਸੰਘਰਸ਼

ਰਾਤੀ ਹੋਸਟਲੋਂ ਬਾਹਰ ਰਹਿ ਕੇ ਕੁੜੀਆਂ ਜਾਣਗੀਆਂ ਕਿੱਥੇ? ਸਤਾਰਾਂ ਸੈਕਟਰ ਦੇ ਬਸ ਸਟੈਂਡ 'ਤੇ ਇਕੱਲੀਆਂ ਪਰੌਂਠੇ ਖਾਣ ਜਾਣਗੀਆਂ? ਕੁੱਕ ਵੀ ਕਨਫਿਊਜ਼ ਹੋ ਜਾਏਗਾ, ਸੋਚੇਗਾ, 'ਨਾਲ ਮੁੰਡਾ ਤਾਂ ਕੋਈ ਹੈ ਨਹੀਂ, ਪਰੌਂਠੀਆਂ ਪਕਾਵਾਂ ਜਾਂ ਪਰੌਂਠੇ?' ਛੱਡੋ, ਹਾਸਾ ਵੀ ਨਹੀਂ ਆ ਰਿਹਾ ਹੁਣ ਤਾਂ।

ਹੁਣ ਬਸ ਫਿਕਰ ਹੈ ਕਿ, ਕੀ ਹੁਣ ਤੁਸੀਂ ਮੰਨ ਜਾਓਗੇ ਕਿ ਮੈਂ ਇਹ ਲੇਖ ਮਜ਼ਾਕੀਆ ਲਹਿਜੇ 'ਚ, ਵਿਅੰਗ ਦੇ ਤੌਰ 'ਤੇ ਲਿਖਣ ਦੀ ਗੁਸਤਾਖੀ ਕੀਤੀ ਹੈ? ਜਾਂ ਮੰਨਣਾ ਪਊ ਕੀ ਮੇਰੇ ਅੰਦਰਲੀ ਡਰੀ ਹੋਈ ਮਰਦਾਨਾ ਆਵਾਜ਼ ਹੀ ਲਿਖ-ਬੋਲ ਰਹੀ ਹੈ?

ਜੇ ਸਮਾਂ ਵਾਕਈ ਬਦਲ ਗਿਆ ਤਾਂ ਮੈਂ ਆਪਣੇ ਭਾਣਜੇ ਨੂੰ ਕੀ ਕਹੂੰਗਾ ਜਦੋਂ ਉਹ ਕੋਈ ਕਮਜ਼ੋਰੀ ਵਾਲੀ ਗੱਲ ਕਰੇਗਾ, 'ਓਏ, ਕੁੜੀਆਂ ਵਾਂਗ ਨਾ ਕਰ' ਤਾਂ ਹੁਣ ਚੱਲਣਾ ਨਹੀਂ!

ਅਜੇ ਵੀ ਸਮਾਂ ਹੈ, ਸਮਝ ਜਾਓ। ਇਸ ਕਨੂਪ੍ਰਿਆ ਦੀ ਨਾ ਮੰਨੋ। ਮੇਰੀ ਮੰਨੋ। ਮੈਨੂੰ ਇਨ੍ਹਾਂ ਮਾਮਲਿਆਂ ਦਾ ਪਤਾ ਹੈ। ਮੈਂ ਤੁਹਾਨੂੰ ਕਿੰਨੀ ਵਾਰ ਦੱਸਾਂ? ਮੇਰੀਆਂ ਤਿੰਨ ਭੈਣਾਂ ਹਨ।

**- ਆਰਿਸ਼ ਛਾਬੜਾ ਬੀਬੀਸੀ ਪੱਤਰਕਾਰ**











ਪਰਮਿੰਦਰ ਕੌਰ ਸਵੈਚ
604 760 4794

# ਨਸ਼ਿਆਂ ਦੀ ਮਹਾਂਮਾਰੀ ਨਾਲ ਜੂਝਦੇ ਬੀ.ਸੀ. ਦੇ ਲੋਕ



ਕੈਨੇਡਾ ਦਾ ਬ੍ਰਿਟਿਸ਼ ਕਲੰਬੀਆ ਸੂਬਾ ਇਸ ਸਮੇਂ ਦੋ ਅਜਿਹੀਆਂ ਘਾਤਕ ਮਨੁੱਖਤਾ ਮਾਰੂ ਅਲਾਮਤਾਂ ਦੇ ਡਰ ਵਿੱਚ ਜੀਅ ਰਿਹਾ ਹੈ ਕਿ ਹਰ ਕੋਈ ਡਰਦਾ ਹੈ ਕਿ ਉਹ ਜਾਂ ਉਹਦਾ ਪਰਿਵਾਰ, ਮਿੱਤਰ-ਦੋਸਤ, ਸਕੇ-ਸਬੰਧੀ ਇਨ੍ਹਾਂ ਦੀ ਲਪੇਟ ਵਿੱਚ ਨਾ ਆ ਜਾਣ। ਪਹਿਲੀ ਇਹ ਕਿ ਨੌਜਵਾਨ ਚੜ੍ਹਦੀ ਉਮਰ ਦੇ ਬੱਚਿਆਂ ਦੀਆਂ ਮੌਤਾਂ ਗੈਂਗਵਾਰ ਵਿੱਚ ਹੋ ਰਹੀਆਂ ਹਨ ਜਿਸ ਵਿੱਚ ਤੀਏ ਦਿਨ ਗੋਲ਼ੀ ਚੱਲਦੀ ਹੈ, ਕੌਣ, ਕਦੋਂ ਤੇ ਕਿਵੇਂ ਇਸਦੀ ਲਪੇਟ ਵਿੱਚ ਆ ਸਕਦਾ ਹੈ ਪਤਾ ਹੀ ਨਹੀਂ। ਦੂਸਰੀ ਵੀ ਇਸਦੀ ਹੀ ਕੜੀ ਓਵਰਡੋਜ਼ ਨਾਲ ਮੌਤ ਹੋਣਾ ਜਾਨਿਕਿ ਬਹੁਤੀ ਮਾਤਰਾ ਵਿੱਚ ਡਰੱਗ ਦਾ ਇਸਤੇਮਾਲ ਕਰਕੇ ਮਰ ਜਾਣਾ। ਦੋਨਾਂ ਵਿੱਚ ਵਸਦੀ ਰਸਦੀ ਜ਼ਿੰਦਗੀ ਦਾ ਅੰਤ ਹੈ ਜੋ ਕਿਸੇ ਉਮਰ, ਤਾਕਤ, ਲਿੰਗ, ਰੰਗ, ਧਰਮ, ਜਾਤ-ਪਾਤ ਤੇ ਸਭਿਆਚਾਰ ਦੇ ਬਿਖੇੜੇ ਤੋਂ ਬਿਨ੍ਹਾਂ ਹੀ ਹੋ ਜਾਂਦਾ ਹੈ। ਓਵਰਡੋਜ਼ ਜੋ ਸਾਡੀ ਮੌਜੂਦਾ ਪੀੜ੍ਹੀ ਨੂੰ ਚੁਪ-ਚੁਪੀਤੇ ਹੀ ਨਿਗਲ਼ ਰਹੀ ਹੈ, ਇਸਤੇ ਗੱਲ ਕਰਨੀ ਬਹੁਤ ਜ਼ਰੂਰੀ ਹੈ ਕਿਉਂਕਿ ਹਰ ਰੋਜ਼ ਇਸਦੀ ਗਿਣਤੀ ਦਿਨੋ ਦਿਨ ਘੱਟਣ ਦੀ ਬਜਾਇ ਵੱਧ ਰਹੀ ਹੈ। ਹਰ ਮਨੁੱਖੀ ਮਨ ਦੇ ਸਾਹਮਣੇ ਜਦੋਂ ਇਹ ਗੱਲ ਆਉਂਦੀ ਹੈ ਤਾਂ ਬਹੁਤ ਸਾਰੇ ਸਵਾਲ ਸਾਡੇ ਮੂਹਰੇ ਮੂੰਹ ਅੱਡੀ ਖੜ੍ਹੇ ਹਨ। ਜਿਵੇਂ ਅਸਲ ਵਿੱਚ ਡਰੱਗ ਜਾਂ ਮਿਲਾਵਟੀ ਡਰੱਗ ਕੀ ਹੈ ? ਇਸਦੇ ਪਿੱਛੇ ਕੰਮ ਕਰ ਰਹੀਆਂ ਤਾਕਤਾਂ ਕੌਣ ਹਨ? ਲ਼ੋਕ ਡਰੱਗ ਖਾ ਖਾ ਕੇ ਆਪਣੀ ਜੀਵਨ ਲੀਲਾ ਖ਼ਤਮ ਕਿਉਂ ਕਰ ਰਹੇ ਹਨ? ਸਰਕਾਰਾਂ ਦੇ ਰੋਕਥਾਮ ਕਰਨ ਦੇ ਨਾਲ ਨਾਲ ਮੌਤਾਂ ਦੀ ਗਿਣਤੀ ਫਿਰ ਕਿਉਂ ਵੱਧ ਰਹੀ ਹੈ? ਕੀ ਦੁਨੀਆਂ ਵਿੱਚ ਜਾਣ ਪਛਾਣ ਰੱਖਣ ਵਾਲਾ ਕੈਨੇਡਾ ਦਾ ਸਿਹਤ ਸੰਭਾਲ ਸਿਸਟਮ ਇੱਥੇ ਆ ਕੇ ਫੇਲ੍ਹ ਹੋ ਗਿਆ ਹੈ ਤੇ ਕਿਵੇਂ ?

ਅਸਲ ਵਿੱਚ ਡਰੱਗ ਕੁੱਝ ਪੌਦਿਆਂ ਤੋਂ ਪੈਦਾ ਹੋਣ ਵਾਲਾ ਰਸ ਹੀ ਹੈ ਜਿਸ ਨੂੰ ਖਾਣ ਨਾਲ ਮਨੁੱਖ ਕੁੱਝ ਸਮੇਂ ਲਈ ਅਵਚੇਤਨ ਸਥਿਤੀ ਵਿੱਚ ਵਿਚਰਨ ਲੱਗਦਾ ਹੈ ਅਤੇ ਆਪਣੇ ਆਪ ਨੂੰ ਚੰਗਾ ਮਹਿਸੂਸ ਕਰਵਾਉਣ ਲਈ (ਡਇਲ ਬਏਟਟਏਰ) ਆਪਣੇ ਸਾਰੇ ਦੁੱਖ-ਤਕਲੀਫ਼, ਫ਼ਿਕਰ-ਚਿੰਤਾਵਾਂ ਤੇ ਜ਼ਿੰਮੇਵਾਰੀਆਂ ਤੋਂ ਮੁਕਤ ਹੋ ਕੇ ਆਪਣੇ ਆਪ ਨੂੰ ਹੌਲ਼ਾ ਫੁੱਲ ਮਹਿਸੂਸ ਕਰਦਾ ਹੈ। ਇਹ ਪੌਦਿਆਂ ਤੋਂ ਪ੍ਰਾਪਤ ਹੋਣ ਵਾਲਾ ਨਸ਼ਾ ਕੁੱਝ ਸਮਾਂ ਅਸਰ ਕਰਕੇ ਫਿਰ ਮਨੁੱਖ ਸਾਧਾਰਣ ਸਥਿਤੀ ਵਿੱਚ ਆ ਜਾਂਦਾ ਹੈ, ਉਸਦਾ ਸਰੀਰ ਤੇ ਕੋਈ ਬਹੁਤਾ ਅਸਰ ਨਹੀਂ ਹੁੰਦਾ। ਜਿਸਤੋਂ ਸਪੱਸ਼ਟ ਹੈ ਕਿ ਭਾਰਤ ਵਿੱਚ ਅਫ਼ੀਮ ਖਾਣ ਵਾਲੇ ਲੋਕ ਆਪਣੇ ਆਪ ਨੂੰ ਤਕੜਾ ਮਹਿਸੂਸ ਕਰਕੇ ਵੱਧ ਕੰਮ ਕਰਦੇ ਸਨ ਅਤੇ ਲੰਬੀ ਉਮਰ ਵੀ ਭੋਗਦੇ ਸਨ। ਹੁਣ ਫਿਰ ਇਸ ਡਰੱਗ ਨੂੰ ਕੀ ਹੋ ਗਿਆ ਕਿ ਲੋਕ ਸਾਰੀ ਦੁਨੀਆਂ ਜਾਂ ਦੂਰ ਨਾ ਹੀ ਜਾਓ, ਕੈਨੇਡਾ ਜਾਂ ਇੰਡੀਆ ਦੀਆਂ ਨਿੱਤ ਦਿਨ ਦੀਆਂ ਖ਼ਬਰਾਂ ਵਿੱਚ ਅਨੇਕਾਂ ਲੋਕ ਮਰ ਰਹੇ ਹਨ ਕਿਉਂ? ਕੀ ਕਾਰਣ ਹਨ? ਇਸਦਾ ਸਿਰਾ ਲੱਭਣ ਵਿੱਚ ਕੀ ਸਰਕਾਰਾਂ ਨਾਕਾਮ ਸਿੱਧ ਹੋ ਰਹੀਆਂ ਹਨ? ਅਸਲ ਵਿੱਚ ਇਹ ਪੁਰਾਣੀ ਡਰੱਗ ਉਹ ਡਰੱਗ ਹੈ ਹੀ ਨਹੀਂ ਇਹ ਤਾਂ ਗੈਰਕਾਨੂੰਨੀ ਮਿਲਾਵਟੀ ਡਰੱਗ ਹੈ ਜਿਸ ਵਿੱਚ ਬਹੁਤ ਹੀ ਖ਼ਤਰਨਾਕ ਕਿਸਮ ਦੇ ਸਸਤੇ ਕੈਮੀਕਲ ਜੋ ਤੱਟ ਫੱਟ ਨਸ਼ਾ ਕਰ ਦੇਣ, ਨੂੰ ਮਿਲਾ ਕੇ ਬਣਾਈ ਜਾਂਦੀ ਹੈ ਅਤੇ ਗੈਰਕਾਨੂੰਨੀ ਢੰਗ ਨਾਲ ਸਟਰੀਟ ਡਰੱਗ ਦੇ ਰੂਪ ਵਿੱਚ ਵੇਚੀ ਜਾਂਦੀ ਹੈ। ਇਸ ਦੀ ਮਾਰ ਹੇਠ ਆਉਣ ਵਾਲੇ ਮੁਲਜ਼ਮ ਤਾਂ ਕੋਈ ਸਬੂਤ ਵੀ ਨਹੀਂ ਦੇ ਸਕਦੇ ਕਿ ਕਿੱਥੋਂ ਲਈ? ਕਿਉਂ ਲਈ? ਕਿਸਤੋਂ ਲਈ? ਆਦਿ ਕਿਉਂਕਿ ਇਹ ਸਣੇ ਸਬੂਤ ਦੇ ਹੀ ਜ਼ਿੰਦਗੀ ਨਿਗਲ਼ ਜਾਂਦੀ ਹੈ। ਫਿਰ ਵੀ ਧੜਾ ਧੜ ਵਿਕ ਰਹੀ ਹੈ, ਲੋਕ ਖਾ ਰਹੇ ਹਨ ਤੇ ਆਪਣੀ ਮੌਤ ਦੇ ਰੂਬਰੂ ਹੋ ਕੇ ਬਾਕੀ ਪਰਿਵਾਰ ਨੂੰ ਜਿਲ੍ਹਣ ਵਿੱਚ ਧੱਕ ਰਹੇ ਹਨ।ਹੋਰ ਕਿਸੇ ਸਿੱਟੇ ਤੇ ਪਹੁੰਚਣ ਤੋਂ ਪਹਿਲਾਂ ਮੈਂ ਕੁੱਝ ਪਿਛਲੇ ਸਾਲਾਂ ਦੇ ਸਰਕਾਰੀ ਅੰਕੜੇ ਤੁਹਾਡੇ ਨਾਲ ਸਾਂਝੇ ਕਰ ਰਹੀ ਹਾਂ ਕਿ ਬੀ.ਸੀ. ਵਿੱਚ ਇਹ ਮਿਲਾਵਟੀ ਗੈਰਕਾਨੂੰਨੀ ਡਰੱਗ ਖਾ ਕੇ 2014 ਵਿੱਚ 369 ਲੋਕ ਮਰੇ, ਫਿਰ 2015 ਵਿੱਚ ਇਹ ਗਿਣਤੀ 518 ਹੋ ਗਈ, 2016 ਵਿੱਚ 993 ਤੇ 2017 ਵਿੱਚ 43% ਵਾਧੇ ਦੇ ਨਾਲ ਇਹ 1422 ਹੋ ਗਈ ਸੀ। 2018 ਵਿੱਚ ਜਨਵਰੀ ਤੋਂ ਲੈ ਕੇ ਸਤੰਬਰ ਤੱਕ ਇਹ ਗਿਣਤੀ 1143 ਹੋ ਚੁੱਕੀ ਸੀ ਓਵਰਡੋਜ਼ ਨਾਲ ਮਰਨ ਵਾਲੇ ਵਿਅਕਤੀਆਂ ਲਈ 90% ਅੰਕੜੇ ਇਹ ਵੀ ਕਹਿ ਰਹੇ ਹਨ ਕਿ ਜਦੋਂ ਉਹ ਮਰੇ ਤਾਂ ਉਹ ਇਕੱਲੇ ਆਪਣੇ ਬੈਡਰੂਮ ਵਿੱਚ ਸਨ। ਇਸ ਵਰਤਾਰੇ ਹੇਠ ਅੰਕੜੇ ਇਹ ਵੀ ਕਹਿੰਦੇ ਹਨ ਕਿ 2018 ਵਿੱਚ ਫੈਂਟੇਨਲ ਨਾਲ 77.0%, ਕੋਕੇਨ ਨਾਲ 48.4%, ਮੈੱਥ ਨਾਲ 31.7%, ਈਥਲ ਅਲਕੋਹਲ ਨਾਲ 25.5%, ਹੈਰੋਇਨ ਨਾਲ 22.3% ਕੁੱਝ ਹੋਰ ਮਿਲਾਵਟੀ ਡਰੱਗਾਂ ਨਾਲ 15.8%, ਮੈਥਾਡੋਨ ਨਾਲ 6.4% ਅਤੇ ਹੋਰ ਡਰੱਗਾਂ ਨਾਲ 18.3% ਮੌਤਾਂ ਹੋਈਆਂ ਹਨ।ਇਸ ਤੋਂ ਅੰਦਾਜ਼ਾ ਲੱਗ ਰਿਹਾ ਹੈ ਕਿ ਇਹ ਘੱਟ ਨਹੀਂ ਰਹੀ ਸਗੋਂ ਵੱਧ ਰਹੀ ਹੈ। ਇਸ ਦੀ ਮਾਰ ਹੇਠ ਸਿਰਫ਼ ਨੌਜਵਾਨੀ ਹੀ ਨਹੀਂ ਸਗੋਂ ਹਰ ਉਮਰ ਤੇ ਵਧੀਆ ਕਿੱਤੇ ਦੇ ਪੜ੍ਹੇ ਲਿਖੇ ਲੋਕ ਵੀ ਆ ਰਹੇ ਹਨ।27 ਅਕਤੂਬਰ, 2018 ਨੂੰ ਗਲੋਬਲ ਨਿਊਜ਼ ਵਾਲਿਆਂ ਨੇ ਨਿਊਜ਼ ਦਿੱਤੀ ਕਿ ਫਰੇਜ਼ਰ ਹੈਲਥ ਵਲੋਂ ਨੌਰਥ ਸਰ੍ਹੀ ਵਿੱਚ ਚਿਤਾਵਨੀ ਦਿੱਤੀ ਗਈ ਸੀ ਕਿ 4 ਘੰਟਿਆਂ ਵਿੱਚ 12 ਬੰਦਿਆਂ ਦੀ ਓਵਰਡੋਜ਼ ਦੀ ਰਿਪੋਰਟ ਹੋਈ ਸੀ।

ਦਵਾਈਆਂ ਬਣਾਉਣ ਵਾਲੀਆਂ ਕੰਪਨੀਆਂ ਨੇ ਸਰਕਾਰਾਂ ਦੀ ਮਨਜ਼ੂਰੀ ਨਾਲ ਮੰਡੀ ਵਿੱਚ ਬਹੁਤ ਸਾਰੀਆਂ ਦਰਦ ਘਟਾਉਣ ਵਾਲੀਆਂ (pain killer) ਅਜਿਹੀਆਂ ਦਵਾਈਆਂ ਸਿੱਟ ਦਿੱਤੀਆਂ ਹਨ ਜੋ ਅਸਲੀ ਡਰੱਗ ਤੋਂ ਕਿਤੇ ਖ਼ਤਰਨਾਕ ਸਿੱਧ ਹੋ ਰਹੀਆਂ ਹਨ। ਪਹਿਲਾਂ ਪਹਿਲ ਡਾਕਟਰ ਦਰਦ ਘਟਾਉਣ ਦੀ ਵਜਾਹ ਨਾਲ ਲਿਖ ਕੇ ਦਿੰਦਾ ਹੈ ਪਰ ਬਾਅਦ ਵਿੱਚ ਮਰੀਜ਼ ਸਰੀਰਕ ਅਤੇ ਦਿਮਾਗੀ ਤੌਰ ਤੇ ਇਸ ਤਰ੍ਹਾਂ ਮਹਿਸੂਸ ਕਰਨ ਲੱਗ ਜਾਂਦਾ ਹੈ ਕਿ ਉਸਨੂੰ ਉਸ ਨਾਲ ਹੀ ਅਰਾਮ ਆ ਸਕਦਾ ਹੈ। ਜਦੋਂ ਡਾਕਟਰ ਦਵਾਈ ਬੰਦ ਕਰ ਦਿੰਦਾ ਹੈ ਤਾਂ ਉਹ ਬਾਹਰੋਂ ਜਾ ਕੇ ਸਟਰੀਟ ਡਰੱਗ ਖ਼੍ਰੀਦਦਾ ਹੈ। ਹੁਣ ਉਹ ਇਸਨੂੰ ਮਜ਼ਬੂਰੀ ਵਜੋਂ ਖਾਂਦਾ ਹੈ। ਸੋਚਣ ਵਾਲੀ ਗੱਲ ਇਹ ਵੀ ਹੈ ਕਿ ਲੋਕ ਡਰੱਗ ਖਾ ਖਾ ਕੇ ਕਿਉਂ ਮਰ ਰਹੇ ਹਨ? ਇਹ ਜਿੰਨਾ ਕਹਿਣਾ ਸੌਖਾ ਹੈ ਉਹਨਾਂ ਇਸ ਸਵਾਲ ਨੂੰ ਪੁਚਾਉਣਾ ਬਹੁਤ ਔਖਾ ਹੈ। ਕੌਣ ਚਹੁੰਦਾ ਹੈ ਕਿ ਉਹ ਮਰ ਜਾਵੇ? ਕਿਸਨੂੰ ਇਹ ਜ਼ਿੰਦਗੀ ਪਿਆਰੀ ਨਹੀਂ? ਪਰ ਹੋ ਇਹ ਰਿਹਾ ਹੈ ਕਿ ਇਨ੍ਹਾਂ ਅਣਆਈ ਮੌਤ ਮਰਨ ਵਾਲਿਆਂ ਨੂੰ ਕਮਰਿਆਂ ਵਿੱਚੋਂ ਚੱਕ ਕੇ ਓਵਰਡੋਜ਼ ਨਾਲ ਹੋਈ ਮੌਤ ਦਾ ਠੱਪਾ ਲਾ ਕੇ ਕ੍ਰਿਆ ਕਰਮ ਕਰ ਦਿੱਤਾ ਜਾਂਦਾ ਹੈ ਇਸਦਾ ਦੋਸ਼ੀ ਮਰਨ ਵਾਲੇ ਨੂੰ ਹੀ ਠਹਿਰਾਇਆ ਜਾਂਦਾ ਹੈ, ਕਿ ਉਹ ਨਾ ਖਾਂਦਾ। ਇਸ ਤਰ੍ਹਾਂ ਦੀਆਂ ਮਨੁੱਖਤਾ ਦੀਆਂ ਹੋਣ ਵਾਲੀਆਂ ਮੌਤਾਂ ਨੂੰ ਸਵੀਕਾਰਨਾ ਵੀ ਕੋਝੀ ਸਾਜ਼ਸ਼ ਦਾ ਹਿੱਸਾ ਹੀ ਹੈ। ਇਹਨਾਂ ਹੋ ਰਹੀਆਂ ਮੌਤਾਂ ਤੇ ਮੀਡੀਆ ਵੀ ਕੋਈ ਗੱਲ ਨਹੀਂ ਕਰਦਾ। ਅਸਲ ਵਿੱਚ ਹੁਣ ਤੱਕ ਡਰੱਗ ਦੀ ਮੁਸ਼ਕਲ ਨੂੰ ਸਿਹਤ ਦੀ ਮੁਸ਼ਕਲ ਨਹੀਂ ਸਮਝਿਆ ਜਾ ਰਿਹਾ ਸਗੋਂ ਇਸ ਨੂੰ ਜੁਰਮ ਦੀ ਕੜੀ ਵਜੋਂ ਹੀ ਸਮਝਿਆ ਜਾਂਦਾ ਹੈ।ਡਰੱਗ ਖਾਣ ਵਾਲਿਆਂ ਦੇ ਇਰਦ ਗਿਰਦ ਪੁਲੀਸ ਦੀ ਪਹਿਰੇਦਾਰੀ ਨੂੰ ਮੁੱਖ ਰੱਖ ਕੇ ਅੱਜ ਤੱਕ ਉਹਨਾਂ ਦੀਆਂ ਲਾਸ਼ਾਂ ਚੱਕਣ ਲਈ ਪੁਲੀਸ ਵਿੱਚ ਵਾਧਾ ਕਰਨ ਦੀਆਂ ਤਜਵੀਜ਼ਾਂ ਹੀ ਲਿਆਂਦੀਆਂ ਜਾ ਰਹੀਆਂ ਸਨ ਜਦਕਿ ਇਨ੍ਹਾਂ ਮਰੀਜ਼ਾਂ ਨੂੰ ਇਲਾਜ ਦੀ ਲੋੜ ਹੈ। ਨਸ਼ੇ ਦੀ ਲੱਤ ਵਾਲੇ ਲੋਕ ਦਿਮਾਗ਼ੀ ਅਸੰਤੁਲਨ ਦੇ ਮਰੀਜ਼ ਹਨ ਜਿਨ੍ਹਾਂ ਨੂੰ ਡਾਕਟਰੀ ਮੱਦਦ ਦੀ ਲੋੜ ਹੁੰਦੀ ਹੈ। ਸਰਕਾਰੀ ਅੰਕੜੇ ਵੀ ਇਹੀ ਦਰਸਾ ਰਹੇ ਹਨ ਕਿ ਵੈੱਲ ਫੇਅਰ ਭੁਗਤਾਨ ਵਾਲੇ ਹਫ਼ਤਿਆਂ ਵਿੱਚ ਮੌਤ ਦਰ 4.0% ਵਧੀ ਹੈ, ਇਹ ਵੀ ਸੋਚਣ ਵਾਲੀ ਗੱਲ ਹੈ ਕਿ ਜੇ ਕੁੱਝ ਲੋਕਾਂ ਦੀ ਸਰਕਾਰ ਵਲੋਂ ਮੱਦਦ ਕੀਤੀ ਜਾਂਦੀ ਹੈ, ਉਹ ਉਸਨੂੰ ਪੈਸੇ ਦੇ ਰੂਪ ਵਿੱਚ ਸਹੀ ਉਪਯੋਗ ਕਰਨ ਦੇ ਯੋਗ ਹਨ ਜਾਂ ਨਹੀਂ। ਇਸ ਬਾਰੇ ਵੀ ਧਿਆਨ ਰੱਖਣਾ ਸਰਕਾਰ ਦਾ ਕੰਮ ਹੈ। ਕੁੱਝ ਦਿਨ ਪਹਿਲਾਂ ਇਹ ਖ਼ਬਰ ਨਸ਼ਰ ਹੋਈ ਸੀ ਕਿ ਹੁਣ ਡਰੱਗ ਓਵਰਡੋਜ਼ ਦਾ ਰੁਝਾਨ ਬਿਲਡਿੰਗਾਂ ਬਣਾਉਣ ਵਾਲੇ ਕਾਮਿਆਂ ਵਿੱਚ 13% ਪਾਇਆ ਗਿਆ ਹੈ। ਇਸ ਦਾ ਕਾਰਣ ਮੇਰੀਆਂ ਨਜ਼ਰਾਂ ਵਿੱਚ ਇਹ ਹੈ ਕਿ ਲੋਕਾਂ ਦੀਆਂ ਆਰਥਿਕ ਪੱਖੋਂ ਹਾਲਤਾਂ ਦਿਨੋ ਦਿਨ ਨਿੱਘਰਦੀਆਂ ਜਾ ਰਹੀਆਂ ਹਨ। ਮਹਿੰਗਾਈ ਦੇ ਕਾਰਣ ਲੋਕਾਂ ਦੇ ਖ਼ਰਚੇ ਦਿਨੋ ਦਿਨ ਵੱਧ ਰਹੇ ਹਨ ਪਰ ਉਹਨਾਂ ਦੀਆਂ ਤਨਖਾਹਾਂ ਵਿੱਚ ਵਾਧਾ ਨਾ ਮਾਤਰ ਹੀ ਹੈ ਸੋ ਇਹ ਕਾਮੇ 12-12, 14-14 ਘੰਟੇ ਸਖ਼ਤ ਕੰਮ ਕਰਦੇ ਹਨ ਤੇ ਥੱਕੇ ਟੁੱਟੇ ਸਰੀਰ ਨੂੰ ਅਰਾਮ ਦੇਣ ਲਈ ਨਸ਼ੇ ਦੀ ਵਰਤੋਂ ਕਰਦੇ ਹਨ ਅਤੇ ਦੂਜੇ ਪਾਸੇ ਜ਼ਿਆਦਾ ਕੰਮ ਕਰਨ ਲਈ, ਬਹੁਤਾ ਸਮਾਂ ਜਾਗਣ ਲਈ ਅਤੇ ਤਕੜਾ ਮਹਿਸੂਸ ਕਰਨ ਲਈ ਕਰੈਕ ਵਰਗੀਆਂ ਡਰੱਗਾਂ ਦੀ ਹੈਲਪ ਵੀ ਲੈਂਦੇ ਹਨ।ਅੰਤ ਵਿੱਚ ਮਿਲਾਵਟੀ ਡਰੱਗ ਦੇ ਧੱਕੇ ਚੜ੍ਹ ਕੇ ਸਦਾ ਦੀ ਨੀਂਦ ਸੌਂ ਜਾਂਦੇ ਹਨ।ਅਸਲ ਵਿੱਚ ਪਿਛਲੇ 15-20 ਸਾਲਾਂ ਤੋਂ ਇੱਥੇ ਡਰੱਗ ਕਲਚਰ ਪੈਦਾ ਕੀਤਾ ਜਾ ਰਿਹਾ ਸੀ ਜਿਸਦਾ ਸਿੱਟਾ ਸਾਡੇ ਸਾਹਮਣੇ ਹੈ।

ਦੂਸਰਾ ਸਵਾਲ ਸੀ ਕਿ ਇਸ ਸਭ ਕੁੱਝ ਦੇ ਪਿੱਛੇ ਕਿਹੜੀਆਂ ਤਾਕਤਾਂ ਹਨ। ਉਹ ਲੋਕ ਜੋ ਸਿਰਫ਼ ਤੇ ਸਿਰਫ਼ ਨਿੱਜਵਾਦੀ ਸੋਚ ਦੇ ਮੁਦੱਈ ਹਨ ਤੇ ਆਪਣੇ ਬਾਰੇ ਹੀ ਸੋਚਦੇ ਹਨ, ਉਹਨਾਂ ਨੂੰ ਦੂਸਰੇ ਦੇ ਹਿਤਾਂ ਨਾਲ ਕੋਈ ਸਰੋਕਾਰ ਨਹੀਂ ਹੁੰਦਾ ਉਹ ਆਪਣੇ ਮੁਨਾਫ਼ੇ ਲਈ, ਇਸ ਸਮੇਂ ਦਾ ਫਾਇਦਾ ਉਠਾ ਕੇ ਡਰੱਗਾਂ ਵਿੱਚ ਗੈਰਕਾਨੂੰਨੀ ਤੌਰ ਤੇ ਮਿਲਾਵਟ ਕਰਕੇ ਅਤੇ ਗੈਰਕਾਨੂੰਨੀ ਹੀ ਇਸਦੀ ਵਿਕਰੀ ਕਰਕੇ ਮਹਿੰਗੇ ਭਾਅ ਤੇ ਚੋਰੀ ਵੇਚ ਕੇ ਮਾਲਾ ਮਾਲ ਹੋ ਰਹੇ ਹਨ। ਚਾਹੇ ਡਰੱਗ ਦੇ ਤਸਕਰ ਹੋਣ ਜਾਂ ਦਵਾਈਆਂ ਬਣਾਉਣ ਵਾਲੀਆਂ ਕੰਪਨੀਆਂ। ਇਹ ਸਿਰਫ਼ ਇਕੱਲੇ ਕੈਨੇਡਾ, ਅਮਰੀਕਾ ਜਾਂ ਇੰਡੀਆ ਵਿੱਚ ਹੀ ਨਹੀਂ ਇਹ ਧੰਦਾ ਤਾਂ ਸਾਰੇ ਸੰਸਾਰ ਵਿੱਚ ਚੱਲ ਰਿਹੈ ਤੇ ਚਲਾਉਣ ਵਾਲੇ ਵੀ ਉਹੀ ਮੁੱਠੀ ਭਰ ਲੋਕ ਹਨ ਜੋ ਦੁਨੀਆਂ ਦੀ ਸਾਰੀ ਸੰਪਤੀ ਦੇ ਮਾਲਕ ਬਣੇ ਬੈਠੇ ਹਨ ਤੇ ਆਮ ਲੋਕ ਦੋ ਵੇਲੇ ਦੀ ਰੋਟੀ ਲਈ ਵੀ ਤਰਸਦੇ ਹਨ। ਇਨ੍ਹਾਂ ਦੀ ਬਦੌਲਤ ਹੀ ਮਨੁੱਖਤਾ ਵਿੱਚ ਦੌਲਤ ਦੀ ਕਾਣੀ ਵੰਡ ਦਿਨੋ ਦਿਨ ਵੱਧ ਰਹੀ ਹੈ। ਇਹ ਲੋਕ ਨੌਜਵਾਨ ਬੱਚਿਆਂ ਨੂੰ ਬਹੁਤੇ ਪੈਸੇ ਕਮਾਉਣ ਦਾ, ਦਿਨਾਂ ਵਿੱਚ ਅਮੀਰ ਹੋਣ ਦਾ, ਬਾਕੀ ਸੰਗੀ ਸਾਥੀਆਂ ਵਿੱਚ ਬੱਲੇ ਬੱਲੇ ਕਰਵਾਉਣ ਦਾ ਅਤੇ ਹਥਿਆਰ ਦਿਖਾ ਕੇ ਰੋਹਬ ਪਾਉਣ ਵਰਗੇ ਢਕਵੰਜ਼ ਵਰਤ ਕੇ ਉਹਨਾਂ ਤੋਂ ਇਸਦੀ ਵਿਕਰੀ ਵੀ ਕਰਵਾ ਰਹੇ ਹਨ ਤੇ ਪਹਿਲਾਂ ਪਹਿਲ ਫਰੀ ਡਰੱਗ ਦੇ ਕੇ ਨਸ਼ਈ ਪੈਦਾ ਕਰਨ ਵਿੱਚ ਵੀ ਆਪਣਾ ਰੋਲ਼ ਅਦਾ ਕਰ ਰਹੇ ਹਨ। ਅਸਲ ਵਿੱਚ ਇਹ ਕਿੱਤਾ ਡੀਮਾਂਡ ਤੇ ਸਪਲਾਈ ਦਾ ਹੈ। ਪਹਿਲਾਂ ਮੰਗ ਪੈਦਾ ਕੀਤੀ ਜਾਂਦੀ ਹੈ ਤੇ ਨਾਲ ਹੀ ਸਪਲਾਈ ਦਿੱਤੀ ਜਾਂਦੀ ਹੈ, ਇਹ ਨਾਲੋ ਨਾਲ ਚੱਲ ਕੇ ਇੱਕ ਦੂਜੇ ਨੂੰ ਤਕੜਾ ਕਰਦੇ ਹਨ।

ਹੁਣ ਆ ਜਾਂਦੀ ਹੈ ਗੱਲ ਕਿ ਸਰਕਾਰ ਵਲੋਂ ਕੀਤੀ ਜਾਂਦੀ ਰੋਕਥਾਮ ਦੇ ਬਾਵਜੂਦ ਇਹ ਮੌਤਾਂ ਦੀ ਗਿਣਤੀ ਵੱਧ ਕਿਉਂ ਰਹੀ ਹੈ। ਹਾਂ ਕੁੱਝ ਕੁ ਕਲੀਨਿਕ ਖੋਲ੍ਹੇ ਗਏ ਹਨ ਜਿਨ੍ਹਾਂ ਵਿੱਚ ਸੁਰਖਿੱਅਤ ਟੀਕੇ ਜਾਂ ਸੂਈਆਂ ਦੀ ਵਰਤੋਂ ਕਰਵਾਈ ਜਾ ਰਹੀ ਹੈ ਪਰ ਮੌਤਾਂ ਦੇ ਹਿਸਾਬ ਨਾਲ ਇਹ ਕਾਫ਼ੀ ਨਹੀਂ। ਦੂਸਰੇ ਪਾਸੇ ਗੈਰਕਾਨੂੰਨੀ ਧੰਦੇ ਵਾਲੇ ਤਾਂ ਹਰ ਮੋੜ, ਹਰ ਗਲ਼ੀ, ਹਰ ਕਸਬੇ, ਹਰ ਪਿੰਡ, ਹਰ ਸ਼ਹਿਰ ਵਿੱਚ ਸੌਖੇ ਤੋਂ ਸੌਖੇ ਤਰੀਕੇ ਨਾਲ ਇਹ ਜ਼ਹਿਰ ਲੋਕਾਂ ਦੇ ਢਿੱਡਾਂ ਵਿੱਚ ਤੁੰਨਣ ਦੀ ਕੋਸ਼ਿਸ਼ ਵਿੱਚ ਹਨ ਫਿਰ ਛੋਟੇ ਮੋਟੇ ਉਪਰਾਲੇ ਕੀ ਕਰਨਗੇ।ਸੁਣਨ ਵਿੱਚ ਆਇਆ ਹੈ ਕਿ ਬੀ. ਸੀ. ਦੀ ਐਨ. ਡੀ. ਪੀ. ਸਰਕਾਰ ਨੇ ਕੁੱਝ ਦਵਾਈਆਂ ਬਣਾਉਣ ਵਾਲੀਆਂ ਕੰਪਨੀਆਂ ਦੁਆਲੇ ਵੀ ਕਾਨੂੰਨਨ ਸਿਕੰਜ਼ਾ ਕਸਣ ਬਾਰੇ ਖ਼ਬਰ ਦਿੱਤੀ ਸੀ ਪਰ ਲੋਕ ਅੱਜ ਮਰ ਰਹੇ ਹਨ, ਫਿਰ ਕੈਨੇਡਾ ਦੀਆਂ ਕੋਰਟ ਕਚਹਿਰੀਆਂ ਇਹਦਾ ਕਦੋਂ ਫੈਸਲਾ ਕਰਨਗੀਆਂ, ਕਹਿ ਨਹੀਂ ਸਕਦੇ। ਨਾਲੇ ਲੋਹੜੇ ਦਾ ਮੁਨਾਫ਼ਾ ਕਮਾਉਣ ਵਾਲੀਆਂ ਕੰਪਨੀਆਂ ਕੇਸਾਂ ਨੂੰ ਘਸੀਟ ਘਸੀਟ ਕੇ ਕਿੱਥੇ, ਕਿੰਨੇ ਸਾਲਾਂ ਤੇ ਲਿਜਾ ਸਕਦੀਆਂ ਹਨ, ਕੋਈ ਇਲਮ ਨਹੀਂ। ਪਿਛਲੇ ਦਿਨਾਂ ਵਿੱਚ ਇਹ ਵੀ ਖ਼ਬਰ ਆ ਰਹੀ ਸੀ ਕਿ ਓਵਰਡੋਜ਼ ਨਾਲ ਮਰ ਰਹੇ ਲੋਕਾਂ ਦੀ ਮੌਤ ਦਾ ਕਾਰਣ ਚੀਨ ਤੋਂ ਆ ਰਹੀ ਫੈਂਟੇਨਲ ਕਰਕੇ ਹੈ। ਸਿਰਫ਼ ਇਹ ਕਹਿ ਕੇ ਸਰਕਾਰ ਸੁਰਖ਼ਰੂ ਨਹੀਂ ਹੋ ਸਕਦੀ ਕਿ ਚੀਨ ਜ਼ਿੰਮੇਵਾਰ ਹੈ ਸਾਡੀਆਂ ਜਾਨਾਂ ਦਾ। ਕੈਨੇਡਾ ਦੇ ਲੋਕ ਟੈਕਸ ਭਰ ਭਰ ਕੇ ਜਾਨਾਂ ਦੀ ਸੁੱਰਖਿਅਤਾਂ ਦੀ ਵਾਗਡੋਰ ਸਰਕਾਰਾਂ ਹੱਥ ਇਸ ਲਈ ਦਿੰਦੇ ਹਨ ਕਿ ਉਹ ਦੇਸ਼ ਨੂੰ ਵਧੀਆ ਤਰੀਕੇ ਨਾਲ ਚਲਾਉਣ ਤੇ ਉਹਨਾਂ ਦੇ ਜਾਨ ਮਾਲ ਦੀ ਰਾਖੀ ਵੀ ਕਰਨ। ਜੇ ਸਾਡੇ ਦੇਸ਼ ਵਿੱਚ ਗੈਰਕਾਨੂੰਨੀ ਤੌਰ 'ਤੇ ਡਰੱਗ ਬਾਹਰੋਂ ਦਾਖ਼ਲ ਹੋ ਰਹੀ ਹੈ, ਇਹ ਵੀ ਸਰਕਾਰਾਂ ਦੀ ਨਾਕਾਮੀ ਦਾ ਸਿੱਟਾ ਹੈ ਕਿ ਉਹ ਇਸਨੂੰ ਆਉਣੋਂ ਰੋਕ ਕਿਵੇਂ ਨਹੀਂ ਸਕਦੇ ?

ਕੈਨੇਡਾ ਦੇ ਸਿਹਤ ਸੰਭਾਲ ਦੇ ਸਿਸਟਮ ਨੂੰ ਚੰਗਾ ਮੰਨਿਆ ਜਾਂਦਾ ਸੀ ਪਰ ਇਸਦੀ ਹਾਲਤ ਵੀ ਦਿਨੋ ਦਿਨ ਖਸਤਾ ਹੋ ਰਹੀ ਹੈ। ਹਸਪਤਾਲਾਂ ਵਿੱਚ ਭੀੜਾਂ ਦੇਖ ਕੇ ਲੱਗਦਾ ਹੈ ਕਿ ਜਿੰਨੀ ਇੱਥੇ ਲੋਕਾਂ ਦੀ ਜਨਸੰਖਿਆ ਵਧੀ ਹੈ ਉਸ ਮੁਤਾਬਕ ਹਸਪਤਾਲਾਂ ਵਿੱਚ ਸੇਵਾਵਾਂ ਨਾਮਾਤਰ ਵਧੀਆਂ ਹਨ। ਮਾਨਸਿਕ ਪੀੜਾ ਦੇ ਮਰੀਜ਼ਾਂ ਨੂੰ ਹਸਪਤਾਲਾਂ ਵਿੱਚ ਬਹੁਤ ਘੱਟ ਦਾਖਲ ਕੀਤਾ ਜਾਂਦਾ ਹੈ। ਡਾਕਟਰਾਂ ਦੇ ਦਫ਼ਤਰਾਂ ਦੀਆਂ ਭੀੜਾਂ ਦੱਸਦੀਆਂ ਹਨ ਕਿ ਡਾਕਟਰਾਂ ਦੀ ਵੀ ਬਹੁਤ ਘਾਟ ਹੈ। ਹਰ ਟੈਸਟ ਲਈ ਲੰਮੀ ਉਡੀਕ ਕਰਨੀ ਪੈਂਦੀ ਹੈ। ਇਹ ਇਸ ਲਈ ਹੈ ਕਿ ਪਿਛਲੇ ਸਮੇਂ ਵਿੱਚ ਸਰਕਾਰਾਂ ਨੇ ਜੋ ਦੋ ਚੀਜ਼ਾਂ ਦੇਸ਼ ਦੇ ਸ਼ਹਿਰੀਆਂ ਲਈ ਮਹੱਤਵਪੂਰਣ ਹਨ ਇੱਕ ਐਜੂਕੇਸ਼ਨ ਤੇ ਦੂਸਰੀ ਸਿਹਤ ਸੰਭਾਲ, ਇਹਨਾਂ ਤੇ ਸਭ ਤੋਂ ਵੱਧ ਕੱਟ ਤੇ ਕੱਟ ਲਾਏ ਹਨ। ਸਰ੍ਹੀ ਸ਼ਹਿਰ ਵਿੱਚ ਉਹੀ ਸੰਨ 1959 ਦਾ ਬਣਿਆ ਹਸਪਤਾਲ ਹੈ ਜੇ ਕੋਈ ਜ਼ਿਆਦਾ ਐਮਰਜੈਂਸੀ ਹੁੰਦੀ ਹੈ ਤਾਂ ਉਦੋਂ ਹੀ ਰੋਇਲ ਕਲੰਬੀਅਨ ਜਾਂ ਵੈਨਕੂਵਰ ਦੇ ਹਸਪਤਾਲਾਂ ਵਿੱਚ ਮਰੀਜ਼ਾਂ ਨੂੰ ਸ਼ਿਫਟ ਕੀਤਾ ਜਾਂਦਾ ਹੈ।

ਅੰਤ ਵਿੱਚ ਕਹਿ ਸਕਦੇ ਹਾਂ ਕਿ ਜੋ ਲੋਕ ਇਸ ਦਲਦਲ ਵਿੱਚ ਖੁੱਭ ਰਹੇ ਹਨ, ਉਹ ਮਾਨਸਿਕ ਤੌਰ ਤੇ ਬਿਮਾਰ ਹਨ, ਉਹਨਾਂ ਨੂੰ ਸਮਾਜ ਤੇ ਸਰਕਾਰ ਵਲੋਂ ਬਹੁਤ ਹੀ ਹਮਦਰਦੀ ਵਾਲਾ ਵਰਤਾਓ ਕਰਕੇ ਵਿਊਂਤਵੱਧ ਤਰੀਕੇ ਨਾਲ ਇਨ੍ਹਾਂ ਦਾ ਇਲਾਜ ਹੋਣਾ ਚਾਹੀਦਾ ਹੈ ਤਾਂ ਕਿ ਇਹ ਆਪਣੇ ਆਪ ਨੂੰ ਨੀਵਾਂ ਨਾ ਮਹਿਸੂਸ ਕਰਨ। ਜਿਵੇਂ ਸਰੀਰਕ ਅੰਗਾਂ ਦੀ ਟੁੱਟ ਭੱਜ ਦਾ ਇਲਾਜ ਜੋ ਦੂਸਰਿਆਂ ਨੂੰ ਦਿਸਦਾ ਹੈ ਕੀਤਾ ਜਾਂਦਾ ਹੈ ਉਸੇ ਤਰ੍ਹਾਂ ਇਹ ਦਿਮਾਗੀ ਤੌਰ 'ਤੇ ਬਿਮਾਰ ਵਿਅਕਤੀਆਂ ਦੇ ਇਲਾਜ ਦਾ ਖਾਸ ਖਿਆਲ ਰੱਖਣਾ ਚਾਹੀਦਾ ਹੈ। ਜਿਹੜੇ ਲੋਕ ਵੱਧ ਖਤਰੇ (High Risk) ਜਾਂ ਪਹਿਲਾਂ ਹੀ ਡਰੱਗ ਵਰਤ ਰਹੇ ਹਨ ਉਹਨਾਂ ਨੂੰ ਇਸ ਦੇ ਬਾਰੇ ਦੱਸਣਾ ਬਹੁਤ ਜ਼ਰੂਰੀ ਹੈ। ਆਮ ਲੋਕਾਂ ਵਿੱਚ, ਸਕੂਲਾਂ ਵਿੱਚ ਤੇ ਸਟਰੀਟਾਂ ਤੇ ਡਰੱਗ ਬਾਰੇ ਜਾਣਕਾਰੀ ਦੇਣ ਲਈ Harm reduction ਲਈ ਡਰੱਗ ਟੈਸਟ ਸਟਰਿੱਪਸ ਤੇ ਨਾਰਕੈਨ ਕਿਟਸ ਸਰਕਾਰ ਵਲੋਂ ਮੁਹੱਈਆ ਕਰਵਾਉਣੀਆਂ ਚਾਹੀਦੀਆਂ ਹਨ ਅਤੇ ਸਓਡਇਰ_ਸਇ ਲਈ ਵੀ ਉਪਰਾਲੇ ਕਰਨੇ ਚਾਹੀਦੇ ਹਨ ਕਿ ਇਹਨਾਂ ਨੂੰ ਵਰਤਣਾ ਕਿਵੇਂ ਹੈ। ਹੋਰ supervised injection sites, treatment center, treatment programme, counselling and resources ਦੀ ਗਿਣਤੀ ਵਧਾਉਣੀ ਚਾਹੀਦੀ ਹੈ ਅਤੇ ਇਹ ਸਭ ਸੌਖੇ ਤਰੀਕੇ ਨਾਲ ਲੋਕਾਂ ਦੀ ਪਹੁੰਚ ਦੇ ਨੇੜੇ ਹੋਣੇ ਚਾਹੀਦੇ ਹਨ। ਜਿਵੇਂ ਕਿ ਕਈ ਟਰੀਟਮੈਂਟ ਸੈਂਟਰਾਂ ਦੀ ਸ਼ਰਤ ਹੈ ਕਿ ਵਿਅਕਤੀ ਨੂੰ 30 ਦਿਨ ਡਰੱਗ ਫਰੀ ਹੋਣਾ ਚਾਹੀਦਾ ਹੈ, ਫਿਰ ਉਹ ਦਾਖਲ ਕਰਦੇ ਹਨ। ਇਸ ਸ਼ਰਤ ਤੇ ਕਾਇਮ ਰਹਿਣਾ ਬਹੁਤ ਹੀ ਔਖਾ ਹੈ ਕਿਉਂਕਿ ਇਸ ਲੱਤ ਵਾਲੇ ਵਿਅਕਤੀ ਦੀ ਅਗਰ ਹੋਰ ਸਪੋਰਟ ਨਹੀ ਹੈ ਉਹ ਕਿਵੇਂ ਆਪਣੀ ਇੱਛਾ ਸ਼ਕਤੀ ਨੂੰ ਐਨੇ ਸਮੇਂ ਲਈ ਕੰਟਰੋਲ ਕਰ ਸਕਦਾ ਹੈ। ਅਜਿਹੇ ਵਿਅਕਤੀ ਨੂੰ 24 ਜਾਂ 72 ਘੰਟੇ ਦੇ ਵਿੱਚ ਵਿੱਚ ਸਪੋਰਟ ਮਿਲਣੀ ਚਾਹੀਦੀ ਹੈ। ਇੱਥੇ ਹੋਰ ਟਰੀਟਮੈਂਟ ਸੈਂਟਰ ਖੋਲ੍ਹਣੇ ਚਾਹੀਦੇ ਹਨ ਅਤੇ ਹੋਰ ਬੈੱਡ ਵੀ ਵਧਾਉਣੇ ਚਾਹੀਦੇ ਹਨ। ਬੀ. ਸੀ. ਵਿੱਚ ਕਾਫੀ ਸਾਰੇ ਪ੍ਰਾਈਵੇਟ ਟਰੀਟਮੈਂਟ ਸੈਂਟਰ ਹਨ ਪਰ ਉਹ ਬਹੁਤ ਮਹਿੰਗੇ ਹਨ ਜੋ ਆਮ ਲੋਕਾਂ ਦੀ ਪਹੁੰਚ ਤੋਂ ਬਾਹਰ ਹਨ। ਆਮ ਲੋਕਾਂ ਨੂੰ ਸੰਕਟ ਗ੍ਰਸਤ ਤੇ ਹਾਦਸਾ ਗ੍ਰਸਤ ਲੋਕਾਂ ਨਾਲ ਮਿਲ ਕੇ ਇਕੱਠੇ ਹੋ ਕੇ ਪਹਿਲਕਦਮੀ ਨਾਲ ਇੱਕ ਸਮਝ ਬਣਾ ਕੇ ਸਰਕਾਰਾਂ ਤੇ ਦਬਾਅ ਪਾਉਣਾ ਚਾਹੀਦਾ ਹੈ ਕਿ ਉਹ ਇਸ ਗੈਰਕਾਨੂੰਨੀ ਮਿਲਣ ਵਾਲੀ ਡਰੱਗ ਦਾ ਜਲਦੀ ਤੋਂ ਜਲਦੀ ਹੱਲ ਲੋਕਾਂ ਵਿੱਚ ਪੇਸ਼ ਕਰਨ। ਸਾਨੂੰ ਵੀ ਮੰਡੀ ਵਿੱਚ ਆਈ ਹਰ ਚੀਜ਼ ਨੂੰ ਜੀ ਆਇਆਂ ਕਹਿਣ ਤੋਂ ਪਹਿਲਾਂ ਆਪਣੀ ਸਮਝ ਤੋਂ ਕੰਮ ਲੈਣਾ ਚਾਹੀਦਾ ਹੈ।



# ਤਵਾਰੀਖ ਦੇ ਪੰਨਿਆਂ ਵਿਚ ਮਹਿਕਦਾ ਗੁਲਾਬ : ਬੀਬੀ ਮੁਮਤਾਜ



**ਸਰਬਜੀਤ ਸੋਹੀ, ਆਸਟਰੇਲੀਆ**

ਇਤਿਹਾਸ ਦੇ ਪਤਰੇ ਫਰੋਲਦਿਆਂ ਅਨੇਕਾਂ ਅਜਿਹੇ ਪ੍ਰਸੰਗ ਆਉਂਦੇ ਹਨ, ਜਦੋਂ ਫਿਰਕੂ ਵੰਡਾਂ ਤੋਂ ਉਪਰ ਉੱਠ ਕੇ ਜੀਣ ਵਾਲਿਆਂ ਨੇ ਮਨੁੱਖਤਾ ਲਈ ਅਨੋਖੀ ਮਿਸਾਲ ਪੈਦਾ ਕੀਤੀ ਹੋਵੇ। ਗੁਰੂ ਗੋਬਿੰਦ ਸਿੰਘ ਜੀ ਦੁਆਰਾ ਲੜੇ ਗਏ ਜਾਨਹੂਲਵੇਂ ਸੰਘਰਸ਼ ਨੂੰ ਸਾਧਾਰਨ ਸਮਝ ਵਾਲੇ ਲੋਕ ਮੁਗਲ/ਸਿੱਖ ਵਿਰੋਧ ਜਾਂ ਗੁਰੂ ਜੀ/ਹਿੰਦੂ ਰਾਜੇ ਮੁਖਾਲਿਫ਼ਤ ਅਨੁਸਾਰ ਵਾਚਦੇ ਹੋਏ, ਇਸ ਨੂੰ ਇਕ ਧਰਮ ਦੀ ਰਾਖੀ ਲਈ ਕੀਤੇ ਗਏ ਸੰਗਰਾਮ ਤੱਕ ਸੀਮਤ ਕਰ ਦਿੰਦੇ ਹਨ। ਇਸਲਾਮ ਧਾਰਨ ਕਰਨ ਦੀ ਸ਼ਰਤ ਤਾਂ ਇਕ ਬਹਾਨਾ ਹੈ, ਜਦ ਕਿ ਰਾਜ-ਸੱਤਾ ਅਤੇ ਜਗੀਰਦਾਰੀ ਪ੍ਰਬੰਧ ਵਿਚ ਸਰਦਾਰੀਆਂ ਮਾਣਦੇ ਲੋਕ ਸਦੀਆਂ ਤੋਂ ਦੱਬੇ-ਕੁਚਲੇ ਲੋਕਾਂ ਨੂੰ ਸ਼ਸ਼ਤਰਬੱਧ ਹੋਏ ਦੇਖਕੇ ਭੈਭੀਤ ਹੋ ਜਾਂਦੇ ਹਨ। ਪਹਾੜੀ ਰਾਜਿਆਂ ਲਈ ਖਾਲਸੇ ਪੰਥ ਦੀ ਸਾਜਨਾ ਉਨ੍ਹਾਂ ਦੀ ਅਖੌਤੀ ਜਾਤੀ ਸ਼੍ਰੇਸਟਤਾ ਨੂੰ ਚੁਣੌਤੀ ਹੈ। ਪ੍ਰਚਲਿਤ ਰਾਜਨੀਤਿਕ ਸਮੀਕਰਣਾਂ ਤੋਂ ਹੱਟ ਕੇ ਗੁਰੂ ਸਾਬ ਦਾ ਭਾਰਤ ਦੇ ਨਕਸ਼ੇ ਤੇ ਉਭਾਰ ਸਥਾਪਤੀ ਨੂੰ ਕਿਵੇਂ ਮਨਜ਼ੂਰ ਹੋ ਸਕਦਾ ਸੀ।

ਸਮੁੱਚੇ ਸਿੱਖ ਇਤਹਾਸ ਵਿਚ ਅਜਿਹੇ ਨਾਇਕਾਂ ਦੀ ਭਰਵੀਂ ਹਾਜ਼ਰੀ ਗੁਰਮਤਿ ਫਲਸਫੇ ਦੇ ਸਰਬ ਵਿਆਪੀ ਅਤੇ ਖਾਲਸਾਈ ਅਸੂਲਾਂ ਦੇ ਸਮਾਜਵਾਦੀ ਸਵਰੂਪ ਤੋਂ ਵਾਕਫ਼ ਕਰਵਾਉਂਦੀ ਹੈ। ਜਬਰ-ਜ਼ੁਲਮ ਦੇ ਖਿਲਾਫ਼ ਫਿਰਕੂ ਹਾਸ਼ੀਏ ਤੋਂ ਬਾਹਰ ਨਿਕਲ ਕੇ ਲੜਣ ਵਾਲੇ ਗੁਰੂ ਦੇ ਮੁਰੀਦ ਚਿੰਨਾਤਮਕ ਸਿੱਖੀ ਤੋਂ ਮੁਕਤ ਹੋ ਕੇ ਸਿੱਖੀ ਦਾ ਅਸਲ ਮੰਤਵ ਸਪੱਸ਼ਟ ਕਰਦੇ ਹਨ। ਖਾਲਸੇ ਦੇ ਉਥਾਨ ਅਤੇ ਉਭਾਰ ਵਿੱਚ ਸਰਵਹਾਰਾ ਵਰਗ ਦੀ ਸ਼ਮੂਲੀਅਤ ਸਮਕਾਲੀਨ ਹਾਲਤਾਂ ਵਿੱਚ ਇਕ ਇਨਕਲਾਬੀ ਬਦਲਾਅ ਸੀ। ਇਹ ਪੂਰੀ ਤਰਾਂ ਜਾਤੀ ਅਤੇ ਧਰਮ ਦੇ ਵਖਰੇਵਿਆਂ ਤੋਂ ਮੁਕਤ ਸੀ। ਇਤਿਹਾਸ ਨੂੰ ਸੰਕੀਰਣ ਨਜ਼ਰੀਏ ਦੀ ਐਨਕ ਲਾ ਕੇ ਪੜਣ ਵਾਲਿਆਂ ਨੂੰ ਇਹ ਯਾਦ ਰੱਖਣਾ ਪਵੇਗਾ ਕਿ ਅਗਰ ਇਕ ਹਿੰਦੂ 'ਗੰਗੂ' ਗੁਰੂ ਪਰਿਵਾਰ ਨਾਲ ਕੁੱਝ ਅਸ਼ਰਫ਼ੀਆਂ ਲਈ ਧ੍ਰੋਹ ਕਰਦਾ ਹੈ ਤਾਂ ਦੂਸਰਾ ਹਿੰਦੂ ਦੀਵਾਨ 'ਟੋਡਰ ਮੱਲ' ਸਾਹਿਬਜ਼ਾਦਿਆਂ ਦੇ ਅੰਤਿਮ ਸੰਸਕਾਰ ਲਈ ਅਸ਼ਰਫੀਆਂ ਦਾ ਅੰਬਾਰ ਲਾ ਦਿੰਦਾ ਹੈ। ਅਗਰ ਇਕ ਮੁਸਲਮਾਨ 'ਕਾਲੇ ਖਾਨ ਪਠਾਣ' ਗੁਰੂ ਸਾਬ ਨਾਲ ਗੱਦਾਰੀ ਕਰਦਾ ਹੈ ਤਾਂ ਦੂਜਾ ਮੁਸਲਮਾਨ 'ਪੀਰ ਬੁੱਧੂ ਸ਼ਾਹ' ਰਣ ਖੇਤਰ ਵਿਚ ਪੁੱਤ-ਪੋਤਰਿਆਂ ਦੀ ਕੁਰਬਾਨੀ ਦੇਣ ਲੱਗਾ ਭੋਰਾ ਵੀ ਥਿੜਕਦਾ ਨਹੀਂ। ਇਕ ਪਾਸੇ ਮੁਸਲਮਾਨ 'ਨਬੀ ਖਾਨ ਤੇ ਗਨੀ ਖਾਨ' ਗੁਰੂ ਸਾਬ ਨੂੰ ਉੱਚ ਦਾ ਪੀਰ ਬਣਾ ਕੇ ਸੁਰੱਖਿਅਤ ਰਾਹ ਬਣਾਉਦੇ ਹਨ, ਜਦਕਿ ਦੂਜੇ ਪਾਸੇ ਮਾਲਵੇ ਦੇ 'ਬਰਾੜ ਸਿੱਖ' ਤਨਖਾਹਾਂ ਲਈ ਗੁਰੂ ਗੋਬਿੰਦ ਸਿੰਘ ਦਾ ਰਾਹ ਰੋਕ ਕੇ ਖਲੋ ਜਾਂਦੇ ਹਨ। ਗੁਰੂ ਸਾਬ ਵੱਲੋਂ ਲੜੇ ਗਏ ਉਸ ਲੋਕ-ਯੁੱਧ ਦੀ ਵਿਸ਼ਾਲਤਾ ਨੂੰ ਕੇਸਾਂ, ਚਿੰਨ੍ਹਾਂ ਜਾਂ ਦਸਤਾਰ ਦੇ ਲੜ੍ਹਾਂ ਤੱਕ ਸਮੇਟਣਾ ਹਰਗਿਜ਼ ਠੀਕ ਨਹੀਂ ਹੋਵੇਗਾ। ਉਸ ਕੁਰਬਾਨੀਆਂ ਭਰੇ ਇਤਿਹਾਸ ਦੀ ਸ਼ਾਨ ਇਸ ਦੀ ਸਮਰੂਪਤਾ ਵਿੱਚ ਹੈ।

ਇਨ੍ਹਾਂ ਕੁਰਬਾਨੀਆਂ ਵਿਚ ਇਕ ਜਿਕਰ ਮੁਸਲਮਾਨ ਬੀਬੀ 'ਮੁਮਤਾਜ' ਜੀ ਅਤੇ ਉਸਦੇ ਪਿਤਾ ਨਹਿੰਗ ਖਾਨ ਜੀ ਦੀ ਕੁਰਬਾਨੀ ਦਾ ਵੀ ਆਉਂਦਾ ਹੈ। ਗੁਰੂ ਗੋਬਿੰਦ ਸਿੰਘ ਜੀ, ਜਦੋਂ ਸਰਸਾ ਨਦੀ ਪਾਰ ਕਰਕੇ ਆਪਣੇ ਪਿਆਰੇ ਇਕ ਰਿਆਸਤ ਦੇ ਮੁੱਖੀ 'ਕੋਟਲਾ ਨਿਹੰਗ ਖਾਨ' ਦੇ ਘਰ ਸ਼ਾਮ ਦੇ ਵਕਤ ਕੁਝ ਸਮੇਂ ਲਈ ਰੁਕੇ, ਤਾਂ ਇਥੇ ਗੁਰੂ ਜੀ ਨੂੰ ਖਬਰ ਮਿਲੀ, ਕਿ 'ਮਲਕਪੁਰ ਰੰਗੜਾ' ਦੇ ਸਥਾਨ ਤੇ ਦੁਸ਼ਮਣਾਂ ਵਲੋਂ ਲੋਹਗੜ੍ਹ ਦਾ ਕਿਲਾ ਤੋੜਣ ਲਈ ਭੇਜੇ ਗਏ ਸ਼ਰਾਬੀ ਹਾਥੀ ਨੂੰ ਇਕ ਨਾਗਣੀ ਨਾਲ ਹਰਾਉਣ ਵਾਲਾ ਸੂਰਬੀਰ ਯੋਧਾ ਭਾਈ ਬਚਿੱਤਰ ਸਿੰਘ ਜੀ ਦੇ ਜਥੇ ਦੇ ਸਾਰੇ ਸਿੰਘ, ਦੁਸ਼ਮਣਾਂ ਦੀ ਬੇਹੱਦ ਵੱਡੀ ਫੌਜ ਨਾਲ ਮੁਕਾਬਲੇ ਵਿੱਚ ਸ਼ਹੀਦ ਹੋ ਗਏ ਅਤੇ ਭਾਈ ਬਚਿੱਤਰ ਸਿੰਘ ਜੀ ਬਹੁਤ ਬੁਰੀ ਤਰ੍ਹਾਂ ਜ਼ਖ਼ਮੀ ਹਾਲਤ ਵਿੱਚ ਪਏ ਹਨ। ਤਾਂ ਗੁਰੂ ਗੋਬਿੰਦ ਸਿੰਘ ਜੀ ਨੇ ਆਪਣੇ ਬੇਟੇ ਅਜੀਤ ਸਿੰਘ ਨੂੰ ਹੁਕਮ ਕੀਤਾ, ਕਿ ਭਾਈ ਬਚਿੱਤਰ ਸਿੰਘ ਨੂੰ ਜਲਦੀ ਇਥੇ ਲੈ ਕੇ ਆਓ। ਜਿਸਨੂੰ ਸਹਿਬਜਾਦੇ ਅਜੀਤ ਸਿੰਘ ਨੇ ਆਪਣੇ ਸਾਥੀਆਂ ਦੇ ਨਾਲ ਜਾ ਕੇ ਭਾਈ ਬਚਿੱਤਰ ਸਿੰਘ ਨੂੰ ਚੁੱਕ ਕੇ 'ਨਹਿੰਗ ਖਾਨ' ਦੇ ਘਰ ਲਿਆਂਦਾ ਗਿਆ। ਲੋੜ ਤੋਂ ਵੱਧ ਜਖ਼ਮੀ ਮਰਨ ਦੇ ਕਿਨਾਰੇ ਪਿਆ ਭਾਈ ਬਚਿੱਤਰ ਸਿੰਘ ਨੂੰ ਸੇਵਾ ਸੰਭਾਲ ਲਈ ਆਪਣੇ ਮੁਰੀਦ 'ਨਹਿੰਗ ਖਾਨ' ਦੇ ਹਵਾਲੇ ਕਰਕੇ, ਗੁਰੂ ਜੀ ਸਿੰਘਾਂ ਸਮੇਤ ਉਥੋਂ ਚਮਕੌਰ ਨੂੰ ਚਲੇ ਗਏ।

ਕਿਸੇ ਨੇ ਰੋਪੜ ਇਲਾਕੇ ਦੇ ਨਵਾਬ ਜਾਫਰ ਅਲੀ ਖਾਨ ਨੂੰ ਖ਼ਬਰ ਦੇ ਦਿੱਤੀ ਕਿ ਨਹਿੰਗ ਖਾਨ ਦੇ ਘਰ ਗੋਬਿੰਦ ਸਿੰਘ 'ਤੇ ਉਹਦੇ ਸਿੰਘ ਆਏ ਹੋਏ ਨੇ।"

ਨਹਿੰਗ ਖਾਨ ਨੂੰ ਜਦ ਇਸ ਗੱਲ ਦਾ ਪਤਾ ਲੱਗਾ, ਤਾਂ ਗੁਰੂ ਗੋਬਿੰਦ ਸਿੰਘ ਜੀ ਦੇ ਇਸ ਯੋਧੇ ਨੂੰ ਬਚਾਉਣ ਲਈ ਇਕ ਸਕੀਮ ਬਣਾਈ ਅਤੇ ਆਪਣੀ ਬੇਟੀ 'ਮੁਮਤਾਜ' ਨੂੰ ਬਚਿੱਤਰ ਸਿੰਘ ਦੇ ਕਮਰੇ ਵਿੱਚ ਉਸ ਦੀ ਸੇਵਾ ਸੰਭਾਲ ਲਈ ਭੇਜਿਆ ਗਿਆ। ਨਵਾਬ 'ਜਾਫਰ ਅਲੀ ਖਾਨ' ਨੇ ਆਪਣੀ ਫੌਜ ਨੂੰ ਨਾਲ ਲੈ ਕੇ ਨਹਿੰਗ ਖਾਨ ਦੇ ਕਿਲੇ ਦੀ ਤਲਾਸ਼ੀ ਲਈ, ਕੋਈ ਸਿੰਘ ਨਾ ਮਿਲਿਆ, ਜਦ ਇਕ ਵਿਸ਼ੇਸ ਬੰਦ ਪਏ ਕਮਰੇ ਵਾਰੇ ਪੁੱਛਿਆ ਗਿਆ, ਤਾਂ ਨਹਿੰਗ ਖਾਨ ਨੇ ਬਣਾਈ ਗਈ ਸਕੀਮ ਅਨੁਸਾਰ ਨਵਾਬ ਨੂੰ ਦੱਸਿਆ ਗਿਆ ਕਿ "ਇਸ ਕਮਰੇ ਅੰਦਰ ਮੇਰੀ ਧੀ ਅਤੇ ਉਹਦਾ ਪਤੀ ਰਹਿ ਰਹੇ ਹਨ, ਜੇ ਜਰੂਰੀ ਹੈ, ਦਰਵਾਜਾ ਖੁਲਵਾ ਕੇ ਵੇਖ ਸਕਦੇ ਹੋ।"

ਨਵਾਬ ਜਾਫਰ ਆਲੀ ਖਾਨ ਨੇ ਨਹਿੰਗ ਖਾਨ ਦਾ ਯਕੀਨ ਕਰਦੇ ਹੋਏ, ਇਹ ਕਮਰਾ ਬਿਨਾਂ ਵੇਖੇ ਅਤੇ ਖਿਮਾ ਮੰਗ ਕੇ ਚਲਾ ਗਿਆ। ਜਿਥੇ ਜਖਮਾਂ ਦੀ ਤਾਬ ਨਾ ਝੱਲਦੇ ਹੋਏ 7-8 ਪੋਹ ਵਿਚਕਾਰਲੀ ਰਾਤ ਦਸੰਬਰ 1705 ਨੂੰ ਇਹ ਸੂਰਬੀਰ ਭਾਈ ਬਚਿੱਤਰ ਸਿੰਘ ਜੀ, ਸਦਾ ਲਈ ਇਸ ਦੁਨੀਆਂ ਤੋਂ ਚਲਾ ਗਿਆ। ਨਹਿੰਗ ਖਾਨ ਦੀ ਇਸ ਲੜਕੀ 'ਮੁਮਤਾਜ' ਦਾ ਰਿਸ਼ਤਾ ਇਸ ਦੀ ਭੂਆ ਬੀਬੀ 'ਉਮਰੀ' (ਜੋ ਕਿ 'ਗਨੀ ਖਾਂ, ਨਬੀ ਖਾਂ ਦੀ ਮਾਤਾ ਸੀ, ਜੋ ਗੁਰੂ ਗੋਬਿੰਦ ਸਿੰਘ ਜੀ ਨੂੰ ਉੱਚ ਦਾ ਪੀਰ ਬਣਾਕੇ ਲੈ ਕੇ ਆਏ ਸੀ।) ਨੇ ਬੱਸੀ ਪਠਾਣਾਂ ਨੇੜੇ 'ਜਵਾਰਖਾਨ' ਨਾਲ ਕਰਵਾਇਆ ਹੋਇਆ ਸੀ।

ਜਦ ਸਮਾਂ ਆਉਣ ਤੇ ਬੀਬੀ ਮੁਮਤਾਜ ਨਾਲ, ਪਿਤਾ ਨਹਿੰਗ ਖਾਨ ਨੇ ਨਿਕਾਹ ਦੀ ਗੱਲ ਤੋਰੀ, ਤਾਂ ਬੀਬੀ ਮੁਮਤਾਜ ਨੇ ਕਿਹਾ "ਅੱਬਾ ਜਾਨ, ਕਿਹਦੇ ਨਿਕਾਹ ਦੀ ਗੱਲ ਕਰਦੇ ਹੋਏ? ਮੁਸਲਮਾਨ ਬੱਚੀ ਕੀ ਦੋ ਵਾਰ ਨਿਕਾਹ ਕਰ ਸਕਦੀ ਆ ? ਪਿਤਾ ਨੇ ਕਿਹਾ "ਮੁਮਤਾਜ ਕੀ ਕਹੀ ਜਾਂਦੀ ਆਂ ਤੂੰ?"


ਮੁਮਤਾਜ ਨੇ ਕਿਹਾ "ਅੱਬਾ ਜਾਨ, ਭੁੱਲ ਗਿਆ ਤੂੰ, ਨਵਾਬ ਜਾਫਰ ਅਲੀ ਖਾਂ ਨੂੰ ਤੂੰ ਕੀ ਕਿਹਾ ਸੀ? ਕਿ ਇਸ ਕਮਰੇ ਵਿੱਚ ਮੇਰੀ ਧੀ ਅਤੇ ਉਹਦਾ ਖਾਵੰਦ (ਪਤੀ) ਅੰਦਰ ਹਨ। ਤੂੰ ਬਚਿੱਤਰ ਸਿੰਘ ਨੂੰ ਮੇਰਾ ਪਤੀ ਬਣਾਇਆ ਸੀ ਕਿ ਨਹੀਂ ? ਬੱਸ ਮੈਂ ਤਾਂ ਉਸੇ ਦਿਨ ਹੀ ਸਮਝ ਲਿਆ ਸੀ, ਕਿ ਬਚਿੱਤਰ ਸਿੰਘ ਨਾਲ ਮੇਰਾ ਨਿਕਾਹ ਹੋ ਗਿਆ, ਇਕ ਸ਼ਹੀਦ ਦੀ ਪਤਨੀ ਦੂਜੀ ਵਾਰ ਸ਼ਾਦੀ ਕਰਕੇ, ਸ਼ਹੀਦੀ ਨੂੰ ਕਲੰਕਿਤ ਨਹੀਂ ਕਰ ਸਕਦੀ। ਇਸ ਲਈ ਹੁਣ ਮੈਂ ਹੋਰ ਵਿਆਹ ਨਹੀਂ ਕਰਵਾ ਸਕਦੀ।" ਸਾਰੇ ਰਿਸ਼ਤੇਦਾਰਾਂ ਦੇ ਸਮਝਾਉਣ ਦੇ ਬਾਵਜੂਦ ਬੀਬੀ ਮੁਮਤਾਜ ਆਪਣੀ ਗੱਲ ਤੇ ਕਾਇਮ ਰਹਿੰਦੇ ਹੋਏ ਮੁੜਕੇ ਵਿਆਹ ਨਹੀਂ ਕਰਵਾਇਆ। ਕਿਲੇ ਅੰਦਰ ਜਿਸ ਥਾਂ ਤੇ ਭਾਈ ਬਚਿੱਤਰ ਸਿੰਘ ਜੀ ਦਾ ਸੰਸਕਾਰ ਕੀਤਾ ਗਿਆ ਸੀ, ਉਸ ਥਾਂ ਤੇ ਧੂਫ ਬੱਤੀ ਕਰਕੇ ਸਜਦਾ ਕਰਦੀ, ਉਸ ਪ੍ਰਸੰਗ ਨੂੰ ਸੱਚ ਮੰਨਦੀ ਹੋਇਆਂ, ਉਸ ਨੇ ਆਪਣੀ ਸਾਰੀ ਜ਼ਿੰਦਗੀ ਗੁਜਾਰ ਦਿੱਤੀ। ਜਿਸ ਕਰਕੇ ਬੀਬੀ ਮੁਮਤਾਜ ਦੇ ਨਾਮ ਤੇ ਇਥੇ ਵਿਸ਼ੇਸ਼ ਅਸਥਾਨ ਬਣਾਇਆ ਗਿਆ ਹੈ। ਜਿੰਨ੍ਹਾਂ ਚਿਰ ਇਤਿਹਾਸ ਕਾਇਮ ਹੈ, ਬੀਬੀ ਮੁਮਤਾਜ ਅਤੇ ਉਸ ਦੇ ਪਿਤਾ ਨਹਿੰਗ ਖਾਨ ਨਾਮ ਸੁਨਹਿਰੀ ਅੱਖਰਾਂ ਵਿੱਚ ਦਰਜ ਰਹੇਗਾ, ਅਤੇ ਇਹਨਾਂ ਦੀ ਕੁਰਬਾਨੀ ਦੀਆਂ ਗੱਲਾਂ ਹੁੰਦੀਆਂ ਰਹਿਣਗੀਆਂ। ਮਾਨਵੀ ਕਦਰਾਂ-ਕੀਮਤਾਂ ਦੀ ਸਥਾਪਤੀ ਲਈ ਲੜਦੀ ਹੋਈ ਲੋਕ-ਧਿਰ ਦਾ ਧਾਰਮਿਕ ਪਹਿਚਾਣ ਤੋਂ ਉਪਰ ਉੱਠ ਕੇ ਸਾਥ ਦੇਣ ਵਾਲੇ ਗੁਰੂ ਦੇ ਸਿੱਖ 'ਨਹਿੰਗ ਖਾਨ' ਅਤੇ ਉਸਦੀ ਸਪੁੱਤਰੀ ਬੀਬੀ 'ਮੁਮਤਾਜ' ਨੂੰ ਤਹਿ ਦਿਲੋਂ ਸਲਾਮ ਕਰਦੇ ਹਾਂ।


Veerpal Brar, RIBO
[Broker]
veerpal@custominsure.ca
CUSTOM INSURANCE
INSURANCE BROKERS
A DIVISION OF ORACLE RMS
Tel: (416) 816-4595 ext 103
Direct: (416) 712-3737
Fax: (416) 710-8976
Unit 8 - 670 Rexdale Blvd, Etobicoke, ON, M9W 0B5
AUTO HOME COMMERCIAL LIFE

For Honest and Best Results
Please Call:
Cell. (403)-680-1895
Fax. (403)-776-7970
Bus. (403)-457-1216
Email:taranmand@shaw.ca
MAXVALUE REALTY LTD
REALTOR
REAL ESTATE BOARD

Taranjit "T.J" Mand
Real Estate Associate
MaxValue Reality Ltd.

Reliance /Legal Group LLP
FORMERLY KNOWN AS SINGH & PARTNERS LAW OFFICE
Commonwealth Centre
Unit 1101, 3961-52nd Ave.N.E.
Calgary, AB T3J 0J7
Barristers, Solicitors and Notary Public
Tel. : 403-285-7070
Our law group practices in
IMMIGRATION
Applications for Family Class and APPEALS,
Skilled Workers, Investors, Refugee Claims
REAL ESTATE
Buying and Selling
Commercial and Residential
Land Development
Condominium Projects
WILLS & ESTATE
CRIMINAL LAW
SMALL BUSINESS
Buying and Selling
Franchises, Shareholder Agreements and Incorporations
FORMATION OF PUBLIC COMPANIES
PERSONAL INJURY (Car Accident Claims)
NO LEGAL FEES UNTIL RECOVERY
Our clients include small businesses, public companies, builders, land developers, charitable organizations and individuals.
We donate part of our fees to Alberta Children Hospital.
* Experienced lawyers, caring, confidential
* Reasonable fees
* Free Initial Consultation
* Weekend & Evening Appointments (available upon request)

Martindale Dental Clinic
Open 7 days a week

Dr. A. Kler D.D.S.
Dr. A. Cheema D.D.S.
Dr. K. Sahota D.M.D.
All Services provided by General Dentists
ਹਿੰਦੀ, ਪੰਜਾਬੀ, ਅੰਗਰੇਜ਼ੀ ਅਤੇ ਉਰਦੂ ਵਿਚ ਗੱਲ ਕਰ ਸਕਦੇ ਹੋ।
ਦੰਦਾਂ ਦੀ ਹਰ ਕਿਸਮ ਦੀ ਸਮੱਸਿਆ ਲਈ ਤਸੱਲੀਬਖਸ਼ ਸੇਵਾਵਾਂ ਲਈ ਮਿਲੋ।
105-126 Martindale Dr.N.E.
Calgary, AB T3J3G5
403-590-4888
martindaledentist.com

# ਮੇਰੇ ਮਾਤਾ-ਪਿਤਾ ਨੂੰ ਕਿਹਾ ਗਿਆ, ਮੈਨੂੰ ਬਦਲ ਕੇ ਮੁੰਡਾ ਲੈ ਆਓ



ਜਦੋਂ ਨਰਗਿਸ ਤਰਾਕੀ ਅਫ਼ਗਾਨਿਸਤਾਨ ਵਿੱਚ ਆਪਣੇ ਮਾਤਾ-ਪਿਤਾ ਦੀ ਪੰਜਵੀਂ ਧੀ ਦੇ ਰੂਪ ਵਿੱਚ ਪੈਦਾ ਹੋਈ, ਤਾਂ ਉਨ੍ਹਾਂ ਦੇ ਮਾਤਾ-ਪਿਤਾ ਨੂੰ ਕਿਹਾ ਗਿਆ ਕਿ ਉਹ ਪਿੰਡ ਦੇ ਕਿਸੇ ਦੂਜੇ ਮੁੰਡੇ ਨਾਲ ਆਪਣੀ ਧੀ ਨੂੰ ਬਦਲ ਲੈਣ।

ਹੁਣ 21 ਸਾਲਾ ਨਰਗਿਸ ਨੇ ਇਹ ਸਾਬਿਤ ਕਰਨਾ ਆਪਣੀ ਜ਼ਿੰਦਗੀ ਦਾ ਉਦੇਸ਼ ਬਣਾ ਲਿਆ ਹੈ ਕਿ ਉਨ੍ਹਾਂ ਦੇ ਮਾਤਾ-ਪਿਤਾ ਨੇ ਅਜਿਹਾ ਨਾ ਕਰਕੇ ਬਿਲਕੁਲ ਸਹੀ ਕਦਮ ਚੁੱਕਿਆ ਸੀ।

ਨਰਗਿਸ ਹੁਣ ਆਪਣੇ ਦੇਸ ਵਿੱਚ ਔਰਤਾਂ ਦੀ ਸਿੱਖਿਆ ਅਤੇ ਸਸ਼ਕਤੀਕਰਨ ਲਈ ਮੁਹਿੰਮ ਚਲਾ ਰਹੀ ਹੈ ਅਤੇ 2018 ਲਈ ਬੀਬੀਸੀ 100 ਵੂਮਨ ਦੀ ਸੂਚੀ ਵਿੱਚ ਸ਼ੁਮਾਰ ਹੈ। ਨਰਗਿਸ ਨੇ ਬੀਬੀਸੀ ਨੂੰ ਸੁਣਾਈ ਆਪਣੀ ਕਹਾਣੀ:-

ਮੇਰਾ ਜਨਮ 1997 ਵਿੱਚ ਆਪਣੇ ਮਾਤਾ-ਪਿਤਾ ਦੀ ਪੰਜਵੀ ਔਲਾਦ ਅਤੇ ਉਨ੍ਹਾਂ ਦੀ ਪੰਜਵੀ ਧੀ ਦੇ ਰੂਪ ਵਿੱਚ ਹੋਇਆ। ਮੇਰੀ ਭੂਆ ਅਤੇ ਦੂਜੇ ਰਿਸ਼ਤੇਦਾਰਾਂ ਨੇ ਤੁਰੰਤ ਮੇਰੀ ਮਾਂ 'ਤੇ ਦਬਾਅ ਪਾਇਆ ਕਿ ਉਹ ਮੇਰੇ ਪਿਤਾ ਦੇ ਦੂਜੇ ਵਿਆਹ ਲਈ ਰਾਜ਼ੀ ਹੋ ਜਾਣ।


ਅਫ਼ਗਾਨਿਸਤਾਨ ਵਿੱਚ ਦੂਜਾ ਜਾਂ ਤੀਜਾ ਵਿਆਹ ਇੱਕ ਆਮ ਜਿਹੀ ਗੱਲ ਹੈ ਅਤੇ ਅਜਿਹਾ ਇਹ ਸੋਚ ਕੇ ਕੀਤਾ ਜਾਂਦਾ ਹੈ ਕਿ ਨਵੀਂ ਪਤਨੀ ਮੁੰਡੇ ਨੂੰ ਜਨਮ ਦੇ ਸਕਦੀ ਹੈ। ਜਦੋਂ ਮੇਰੀ ਮਾਂ ਨੇ ਇਨਕਾਰ ਕੀਤਾ ਤਾਂ ਉਨ੍ਹਾਂ ਨੇ ਸਲਾਹ ਦਿੱਤੀ ਕਿ ਮੇਰੇ ਪਿਤਾ ਮੈਨੂੰ ਇੱਕ ਮੁੰਡੇ ਨਾਲ ਬਦਲ ਲੈਣ। ਉਨ੍ਹਾਂ ਨੇ ਪਿੰਡ ਵਿੱਚ ਇੱਕ ਪਰਿਵਾਰ ਵੀ ਲੱਭ ਲਿਆ, ਜਿਹੜਾ ਮੈਨੂੰ ਆਪਣੇ ਮੁੰਡੇ ਨਾਲ ਬਦਲਣ ਲਈ ਤਿਆਰ ਸੀ।

**ਪਿਤਾ ਦੀ ਸੋਚ ਦੂਜਿਆਂ ਤੋਂ ਵੱਖ**

ਬੱਚੇ ਬਦਲਣਾ ਸਾਡੇ ਸੱਭਿਆਚਾਰ ਦਾ ਹਿੱਸਾ ਨਹੀਂ ਹੈ ਅਤੇ ਮੈਂ ਅਜਿਹਾ ਹੁੰਦੇ ਹੋਏ ਕਦੇ ਨਹੀਂ ਸੁਣਿਆ। ਪਰ ਰਵਾਇਤੀ ਰੂਪ ਤੋਂ ਨੌਕਰੀਪੇਸ਼ਾ ਹੋਣ ਕਾਰਨ ਅਫ਼ਗਾਨ ਸਮਾਜ ਵਿੱਚ ਮੁੰਡਿਆ ਦਾ ਕਾਫ਼ੀ ਮਹੱਤਵ ਹੈ। ਲੋਕ ਜਾਣਬੁਝ ਕੇ ਮੇਰੀ ਮਾਂ ਨੂੰ ਨਿਰਾਸ਼ ਕਰਨ ਲਈ ਮਿਹਣੇ ਮਾਰਦੇ ਸਨ ਅਤੇ ਮੁੰਡਾ ਨਾ ਹੋਣ ਕਰਕੇ ਉਨ੍ਹਾਂ ਨੂੰ ਨੀਵਾਂ ਮਹਿਸੂਸ ਕਰਵਾਉਂਦੇ ਸਨ।

ਮੈਨੂੰ ਛੱਡਣ ਤੋਂ ਇਨਕਾਰ ਕਰਨ ਦੇ ਬਾਵਜੂਦ ਕਈ ਬਜ਼ੁਰਗ ਲੋਕ ਮੇਰੇ ਪਿਤਾ 'ਤੇ ਦਬਾਅ ਪਾਉਂਦੇ ਰਹੇ ਪਰ ਮੇਰੇ ਪਿਤਾ ਦੀ ਸੋਚ ਬਿਲਕੁਲ ਵੱਖਰੀ ਸੀ। ਉਨ੍ਹਾਂ ਨੇ ਅਜਿਹੇ ਲੋਕਾਂ ਨੂੰ ਕਿਹਾ ਕਿ ਉਹ ਮੈਨੂੰ ਪਿਆਰ ਕਰਦੇ ਹਨ ਅਤੇ ਇੱਕ ਦਿਨ ਸਾਬਿਤ ਕਰ ਦੇਣਗੇ ਕਿ ਇੱਕ ਧੀ ਵੀ ਉਹ ਕੰਮ ਕਰ ਸਕਦੀ ਹੈ, ਜਿਸਦੀ ਉਮੀਦ ਇੱਕ ਪੁੱਤ ਤੋਂ ਕੀਤੀ ਜਾਂਦੀ ਹੈ।

ਮੇਰੇ ਪਿਤਾ ਲਈ ਇਹ ਕੰਮ ਸੌਖਾ ਨਹੀਂ ਸੀ। ਉਹ ਫੌਜ ਵਿੱਚ ਸਨ ਅਤੇ ਉਨ੍ਹਾਂ ਨੇ ਸੋਵੀਅਤ ਸਮਰਥਿਤ ਸਰਕਾਰ ਨੂੰ ਉਸ ਵੇਲੇ ਆਪਣੀਆਂ ਸੇਵਾਵਾਂ ਦਿੱਤੀਆਂ ਸਨ। ਉਸ ਵੇਲੇ ਮੇਰੇ ਮੂਲ ਜ਼ਿਲ੍ਹੇ 'ਤੇ ਧਾਰਮਿਕ



ਜਾਂ ਕੱਟੜਵਾਦੀ ਸੋਚ ਵਾਲੇ ਲੋਕਾਂ ਦਾ ਬੋਲਬਾਲਾ ਸੀ।

ਲਿਹਾਜ਼ਾ ਪਿੰਡ ਦੇ ਕੁਝ ਲੋਕ ਉਨ੍ਹਾਂ ਨਾਲ ਨਫ਼ਰਤ ਕਰਦੇ ਸਨ ਅਤੇ ਸਾਡਾ ਸਮਾਜਿਕ ਬਾਈਕਾਟ ਕਰਦੇ ਸਨ।

ਪਰ ਮੇਰੇ ਪਿਤਾ ਨੂੰ ਉਸ ਗੱਲ 'ਤੇ ਭਰੋਸਾ ਸੀ, ਜੋ ਉਨ੍ਹਾਂ ਨੇ ਕਿਹਾ ਸੀ। ਉਹ ਆਪਣੀਆਂ ਗੱਲਾਂ 'ਤੇ ਅਟਲ ਸਨ। ਹਾਲਾਂਕਿ ਮੇਰੇ ਪਰਿਵਾਰ 'ਤੇ ਮੈਨੂੰ ਬਦਲਣ ਲਈ ਦਬਾਅ ਪੈਂਦਾ ਰਿਹਾ ਕਿਉਂਕਿ ਮੈਂ ਕੁੜੀ ਸੀ, ਪਰ ਮੇਰੇ ਚਰਿੱਤਰ 'ਤੇ ਮੇਰੇ ਪਿਤਾ ਨੇ ਛਾਪ ਪਾਈ ਹੈ।

**ਘਰ ਤੋਂ ਭੱਜਣਾ**

ਜਦੋਂ ਤਾਲਿਬਾਨ ਲੜਾਕਿਆਂ ਨੇ ਸਾਡੇ ਜ਼ਿਲ੍ਹੇ 'ਤੇ ਕਬਜ਼ਾ ਕਰ ਲਿਆ ਤਾਂ ਸਾਡੀ ਹਾਲਤ ਮਾੜੀ ਹੋ ਗਈ। ਸਾਲ 1998 'ਚ ਮੇਰੇ ਪਿਤਾ ਨੂੰ ਪਾਕਿਸਤਾਨ ਭੱਜਣਾ ਪਿਆ ਅਤੇ ਛੇਤੀ ਹੀ ਅਸੀਂ ਵੀ ਉੱਥੇ ਪਹੁੰਚ ਗਏ।

ਉੱਥੇ ਜ਼ਿੰਦਗੀ ਸੌਖੀ ਨਹੀਂ ਸੀ। ਪਰ ਉੱਥੇ ਜੁੱਤੀਆਂ ਦੇ ਇੱਕ ਕਾਰਖਾਨੇ 'ਚ ਉਨ੍ਹਾਂ ਨੂੰ ਪ੍ਰਬੰਧਕ ਦਾ ਕੰਮ ਮਿਲ ਗਿਆ। ਪਾਕਿਸਤਾਨ 'ਚ ਮੇਰੇ ਮਾਤਾ-ਪਿਤਾ ਲਈ ਸਭ ਤੋਂ ਚੰਗੀ ਗੱਲ ਇਹ ਹੋਈ ਕਿ ਉੱਥੇ ਉਨ੍ਹਾਂ ਨੂੰ ਇੱਕ ਮੁੰਡਾ ਹੋਇਆ।

ਤਾਲਿਬਾਨ ਸ਼ਾਸਨ ਡਿੱਗਣ ਤੋਂ ਬਾਅਦ ਸਾਲ 2001 ਵਿੱਚ ਅਸੀਂ ਸਾਰੇ ਵਾਪਿਸ ਕਾਬੁਲ ਆ ਗਏ। ਸਾਡੇ ਕੋਲ ਆਪਣਾ ਘਰ ਨਹੀਂ ਸੀ ਅਤੇ ਸਾਨੂੰ ਆਪਣੇ ਅੰਕਲ ਦੇ ਘਰ ਰਹਿਣਾ ਪੈਂਦਾ ਸੀ। ਸਮਾਜ ਦੀ ਛੋਟੀ ਸੋਚ ਦੇ ਬਾਵਜੂਦ ਮੈਂ ਤੇ ਮੇਰੀਆਂ ਭੈਣਾਂ ਸਕੂਲ ਜਾਂਦੇ ਰਹੇ।

ਮੈਂ ਕਾਬੁਲ ਯੂਨੀਵਰਸਿਟੀ ਵਿੱਚ ਲੋਕ ਨੀਤੀ ਅਤੇ ਪ੍ਰਸ਼ਾਸਨ ਦੀ ਪੜ੍ਹਾਈ ਕੀਤੀ ਅਤੇ ਦੋ ਸਾਲ ਪਹਿਲਾਂ ਉਸ ਵਿੱਚ ਚੰਗੇ ਅੰਕਾਂ ਨਾਲ ਗ੍ਰੈਜੁਏਸ਼ਨ ਕੀਤੀ। ਪੂਰਾ ਸਮਾਂ ਮੈਨੂੰ ਮੇਰੇ ਪਿਤਾ ਦਾ ਸਹਿਯੋਗ ਮਿਲਦਾ ਰਿਹਾ।

ਕੁਝ ਸਾਲ ਪਹਿਲਾਂ ਮੈਂ ਕਾਬੁਲ ਵਿੱਚ ਆਪਣੀ ਭੈਣ ਦੇ ਨਾਲ ਇੱਕ ਕ੍ਰਿਕਟ ਮੈਚ ਦੇਖਣ ਗਈ। ਸਟੇਡੀਅਮ ਵਿੱਚ ਜ਼ਿਆਦਾ ਔਰਤਾਂ ਨਹੀਂ ਸਨ ਅਤੇ ਸਾਡੀਆਂ ਤਸਵੀਰਾਂ ਅਤੇ ਵੀਡੀਓ ਸੋਸ਼ਲ ਮੀਡੀਆ 'ਤੇ ਪਾ ਦਿੱਤੀਆਂ ਗਈਆਂ।

ਲੋਕ ਸਾਡੀ ਆਲੋਚਨਾ ਕਰਨ ਲੱਗੇ ਅਤੇ ਇਹ ਕਹਿੰਦੇ ਹੋਏ ਸਾਡੀ ਨਿੰਦਾ ਕਰਨ ਲੱਗੇ ਕਿ ਅਸੀਂ ਬੇਸ਼ਰਮੀ ਨਾਲ ਮਰਦਾਂ ਕੋਲ ਬੈਠੀਆਂ ਹੋਈਆਂ ਸੀ। ਕੁਝ ਲੋਕਾਂ ਨੇ ਕਿਹਾ ਕਿ ਅਸੀਂ ਜਿਸਮਫਿਰੋਸ਼ੀ ਕਰ ਰਹੀਆਂ ਸਨ ਅਤੇ ਸਾਨੂੰ ਅਮਰੀਕੀਆਂ ਨੇ ਕੀਮਤ ਅਦਾ ਕੀਤੀ ਸੀ।

ਜਦੋਂ ਮੇਰੇ ਪਿਤਾ ਨੇ ਫੇਸਬੁੱਕ 'ਤੇ ਕੁਝ ਟਿੱਪਣੀਆਂ ਦੇਖੀਆਂ ਤਾਂ ਮੈਨੂੰ ਦੇਖਦੇ ਹੋਏ ਕਿਹਾ, "ਪਿਆਰੀ ਬੇਟੀ। ਤੂੰ ਸਹੀ ਕੀਤਾ। ਮੈਨੂੰ ਖੁਸ਼ੀ ਹੈ ਕਿ ਤੂੰ ਕੁਝ ਅਜਿਹੇ ਬੇਹੂਦਾ ਲੋਕਾਂ ਨੂੰ ਤਕਲੀਫ਼ ਪਹੁੰਚਾਈ ਹੈ। ਜ਼ਿੰਦਗੀ ਛੋਟੀ ਹੈ ਜਿੰਨਾ ਚਾਹੋ ਇਸਦਾ ਆਨੰਦ ਮਾਣ ਲਵੋ।"

ਮੇਰੇ ਪਿਤਾ ਦੀ ਇਸ ਸਾਲ ਦੀ ਸ਼ੁਰੂਆਤ 'ਚ ਕੈਂਸਰ ਨਾਲ ਮੌਤ ਹੋ ਗਈ। ਮੈਂ ਇੱਕ ਅਜਿਹਾ ਸ਼ਖ਼ਸ ਨੂੰ ਗੁਆ ਦਿੱਤਾ, ਜਿਸ ਨੇ ਮੈਨੂੰ ਉਸ ਮੁਕਾਮ ਤੱਕ ਪਹੁੰਚਾਉਣ ਲਈ ਹਰ ਸਹਾਰਾ ਦਿੱਤਾ, ਜਿਸ ਮੁਕਾਮ 'ਤੇ ਅੱਜ ਮੈਂ ਹਾਂ। ਫਿਰ ਵੀ ਮੈਂ ਜਾਣਦੀ ਹਾਂ ਕਿ ਉਹ ਹਮੇਸ਼ਾ ਮੇਰੇ ਨਾਲ ਬਣੇ ਰਹਿਣਗੇ।

**ਔਕਸਫੋਰਡ ਯੂਨੀਵਰਸਿਟੀ 'ਚ ਪੜ੍ਹਨ ਦਾ ਸੁਪਨਾ**

ਤਿੰਨ ਸਾਲ ਪਹਿਲਾਂ ਮੈਂ ਗਜ਼ਨੀ ਸਥਿਤ ਆਪਣੇ ਮੂਲ ਪਿੰਡ 'ਚ ਕੁੜੀਆਂ ਲਈ ਇੱਕ ਸਕੂਲ ਖੋਲ੍ਹਣ ਦੀ ਕੋਸ਼ਿਸ਼ ਕੀਤੀ। ਇਸਦੇ ਲਈ ਮੈਂ ਆਪਣੇ ਪਿਤਾ ਨਾਲ ਗੱਲ ਕੀਤੀ। ਉਨ੍ਹਾਂ ਨੇ ਕਿਹਾ ਕਿ ਸਮਾਜਿਕ ਸੀਮਾਵਾਂ ਕਾਰਨ ਇਹ ਲਗਪਗ ਨਾਮੁਮਕਿਨ ਹੋਵੇਗਾ।

ਇੱਥੋਂ ਤੱਕ ਕਿ ਮੁੰਡਿਆ ਲਈ ਵੀ ਸੁਰੱਖਿਆ ਕਾਰਨਾਂ ਕਰਕੇ ਸਕੂਲ ਖੋਲ੍ਹਣਾ ਮੁਸ਼ਕਿਲ ਹੋਵੇਗਾ। ਮੇਰੇ ਪਿਤਾ ਨੇ ਸੋਚਿਆ ਕਿ ਸਕੂਲ ਨੂੰ ਧਾਰਮਿਕ ਮਦਰੱਸਾ ਦਾ ਨਾਂ ਦੇਣ ਨਾਲ ਸ਼ਾਇਦ ਸਾਡੀ ਮੰਸ਼ਾ ਪੂਰੀ ਹੋ ਸਕੇ।

ਪਰ ਮੈਂ ਆਪਣੇ ਜੱਦੀ ਪਿੰਡ ਤੱਕ ਨਹੀਂ ਪਹੁੰਚ ਸਕੀ। ਕਿਉਂਕਿ ਇਹ ਬੇਹੱਦ ਖ਼ਤਰਨਾਕ ਸੀ। ਮੈਨੂੰ ਅਤੇ ਮੇਰੀ ਇੱਕ ਭੈਣ ਨੂੰ ਭਰੋਸਾ ਹੈ ਕਿ ਅਸੀਂ ਇੱਕ ਨਾ ਇੱਕ ਦਿਨ ਇਹ ਮੁਕਾਮ ਜ਼ਰੂਰ ਹਾਸਲ ਕਰਾਂਗੇ।

ਇਸ ਵਿਚਾਲੇ ਮੈਂ ਇੱਕ ਗ਼ੈਰ-ਸਰਕਾਰੀ ਸੰਗਠਨ ਦੇ ਨਾਲ ਔਰਤਾਂ ਦੀ ਸਿੱਖਿਆ, ਸਿਹਤ ਅਤੇ ਸਸ਼ਕਤੀਕਰਨ ਲਈ ਕੰਮ ਕਰਦੀ ਰਹੀ।

ਮੈਂ ਸਕੂਲ ਅਤੇ ਕਾਲਜਾਂ ਵਿੱਚ ਪੜ੍ਹਨ ਅਤੇ ਨੌਕਰੀ ਕਰਨ ਲਈ ਕੁੜੀਆਂ ਦੇ ਅਧਿਕਾਰਾਂ 'ਤੇ ਇੱਕ ਭਾਸ਼ਣ ਵੀ ਦਿੱਤਾ।

ਮੈਂ ਇੱਕ ਦਿਨ ਯੂਨੀਵਰਸਿਟੀ ਆਫ਼ ਔਕਸਫੋਰਡ ਵਿੱਚ ਪੜ੍ਹਨ ਦਾ ਸੁਪਨਾ ਦੇਖਿਆ ਹੈ।

ਜਦੋਂ ਵੀ ਮੈਂ ਕੌਮਾਂਤਰੀ ਯੂਨੀਵਰਸਿਟੀ ਦੀ ਰੈਂਕਿੰਗ ਦੇਖਦੀ ਹਾਂ ਤਾਂ ਔਕਸਫੋਰਡ ਨੂੰ ਪਹਿਲੇ ਜਾਂ ਦੂਜੇ ਨੰਬਰ 'ਤੇ ਦੇਖਦੀ ਹਾਂ। ਅਤੇ ਜਦੋਂ ਮੈਂ ਕਾਬੁਲ ਯੂਨੀਵਰਸਿਟੀ ਨਾਲ ਉਸਦੀ ਤੁਲਨਾ ਕਰਦੀ ਹਾਂ ਤਾਂ ਉਦਾਸ ਹੋ ਜਾਂਦੀ ਹੈ।

ਹਾਲਾਂਕਿ ਅਜਿਹਾ ਨਹੀਂ ਹੈ ਕਿ ਜਿੱਥੇ ਮੈਂ ਪੜ੍ਹਾਈ ਕੀਤੀ, ਮੈਂ ਉਸਦੀ ਧੰਨਵਾਦੀ ਨਹੀਂ ਹਾਂ।

ਮੈਨੂੰ ਖਾਲੀ ਸਮੇਂ ਵਿੱਚ ਪੜ੍ਹਨਾ ਪਸੰਦ ਹੈ। ਮੈਂ ਔਸਤਨ ਹਰ ਹਫ਼ਤੇ ਦੋ ਤੋਂ ਤਿੰਨ ਕਿਤਾਬਾਂ ਪੜ੍ਹ ਲੈਂਦੀ ਹਾਂ। ਪਾਓਲੋ ਕੋਏਲਹੋ ਮੇਰੇ ਪਸੰਦੀਦਾ ਲੇਖਕ ਹਨ।

**'ਕੋਈ ਸਮਝੌਤਾ ਨਹੀਂ'**

ਜਿੱਥੇ ਤੱਕ ਮੇਰੇ ਵਿਆਹ ਦਾ ਸਵਾਲ ਹੈ ਤਾਂ ਮੈਂ ਆਪਣਾ ਜੀਵਨ ਸਾਥੀ ਖ਼ੁਦ ਪਸੰਦ ਕਰਾਂਗੀ ਅਤੇ ਮੇਰੇ ਪਰਿਵਾਰ ਨੇ ਮੈਨੂੰ ਮੇਰੀ ਮਰਜ਼ੀ ਮੁਤਾਬਕ ਵਿਆਹ ਕਰਨ ਦੀ ਇਜਾਜ਼ਤ ਦੇ ਦਿੱਤੀ ਹੈ।

ਚੰਗਾ ਹੋਵੇਗਾ ਕਿ ਮੈਨੂੰ ਅਜਿਹਾ ਸ਼ਖ਼ਸ ਮਿਲੇ ਜਿਸ 'ਚ ਮੇਰੇ ਪਿਤਾ ਵਰਗੇ ਗੁਣ ਮੌਜੂਦ ਹੋਣ। ਮੈਂ ਆਪਣੀ ਜ਼ਿੰਦਗੀ ਦਾ ਬਾਕੀ ਹਿੱਸਾ ਅਜਿਹੇ ਵਿਅਕਤੀ ਨਾਲ ਗੁਜ਼ਾਰਨਾ ਪਸੰਦ ਕਰਾਂਗੀ, ਜਿਸਦਾ ਰਵੱਈਆ ਮੇਰੇ ਵਾਂਗ ਹੋਵੇ। ਜੋ ਮੈਨੂੰ ਸਹਾਰਾ ਦੇਵੇ ਅਤੇ ਮੇਰੀ ਪਸੰਦ ਨੂੰ ਅਪਣਾ ਸਕੇ।

ਪਰਿਵਾਰ ਵੀ ਜ਼ਰੂਰੀ ਹੈ। ਕਦੇ-ਕਦੇ



ਆਪਣੀ ਪਸੰਦ ਦੇ ਚੰਗੇ ਸ਼ਖ਼ਸ ਨਾਲ ਵਿਆਹ ਹੋ ਜਾਂਦਾ ਹੈ, ਪਰ ਉਸਦਾ ਪਰਿਵਾਰ ਮਨ ਮੁਤਾਬਕ ਨਹੀਂ ਹੁੰਦਾ।

ਮੈਂ ਆਪਣੀ ਜ਼ਿੰਦਗੀ ਵਿੱਚ ਜੋ ਵੀ ਕਰਨਾ ਚਾਹੁੰਦੀ ਹਾਂ, ਉਸ ਵਿੱਚ ਉਹ ਮੈਨੂੰ ਸਹਾਰਾ ਦੇਣ। ਜੇਕਰ ਉਹ ਵਿਰੋਧ ਕਰਨਗੇ ਤਾਂ ਮੈਂ ਉਨ੍ਹਾਂ ਦੀ ਸੋਚ ਬਦਲਣ ਦੀ ਕੋਸ਼ਿਸ਼ ਕਰਾਂਗੀ। ਮੈਂ ਜ਼ਿੰਦਗੀ ਵਿੱਚ ਜੋ ਹਾਸਲ ਕਰਨਾ ਚਾਹੁੰਦੀ ਹਾਂ, ਮੈਨੂੰ ਉਸ 'ਤੇ ਭਰੋਸਾ ਹੈ ਅਤੇ ਉਸ ਨਾਲ ਮੈਂ ਕੋਈ ਸਮਝੌਤਾ ਨਹੀਂ ਕਰਨਾ ਚਾਹੁੰਦੀ।

**ਕੀ ਹੈ 100 ਵੂਮਨ?**

ਬੀਬੀਸੀ 100 ਵੂਮਨ ਦੁਨੀਆਂ ਦੀਆਂ 100 ਪ੍ਰਭਾਵਸ਼ਾਲੀ ਅਤੇ ਪ੍ਰੇਰਕ ਔਰਤਾਂ ਬਾਰੇ ਹੈ। ਬੀਬੀਸੀ ਹਰ ਸਾਲ ਇਸ ਸੀਰੀਜ਼ ਉਨ੍ਹਾਂ ਔਰਤਾਂ ਦੀ ਕਹਾਣੀ ਬਿਆਨ ਕਰਦਾ ਹੈ।

2018 ਮਹਿਲਾਵਾਂ ਲਈ ਇੱਕ ਅਹਿਮ ਸਾਲ ਰਿਹਾ ਹੈ। ਇਸ ਵਾਰ ਬੀਬੀਸੀ 100 ਵੂਮਨ ਵਿੱਚ ਤੁਸੀਂ ਪੜ੍ਹੋਗੇ ਉਨ੍ਹਾਂ ਔਰਤਾਂ ਦੀਆਂ ਕਹਾਣੀਆਂ ਜਿਹੜੀਆਂ ਆਪਣੇ ਹੌਸਲੇ ਅਤੇ ਜਨੂਨ ਨਾਲ ਆਪਣੇ ਆਲੇ-ਦੁਆਲੇ 'ਚ ਸਕਾਰਾਤਮਕ ਬਦਲਾਅ ਲਿਆ ਰਹੀ ਹੈ।

**ਬੀਬੀਸੀ 'ਚੋਂ ਧੰਨਵਾਦ ਸਹਿਤ**


ਮੈਟਰੋ ਇਮੀਗ੍ਰੇਸ਼ਨ




1. ਅਸੀਂ ਕੈਨੇਡਾ ਦੇ ਜਾਂ ਕੈਨੇਡਾ ਦੇ ਬਾਹਰਲੇ ਸਪਾਉਸ ਕੇਸ ਐਪਲਕੇਸ਼ਨਾਂ ਵੀ ਪ੍ਰੋਸੈਸ ਕਰਦੇ ਹਾਂ। ਸਾਡੇ ਨਾਲ ਸਬੰਧਤ ਦਫ਼ਤਰ ਲੁਧਿਆਣੇ ਅਤੇ ਜਲੰਧਰ ਵੀ ਹੈ।
2. ਪੇਰੈਂਟਸ ਜਾਂ ਗ੍ਰੈਂਡ-ਪੇਰੈਂਟਸ ਦੇ ਸੁਪਰਵੀਜ਼ਾ ਕੇਸ
3. ਵਿਜਟਰ ਟੂ ਕੈਨੇਡਾ (ਐਫਡੇਵਿਟ)
4. ਇਨਵੀਟੇਸ਼ਨ ਤੇ ਐਕਸਪ੍ਰੈਸ ਐਂਟਰੀ ਵੀਜਾ
5. ਪੀ ਆਰ ਲਈ ਐਲ.ਆਈ.ਐਮ.ਏ.
6. ਹਰ ਕਿਸਮ ਦੇ ਰਫੀਉਜਲ ਦੇ ਕੇਸ ਜਿਵੇਂ ਸਪਾਉਸਲ, ਇਨਸਫੀਸ਼ੈਂਟ ਇਨਕਮ, ਕ੍ਰਿਮਨਿਲ, ਮੈਡੀਕਲ ਰਫੀਉਜਲ ਆਦਿ ਦੇ ਕੇਸਾਂ ਲਈ ਆਈ.ਏ.ਡੀ. ਨੂੰ ਅਪੀਲ ਕੇਸ
7. ਸੈਲਫ ਇੰਮਪਲਾਇਮੈਂਟ ਕੇਸ ਜਿਵੇਂ ਫਾਰਮਰ, ਆਰਟਿਸਟ ਆਦਿ
8. ਪੀ.ਐਨ.ਪੀ ਮੇਨਟਿਬਾ, ਐਲਬਰਟਾ, ਸਸਕੇਚ, ਪੀ ਈ ਆਈ, ਇਨਵੈਸਟਰ, ਪੀ ਐਨ ਪੀ ਬਿਜਨਸ।
9. ਕਮਿਸ਼ਨਰ ਫਾਰ ਓਥ
10. ਫੈਮਲੀ ਸਪਾਂਸਰਸ਼ਿਪ (ਪੇਰੈਂਟਸ ਜਾਂ ਗਰੈਂਡ ਪੇਰੈਂਟਸ)
11. ਪੀ.ਆਰ. ਕਾਰਡ ਰਿਨੀਊਅਲ
12. ਪਾਰਡਨ ਜਾਂ ਯੂ ਐਸ ਵੇਵਰ ਐਪਲਕਿਸ਼ਨ
13. ਸਿਟੀਜਨਸ਼ਿਪ ਐਪਲੀਕੇਸ਼ਨ
14. ਯੂ.ਐਸ. ਵਿਜਿਟਰ ਵੀਜਾ
15. ਵਿਜਿਟਰ, ਵਰਕ, ਸਟੂਡੈਂਟ ਵੀਜਾ ਐਕਟੈਂਸ਼ਨ
16. ਪੀ ਆਰ ਐਪਲੀਕੇਸ਼ਨ, ਸਕੀਲਡ, ਵਰਕਰ, ਕੇਨੇਡਿਅਨ ਐਕਸਪੀਰੀਅਸ ਕਲਾਸ, ਲਿਵ-ਇਨ ਕੇਅਰ ਗਿਵਰ
17. ਐਚ.ਆਰ.ਧੀ.ਐਸ ਤੋਂ ਐਲ.ਐਮ.ਆਈ.ਏ. ਫਾਰ ਵਰਕ ਪਰਿਮਟ
18. ਸੀ.ਏ.ਆਈ.ਪੀ.ਸੀ.. ਸੀਆਰ ਸੀ ਤੋਂ ਸਾਰੀ ਫਾਇਲ ਦੀ ਕਾਪੀ ਲਈ
19. ਨਾਮ ਬਦਲੀ
20. ਨਿਊਜ਼ੀਲੈਂਡ ਜਾਂ ਕੇਨੇਡਾ ਲਈ ਸਟੂਡੈਂਟ ਵੀਜਾ
21. ਬਿਜਿਨਸ/ਐਂਟਰਪਰਿਨਰ ਐਪਲੀਕੇਸ਼ਨਨ

Suresh Gupta
Certified Immigration Practitioner (RCIC) Member ICCRC
905-913-7700
416-886-9400
info@metroimmigration.com
www.metroimmigration.com
12-2355 Derry Road East, Mississauga, Ont. L5S 1V6

# ਦੀਦਾਵਰ ਦਾ ਹੁਨਰ



ਯਾਦਵਿੰਦਰ
9465329617

ਪਿਛਲੇ ਕਾਫ਼ੀ ਸਮੇਂ ਤੋਂ ਕਾਲਮ ਲਗਾਤਾਰ ਨਹੀਂ ਰੱਖ ਸਕਿਆ, ਉਹਦੇ ਲਈ ਪਾਠਕਾਂ ਤੋਂ ਮਾਫ਼ੀ ਮੰਗਦਾ ਹਾਂ ਪਰ ਜੇ ਕੋਈ ਪੁੱਛਣਾ ਚਾਹੇ ਕਿ ਕਿਉਂ ਕਾਲਮਨਿਗਾਰੀ ਦਾ ਵਹਾਅ ਟੁੱਟਦਾ ਜਾਂਦਾ ਹੈ ਤਾਂ ਸਿਰਫ਼ ਇੱਕੋ ਗੱਲ ਆਖਣਾ ਚਾਹਾਂਗਾ ਕਿ ਹੁਣ ਹੋਰ ਲਿਖਣ ਨੂੰ ਮਨ ਨਹੀਂ ਕਰਦਾ। ਕੀਹਦੇ ਲਈ ਲਿਖਦੇ ਹਾਂ ਆਪਾਂ! ਕਿਉ ਲਿਖਦੇ ਹਾਂ? ਸਿਰਫ਼ ਲਿਖਣ ਲਈ? ਜਾਂ ਮਹਿਜ਼ ਛਪਣ ਲਈ? ਇਹੋ ਜਿਹੇ ਲਿਖੇ ਦਾ ਕੀ ਲਾਭ ਜੀਹਦਾ ਅਸਰ ਕਬੂਲਣ ਨੂੰ ਕੋਈ ਤਿਆਰ ਨਹੀਂ!

(2)

ਲੰਘੇ ਮਹੀਨੇ ਦੌਰਾਨ ਵਾਪਰੀਆਂ ਤਿੰਨ ਦੁਰਘਟਨਾਵਾਂ ਨੇ ਸਾਨੂੰ ਫ਼ਿਕਰਾਂ ਵਿਚ ਪਾਇਆ ਹੋਇਆ ਹੈ। ਅਸੀਂ ਆਪਣੇ ਆਲੇ-ਦੁਆਲੇ ਬਦਤਮੀਜ਼, ਸੱਭਿਆਚਾਰਕ ਕਦਰਾਂ ਕੀਮਤਾਂ ਤੋਂ ਟੁੱਟੇ ਤੇ ਵੇਖਣ ਨੂੰ 'ਪੀ.ਕੇ.' ਵਰਗੇ ਲੱਗਦੇ ਨੌਜਵਾਨਾਂ ਤੇ ਅੱਲ੍ਹੜ ਉਮਰ ਦੇ ਮੁੰਡੇ ਦੇਖਦੇ ਹਾਂ। ਬਹੁਤੀ ਵਾਰ ਇਨ੍ਹਾਂ ਦੇ ਲਿਬਾਸ ਦੀ ਚੋਣ ਬਹੁਤ ਅਜੀਬ ਹੁੰਦੀ ਹੈ। ਇਨ੍ਹਾਂ ਦਾ ਹੇਅਰ ਸਟਾਈਲ ਬਹੁਤ ਅਜੀਬ ਹੁੰਦੇ ਹਨ, ਵਰਤੋਂ ਵਿਹਾਰ ਤੇ ਗੱਲਬਾਤ ਦਾ ਤਰੀਕਾ ਬੇਹੱਦ ਅਨੋਖਾ ਹੁੰਦਾ ਹੈ। ਇਹ ਬੱਚੇ ਕਿੱਥੋਂ ਆ ਗਏ?

ਸੰਦਰਭਾਂ ਤੇ ਸਰੋਕਾਰਾਂ ਤੋਂ ਸੱਖਣੀ ਇਹ ਪੀੜ੍ਹੀ, ਨਵੀਂ ਪੀੜ੍ਹੀ ਤਾਂ ਹੈ ਪਰ ਗੁਣਾਂ ਪੱਖੋਂ ਨਵਾਂਪਣ ਨਹੀਂ ਹੈ। ਨਾਈਆਂ ਦੀਆਂ ਦੁਕਾਨਾਂ ਉੱਤੇ, ਸ਼ੌਪਿੰਗ ਮੌਲਾਂ ਵਿਚ, ਮੋਮੋਜ਼-ਬਰਗਰ ਦੀਆਂ ਰੇਹੜੀਆਂ ਉੱਤੇ, ਸੜਕਾਂ 'ਤੇ ਟਰੈਫਿਕ ਨਿਯਮ ਤੋੜਦਿਆਂ ਦੇਖ ਸਕਦੇ ਹੋ। ਇਹ ਉਨਮਾਦੀ ਨੌਜਵਾਨ ਇਹੋ ਜਿਹੇ ਕਿਉਂ ਹਨ, ਉਹ ਖ਼ੁਦ ਨਹੀਂ ਜਾਣਦੇ। ਉਨ੍ਹਾਂ ਆਪਣੇ ਕੱਚੇ ਮਨ 'ਤੇ ਗ਼ਲਤ ਵਿਚਾਰਾਂ ਦੀ ਐਨਕ ਚਾੜ੍ਹ ਕੇ ਸਾਰੀ ਦੁਨੀਆਂ ਨੂੰ ਦੇਖਦੇ ਹਨ। ਇਨ੍ਹਾਂ ਨੂੰ ਅਸੀਂ ਨਾ ਤਾਂ ਸੱਜਰਾ ਸੱਭਿਆਚਾਰ ਦੇ ਸਕੇ ਤੇ ਨਾ ਹੀ ਸੱਚ ਦੇ ਸਕੇ। ਇਹ ਚੈਨਲ ਵੀ ਦੇਖਦੇ ਰਹੇ ਤੇ ਐੱਮ ਟੀ.ਵੀ. ਦੇ ਪ੍ਰੋਗਰਾਮ ਦੇਖ ਦੇਖ ਕੇ ਆਪਣਾ ਕਬਾੜਾ ਕਰਦੇ ਰਹੇ।

(3)

ਪਿਛਲੇ ਮਹੀਨੇ ਤਿੰਨ ਘਟਨਾਵਾਂ ਹੋਈਆਂ। ਪਹਿਲੀ ਇਹ ਕਿ ਬਾਗ਼ਾਂ ਵਿਚ ਮਾਲੀ ਦਾ ਕੰਮ ਕਰਨ ਵਾਲੇ ਵਿਅਕਤੀ ਦੇ ਪੁੱਤਰ ਨੇ ਸਲਫ਼ਾਸ ਨਿਗਲ ਲਈ ਤੇ ਇਲਾਜ ਦੌਰਾਨ ਸਰਕਾਰੀ ਹਸਪਤਾਲ ਵਿਚ ਦਮ ਤੋੜ ਦਿੱਤਾ। ਵਜ੍ਹਾ?

ਵਜ੍ਹਾ ਇਹ ਸੀ ਕਿ ਉਹ ਸਮਾਰਟ ਫ਼ੋਨ ਕਿਸ਼ਤਾਂ 'ਤੇ ਪ੍ਰਾਪਤ ਕਰਨ ਦੀ ਜ਼ਿੱਦ ਕਰਦਾ ਸੀ ਤੇ ਬਾਪ ਸੋਚਦਾ ਸੀ ਕਿ 16 ਸਾਲਾਂ ਦੇ ਮੁੰਡੇ ਨੂੰ ਸਮਾਰਟ ਫ਼ੋਨ ਨਹੀਂ ਚਾਹੀਦਾ ਹੁੰਦਾ। ਕੱਚੀ ਉਮਰ ਦਾ ਮੁੰਡਾ ਆਪਣੇ ਸੁਪਨ-ਸੰਸਾਰ ਵਿਚ ਜੀਉਂਦਾ ਸੀ ਤੇ ਆਪਣੇ ਹੀ ਸੁਪਨ-ਸੰਸਾਰ ਵਿਚ ਮਰ ਗਿਆ। ਦੂਜੀ ਘਟਨਾ ਇਹ ਹੈ ਕਿ ਬਜਾਜੀ ਦੀ ਹੱਟੀ ਵਿਚ ਸੇਲਜ਼ਮੈਨ ਦੀ ਨੌਕਰੀ ਕਰਦੇ ਸ਼ਖ਼ਸ ਦੇ ਪੁੱਤਰ ਨੂੰ ਕੋਈ ਕੁੜੀ ਜਾਣਦੀ ਸੀ, ਦੋਵੇਂ ਵ੍ਹਟਸਐਪ 'ਤੇ ਚੈਟ ਕਰਦੇ ਸੀ। ਮੁੰਡੇ ਨੇ ਵਾਕਫ਼ ਕੁੜੀ ਨੂੰ ਕਿਹਾ ਕਿ ਚੱਲ ਆਪਾਂ ਵੀਡੀਓ ਕਾਲ ਕਰਦੇ ਹਾਂ, ਅੱਗੋਂ ਕੁੜੀ ਨੇ ਬਾਪ ਤੇ ਚਾਚੇ ਦੇ ਨੇੜੇ ਖੜ੍ਹੇ ਹੋਣ ਦਾ ਵਾਸਤਾ ਦਿੱਤਾ ਪਰ ਅੜੀਅਲ ਮੁੰਡਾ ਨਾ ਮੰਨਿਆ। ਕੁਦਰਤੀ, ਜ਼ਿੱਦੀ ਮੁੰਡੇ ਦੇ ਚਾਚੇ ਦਾ ਪੁੱਤ ਘਰ ਆਇਆ ਹੋਇਆ ਸੀ, ਜ਼ਿੱਦੀ ਮੁੰਡੇ ਨੇ ਚਚੇਰ ਭਰਾ ਨੂੰ ਝਕਾਨੀ ਦਿੱਤੀ ਤੇ ਕੁੜੀ ਨੂੰ ਕਹੇ ਮੁਤਾਬਕ ਪੱਖੇ ਨਾਲ ਫਾਂਸੀ ਲਾ ਕੇ ਮਰ ਗਿਆ। ਪਿਤਾ ਆਪਣੇ ਪਸੰਦੀਦਾ ਕਥਾਵਾਚਕ ਦੀ ਕਥਾ ਸੁਣ ਕੇ ਪੁੱਤ ਦੇ ਕਮਰੇ ਵਿਚ ਪੁੱਜਾ ਤਾਂ ਮੁੰਡੇ ਨੂੰ ਪੱਖੇ ਤੋਂ ਲਾਹਿਆ, ਹਸਪਤਾਲ ਲੈ ਕੇ ਗਏ ਤਾਂ ਡਾਕਟਰਾਂ ਨੇ ਮੁੰਡਾ ਮਰਿਆ ਐਲਾਨ ਦਿੱਤਾ। ਤੀਜੀ ਘਟਨਾ ਇਹ ਹੈ ਕਿ ਅੱਲ੍ਹੜ ਉਮਰ ਦਾ ਇਕ ਮੁੰਡਾ ਜਿਹੜਾ ਹਰ ਵੇਲੇ ਸਮਾਰਟ ਫੋਨ ਵਿਚ ਖੁੱਭਿਆ ਰਹਿੰਦਾ ਸੀ, ਉਹਨੇ ਫੇਸਬੁੱਕ 'ਤੇ 'ਦੋਸਤ' ਬਣਾ ਲਏ। ਉਨ੍ਹਾਂ ਖ਼ਰੂਦੀ ਮੁੰਡਿਆਂ ਨੂੰ ਪਤਾ ਲੱਗ ਗਿਆ ਕਿ ਇਹ 'ਸ਼ਿਕਾਰ' ਕਿਸੇ ਵਪਾਰੀ ਦਾ ਪੁੱਤ ਹੈ। ਉਨ੍ਹਾਂ ਅੱਥਰਿਆਂ ਨੇ ਇਹ ਨਵਾਂ ਸ਼ਿਕਾਰ ਫਾਹ ਕੇ ਅਗ਼ਵਾ ਕਰ ਲਿਆ ਤੇ ਉਹਦੇ ਪਿਓ ਤੋਂ 2 ਕਰੋੜ ਦੀ ਫ਼ਿਰੌਤੀ ਮੰਗ ਲਈ। ਦਰਮਿਆਨਾ ਵਪਾਰੀ ਸੀ ਉਹ ਤੇ ਇਕਦਮ ਏਨੇ ਪੈਸੇ ਕਿੱਥੋਂ ਲਿਆਉਂਦਾ? ਉਹਨੇ ਮਜਬੂਰੀ ਜ਼ਾਹਰ ਕੀਤੀ ਤਾਂ ਅੱਥਰੇ ਮੁੰਡਿਆਂ ਨੇ ਸੌਦਾ 50 ਲੱਖ ਤੋਂ ਸ਼ੁਰੂ ਕਰ ਕੇ 3 ਲੱਖ 'ਤੇ ਮੁਕਾ ਲਿਆ। ਓਧਰੋਂ ਅਗ਼ਵਾ ਹੋਇਆ 'ਦੋਸਤ' ਚੀਕਾਂ ਮਾਰਦਾ ਸੀ ਤਾਂ ਉਨ੍ਹਾਂ ਪੋਲ ਖੁੱਲ੍ਹਣ ਦੇ ਡਰੋਂ ਮੁੰਡੇ ਨੂੰ ਜਾਨੋਂ ਮਾਰ ਦਿੱਤਾ। ਅਗ਼ਵਾ ਮੁੰਡੇ ਦੇ ਪਿਓ ਨੇ ਪੁਲਿਸ ਨੂੰ ਆਪ-ਬੀਤੀ ਦੱਸੀ ਸੀ, ਪੁਲਿਸ ਨੇ ਜਾਲ ਵਿਛਾ ਦਿੱਤਾ। ਅਗ਼ਵਾਕਾਰ ਮੁੰਡਿਆਂ ਦੇ ਦੱਸੇ ਮੁਤਾਬਕ ਰੇਲਵੇ ਦੀ ਬੋਗੀ ਵਿਚ ਪੁਲਿਸ ਨੇ ਕਾਲਾ ਬੈਗ ਰਖਾ ਦਿੱਤਾ, ਜੀਹਦੇ ਵਿਚ ਕਰੰਸੀ ਨੋਟ ਨਹੀਂ ਸਗੋਂ ਗੱਤੇ ਤੇ ਕਾਗ਼ਜ਼ ਤੁੰਨੇ ਸਨ। ਜਦੋਂ ਅਗ਼ਵਾਕਾਰ ਉਹ ਬੈਗ ਚੁੱਕਣ ਲੱਗੇ ਤਾਂ ਸਾਦੇ ਕੱਪੜਿਆਂ ਵਿਚ ਖੜ੍ਹੇ ਪੁਲਿਸ ਮੁਲਾਜ਼ਮ ਨੇ ਉੱਥੇ ਹੀ ਧਰ ਲਿਆ, ਥਾਣੇ ਲੈ ਗਏ, ਉੱਥੇ ਸਖ਼ਤੀ ਕੀਤੀ ਤਾਂ ਬੱਕ ਪਏ ਕਿ ਅਗ਼ਵਾ ਮੁੰਡਾ ਤਾਂ ਦੋ ਦਿਨ ਪਹਿਲਾਂ ਦਾ ਮਾਰ ਦਿੱਤਾ ਸੀ। ਸੋ, ਕਹਿਣ ਤੋਂ ਮੁਰਾਦ ਇਹ ਹੈ ਕਿ ਹਾਲਾਤ ਇੱਥੋਂ ਤਕ ਬੁਰੇ ਹੋਣ ਤੀਕ ਪਹੁੰਚ ਚੁੱਕੇ ਹਨ। ਅਗ਼ਵਾਕਾਰ ਮੁੰਡੇ ਕਿੰਨੇ ਉਨਮਾਦੀ ਤੇ ਗ਼ਲਤ ਵੰਨਗੀ ਦੇ ਜਨੂੰਨੀ ਹੋਣਗੇ, ਇਹਦੀ ਮਿਸਾਲ ਸਮਝੀ ਜਾ ਸਕਦੀ ਹੈ।

(4)

1947 ਨੂੰ ਮੁਲਕ ਆਜ਼ਾਦ ਹੋਇਆ ਸੀ ਜਾਂ ਕਹਿ ਲਓ ਕਿ ਰਾਜਭਾਗ ਇਕ ਧਿਰ ਰਾਹੀਂ ਦੂਜੀ ਧਿਰ ਕੋਲ ਆ ਗਿਆ ਸੀ, ਇਹ ਸੰਸਾਰ ਦੀ ਬਹੁਤ ਵੱਡੀ ਘਟਨਾ ਹੈ। ਸਾਡੇ ਅੱਲ੍ਹੜ ਮੁੰਡੇ ਕੁੜੀਆਂ ਤਾਂ ਕੀਹ ਬਲਕਿ ਨੌਜਵਾਨ ਵੀ ਇਸ ਗੱਲ ਨੂੰ ਜਾਣਨ ਵਿਚ ਦਿਲਚਸਪੀ ਨਹੀਂ ਰੱਖਦੇ ਕਿ ਕਿਉਂ ਅਸੀਂ ਸੈਂਕੜੇ ਸਾਲਾਂ ਤਕ ਹੋਰਨਾਂ ਦੇਸ਼ਾਂ ਦੇ ਲੋਕਾਂ ਦੇ ਗ਼ੁਲਾਮ ਰਹੇ? ਕਿਉਂ ਅਸੀਂ ਕਰੋੜਾਂ ਵਿਚ ਹੋ ਕੇ ਵੀ ਮੁੱਠੀ ਭਰ ਜ਼ੋਰਾਵਰਾਂ ਦੇ ਥੱਲੇ ਲੱਗੇ ਰਹੇ। ਕਿਉਂ? ਇਹ 'ਕਿਉਂ ਵਾਲਾ ਵਿਚਾਰ' ਉਨ੍ਹਾਂ ਦੇ ਮਨ ਵਿਚ ਨਹੀਂ ਪੁੰਗਰਦਾ ਜਦਕਿ ਇਹ ਪੁੰਗਰਨਾ ਚਾਹੀਦਾ ਹੈ ਪਰ ਉਹ ਅਜਿਹੇ 'ਫ਼ਾਲਤੂ' ਤੇ ਕੰਮ ਕਰਨ ਵਿਚ ਭਰੋਸਾ ਨਹੀਂ ਰੱਖਦੇ। ਇਹ ਸਭ 'ਫ਼ਾਲਤੂ ਕੰਮ' ਉਨ੍ਹਾਂ ਦੀ 'ਡਿਕਸ਼ਨਰੀ' ਵਿਚ ਨਹੀਂ ਹਨ। ਉਹ ਸਾਹਿਤ ਪੜ੍ਹਣ ਦਾ ਸ਼ੌਕ ਨਹੀਂ ਰੱਖਦੇ, ਏਸੇ ਕਰ ਕੇ ਰਸਾਲਾ ਹੋਵੇ ਜਾਂ ਕੁਝ ਹੋਰ, ਇਹ ਨਵੀਂ ਪੀੜ੍ਹੀ ਹਰ ਚੀਜ਼ ਨੂੰ 'ਬੁਕ' ਹੀ ਆਖਦੀ ਹੈ ਹਾਲਾਂਕਿ ਇਹ ਸ਼ਬਦ ਕਿਤਾਬ ਲਈ ਰਾਖਵਾਂ ਹੁੰਦਾ ਹੈ। ਉਨਮਾਦੀ ਨਵੀਂ ਪੀੜ੍ਹੀ ਦੇ ਹੱਥ ਇੰਟਰਨੈੱਟ ਵਾਲਾ ਸਮਾਰਟ ਫੋਨ ਆਉਣ ਕਰ ਕੇ ਉਹ ਆਪਣੇ ਵਿਚ ਮਸਤ ਹੋ ਕੇ ਰਹਿ ਗਏ ਹਨ। ਇਹ ਬਦਮਸਤੀ ਉਨ੍ਹਾਂ ਦੀ ਹੋਣੀ ਬਣ ਕੇ ਰਹਿ ਗਈ ਹੈ।

(5)

ਇੰਨੀ ਵੱਡੀ ਗਿਣਤੀ ਵਿਚ ਨਵੇਂ ਅੱਲ੍ਹੜ ਮੁੰਡੇ ਕਿਉਂ ਉਨਮਾਦੀ ਹੋਏ? ਇਹਦਾ ਕੀ ਜਵਾਬ ਹੋ ਸਕਦਾ ਹੈ। ਹਰ ਵੇਲੇ ਸੋਸ਼ਲ ਮੀਡੀਆ ਦੇ ਖਾਰੇ ਸਮੁੰਦਰ ਵਿਚ ਗੋਤੇ ਲਾਉਣ ਵਾਲੇ ਇਹ ਮੁੰਡੇ ਮੋਟੇ ਸ਼ੀਸ਼ਿਆਂ ਵਾਲੀਆਂ ਐਨਕਾਂ ਲਾਉਂਦੇ ਹਨ। ਮਾਨਸਿਕ ਰੋਗੀ ਦਿੱਖ ਬਣਾ ਕੇ ਬਾਹਰ ਨਿਕਲਦੇ ਹਨ। ਇਨ੍ਹਾਂ ਨੂੰ ਨਹੀਂ ਪਤਾ ਕਿ ਦੇਸ਼ ਕੀ ਹੁੰਦਾ ਹੈ, ਸਮਾਜ ਕੀ ਹੁੰਦਾ ਹੈ, ਪਰਿਵਾਰ ਕੀ ਹੁੰਦਾ ਹੈ, ਸਿਆਸਤ ਕੀ ਹੁੰਦੀ ਹੈ, ਸੱਭਿਆਚਾਰ ਕੀ ਹੁੰਦਾ ਹੈ। ਸਭ ਕਾਸੇ ਤੋਂ ਅਣਜਾਣ ਇਹ ਨੌਜਵਾਨ ਅਣ-ਐਲਾਨੇ ਹਿੱਪੀ ਵਰਗੀ ਜ਼ਿੰਦਗੀ ਜਿਉਂਦੇ ਹਨ ਤੇ ਅਸੀਂ ਸਾਰੇ ਬੇਖ਼ਬਰ ਹਾਂ ਜਦਕਿ ਇਹ ਬਹੁਤ ਭਿਆਨਕ ਸਮਿਆਂ ਦੇ ਆਉਣ ਦੀ ਦਸਤਕ ਹੈ।

ਦਰਅਸਲ, ਆਪਾਂ ਨੂੰ ਮੰਨ ਲੈਣਾ ਪਵੇਗਾ ਕਿ ਵੱਡੇ ਸਰਮਾਇਆਦਾਰਾਂ ਤੇ ਵਪਾਰੀਆਂ ਨੇ ਇਨ੍ਹਾਂ ਦਾ ਅੰਤਰ-ਮਨ ਅਗ਼ਵਾ ਕੀਤਾ ਹੋਇਆ ਹੈ। ਪਹਿਲਾਂ ਪਹਿਲਾਂ ਬਾਰਬੀ ਗੁੱਡੀ ਬਣਾਉਣ ਵਾਲੇ ਵਪਾਰੀਆਂ 'ਤੇ ਦੋਸ਼ ਲੱਗਦੇ ਸਨ ਕਿ ਉਨ੍ਹਾਂ ਨੇ ਜਿਸਮਾਨੀ ਖ਼ੂਬਸੂਰਤੀ ਦੇ ਗ਼ਲਤ ਮਾਪਦੰਡ ਤੈਅ ਕੀਤੇ ਹਨ ਤੇ ਉਦੋਂ ਵੀ ਬਹੁਤ ਸਾਰੀਆਂ ਬੱਚੀਆਂ ਵਰਤ ਰੱਖ ਕੇ ਜਾਂ ਭੁੱਖੇ ਰਹਿ ਕੇ ਬਾਰਬੀ ਗੁੱਡੀ ਵਰਗੀਆਂ ਬਣਨ ਲਈ ਸਿਹਤ ਦਾ ਨੁਕਸਾਨ ਕਰਦੀਆਂ ਸਨ ਪਰ ਇਹ ਮਾਮਲਾ ਬਾਰਬੀ ਸੁਪਨ-ਸੰਸਾਰ ਤੋਂ ਕਿਤੇ ਵੱਧ ਭਿਆਨਕ ਵਰਤਾਰੇ ਦਾ ਸੂਚਕ ਹੈ।

(6)

ਹੁਣ ਸਿਰਫ਼ ਇੱਕੋ ਹੱਲ ਬੱਚਦਾ ਹੈ ਕਿ ਇਕ ਤਾਂ ਆਪਾਂ ਖ਼ੁਦ ਸਾਹਿਤ (ਲਿਟਰੇਚਰ) ਪੜ੍ਹਣ ਦੀ ਆਦਤ ਪਾਈਏ। ਅਖ਼ਬਾਰਾਂ ਦਾ ਸਾਹਿਤਕ ਸਫ਼ਾ ਤੇ ਖ਼ਾਸਕਰ ਸੰਪਾਦਕੀ ਸਫ਼ਾ ਪੜ੍ਹੀਏ ਤੇ ਬੱਚਿਆਂ ਨੂੰ ਇਸ ਪਾਸੇ ਚੇਟਕ ਲਾਈਏ। ਜੇ ਆਪਾਂ ਇਸ ਮਾਰਗ 'ਤੇ ਨਹੀਂ ਚੱਲਦੇ ਤਾਂ ਇਹ ਚਮਕਾਂ ਮਾਰਦੀ ਜਾਅਲੀ ਮਨੁੱਖਤਾ ਸਾਰੇ ਸਮਾਜ ਦੀ ਦੁਸ਼ਮਣ ਬਣ ਕੇ ਸਾਹਮਣੇ ਆਵੇਗੀ। ਇਹ ਜਾਅਲੀ ਕਿਸਮ ਦੇ ਆਧੁਨਿਕ ਬੱਚੇ ਬਾਇਓ ਰੋਬੋਟ ਬਣ ਕੇ ਸਾਹਮਣੇ ਆਉਣਗੇ ਤੇ ਆਪਣੇ ਅੰਤਰ ਮਨ ਦੀ ਪ੍ਰੋਗਰਾਮਿੰਗ ਮੁਤਾਬਕ ਸਾਰੀਆਂ ਕਦਰਾਂ ਕੀਮਤਾਂ ਨੂੰ ਨੇਸਤੋਨਾਬੂਦ ਕਰਨਗੇ। ਕਰਦੇ ਈ ਪਏ ਨੇ। ਇਹੀ ਜਾਗਣ ਦਾ ਵੇਲਾ ਹੈ, ਹੁਣ ਨਾ ਜਾਗੇ ਤਾਂ ਫੇਰ ਬਹੁਤ ਦੇਰ ਹੋ ਜਾਣ ਵਾਲੀ ਹੈ।

(7)

ਪਰਮਾਣੂ ਹਮਲਿਆਂ ਨਾਲੋਂ ਵਧੇਰੇ ਖਤਰਨਾਕ

ਅਸਲ ਵਿਚ ਗਲ ਇਹ ਹੈ ਕਿ ਨੌਜਵਾਨ ਤਬਕੇ ਤੇ ਅਲੜ੍ਹਾਂ ਦੇ ਦਿਮਾਗ ਹਾਈਜੈਕ ਕਰਨ ਲਈ ਬਹੁਤ ਮਹੀਨ ਢੰਗਾਂ ਨਾਲ ਸਾਜਿਸ਼ ਕੀਤੀ ਗਈ ਹੈ।

ਇਹ ਸਾਜਿਸ਼ ਇਹ ਹੈ ਕਿ ਦੁਨੀਆ ਦੇ ਬਹੁਤ ਵੱਡੇ ਹਿੱਸੇ ਨੂੰ ਗੁਮਰਾਹੀ ਦੇ ਰਸਤੇ ਉਤੇ ਪਾ ਕੇ ਈ ਪੂੰਜੀ ਤੰਤਰ ਦੀਆਂ ਮੌਜ ਬਹਾਰਾਂ ਹੋ ਸਕਦੀਆਂ ਹਨ।

ਇਕ ਮਿਲਦੀ ਜੁਲਦੀ ਮਿਸਾਲ ਇਹ ਹੈ ਕਿ ਅਰੁਧੰਤੀ ਰੌਇ ਜਲੰਧਰ ਫੇਰੀ ਮੌਕੇ ਇਹ ਗਲ ਸੁਣਾ ਕੇ ਗਈ ਸੀ ਕਿ ਇਕ ਥਾਂ ਗੁਰੀਲਿਆਂ ਤੇ ਸਰਕਾਰ ਵਿਚ ਟਕਰਾਅ ਚਲਦਾ ਸੀ। ਰੌਇ ਰਿਸਰਚ ਵਰਕ ਕਰ ਰਹੀ ਸੀ ਤਾਂ ਉਸ ਨੇ ਪੁਲਿਸ ਦੇ ਆਲਾ ਅਫਸਰ ਤੋਂ ਪੁਛਿਆ ਕਿ ਕਿਵੇਂ ਸਥਿਤੀ ਨਾਲ ਸਿਝੋਂਗੇ? ਜਵਾਬ ਵਿਚ ਵੱਡਾ ਅਫਸਰ ਕਹਿਣ ਲੱਗਾ ਕਿ ਅਸੀਂ ਢੰਗ ਸੋਚ ਲਿਐ।

ਰੌਇ ਪੁੱਛ ਰਹੀ ਸੀ : ਕਿਵੇਂ?

ਅਫਸਰ ਆਖਣ ਲੱਗਾ ਕਿ ਅਸੀਂ ਗੁਰੀਲਿਆਂ ਦੇ ਘਰਾਂ ਵਿਚ ਟੀ ਵੀ ਸੈੱਟ ਮੁਫਤ ਦੇ ਕੇ ਆਵਾਂਗੇ। ਮੁੜ ਕੇ ਆਪੇ ਈ ਠੰਢੇ ਪੈ ਜਾਣਗੇ!!

ਸੋ। ਇਹ ਗਲ ਤਾਂ ਮਹੀਨ ਕਿਸਮ ਦੇ ਸਮਾਰਟ ਫੋਨ ਦੀ ਹੈ ਜੀਹਨੇ ਅਨੇਕ ਲੋਕਾਂ ਦੇ ਦਿਮਾਗ ਨੂੰ ਤਕਰੀਬਨ ਹਾਈਜੈਕ ਕੀਤਾ ਹੋਇਆ ਹੈ।

ਮੁਰਗੀਖਾਨਿਆਂ ਵਿਚ ਜਾ ਕੇ ਵੇਖੀਦਾ ਐ ਕਿ ਬਰਾਇਲਰ ਕਿਸਮ ਦੇ ਮੁਰਗੇ ਤੇ ਮੁਰਗੀਆਂ ਕੁਦਰਤਨ ਡਰਪੋਕ ਜਿਹੇ ਹੁੰਦੇ ਨੇ।

ਬਰਾਇਲਰ ਕਿਉਂਜੋ ਕੁਦਰਤੀ ਨਹੀਂ ਸਗੋਂ ਮਿਸ਼ਰਤ ਨਸਲ ਹਨ ਏਸੇ ਕਰ ਕੇ ਉਨ੍ਹਾਂ ਵਿਚ ਮਾਰੇ ਜਾਣ ਦੀ ਸਥਿਤੀ ਨੇੜੇ ਵੇਖ ਕੇ ਵੀ ਭੱਜਣ ਜਾਂ ਦੰਦੀ ਵਢ ਕੇ ਜਾਨ ਬਚਾਉਣ ਦਾ ਜੇਰਾ ਨਈ ਹੁੰਦਾ। ਇਹੋ ਜਿਹੇ ਬਰਾਇਲਰ ਮਾਨਵ ਵੀ ਸਾਜਿਸ਼ਨ ਪੈਦਾ ਕੀਤੇ ਜਾ ਰਹੇ ਹਨ।

ਜਦੋਂ ਜੀਓ ਨੇ ਮੁਫਤ 4ਜੀ ਇੰਟਰਨੈਟ ਦੇਣਾ ਸ਼ੁਰੂ ਕੀਤਾ ਤਾਂ ਨੈਟ ਵਰਤਣ ਵਾਲੇ ਬਚਿਆਂ ਦੀ ਪੜ੍ਹਾਈ ਵਿਚ ਕਾਰਗੁਜ਼ਾਰੀ ਘੱਟ ਕੇ ਅੱਧੀ ਰਹਿ ਗੀ! ਪਰ ਕਿਉਂ?

ਸਾਨੂੰ ਸ਼ਿਕਾਰ ਬਣਾਉਣ ਦੀ ਬਾਰੀਕ ਵਿਓਂਤ ਤਹਿਤ ਬਹੁਤ ਸਾਰੇ ਕੰਮ ਨੂੰ ਅੰਜਾਮ ਦਿੱਤਾ ਜਾ ਰਿਹਾ ਐ। ... ਤੇ ਅਸੀਂ ਗਫਲਤ ਵਿਚ ਜੀਉਂਦੇ ਜਾ ਰਹੇ ਆਂ।

# ਇਕ ਦੰਗਈ ਗਏ ਦੂਜੇ ਆਏ



"ਐਮਰਜੈਂਸੀ 'ਚ ਉੱਘਾ ਰੋਲ, ਰਾਡੀਆ ਟੇਪਾਂ ਤੇ 1984 : ਕਾਂਗਰਸ ਦੇ ਕਮਲ (ਨਾਥ) ਦੀਆਂ ਸਿਫਤਾਂ!"

ਰਾਹੁਲ ਗਾਂਧੀ ਨੇ ਆਪਣੇ ਪਹਿਲੇ ਜੇਤੂ ਚੋਣ ਸਫਰ 'ਚ ਦਿੱਲੀ ਦੰਗਿਆਂ ਦੇ ਅਰੋਪੀ ਨੂੰ ਮੱਧ ਪ੍ਰਦੇਸ਼ ਦੇ ਮੁੱਖ ਮੰਤਰੀ ਵਜੋਂ ਚੁਣਿਆ ਹੈ।

1 ਨਵੰਬਰ 1984 'ਚ ਦਿੱਲੀ ਦੇ ਰਕਾਬ ਗੰਜ ਗੁਰਦੁਆਰੇ ਤੇ ਹਮਲੇ ਸਮੇਂ ਕਮਲਨਾਥ 2 ਘੰਟੇ ਤੱਕ ਮੌਜੂਦ ਰਿਹਾ। ਮੌਕੇ ਦੇ ਚਸ਼ਮਦੀਦ, ਇੰਡੀਅਨ ਐਕਸਪ੍ਰੈਸ ਦੇ ਪੱਤਰਕਾਰ ਤੇ ਗਵਾਹ ਨੇ ਹਲਫਨਾਮਾ ਦਾਇਰ ਕਰਕੇ ਪੜਤਾਲੀਆ ਅਫਸਰਾਂ ਨੂੰ ਦੱਸਿਆ ਕਿ ਦੰਗਈ ਉਸ ਵੱਲ ਦਿਸ਼ਾ ਨਿਰਦੇਸ਼ ਵਾਸਤੇ ਦੇਖ ਰਹੇ ਸੀ। ਜਦੋਂ ਤੱਕ ਕਮਲਨਾਥ ਉਥੇ ਰਿਹਾ, ਹਮਲੇ ਦੌਰਾਨ ਜਿਉਂਦੇ ਸਾੜੇ ਗਏ ਸਿੱਖਾਂ ਦੀ ਲਾਸ਼ਾਂ ਜਲਦੀਆਂ ਰਹੀਆਂ। ਤੇ ਇਹ ਮਹਿਜ ਕੋਈ ਦੋਸ਼ ਨਹੀਂ, ਕਮਲਨਾਥ ਨੇ ਖੁਦ ਆਪਣੀ ਹਾਜਰੀ ਨਾਨਾਵਤੀ ਕਮਿਸ਼ਨ ਅਗੇ ਕਬੂਲੀ ਹੈ। ...ਭਾਰਤ ਦੇ ਸਭ ਤੋਂ ਤਾਕਤਵਰ ਸਿਆਸੀ ਹਸਤੀਆਂ 'ਚੋਂ ਇਕ ਦੀ ਹੱਤਿਆਵਾਂ ਮੌਕੇ ਲੰਮੀ ਹਾਜ਼ਰੀ, ਮੌਕੇ ਤੇ ਮੌਜੂਦ ਪੱਤਰਕਾਰ ਦੀ ਗਵਾਹੀ ਤੇ ਹੋਰ ਸਭ ਕਾਸੇ ਦੇ ਬਾਵਜੂਦ ਉਸਦੇ ਖਿਲਾਫ ਸਜ਼ਾਯੋਗ ਸਬੂਤ ਨਹੀਂ ਮਿਲੇ! (..ਤੇ ਅੱਜ ਤੱਕ ਦੰਗਿਆ ਦੇ ਸਬੰਧ 'ਚ ਕਿਸੇ ਸਿਆਸਤਦਾਨ ਖਿਲਾਫ ਨਹੀਂ ਮਿਲੇ) ਘੰਟਿਆਂਬੱਧੀ ਜਾਰੀ ਰਹੇ ਫਸਾਦਾਂ ਨੂੰ ਰੋਕਣ ਲਈ ਉਸ ਵਲੋਂ ਕੋਈ ਕਦਮ ਨਾ ਚੁੱਕਣਾ, ਤੇ ਹਾਜ਼ਰੀ ਬਾਵਜੂਦ ਇਕ ਸਮਾਜਕ ਹਸਤੀ ਵਜੋਂ ਘਟਨਾਕ੍ਰਮ ਦੇ ਗਵਾਹ ਵਜੋਂ ਪੇਸ਼ ਨਾ ਹੋਣਾ .... ਸਿਰਫ ਹਿੰਦੋਸਤਾਨ ਦੀ ਅੰਨੀ ਨਿਆਂਇਕ ਵਿਵਸਥਾ ਹੀ ਪ੍ਰਤਖ ਨੂੰ ਦੇਖਣ ਤੋਂ ਅਸਮਰਥ ਹੈ ਜਿਸਦੀ ਪੁਣਛਾਣ ਇਤਿਹਾਸ ਕਰਦਾ ਰਹੇਗਾ!

ਰਾਹੁਲ ਦੀ ਇਸ ਚੋਣ ਨੇ ਉਸ ਬੇਮਤਲਬ ਬਹਿਸ ਦਾ ਅੰਤ ਕਰ ਦਿਤਾ ਹੈ ਜੋ ਉਸ ਨੂੰ ਇਹ ਕਹਿ ਕੇ ਬਰੀ ਕਰਨ ਲਈ ਕੀਤੀ ਜਾਂਦੀ ਸੀ ਕਿ ਉਹ ਉਸ ਸਮੇਂ ਖੁਦ ਬਚਪਨ 'ਚ ਸੀ। ਠੀਕ ਹੈ, ਪਰ, ਹੁਣ ਉਸ ਪਾਸ ਚੋਣ ਕਰਨ ਦਾ ਮੌਕਾ ਆਇਆ ਤਾਂ ਉਸ ਨੇ ਪਹਿਲੀ ਚੋਣ ਇਕ ਦੰਗਈ ਵਜੋਂ ਦੇਖੇ ਜਾਂਦੇ ਚਿਹਰੇ ਨੂੰ ਮੁੱਖ ਮੰਤਰੀ ਨਾਮਜਦ ਕਰਕੇ ਕੀਤੀ। 1984 ਹਾਲੇ ਅੱਲ੍ਹਾ ਜਖਮ ਹੈ ਤੇ ਉਸਦੀ ਇਸ ਚੋਣ ਨੇ ਘੱਟ ਗਿਣਤੀਆਂ ਪ੍ਰਤੀ ਉਸਦੀ ਉਸੇ ਬੇਰੁਖੀ ਨੂੰ ਜਾਹਰ ਕੀਤਾ ਹੈ ਜੋ ਦਿਲੀ ਦੇ ਹਰ ਹਾਕਮ ਦੀ ਲਖਾਇਕ ਹੈ।

...ਤੇ ਇਹ ਬਣਦਾ ਵੀ ਸੀ। ਦਰਬਾਰੀਦਿੱਲੀ ਸਿਆਸਤਦਾਨ ਵਜੋਂ ਜਾਣਿਆਂ ਜਾਂਦਾ ਕਮਲਨਾਥ ਸ਼ਾਹੀ ਘਰਾਣੇ ਦਾ ਖਾਸਮਖਾਸ ਹੈ ਤੇ ਸ਼ਹਿਜਾਦੇ ਨੇ ਪੁਰਾਣੀਆਂ ਵਫਾਦਾਰੀਆਂ ਦਾ ਸਿਲਾ ਤਾਰਿਆ ਹੈ।

ਅਰਬਾਂ ਖਰਬਾਂ ਪਤੀਆਂ ਨਾਲ ਭਰੀ ਪਈ ਲੋਕ ਸਭਾ ਵਿਚ, ਉਹ 15ਵੀਂ ਲੋਕ ਸਭਾ ਦਾ ਸਭ ਤੋਂ ਅਮੀਰ ਐਮ.ਪੀ ਸੀ। ਉਹ ਸੰਜੇ ਗਾਂਧੀ ਦਾ ਕਾਲਜ ਸਮੇਂ ਸਹਿਪਾਠੀ ਸੀ। ਐਮਰਜੰਸੀ ਸਮੇਂ ਸੰਜੇ ਗਾਂਧੀ ਦੀ ਸਭ ਤੋਂ ਨੇੜਲੀ ਜੁੰਡੀ ਦਾ ਹਿੱਸਾ ਸੀ। ਐਮਰਜੰਸੀ ਸਮੇਂ ਤਾਂ ਇਹ ਬਕਾਇਦਾ ਨਾਰ੍ਹਾ ਸੀ ਕਿ ਇੰਦਰਾ ਗਾਂਧੀ ਕੇ ਦੋ ਹਾਥ,

ਵੱਡੇ ਸਰਮਾਏਦਾਰਾਂ ਦੀ ਨੁਮਾਇੰਦਾ ਜਥੇਬੰਦੀ ਸੀ.ਆਈ.ਆਈ ਦੇ ਸਾਬਕਾ ਪ੍ਰਧਾਨ ਤਰੁਨ ਦਾਸ ਨੇ ਨੀਰਾ ਰਾਡੀਆ ਨਾਲ ਫੋਨ ਵਾਰਤਾਲਾਪ 'ਚ ਯੂਪੀਏ ਕਾਲ ਦੌਰਾਨ ਕਮਲਨਾਥ ਦੀ ਕੇਂਦਰੀ ਮੰਤਰੀ ਵਜੋਂ ਨਿਯੁਕਤੀ ਬਾਰੇ ਬੋਲਦਿਆਂ ਕਿਹਾ ਸੀ (ਇਹ ਵਰਤਾਲਾਪ ਰਾਡੀਆ ਟੇਪਾਂ ਵਜੋਂ ਚਰਚਿਤ ਹੋਇਆ ਤੇ ਹੁਣ ਵੀ ਆਊਟਲੁਕ ਦੀ ਸਾਇਟ ਤੇ ਪਿਆ ਹੈ) ਕਿ ਕਮਲਨਾਥ ਇਕ ਕਾਰਜਸ਼ੀਲ ਵਿਅਕਤੀ ਹੈ।

ਸੰਜੇ ਗਾਂਧੀ ਕਮਲਨਾਥ! ਜਿਹਨਾਂ ਹੱਥਾਂ ਨਾਲ 1975 'ਚ ਇੰਦਰਾ ਗਾਂਧੀ ਨੇ ਜਮਹੂਰੀ ਹੱਕਾਂ ਤੇ ਸ਼ਹਿਰੀ ਅਜ਼ਾਦੀਆਂ ਦਾ ਗਲਾ ਘੁਟਿਆ, ਉਹਨਾਂ 'ਚੋਂ ਇਕ ਕਮਲਨਾਥ ਸੀ। ਬਦਲੇ ਵਿਚ 1980 ਦੀਆਂ ਚੋਣਾਂ ਸਮੇਂ ਉਸਦੇ ਹਲਕੇ 'ਚ ਬੋਲਦਿਆਂ ਇੰਦਰਾ ਗਾਂਧੀ ਨੇ ਕਿਹਾ ਕਿ ਲੋਕਾਂ ਨੇ ਉਸਦੇ ਤੀਸਰੇ ਪੁੱਤਰ ਨੂੰ ਵੋਟਾਂ ਪਾਉਣੀਆਂ ਹਨ। ਵੱਡੇ ਸਰਮਾਏਦਾਰਾਂ ਦੀ ਨੁਮਾਇੰਦਾ ਜਥੇਬੰਦੀ ਸੀ.ਆਈ.ਆਈ ਦੇ ਸਾਬਕਾ ਪ੍ਰਧਾਨ ਤਰੁਨ ਦਾਸ ਨੇ ਨੀਰਾ ਰਾਡੀਆ ਨਾਲ ਫੋਨ ਵਾਰਤਾਲਾਪ 'ਚ ਯੂਪੀਏ ਕਾਲ ਦੌਰਾਨ ਕਮਲਨਾਥ ਦੀ ਕੇਂਦਰੀ ਮੰਤਰੀ ਵਜੋਂ ਨਿਯੁਕਤੀ ਬਾਰੇ ਬੋਲਦਿਆਂ ਕਿਹਾ ਸੀ (ਇਹ ਵਰਤਾਲਾਪ ਰਾਡੀਆ ਟੇਪਾਂ ਵਜੋਂ ਚਰਚਿਤ ਹੋਇਆ ਤੇ ਹੁਣ ਵੀ ਆਊਟਲੁਕ ਦੀ ਸਾਇਟ ਤੇ ਪਿਆ ਹੈ) ਕਿ ਕਮਲਨਾਥ ਇਕ ਕਾਰਜਸ਼ੀਲ ਵਿਅਕਤੀ ਹੈ। ਉਹ ਆਪਣਾ 15% ਵੀ ਬਣਾਏਗਾ, ਨੈਸ਼ਨਲ ਸਰਵਿਸ ਵੀ ਕਰੇਗਾ ਅਤੇ ਪੈਸਾ ਬਣਾਏਗਾ। ਜਾਹਰ ਹੈ, ਮਲੋਮਲੀ ਜਾਹਰ ਹੋਏ ਇਹਨਾਂ ਪੱਖਾਂ ਤੋਂ ਪਾਸੇ, ਦਰਅਸਲ ਉਹ ਬੇਹਦ ਛੁਪਿਆ ਰੁਸਤਮ ਹੈ!

ਜੋ ਸਾਰੇ ਇਹ ਸਮਝਕੇ ਤਾੜੀਆਂ ਮਾਰ ਰਹੇ ਸੀ ਕਿ ਨਵੇਂ ਹਾਕਮ ਭ੍ਰਿਸ਼ਟਾਚਾਰ, ਹਜੂਮੀ ਕਤਲਾਂ (Mob Lynching) ਫਾਸ਼ੀਵਾਦ ਨੂੰ ਠੱਲਣਗੇ ਜਾਂ ਸ਼ਾਇਦ ਸੈਕੂਲਰ ਹਾਕਮ ਜਮਾਤਾਂਲਿਆਉਣਾ ਇਸ ਇਤਹਾਸਕ ਮੌਕੇ ਦੀ ਜ਼ਰੂਰਤ ਹੈ ਤਾਂ ਦਰਅਸਲ ਉਹਨਾਂ ਨੇ ਇਕ 15 ਪਰਸੈਂਟੀਆ ਤੇ ਹਜੂਮੀ ਭੀੜਾਂ ਦਾ ਪ੍ਰਤੱਖ ਹਿਸੇਦਾਰ ਵਿਕਲਪ ਵਜੋਂ ਚੁਣਿਆ ਹੈ। ....ਇਹ ਸ਼ਾਇਦ ਉਹਨਾਂ ਸੋਚਿਆ ਨਹੀਂ ਹੋਣਾ, ਪਰ ਸੋਚਣਾ ਪੈਣਾ ਹੈ!

ਲੋਕ ਸੰਘਰਸ਼ਾਂ 'ਤੇ ਟੇਕ ਰਖਣ ਵਾਲੇ ਲੋਕਾਂ ਦਾ ਨਾਹਰਾ ਹੈ ਕਿ ਸਰਕਾਰਾਂ ਤੋਂ ਨਾ ਝਾਕ ਕਰੋ, ਆਪਣੀ ਰਾਖੀ ਆਪ ਕਰੋ!ਭਾਰਤ ਦੇ ਕਿਰਤੀ ਕਮਾਊ ਲੋਕਾਂ ਵਾਸਤੇ ਆਪਣੇ ਸੰਘਰਸ਼ਾਂ ਦੀ ਹਸਤੀ ਕਾਇਮ ਕਰਨ ਤੇ ਖੁਦ ਵਿਸ਼ਾਲ ਜਨ ਸੰਘਰਸ਼ ਦੀ ਲਹਿਰ ਤੋਂ ਬਿਨਾਂ ਹੱਕਾਂ ਤੇ ਸੁਰਖਿਆ ਦੀ ਕੋਈ ਜਾਮਨੀ ਨਹੀਂ।

(ਸਾਥੀ ਸੁਦੀਪ ਸਿੰਘ ਦੀ ਵਾਲ ਤੋਂ)

## ਯੂ.ਪੀ ਦੀ ਇੱਕ ਸਰਕਾਰੀ ਪ੍ਰਾਇਮਰੀ ਟੀਚਰ ਮਧੁਲਿਕਾ ਦੀ ਕਵਿਤਾ ਜਿਸਨੇ ਅੰਦਰ ਤੱਕ ਝੰਜੋੜ ਕੇ ਅੰਦਰ ਦਿੱਤਾ......

ਸਰਕਾਰੀ ਸਕੂਲ ਮੇਂ ਪੜ੍ਹਾਨਾ
ਸਿਰਫ਼ ਪੜ੍ਹਾਨਾ ਭਰ ਨਹੀ ਹੋਤਾ...
ਯੇ ਪੜ੍ਹਨਾ ਹੋਤਾ ਹੈ, ਹਾਲਾਤ ਕੋ
ਜਿਨ ਮੇਂ ਹਮਾਰੇ ਬੱਚੇ ਰਹਿ ਰਹੇ ਹੈ, ਜੀਅ ਰਹੇ ਹੈ ,
ਏਕ ਹੀ ਕਲਾਸ ਮੇਂ
ਏਕ ਕੋ 20 ਤੱਕ ਪਹਾੜਾ ਯਾਦ ਹੈ
ਦੂਸਰੇ ਕੋ ਗਿਨਤੀ ਕੀ ਸਮਝ ਤੱਕ ਨਹੀ ਹੈ,
ਮਾਨਸਿਕ ਸਤਰ ਪਰ ਦੇਖਾ ਜਾਏ ਤੋ
ਹਰ ਕਲਾਸ ਮੇਂ ਕਮ ਸੇ ਕਮ ਪਾਂਚ ਗਰੁੱਪ ਬਣੇਂਗੇ,

ਬੱਚੋਂ ਪਰ ਹਾਥ ਉਠਾਨਾ ਬਿਲਕੁਲ ਅੱਛਾ ਨਹੀ ਲਗਤਾ
ਚਾਹਤੀ ਹੂੰ
ਵੋਹ ਸਕੂਲ ਸੇ ਡਰੇ ਨਹੀ , ਪਿਆਰ ਕਰੇ
ਮਗਰ ਕੈਸੇ
ਮੈਂ ਉਨਕੋ ਗਿਨਤੀ ਸਿਖਾਨੇ ਕੀ ਕੋਸ਼ਿਸ਼ ਕਰਤੀ ਹੂੰ
ਵੋਹ ਖਿੜਕੀ ਸੇ ਝੂਲ ਰਹੇ ਹੋਤੇ ਹੈ,
ਮੈਂ ਵਰਨਮਾਲਾ ਕੀ ਪਹਿਚਾਨ ਕਰਾਨਾ ਚਾਹਤੀ ਹੂੰ
ਵੋਹ ਪੈਨਸਿਲ ਸੇ ਕਟੋਰੇ ਪਰ ਸੰਗੀਤ ਕੀ ਪ੍ਰੈਕਟਿਸ ਮੇਂ ਲਗੇ ਰਹਿਤੇ ਹੈ,
ਮੈਂ ਚਾਹਤੀ ਹੂੰ
ਵੋਹ ਫੂਲ, ਪੱਤੀ, ਬਾਦਲ, ਤਿਤਲੀ ਬਨਾਏ
ਪਰ ਕਹਾਂ
ਨਾ ਕਾਗਜ਼ ਹੈ, ਨਾ ਰੰਗ ਹੈ
ਰੰਗ ਤੋ ਖ਼ੈਰ ਕਹੀਂ ਨਹੀ ਹੈ
3ੀਚਲਲਖ ਫੀਕਕਾਤ, 4ਜਠਬ;ਕ ਫੀਜਅ,ਢਰਤਖ ;ਜਬਤ
ਯੇ ਸਭ ਪਰੀ ਕਥਾ ਕੀ ਬਾਤੇਂ ਹੈ
ਇਨਕੇ ਘੁੰਗਰਾਲੇ ਬਾਲੋਂ ਮੇਂ ਸਾਲੋਂ ਸੇ ਤੇਲ ਨਹੀ ਪੜਾ
ਬੁਰੀ ਤਰ੍ਹਾ ਉਲਝੇ ਹੁਏ ਹੈ ,

ਪਿਛਲੇ ਸਾਲ ਕੀ ਯੂਨੀਫਾਰਮ ਮੇਂ
ਏਕ ਭੀ ਬਟਨ ਸਲਾਮਤ ਨਹੀ ਹੈ
ਇਨਕੀ ਆਂਖੋਂ ਮੇਂ ਹਲਕਾ ਪੀਲਾਪਨ ਹੈ
ਕਈ ਵਾਰ ਯੇ conjunctive virus ਕਾ ਸ਼ਿਕਾਰ ਭੀ ਦਿਖਤੇ ਹੈ
(conjunctive virus –ਅੱਖਾਂ ਦਾ ਇੱਕ ਰੋਗ)
ਧਾਨ ਲਗਾਨੇ ਕੀ ਵਜ੍ਹਾ ਸੇ
ਪੈਰੋਂ ਮੇ ਸੜਨ ਸੀ ਹੋ ਗਈ ਹੈ, ਦਰਦ ਭੀ ਹੈ
ਖੇਲ ਖੇਲ ਮੇਂ ਅਕਸਰ ਚੋਟਿਲ ਹੋ ਜਾਤੇ ਹੈ,

ਮੈਂ ਉਨਕੇ ਸਾਥ ਸਖ਼ਤ ਹੋਨੇ ਕੀ ਕੋਸ਼ਿਸ ਕਰਨਾ ਚਾਹਤੀ ਹੂੰ
ਲੇਕਿਨ ਅਸਫ਼ਲ ਰਹਿਤੀ ਹੂੰ
ਉਨਕੇ ਸਾਥ ਤੋ ਜ਼ਿੰਦਗੀ ਹੀ ਇਤਨੀ ਸਖ਼ਤ ਹੈ,

ਸਕੂਲ ਕਾ ਹੈਂਡਪੰਪ ਏਕ ਗੱਡੇ ਮੇਂ ਹੈ
ਜਿਸਮੇਂ ਬਰਸਾਤ ਕਾ ਪਾਨੀ ਭਰਾ ਰਹਿਤਾ ਹੈ
ਉਸ ਨਲ ਕਾ ਪਾਨੀ ਪੀਨੇ ਕਾ ਜੀਆ ਨਹੀ ਕਰਤਾ
ਲੇਕਿਨ ਉਨ ਬੱਚੋਂ ਕੇ ਬੀਚ
ਘਰ ਸੇ ਲਿਜਾਈ ਬੋਤਲ ਕਾ ਪਾਨੀ ਪੀਨਾ
ਮੁਝੇ ਅੰਦਰ ਤਕ ਅਸ਼ਲੀਲ ਦਿਖਨੇ ਕੇ ਅਹਿਸਾਸ ਸੇ ਭਰ ਦੇਤਾ ਹੈ,

ਜਿਸ ਬੱਚੇ ਕੋ ਕਾਪੀ ਨਾ ਹੋਨੇ ਕੇ ਕਾਰਨ
ਡਾਂਟ ਕਰ ਅਪਨੇ ਪਾਪਾ ਕੋ ਬੁਲਾ ਕਰ ਲਾਨੇ ਕੋ ਕਹਾ ਥਾ
ਉਸਕੇ ਪਿਤਾ ਹੈ ਹੀ ਨਹੀ,
" ਮੈਡਮ ਪੱਪਾ ਕਹੇ ਹੈ, ਜਬ ਪੈਸਾ ਹੋਇ ਤੋ ਆਧਾਰ ਕਾਰਡ ਬਨਵਾ ਲਈ"
ਪੱਪਾ ਕਿਆ ਕਾਮ ਕਰਤੇ ਹੈ ਗੋਲੂ, ਮੈਂ ਬੇਖਿਆਲੀ ਸੇ ਪੂਛਤੀ ਹੂੰ
" ਕੋਈ ਕੰਮਵਾ ਨਹੀ ਲਾਗਾ ਥਾ "
ਪਿਤਾ ਇਸ ਸਮੇਂ ਖਾਲੀ ਹਾਥ ਹੈ
ਪੈਸੇ ਸੇ ਭੀ ਔਰ ਕਾਮ ਸੇ ਭੀ ,

ਕੁਛ ਬੱਚੇ ਕਰੂਰ ਸ਼ਬਦੋਂ ਮੇਂ ਕਹੂੰ ਤੋਂ ਮੰਦਬੁੱਧੀ ਹੈ
ਯੇ ਅਤਿਰਿਕਤ ਧਿਆਨ ਚਾਹਤੇ ਹੈ ..... ਨਹੀ ਸੰਭਵ ਹੋ ਪਾਤਾ
ਯੇ ਪਿਆਰ ਕੀ ਭਾਸ਼ਾ ਸਮਝਤੇ ਹੈ ਬਸ
ਇਸੀ ਲੀਏ ਹਰ ਜਗ੍ਹਾ ਪੀਛੇ ਪੀਛੇ ਹੈ,
ਪੜ੍ਹਾਨੇ ਮੇਂ ਬਾਧਾ ਹੋਤੀ ਹੈ, ਤੋ ਕਭੀ ਕਭੀ ਡਾਂਟ ਦੇਤੀ ਹੂੰ
"ਅਪਨੀ ਕਲਾਸ ਮੇਂ ਜਾਓ" ਯੇ ਰੋ ਪੜਤੇ ਹੈ
ਮੈਂ ਸ਼ਰਮਿੰਦਗੀ ਕੇ ਅਹਿਸਾਸ ਸੇ ਭਰ ਉਠਤੀ ਹੂੰ.... ਅਪਨੇ ਜੰਗਲੀਪਨ ਪਰ
ਇਨਕੋ ਮਨਾਤੀ ਹੂੰ
ਯੇ ਪਹਿਲੇ ਕੀ ਤਰ੍ਹਾਂ ਫਿਰ ਮੇਰੇ ਪੀਛੇ ਪੀਛੇ ਲਗ ਜਾਤੇ ਹੈ,

ਯੇ ਅਕਸਰ ਕਾਪੀ, ਕਲਮ ਨਹੀ ਲਾਤੇ
ਮੁਝੇ ਕੋਫ਼ਤ ਹੋਤੀ ਹੈ
ਕੈਸੇ ਪੜਾਊਂ, ਕੈਸੇ ਲਿਖਨਾ ਸਿਖਾਊਂ
ਲੇਕਿਨ ਯੇ ਅਕਸਰ
ਕੱਚੇ ਪੱਕੇ ਅਮਰੂਦ ਲਾਤੇ ਹੈ ਮੇਰੇ ਲੀਏ
ਕਭੀ ਕਭੀ ਬੇਰ ਭੀ
ਬੜੀ ਮੁਸ਼ਕਿਲ ਸੇ ਹਾਸਲ ਇਨ ਮੌਸਮੀ ਫ਼ਲੋਂ ਮੇਂ ਸੇ
ਵੋਹ ਏਕ ਭੀ ਅਪਨੇ ਲੀਏ ਬਚਾਨਾ ਨਹੀ ਚਾਹਤੇ
ਆਈ.ਏ.ਐਸ., ਇੰਜੀਨੀਅਰ, ਡਾਕਟਰ ਬਨਨੇ ਕਾ ਖ਼ਾਬ ਮੈਂ ਕਿਨ ਆਂਖੋਂ ਸੇ ਦੇਖੂੰ
ਹਰ ਰੋਜ਼ ਬਸ ਏਕ ਦੁਆ ਪੜਤੀ ਹੂੰ
ਕਿ ਈਸ਼ਵਰ ਐਸੀ ਮੁਸੀਬਤ ਮੇਂ ਕਭੀ ਨਾ ਡਾਲੇ
ਕਿ ਤੁਮ੍ਹਾਰੀ ਨਿਰਛਲਤਾ ਖੋ ਨਾ ਜਾਏ
ਇਤਨੇ ਤਾਕਤਵਰ ਬਨੋ ਕਿ ਹਰ ਤਕਲੀਫ ਤੁਮ੍ਹਾਰੇ ਆਗੇ ਗੁਟਨੇ ਟੇਕ ਦੇ
ਬਸੀ ਯਹੀ ਏਕ ਦੁਆ .......

## ਮਨਾਵਾਂਗੇ ਸਾਰੇ

ਮਨਾਵਾਂਗੇ ਸਾਰੇ
ਸ਼ਹੀਦੀ ਹਫਤਾ
ਪਕੋੜਿਆਂ ਨਾਲ
ਜਲੇਬੀਆਂ ਦੇ
ਲੰਗਰ ਲਗਾ ਕੇ।

ਖਾਵਾਂਗੇ ਪਕਵਾਨ
ਵੰਨ ਸਵੰਨੇ
ਕੜ੍ਹੀ ਨਾਲ ਚੋਲ੍ਹ
ਮਟਰ ਪਨੀਰ ਨਾਲ
ਵੰਨ ਸਵੰਨੀਆਂ
ਰੋਟੀਆਂ ਛੱਕਕੇ।

ਮਾਰਾਂਗੇ ਧੱਕੇ
ਗਰੀਬ ਦਿਆਂ
ਬੱਚਿਆਂ ਨੂੰ
ਦੇਵਾਂਗੇ ਗਾਲਾਂ
ਗੁਰੂ ਘਰ ਦੀ
ਕੰਧ ਨਾਲ ਲੱਗੀਆਂ
ਮੰਗਤੀਆਂ ਨੂੰ।

ਖਰਚਾਂਗੇ ਹਜਾਰਾਂ
ਜੋੜਨਗੇ ਮੋਹਰੀ
ਗਰਕ ਰਹੀ ਕੌਮ
ਗਰਕ ਜਾਵੇ
ਭਾੜ ਚੁ ਜਾਵੇ
ਸਿਖਿਆਵਾਂ
ਗੁਰੂਆਂ ਦੀਆਂ।

ਖਾਅ ਕੇ ਪਕਵਾਨ
ਸੁਣਕੇ ਕੀਰਤਨ
ਜਾਗ ਕੇ ਰਾਤਾਂ
ਚਾੜਕੇ ਰੁਪ ਏ
ਲਵਾਂਗੇ ਲਸੰਸ
ਪੂਰੇ ਸਾਲ ਲਈ
ਬੇਈਮਾਨੀ ਦਾ ਠੇਕਾ।

ਮਨਾਣਾ ਤਾਂ
ਸੋਗ ਮਨਾਓ
ਕਿਉਂ ਕੀਤੀ ਕੁਰਬਾਨੀ
ਇਹਦੇ ਗੀਤ ਗਾਓ
ਸਾਦਾ ਖਾਕੇ
ਸਾਦਾ ਪੀਕੇ
ਬਾਕੀ ਗਰੀਬਾਂ
ਦੇ ਬੱਚਿਆਂ ਨੂੰ ਪੜਾਓ।

ਅੱਖਾਂ ਮੀਟਿਆਂ
ਹੋਣਾ ਨਹੀਂ ਛੁਟਕਾਰਾ
ਮੱਥੇ ਰਗੜ ਨਹੀਂ
ਹੋਣਾ ਗੁਜਾਰਾ
ਗਰਕ ਰਿਹਾ ਪੰਜਾਬ
ਇਕਮੁੱਠ ਹੋਣਾ ਪੈਣਾ
ਜਾਤਾਂ ਤੋਂ ਉੱਪਰ
ਹੋਣਾ ਪੈਣਾ
ਛੱਡਕੇ ਪਖੰਡ
ਭਵਿੱਖ ਧੋਣਾ ਪੈਣਾ
ਨਹੀਂ ਜਿੰਦਰਾ ਇਨ੍ਹਾਂ
ਲੀਡਰਾਂ ਪੁਜਾਰੀਆਂ
ਮਗਰ ਲੱਗ
ਕੌਮ ਨੂੰ ਇਕ ਦਿਨ
ਰੋਣਾ ਪੈਣਾ
ਰੋਣਾ ਪੈਣਾ।

ਜਿੰਦਰ ਸੰਘਾ, ਬਰੈਂਪਟਨ

## ਫਿਰ ਦੇਵਾਂਗਾ ਵਧਾਈ ਦੋਸਤੋ



ਜਦੋਂ ਮਿੱਟੂ ਜਾਤਾਂ ਪਾਤਾਂ ਵਾਲੀ ਖਾਈ ਦੋਸਤੋ
ਨਵੇਂ ਸਾਲ ਦੀ ਫਿਰ ਦੇਵਾਂਗਾ ਵਧਾਈ ਦੋਸਤੋ

ਜਦੋਂ ਅੰਧ ਵਿਸ਼ਵਾਸਤਾ ਨਬੇੜੇ ਹੋਣਗੇ
ਜਦੋਂ ਦੂਰ ਅਗਿਆਨਤਾ ਹਨੇਰੇ ਹੋਣਗੇ
ਜਦੋਂ ਰਹੂ ਨਾ ਕੋਈ ਇੱਥੇ ਕਰਜ਼ਾਈ ਦੋਸਤੋ
ਨਵੇਂ ਸਾਲ ਦੀ ਫਿਰ ਦੇਵਾਂਗਾ ਵਧਾਈ ਦੋਸਤੋਂ

ਊਚ ਨੀਚ ਰੰਗ ਭੇਦ ਵਾਲਾ ਪਾਟੂ ਕਦੋਂ ਸਫ਼ਾ
ਹਰ ਗੱਲ ਪਿੱਛੇ ਲੋਚਣਾ ਹੈ ਛੱਡ ਦੇਈਏ ਨਫ਼ਾ
ਅੱਗ ਧਰਮਾਂ ਦੀ ਜਾਵੇ ਇਹ ਬੁਝਾਈ ਦੋਸਤੋ
ਨਵੇਂ ਸਾਲ ਦੀ ਫਿਰ ਦੇਵਾਂਗਾ ਵਧਾਈ ਦੋਸਤੋ

ਮਸਾਂ ਸਦੀਆਂ ਤੋਂ ਜਾਗੇ ਸੀਗੇ ਭਾਗ ਸਾਡੇ ਸੁੱਤੇ
ਅਸਾਂ ਡੋਰੀ ਸੁੱਟ ਦਿੱਤੀ ਝੂਠੇ ਲੀਡਰਾਂ ਦੇ ਉੱਤੇ
ਮਿਲੇ ਲੀਡਰ ਹਮੇਸ਼ਾ ਹੀ ਕਸਾਈ ਦੋਸਤੋ
ਨਵੇਂ ਸਾਲ ਦੀ ਫਿਰ ਦੇਵਾਂਗਾ ਵਧਾਈ ਦੋਸਤੋ

ਤੋਲ ਹੋਵੇ ਤੇਰਾ ਤੇਰਾ ਨਾ ਹੀ ਤੇਰਾ ਨਾਂ ਹੀ ਮੇਰਾ
ਨਾ ਕੋਠੀਆਂ ਨਾ ਕੋਠੇ ਹੋਵੇ ਦਿਲਾਂ ਚ ਬਸੇਰਾ
ਹੋਵੇ ਦਸਾਂ ਨੌਂਹਾਂ ਵਾਲੀ ਹੀ ਕਮਾਈ ਦੋਸਤੋ
ਨਵੇਂ ਸਾਲ ਦੀ ਫਿਰ ਦੇਵਾਂਗਾ ਵਧਾਈ ਦੋਸਤੋ

ਜਦੋਂ ਮਿੱਟੂ ਜਾਤਾਂ ਪਾਤਾਂ ਵਾਲੀ ਖਾਈ ਦੋਸਤੋ
ਨਵੇਂ ਸਾਲ ਦੀ ਫਿਰ ਦੇਵਾਂਗਾ ਵਧਾਈ ਦੋਸਤੋ

ਮਦਨ ਬੰਗੜ
9501575511

## ਉਹ ਇੱਕਠੇ ਹੋਣਗੇ



ਉਹ ਇੱਕਠੇ ਹੋਣਗੇ ਇੱਕ ਦਿਨ ਤੇ ਖੇਡਣਗੇ ਮਿਲ਼ਕੇ
ਉਹ ਸਾਫ਼-ਸੁਥਰੀਆਂ ਕੰਧਾਂ ਉੱਤੇ
ਝਰੀਟਣਗੇ ਪੈਂਸਿਲਾਂ ਨੂੰ
ਉਹ ਕੁੱਤਿਆਂ ਨਾਲ਼ ਗੱਲਾਂ ਮਾਰਨਗੇ
ਅਤੇ ਬੱਕਰੀਆਂ ਨਾਲ਼...
ਅਤੇ ਹਰੇ ਟਿੱਡਿਆਂ ਨਾਲ਼
ਤੇ ਕੀੜੀਆਂ ਨਾਲ਼ ਵੀ

ਉਹ ਆਪਣੀ ਪੂਰੀ ਵਾਹ ਲਾਕੇ ਭੱਜਣਗੇ
ਹਵਾ ਅਤੇ ਧੁੱਪ ਦੀ ਸਾਂਝੀ ਨਿਗਰਾਨੀ ਵਿੱਚ
ਅਤੇ ਧਰਤੀ ਹੌਲ਼ੀ-ਹੌਲ਼ੀ ਹੋਰ ਪਸਰਦੀ ਜਾਵੇਗੀ
ਉਹਨਾਂ ਦੇ ਪੈਰਾਂ ਕੋਲ਼,
ਵੇਖਣਾ
ਉਹ ਤੁਹਾਡੇ ਟੈਂਕਾ ਵਿੱਚ ਮਿੱਟੀ ਭਰ ਦੇਣਗੇ
ਤੇ ਤੁਹਾਡੀਆਂ ਬੰਦੂਕਾਂ ਨੂੰ ਦੱਬ ਦੇਣਗੇ ਡੂੰਘਾ ਧਰਤੀ ਵਿੱਚ
ਉਹ ਸੜਕਾਂ ਉੱਤੇ ਟੋਏ ਕਰ ਦੇਣਗੇ ਤੇ ਉਹਨਾਂ ਨੂੰ ਭਰ ਦੇਣਗੇ ਪਾਣੀ ਨਾਲ਼
ਤੇ ਉਹਨਾਂ ਪਾਣੀਆਂ ਵਿੱਚ ਉਹ ਟੱਪਣਗੇ ਛੱਪ-ਛੱਪ ਕਰਦੇ ਹੋਏ

ਉਹ ਪਿਆਰ ਕਰਨਗੇ ਇੱਕ ਦਿਨ ਉਹਨਾਂ ਸਾਰਿਆਂ ਨੂੰ
ਜਿੰਨਾ ਨਾਲ਼ ਤੁਸੀਂ ਉਹਨਾਂ ਨੂੰ ਨਫ਼ਰਤ ਕਰਨਾ ਸਿਖਾਇਆ ਹੈ
ਉਹ ਤੁਹਾਡੀਆਂ ਕੰਧਾਂ ਵਿੱਚ ਮੋਰੇ ਕਰ ਦੇਣਗੇ ਇੱਕ ਦਿਨ
ਤੇ ਆਰ-ਪਾਰ ਦੇਖਣ ਦੀ ਕੋਸ਼ਿਸ਼ ਕਰਨਗੇ
ਉਹ ਅਚਾਨਕ ਚੀਖ ਉੱਠਣਗੇ ਤੇ ਕਹਿਣਗੇ
-ਦੇਖੋ ਉਸ ਵੰਨੇ ਵੀ ਮੌਸਮ ਸਾਡੇ ਜਿਹਾ ਹੀ ਹੈ!
ਉਹ ਹਵਾ ਤੇ ਧੁੱਪ ਨੂੰ ਆਪਣੀਆਂ ਗੱਲ੍ਹਾਂ ਦੁਆਲੇ ਮਹਿਸੂਸ ਕਰਨਾ ਚਾਹੁਣਗੇ
ਅਤੇ ਤੁਸੀਂ ਉਸ ਦਿਨ ਉਹਨਾਂ ਨੂੰ ਨਹੀਂ ਰੋਕ ਪਾਓਂਗੇ

ਇੱਕ ਦਿਨ ਤੁਹਾਡੇ ਮਹਿਫ਼ੂਜ਼ ਘਰਾਂ ਤੋਂ ਬੱਚੇ ਬਾਹਰ ਆ ਜਾਣਗੇ
ਤੇ ਰੁੱਖਾਂ 'ਤੇ ਆਲ੍ਹਣੇ ਪਾਉਣਗੇ
ਉਹਨਾਂ ਨੂੰ ਕਾਟੋਆਂ ਬਹੁਤ ਪਸੰਦ ਨੇ ਉਹ ਉਹਨਾਂ ਨਾਲ਼ ਵੱਡਾ ਹੋਣਾ ਚਾਹੁਣਗੇ
ਤੁਸੀਂ ਦੇਖੋਂਗੇ ਜਦੋਂ ਉਹ ਹਰ ਚੀਜ਼ ਨੂੰ ਉਲਟਾ-ਪੁਲਟਾ ਕਰ ਦੇਣਗੇ
ਉਹਨਾਂ ਨੂੰ ਹੋਰ ਖ਼ੂਬਸੂਰਤ ਬਣਾਉਣ ਲਈ
ਇੱਕ ਦਿਨ ਮੇਰੀ ਦੁਨੀਆਂ ਦੇ ਸਾਰੇ ਬੱਚੇ
ਕੀੜੀਆਂ, ਟਿੱਡਿਆਂ
ਨਦੀਆਂ, ਪਹਾੜਾਂ, ਸਮੁੰਦਰਾਂ ਤੇ ਸਾਰੀਆਂ ਬਨਸਪਤੀਆਂ ਨਾਲ਼ ਧਾਵਾ ਬੋਲਣਗੇ
ਤੇ ਤੁਹਾਡੀ ਬਣਾਈ ਹਰ ਚੀਜ਼ ਨੂੰ ਖਿਡਾਓਣਾ ਬਣਾ ਦੇਣਗੇ।

-ਅਦਨਾਨ ਕਫ਼ੀਲ ਦਰਵੇਸ਼

**ਉਸਾਰੂ ਸਾਹਿਤ, ਕਵਿਤਾਵਾਂ, ਗੀਤ, ਨਾਵਲ, ਕਹਾਣੀਆਂ, ਤਰਕਸ਼ੀਲ, ਵਿਗਿਆਨਕ ਅਤੇ ਇਤਿਹਾਸਕ ਕਿਤਾਬਾਂ ਪ੍ਰਾਪਤ ਕਰਨ ਲਈ**
**ਕੈਲਗਰੀ : ਮਾਸਟਰ ਭਜਨ 403-455-4220**
**ਟੋਰਾਂਟੋ : ਹਰਬੰਸ ਸਿੰਘ 416-817-7142**
**ਦੇਵਿੰਦਰ ਤੂਰ 416-902-9372**
**ਹਰਨੇਕ ਧਾਲੀਵਾਲ ਵਿਨੀਪੈੱਗ 204-488-6960**

## ਇੱਕ 'ਤੇ ਇੱਕ ਬਰਾਬਰ ਨਹੀਂ ਹੁੰਦੇ

- ਖ਼ੁਸਰੋ ਗੁਲਸੁਰਖੀ



ਮਾਸਟਰ ਬਲੈਕ-ਬੋਰਡ 'ਤੇ ਗੁੱਸਾ ਕੱਢਦਾ ਚੀਕ-ਚੀਕ ਕੇ ਪੜ੍ਹਾ ਰਿਹਾ ਸੀ
ਉਸ ਦਾ ਮੂੰਹ ਗੁੱਸੇ ਵਿੱਚ ਲਾਲ 'ਤੇ ਉਂਗਲਾਂ
ਸਲੇਟੀਆਂ ਦੀ ਧੂੜ ਵਿੱਚ ਢਕੀਆਂ ਹੋਈਆਂ ਸਨ
ਪਰ ਕਲਾਸ ਦੀਆਂ ਪਿਛਲੀਆਂ ਕਤਾਰਾਂ ਵਿੱਚ ਬੈਠੇ ਬੱਚੇ
ਆਪੋ 'ਚ ਮਗਨ ਸਨ
ਕੋਈ ਟਾਫੀਆਂ ਵੰਡ ਰਿਹਾ ਸੀ 'ਤੇ ਕੋਈ
ਦੂਜੇ ਬੰਨੇ ਬੈਠਾ ਕਿਸੇ ਰਸਾਲੇ ਦੇ ਪੰਨੇ ਪਲਟ ਰਿਹਾ ਸੀ
ਹਰ ਬੱਚਾ ਬੇਪਰਵਾਹ ਸੀ
ਕਿਉਂਕਿ
ਮਾਸਟਰ ਆਪੋ ਵਿੱਚ ਹੀ ਰੁੱਝਿਆ
ਬੱਸ ਅਲਜਬਰੇ ਦੀਆਂ ਗੁੰਝਲਾਂ 'ਤੇ ਚੀਖ ਰਿਹਾ ਸੀ!

ਮਾਸਟਰ ਨੇ ਤਖ਼ਤੇ 'ਤੇ ਸਾਫ਼ ਖ਼ਤਾਂ ਵਿੱਚ ਅਜਿਹਾ ਸਮੀਕਰਨ ਲਿਖਿਆ
ਜਿਹੜਾ ਸਾਨੂੰ ਇਸ ਜ਼ੁਲਮ ਅਤੇ ਹਨ੍ਹੇਰੇ ਦੌਰ ਦੀ ਯਾਦ ਕਰਾ ਦਿੰਦਾ ਹੈ
ਮਾਸਟਰ ਨੇ ਲਿਖਿਆ ਸੀ –
1 = 1
"ਇੱਕ 'ਤੇ ਇੱਕ ਬਰਾਬਰ ਹੁੰਦੇ ਹਨ"

ਕਲਾਸ ਵਿੱਚੋਂ ਇੱਕ ਬੱਚਾ ਉੱਠਿਆ
(ਹਮੇਸ਼ਾ ਕਿਸੇ ਨੂੰ ਤਾਂ ਉੱਠਣਾ ਹੀ ਪੈਂਦਾ ਹੈ)
ਅਤੇ ਸਹਿਜੇ ਮਤੇ ਨਾਲ ਬੋਲਿਆ
"ਇਹ ਸਮੀਕਰਨ ਬੇਹੱਦ ਭੱਦਾ ਹੈ"
ਮਾਸਟਰ, ਬੌਂਦਲਿਆ ਹੋਇਆ
ਥਾਏਂ ਖਲੋਤਾ ਰਹਿ ਗਿਆ!
ਬੱਚੇ ਨੇ ਪੁੱਛਿਆ
"ਜੇ ਇੱਕ ਇਨਸਾਨ ਇੱਕ ਇਕਾਈ ਹੋਵੇ
ਕੀ ਫ਼ਿਰ ਵੀ ਇੱਕ ਬਰਾਬਰ ਇੱਕ ਹੋਵੇਗਾ ?"
ਕਲਾਸ ਵਿੱਚ ਸੁੰਨ ਵਰਤ ਗਈ
ਇਹ ਇੱਕ ਔਖਾ ਸਵਾਲ ਸੀ
ਮਾਸਟਰ ਗੁੱਸੇ ਨਾਲ ਚੀਖਿਆ
"ਹਾਂ! ਬਰਾਬਰ ਹੋਵੇਗਾ!"

ਨੌਜਵਾਨ ਬੱਚਾ ਹੱਸਿਆ
"ਜੇ ਇੱਕ ਇਨਸਾਨ ਇੱਕ ਇਕਾਈ ਹੈ
ਤਾਂ ਇੱਕ ਜ਼ੋਰ-ਜ਼ਰ ਵਾਲਾ ਤਕੜਾ ਕਿਉਂ ਹੈ
ਇੱਕ ਚੰਗੇ ਦਿਲ ਪਰ ਖੀਸਿਓਂ ਖਾਲੀ ਇਨਸਾਨ ਨਾਲੋਂ ?
ਜੇ ਇੱਕ ਇਨਸਾਨ ਇੱਕ ਇਕਾਈ ਹੈ
ਤਾਂ ਗੋਰੀ ਸੂਰਤ ਵਾਲੇ ਦਾ ਹੱਥ
ਕਾਲੇ ਵਿਅਕਤੀ ਨਾਲੋਂ ਉੱਪਰ ਕਿਉਂ ਹੈ ?
ਜੇ ਇੱਕ ਇਨਸਾਨ ਇੱਕ ਇਕਾਈ ਹੋਵੇ
ਤਾਂ ਇਹ ਸਮੀਕਰਨ ਹੀ ਖਿੰਡ ਜਾਵੇ!


ਮੈਂ ਪੁੱਛਦਾ ਹਾਂ
ਜੇ ਇੱਕ ਬਰਾਬਰ ਇੱਕ ਹੈ
ਤਾਂ ਮੁਫ਼ਤਖੋਰਾਂ ਕੋਲ ਮਾਲ ਅਤੇ ਮਕਾਨ ਕਿਥੋਂ ਆਉਂਦਾ ਹੈ?
ਕਿ ਚੀਨ ਦੀ ਕੰਧ ਆਖ਼ਰ ਕਿਸ ਦੀ ਉਸਾਰੀ ਹੋਈ ਹੈ?
ਜੇ ਇੱਕ ਬਰਾਬਰ ਇੱਕ ਹੈ
ਤਾਂ ਗੁਰਬਤ ਦੇ ਬੋਝ ਨਾਲ ਲੱਦੀਆਂ ਕਾਮਿਆਂ ਦੀਆਂ ਇਹ ਪਿੱਠਾਂ ਧੱਸ ਕਿਉਂ ਜਾਂਦੀਆਂ ਨੇ?
'ਤੇ ਕੋੜਿਆਂ ਦੀ ਜ਼ਰਬ ਹੇਠ ਇਹ ਮੋਢੇ ਕਿਉਂ ਝੰਬੇ ਜਾਂਦੇ ਨੇ?
ਜੇ ਇੱਕ ਬਰਾਬਰ ਇੱਕ ਹੈ
ਤਾਂ ਸੱਚਾ ਬੋਲਣ ਵਾਲਿਆਂ ਨੂੰ ਜੇਲ੍ਹੀਂ ਕਿਉਂ ਡੱਕਿਆ ਜਾਂਦਾ ਹੈ?

ਤਦ ਮਾਸਟਰ ਬੋਲ ਉੱਠਿਆ
"ਬੱਚਿਓ ਆਪਣੀਆਂ ਕਾਪੀਆਂ ਵਿੱਚ ਲਿਖ ਲਓ –
ਇੱਕ 'ਤੇ ਇੱਕ ਬਰਾਬਰ ਨਹੀਂ ਹੁੰਦੇ!"

ਅਨੁਵਾਦ - ਮਾਨਵ

(ਖ਼ੁਸਰੋ ਗੁਲਸੁਰਖੀ (1943-1974) ਇਰਾਨ ਦੀ ਇਨਕਲਾਬੀ ਲਹਿਰ ਨਾਲ ਜੁੜਿਆ ਸਮਾਜਿਕ ਕਾਰਕੁੰਨ, ਪੱਤਰਕਾਰ ਅਤੇ ਕਵੀ ਸੀ। 1960'ਵਿਆਂ ਵਿੱਚ ਇਰਾਨੀ ਨੌਜਵਾਨਾਂ ਅਤੇ ਅਦੀਬਾਂ ਦੀ ਉੱਭਰੀ ਗਰਮਦਲੀ ਲਹਿਰ ਨਾਲ ਉਸ ਦੀ ਸਰਗਰਮ ਲੇਖਣੀ ਅਤੇ ਇਨਕਲਾਬੀ ਜੀਵਨ ਦੀ ਸ਼ੁਰੂਆਤ ਹੋਈ। ਮਾਰਚ-ਅਪ੍ਰੈਲ 1973 ਵਿੱਚ ਈਰਾਨ ਦੀ ਸ਼ਾਹ ਹਕੂਮਤ ਨੇ 12 ਨੌਜਵਾਨ ਲੇਖਕਾਂ, ਕਲਾਕਾਰਾਂ ਦੇ ਗਰੁੱਪ ਨੂੰ ਸ਼ਾਹ ਖਿਲਾਫ ਕਤਲ ਦੀ ਸਾਜ਼ਿਸ਼ ਬਣਾਉਣ ਦਾ ਝੂਠਾ ਦੋਸ਼ ਲਾ ਕੇ ਗ੍ਰਿਫ਼ਤਾਰ ਕਰ ਲਿਆ ਅਤੇ ਇਹਨਾਂ ਉੱਪਰ ਮੁਕੱਦਮਾ ਚਲਾਇਆ ਗਿਆ। ਇਹਨਾਂ ਵਿੱਚੋਂ ਕਈਆਂ ਨੂੰ ਹਲਕੀ ਸਜ਼ਾ ਮਿਲੀ, ਤਿੰਨਾਂ ਨੂੰ ਉਮਰ ਕੈਦ ਅਤੇ ਦੋ – ਗੁਲਸੁਰਖੀ ਅਤੇ ਦਾਨੇਸ਼ਿਆਨ ਨੂੰ ਫ਼ਰਵਰੀ 1,1974 ਨੂੰ ਗੋਲੀ ਮਾਰਕੇ ਸ਼ਹੀਦ ਕਰ ਦਿੱਤਾ ਗਿਆ ਗੁਲਸੁਰਖੀ ਵੱਲੋਂ ਟੈਲੀਵਿਜ਼ਨ 'ਤੇ ਪ੍ਰਸਾਰਿਤ ਕੀਤੇ ਇਸ ਮੁਕੱਦਮੇ ਦੌਰਾਨ ਆਪਣੇ ਅਸੂਲਾਂ ਅਤੇ ਮਾਰਕਸਵਾਦ-ਲੈਨਿਨਵਾਦ ਦੀ ਕੀਤੀ ਹਿਫ਼ਾਜ਼ਤ ਇੱਕ ਮਿਸਾਲੀ ਭਾਸ਼ਣ ਹੋ ਨਿਬੜੀ)

# ਬਾਤਾਂ ਸੜਕ ਦੀਆਂ
# ਗੁਰਮੇਲ ਬੀਰੋਕੇ




ਬ੍ਰਿਟਿਸ਼ ਕੋਲੰਬੀਆ ਵਸਦੇ ਗੁਰਮੇਲ ਬੀਰੋਕੇ ਵਲੋਂ ਲਿਖੀ ਵਾਰਤਕ ਪੁਸਤਕ ਬਾਤਾਂ ਸੜਕ ਦੀਆਂ ਵੱਖਰੇ ਵਿਸ਼ੇ ਅਤੇ ਵੱਖਰੇ ਅੰਦਾਜ਼ ਵਿਚ ਲਿਖੀ ਰਚਨਾ ਹੈ। ਕਨੇਡਾ ਤੇ ਅਮਰੀਕਾ ਆਏ ਕਾਫੀ ਪੰਜਾਬੀ ਡਰਾਇਵਰੀ ਦੇ ਕਿੱਤੇ ਰਾਹੀਂ ਆਪਣੀ ਰੋਜ਼ੀ ਕਮਾਉਂਦੇ ਹਨ। ਇਨ੍ਹਾਂ ਵਿਚ ਅਕਸਰ ਉਹ ਲੋਕ ਸ਼ਾਮਲ ਹੁੰਦੇ ਹਨ ਜਿਨ੍ਹਾਂ ਨੇ ਵੱਖਰੇ ਵੱਖਰੇ ਖੇਤਰਾਂ ਵਿਚ ਉੱਚ ਵਿਦਿਆ ਪ੍ਰਾਪਤ ਕੀਤੀ ਹੁੰਦੀ ਹੈ ਪਰ ਏਥੇ ਆ ਕੇ ਉਨ੍ਹਾਂ ਦੇ ਚੁਣੇ ਕਿੱਤੇ ਵਿਚ ਨੌਕਰੀ ਨਹੀਂ ਮਿਲਦੀ ਪਰ ਆਪਣੀ ਅੰਗ੍ਰੇਜ਼ੀ ਦੀ ਜਾਣਕਾਰੀ ਦੇ ਸਿਰ ਉਹ ਡਰਾਇਵਰੀ ਜਾਂ ਡਲਿਵਰੀ ਵਰਗੇ ਕਿੱਤਿਆਂ ਵਿਚ ਸ਼ਾਮਲ ਹੋ ਜਾਂਦੇ ਹਨ। ਕੁਝ ਆਪਣੇ ਵਸੇਬੇ ਵਾਲੇ ਸ਼ਹਿਰ ਵਿਚ ਹੀ ਜਾਂ ਨੇੜੇ ਤੇੜੇ ਦੇ ਇਲਾਕਿਆਂ ਵਿਚ ਹਰ ਕਿਸਮ ਦੀਆਂ ਚੀਜ਼ਾਂ ਦੀ ਢੋਅ ਢੁਆਈ ਕਰਦੇ ਹਨ ਤੇ ਕੁਝ ਲੰਮੇ ਲੰਮੇ ਰੂਟਾਂ 'ਤੇ ਟਰੱਕ ਚਲਾਉਂਦੇ ਹਨ। ਗੁਰਮੇਲ, ਜੋ ਖੁਦ ਟਰੱਕ ਡਰਾਇਵਰ ਹੈ, ਨੇ ਪੰਜਾਬੀਆਂ ਦੇ ਇਸ ਕਿੱਤੇ ਨਾਲ ਸਬੰਧਤ ਜੀਵਨ ਦੇ ਬਹੁਤ ਸਾਰੇ ਪੱਖਾਂ ਨੂੰ ਸਰਲ, ਸੁਆਦਲੀ ਅਤੇ ਮਲਵਈ ਖਾਸੇ ਵਾਲੀ ਖੂਬਸੂਰਤ ਬੋਲੀ ਵਿਚ ਵਿਸਥਾਰ ਨਾਲ ਅੰਕਿਤ ਕੀਤਾ ਹੈ। ਉਸ ਨੇ ਟਰੱਕ ਚਾਲਕਾਂ ਨੂੰ ਆਉਂਦੀਆਂ ਸਮੱਸਿਆਵਾਂ ਤੇ ਖਾਸ ਕਰ ਸੜਕਾਂ 'ਤੇ ਵਾਪਰਦੇ ਹਾਦਸਿਆਂ ਦਾ ਜ਼ਿਕਰ ਏਨੀ ਬਰੀਕੀ ਤੇ ਹਮਦਰਦੀ ਨਾਲ ਕੀਤਾ ਹੈ ਕਿ ਪਾਠਕ ਖੁਦ ਉਸ ਨੂੰ ਅੱਖੀ ਦੇਖਦਾ ਮਹਿਸੂਸ ਕਰਦਾ ਹੈ ਤੇ ਵਾਪਰੇ ਹਾਦਸੇ ਦਾ ਦਰਦ ਮਹਿਸੂਸ ਕਰਦਾ ਹੈ। ਕਿਤਾਬ ਦੇ ਸ਼ੁਰੂ ਤੋਂ ਲੈ ਕੇ ਅੰਤ ਤੱਕ ਪਾਠਕ ਅਨੇਕਾਂ ਲੋਕਾਂ ਨੂੰ ਮਿਲਦਾ ਹੈ ਜਿਨ੍ਹਾਂ ਦੀਆਂ ਕਹਾਣੀਆਂ ਹੈਰਾਨ ਕਰਦੀਆਂ ਹਨ, ਪਰੇਸ਼ਾਨ ਕਰਦੀਆਂ ਹਨ, ਡਰਾਉਂਦੀਆਂ ਹਨ ਤੇ ਜੀਵਨ ਬਾਰੇ ਬੜਾ ਕੁਝ ਸਿਖਾਉਂਦੀਆਂ ਹਨ। ਗੁਰਮੇਲ ਆਲੇ ਦੁਆਲੇ ਨੂੰ ਇਕ ਡੂੰਘੀ ਤੇ ਸੂਝਵਾਨ ਨਜ਼ਰ ਨਾਲ ਦੇਖਦਾ ਤੇ ਘੋਖਦਾ ਹੈ। ਤੇ ਜੋ ਉਹ ਦੇਖਦਾ ਤੇ ਮਹਿਸੂਸ ਕਰਦਾ ਹੈ ਉਸ ਨੂੰ ਹਿੰਮਤ ਤੇ ਸੂਖਮਤਾ ਨਾਲ ਪੇਸ਼ ਕਰਦਾ ਹੈ।

ਗੁਰਮੇਲ ਬੀਰੋਕੇ ਨੇ ਇਸ ਪੁਸਤਕ ਰਾਹੀਂ ਪੰਜਾਬੀਆਂ ਦੇ ਜੀਵਨ ਦੇ ਬਹੁਤ ਸਾਰੇ ਪੱਖਾਂ ਨੂੰ ਸਾਹਮਣੇ ਲਿਆਂਦਾ ਹੈ। ਪਰਿਵਾਰਕ ਰਿਸ਼ਤਿਆਂ ਦੀਆਂ ਗੁੰਝਲਾਂ ਦਰਸਾਈਆਂ ਹਨ। ਡਰਾਇਵਰੀ ਦੇ ਕੰਮ ਵਿਚ ਮਿਲਦੇ ਵੱਖਰੇ ਵੱਖਰੇ ਲੋਕਾਂ ਨਾਲ ਜਾਣਪਛਾਣ ਕਰਵਾਈ ਹੈ। ਉਸ ਨੇ ਅਨੇਕਾਂ ਪਾਤਰ ਇਸ ਕਿਤਾਬ ਵਿਚ ਪੇਸ਼ ਕੀਤੇ ਹਨ ਜੋ ਜੀਵਨ ਨੂੰ ਆਪੋ ਆਪਣੇ ਕੋਨਾਂ ਤੋਂ ਦੇਖਦੇ ਤੇ ਮਾਣਦੇ ਹਨ। ਉਨ੍ਹਾਂ ਪਾਤਰਾਂ ਦੇ ਜੀਵਨ ਤਜਰਬੇ ਜਿਸ ਕਲਾਮਈ ਸੂਝ ਨਾਲ ਪੇਸ਼ ਕੀਤੇ ਹਨ ਉਹ ਪਾਠਕ ਲਈ ਕਈ ਕੁਝ ਅੰਦਰੋਂ ਮਹਿਸੂਸ ਕਰਨ ਵਾਲਾ, ਸਿੱਖਣ ਤੇ ਯਾਦ ਰੱਖਣ ਵਾਲਾ ਆਪਣੇ ਵਿਚ ਸਮੋਈ ਬੈਠੇ ਹਨ। ਟਰਾਂਸਪੋਰਟ ਵਿੱਚ ਔਰਤ ਨਾਂ ਦੇ ਸਿਰਲੇਖ ਵਾਲੇ ਹਿੱਸੇ ਵਿਚ ਕਈ ਔਰਤ ਟਰੱਕ ਡਰਾਈਵਰਾਂ ਬਾਰੇ ਲਿਖਿਆ ਆਪਣੇ ਆਪ ਵਿਚ ਮਹੱਤਵਪੂਰਨ ਹੈ ਕਿਉਂਕਿ ਆਮ ਪੰਜਾਬੀ ਵਾਸਤੇ ਇਹ ਜਾਣਕਾਰੀ ਕਿਸੇ ਹੋਰ ਪਾਸਿਓਂ ਮਿਲਣੀ ਸੰਭਵ ਨਹੀਂ। ਇਸ ਹਿੱਸੇ ਵਿਚ ਲੇਖਕ ਨੇ ਲੋਰੀਆ ਨਾਂ ਦੀ ਇਕ ਔਰਤ ਨਾਲ ਹੋਈ ਆਪਣੀ ਗੱਲਬਾਤ ਸਾਂਝੀ ਕੀਤੀ ਹੈ। ਉਹ ਇਕ ਨਿੱਡਰ, ਬਹਾਦਰ, ਖੂਬਸੂਰਤ ਤੇ ਮਿਲਣਸਾਰ ਔਰਤ ਹੈ। ਉਹ ਜੀਵਨ ਬਾਰੇ ਕਮਾਲ ਦੀਆਂ ਗੱਲਾਂ ਕਰਦੀ ਹੈ: "ਜ਼ਿੰਦਗੀ ਸੜਕ ਦੇ ਮੋੜਾਂ ਵਾਂਗ ਹੁੰਦੀ ਐ। ਕਿਤੇ ਘੱਟ ਖਤਰਨਾਕ ਮੋੜ, ਕਿਤੇ ਵੱਧ ਖਤਰਨਾਕ ਮੋੜ। ਜ਼ਿੰਦਗੀ ਨੂੰ ਹੁਸੀਨ ਬਣਾਉਣ ਲਈ ਮਨੁੱਖ ਬਹੁਤ ਕੁਛ ਕਰਦੈ। ਬਹੁਤ ਸੁਪਨੇ ਦੇਖਦੈ ਤੇ ਸੁਪਨਿਆਂ ਮਗਰ ਭੱਜਦੈ। ਮੈਂ ਕਈ ਵਾਰ ਸੋਚਦੀ ਆਂ ਕਿ ਖੁਦ ਦੀ ਜ਼ਿੰਦਗੀ ਖੁਦ ਹੀ ਮਾਣੀ ਜਾ ਸਕਦੀ ਐ, ਇਸ ਨੂੰ ਪੂਰਾ ਮਾਣੋ। ਫੁਲਝੜੀ ਵਾਂਗ ਸਿਰੇ ਤੋਂ ਲੈ ਕੇ ਅਖੀਰ ਤੱਕ ਪੂਰੀ ਬਾਲ਼ ਕੇ ਮਾਣੋ। ਭੋਰਾ ਭਰ ਵੀ ਨਾ ਛੱਡੋ।" (ਸਫਾ 237) "ਦੂਜਿਆਂ ਪ੍ਰਤੀ ਦਿਆਲਤਾ ਵਾਲਾ ਰਵੱਈਆ ਰੱਖੋ। ਜੇ ਕੋਈ ਥੋਨੂੰ ਗਲਤ ਬੋਲ ਰਿਹੈ ਤਾਂ ਤੁਸੀਂ ਉਸ ਨੂੰ ਗਲਤ ਨਾ ਬੋਲੋ। ਗਲਤੀ ਨੂੰ ਗਲਤੀ ਨਾਲ ਨਹੀਂ ਸੁਧਾਰਿਆ ਜਾ ਸਕਦਾ। ਨਿਮਰਤਾ ਵਰਤੋ। ਮਿੱਠੀ ਜਿਹੀ ਮੁਸਕਾਨ ਗੁੱਸੇ ਵਾਲੇ ਇਨਸਾਨ ਦਾ ਗੁੱਸਾ ਠੰਢਾ ਕਰ ਸਕਦੀ ਐ। ।।। ਹਾਂ, ਇਕ ਗੱਲ ਹਰੇਕ ਤੇ ਲਾਗੂ ਹੁੰਦੀ ਹੈ ਕਿ ਹਰ ਇਕ ਕੋਲ ਜ਼ਿੰਦਗੀ ਇਕ ਹੀ ਐ। ਇਸ ਨੂੰ ਵਧੀਆ ਤਰੀਕੇ ਨਾਲ ਮਾਣੋ।" (ਸਫਾ 239) ਕਨੇਡਾ ਅਤੇ ਅਮਰੀਕਾ ਦਰਮਿਆਨ ਨਸ਼ਿਆਂ ਅਤੇ ਹਥਿਆਰਾਂ ਦੀ ਸਮੱਗਲਿੰਗ ਵੱਡੀ ਪੱਧਰ 'ਤੇ ਹੁੰਦੀ ਹੈ। ਇਹ ਕੰਮ ਬਹੁਤ ਸੜਕ ਰਾਹੀਂ ਹੀ ਹੁੰਦਾ ਹੈ ਤੇ ਕਾਫ਼ੀ ਪੰਜਾਬੀ ਟਰੱਕ ਡਰਾਇਵਰ ਵੀ ਵੱਖਰੇ ਵੱਖਰੇ ਕਾਰਨਾਂ ਵੱਸ ਇਸ ਗੈਰ-ਕਾਨੂੰਨੀ ਧੰਦੇ ਦਾ ਹਿੱਸਾ ਬਣ ਜਾਂਦੇ ਹਨ। ਨਸ਼ੇ ਅਤੇ ਟਰੱਕ ਡਰਾਇਵਰ ਦੇ ਸਿਰਲੇਖ ਥੱਲੇ ਗੁਰਮੇਲ ਨੇ ਬਹੁਤ ਸਾਰੀ ਉਹ ਜਾਣਕਾਰੀ ਸਾਂਝੀ ਕੀਤੀ ਹੈ ਜੋ ਵਿਸਥਾਰ ਵਿਚ ਇਕ ਟਰੱਕ ਡਰਾਇਵਰ ਹੀ ਜਾਣ ਸਕਦਾ ਹੈ। ਪਰ ਇਹ ਹਿੱਸਾ ਵਿਸ਼ੇਸ਼ ਤੌਰ 'ਤੇ ਧਿਆਨ ਖਿੱਚਦਾ ਹੈ ਕਿਉਂਕਿ ਇਸ ਵਿਚ ਲੇਖਕ ਨੇ ਪੰਜਾਬੀਆਂ ਦੀ ਮਨ ਭਾਉਂਦੀ ਕਲਾ ਵਿਧੀ ਬੋਲੀ ਰਾਹੀਂ ਵੀ ਟਰੱਕ ਡਰਾਇਵਰਾਂ ਦੇ ਜੀਵਨ ਦੇ ਕਈ ਪੱਖ ਸਾਹਮਣੇ ਲਿਆਂਦੇ ਹਨ। ਐਨ ਇਸ ਤਰ੍ਹਾਂ ਹੀ ਸੱਤਰਵਿਆਂ-ਅੱਸੀਵਿਆਂ ਦੌਰਾਨ ਫਰੇਜ਼ਰ ਵੈਲੀ ਦੇ ਫਾਰਮਾਂ ਵਿਚ ਕੰਮ ਕਰਨ ਵਾਲੇ ਪੰਜਾਬੀਆਂ ਨੇ (ਉਦੋਂ ਨਵੇਂ ਆਏ ਤਕਰੀਬਨ ਹਰ ਪੰਜਾਬੀ ਨੂੰ ਹੀ ਫਾਰਮਾਂ ਵਿਚ ਥੋੜ੍ਹਾ ਬਹੁਤਾ ਸਮਾਂ ਕੰਮ ਕਰਨਾ ਪਿਆ ਸੀ) ਵੀ ਆਪਣੇ ਹਾਲਾਤ ਬੋਲੀਆਂ ਰਾਹੀਂ ਪਰਗਟ ਕੀਤੇ ਸਨ।

ਫੂਲ ਸਰਵਿਸ ਨਾਂ ਦੇ ਸਿਰਲੇਖ ਵਾਲੇ ਹਿੱਸੇ ਵਿਚ ਉਹ ਟਰੱਕ ਡਰਾਇਵਰੀ ਦੇ ਕਿੱਤੇ ਨਾਲ ਸਬੰਧਤ ਕਾਮਕ ਗਤੀਵਿਧੀਆਂ ਬਾਰੇ ਬਹੁਤ ਸਾਰੀਆਂ ਉਹ ਗੱਲਾਂ ਜਾਂ ਵਰਤਾਰੇ ਵੀ ਲਿਖਦਾ ਹੈ ਜੋ ਆਮ ਪੰਜਾਬੀ ਲੇਖਕ ਲਿਖਣ ਦੀ ਹਿੰਮਤ ਨਹੀਂ ਰੱਖਦਾ। ਪਰ ਸਿਫਤ ਵਾਲੀ ਗੱਲ ਇਹ ਹੈ ਕਿ ਇਹ ਗੰਦੀਆਂ ਗੱਲਾਂ ਵੀ ਇਸ ਤਰ੍ਹਾਂ ਬਿਆਨ ਕੀਤੀਆਂ ਹਨ ਕਿ ਬਹੁਤੀ ਵਾਰੀ ਗੰਦੀਆਂ ਨਹੀਂ ਲੱਗਦੀਆਂ।

ਇਹ ਦਿਲਚਸਪ ਕਿਤਾਬ ਪੜ੍ਹਦਿਆਂ ਕੁਝ ਗੱਲਾਂ ਰੜਕੀਆਂ ਵੀ। ਪਹਿਲੀ ਗੱਲ ਤਾਂ ਇਹੀ ਕਿ ਵਿਸਥਾਰ ਵਿਚ ਸ਼ਾਮਲ ਕੀਤੀ ਵਾਸਤਵਿਕ ਜਾਣਕਾਰੀ ਅਕਾ ਪੈਦਾ ਕਰਦੀ ਹੈ। ਹੋ ਸਕਦਾ ਹੈ ਪੰਜਾਬ ਜਾਂ ਦੁਨੀਆਂ ਦੇ ਹੋਰ ਹਿੱਸਿਆਂ ਵਿਚਲਾ ਪਾਠਕ ਇਸ ਤਰ੍ਹਾਂ ਨਾ ਮਹਿਸੂਸ ਕਰੇ ਪਰ ਮੈਨੂੰ ਲੱਗਾ ਕਿ ਇਹ ਕਿਤਾਬ ਦੀ ਰੌਚਕਿਤਾ ਨੂੰ ਘਟਾਉਂਦੀ ਹੈ। ਦੂਜੀ ਇਸ ਨਾਲ ਇਹ ਕਿਤਾਬ ਲਿਖਣ ਦੇ ਮੁੱਖ ਮਕਸਦ ਬਾਰੇ ਵੀ ਮਨ ਵਿਚ ਸਵਾਲ ਪੈਦਾ ਹੁੰਦੇ ਹਨ। ਇਕ ਪਾਸੇ ਤਾਂ ਇਸ ਵਿਚ ਦਿੱਤੀ ਜਾਣਕਾਰੀ ਤੋਂ ਲੱਗਦਾ ਹੈ ਕਿ ਇਹ ਕਿਤਾਬ ਇਸ ਕਿੱਤੇ ਬਾਰੇ ਹਰ ਕਿਸਮ ਦੀ ਵਾਸਤਵਿਕ ਜਾਣਕਾਰੀ ਸਾਂਝੀ ਕਰਨ ਲਈ ਲਿਖੀ ਗਈ ਹੈ ਤੇ ਦੂਜੇ ਪਾਸੇ ਇਸ ਕਿੱਤੇ ਨਾਲ ਸਬੰਧਤ ਅਸਲੀ ਲੋਕਾਂ ਦੇ ਜੀਵਨ ਬਾਰੇ ਦਿਲਚਸਪ ਕਹਾਣੀਆਂ ਦੱਸੀਆਂ ਗਈਆਂ ਹਨ ਜਿਨ੍ਹਾਂ ਵਿਚੋਂ ਕੁਝ ਸ਼ਾਇਦ ਲੇਖਕ ਦੇ ਆਪਣੇ ਕਹਿਣ ਅਨੁਸਾਰ "ਕਿਤੇ ਕਿਤੇ ਕਾਲਪਨਿਕ ਪਾਤਰ ਵੀ ਹਨ"। ਮੈਨੂੰ ਇਸ ਕਿਤਾਬ ਦੀ ਪੇਸ਼ਕਾਰੀ 'ਤੇ ਜ਼ਿਆਦਾ ਨਿਰਾਸ਼ਾ ਹੋਈ ਤੇ ਮੈਂ ਪਹਿਲੀ ਵਾਰੀ ਇਹ ਗੱਲ ਸ਼ਿੱਦਤ ਨਾਲ ਮਹਿਸੂਸ ਕੀਤੀ ਕਿ ਪੰਜਾਬੀ ਵਿਚ ਪੇਸ਼ਾਵਰ ਸੰਪਾਦਨਾ ਦੀ ਕਿੰਨੀ ਲੋੜ ਹੈ। ਕਿਤਾਬ ਵਿਚ ਸ਼ਾਮਲ ਸਮੱਗਰੀ ਪਹਿਲਾਂ ਸ਼ਾਇਦ ਲੇਖਾਂ ਦੇ ਰੂਪ ਵਿਚ ਛਪਦੀ ਰਹੀ ਸੀ ਤੇ ਉਹਨੂੰ ਬਿਨਾਂ ਕਿਸੇ ਬਹੁਤੀ ਤਬਦੀਲੀ ਦੇ ਕਿਤਾਬ ਵਿਚ ਜੜ ਦਿੱਤਾ ਗਿਆ ਹੈ। ਜੇ ਲੇਖਕ ਵੈਨਕੂਵਰ ਤੋਂ ਟਰੱਕ ਚਲਾਉਂਦਾ ਹੈ ਤਾਂ ਇਹ ਗੱਲ ਵਾਰ ਵਾਰ ਦੱਸਣ ਦੀ ਲੋੜ ਨਹੀਂ ਹੋਣੀ ਚਾਹੀਦੀ। ਨਤੀਜੇ ਵਜੋਂ ਕਿਤਾਬ ਵੱਖਰੇ ਵੱਖਰੇ ਲੇਖਾਂ ਦਾ ਸੰਗ੍ਰਹਿ ਹੋ ਕੇ ਰਹਿ ਗਈ ਲਗਦੀ ਹੈ ਜਦ ਕਿ ਇਸ ਨੂੰ ਅਸਾਨੀ ਨਾਲ ਵੱਖੋ ਵੱਖਰੇ ਹਿੱਸਿਆਂ ਵਾਲੀ ਇਕ ਸੰਪੂਰਨ ਲਿਖਤ ਬਣਾਇਆ ਜਾ ਸਕਦਾ ਸੀ। ਕਈ ਵਾਰੀ ਲੇਖਕ ਉੱਤਮ ਪੁਰਖ (ਫਰਸਟ ਪਰਸਨ) ਵਿਚ ਗੱਲ ਕਰਦਾ ਹੈ ਤੇ ਕਈ ਥਾਵਾਂ 'ਤੇ ਅਨਯ ਪੁਰਖ (ਥਰਡ ਪਰਸਨ) ਵਿਚ। ਇਸ ਕਾਰਨ ਲਿਖਤ ਨਾਲ ਉਸ ਕਿਸਮ ਦਾ ਨਾਤਾ ਨਹੀਂ ਜੁੜਦਾ ਜਿਸ ਦੀ ਪਾਠਕ ਨੂੰ ਇਕ ਕਿਤਾਬ ਪੜ੍ਹਦੇ ਸਮੇਂ ਅਚੇਤ ਹੀ ਆਸ ਹੁੰਦੀ ਹੈ। ਇਸੇ ਤਰ੍ਹਾਂ ਹੀ ਲੇਖਕ ਨਾਲ ਵੀ ਨੇੜਤਾ ਵਾਲਾ ਰਿਸ਼ਤਾ ਪੈਦਾ ਨਹੀਂ ਹੁੰਦਾ। ਘੱਟੋ ਘੱਟ ਮੈਨੂੰ ਇਸ ਤਰ੍ਹਾਂ ਮਹਿਸੂਸ ਹੋਇਆ ਹੈ।

ਇਨ੍ਹਾਂ ਕੁਝ ਸਮੱਸਿਆਵਾਂ ਦੇ ਬਾਵਜੂਦ ਮੈਂ ਕਿਤਾਬ ਦਾ ਪੂਰਾ ਆਨੰਦ ਮਾਣਿਆ ਹੈ। ਮੈਂ ਖੁਦ ਕਦੇ ਪੇਸ਼ੇ ਵਜੋਂ ਡਰਾਇਵਰੀ ਨਹੀਂ ਕੀਤੀ ਪਰ ਸ਼ੌਕੀਆ ਮੈਂ ਉੱਤਰੀ ਅਮਰੀਕਾ (ਕਨੇਡਾ, ਅਮਰੀਕਾ ਤੇ ਮੈਕਸੀਕੋ) ਦੇ ਬਹੁਤੇ ਹਿੱਸੇ ਕਾਰ ਜਾਂ ਕੈਂਪਰਵੈਨ ਵਿਚ ਗਾਹੇ ਹਨ। ਵੈਨਕੂਵਰ ਤੋਂ ਦੋ ਵਾਰ ਅਲਾਸਕਾ ਤੇ ਇਕ ਵਾਰ ਮੈਕਸੀਕੋ ਦੇ ਧੁਰ ਅੰਦਰ ਤੱਕ। ਏਸੇ ਤਰ੍ਹਾਂ ਕਨੇਡਾ ਦਾ ਮੈਂ ਹਰ ਹਿੱਸਾ ਖੁਦ ਡਰਾਈਵ ਕਰਕੇ ਦੇਖਿਆ ਹੈ। ਅਮਰੀਕਾ ਦੀਆਂ ਕੁਝ ਸਟੇਟਾਂ ਵੱਲ ਨਹੀਂ ਜਾਇਆ ਗਿਆ ਤੇ ਕੁਝ ਇਕ ਵੱਲ ਕਈ ਕਈ ਚੱਕਰ ਲੱਗੇ ਹਨ। ਮੇਰੇ ਆਪਣੇ ਇਸ ਸ਼ੌਕ ਕਰਕੇ ਮੈਨੂੰ ਇਸ ਕਿਤਾਬ ਵਿਚ ਵਿਸ਼ੇਸ਼ ਦਿਲਚਸਪੀ ਸੀ ਤੇ ਧੰਨਵਾਦ ਗੁਰਮੇਲ ਬੀਰੋਕੇ ਦਾ ਕਿ ਮੈਂ ਇਸ ਦੀ ਰਚਨਾ ਦੇ ਸਫਿਆਂ 'ਤੇ ਵਿਸ਼ੀਆਂ ਸੜਕਾਂ ਦਾ ਆਨੰਦ ਮਾਣਿਆ ਹੈ। ਕਨੇਡੀਅਨ ਪੰਜਾਬੀ ਸਾਹਿਤ ਵਿਚ ਇਹ ਲਿਖਤ ਨਿੱਗਰ ਵਾਧਾ ਹੈ ਤੇ ਗੁਰਮੇਲ ਬੀਰੋਕੇ ਵਧਾਈ ਦਾ ਹੱਕਦਾਰ ਹੈ।

**ਸਾਧੂ ਬਿਨਿੰਗ**
**ਬਰਨਬੀ, ਬੀ ਸੀ**

# ਸਟਾਲਿਨ : ਇੱਕ ਮੁਲੰਕਣ



## ਸਟਾਲਿਨ ਦੇ ਜਨਮ ਦਿਨ ਦੇ ਮੌਕੇ 'ਤੇ

**ਕੌਮਾਂਤਰੀ ਕਮਿਊਨਿਸਟ ਲਹਿਰ ਵਿੱਚ ਸਟਾਲਿਨ ਦੇ ਮੁਲਾਂਕਣ ਦਾ ਸਵਾਲ ਇੱਕ ਗੰਭੀਰ ਸਵਾਲ ਦੇ ਰੂਪ ਵਿੱਚ ਅੱਜ ਵੀ ਮੌਜੂਦ ਹੈ। ਸਾਮਰਾਜਵਾਦੀ ਪ੍ਰੈੱਸ, ਜੋ ਦੂਸਰੀ ਸੰਸਾਰ-ਜੰਗ ਦੌਰਾਨ ਫਾਸੀਵਾਦ ਨੂੰ ਧੂੜ ਚਟਾਉਣ ਵਾਲ਼ੇ ਸਟਾਲਿਨ ਨੂੰ 'ਅੰਕਲ ਜੋ' ਕਿਹਾ ਕਰਦਾ ਸੀ, ਉਹ ਲਗਾਤਾਰ ਸਟਾਲਿਨ ਬਾਰੇ ਕੂੜ ਪ੍ਰਚਾਰ ਕਰਦਾ ਰਿਹਾ ਹੈ। ਲਾਸਾਲ-ਬਾਕੂਲਿਨ-ਕਾਊਟਸਕੀ ਦੇ ਯੂਰਪੀ ਸਮਾਜਿਕ ਜਮਹੂਰੀ ਚੇਲੇ, ਨਵ ਖੱਬੇਪੱਖੀ ਰੰਗਰੂਟ, ਮਾਰਕਸਵਾਦੀ ਕਿਤਾਬੀ ਕੀੜੇ ਅਤੇ ਅਲ ਬ੍ਰਾਉਡਰ-ਟੀਟੋ-ਖਰੁਸ਼ਚੇਵ ਦੇ ਵਾਰਿਸ ਸੋਧਵਾਦੀ ਸਟਾਲਿਨ ਨੂੰ ਕੋਸਦੇ ਹੋਏ ਸਦਾ ਹੀ ਝੱਗ ਸੁੱਟਦੇ ਰਹੇ ਹਨ ਅਤੇ ਇਮਾਨਦਾਰ ਕਮਿਊਨਿਸਟ ਸਫ਼ਾਂ ਅਤੇ ਨਵੀਂਆਂ ਪੀੜ੍ਹੀਆਂ ਨੂੰ ਇਤਿਹਾਸ ਬਾਰੇ ਗੰਭੀਰ ਰੂਪ ਵਿੱਚ ਭਰਮਾਉਂਦੇ ਰਹੇ ਹਨ। ਮਾਓ-ਜ਼ੇ-ਤੁੰਗ ਅਤੇ ਉਨ੍ਹਾਂ ਦੀ ਲੀਡਰਸ਼ਿਪ ਵਿੱਚ ਚੀਨ ਦੀ ਕਮਿਊਨਿਸਟ ਪਾਰਟੀ ਨੇ ਇੱਕ ਪਾਸੇ ਜਿੱਥੇ ਸਟਾਲਿਨ ਦੀਆਂ ਦਾਰਸ਼ਨਿਕ-ਵਿਚਾਰਧਾਰਕ ਗਲਤੀਆਂ ਦੀ ਹਮੇਸ਼ਾ ਹੀ ਅਲੋਚਨਾ ਕੀਤੀ ਅਤੇ ਉਨ੍ਹਾਂ ਵਿਰੁੱਧ ਘੋਲ਼ ਚਲਾਇਆ, ਉੱਥੇ ਦੂਸਰੇ ਪਾਸੇ ਉਨ੍ਹਾਂ ਨੇ ਉਨ੍ਹਾਂ ਦੀਆਂ ਦੇਣਾਂ ਦਾ ਬਾਹਰਮੁਖੀ ਮੁਲਾਂਕਣ ਕਰਦੇ ਹੋਏ ਸਾਰੇ ਕੂੜ ਪ੍ਰਚਾਰਾਂ ਦਾ ਮੂੰਹ ਤੋੜ ਜਵਾਬ ਦਿੱਤਾ ਅਤੇ ਇੱਕ ਮਹਾਨ ਮਜ਼ਦੂਰ ਇਨਕਲਾਬੀ ਦੇ ਰੂਪ ਵਿੱਚ ਸਟਾਲਿਨ ਦਾ ਮੁਲਾਂਕਣ ਪੇਸ਼ ਕੀਤਾ। ਜਿਨ੍ਹਾਂ ਲਈ ਵਿਚਾਰਧਾਰਾ ਕਰਮਾਂ ਦਾ ਰਾਹ ਦਰਸਾਵਾ ਸਿਧਾਂਤ ਹੈ, ਉਨ੍ਹਾਂ ਲਈ ਸਟਾਲਿਨ ਦੇ ਮੁਲਾਂਕਣ ਦਾ ਜਵਾਬ ਇੱਕ ਜੀਉਂਦਾ ਸਵਾਲ ਹੈ। ਅਸੀਂ ਇੱਥੇ ਇੱਕ ਮਾਰਕਸਵਾਦੀ-ਲੈਨਿਨਵਾਦੀ ਦਸਤਾਵੇਜ(ਬਹਿਸ ਲਈ ਪੇਸ਼ ਖਰੜਾ) ਦਾ ਸਟਾਲਿਨ ਸਬੰਧੀ ਅੰਸ਼ ਪਾਠਕਾਂ ਦੇ ਵਿਚਾਰ-ਮੰਥਨ ਲਈ ਪੇਸ਼ ਕਰ ਰਹੇ ਹਾਂ। — ਸੰਪਾਦਕ**

1924 ਵਿੱਚ ਲੈਨਿਨ ਦੀ ਮੌਤ ਦੇ ਬਾਅਦ ਸਟਾਲਿਨ ਨੇ ਕੌਮਾਂਤਰੀ ਮਜ਼ਦੂਰ ਜਮਾਤ ਦੀ ਲੀਡਰਸ਼ਿਪ ਅਤੇ ਕੌਮਾਂਤਰੀ ਕਮਿਊਨਿਸਟ ਲਹਿਰ ਦੀ ਅਗਵਾਈ ਕੀਤੀ। ਉਨ੍ਹਾਂ ਨੇ ਮਜ਼ਦੂਰ ਜਮਾਤ ਦੀ ਵਿਚਾਰਧਾਰਾ ਵਿੱਚ ਲੈਨਿਨ ਦੀਆਂ ਦੇਣਾਂ ਦੀ ਹਿਫ਼ਾਜਤ ਕੀਤੀ ਅਤੇ ਇਹ ਸੂਤਰਬੱਧ ਨਿਚੋੜ ਪੇਸ਼ ਕੀਤਾ ਕਿ ਲੈਨਿਨਵਾਦ ਸਾਮਰਾਜਵਾਦ ਅਤੇ ਮਜ਼ਦੂਰ ਇਨਕਲਾਬਾਂ ਦੇ ਯੁੱਗ ਦਾ ਮਾਰਕਸਵਾਦ ਹੈ। ਸੱਜੇ ਅਤੇ ਖੱਬੇ ਮੌਕਾਪ੍ਰਸਤਾਂ ਵਿਰੁੱਧ ਅਰੁੱਕ ਘੋਲ਼ ਚਲਾਉਂਦੇ ਹੋਏ ਉਨ੍ਹਾਂ ਨੇ ਸੋਵੀਅਤ ਸੰਘ ਨੂੰ ਸਮਾਜਵਾਦ ਦੇ ਰਸਤੇ 'ਤੇ ਅੱਗੇ ਵਧਾਇਆ। ਟਰਾਟਸਕੀ, ਜਿਨੋਵਿਯੇਵ, ਕਾਮੇਨੇਵ ਅਤੇ ਬੁਖਾਰਿਨ ਆਦਿ ਦੇ ਹਮਲਿਆਂ ਨੂੰ ਹਰਾਉਂਦੇ ਹੋਏ ਉਨ੍ਹਾਂ ਨੇ ਮਾਰਕਸਵਾਦ–ਲੈਨਿਨਵਾਦ ਦੇ ਮੁੱਢਲੇ ਅਸੂਲਾਂ ਦੀ ਅਤੇ ਬਾਲਸ਼ਵਿਕ ਪਾਰਟੀ ਅਤੇ ਸੋਵੀਅਤ ਰਾਜ ਦੇ ਮਜ਼ਦੂਰ ਕਿਰਦਾਰ ਦੀ ਹਿਫ਼ਾਜਤ ਕੀਤੀ।

ਸਟਾਲਿਨ ਨੇ ਉਦਯੋਗਾਂ ਦੀ ਮਾਲਕੀ ਦੇ ਸਮਾਜੀਕਰਨ, ਖੇਤੀ ਦੇ ਸਮੂਹੀਕਰਨ ਅਤੇ ਇੱਕ ਪਿੱਛੜੀਆਂ ਹੋਈਆਂ ਪੈਦਾਵਰੀ ਸ਼ਕਤੀਆਂ ਵਾਲ਼ੇ ਦੇਸ਼ ਦੇ ਅਰਥਚਾਰੇ ਨੂੰ ਇੱਕ ਪੂਰੀ ਤਰ੍ਹਾਂ ਨਵੇਂ ਅਧਾਰ 'ਤੇ ਖੜ੍ਹਾ ਕਰਕੇ ਅਪੂਰਵ ਗਤੀ ਨਾਲ਼ ਉੱਨਤ ਬਣਾਉਣ ਦੇ ਗੁੰਝਲਦਾਰ ਅਤੇ ਪ੍ਰਚੰਡ ਮਹਾਂਕਾਵਿਕ ਘੋਲ਼ ਵਿੱਚ ਸੋਵੀਅਤ ਸੰਘ ਦੇ ਲੋਕਾਂ ਅਤੇ ਪਾਰਟੀ ਨੂੰ ਲੀਡਰਸ਼ਿਪ ਪ੍ਰਦਾਨ ਕੀਤੀ। ਸਮਾਜਵਾਦੀ ਸਮੂਹਿਕ ਮਾਲਿਕਾਨੇ ਅਤੇ ਰਾਜਕੀ ਮਾਲਿਕਾਨੇ ਦੀ ਸਥਾਪਨਾ ਕਰਕੇ, ਮਾਲਿਕਾਨੇ ਦੇ ਸਮਾਜੀਕਰਨ ਦੇ ਕੰਮ ਨੂੰ ਮੁੱਖ ਰੂਪ ਵਿੱਚ ਪੂਰਾ ਕਰਕੇ ਅਤੇ ਅਰਥਚਾਰੇ ਦੀ ਸਮਾਜਵਾਦੀ ਵਿਉਂਤਬੰਦੀ ਦੀ ਸ਼ੁਰੂਆਤ ਕਰਕੇ ਸਟਾਲਿਨ ਦੀ ਲੀਡਰਸ਼ਿਪ ਵਿੱਚ ਬਾਲਸ਼ਵਿਕ ਪਾਰਟੀ ਨੇ ਦੋ ਦਹਾਕਿਆਂ ਅੰਦਰ ਹੀ ਇੱਕ ਸ਼ਕਤੀਸ਼ਾਲੀ ਸਮਾਜਵਾਦੀ ਅਰਥਚਾਰੇ ਦੀ ਸਿਰਜਣਾ ਕਰ ਦਿੱਤੀ। ਇਹ ਸਭ ਕੁੱਝ ਮਨੁੱਖੀ ਇਤਿਹਾਸ ਵਿੱਚ ਪਹਿਲੀ ਵਾਰ ਹੋ ਰਿਹਾ ਸੀ ਅਤੇ ਬੇਸ਼ੱਕ, ਇਸ ਦੌਰਾਨ ਕੁੱਝ ਛੋਟੀਆਂ ਅਤੇ ਕੁੱਝ ਵੱਡੀਆਂ ਗਲਤੀਆਂ ਵੀ ਹੋਈਆਂ, ਪਰ ਬੁਰਜੂਆ ਪ੍ਰਚਾਰਕਾਂ ਅਤੇ ਕਿਰਾਏ ਦੇ ਟੱਟੂ ਕਲਮਘਸੀਟਾਂ ਦੇ ਸਾਰੇ ਪ੍ਰਚਾਰਾਂ ਦੇ ਉਲਟ ਇਤਿਹਾਸ ਦੀ ਠੋਸ ਸੱਚਾਈ ਇਹ ਹੈ ਕਿ ਸਟਾਲਿਨ ਦੇ ਸਮੇਂ ਦੇ ਸਮਾਜਵਾਦੀ ਉਸਾਰੀ ਦੇ ਦੌਰ ਵਿੱਚ ਕਰੋੜਾਂ–ਕਰੋੜ ਮਜ਼ਦੂਰਾਂ ਅਤੇ ਗਰੀਬ ਕਿਸਾਨਾਂ ਦੀ ਪਹਿਲਕਦਮੀ ਅਤੇ ਸਿਰਜਣਾਤਮਕਤਾ ਪਹਿਲੀ ਵਾਰ ਇੰਨੇ ਵੱਡੇ ਪੱਧਰ 'ਤੇ ਜਾਗ੍ਰਿਤ ਹੋਈ ਸੀ, ਜਿਸਦੀਆਂ ਪ੍ਰਾਪਤੀਆਂ ਹਰ ਮਾਅਨੇ ਵਿੱਚ ਚਮਤਕਾਰੀ ਸਨ। ਸਦੀਆਂ ਪੁਰਾਣੀ ਗੁਲਾਮੀ ਅਤੇ ਦਾਬੇ ਦੇ ਸਬੰਧਾਂ ਨੂੰ ਨਸ਼ਟ ਕਰਨ ਅਤੇ ਹਜ਼ਾਰਾਂ ਸਾਲ ਪੁਰਾਣੇ ਜਮਾਤੀ ਸਮਾਜ ਦੇ ਲੰਬੇ ਇਤਿਹਾਸ ਨਾਲੋਂ ਫੈਸਲਾਕੁਨ ਤੋੜ ਵਿਛੋੜਾ ਕਰਨ ਲਈ ਉੱਚ ਖੜੇ ਲੋਕਾਂ ਨੇ ਅਣਕਿਆਸੀ ਯੋਗਤਾ, ਦ੍ਰਿੜਤਾ, ਸ਼ਕਤੀ ਅਤੇ ਸਿਰਜਣਾਤਮਕਤਾ ਦੇ ਜ਼ੋਰ 'ਤੇ ਪੂਰੇ ਪੂੰਜੀਵਾਦੀ ਸੰਸਾਰ ਦੀ ਘੇਰੇਬੰਦੀ ਅਤੇ ਦਬਾਅ ਦਰਮਿਆਨ ਸਮਾਜਵਾਦ ਦੀ ਸਥਾਪਨਾ ਲਈ ਜੂਝਦੇ ਹੋਏ, ਜੀਵਨ ਦੇ ਹਰ ਖੇਤਰ ਵਿੱਚ ਹੈਰਾਨੀਜਨਕ ਰਿਕਾਰਡ ਕਾਇਮ ਕੀਤੇ।

ਸਟਾਲਿਨ ਨੇ ਪੂਰਬ ਦੇ ਦੇਸ਼ਾਂ ਵਿੱਚ ਬਸਤੀਵਾਦ ਵਿਰੁੱਧ ਇਨਕਲਾਬੀ ਘੋਲ਼ ਦੇ ਵਿਕਾਸ, ਉੱਥੇ ਕਮਿਊਨਿਸਟ ਪਾਰਟੀਆਂ ਦੀ ਉਸਾਰੀ ਅਤੇ ਗਠਨ ਅਤੇ ਕੌਮੀ ਜਮਹੂਰੀਅਤ ਦੀ ਲੜਾਈ ਵਿੱਚ ਸਾਂਝੇ ਮੋਰਚੇ ਦੀ ਉਸਾਰੀ 'ਤੇ ਖ਼ਾਸ ਜ਼ੋਰ ਦਿੱਤਾ ਅਤੇ ਕਮਿਊਨਿਸਟ ਪਾਰਟੀਆਂ ਦੀ ਵਿਸ਼ੇਸ਼ ਰਹਿਨੁਮਾਈ ਕੀਤੀ। ਨਾਲ਼ ਹੀ ਸੋਵੀਅਤ ਸੰਘ ਨੇ ਪੂਰੀ ਦੁਨੀਆਂ ਵਿੱਚ ਜਾਰੀ ਇਨਕਲਾਬੀ ਘੋਲ਼ਾਂ ਦੀ ਵਿਸ਼ੇਸ਼ ਮਦਦ ਕੀਤੀ। ਕੌਮੀਅਤ ਦੇ ਸਵਾਲ, ਬਸਤੀਵਾਦੀ ਸਵਾਲ ਅਤੇ ਦੱਬੀਆਂ–ਕੁੱਚਲੀਆ ਕੌਮਾਂ ਦੇ ਮੁਕਤੀ–ਘੋਲ਼ ਦੇ ਸਵਾਲ 'ਤੇ ਲੈਨਿਨ ਦੇ ਚਿੰਤਨ ਨੂੰ ਅੱਗੇ ਵਧਾਉਂਦੇ ਹੋਏ ਸਟਾਲਿਨ ਨੇ ਮਾਰਕਸਵਾਦੀ ਸਿਧਾਂਤ ਨੂੰ ਆਪਣੀਆਂ ਮਹੱਤਵਪੂਰਨ ਦੇਣਾਂ ਨਾਲ਼ ਖੁਸ਼ਹਾਲ ਬਣਾਇਆ।

ਦੂਜੀ ਸੰਸਾਰ ਜੰਗ ਵਿੱਚ ਸਟਾਲਿਨ ਦੀ ਲੀਡਰਸ਼ਿਪ ਵਿੱਚ ਸੋਵੀਅਤ ਲੋਕਾਂ ਅਤੇ ਲਾਲ–ਫ਼ੌਜ ਨੇ ਨਾਜ਼ੀ ਫ਼ੌਜਾਂ ਅਤੇ ਫਾਸੀਵਾਦੀ ਧੁਰੀ ਨੂੰ ਹਰਾ ਦਿੱਤਾ। ਪੂਰਬੀ ਯੂਰਪ ਦੇ ਦੇਸ਼ਾਂ ਦੀ ਮੁਕਤੀ ਅਤੇ ਉੱਥੇ ਇਨਕਲਾਬੀ ਕੌਮੀ ਜਮਹੂਰੀ ਸੱਤ੍ਹਾਵਾਂ ਦੀ ਸਥਾਪਨਾ ਦੇ ਬਾਅਦ ਇੱਕ ਤਾਕਤਵਾਰ ਸਮਾਜਵਾਦੀ ਖੇਮਾ ਹੋਂਦ ਵਿੱਚ ਆਇਆ ਜਿਸਨੇ ਸੰਸਾਰ ਕਮਿਊਨਿਸਟ ਲਹਿਰ ਅਤੇ ਕੌਮੀ ਮੁਕਤੀ ਘੋਲ਼ਾਂ ਨੂੰ ਨਵੀਂ ਪ੍ਰੇਰਣਾ, ਨਵੀਂ ਤਾਕਤ ਅਤੇ ਨਵਾਂ ਸੰਵੇਗ ਪ੍ਰਦਾਨ ਕੀਤਾ।

ਸਟਾਲਿਨ ਦੀ ਇਸ ਇਤਿਹਾਸਕ ਭੂਮਿਕਾ ਅਤੇ ਮਹੱਤਵਪੂਰਨ ਦੇਣਾਂ ਦੇ ਅਧਾਰ 'ਤੇ ਸਾਡੀ ਇਹ ਪੱਕੀ ਮਾਨਤਾ ਹੈ ਕਿ ਉਹ ਸਮਾਜਵਾਦੀ ਸੋਵੀਅਤ ਸੰਘ, ਕੌਮਾਂਤਰੀ ਮਜ਼ਦੂਰ ਜਮਾਤ ਅਤੇ ਸੰਸਾਰ ਕਮਿਊਨਿਸਟ ਲਹਿਰ ਦੇ ਮਹਾਨ ਆਗੂ ਸਨ। ਅਸੀਂ ਉਨ੍ਹਾਂ ਦੀਆਂ ਦੇਣਾਂ ਅਤੇ ਗਲਤੀਆਂ ਦੇ ਮਾਓ–ਜ਼ੇ–ਤੁੰਗ ਦੁਆਰਾ ਪੇਸ਼ ਮੁਲਾਂਕਣ ਅਤੇ ਮਹਾਨ ਪ੍ਰੋਲੇਤਾਰੀ ਸੱਭਿਆਚਾਰਕ ਇਨਕਲਾਬ ਦੀਆਂ ਸਿੱਖਿਆਵਾਂ ਦੀ ਰੌਸ਼ਨੀ ਵਿੱਚ ਨਾ ਸਿਰਫ਼ ਖਰੁਸ਼ਚੇਵੀ ਸੋਧਵਾਦੀਆਂ, ਟਰਟਸਕੀ ਪੱਖੀਆਂ, ਨਵ ਖੱਬੇਪੱਖੀ ਬਦਮਾਸ਼ਾਂ ਅਤੇ ਹਰ ਤਰ੍ਹਾਂ ਦੇ ਧੋਖੇਬਾਜ ਸੱਜੂਆਂ – ਖੱਬੂਆਂ ਦੇ ਸਟਾਲਿਨ – ਸਬੰਧੀ ਮੁਲਾਂਕਣਾਂ ਅਤੇ ਕੂੜ–ਪ੍ਰਚਾਰਾਂ ਨੂੰ ਰੱਦ ਕਰਦੇ ਹਾਂ, ਸਗੋਂ ਕਮਿਊਨਿਸਟ ਇਨਕਲਾਬੀਆਂ ਦੇ ਇੱਕ ਛੋਟੇ ਜਿਹੇ ਹਿੱਸੇ ਵਿੱਚ ਪੈਦਾ ਹੋਏ ਉਸ ਭਟਕਾਅ ਦੀ ਵੀ ਸਖ਼ਤ ਅਲੋਚਨਾ ਕਰਦੇ ਹਾਂ ਜੋ ਇਤਿਹਾਸਿਕ ਬਾਹਰਮੁਖੀ ਸੀਮਾਵਾਂ ਦਾ ਖਿਆਲ ਕੀਤੇ ਬਿਨਾਂ, ਗੈਰ ਦਵੰਦਾਤਮਕ ਤਰੀਕੇ ਨਾਲ਼, ਸਟਾਲਿਨ ਦੀ ਭੁੱਲਾਂ ਗਲਤੀਆਂ 'ਤੇ ਅੱਜ ਮੁਕਤ–ਚਿੰਤਨ ਕਰ ਰਹੇ ਹਨ ਅਤੇ ਨਵੇਂ–ਨਵੇਂ ਥੀਸਿਸ ਪੇਸ਼ ਕਰ ਰਹੇ ਹਨ। ਨਾਲ਼ ਹੀ ਅਸੀਂ ਇਸ ਕੱਠਮੁੱਲਾ ਪੋਜੀਸ਼ਨ ਨਾਲ਼ ਵੀ ਸਹਿਮਤ ਨਹੀਂ ਹਾਂ ਕਿ ਸੋਧਵਾਦੀਆਂ ਅਤੇ ਬੁਰਜੂਆਜ਼ੀ ਦੇ ਹਮਲਿਆਂ ਵਿਰੁੱਧ ਲੜਦੇ ਹੋਏ ਸਟਾਲਿਨ ਦੀਆਂ ਗਲਤੀਆਂ ਦੀ ਚਰਚਾ ਹੀ ਨਹੀਂ ਕੀਤੀ ਜਾਣੀ ਚਾਹੀਦੀ ਹੈ। ਇਸ ਸੋਚ ਨਾਲ਼ ਵੀ ਸਾਡੀ ਸਹਿਮਤੀ ਨਹੀਂ ਹੈ ਕਿ ਸਟਾਲਿਨ ਨੇ ਕੋਈ ਅਜਿਹੀ ਮਹੱਤਵਪੂਰਨ ਗਲਤੀ ਹੀ ਨਹੀਂ ਕੀਤੀ, ਜਿਸਦਾ ਮੁਲਾਂਕਣ ਕਰਨਾ ਅੱਜ ਜ਼ਰੂਰੀ ਹੈ। ਸਟਾਲਿਨ ਦੀਆਂ ਮਹਾਨ ਦੇਣਾਂ ਅਤੇ ਮਾਰਕਸਵਾਦ–ਲੈਨਿਨਵਾਦ ਦੀ ਹਿਫ਼ਾਜਤ ਦਾ ਇੱਕੋ–ਇੱਕ ਸਹੀ ਰਸਤਾ ਇਹੀ ਹੋ ਸਕਦਾ ਹੈ ਕਿ ਅਸੀਂ ਉਨ੍ਹਾਂ ਦੇ ਹਾਂਦਰੂ ਪੱਖਾਂ ਦੇ ਇਲਾਵਾ ਨਾਂਹ ਪੱਖਾਂ ਦਾ ਵੀ ਵਿਸ਼ਲੇਸ਼ਣ ਕਰੀਏ ਅਤੇ ਇਹ ਦੱਸੀਏ ਕਿ ਕਿੰਝ ਉਨ੍ਹਾਂ ਦੀਆਂ ਗਲਤੀਆਂ ਦੇ ਬਹਾਨੇ ਪੂਰੀ ਦੁਨੀਆਂ ਦੇ ਸਾਰੇ ਨਕਲੀ ਕਮਿਊਨਿਸਟ ਅਤੇ ਬੁਰਜੂਆ ਅਸਲ ਵਿੱਚ ਆਪਣੇ ਹਮਲੇ ਦਾ ਅਸਲੀ ਨਿਸ਼ਾਨਾ ਮਾਰਕਸਵਾਦ–ਲੈਨਿਨਵਾਦ ਦੇ ਮੁੱਢਲੇ ਅਸੂਲਾਂ ਨੂੰ ਦੱਸਦੇ ਰਹੇ ਹਨ। ਨਾਲ਼ ਹੀ ਅੱਜ ਸਮਾਜਵਾਦ ਦੀਆਂ ਸਮੱਸਿਆਵਾਂ ਅਤੇ ਪੂੰਜੀਵਾਦੀ ਮੁੜ–ਬਹਾਲੀ ਦੇ ਸਾਰੇ ਕਾਰਨਾਂ ਨੂੰ ਸਮਝਣ ਦਾ ਉੱਦਮ ਵੀ ਉਦੋਂ ਤੱਕ ਸਫ਼ਲ ਨਹੀਂ ਹੋ ਸਕਦਾ ਜਦੋਂ ਤੱਕ ਸਟਾਲਿਨ ਦੀਆਂ ਗਲਤੀਆਂ ਦੇ ਸਹੀ–ਸੰਤੁਲਿਤ ਨਿਚੋੜ ਨੂੰ ਅਸੀਂ ਆਤਮਸਾਤ ਨਹੀਂ ਕਰ ਲੈਂਦੇ।

ਦੁਨੀਆਂ ਦੇ ਇਤਿਹਾਸ ਵਿੱਚ ਪਹਿਲੀ ਵਾਰ ਸਮਾਜਵਾਦੀ ਉਸਾਰੀ ਦੇ ਮਹਾਂਕਾਵਿਕ ਯਤਨਾਂ ਨੂੰ ਲੀਡਰਸ਼ਿਪ ਦਿੰਦੇ ਹੋਏ ਸੰਸਾਰ ਮਜ਼ਦੂਰ ਜਮਾਤ ਦੇ ਮਹਾਨ ਆਗੂ ਸਟਾਲਿਨ ਨੇ ਕੁੱਝ ਗਲਤੀਆਂ ਵੀ ਕੀਤੀਆਂ ਅਤੇ ਉਨ੍ਹਾਂ ਵਿੱਚੋਂ ਜ਼ਰੂਰ ਹੀ ਕੁੱਝ ਗੰਭੀਰ ਅਤੇ ਵੱਡੀਆਂ ਗਲਤੀਆਂ ਸਨ। ਮਾਓ ਨੇ ਖ਼ਰੁਸ਼ਚੇਵ ਦੁਆਰਾ ਸਟਾਲਿਨ 'ਤੇ ਕੀਤੇ ਗਏ ਹਮਲਿਆਂ ਦਾ ਜਵਾਬ ਦਿੰਦੇ ਹੋਏ ਅਤੇ ਚੀਨ ਵਿੱਚ ਸਮਾਜਵਾਦੀ ਪ੍ਰਯੋਗ ਦਾ ਨਿਚੋੜ ਕੱਢਦੇ ਹੋਏ ਸਟਾਲਿਨ ਦੀਆਂ ਪ੍ਰਾਪਤੀਆਂ ਅਤੇ ਗਲਤੀਆਂ ਦਾ ਸਹੀ ਵਿਸ਼ਲੇਸ਼ਣ ਕੀਤਾ, ਉਨ੍ਹਾਂ ਤੋਂ ਸਿੱਖਿਆ ਲਈ ਅਤੇ ਸਮੁੱਚੇ ਮੁਲਾਂਕਣ ਦੇ ਤੌਰ 'ਤੇ ਉਨ੍ਹਾਂ ਦੇ ਇੱਕ ਮਹਾਨ ਮਾਰਕਸਵਾਦੀ–ਲੈਨਿਨਵਾਦੀ ਅਤੇ ਕੌਮਾਂਤਰੀ ਮਜ਼ਦੂਰ ਜਮਾਤ ਦਾ ਇੱਕ ਮਹਾਨ ਆਗੂ ਦੱਸਿਆ। ਅਸੀਂ ਇਸ ਮੁਲਾਂਕਣ ਨੂੰ ਸਹੀ ਨਹੀਂ ਮੰਨਦੇ ਹਾਂ।

ਇਹ ਸਹੀ ਹੈ ਕਿ ਸਾਮਰਾਜਵਾਦੀ ਦੇਸ਼ਾਂ ਦੀ ਚੌਧਰ ਵਾਲ਼ੀ ਦੁਨੀਆਂ ਵਿੱਚ, ਇੱਕ ਪਿੱਛੜੇ ਹੋਏ ਅਤੇ ਗੁੰਝਲਦਾਰ ਹਾਲਤਾਂ ਵਾਲ਼ੇ ਸੋਵੀਅਤ ਸੰਘ ਵਰਗੇ ਵਿਸ਼ਾਲ ਬਹੁਕੌਮੀ ਦੇਸ਼ ਵਿੱਚ ਪਹਿਲੀ ਵਾਰ ਸਮਾਜਵਾਦ ਦੀ ਉਸਾਰੀ ਇੱਕ ਔਖਾ, ਚਣੌਤੀ ਭਰਿਆ ਕੰਮ ਸੀ। ਇਹ ਸਹੀ ਹੈ ਕਿ 1924 ਤੋਂ ਲੈ ਕੇ ਮੌਤ ਤੱਕ ਸਟਾਲਿਨ ਦੇ ਸਾਹਮਣੇ ਇੱਕ ਦੇ ਬਾਅਦ ਇੱਕ ਲਗਾਤਾਰ ਗੰਭੀਰ ਫੌਰੀ ਸਮੱਸਿਆਵਾਂ ਆਉਂਦੀਆਂ ਰਹੀਆਂ ਅਤੇ ਲੰਬੇ ਸਮੇਂ ਦੀਆਂ ਨੀਤੀਆਂ ਅਤੇ ਪ੍ਰੋਗਰਾਮਾਂ 'ਤੇ ਸੋਚਣ ਲਈ ਉਨ੍ਹਾਂ ਦੇ ਕੋਲ ਸਮੇਂ ਦੀ ਘਾਟ ਲਗਾਤਾਰ ਬਣੀ ਰਹੀ। ਪਰ ਇਹ ਇੱਕ ਸੱਚਾਈ ਹੈ ਕਿ ਇਨਕਲਾਬ ਦੇ ਬਚਪਨ ਦੇ ਗੰਭੀਰ ਸੰਕਟ ਭਰੇ ਥੋੜ੍ਹੇ ਸਮੇਂ ਦੇ ਵਿੱਚ ਹੀ ਲੈਨਿਨ ਨੇ ਸਮਾਜਵਾਦ ਦੀਆਂ ਸਮੱਸਿਆਵਾਂ 'ਤੇ ਜਿਸ ਡੂੰਘਾਈ ਨਾਲ਼ ਸੋਚਣਾ ਸ਼ੁਰੂ ਕੀਤਾ ਸੀ, ਉਹ ਸਿਲਸਿਲਾ ਸਟਾਲਿਨ ਦੇ ਦੌਰ ਵਿੱਚ ਜਾਰੀ ਨਹੀਂ ਰਹਿ ਸਕਿਆ। ਪਰ ਨਾਲ਼ ਹੀ, ਸਾਨੂੰ ਇਹ ਵੀ ਧਿਆਨ ਰੱਖਣਾ ਚਾਹੀਦਾ ਹੈ ਕਿ ਮਜ਼ਦੂਰ ਸੱਤ੍ਹਾ ਪੱਕੇ ਪੈਰੀਂ ਹੋਣ ਦੇ ਬਾਅਦ, ਸਟਾਲਿਨ ਦੇ ਦੌਰ ਵਿੱਚ ਵੀ ਸਰਬੰਗੀ ਰੂਪ ਵਿੱਚ ਸਮਾਜਵਾਦੀ ਰੁਪਾਂਤਰਣ ਦਾ ਕੰਮ ਸ਼ੁਰੂ ਹੋਇਆ ਅਤੇ ਇਸੇ ਦੌਰਾਨ ਸਮੱਸਿਆਵਾਂ ਦੇ ਕੁੱਝ ਅਜਿਹੇ ਠੋਸ ਰੂਪ ਅਤੇ ਅਜਿਹੇ ਨਵੇਂ ਆਯਾਮ ਵੀ ਸਾਹਮਣੇ ਆਏ ਜੋ ਲੈਨਿਨ ਦੇ ਜੀਵਨ ਦੌਰਾਨ ਸਪੱਸ਼ਟ ਨਹੀਂ ਹੋਏ ਸਨ। ਇਨ੍ਹਾਂ ਬਾਹਰਮੁਖੀ ਸੀਮਾਵਾਂ ਦੇ ਬਾਵਜੂਦ, ਜਿਵੇਂ ਕਿ ਮਾਓ ਨੇ ਨਿਚੋੜ ਕੱਢਿਆ ਹੈ, ਸਟਾਲਿਨ ਤੋਂ ਰਾਜਨੀਤਿਕ ਅਰਥਸ਼ਾਸਤਰ, ਆਰਥਿਕ ਨੀਤੀ ਅਤੇ ਸਮਾਜਵਾਦੀ ਉਸਾਰੀ ਨਾਲ਼ ਸਬੰਧਿਤ ਕੁੱਝ ਅਜਿਹੀਆਂ ਗੰਭੀਰ ਅਤੇ ਕੁੱਝ ਅਜਿਹੀਆਂ ਗੌਣ ਗਲਤੀਆਂ ਵੀ ਹੋਈਆਂ ਜਿਨ੍ਹਾਂ ਤੋਂ ਬਚਿਆ ਜਾ ਸਕਦਾ ਸੀ। ਇਹ ਗਲਤੀਆਂ ਮੁੱਖ ਰੂਪ ਵਿੱਚ ਇਸ ਕਾਰਨ ਹੋਈਆਂ ਕਿ ਕੁੱਝ ਸਮੱਸਿਆਵਾਂ ਦਾ ਹੱਲ ਕਰਨ ਵਿੱਚ ਸਟਾਲਿਨ ਦਵੰਦਾਤਮਕ ਭੌਤਿਕਵਾਦੀ ਪੱਧਤੀ ਨੂੰ ਸਮੁੱਚੇ ਅਤੇ ਸੂਖਮ ਰੂਪ ਵਿੱਚ ਲਾਗੂ ਕਰਨ ਵਿੱਚ ਅਸਫਲ ਰਹੇ ਅਤੇ ਇੱਕ ਹੱਦ ਤੱਕ ਅਧਿਆਤਮਵਾਦੀ ਪੱਧਤੀ ਦਾ ਸ਼ਿਕਾਰ ਹੋ ਗਏ।

ਸਟਾਲਿਨ ਦੀ ਜੋ ਸਭ ਤੋਂ ਮੁੱਖ ਅਤੇ ਮੁੱਢਲੀ ਗਲਤੀ ਸੀ ਉਸਦਾ ਮੂਲ ਕਾਰਨ ਵੀ ਉਨ੍ਹਾਂ ਦੀ ਚਿੰਤਨਪ੍ਰਣਾਲੀ ਵਿੱਚ ਮੌਜੂਦ ਇਹ ਅਧਿਆਤਮਵਾਦੀ ਥਿੜਕਣ ਹੀ ਸੀ ਜਿਸ ਕਰਕੇ ਉਹ ਸਮਾਜਵਾਦੀ ਸਮਾਜ ਦੀ ਬਣਤਰ ਅਤੇ ਇਸਦੀ ਅੰਦਰੂਨੀ ਗਤੀ ਵਿੱਚ ਨਿਹਿਤ ਵਿਰੋਧਤਾਈਆਂ ਦੀ ਸਹੀ ਪਹਿਚਾਣ ਨਹੀਂ ਕਰ ਸਕੇ। ਸਮਾਜਵਾਦੀ ਸਮਾਜ ਵਿੱਚ ਜਮਾਤੀ ਘੋਲ਼ ਦੇ ਖਾਸੇ ਅਤੇ ਉਸਦੇ ਮੁੱਢਲੇ ਨਿਯਮਾਂ ਨੂੰ ਨਾ ਸਮਝ ਸਕਣ ਦੇ ਕਾਰਨ ਹੀ, ਅਨੁਭਵਿਕ ਅਤੇ ਅਮਲੀ ਧਰਾਤਲ 'ਤੇ ਮਜ਼ਦੂਰ ਜਮਾਤ ਦੀ ਤਾਨਾਸ਼ਾਹੀ ਦੇ ਤਹਿਤ ਜਮਾਤੀ ਘੋਲ਼ ਚਲਾਉਂਦੇ ਹੋਏ ਵੀ, ਉਨ੍ਹਾਂ ਨੇ 1936 ਵਿੱਚ ਇਹ ਗਲਤ ਸੂਤਰੀਕਰਨ ਪੇਸ਼ ਕੀਤਾ ਕਿ ਪੈਦਾਵਾਰ ਅਤੇ ਵਟਾਂਦਰੇ ਦੇ ਸਾਧਨਾਂ 'ਤੇ ਨਿੱਜੀ ਮਾਲਿਕਾਨੇ ਦੇ ਕਨੂੰਨੀ ਰੂਪਾਂ ਦੇ ਖ਼ਾਤਮੇ ਦੇ ਬਾਅਦ ਹੁਣ ਸੋਵੀਅਤ ਸੰਘ ਵਿੱਚ ਦੁਸ਼ਮਾਨਾਨਾ ਜਮਾਤੀ–ਵਿਰੋਧਤਾਈਆਂ ਅਤੇ ਲੋਟੂ ਜਮਾਤਾਂ ਮੁੱਖ ਰੂਪ ਵਿੱਚ ਖ਼ਤਮ ਹੋ ਚੁੱਕੀਆਂ ਹਨ ਅਤੇ ਉੱਨਤ ਸਮਾਜਵਾਦੀ ਸਬੰਧਾਂ ਅਤੇ ਪਿਛੜੀਆਂ ਪੈਦਾਵਾਰੀ ਤਾਕਤਾਂ ਦਰਮਿਆਨ ਵਿਰੋਧਤਾਈ ਹੀ ਹੁਣ ਸੋਵੀਅਤ ਸਮਾਜ ਦੀ ਪ੍ਰਧਾਨ ਵਿਰੋਧਤਾਈ ਹੈ। ਇੰਝ ਸਮਾਜਵਾਦੀ ਸੰਕਰਮਣ ਬਾਰੇ ਮਾਰਕਸ, ਏਂਗਲਜ ਅਤੇ ਲੈਨਿਨ ਦੇ ਚਿੰਤਨ ਦੇ ਸਿਰੇ ਨੂੰ ਫੜਨ ਵਿੱਚ ਉਹ ਅਸਫਲ ਰਹੇ। ਉਹ ਇਹ ਨਹੀਂ ਸਮਝ ਸਕੇ ਕਿ ਸਿਰਫ ਮਾਲਕੀ ਦੇ ਕਨੂੰਨੀ ਰੂਪਾਂ ਵਿੱਚ ਤਬਦੀਲੀ ਨਾਲ਼ ਜਮਾਤਾਂ ਅਤੇ ਜਮਾਤੀ ਘੋਲ਼ ਦੀਆਂ ਹਾਲਾਤਾਂ ਖ਼ਤਮ ਨਹੀਂ ਹੁੰਦੀਆਂ, ਕਿਉਂਕਿ ਇਹ ਹਾਲਾਤਾਂ ਪੈਦਾਵਾਰ ਸਬੰਧਾਂ ਨਾਲ਼ ਹੜੱਪਣ ਦੀ ਸਮਾਜਿਕ ਪ੍ਰਕਿਰਿਆਂ ਨਾਲ਼ ਜੁੜੀਆਂ ਹੋਈਆ ਹਨ। ਉਹ ਇਹ ਸਮਝ ਸਕਣ ਵਿੱਚ ਅਸਫਲ ਰਹੇ ਕਿ ਪੈਦਾਵਾਰ ਦੇ ਸਾਧਨਾਂ 'ਤੇ ਸਮਾਜਵਾਦੀ ਸਾਂਝੇ ਮਾਲਿਕਾਨੇ ਦੇ ਸਥਾਪਿਤ ਹੋ ਜਾਣ ਦੇ ਬਾਅਦ ਵੀ ਮਜ਼ਦੂਰ ਜਮਾਤ ਅਤੇ ਬੁਰਜੂਆਜ਼ੀ ਦਰਮਿਆਨ ਘੋਲ਼ ਲਗਾਤਾਰ ਜਾਰੀ ਰਹਿੰਦਾ ਹੈ ਅਤੇ ਸਮਾਜਵਾਦੀ ਸਮਾਜ ਦੀਆਂ ਅੰਦਰੂਨੀ ਵਿਰੋਧਾਈਆਂ ਤੋਂ ਲਗਾਤਾਰ ਪੈਦਾ ਹੁੰਦਾ ਰਹਿੰਦਾ ਹੈ। ਸਟਾਲਿਨ ਦੀ ਇਹ ਸਭ ਤੋਂ ਵੱਧ ਗੰਭੀਰ ਗਲਤੀ ਸੀ ਜਿਸਦੇ ਸਿੱਟੇ ਵਜੋਂ ਸੋਵੀਅਤ ਸਮਾਜ ਵਿੱਚ ਬੁਰਜੂਆਜ਼ੀ ਦੇ ਵਿਰੁੱਧ ਮਜ਼ਦੂਰ ਜਮਾਤ ਦੇ ਅਰੁੱਕ ਘੋਲ਼ ਦੀ ਪ੍ਰਕਿਰਿਆ ਨੂੰ ਗੰਭੀਰ ਨੁਕਸਾਨ ਪਹੁੰਚਣਾ ਹੀ ਸੀ ਅਤੇ ਇਹੀ ਹੋਇਆ।

ਸਮਾਜਵਾਦੀ ਸਮਾਜ ਵਿੱਚ ਲੋਕਾਂ ਅਤੇ ਦੁਸ਼ਮਣ ਜਮਾਤਾਂ ਦਰਮਿਆਨ ਦੁਸਮਣਾਨਾ ਵਿਰੋਧਤਾਈਆਂ ਅਤੇ ਲੋਕ ਦਰਮਿਆਨ ਗੈਰ–ਦੁਸ਼ਮਣਾਨਾ ਵਿਰੋਧਤਾਈਆਂ ਦਰਮਿਆਨ ਫ਼ਰਕ ਨਾ ਕਰਨ ਦੀ ਸਟਾਲਿਨ ਦੀ ਜਿਸ ਗਲਤ ਪ੍ਰਵਿਰਤੀ ਵੱਲ ਮਾਓ ਨੇ ਇਸ਼ਾਰਾ ਕੀਤਾ ਹੈ, ਉਹ ਵੀ ਸਟਾਲਿਨ ਦੀ ਉਪਰੋਕਤ ਗਲਤੀ ਨਾਲ਼ ਹੀ ਜੁੜੀ ਹੋਈ ਸੀ। ਮਾਓ ਅਨੁਸਾਰ, ਇਨ੍ਹਾਂ ਵਿੱਚੋਂ ਪਹਿਲੀ ਵਿਰੋਧਤਾਈ ਦਾ ਹੱਲ ਮਜ਼ਦੂਰ ਜਮਾਤ ਦੀ ਤਾਨਾਸ਼ਾਹੀ ਦੁਆਰਾ ਹੋਣਾ ਚਾਹੀਦਾ ਹੈ ਜਦੋਂ ਕਿ ਦੂਸਰੀ ਦਾ ਹੱਲ ਜਮਹੂਰੀ ਤਰੀਕਿਆਂ ਨਾਲ਼ ਵਿਚਾਰਧਾਰਕ ਘੋਲ਼ ਅਤੇ ਅਲੋਚਨਾ–ਆਤਮਅਲੋਚਨਾ ਦੀ ਪੱਧਤੀ ਰਾਹੀਂ ਹੋਣਾ ਚਾਹੀਦਾ ਹੈ। ਪਰ ਸਟਾਲਿਨ ਦੇ ਦੌਰ ਵਿੱਚ ਅਜਿਹਾ ਨਹੀਂ ਹੋ ਸਕਿਆ ਅਤੇ ਬਾਹਰਮੁਖੀ ਤੌਰ 'ਤੇ ਇਨਕਲਾਬ ਦੇ ਦੁਸ਼ਮਣਾਂ ਦੇ ਜ਼ਬਰ ਦਾ ਘੇਰਾ ਕਾਫ਼ੀ ਹੱਦ ਤੱਕ ਉਨ੍ਹਾਂ ਲੋਕਾਂ ਤੱਕ ਵੀ ਫੈਲ਼ ਗਿਆ ਜੋ ਸੋਵੀਅਤ ਨੀਤੀਆਂ ਨਾਲ਼ ਅਸਹਿਮਤ ਜਾਂ ਵਿਚਾਰਕ ਵਿਰੋਧੀ ਹੁੰਦੇ ਹੋਏ ਵੀ ਮਜ਼ਦੂਰ ਜਮਾਤ ਅਤੇ ਸਮਾਜਵਾਦ ਦੇ ਦੁਸ਼ਮਣ ਨਹੀਂ ਸਨ।

ਪੈਦਾਵਾਰੀ ਸ਼ਕਤੀਆਂ ਦੇ ਵਿਕਾਸ 'ਤੇ ਵਧੇਰੇ ਜ਼ੋਰ ਦੇਣ ਅਤੇ ਉਸਨੂੰ ਸਮਾਜਵਾਦ ਦੀ ਮੂਲ ਪ੍ਰੇਰਕ ਤਾਕਤ ਮੰਨਣ ਦਾ ਹੀ ਇਹ ਇੱਕ ਤਰਕਸ਼ੀਲ ਨਤੀਜਾ, ਅਤੇ ਸਮੁੱਚਤਾ ਵਿੱਚ, ਪੱਧਤੀ ਵਿੱਚ ਨਿਹਿਤ ਅਧਿਆਤਮਵਾਦੀ ਪ੍ਰਵਿਰਤੀ ਦਾ ਹੀ ਇਹ ਇੱਕ ਸੁਭਾਵਿਕ ਨਤੀਜਾ ਸੀ ਕਿ ਸਟਾਲਿਨ ਦਾ ਜ਼ੋਰ ਤਕਨੀਕ 'ਤੇ ਜ਼ਰੂਰਤ ਤੋਂ ਵੱਧ ਅਤੇ ਇਨਸਾਨ 'ਤੇ ਘੱਟ ਸੀ। ਆਪਣੇ ਨਜ਼ਰੀਏ ਅਤੇ ਪੱਧਤੀ ਵਿੱਚ ਨਿਹਿਤ ਅਧਿਆਤਮਵਾਦ ਦੀ ਪ੍ਰਵਿਰਤੀ ਕਰਕੇ ਪਾਰਟੀ ਏਕਤਾ ਬਾਰੇ ਸਟਾਲਿਨ ਦੀ ਸੋਚ ਇਕਹਿਰੀ ਏਕਤਾ ਦੀ ਸੋਚ ਸੀ ਅਤੇ ਪਾਰਟੀ ਅੰਦਰ ਸਹੀ ਏਕਤਾ ਲਈ ਦੋ ਲਾਈਨਾਂ ਦੇ ਘੋਲ਼ ਦੀ ਅਟੱਲਤਾ ਨੂੰ ਉਹ ਸਪੱਸ਼ਟ ਰੂਪ ਵਿੱਚ ਪਛਾਣ ਨਹੀਂ ਸਕੇ ਸਨ। (ਮਾਓ ਦੀ ਸੋਚ ਅਤੇ ਪੱਧਤੀ ਇਸਦੇ ਦੀ ਇੱਕਦਮ ਉੱਲਟ ਸੀ)। ਮੂਲ ਰੂਪ ਵਿੱਚ ਇਸੇ ਕਾਰਨ ਤੋਂ ਸਟਾਲਿਨ ਪਾਰਟੀ ਅੰਦਰ ਜਾਰੀ ਦੋ ਲਾਈਨਾਂ ਦੇ ਘੋਲ਼ ਨੂੰ ਸਮਾਜ ਵਿੱਚ ਜਾਰੀ ਜਮਾਤੀ ਘੋਲ਼ ਦੇ ਹੀ ਇੱਕ ਰੂਪ ਅਤੇ ਵਿਸਤਾਰ ਦੇ ਰੂਪ ਵਿੱਚ ਨਹੀਂ ਦੇਖ ਸਕੇ, ਸਾਮਜਵਾਦ ਦੇ ਦੌਰ ਵਿੱਚ ਪਾਰਟੀ ਦੇ ਮਜ਼ਦੂਰ ਕਿਰਦਾਰ ਦੀ ਹਿਫ਼ਾਜਤ ਲਈ ਲੋਕਾਂ ਨਾਲ਼ ਲਗਾਤਾਰ ਉਸਦਾ ਸਜੀਵ ਸੰਪਰਕ ਬਣਾਈ ਰੱਖਣ ਅਤੇ ਲੋਕਾਂ ਤੋਂ ਪਾਰਟੀ ਦੇ ਸਿੱਖਣ ਦੇ ਇੱਕਸਾਰ ਰੂਪਾਂ ਨੂੰ ਵਿਕਸਿਤ ਨਹੀਂ ਕਰ ਸਕੇ, ਅਤੇ ਰਾਜ–ਪ੍ਰਬੰਧ ਅਤੇ ਮੈਨੇਜਮੈਂਟ ਦੇ ਕੰਮਾਂ ਵਿੱਚ ਸਮਾਜਵਾਦੀ ਚੇਤਨਾ ਦੇ ਉੱਨਤ ਹੁੰਦੇ ਜਾਣ ਦੇ ਨਾਲ਼ ਹੀ ਮਜ਼ਦੂਰ ਜਮਾਤ ਅਤੇ ਕਿਰਤੀ ਲੋਕਾਂ ਦੀ ਸਿਲਸਿਲੇਵਾਰ ਵੱਧਦੀ ਸ਼ਮੂਲੀਅਤ ਨੂੰ ਯਕੀਨੀ ਬਣਾਉਣ ਦੇ ਸਪੱਸ਼ਟ ਢੰਗ ਤਰੀਕੇ ਨਹੀਂ ਲੱਭ ਸਕੇ। ਇਸੇ ਅਸਫਲਤਾ ਕਰਕੇ ਲੋਕਾਂ ਦੀ ਪਹਿਲਕਦਮੀ ਨੂੰ ਜਗਾਉਣ ਅਤੇ ਉਨ੍ਹਾਂ ਨੂੰ ਲਾਮਬੰਦ ਕਰਨ ਦੀ ਥਾਂ ਸਟਾਲਿਨ ਵਿੱਚ ਪ੍ਰਸ਼ਾਸਕੀ ਕੰਮ ਦੀ ਵਿਉਂਤ 'ਤੇ ਕੁੱਝ ਜ਼ਿਆਦਾ ਭਰੋਸਾ ਕਰਨ ਦਾ ਰੁਝਾਨ ਵੀ ਦਿਖਾਈ ਦਿੰਦਾ ਹੈ।

ਚਿੰਤਨ ਅਤੇ ਕੰਮ–ਪੱਧਤੀ ਵਿੱਚ ਮੌਜੂਦ ਅਧਿਆਤਮਵਾਦੀ ਪ੍ਰਵਿਰਤੀ ਕਰਕੇ ਹੀ ਸਟਾਲਿਨ ਸਮਾਜਵਾਦੀ ਸਮਾਜ ਵਿੱਚ ਖੇਤੀ ਅਤੇ ਉਦਯੋਗ, ਪਿੰਡ ਅਤੇ ਸ਼ਹਿਰ ਅਤੇ ਕਿਸਾਨ ਅਤੇ ਮਜ਼ਦੂਰ ਦਰਮਿਆਨ ਵਿਰੋਧਤਾਈਆਂ ਦੀ ਵੀ ਇੱਕ ਸਹੀ ਸੰਤੁਲਿਤ ਸਮਝ ਬਣਾਉਣ ਵਿੱਚ ਅਸਫਲ ਰਹੇ। ਖੇਤੀ ਤੋਂ ਵੱਡੇ ਪੱਧਰ 'ਤੇ ਹੜੱਪੀ ਵਾਫਰ ਕਦਰ ਦੇ ਆਧਾਰ 'ਤੇ ਉਦਯੋਗੀਕਰਨ ਦੀ ਸੋਵੀਅਤ ਨੀਤੀ ਦੀ ਮਾਓ ਨੇ ਇੱਕ ਤੋਂ ਵੱਧ ਵਾਰ ਅਲੋਚਨਾ ਪੇਸ਼ ਕੀਤੀ ਹੈ।

ਸਟਾਲਿਨ ਦੀਆਂ ਇਨ੍ਹਾਂ ਗੰਭੀਰ ਸਿਧਾਂਤਕ ਗਲਤੀਆਂ ਦਾ ਸਮੁੱਚਾ ਨਿਚੋੜ ਕੱਢ ਕੇ ਉਨ੍ਹਾਂ ਦੀਆਂ ਸਿੱਖਿਆਵਾਂ ਨੂੰ ਆਤਮਸਾਤ ਕਰਨਾ ਵਿਚਾਰਧਾਰਾ ਸਹੀ ਹਿਫ਼ਾਜਤ ਅਤੇ ਇਨਕਲਾਬੀ ਸਮਾਜਿਕ ਪ੍ਰਯੋਗਾਂ ਲਈ ਜਿੰਨਾ ਜ਼ਰੂਰੀ ਹੈ, ਉਨਾ ਹੀ ਜ਼ਰੂਰੀ ਇਹ ਵੀ ਹੈ ਕਿ ਅਸੀਂ ਇਨ੍ਹਾਂ ਗਲਤੀਆਂ ਨੂੰ ਉਸ ਵੇਲ਼ੇ ਦੀਆਂ ਬਾਹਰਮੁਖੀ ਸੀਮਾਵਾਂ–ਸਮੱਸਿਆਵਾਂ ਦੀ ਪਿੱਠਭੂਮੀ ਵਿੱਚ ਰੱਖਕੇ ਦੇਖੀਏ। ਅਸੀਂ ਸਟਾਲਿਨ ਦੀਆਂ ਗਲਤੀਆਂ ਦੀ ਅਲੋਚਨਾ, ਸਟਾਲਿਨ ਦੀ ਤਲਵਾਰ ਨੂੰ ਹੋਰ ਮਜ਼ਬੂਤੀ ਨਾਲ਼ ਉੱਚਾ ਚੁੱਕਣ ਲਈ ਅਤੇ ਆਪਣੀ ਵਿਚਾਰਧਾਰਾ ਦੀ ਅਥਾਰਿਟੀ ਨੂੰ ਹੋਰ ਵੱਧ ਮਜ਼ਬੂਤ ਬਣਾਉਣ ਲਈ ਕਰਦੇ ਹਾਂ।

ਸਟਾਲਿਨ ਦੀਆਂ ਕੁੱਝ ਗੰਭੀਰ ਸਿਧਾਂਤਕ ਗਲਤੀਆਂ ਅਤੇ ਕੁੱਝ ਗੌਣ ਨੀਤੀਗਤ–ਯੁੱਧਨੀਤਕ ਭੁੱਲਾਂ ਚੁੱਕਾਂ ਦੇ ਬਾਵਜੂਦ ਉਨ੍ਹਾਂ ਦੇ ਪੂਰੇ ਜੀਵਨ ਦੌਰਾਨ ਮਜ਼ਦੂਰ ਜਮਾਤ ਦੀ ਤਾਨਾਸ਼ਾਹੀ ਕਾਇਮ ਰਹੀ, ਸਮਾਜਵਾਦ ਨੇ ਅੱਗੇ ਵੱਲ ਲੰਬੀਆਂ ਪੁਲਾਘਾਂ ਪੁੱਟੀਆਂ ਅਤੇ ਸਾਰੀ ਦੁਨੀਆਂ ਵਿੱਚ ਇਨਕਲਾਬ ਦੀ ਧਾਰਾ ਨੂੰ ਅੱਗੇ ਵਧਾਉਣ ਵਿੱਚ ਸੋਵੀਅਤ ਸੰਘ ਨੇ ਮਹੱਤਵਪੂਰਨ ਭੂਮਿਕਾ ਨਿਭਾਈ। ਇਸ ਸਾਰੇ ਸਮੇਂ ਵਿੱਚ ਸਮਾਜਵਾਦੀ ਸਮਾਜ ਵਿੱਚ ਜਮਾਤੀ ਘੋਲ਼ ਦੇ ਨਿਯਮਾਂ ਦੀ ਸਮਝ ਦੀ ਘਾਟ ਦੇ ਬਾਵਜੂਦ, ਅਨੁਭਵੀ ਪੱਧਰ 'ਤੇ ਬੁਰਜੂਆ ਤੱਤਾਂ ਅਤੇ ਬੁਰਜੂਆ ਹੱਕਾਂ ਨੂੰ ਕਾਬੂ ਕਰਨ ਦਾ ਕੰਮ ਜਾਰੀ ਰਿਹਾ, ਸਮਾਜਵਾਦੀ ਸਾਂਝੀ ਮਾਲਕੀ ਦਾ ਪ੍ਰਬੰਧ ਸਫਲਤਾਪੂਰਵਕ ਲਾਗੂ ਹੋਇਆ, ਕਿਰਤੀ ਲੋਕਾਂ ਦੀ ਪਹਿਲਕਦਮੀ ਬਣੀ ਰਹੀ ਅਤੇ ਪੈਦਾਵਾਰੀ ਸਬੰਧਾਂ ਵਿੱਚ ਇਨਕਲਾਬੀ ਤਬਦੀਲੀਆਂ ਪੈਦਾਵਾਰੀ ਤਾਕਤਾਂ ਨੂੰ ਲਗਾਤਾਰ ਵਿਕਸਿਤ ਕਰਦੀਆਂ ਰਹੀਆਂ। ਸਟਾਲਿਨ ਦੀਆਂ ਗਲਤੀਆਂ ਇੱਕ ਇਨਕਲਾਬੀ ਅਤੇ ਇੱਕ ਵਿਗਿਆਨਿਕ ਦੀਆਂ ਗਲਤੀਆਂ ਸਨ। ਉਹ ਇੱਕ ਮਹਾਨ ਮਜ਼ਦੂਰ ਇਨਕਲਾਬੀ ਸਨ। ਆਪਣੇ ਆਖਰੀ ਸਾਹ ਤੱਕ ਉਨ੍ਹਾਂ ਨੇ ਸਾਮਰਾਜਵਾਦੀਆਂ ਦੇ ਦਬਾਅ ਅੱਗੇ ਝੁਕਣ ਤੋਂ ਇਨਕਾਰ ਕੀਤਾ ਜੋ ਲਗਾਤਾਰ ਪ੍ਰਮਾਣੂ ਹਥਿਆਰਾਂ ਨਾਲ਼ ਸੋਵੀਅਤ ਸੰਘ ਨੂੰ ਤਬਾਹ ਕਰ ਦੇਣ ਦੀਆਂ ਧਮਕੀਆਂ ਦੇ ਰਹੇ ਸਨ। ਇਹ ਵੀ ਜ਼ਿਕਰਯੋਗ ਹੈ ਕਿ ਆਪਣੇ ਜੀਵਨ ਦੇ ਆਖਰੀ ਦਿਨਾਂ ਵਿੱਚ ਸਟਾਲਿਨ ਨੇ ਖੁਦ ਸਮਾਜਵਾਦ ਦੀਆਂ ਸਮੱਸਿਆਵਾਂ 'ਤੇ ਸੋਚਦੇ ਹੋਏ ਅਤੀਤ ਦੀਆਂ ਆਪਣੀਆਂ ਗਲਤੀਆਂ ਨੂੰ ਠੀਕ ਕਰਨ ਦੀ ਪ੍ਰਕਿਰਿਆ ਸ਼ੁਰੂ ਕਰ ਦਿੱਤੀ ਸੀ ਜੋ ਉਨ੍ਹਾਂ ਦੇ ਆਖਰੀ ਸਾਹ ਤੱਕ ਜਾਰੀ ਰਹੀ।

**ਪ੍ਰਤੀਬੱਧ 'ਚੋਂ ਧੰਨਵਾਦ ਸਹਿਤ**

# ਪੇਂਡੂ ਪੰਜਾਬ ਵਿਚ ਔਰਤ ਮਜ਼ਦੂਰ ਪਰਿਵਾਰਾਂ ਨੂੰ ਗ਼ਰੀਬੀ ਦੀ ਦਲਦਲ ਵਿਚੋਂ ਕਿਵੇਂ ਬਾਹਰ ਕੱਢਿਆ ਜਾਵੇ ?



ਡਾ. ਗਿਆਨ ਸਿੰਘ
9915682196

ਬੇਬੇ ਗੁਰਨਾਮ ਕੌਰ ਮੈਮੋਰੀਅਲ ਐਜੂਕੇਸ਼ਨ ਸੈਂਟਰ, ਈਸੜੂ (ਲੁਧਿਆਣਾ) ਵੱਲੋਂ ਸਪਾਂਸਰ ਕੀਤੇ ਗਏ ਇਕ ਖੋਜ ਪ੍ਰੋਜੈਕਟ ਪੇਂਡੂ ਪੰਜਾਬ ਵਿਚ ਔਰਤ ਮਜ਼ਦੂਰ ਪਰਿਵਾਰਾਂ ਦੀ ਆਰਥਿਕ, ਸਮਾਜਿਕ ਅਤੇ ਰਾਜਸੀ ਭਾਗੀਦਾਰੀ ਲਈ ਪੇਂਡੂ ਪੰਜਾਬ ਦੇ ਔਰਤ ਮਜ਼ਦੂਰ ਪਰਿਵਾਰਾਂ ਦੀ ਆਮਦਨ, ਉਪਭੋਗ ਖ਼ਰਚ, ਕਰਜ਼ਾ, ਗ਼ਰੀਬੀ, ਸੰਪਤੀ ਅਤੇ ਇਨ੍ਹਾਂ ਪਰਿਵਾਰਾਂ ਦੁਆਰਾ ਹੰਢਾਈਆਂ ਜਾਂਦੀਆਂ ਪਰਿਵਾਰਕ, ਸਮਾਜਿਕ, ਰਾਜਸੀ ਅਤੇ ਕੰਮ-ਕਾਜ ਨਾਲ ਸੰਬੰਧਿਤ ਸਮੱਸਿਆਵਾਂ ਦਾ ਵੱਖ ਵੱਖ ਪੱਖਾਂ ਤੋਂ ਲੇਖਕ ਅਤੇ ਉਸ ਦੇ ਸਹਿਯੋਗੀਆਂ ਡਾ. ਧਰਮਪਾਲ, ਡਾ. ਗੁਰਿੰਦਰ ਕੌਰ, ਡਾ. ਵੀਰਪਾਲ ਕੌਰ ਅਤੇ ਡਾ. ਜਿਓਤੀ ਦੁਆਰਾ 2016-17 ਲਈ ਅਧਿਐਨ ਕੀਤਾ ਗਿਆ। ਇਸ ਅਧਿਐਨ ਲਈ ਪੰਜਾਬ ਦੇ ਤਿੰਨ ਭੂਗੋਲਿਕ ਖੇਤਰਾਂ ਵਿਚੋਂ 4 ਜਿਲ੍ਹਿਆਂ ਨੂੰ ਚੁਣਿਆ ਗਿਆ। ਮਾਝੇ ਅਤੇ ਦੋਆਬੇ ਖੇਤਰਾਂ ਵਿਚ 4-4 ਜਿਲ੍ਹੇ ਹਨ। ਮਾਝੇ ਖੇਤਰ ਵਿਚੋਂ ਅੰਮ੍ਰਿਤਸਰ ਅਤੇ ਦੋਆਰੇ ਖੇਤਰ ਵਿਚੋਂ ਜਲੰਧਰ ਜ਼ਿਲ੍ਹਿਆਂ ਨੂੰ ਚੁਣਿਆ ਗਿਆ। ਮਾਲਵੇ ਖੇਤਰ, ਜਿਸ ਵਿਚ 14 ਜ਼ਿਲ੍ਹੇ ਹਨ, ਵਿਚੋਂ ਦੋ ਜ਼ਿਲ੍ਹੇ ਫਤਿਹਗੜ੍ਹ ਸਾਹਿਬ ਅਤੇ ਮਾਨਸਾ ਚੁਣੇ ਗਏ। ਚੁਣੇ ਗਏ 4 ਜ਼ਿਲ੍ਹਿਆਂ ਦੇ ਸਾਰੇ ਵਿਕਾਸ ਵਿਚੋਂ ਇਕ-ਇਕ ਪਿੰਡ ਚੁਣ ਕੇ 1017 ਔਰਤ ਮਜ਼ਦੂਰ ਪਰਿਵਾਰਾਂ ਵਿਚੋਂ 92.43 ਫ਼ੀਸਦ ਅਨੁਸੂਚਿਤ ਜਾਤੀਆਂ, 7.08 ਫ਼ੀਸਦ ਪਿਛੜੀਆਂ ਸ਼ੇ?ਣੀਆਂ ਅਤੇ ਸਿਰਫ਼ 0.49 ਫ਼ੀਸਦ ਜਨਰਲ ਜਾਤੀਆਂ ਨਾਲ ਸੰਬੰਧਿਤ ਹਨ। ਇਸ ਲੇਖ ਵਿਚ ਪੇਂਡੂ ਪੰਜਾਬ ਵਿਚ ਔਰਤ ਮਜ਼ਦੂਰ ਪਰਿਵਾਰਾਂ ਵਿਚ ਗ਼ਰੀਬੀ ਦੀ ਹੋਂਦ ਅਤੇ ਹੱਦ ਉਸ ਦੇ ਕਾਰਨਾਂ ਅਤੇ ਇਸ ਸਮੱਸਿਆ ਉੱਤੇ ਕਾਬੂ ਪਾਉਣ ਬਾਰੇ ਸੁਝਾਅ ਦੇਣ ਦੀ ਕੋਸ਼ਿਸ਼ ਕੀਤੀ ਗਈ ਹੈ।

ਵਰਤਮਾਨ ਸਮੇਂ ਦੌਰਾਨ ਗ਼ਰੀਬੀ ਨਾਲ ਸੰਬੰਧਿਤ ਸਾਹਿਤ ਵੱਲ ਵਧੇਰੇ ਝੁਕਾਅ ਦਿਖਾਈ ਦਿੰਦਾ ਹੈ ਜਿਸ ਵਿਚ 'ਰਿਸਾਅ ਦੀ ਨੀਤੀ', 'ਗ਼ਰੀਬਾਂ-ਪੱਖੀ ਵਿਕਾਸ' ਤੋਂ ਬਿਨਾਂ ਹੋਰ ਅਨੇਕਾਂ ਪੱਖ ਸਾਹਮਣੇ ਆ ਰਹੇ ਹਨ। ਇਹ ਸਾਰੇ ਪੱਖਾਂ ਦਾ ਜ਼ੋਰ ਇਕ ਗੱਲ ਉੱਪਰ ਹੈ ਕਿ ਕਿਸੇ ਵੀ ਸਮਾਜ ਵਿਚ ਕੋਈ ਵੀ ਵਿਅਕਤੀ ਅਜਿਹਾ ਨਹੀਂ ਹੋਣਾ ਚਾਹੀਦਾ ਜਿਸ ਦੀਆਂ ਮੁਢਲੀਆਂ ਲੋੜਾਂ ਵੀ ਪੂਰੀਆਂ ਨਾ ਕੀਤੀਆਂ ਜਾਂਦੀਆਂ ਹੋਣ। ਭਾਰਤ ਵਿਚ ਵਿਦਵਾਨ, ਯੋਜਨਾਕਾਰ ਅਤੇ ਨੀਤੀਆਂ ਬਣਾਉਣ ਵਾਲੇ ਗ਼ਰੀਬੀ ਅਤੇ ਖ਼ਾਸ ਕਰਕੇ ਪੇਂਡੂ ਗ਼ਰੀਬੀ ਵੱਲ ਵਧੇਰੇ ਧਿਆਨ ਦਿੰਦੇ ਦਿਖਾਈ ਦਿੰਦੇ ਹਨ। ਭਾਵੇਂ ਗ਼ਰੀਬੀ ਦੇ ਖ਼ਾਤਮੇ ਲਈ ਸਾਲ ਦਰ ਸਾਲ ਉਲੀਕੇ ਜਾਣ ਵਾਲੇ ਪ੍ਰੋਗਰਾਮਾਂ ਵਿਚ ਵਾਧਾ ਹੁੰਦਾ ਦਿਖਾਈ ਦਿੰਦਾ ਹੈ, ਪਰ ਅੱਜ ਵੀ ਭਾਰਤੀ ਸਮਾਜ ਦਾ ਇਕ ਵੱਡਾ ਹਿੱਸਾ ਗ਼ਰੀਬੀ ਦੀ ਰੇਖਾ ਤੋਂ ਹੇਠਾਂ ਦਿਨਕਟੀ ਕਰਨ ਲਈ ਮਜ਼ਬੂਰ ਕੀਤਾ ਹੋਇਆ ਹੈ। ਗ਼ਰੀਬੀ ਇਕ ਬਹੁ-ਦਿਸ਼ਾਵੀ ਧਾਰਨਾ ਹੈ। ਮੋਟੇ ਤੌਰ ਉੱਤੇ ਇਹ ਉਹ ਦਿਸ਼ਾ ਹੈ ਜਿੱਥੇ ਵਿਅਕਤੀਗਤ ਕਲਿਆਣ ਅਧੂਰਾ ਅਤੇ ਸਮਾਜਿਕ ਤੌਰ ਉੱਪਰ ਅਪ੍ਰਵਾਨ ਹੁੰਦਾ ਹੈ। ਇਸ ਲਈ ਗ਼ਰੀਬੀ ਉਹ ਦਿਸ਼ਾ ਹੈ ਜਿਸ ਵਿਚ ਵਿਅਕਤੀ ਆਪਣੀਆਂ ਬੁਨਿਆਦੀ ਲੋੜਾਂ ਪੂਰੀਆਂ ਨਾ ਕਰ ਸਕਣ ਕਾਰਨ ਇਕ ਸਿਹਤਮੰਦ ਅਤੇ ਉਪਜਾਊ ਜ਼ਿੰਦਗੀ ਨਾ ਜਿਉ ਸਕਣ। ਜ਼ਿਆਦਾਤਰ ਵਿਦਵਾਨ ਗ਼ਰੀਬੀ ਦੀ ਇਸ ਤਰ੍ਹਾਂ ਦੀ ਪਰਿਭਾਸ਼ਾ ਨਾਲ ਸਹਿਮਤ ਹਨ।

ਭਾਰਤ ਵਿਚ ਸਮੇਂ ਸਮੇਂ ਉੱਪਰ ਗ਼ਰੀਬੀ ਦੀ ਹੋਂਦ ਅਤੇ ਹੱਦ ਨੂੰ ਦੇਖਣ ਲਈ ਵੱਖ ਵੱਖ ਪਰਿਭਾਸ਼ਾਵਾਂ ਦਿੱਤੀਆਂ ਗਈਆਂ ਹਨ। ਇਨ੍ਹਾਂ ਵਿਚੋਂ ਐਕਸਪਰਟ ਗਰੁੱਪ, ਤੈਂਦੂਲਕਰ, ਰੰਗਾਰਾਜਨ, ਸੂਬੇ ਦੀ 50 ਫ਼ੀਸਦ ਪ੍ਰਤਿ ਵਿਅਕਤੀਗਤ ਆਮਦਨ, ਸੂਬੇ ਦੀ 40 ਫ਼ੀਸਦ ਪ੍ਰਤਿ ਵਿਅਕਤੀਗਤ ਆਮਦਨ ਅਤੇ ਵਰਲਡ ਬੈ?ਕ ਦੇ ਮਾਪਦੰਡ ਪੰਜਾਬ ਵਿਚ ਔਰਤ ਮਜ਼ਦੂਰ ਪਰਿਵਾਰਾਂ ਵਿਚ ਗ਼ਰੀਬੀ ਦੀ ਹੋਂਦ ਅਤੇ ਹੱਦ ਨੂੰ ਸਮਝਣ ਲਈ ਵਰਤੇ ਗਏ ਹਨ।

ਐਕਸਪਰਟ ਗਰੁੱਪ ਮਾਪਦੰਡ ਅਨੁਸਾਰ 1973-74 ਦੀਆਂ ਕੀਮਤਾਂ ਉੱਪਰ 49 ਰੁਪਏ 9 ਪੈਸੇ ਪ੍ਰਤਿ ਮਹੀਨਾ, ਪ੍ਰਤਿ ਜੀਅ ਉਪਭੋਗ ਖ਼ਰਚ ਨੂੰ ਗ਼ਰੀਬੀ ਦੀ ਰੇਖਾ ਦਾ ਆਧਾਰ ਬਣਾਇਆ ਗਿਆ ਜੋ 2016-17 ਲਈ 28061 ਰੁਪਏ 65 ਪੈਸੇ ਪ੍ਰਤਿ ਸਾਲ, ਪ੍ਰਤਿ ਵਿਅਕਤੀ ਬਣਦੀ ਹੈ। ਤੈਂਦੂਲਕਰ ਮਾਪਦੰਡ ਅਨੁਸਰ 2004-05 ਲਈ ਗ਼ਰੀਬੀ ਦੀ ਰੇਖਾ 543 ਰੁਪਏ 51 ਪੈਸੇ ਪ੍ਰਤਿ ਮਹੀਨਾ, ਪ੍ਰਤਿ ਵਿਅਕਤੀ ਮਿਥੀ ਗਈ ਜੋ ਸਾਲ 2016-17 ਲਈ 16686 ਰੁਪਏ 70 ਪੈਸੇ ਬਣਦੀ ਹੈ। ਰੰਗਾਰਾਜਨ ਦੀ ਅਗਵਾਈ ਐਕਸਪਰਟ ਗਰੁੱਪ ਦੁਆਰਾ ਜੂਨ 2014 ਨੂੰ ਪੇਸ਼ ਕੀਤੀ ਗਈ ਰਿਪੋਰਟ ਵਿਚ ਗ਼ਰੀਬੀ ਦੀ ਰੇਖਾ 1127 ਰੁਪਏ 48 ਪੈਸੇ ਪ੍ਰਤਿ ਮਹੀਨਾ, ਪ੍ਰਤਿ ਵਿਅਕਤੀ ਸੁਝਾਈ ਗਈ ਜੋ 2016-17 ਲਈ 19375 ਰੁਪਏ 67 ਪੈਸੇ ਪ੍ਰਤਿ ਸਾਲ, ਪ੍ਰਤਿ ਵਿਅਕਤੀ ਬਣਦੀ ਹੈ। ਪੰਜਾਬ ਸੂਬੇ ਵਿਚ ਪ੍ਰਤਿ ਵਿਅਕਤੀ ਆਮਦਨ ਦੇ 50 ਫ਼ੀਸਦ ਅਨੁਸਾਰ 2016-17 ਲਈ ਗ਼ਰੀਬੀ ਦੀ ਰੇਖਾ 65556 ਰੁਪਏ ਅਤੇ 40 ਫ਼ੀਸਦ ਪ੍ਰਤਿ ਵਿਅਕਤੀ ਆਮਦਨ ਅਨੁਸਾਰ 52444 ਰੁਪਏ 80 ਪੈਸੇ ਪ੍ਰਤਿ ਸਾਲ, ਪ੍ਰਤਿ ਵਿਅਕਤੀ ਬਣਦੀ ਹੈ। ਵਰਲਡ ਬੈਂਕ ਨੇ ਗ਼ਰੀਬੀ ਦੀ ਰੇਖਾ ਦੀਆਂ ਦੋ ਪਰਿਭਾਸ਼ਾਵਾਂ ਦਿੱਤੀਆਂ ਹਨ। ਇਸ ਸੰਸਥਾ ਦੁਆਰਾ ਦਿੱਤੀਆਂ ਗਈਆਂ ਪਰਿਭਾਸ਼ਾਵਾਂ ਅਨੁਸਾਰ 2016-17 ਲਈ ਅੱਤ ਦੀ ਗ਼ਰੀਬੀ ਦੀ ਰੇਖਾ 12358 ਰੁਪਏ 17 ਪੈਸੇ ਅਤੇ ਸਧਾਰਨ ਗ਼ਰੀਬੀ ਦੀ ਰੇਖਾ 20163 ਰੁਪਏ 33 ਪੈਸੇ ਪ੍ਰਤਿ ਸਾਲ, ਪ੍ਰਤਿ ਵਿਅਕਤੀ ਬਣਦੀ ਹੈ।




ਪੰਜਾਬ ਵਿਚ ਔਰਤ ਮਜ਼ਦੂਰ ਪਰਿਵਾਰਾਂ ਵਿਚ ਗ਼ਰੀਬੀ ਦੀ ਹੋਂਦ ਅਤੇ ਹੱਦ ਨੂੰ ਦੇਖਣ ਲਈ ਗ਼ਰੀਬੀ ਰੇਖਾ ਦੀਆਂ ਉਪਰੋਕਤ ਪਰਿਭਾਸ਼ਾਵਾਂ ਵਰਤਦੇ ਹੋਏ ਇਨ੍ਹਾਂ ਪਰਿਵਾਰਾਂ ਦੀ ਆਮਦਨ ਅਤੇ ਉਪਭੋਗ ਖ਼ਰਚ ਨੂੰ ਆਧਾਰ ਬਣਾਇਆ ਗਿਆ ਹੈ। ਇਨ੍ਹਾਂ ਪਰਿਵਾਰਾਂ ਦੀ 2016-17 ਦੌਰਾਨ ਪ੍ਰਤਿ ਸਾਲ ਪ੍ਰਤਿ ਵਿਅਕਤੀ ਆਮਦਨ ਨੂੰ ਆਧਾਰ ਬਣਾਉਂਦੇ ਹੋਏ, ਪੰਜਾਬ ਦੇ ਔਰਤ ਮਜ਼ਦੂਰ ਪਰਿਵਾਰਾਂ ਵਿਚ ਐਕਸਪਰਟ ਗਰੁੱਪ ਮਾਪਦੰਡ ਅਨੁਸਾਰ 92.40 ਫ਼ੀਸਦ, ਤੈਂਦੂਲਕਰ ਮਾਪਦੰਡ ਅਨੁਸਾਰ 57.48 ਫ਼ੀਸਦ, ਰੰਗਾਰਾਜਨ ਮਾਪਦੰਡ ਅਨੁਸਾਰ 72.54 ਫ਼ੀਸਦ, ਸੂਬੇ ਦੇ 50 ਫ਼ੀਸਦ ਅਤੇ 40 ਫ਼ੀਸਦ ਪ੍ਰਤਿ ਵਿਅਕਤੀ ਆਮਦਨ ਮਾਪਦੰਡਾਂ ਅਨੁਸਾਰ ਕ੍ਰਮਵਾਰ 100 ਅਤੇ 99.70 ਫ਼ੀਸਦ, ਵਰਲਡ ਬੈਂਕ ਦੇ ਅੱਤ ਦੀ ਗ਼ਰੀਬੀ ਮਾਪਦੰਡ ਅਨੁਸਾਰ 33.48 ਫ਼ੀਸਦ ਅਤੇ ਇਸ ਦੇ ਹੀ ਸਧਾਰਨ ਗ਼ਰੀਬੀ ਮਾਪਦੰਡ ਅਨੁਸਾਰ 75.81 ਫ਼ੀਸਦ ਜੀਅ ਗ਼ਰੀਬੀ ਵਿਚ ਦਿਨਕਟੀ ਕਰਨ ਲਈ ਮਜ਼ਬੂਰ ਕੀਤੇ ਹੋਏ ਹਨ। ਪਰ ਜੇਕਰ ਇਨ੍ਹਾਂ ਪਰਿਵਾਰਾਂ ਦੇ 2016-17 ਦੌਰਾਨ ਉਪਭੋਗ ਖ਼ਰਚ ਨੂੰ ਆਧਾਰ ਬਣਾ ਲਿਆ ਜਾਵੇ ਤਾਂ ਇਨ੍ਹਾਂ ਹੀ ਮਾਪਦੰਡਾਂ ਅਨੁਸਾਰ ਗ਼ਰੀਬੀ ਦੀ ਰੇਖਾ ਤੋਂ ਹੇਠਾਂ ਦਿਨਕਟੀ ਕਰਨ ਵਾਲੇ ਜੀਆਂ ਦੀ ਫ਼ੀਸਦ ਗਿਣਤੀ ਕ੍ਰਮਵਾਰ 86.35, 43.85, 56.44, 99.73, 98.33, 12.91 ਅਤੇ 61.30 ਬਣਦੀ ਹੈ। ਪੰਜਾਬ ਦੇ ਔਰਤ ਮਜ਼ਦੂਰ ਪਰਿਵਾਰਾਂ ਵਿਚ ਗ਼ਰੀਬੀ ਦੀ ਰੇਖਾ ਤੋਂ ਹੇਠਾਂ ਰਹਿਣ ਵਾਲੇ ਪਰਿਵਾਰਾਂ ਦੇ ਜੀਆਂ ਦੀ ਫ਼ੀਸਦ ਗਿਣਤੀ ਇਨ੍ਹਾਂ ਪਰਿਵਾਰਾਂ ਦੀ ਆਮਦਨ ਦੇ ਮੁਕਾਬਲੇ ਉਪਭੋਗ ਖਰ?ਚ ਆਧਾਰ ਉੱਪਰ ਕੁਝ ਘੱਟ ਦਿਖਾਈ ਦਿੰਦੀ ਹੈ ਜਿਸ ਦਾ ਕਾਰਨ ਇਹ ਹੈ ਕਿ ਇਹ ਪਰਿਵਾਰਾਂ ਦੇ ਜੀਅ ਸਿਰਫ਼ ਜਿਉਣ ਖਾਤਰ ਆਪਣੀਆਂ ਘੱਟੋ ਘੱਟ ਲੋੜਾਂ ਪੂਰੀਆਂ ਕਰਨ ਲਈ ਮਜਬੂਰਨ ਕੁਝ ਕਰਜ਼ਾ ਲੈ ਲੈਂਦੇ ਹਨ।

ਪੰਜਾਬ ਦੇ ਔਰਤ ਮਜ਼ਦੂਰ ਪਰਿਵਾਰਾਂ ਵਿਚ ਗ਼ਰੀਬੀ ਦੇ ਕਈ ਕਾਰਨ ਹਨ। ਇਨ੍ਹਾਂ ਪਰਿਵਾਰਾਂ ਵਿਚੋਂ ਬਹੁਤ ਵੱਡੀ ਗਿਣਤੀ (92.43 ਫ਼ੀਸਦ) ਅਨੁਸੂਚਿਤ ਜਾਤੀਆਂ ਨਾਲ ਸੰਬੰਧਿਤ ਹੈ ਜਿਨ੍ਹਾਂ ਨੂੰ ਸਦੀਆਂ ਤੋਂ ਹੁਣ ਤੱਕ ਲਤਾੜਿਆ ਅਤੇ ਦੁਰਕਾਰਿਆ ਜਾਂਦਾ ਆ ਰਿਹਾ ਹੈ। ਪੰਜਾਬ ਦੀ ਕੁੱਲ ਜਨਸੰਖਿਆ ਦਾ ਤਕਰੀਬਨ ਇਕ-ਤਿਹਾਈ (31.94 ਫ਼ੀਸਦ) ਇਹਨਾਂ ਜਾਤੀਆਂ ਦਾ ਹੈ। ਆਮ ਤੌਰ ਉੱਤੇ ਇਨ੍ਹਾਂ ਜਾਤੀਆਂ ਅਤੇ ਸਰਵੇ ਕੀਤੇ ਗਏ 1017 ਪਰਿਵਾਰਾਂ ਕੋਲ ਉਤਪਾਦਨ ਕੋਈ ਵੀ ਸਾਧਨ ਜਿਵੇਂ ਜ਼ਮੀਨ, ਕਾਰੋਬਾਰ ਆਦਿ ਨਹੀਂ ਹਨ। ਵਿੱਦਿਆ ਕਿਸੇ ਵੀ ਵਿਅਕਤੀ ਨੂੰ ਉਸ ਦੇ ਹੱਕਾਂ ਖ਼ਾਸ ਕਰਕੇ ਆਰਥਿਕ, ਰਾਜਸੀ-ਸਮਾਜਿਕ ਭਾਗੀਦਾਰੀ ਬਾਰੇ ਜਾਗਰੂਕ ਕਰਨ ਵਿਚ ਸਹਾਈ ਹੁੰਦੀ ਹੈ। ਔਰਤ ਮਜ਼ਦੂਰ ਪਰਿਵਾਰਾਂ ਦੇ ਕਮਾਊ ਜੀਆਂ ਵਿਚੋਂ 56.18 ਫ਼ੀਸਦ, ਸਿਰਫ਼ ਅੱਖਰ-ਗਿਆਨ ਤੋਂ ਕੋਰੇ, ਅਨਪੜ੍ਹ ਹਨ ਅਤੇ 43.82 ਫ਼ੀਸਦ ਨੇ ਕੁਝ ਵਿੱਦਿਆ ਪ੍ਰਾਪਤ ਕੀਤੀ ਹੈ। ਵਿੱਦਿਆ ਪ੍ਰਾਪਤ ਜੀਆਂ ਵਿਚੋਂ 15 ਫ਼ੀਸਦ ਪਰਾਇਮਰੀ, 13.25 ਫ਼ੀਸਦ ਮਿਡਲ, 10.13 ਫ਼ੀਸਦ ਮੈਟਰਿਕ ਅਤੇ 4.67 ਫ਼ੀਸਦ ਹਾਇਰ ਸੈਕੰਡਰੀ ਦੀ ਯੋਗਤਾ ਵਾਲੇ ਹਨ। ਇਨ੍ਹਾਂ ਵਿਚੋਂ ਸਿਰਫ਼ 0.57 ਫ਼ੀਸਦ ਜੀਆਂ ਨੇ ਗਰੈਜੂਏਸ਼ਨ ਜਾਂ ਉਸ ਤੋਂ ਵੱਧ ਯੋਗਤਾ ਪ੍ਰਾਪਤ ਕੀਤੀ ਹੈ, ਜਦੋਂ ਕਿ 0.20 ਫ਼ੀਸਦ ਜੀਆਂ ਨੇ ਕੋਈ ਪੇਸ਼ੇਵਰ ਵਿੱਦਿਆ ਗ੍ਰਹਿਣ ਕੀਤੀ ਹੈ। ਫੀਲਡ ਸਰਵੇਖਣ ਤੋਂ ਇਹ ਤੱਥ ਵੀ ਸਾਹਮਣੇ ਆਇਆ ਹੈ ਇਨ੍ਹਾਂ ਪਰਿਵਾਰਾਂ ਦੀ ਆਮਦਨ ਬਹੁਤ ਥੋੜ੍ਹੀ ਹੋਣ ਕਾਰਨ ਇਨ੍ਹਾਂ ਦੇ ਬੱਚੇ ਮਿਆਰੀ ਵਿੱਦਿਆ ਲੈਣ ਬਾਰੇ ਸੋਚ ਵੀ ਨਹੀਂ ਸਕਦੇ ਅਤੇ ਮਜਬੂਰੀਵੱਸ ਸਰੀਰਕ ਮਜ਼ਦੂਰੀ ਕਰਨ ਲਗਦੇ ਹਨ। ਪੰਜਾਬ ਵਿਚ ਪਛੜੀਆਂ ਸ਼੍ਰੇਣੀਆਂ ਦੀ ਹਾਲਤ ਵੀ ਕਦੇ ਬਹੁਤ ਚੰਗੀ ਨਹੀਂ ਰਹੀ। ਇਨ੍ਹਾਂ ਜਾਤੀਆਂ ਨੂੰ ਵੀ ਆਮ ਕਰਕੇ ਉਤਪਾਦਨ ਦੇ ਸਾਧਨਾਂ ਤੋ ਵਿਰਵੇ ਹੀ ਰੱਖਿਆ ਗਿਆ ਹੈ। ਜਨਰਲ ਜਾਤੀਆਂ ਕੋਲ ਉਤਪਾਦਨ ਦੇ ਸਾਧਨ ਹਨ, ਪਰ ਸਰਕਾਰੀ ਨੀਤੀਆਂ ਪੇਂਡੂ ਲੋਕਾਂ ਦੇ ਵਿਰੁੱਧ ਬਣਾਏ ਜਾਣ ਕਾਰਨ ਹੁਣ ਜਨਰਲ ਜਾਤੀਆਂ ਉਤਪਾਦਨ ਦੇ ਸਾਧਨਾਂ ਤੋਂ ਹੱਥ ਧੋਣ ਕਾਰਨ ਸਰੀਰਕ ਮਜ਼ਦੂਰੀ ਵੱਲ ਆਉਣ ਲੱਗੀਆਂ ਹਨ। 1947 ਤੋਂ ਲੈ ਕੇ ਹੁਣ ਤੱਕ ਵੱਖ ਵੱਖ ਹੁਕਮਰਾਨ ਰਾਜਸੀ ਪਾਰਟੀਆਂ ਨੇ ਇਸ ਕਿਰਤੀ ਵਰਗ ਦੀ ਭਲਾਈ ਲਈ ਬਹੁਤ ਵਾਅਦੇ ਅਤੇ ਦਾਅਵੇ ਤਾਂ ਕੀਤੇ, ਪਰ ਅਮਲ ਪੱਖੋਂ ਕੋਈ ਬਹੁਤੀ ਪ੍ਰਾਪਤੀ ਦੇਖਣ ਨੂੰ ਨਹੀਂ ਮਿਲਦੀ। ਮੁਲਕ ਦੀਆਂ ਲੋੜਾਂ ਲਈ ਪੰਜਾਬ ਵਿਚ 'ਖੇਤੀਬਾੜੀ ਦੀ ਨਵੀਂ ਜੁਗਤ' ਅਪਣਾਈ ਗਈ ਜਿਸ ਲਈ ਮਸ਼ੀਨਰੀ ਅਤੇ ਨਦੀਨਨਾਸ਼ਕਾਂ ਦੀ ਲਗਾਤਾਰ ਅਤੇ ਬੇਲੋੜੀ ਵਰਤੋਂ ਨੇ ਖੇਤਬਾੜੀ ਖੇਤਰ ਵਿਚ ਰੁਜ਼ਗਾਰ ਨੂੰ ਵੱਡੇ ਪੱਧਰ ਉੱਤੇ ਘਟਾਇਆ ਅਤੇ ਖੇਤੀਬਾੜੀ ਖੇਤਰ ਵਿਚ ਆਈ ਖੜ੍ਹੋਤ, ਵਪਾਰ ਦੀਆਂ ਸ਼ਰਤਾਂ ਨੂੰ ਖੇਤੀਬਾੜੀ ਖੇਤਰ ਦੇ ਵਿਰੁੱਧ ਬਣਾਏ ਜਾਣ ਅਤੇ ਖੇਤੀਬਾੜੀ ਖੇਤਰ ਵਿਚ ਮਸ਼ੀਨਰੀ ਅਤੇ ਨਦੀਨਨਾਸ਼ਕਕਾਂ ਦੀ ਲਗਾਤਾਰ ਅਤੇ ਬੇਲੋੜੀ ਵਰਤੋਂ ਨੇ ਖੇਤ ਮਜ਼ਦੂਰਾਂ ਦੀ ਸ਼ੁੱਧ ਆਮਦਨ ਵਿਚ ਗਿਰਾਵਟ ਲਿਆਂਦੀ। ਪੰਜਾਬ ਦੇ ਪੇਂਡੂ ਖੇਤਰ ਵਿਚ ਉਦਯੋਗਿਕ ਅਤੇ ਸੇਵਾਵਾਂ ਖੇਤਰਾਂ ਦੇ ਵਿਕਾਸ ਨਾ ਕਰਨ ਕਰਕੇ ਰੁਜ਼ਗਾਰ ਦੇ ਮੌਕਿਆਂ ਵਿਚ ਵਾਧਾ ਨਹੀਂ ਹੋਇਆ। ਇਸ ਤੋਂ ਬਿਨਾਂ ਕੁਝ ਹੋਰ ਕਾਰਨ ਵੀ ਪੇਂਡੂ ਪੰਜਾਬ ਦੇ ਔਰਤ ਮਜ਼ਦੂਰ ਪਰਿਵਾਰਾਂ ਦੀ ਗ਼ਰੀਬੀ ਲਈ ਜ਼ਿੰਮੇਵਾਰ ਹਨ।

ਪੰਜਾਬ ਦੇ ਪੇਂਡੂ ਮਜ਼ਦੂਰ ਪਰਿਵਾਰਾਂ ਵਿਚ ਗ਼ਰੀਬੀ ਦੇ ਮਾੜੇ ਅਤੇ ਗ਼ੈਰ-ਮਨੁੱਖੀ ਪ੍ਰਭਾਵ ਸਪਸ਼ਟ ਦਿਖਾਈ ਦਿੰਦੇ ਹਨ। ਇਨ੍ਹਾਂ ਪਰਿਵਾਰਾਂ ਦੇ ਰਹਿਣ ਲਈ ਮਕਾਨ ਬਹੁਤ ਹੀ ਮਾੜੀ ਹਾਲਤ ਵਿਚ ਹਨ। ਇਨ੍ਹਾਂ ਪਰਿਵਾਰਾਂ ਕੋਲ ਪਸ਼ੂ-ਪਾਲਣ ਲਈ ਥਾਵਾਂ/ਮਕਾਨਾਂ ਦੀ ਘਾਟ ਸ਼ਰੇਆਮ ਦਿਖਾਈ ਹੈ। ਵਿੱਦਿਆ, ਸਿਹਤ-ਸੰਭਾਲ ਅਤੇ ਰੁਜ਼ਗਾਰ ਦੇ ਪੱਖੋਂ ਇਹ ਪਰਿਵਾਰ ਬਹੁਤ ਪਿੱਛੇ ਹਨ। ਇਨ੍ਹਾਂ ਪਰਿਵਾਰਾਂ ਦੀ ਗ਼ਰੀਬੀ ਕਾਰਨ ਇਨ੍ਹਾਂ ਦੀ ਆਰਥਿਕ-ਸਮਾਜਿਕ-ਰਾਜਸੀ ਭਾਗੀਦਾਰੀ ਬਹੁਤ ਹੀ ਨੀਵੇਂ ਪੱਧਰ ਦੀ ਹੈ ਜੋ ਅੱਜਕਲ੍ਹ ਇਨ੍ਹਾਂ ਨੂੰ ਲਤਾੜਨ ਅਤੇ ਦੁਰਕਾਰਨ ਦਾ ਕਾਰਨ ਬਣਦੀ ਹੋਈ ਇਨ੍ਹਾਂ ਦੇ ਨਪੀੜਨ ਵਿਚ ਸਾਫ਼ ਦਿਖਾਈ ਦਿੰਦੀ ਹੈ।

ਔਰਤ ਮਜ਼ਦੂਰ ਪਰਿਵਾਰਾਂ ਬਾਰੇ ਪੇਂਡੂ ਪੰਜਾਬ ਵਿਚ ਕੀਤਾ ਗਿਆ ਇਹ ਖੋਜ ਅਧਿਐਨ ਕਈ ਅਹਿਮ ਨੀਤੀ ਸੁਝਾਅ ਦਿੰਦਾ ਹੈ। ਔਰਤ ਮਜ਼ਦੂਰ ਪਰਿਵਾਰਾਂ ਲਈ ਬਾਲਗ ਵਿੱਦਿਆ ਦਾ ਠੀਕ ਪ੍ਰਬੰਧ ਕੀਤਾ ਜਾਵੇ ਤਾਂ ਕਿ ਇਹ ਮਜ਼ਦੂਰ ਆਪਣੀਆਂ ਸਮੱਸਿਆਵਾਂ ਦੇ ਕਾਰਨਾਂ, ਪ੍ਰਭਾਵਾਂ, ਜ਼ਿੰਮੇਵਾਰ ਲੋਕਾਂ ਅਤੇ ਉਨ੍ਹਾਂ ਦੇ ਹੱਲ ਬਾਰੇ ਸੋਚ ਸਕਣ। ਇਨ੍ਹਾਂ ਪਰਿਵਾਰਾਂ ਦੇ ਬੱਚਿਆਂ ਲਈ ਮਿਆਰੀ ਵਿੱਦਿਆ ਅਤੇ ਸਿਹਤ-ਸੇਵਾਵਾਂ ਯਕੀਨੀ ਬਣਾਈਆਂ ਜਾਣ। ਔਰਤ ਮਜ਼ਦੂਰ ਪਰਿਵਾਰਾਂ ਲਈ ਰੁਜ਼ਗਾਰ ਦੇ ਮੌਕੇ ਅਤੇ ਉਸ ਦਾ ਮਿਆਰ ਵਧਾਉਣੇ ਯਕੀਨੀ ਬਣਾਏ ਜਾਣ। ਮਨਰੇਗਾ ਅਧੀਨ ਮਜ਼ਦੂਰਾਂ ਨੂੰ ਸਾਰਾ ਸਾਲ ਅਤੇ ਉਹ ਵੀ ਘੱਟੋ-ਘੱਟ ਸਰਕਾਰ ਦੇ ਆਪਣੇ ਦੁਆਰਾ ਨਿਸ਼ਚਿਤ ਕੀਤੀਆਂ ਮਜ਼ਦੂਰੀ ਦੀਆਂ ਘੱਟੋ-ਘੱਟ ਦਰਾਂ ਉੱਪਰ ਰੁਜ਼ਗਾਰ ਦਿੱਤਾ ਜਾਵੇ। ਇਸ ਦੇ ਨਾਲ ਨਾਲ ਪਿੰਡਾਂ ਵਿਚ ਐਗਰੋ-ਪ੍ਰੋਸੈਸਿੰਗ ਉਦਯੋਗ ਅਤੇ ਸੇਵਾਵਾਂ ਦੇ ਖੇਤਰ ਵਿਕਸਿਤ ਕੀਤੇ ਜਾਣ। ਇਸ ਖੋਜ ਅਧਿਐਨ ਦਾ ਇਕ ਬਹੁਤ ਹੀ ਮਹੱਤਵਪੂਰਨ ਸੁਝਾਅ ਮਜ਼ਦੂਰ ਔਰਤ ਪਰਿਵਾਰਾਂ ਦੇ ਹੱਕ ਵਿੱਚ ਜ਼ਮੀਨੀ ਸੁਧਾਰਾਂ ਦਾ ਹੈ ਜੋ ਇਨ੍ਹਾਂ ਦੀ ਹੋਂਦ ਨੂੰ ਬਚਾਉਣ ਵਿਚ ਸਹਾਈ ਹੋ ਸਕਦਾ ਹੈ। ਔਰਤ ਮਜ਼ਦੂਰ ਪਰਿਵਾਰਾਂ ਨੂੰ ਗ਼ਰੀਬੀ ਦੀ ਦਲਦਲ ਵਿਚੋਂ ਬਾਹਰ ਕੱਢਣ ਅਤੇ ਇਨ੍ਹਾਂ ਦੇ ਜੀਆਂ ਨੂੰ ਸੁਖੀ ਬਣਾਉਣ ਲਈ ਇਹ ਸਾਰੇ ਅਤੇ ਹੋਰ ਸੁਝਾਵਾਂ ਨੂੰ ਅਮਲ ਵਿਚ ਲਿਆਉਣ ਲਈ ਇਨ੍ਹਾਂ ਮਜ਼ਦੂਰਾਂ ਅਤੇ ਇਨ੍ਹਾਂ ਦੇ ਹੱਕਕਾਂ ਪ੍ਰਤਿ ਜਾਗਰੂਕ ਲੋਕਾਂ ਨੂੰ ਲੋਕਤੰਤਰਿਕ ਅਤੇ ਸ਼ਾਂਤਮਈ ਸੰਘਰਸ਼ਾਂ ਦਾ ਰਾਹ ਅਪਣਾਉਣਾ ਹੋਵੇਗਾ।



# ਭਾਰਤੀ ਫਲਸਫ਼ੇ ਅੰਦਰਲੇ ਸੰਘਰਸ਼ ਦੀ ਖੋਜ

**ਦੇਵੀ ਪ੍ਰਸਾਦ ਚਟੋਪਾਧਿਯਾ ਦੀ ਰਚਨਾ ਭਾਰਤੀ ਫਲਸਫਾ-ਉਸਾਰੂ ਕੀ ਭਟਕਾਉ ਕੀ ਦਾ ਸੰਖੇਪ ਪੰਜਾਬੀ ਰੂਪ ਜੋ ਦੇਸ਼ਭਗਤ ਯਾਦਗਾਰ ਹਾਲ ਵਿੱਚ ਪਹਿਲੀ ਨਵੰਬਰ ਗਦਰੀ ਬਾਬਿਆਂ ਦੇ ਮੇਲੇ ਸਮੇਂ ਜਾਰੀ ਹੋਈ ਦਾ ਰਿਵਿਊ ਭੇਜ ਰਹੇ ਹਾਂ ਆਪਣੇ ਪੇਪਰ ਵਿੱਚ ਥਾਂ ਦੇ ਕੇ ਵੇਲੇ ਦੇ ਹਾਲਤਾਂ ਦੀ ਭਾਰਤੀ ਫਲਸਫੇ ਨੂੰ ਜਾਨਣ ਦੀ ਲੋੜ ਪੂਰੀ ਕਰਨ ਵੱਲ ਕਦਮ ਵਧਾਉਣ ਵਿੱਚ ਆਪਣਾ ਯੋਗਦਾਨ ਪਾ ਸਕੀਏ**

ਚਰਚਾ ਹੇਠ ਲਿਆਂਦੀ ਜਾ ਰਹੀ ਪੁਸਤਕ ਭਾਰਤੀ ਫਲਸਫ਼ਾ-ਉਸਾਰੂ ਕੀ ਭੜਕਾਊ ਕੀ ਦਾ ਵਿਸ਼ਾ ਵਸਤੂ ਪ੍ਰਾਚੀਨ ਭਾਰਤ ਦੇ ਵਿਚਾਰਧਾਰਕ ਸੰਘਰਸ਼ ਦਾ ਇਤਿਹਾਸ ਹੈ। ਜਦੋਂ ਵਿਚਾਰਧਾਰਾ ਦੀ ਗੱਲ ਚਲਦੀ ਹੈ ਤਾਂ ਇਹ ਜਾਣ ਲੈਣਾ ਵੀ ਜਰੂਰੀ ਹੈ ਕਿ ਉਸ ਸਮੇਂ ਦੀਆਂ ਜ਼ਮੀਨੀ ਹਕੀਕਤਾਂ ਕਿਹੋ ਜਿਹੀਆਂ ਸਨ-ਕਿਉਂਕਿ ਵਿਚਾਰ ਧਰਾਤਲ 'ਚੋਂ ਹੀ ਪੈਦਾ ਹੁੰਦੇ ਹਨ ਕਿਸੇ ਖਲਾਅ 'ਚੋਂ ਨਹੀਂ।

ਉਪਰੋਕਤ ਸਿਰਲੇਖ ਹੇਠ ਨਵੀਂ ਛਪੀ ਇਸ ਸ਼ਾਹਕਾਰ ਰਚਨਾ ਦੇ ਰਚੇਤਾ ਹਨ ਫਲਸਫ਼ੇ ਦੇ ਖੇਤਰ 'ਚ ਨਾਮਵਰ ਖੋਜੀ ਤੇ ਕਲਕੱਤਾ 'ਚ ਜਨਮੇ ਦੇਵੀ ਪ੍ਰਸਾਦ ਚਟੋਪਾਧਿਯਾ ਜਿਹਨਾਂ ਨੇ ਇਸਨੂੰ ਵਿਉਂਤਣਾ ਤਾਂ 1957-58 'ਚ ਹੀ ਵਿੱਢ ਲਿਆ ਸੀ ਅਤੇ ਪਰ ਖੋਜ ਉਪਰੰਤ ਪੂਰਾ ਕਰਕੇ ਇਸਨੂੰ ਛਾਪਿਆ 1976 'ਚ ਗਿਆ ਸੀ। ਫਲਸਫ਼ੇ ਦੀ ਇਸ ਲਿਖਤ ਦਾ ਸੰਖੇਪ ਪੰਜਾਬੀ ਰੂਪ ਹਰਚਰਨ ਸਿੰਘ ਚਾਹਿਲ ਨੇ ਆਪਣੇ ਹਮਖਿਆਲ ਦੋਸਤਾਂ ਦੇ ਸਹਿਯੋਗ ਨਾਲ ਕੀਤਾ ਹੈ।

10 ਪਾਠਾਂ 'ਚ ਵੰਡੀ ਇਸ ਵੱਡ ਅਕਾਰੀ ਪੁਸਤਕ ਵਿਚਲੇ ਵਿਸ਼ੇ ਵਸਤੂ ਨੂੰ ਸਰਲ ਰੂਪ 'ਚ ਸਮਝਾਉਣ ਲਈ ਮੁਖ ਰੂਪ 'ਚ 4 ਭਾਗਾਂ-ਕਾਰਜਵਿਧੀ, ਵਿਚਾਰਵਾਦ, ਵਿਚਾਰਵਾਦ ਦਾ ਵਿਰੋਧੀ ਪੱਖ ਅਤੇ ਸਬੰਧਿਤ ਮਸਲੇ -'ਚ ਵੰਡਿਆ ਗਿਆ ਹੈ ਜੋ ਕਿ ਵਿਗਿਆਨਕ ਢੰਗ ਨਾਲ ਮਸਲੇ ਦੀ ਤਹਿ ਤੱਕ ਜਾ ਕੇ ਨਜਿੱਠਣ ਦੇ ਤਰੀਕੇ ਨੂੰ ਪ੍ਰਣਾਇਆ ਹੋਇਆ ਹੈ।

ਪਹਿਲੇ ਭਾਗ ਕਾਰਜਵਿਧੀ 'ਚ ਪੂਰਵ ਪੱਖ ਤੇ ਵਿਰੋਧੀ ਪੱਖ ਨਾਲ ਬਹਿਸ ਭੇੜ ਰਾਹੀਂ ਭਾਰਤੀ ਫਲਸ਼ਫਾਨਾ ਰਵਾਇਤ ਦੀ ਗੱਲ ਕੀਤੀ ਗਈ ਹੈ। ਇੱਥੇ ਇਸੇ ਭਾਗ 'ਚ ਹੀ ਵਿਚਾਰਵਾਦ ਅਤੇ ਵਿਚਾਰਵਾਦੀ ਫਲਾਸਫ਼ਰਾਂ ਨੂੰ ਪ੍ਰੀਭਾਸ਼ਤ ਕਰਦਿਆਂ ਕਿਹਾ ਗਿਆ ਹੈ ਕਿ "ਸਾਡੇ ਫ਼ਲਾਸਫ਼ਰਾਂ ਦੇ ਇੱਕ ਹਿੱਸੇ ਦਾ ਜ਼ੋਰ ਇਹ ਸਿੱਧ ਕਰਨ 'ਤੇ ਲੱਗਿਆ ਹੋਇਆ ਹੈ ਕਿ ਅੰਤਮ ਹਕੀਕਤ (ਵਾਸਤਵਿਕਤਾ) ਨਿਰੋਲ ਆਤਮਾ ਹੈ। ਇਸ ਨੂੰ ਰੂਹ, ਨਿਰੀ-ਚੇਤਨਤਾ, ਵਿਆਖਿਆ ਰਹਿਤ ਸੰਪੂਰਨਤਾ, ਖਰੀ ਚੇਤਨਤਾ ਦਾ ਇੱਕ ਪੁੰਜ ਆਦਿ ਨਾਵਾਂ ਨਾਲ ਵੀ ਪੁਕਾਰਿਆ ਜਾਂਦਾ ਹੈ। ਅਸੀਂ ਇਨ੍ਹਾਂ ਸਾਰੇ ਫ਼ਿਲਾਸਫ਼ਰਾਂ ਨੂੰ ਭਾਰਤੀ ਵਿਚਾਰਵਾਦੀਆਂ ਦੇ ਨਾਮ ਨਾਲ ਪੁਕਾਰਾਂਗੇ (ਕੁੱਝ ਲੇਖਕ ਇਨ੍ਹਾਂ ਲਈ ਕਲਪਨਾਵਾਦੀ, ਭਾਵੂਯਵਾਦੀ, ਖਿਆਲਵਾਦੀ, ਅਧਿਆਤਮਕਵਾਦੀ, ਮਾਇਆਵਾਦੀ, ਤਸ਼ੱਬਰਵਾਦੀ, ਸ਼ੂਨਯਾਵਾਦੀ ਆਦਿ ਸ਼ਬਦਾਂ ਦਾ ਇਸਤੇਮਾਲ ਵੀ ਕਰਦੇ ਹਨ-ਅਨੁ:)।

ਵਿਚਾਰਵਾਦ ਬਾਰੇ ਦੱਸਿਆ ਗਿਆ ਹੈ ਕਿ ਇਹ ਕੋਈ ਖਲਾਅ 'ਚੋਂ ਪੈਦਾ ਨਹੀਂ ਹੁੰਦਾ ਸਗੋਂ ਇਸਦੇ ਉਗਮਣ ਦੇ ਕਾਰਨ ਸਮਾਜ ਅੰਦਰਲੀਆਂ ਆਰਥਿਕ-ਸਮਾਜਿਕ ਹਾਲਤਾਂ ਬਣਦੀਆਂ ਹਨ। ਪ੍ਰਾਚੀਨ ਭਾਰਤ ਅੰਦਰ ਫਲਸਫ਼ਾਨਾ ਸਰਗਰਮੀ ਦੀ ਸ਼ੁਰੂਆਤ ਵੇਦਾਂ ਤੋਂ ਮੰਨੀ ਜਾ ਸਕਦੀ ਹੈ ਜਿਹੜੇ ਇਸ ਸਰਗਰਮੀ ਦੇ ਮੁਢਲੇ ਲਿਖਤੀ ਸਬੂਤ ਹਨ। ਵੈਦਿਕ ਕਾਲ ਦੇ ਅੰਤਲੇ ਸਮਿਆਂ 'ਚ ਯਾਜੁਰਵੇਦ ਤੋਂ ਬਾਅਦ ਬ੍ਰਾਹਮਣ ਨਾਮ ਦਾ ਵੱਡ ਅਕਾਰੀ ਗ੍ਰੰਥਾਂ ਦੇ ਰੂਪ 'ਚ ਪ੍ਰਾਪਤ ਸਾਹਿਤ ਵਿੱਚ ਆਈ ਤਬਦੀਲੀ ਨੂੰ ਉਸ ਸਮੇਂ ਦੀਆਂ ਸਮਾਜਕ ਆਰਥਕ ਹਾਲਤਾਂ ਦੀ ਉਥਲ ਪੁੱਥਲ ਨੂੰ ਇਉਂ ਅੰਕਤ ਕੀਤਾ ਗਿਆ ਹੈ ਕਿ "ਬ੍ਰਾਹਮਣ ਗ੍ਰੰਥਾਂ 'ਚ ਰਿਗ ਵੇਦ ਦੀ ਪ੍ਰੇਰਨਾਮਈ ਕਵਿਤਾ ਦੀ ਥਾਂ ਬਹੁਤ ਰੁਖੀ ਕਿਸਮ ਦਾ ਵਾਰਤਿਕ ਵਰਤਿਆ ਗਿਆ ਹੈ ਜੋ ਕਿ ਅਸਲ ਵਿੱਚ ਭਾਰਤ ਦੀ ਸਭ ਤੋਂ ਖੁਸ਼ਕ ਅਤੇ ਕਢੱਬੀ ਕਿਸਮ ਦੀ ਸਾਹਿਤ ਵਿਧਾ ਹੈ। ਸਾਹਿਤ ਦਾ ਇਹ ਰੁੱਖਾਪਣ ਪੁਰਾਤਣ ਕਬਾਇਲੀ ਸਮਾਜ ਦੇ ਨਵੇਂ ਕਾਇਦੇ ਕਾਨੂੰਨਾਂ ਨੂੰ ਵਾਜਬ ਠਹਿਰਾਉਣ ਦਾ ਯਤਨ ਕਰਦਾ ਹੈ। ਇਹ ਨਵੇਂ ਕਾਇਦੇ ਕਾਨੂੰਨ ਇੱਕ ਅਜਿਹਾ ਖੰਡਤ ਸਮਾਜ ਹੋਣ ਦਾ ਨਮੂਨਾ ਪੇਸ਼ ਕਰਦਾ ਹੈ ਜਿਸ ਦਾ ਪਹਿਲੇ ਦਰਜੇ ਦੀਆਂ ਸਾਰੀਆਂ ਤਾਕਤਾਂ ਵਿਸ਼ੇਸ਼ ਅਧਿਕਾਰ ਪ੍ਰਾਪਤ ਰਾਜਿਆਂ ਅਤੇ ਕੁਲੀਨ ਵਰਗ ਕੋਲ ਹਨ। ... ਨਵੀਆਂ ਸਮਾਜਕ ਹਾਲਤਾਂ ਨੂੰ ਵਾਜਬ ਠਹਿਰਾਉਣ ਲਈ ਬ੍ਰਾਹਮਣਾ ਗ੍ਰੰਥਾਂ ਦਾ ਇੱਕ ਵਿਸ਼ੇਸ਼ ਸਿਆਸੀ ਫਲਸਫਾ ਉਭਰਦਾ ਹੈ... ਸਿਆਸੀ ਫਲਸਫ਼ੇ 'ਚ ਹੱਥੀਂ ਕਿਰਤ ਕਰਨ ਵਾਲਿਆਂ ਪ੍ਰਤੀ ਨਫ਼ਰਤ ਅਤੇ ਅੱਗੋਂ ਇਸੇ ਕਰਕੇ ਹੱਥੀਂ ਕਿਰਤ ਪ੍ਰਤੀ ਨਫ਼ਰਤ ਸਪੱਸ਼ਟ ਝਲਕਦੀ ਹੈ। ਇਸ ਦੇ ਉਲਟ ਮਾਨਸਿਕ ਕੰਮਾਂ ਵਿਚਾਰ, ਚੇਤਨਾ, ਨਿਰੋਲ ਤਰਕ ਆਦਿ ਨੂੰ ਬਹੁਤ ਉਚਾਇਆ ਜਾਂਦਾ ਹੈ।"

ਅਜਿਹੀਆਂ ਹਾਲਤਾਂ 'ਚ ਫਲਾਸਫਰਾਂ ਦੇ ਪਹਿਲੀਵਾਰੀ ਦਰਸ਼ਨ ਹੁੰਦੇ ਹਨ ਜਦੋਂ ਵਿਹਲੜ ਜਮਾਤ ਆਪਣੀ ਤਾਕਤ ਨੂੰ ਪੂਰੀ ਤਰ੍ਹਾਂ ਸਥਾਪਤ ਕਰ ਚੁੱਕੀ ਹੁੰਦੀ ਹੈ। ਇਸ ਵਿਹਲੜ ਜਮਾਤ ਕੋਲ ਆਪਦੇ ਮਨ ਦੀ ਭੁੱਖ ਪੂਰਤੀ ਕਰਨ ਲਈ ਪੂਰੀ ਵਿਹਲ ਹੈ ਕਿਉਂਕਿ ਸਮਾਜਕ ਕਾਇਦੇ ਮੁਤਾਬਕ ਉਹ ਸਰੀਰਕ ਮੁਸ਼ੱਕਤ ਕਰਨ (ਰੋਟੀ ਕਮਾਉਣ ਦੇ ਝੰਜਟ) ਤੋਂ ਪੂਰਨ ਰੂਪ 'ਚ ਸੁਰਖਰੂ ਹੋ ਚੁੱਕੀ ਹੈ। ਉਪਨਿਸ਼ਦਕ ਕਾਲ ਦੇ ਫਲਾਸਫ਼ਰਾਂ ਦੇ ਮੁਕਾਬਲੇ ਵੇਦਿਕ ਸਾਹਿਤ ਦੇ ਕਵੀ ਕੁਦਰਤ ਨਾਲ ਸਰਗਰਮ ਸਬੰਧਾਂ 'ਚ ਐਨੇ ਮਸ਼ਰੂਫ ਹਨ ਕਿ ਉਹਨਾਂ ਕੋਲ ਨਿਰੋਲ ਚੇਤਨਾ ਦੀਆਂ ਫੜ੍ਹਾਂ ਮਾਰਨ ਦੀ ਕੋਈ ਵਿਹਲ ਨਹੀਂ ਸੀ।

ਨਵੀਆਂ ਸਮਾਜਕ ਹਾਲਤਾਂ ਦੇ ਸਨਮੁੱਖ ਬ੍ਰਾਹਮਣਾ ਪਾਠਗ੍ਰੰਥਾਂ 'ਚ ਉਸ ਸਮੇ ਦੇ ਸਮਾਜਕ ਤਾਣੇ-ਬਾਣੇ ਅਤੇ ਸਮਾਜਕ-ਆਰਥਕ ਸਬੰਧਾਂ ਨੂੰ ਜੋ ਵਾਜਬੀਅਤ ਪ੍ਰਦਾਨ ਕਰਨ ਦੀ ਕੋਸ਼ਿਸ਼ ਕੀਤੀ ਗਈ ਹੈ, ਉਪਨਿਸ਼ਦਿਕ ਦੌਰ 'ਚ ਉਹ ਹੋਰ ਵੀ ਪੱਕੇ ਹੋਏ ਫਲਸਫ਼ਾਨਾ ਰੂਪ ਵਿੱਚ ਸਾਹਮਣੇ ਆਈ ਜਦੋਂ ਇਸ ਸੰਸਾਰ ਦੀ ਉਤਪਤੀ ਅਤੇ ਇਸ ਵਿਚਲੀ ਵਰਗ ਵੰਡ ਦੇ ਸਿਲਸਿਲੇ ਨੂੰ ਇਉਂ ਪੇਸ਼ ਕੀਤਾ ਗਿਆ:-

"ਅਸਲ 'ਚ' ਸ਼ੁਰੂ ਵਿੱਚ ਇਹ ਸੰਸਾਰ ਬ੍ਰਹਮ ਸੀ, ਸਿਰਫ਼ ਤੇ ਸਿਰਫ਼ ਬ੍ਰਹਮ। ਇਕੱਲਾਹੋਣ ਕਾਰਨ ਉਹ ਵਿਕਸਿਤ ਨਹੀਂ ਸੀ। ਬ੍ਰਹਮ ਨੇ ਅੱਗੋਂ ਹੋਰ ਵੀ ਉਚੇਰਾ ਸਰੂਪ ਸਿਰਜਿਆ, ਕਸ਼ੱਤਰੀ ਦਾ ਸਰੂਪ। ਇਸ ਕਰਕੇ ਕਸ਼ੱਤਰੀ ਤੋਂ ਉੱਪਰ ਕੋਈ ਚੀਜ ਨਹੀਂ ਹੈ। ਇਸੇ ਕਰਕੇ ਤਾਜਪੋਸ਼ੀ ਦੀ ਰਸਮ ਸਮੇਂ ਬ੍ਰਾਹਮਣ ਕਸ਼ੱਤਰੀ ਤੋਂ ਨੀਵਾਂ ਬੈਠਦਾ ਹੈ। ਸਿਰਫ਼ ਕਸ਼ੱਤਰੀ ਨੂੰ ਹੀ ਇਹ ਸਨਮਾਨ ਬਖਸ਼ਿਆ ਗਿਆ ਹੈ। ਬ੍ਰਾਹਮਣਪੁਣਾ, ਕਸ਼ੱਤਰੀਪੁਣੇ ਦਾ ਸ੍ਰੋਤ ਹੈ। ਇਸ ਲਈ ਜੇਕਰ ਰਾਜਾ ਸ੍ਰੇਸ਼ਠਤਾ ਹਾਸਲ ਵੀ ਕਰ ਲਵੇ, ਫਿਰ ਵੀ ਅਖੀਰੀ ਤੌਰ 'ਤੇ ਉਹ ਬ੍ਰਾਹਮਣਪੁਣੇ ਉੱਪਰ ਨਿਰਭਰ ਰਹਿੰਦਾ ਹੈ: ਉਹ ਅਜੇ ਵੀ ਵਿਕਸਿਤ ਨਹੀਂ ਸੀ। ਉਸ ਨੇ ਆਮ ਲੋਕਾਈ ਦੀ ਰਚਨਾ ਕਰ ਧਰੀ / ਉਹ ਅਜੇ ਵੀ ਵਿਕਸਿਤ ਨਹੀਂ ਸੀ। ਉਸ ਨੇ ਸ਼ੂਦਰ ਦੀ ਘਾੜਤ ਘੜ ਦਿੱਤੀ...

ਅਤੇ ਇਸ ਸਾਰੇ ਨੂੰ ਆਪਣੇ ਕਾਬੂ ਹੇਠ ਰੱਖਣ ਕਰਨ ਲਈ ਅੱਗੋਂ ਕੀ ਕੀਤਾ ਨੂੰ ਇਉਂ ਪੇਸ਼ ਕੀਤਾ ਗਿਆ ਹੈ- ਉਹ ਅਜੇ ਵੀ ਵਿਕਸਿਤ ਨਹੀਂ ਸੀ। ਉਸ ਨੇ ਹੋਰ ਵੀ ਚੰਗੇਰੇ ਰੂਪ ਦਾ ਕਾਨੂੰਨ ਖੜ੍ਹਾ ਕੀਤਾ...

ਇਹ ਕਾਨੂੰਨ ਨਾਂਅ ਦੀ ਚੀਜ਼ ਹੀ ਕਸ਼ੱਤਰੀ ਜਮਾਤ ਦੀ ਤਾਕਤ ਹੈ। ਇਸ ਕਰਕੇ ਕਾਨੂੰਨ ਤੋਂ ਉੱਪਰ ਕੁੱਝ ਵੀ ਨਹੀਂ ਹੈ। ਇਸੇ ਲਈ ਸਰੀਰਕ ਤੌਰ 'ਤੇ ਕਮਜ਼ੋਰ ਵਿਅਕਤੀ ਵੀ ਕਾਨੂੰਨ ਦੇ ਆਸਰੇ ਆਪਣੇ ਤੋਂ ਬਲਵਾਨ ਆਦਮੀ ਨੂੰ ਵੀ ਕਾਬੂ ਕਰਦਾ ਹੈ ਜਿਵੇਂ ਕਿ ਰਾਜਾ ਕਰਦਾ ਹੈ। ਜੋ ਕਾਨੂੰਨੀ ਹੈ ਉਹ ਹੀ ਸੱਚ ਹੈ। ਇਸੇ ਕਰਕੇ ਕਿਹਾ ਜਾਂਦਾ ਹੈ ਕਿ ਜੋ ਸੱਚ ਬੋਲਦਾ ਹੈ ਉਹ ਕਾਨੂੰਨੀ ਗੱਲ ਕਰਦਾ ਹੈ ਜਾਂ ਜੋ ਆਦਮੀ ਕਾਨੂੰਨੀ ਗੱਲ ਬੋਲਦਾ ਹੈ, ਉਹ ਸੱਚ ਬੋਲਦਾ ਹੈ। ਦਰਅਸਲ ਦੋਵੇਂ ਗੱਲਾਂ ਹੀ ਠੀਕ ਹਨ...

ਬਾਅਦ ਦੇ ਸਮਿਆਂ 'ਚ ਹੋਏ ਭਾਰਤੀ ਸਮਾਜਕ-ਕਾਨੂੰਨ ਘਾੜਿਆਂ (ਮਨੂ ਵਰਗੇ ਸਿਮ੍ਰਤੀ-ਲੇਖਕਾਂ (Indian law givers) ਨੇ ਇਨ੍ਹਾਂ ਉਪਨਿਸ਼ਦਿਕ ਸੁਝਾਵਾਂ ਨੂੰ ਭਾਰਤੀ ਫ਼ਲਸਫ਼ੇ ਉੱਪਰ ਲਾਗੂ ਕਰਨ ਦਾ ਯਤਨ ਕੀਤਾ।"

ਜਿਸ ਤਰ੍ਹਾਂ ਅੱਜ ਵੱਖ ਵੱਖ ਪਰਮ ਸੰਪੂਰਨ ਗ੍ਰੰਥਾਂ ਦੇ ਤਰਕਸੰਗਤ ਹੋਣ ਦੀ ਗੱਲ ਕੀਤੀ ਜਾਂਦੀ ਹੈ ਅਤੇ ਉਸਦੇ ਦਾਇਰੇ ਤੋਂ ਬਾਹਰ ਜਾਣ ਉਪਰ ਬੰਦਸ਼ਾਂ ਹਨ, ਉਸੇ ਤਰ੍ਹਾਂ ਹੀ ਭਾਰਤ ਦੇ ਫਲਸਫਾਨਾ ਇਤਿਹਾਸ ਵਿੱਚ ਵੀ ਤਰਕ ਦੀ ਵਰਤੋਂ ਦੀ ਆਗਿਆ ਸੀਮਤ ਸੀ ਯਾਨੀ ਕਿ ਉਹ ਪ੍ਰਵਾਨਤ ਗ੍ਰੰਥਾਂ ਦੀ ਲਛਮਣ ਰੇਖਾ ਦੇ ਅੰਦਰ ਅੰਦਰ।

"ਕਾਨੂੰਨ ਘਾੜਿਆਂ ਵੱਲੋਂ ਤਹਿ ਕੀਤੇ ਨਜ਼ਰੀਏ ਅਨੁਸਾਰ, ਤਰਕ ਦਾ ਇੱਕੋ-ਇੱਕ ਜਾਇਜ਼ ਕਾਰਜ ਵੇਦਾਂ ਵਿੱਚ ਦਰਜ ਸਰਬ-ਉੱਚ ਸਿਆਣਪ ਦੀ ਖਿਦਮਤ ਵਿੱਚ ਲੱਗੇ ਰਹਿਣਾ ਹੈ। ਮਨੂ ਵੱਲੋਂ ਵਰਤੇ ਗਏ ਸ਼ਬਦ ਅਣਵਿਕਸਿਕੀ ਭਾਵ ਤਰਕ ਦਾ ਅਸਲ ਅਰਥ ਆਤਮਾ-ਵਿਦਿਆ ਹੀ ਹੈ ਅਤੇ ਇਸ ਗੱਲ ਦੀ ਪੁਸ਼ਟੀ ਉਸ ਦੇ ਕਈ ਹੋਰ ਐਲਾਨਾਂ ਤੋਂ ਹੋ ਜਾਂਦੀ ਹੈ। ਇੱਕ ਹੋਰ ਜਗ੍ਹਾ ਉਹ ਕਹਿੰਦਾ ਹੈ ਕਿ "ਤਰਕ ਕਿਸੇ ਤਰ੍ਹਾਂ ਵੀ ਵੇਦਾਂ ਦੇ ਟਕਰਾਅ ਵਿੱਚ ਨਹੀਂ ਆਉਣਾ ਚਾਹੀਦਾ।" ਕਾਨੂੰਨ ਦੀ ਪਾਲਣਾ ਕਰਨ ਦੇ ਕਾਇਦੇ ਦੀ ਵਿਆਖਿਆ ਕਰਦਿਆਂ ਉਹ ਲਿਖਦਾ ਹੈ: "ਹਰ ਸ਼ਖ਼ਸ਼ ਨੂੰ ਵੇਦਾਂ ਪ੍ਰਤੀ ਬੇਇਤਬਾਰੀ, ਇਹਨਾਂ ਦਾ ਕਿੰਤੂ-ਪਰੰਤੂ, ਦੇਵਤਿਆਂ ਦੇ ਨਿਰਾਦਰ ਭਾਵ ਨਫ਼ਰਤ, ਨਿਮਰਤਾ ਦੀ ਘਾਟ, ਹੰਕਾਰ, ਗੁੱਸਾ ਅਤੇ ਬੇਰਹਿਮੀ ਜਿਹੀਆਂ ਬੁਰਾਈਆਂ ਤੋਂ ਬਚਣਾ ਚਾਹੀਦਾ ਹੈ।" ਮਨੂ ਅੱਗੇ ਲਿਖਦਾ ਹੈ ਕਿ ਉਨ੍ਹਾਂ ਬ੍ਰਾਹਮਣਾਂ ਨੂੰ ਹੀ ਆਦਰਸ਼ਕ ਬ੍ਰਾਹਮਣ ਮੰਨਿਆ ਜਾਣਾ ਚਾਹੀਦਾ ਹੈ ਜਿਨ੍ਹਾਂ ਨੇ ਵੇਦਾਂ ਅਤੇ ਉਨ੍ਹਾਂ ਨਾਲ ਨੱਥੀ ਕੀਤੇ ਅੰਤਰਿਆਂ ਨੂੰ ਰਹਿਤ-ਮਰਿਆਦਾ ਦੇ ਅਨੁਸਾਰ ਪੜ੍ਹਿਆ ਹੋਵੇ ਅਤੇ ਜਿਹਨਾਂ ਦੀ ਤਰਜ਼-ਏ-ਜ਼ਿੰਦਗੀ ਅਜਿਹੀ ਹੋਵੇ ਜਿਸ 'ਚੋਂ ਗ੍ਰੰਥਾਂ ਦੇ ਇਲਹਾਮੀ ਚਰਿੱਤਰ ਦੇ ਸਦੀਵੀ ਸਬੂਤ ਹੋਣ ਦਾ ਹਵਾਲਾ ਦਿੱਤਾ ਜਾ ਸਕੇ। ਉਸ ਅਨੁਸਾਰ ਕੋਈ ਵੀ ਸ਼ਖ਼ਸ਼ ਉਦੋਂ ਤੱਕ ਤਰਕ ਦੀ ਸਿੱਖਿਆ ਪ੍ਰਦਾਨ ਕਰਨ ਦਾ ਹੱਕਦਾਰ ਨਹੀਂ ਜਦੋਂ ਤੱਕ ਉਹ ਖੁਦ ਸ਼ਾਸਤਰਾਂ ਦਾ ਮਾਹਰ ਗਿਆਤਾ ਨਹੀਂ ਬਣ ਜਾਂਦਾ ਕਿਉਂਕਿ ਤਰਕ ਦੇ ਅਧਿਆਪਕ ਬਾਰੇ ਮੰਨਿਆ ਜਾਂਦਾ ਹੈ ਕਿ ਉਹ ਤਰਕ ਨੂੰ ਗ੍ਰੰਥਾਂ ਵਿੱਚ ਦਰਜ ਸਿਖਿਆਵਾਂ ਨਾਲ ਜੋੜਕੇ ਅਤੇ ਸਰਬ-ਉੱਚ ਸਵੈ ਦੇ ਸਿਧਾਂਤ ਅਨੁਸਾਰ ਪੜ੍ਹਾਵੇ। ਮਨੂ ਉਸ ਅਧਿਆਪਕ ਲਈ ਹੇਠ ਲਿਖੇ ਸਿਖਿਆ ਪਾਠ-ਕ੍ਰਮ ਦੀ ਸਿਫ਼ਾਰਸ਼ ਵੀ ਕਰਦਾ ਹੈ: "ਉਸ ਨੂੰ ਬਿਨ ਨਾਗਾ ਵੇਦਾਂ ਦਾ ਉਚਾਰਨ ਕਰਦੇ ਰਹਿਣਾ ਚਾਹੀਦਾ ਹੈ ਜਿਸ ਵਿੱਚ ਬਲੀ ਦੇਣ ਦਾ ਅਤੇ ਦੇਵਤਿਆਂ ਦਾ ਵੀ ਜ਼ਿਕਰ ਹੋਵੇ ਅਤੇ ਉਸ ਆਤਮਾ ਬਾਰੇ ਚਰਚਾ ਹੋਵੇ ਜਿਸ ਦੀ ਵਿਆਖਿਆ ਉਪਨਿਸ਼ਦਾਂ (ਵੇਦਾਂਤ) ਵਿੱਚ ਕੀਤੀ ਗਈ ਹੈ।"

"ਜੇਕਰ ਤਰਕ ਦਾ ਜਾਇਜ਼ ਰੋਲ ਸ਼ਾਸਤਰਾਂ ਦੀ ਤਾਬਿਆਦਾਰੀ 'ਚ ਰਹਿਣਾ ਹੈ ਤਾਂ ਇਸ ਦਾ ਸਿੱਧਾ ਅਰਥ ਬਣਦਾ ਹੈ ਕਿ ਇਸ ਵੱਲੋਂ ਆਪਣੇ-ਆਪ ਨੂੰ ਆਜ਼ਾਦ ਹੋਣ ਦਾ ਐਲਾਨ ਕਰਨਾ ਗੈਰ-ਕਾਨੂੰਨੀ ਕਾਰਵਾਈ ਬਣਦੀ ਹੈ। ਇਸ ਕਰਕੇ ਕੋਡ-ਘਾੜੇ ਅਪਰਾਧਾਂ ਦੀ ਆਪਣੀ ਲਿਸਟ ਵਿੱਚ ਆਜ਼ਾਦ-ਸੋਚ ਨੂੰ ਪਹਿਲੀਆਂ ਥਾਵਾਂ 'ਤੇ ਰੱਖਦੇ ਹਨ।"

"ਇਸ ਤੋਂ ਸਾਨੂੰ ਭਾਰਤੀ ਵਿਚਾਰਵਾਦ ਦੇ ਉਸ ਸਮਾਜਕ ਮਕਸਦ ਬਾਰੇ ਕੁੱਝ ਅੰਦਾਜ਼ਾ ਲਗਦਾ ਹੈ। ਹਾਲ ਦੀ ਘੜੀ ਅਸੀਂ ਇਸ ਦੀ ਉਤਪਤੀ ਨਾਲ ਜੁੜੇ ਸਵਾਲਾਂ ਬਾਰੇ ਗੱਲ ਕਰਾਂਗੇ। ਪਹਿਲਾਂ ਉਪਨਿਸ਼ਦਿਕ ਵਿਚਾਰਵਾਦ ਦੇ ਉਭਾਰ ਬਾਰੇ ਗੱਲ ਕਰਦੇ ਹਾਂ।"

ਲੇਖਕ ਨੇ ਭਾਰਤੀ ਫਲਸਫ਼ਾਨਾ ਵਿਰਾਸਤ 'ਚ ਵਿਚਾਰਵਾਦ ਦੇ ਬੋਲਬਾਲੇ ਦਾ ਢੁਕਵਾਂ ਸਥਾਨ ਤਹਿ ਕਰਦਿਆਂ ਨੋਟ ਕੀਤਾ ਗਿਆ ਹੈ ਕਿ ਉਪਨਿਸ਼ਦਿਕ ਚਿੰਤਕਾਂ, ਮਹਾਂਯਾਨ ਬੋਧੀਆਂ ਅਤੇ ਅਦਵੈਤ ਵੇਦਾਂਤੀਆਂ ਦੇ ਘੇਮੇ ਤੋਂ ਬਾਹਰ ਕੋਈ ਵੀ ਫਿਲਾਸਫਰ ਵਿਚਾਰਵਾਦ ਦਾ ਧਾਰਨੀ ਨਹੀਂ ਹੈ। ਇਉਂ ਪਤਾ ਚਲਦਾ ਹੈ ਕਿ ਭਾਰਤੀ ਫਲਾਸਫਰਾਂ ਦੀ ਵੱਡੀ ਬਹੁ ਗਿਣਤੀ ਵਿਚਾਰਵਾਦ ਦੇ ਨਜ਼ਰੀਏ ਦੀ ਧਾਰਨੀ ਨਹੀਂ ਹੈ। ਉਸਨੇ ਵਿਚਾਰਵਾਦ ਦੇ ਵੱਖ ਵੱਖ ਕਿਸਮਾਂ ਦੇ ਵਿਰੋਧੀਆਂ ਦੇ ਵਿਚਾਰਾਂ ਦੀ ਮੁੱਖ ਧੁੱਸ ਨੂੰ ਕੇਂਦਰੀ ਨੁਕਤਾ ਬਣਾਕੇ ਵਿਚਾਰਵਾਦ ਵਿਰੋਧੀ ਖੇਮੇ ਦੀ ਦਾਰਸ਼ਨਿਕ ਮਹੱਤਤਾ ਵਾਲੀ ਕੇਂਦਰੀ ਗਿਰੀ ਦੀ ਰਚਨਾ ਕਰਨ ਦੀ ਚਰਚਾ ਕੀਤੀ ਹੈ ਜਿਸ 'ਚ ਉਸਨੇ ਇਹਨਾਂ ਅਲੱਗ ਅਲੱਗ ਵਿਚਾਰਾਂ ਨੂੰ ਤਰਕਸ਼ੀਲ, ਵਿਗਿਆਨ ਅਤੇ ਧਰਮ ਨਿਰਪੱਖਤਾ 'ਚ ਪਾਏ ਯੋਗਦਾਨ ਦੀ ਪਰਖ ਕਸਵੱਟੀ 'ਤੇ ਅਜਮਾ ਕੇ ਇੱਕ ਕੇਂਦਰੀ ਗਿਰੀ ਦੇ ਰੂਪ 'ਚ ਪੇਸ਼ ਕੀਤਾ ਹੈ। ਮਾਪ ਦੰਡਾਂ ਦੀ ਤਲਾਸ਼ ਵਾਲੇ ਸਿਰਲੇਖ ਹੇਠ ਲੇਖਕ ਵੱਖ ਵੱਖ ਵਿਚਾਰਕਾਂ ਵੱਲੋਂ ਆਪਣੀ ਵਿਚਾਰਧਾਰਾਵਾਂ ਨੂੰ ਵਾਜਬ ਠਹਿਰਾਉਣ ਲਈ ਕੀਤੀ ਗਈ ਦਲੀਲਬਾਜ਼ੀ ਨੂੰ ਮੁੱਖ ਨੁਕਤਾ ਬਣਾਉਂਦਿਆਂ ਉਪਰਲੇ ਤਿੰਨਾਂ (ਤਰਕ, ਵਿਗਿਆਨ ਤੇ ਧਰਮ-ਨਿਰਪੱਖਤਾ) ਮਾਪ ਦੰਡਾਂ 'ਤੇ ਖੜਕੇ ਕੇਂਦਰੀ ਗਿਰੀ 'ਚ ਵਿਚਾਰਧਾਰਾਵਾਂ ਨੂੰ ਪਰੋਂਦਾ ਹੈ ਅਤੇ ਇਸ ਕੇਂਦਰੀ ਗਿਰੀ 'ਚ ਲੋਕਾਯਾਤ, ਸਾਂਖ, ਨਿਆਯਾ ਵੈਸ਼ੇਸ਼ਿਕ, ਮੀਮਾਂਸਾਂ ਅਤੇ ਪੂਰਵ ਮੀਮਾਂਸਾਂ, ਸੌਤਰੇਤਿਕ ਬੋਧੀ ਮੱਤ, ਵੈਭਾਸ਼ਿਕ ਬੋਧੀ ਅਤੇ ਜੈਨ ਮੱਤ ਨੂੰ ਸ਼ਾਮਲ ਕਰਦਾ ਹੈ।

ਭਾਰਤੀ ਤਰਕ ਪ੍ਰਣਾਲੀ ਦੇ ਵਿਕਾਸ ਹੋਣ ਸਬੰਧੀ ਨੋਟ ਕੀਤਾ ਗਿਆ ਹੈ ਕਿ ਸਰਗਰਮੀ ਦੇ ਸੁਆਲਾਂ ਅਤੇ ਜਵਾਬਾਂ ਰਾਹੀਂ ਬਹਿਸ ਭੇੜ ਦਾ ਤਰੀਕਾ ਉਪਨਿਸ਼ਦਿਕ ਸਮੇਂ ਤੋਂ ਪ੍ਰਾਚੀਨ ਭਾਰਤ ਅੰਦਰ ਪ੍ਰਚੱਲਤ ਤੁਰਿਆ ਆ ਰਿਹਾ ਹੈ। ਇਸ ਨੂੰ ਵਕੋਵਾਕਿਆ ਦੇ ਨਾਂ ਨਾਲ ਜਾਣਿਆ ਜਾਂਦਾ ਹੈ। ਇਹ ਵਿਧੀ ਪੁਰਤਨ ਯੂਨਾਨੀ ਵਿਧੀ ਦਵੰਦਾਤਮਕ ਪ੍ਰਣਾਲੀ ਨਾਲ ਮਿਲਦੀ ਜੁਲਦੀ ਹੈ। ਪਰ ਨੋਟ ਕਰਨ ਵਾਲਾ ਨੁਕਤਾ ਇਹ ਹੈ ਕਿ ਉਪਨਿਸ਼ਦਾਂ ਦੇ ਦੌਰ ਅੰਦਰ ਹੀ ਵਕੋਵਾਕਿਆ ਪ੍ਰਣਾਲੀ ਨੂੰ ਨੀਵਾਂ ਦਿਖਾਉਣ ਦਾ ਰੁਝਾਣ ਭਾਰੂ ਹੋ ਗਿਆ ਸੀ। ਪਰ ਇਸ ਦੇ ਬਾਵਜੂਦ ਵੀ ਤਰਕ ਦਾ ਵਿਕਾਸ ਹੋਇਆ ਅਤੇ ਇਸ ਦੇ ਵਿਕਾਸ 'ਚ ਯੋਗਦਾਨ ਪਾਇਆ ਭਾਰਤੀ ਚਿਕਿਤਸਕਾਂ ਨੇ ਕਿਉਂਕਿ ਉਹਨਾਂ ਨੂੰ ਸਰੀਰ ਦੀ ਰਚਨਾ, ਸਰੀਰ ਦੀ ਕਾਰਜਸ਼ੀਲਤਾ, ਬਿਮਾਰੀਆਂ ਦੀ ਖਾਕੇ, ਬਿਮਾਰੀ ਹੋਣ ਦੇ ਕਾਰਨਾਂ, ਦਵਾਈਆਂ ਲਈ ਜੜ੍ਹੀਆਂ ਬੂਟੀਆਂ ਤੇ ਹੋਰ ਪਦਾਰਥਾਂ ਦੇ ਕਾਰਜਕਾਰੀ ਹੋਣ ਦੇ ਕਾਰਨਾਂ ਤੇ ਉਹਨਾਂ ਦੇ ਗੁਣ ਔਗਣਾਂ ਦੀ ਪਰਖ ਕਰਨੀ, ਰੁੱਤਾਂ ਦਾਲ ਸਰੀਰਕ ਤੰਦਰੁਸਤੀ ਨਾਲ ਸਬੰਧ ਅਤੇ ਬਿਮਾਰੀ ਦੇ ਭੇਤ ਜਾਣਨੇ, ਹੋਰ ਕਾਰਨਾਂ ਦੀ ਨਿਸ਼ਾਨਦੇਹੀ ਕਰਕੇ ਸਰੀਰ ਦੀ ਉਤਪਤੀ ਤੇ ਵਿਨਾਸ਼ ਦੇ ਵਿਗਿਆਨ ਨੂੰ ਜਾਨਣ ਲਈ ਉਹਨਾਂ ਚਿਕਿਤਸਕਾਂ ਨੂੰ ਪੈਰ ਪੈਰ 'ਤੇ ਆਪਣੇ ਅਧਿਐਨ 'ਚ ਵਕੋਵਾਕਿਆ ਵਿਧੀ ਦੀ ਜ਼ਰੂਰਤ ਬਹੁਤ ਅਹਿਮ ਸੀ। ਇਸੇ 'ਚੋਂ ਭਾਰਤੀ ਤਰਕ ਦਾ ਵਿਕਾਸ ਹੋਇਆ ਅਤੇ ਇਸੇ ਦਾ ਹੀ ਨਤੀਜਾ ਆਯੁਰਵੇਦ ਦੇ ਵੱਡ ਅਕਾਰੀ ਗ੍ਰੰਥ ਚਰਕ ਸੰਹਿਤਾ ਅਤੇ ਸੁਸ਼ਰੁਤ ਸੰਹਿਤਾ ਦੇ ਰੂਪ 'ਚ ਸਾਨੂੰ ਉਪਲਬਧ ਹੈ। ਬਹਿਸ ਭੇੜ, ਦਲੀਲਬਾਜ਼ੀ ਜਾਂ ਵਿਚਾਰ ਚਰਚਾ ਦਾ ਜ਼ਿਕਰ ਸਾਨੂੰ ਬਹੁਤ ਪ੍ਰਾਚੀਨ ਭਾਰਤੀ ਸਾਹਿਤ 'ਚ ਵੀ ਮਿਲਦਾ ਹੈ ਪਰ ਕਿਸੇ ਵੀ ਹੋਰ ਸਾਹਿਤ ਕਲਾ 'ਚ ਨਿਪੁੰਨਤਾ ਹਾਸਲ ਕਰਨ ਨੂੰ ਆਪਣੀ ਰੋਜੀ ਰੋਟੀ ਦੇ ਸਾਧਨ ਵਜੋਂ ਇੱਕ ਅਮਲੀ ਜ਼ਰੂਰਤ ਵਜੋਂ ਨਹੀਂ ਲਿਆ ਗਿਆ ਜਿਵੇਂ ਕਿ ਆਯੁਰਵੇਦ ਦੇ ਪ੍ਰਾਚੀਨ ਭਾਰਤੀ ਚਿਕਿਤਸਕਾਂ ਨੇ ਇਸ ਨੂੰ ਅਪਣਾਇਆ ਅਤੇ ਵਿਕਸਤ ਕੀਤਾ। ਨਿਆਯਾ ਵੈਸ਼ੇਸ਼ਿਕ ਤੇ ਸਾਂਖ ਫਲਸਫ਼ਿਆਂ ਨੂੰ ਪ੍ਰਣਾਏ ਇਹ ਦੋਵੇਂ ਉਪਰੋਕਤ ਗ੍ਰੰਥ ਭਾਰਤੀ ਫਲਸਫ਼ੇ ਦੇ ਮੁਢਲੇ ਲਿਖਤੀ ਸਬੂਤ ਹਨ।

ਇੱਥੇ ਹੀ ਸਾਨੂੰ ਅਮਲ ਦੇ ਅਸਲੀ ਪਰਖ ਕਸਵੱਟੀ ਹੋਣ ਦੇ ਸਿਧਾਂਤ ਦੀ ਮਜ਼ਬੂਤੀ ਦਾ ਪਤਾ ਲਗਦਾ ਹੈ। ਇਸੇ ਸਿਧਾਂਤ 'ਤੇ ਪੱਕੇ ਪੈਰੀਂ ਪਹਿਰਾ ਦਿੰਦੇ ਹੋਏ ਭਾਰਤ ਦੇ ਸਭ ਤੋਂ ਵਧੇਰੇ ਦ੍ਰਿੜ ਪਦਾਰਥਵਾਦੀ-ਲੋਕਾਯਾਤ ਵੱਲੋਂ ਬ੍ਰਾਹਮਣਾ ਗ੍ਰੰਥਾਂ ਵਿਚਲੀ ਸ੍ਰਿਸ਼ਟੀ ਦੀ ਉਤਪਤੀ ਦੇ ਸਿਧਾਂਤ ਦੇ ਬਿਲਕੁਲ ਉਲਟ ਪਦਾਰਥ ਤੇ ਚੇਤਨਾ ਵਿਚਲੇ ਸਬੰਧ ਸਥਾਪਤ ਕਰਨ ਅਤੇ ਚੇਤਨਾ ਦੇ ਪਦਾਰਥ 'ਚੋਂ ਉਪਜੀ ਹੋਣ ਦੇ ਸੰਕਲਪ ਨੂੰ ਸਾਹਮਣੇ ਲਿਆਉਣ ਅਤੇ ਦ੍ਰਿੜਤਾ ਨਾਲ ਇਸ 'ਤੇ ਪਹਿਰਾ ਦੇਣ ਦੀ ਗੱਲ ਦਿਸਦੀ ਹੈ।

"ਲੋਕਾਯਾਤਾਂ ਦੇ ਨਜ਼ਰੀਏ ਮੁਤਾਬਕ ਚੇਤਨਾ ਦਾ ਕਾਰਨ ਪਦਾਰਥ ਦੀ ਇੱਕ ਅਸਧਾਰਨ ਕਿਸਮ ਦੀ ਰੂਪ ਬਦਲੀ ਹੈ। ਇਸ ਰੂਪ ਬਦਲੀ ਬਾਰੇ ਅਸਧਾਰਨ ਗੱਲ ਇਹ ਹੈ ਕਿ ਸਿਫ਼ਤੀ ਤੌਰ 'ਤੇ ਕਿਸੇ ਨਵੀਂ ਚੀਜ਼ ਦੀ ਉਤਪਤੀ ਹੁੰਦੀ ਹੈ-ਯਾਨੀ ਚੇਤਨਾ ਦੇ ਵਰਤਾਰੇ ਦੀ ਉਤਪਤੀ। ਭਾਵੇਂ ਚੇਤਨਾ ਦਾ ਇਹ ਵਰਤਾਰਾ ਅਸਧਾਰਨ ਕਿਸਮ ਦਾ ਹੈ ਪਰ ਕੁਦਰਤ ਦੇ ਨਿਯਮਾਂ ਅਨੁਸਾਰ ਹੋਏ ਪਦਾਰਥ ਦੀ ਰੂਪ ਬਦਲੀ ਦੀ ਆਮ ਮਿਸਾਲ ਦੇ ਪੱਖ ਤੋਂ ਇਹ ਕਿਸੇ ਤਰ੍ਹਾਂ ਵੀ ਰਹੱਸਮਈ ਵਰਤਾਰਾ ਨਹੀਂ ਹੈ।...ਇਸ ਸਬੰਧੀ ਉਹ ਗੁੜ ਪਾਣੀ ਅਤੇ ਹੋਰ ਪਦਾਰਥਾਂ ਆਦਿ ਤੋਂ ਪੈਦਾ ਹੋਣ ਵਾਲੇ ਪਦਾਰਥ 'ਚ ਮਦਸ਼ਕਤੀ ਹੋਣ ਦੀ ਮਿਸਾਲ ਦਿੰਦੇ ਹਨ।"

ਪਦਾਰਥ ਤੇ ਚੇਤਨਾ ਦੇ ਰਿਸ਼ਤੇ ਨੂੰ ਹਰ ਸਪੱਸ਼ਟ ਕਰਨ ਲਈ ਲੋਕਾਯਾਤਾਂ ਦੀ ਦਲੀਲ ਹੈ ਕਿ ਜਦੋਂ ਸਰੀਰ ਰਿਸ਼ਟ ਪੁਸ਼ਟ ਹੁੰਦਾ ਹੈ ਤਾਂ ਇਹ ਸੁਧਰੀ ਹੋਈ ਚੇਤਨਾ ਦਾ ਇਜ਼ਹਾਰ ਕਰਦਾ ਹੈ। ਇਸ ਦੇ ਉਲਟ ਜਦੋਂ ਸਰੀਰ ਨੂੰ ਖੁਰਾਕ ਘੱਟ ਮਿਲਦੀ ਹੈ ਜਾਂ ਬਿਲਕੁਲ ਨਹੀਂ ਮਿਲਦੀ ਤਦ ਸਰੀਰ ਦੀ ਚੇਤਨਾ'ਚ ਵਿਗਾੜ ਪੈਣ (ਦਿਮਾਗ ਦੇ ਘਾਉਂ-ਮਾਉਂ ਹੋਣ) ਦਾ ਇਜ਼ਹਾਰ ਹੁੰਦਾ ਹੈ।

ਲੇਖਕ ਨੇ ਇਸ ਸ਼ਾਹਕਾਰ ਰਚਨਾ ਦੇ ਅੰਤਮ ਭਾਗ "ਮੁਕਤੀ ਦਾ ਮਸਲਾ" ਨੂੰ ਹੱਥ 'ਚ ਲੈਣ ਤੋਂ ਪਹਿਲਾਂ ਕੁੱਝ ਹੋਰ "ਸਬੰਧਿਤ ਮਸਲੇ" ਨਾਮੀ ਅਧਿਆਇ 'ਚ ਬੁੱਧਵਾਦ ਦੇ ਦਵੰਦਵਾਦੀ ਨਜ਼ਰੀਏ, ਇਸ ਦੇ ਛਿਨਭੰਗਰਤਾ ਦੇ ਸਿਧਾਂਤ, ਕਾਰਨ ਤੇ ਤਬਦੀਲੀ, ਸਮਾਜ ਸ਼ਾਸਤਰ, ਨਿਜੀ ਜਾਇਦਾਦ ਆਦਿ ਬਾਰੇ ਚਾਨਣ ਪਾਉਂਦਿਆਂ ਆਤਮਾ ਦੇ ਖੰਡਨ 'ਚ ਬੋਧੀਆਂ ਦੇ ਵਿਚਾਰ ਨੂੰ ਇਉਂ ਦਰਸਾਇਆ ਹੈ

"ਇਹ ਨਜ਼ਰੀਆ ਕਿ ਛੋਟੇ ਤੋਂ ਛੋਟੇ ਤੋਂ ਲੈ ਕੇ ਵੱਡੇ ਤੋਂ ਵੱਡੇ ਤੱਤ ਤੱਕ, ਰੇਤ ਦੇ ਕਿਣਕੇ ਤੋਂ ਲੈ ਕੇ ਸੂਰਜਾਂ ਤੱਕ, ਇੱਕ ਸੈਲ ਵਾਲੇ ਜੀਵ ਤੋਂ ਲੈ ਕੇ ਮਨੁੱਖ ਤੱਕ, ਸਾਰੀ ਹੀ ਕੁਦਰਤ ਦੀ ਹੋਂਦ ਲਗਾਤਾਰ ਹੋਂਦ ਵਿੱਚ ਆਉਣ ਅਤੇ ਖ਼ਤਮ ਹੋਣ ਵਿੱਚ, ਇੱਕ ਨਿਰੰਤਰ ਵਹਾਅ ਵਿੱਚ, ਬੇਰੋਕ ਗਤੀ ਅਤੇ ਤਬਦੀਲੀ ਵਿੱਚ ਹੈ।"

ਛਿਨਭੰਗਰੁਤਾ ਦੇ ਸਿਧਾਂਤ ਬਾਰੇ

ਕਿਹਾ ਗਿਆ ਹੈ ਕਿ ਇਸ ਅਨੁਸਾਰ ਚਿਰਕਾਲੀ ਵਜੂਦ 'ਚ ਸਥਿਰਤਾ ਦੇਖਣਾ ਇੱਕ ਭਰਮ ਮਾਤਰ ਹੈ।

ਇਸੇ 'ਚ ਹੀ ਕਾਰਨਤਾ ਬਾਰੇ ਗੱਲ ਕਰਦਿਆਂ ਕਿਹਾ ਗਿਆ ਹੈ ਕਿ ਹੋਂਦ ਵਿੱਚ ਆਉਣਾ ਜਾਂ ਨਾ-ਆਉਣਾ ਪ੍ਰਭਾਵਾਂ (ਪਰਿਣਾਮਾਂ) ਦੀ ਆਪਣੀ ਇੱਛਾ ਅਨੁਸਾਰ ਨਹੀਂ ਵਾਪਰਦਾ; ਦਰਅਸਲ ਉਨ੍ਹਾਂ ਦਾ ਹੋਂਦ ਵਿੱਚ ਆਉਣਾ ਜਾਂ ਨਾ-ਆਉਣਾ, ਕਾਰਨ ਦੀ ਮੌਜੂਦਗੀ ਜਾਂ ਗ਼ੈਰ-ਮੌਜੂਦਗੀ ਉੱਪਰ ਨਿਰਭਰ ਕਰਦਾ ਹੈ। ਜੇਕਰ ਕੋਈ ਚੀਜ਼ ਦੂਸਰੀਆਂ ਸਭ ਚੀਜ਼ਾਂ ਦਾ ਕਾਰਨ ਹੋਣ ਵਜੋਂ ਆਪਣੇ ਸਥਾਈ ਰੂਪ ਵਿੱਚ ਹਮੇਸ਼ਾ ਤੋਂ ਹੀ ਮੌਜੂਦ ਹੈ ਤਾਂ ਅਜਿਹਾ ਕਿਉਂ ਹੁੰਦਾ ਹੈ ਕਿ ਸਾਰੇ ਪ੍ਰਭਾਵ (effects) ਇੱਕੋ ਹੀ ਸਮੇਂ 'ਤੇ ਪੈਦਾ ਕਿਉਂ ਨਹੀਂ ਹੁੰਦੇ ਕਿਉਂਕਿ ਉਨ੍ਹਾਂ ਪ੍ਰਭਾਵਾਂ ਦੀ ਹੋਂਦ ਉਸ ਕਾਰਨ ਦੀ ਸਿਰਫ਼ ਮੌਜੂਦਗੀ ਮਾਤਰ ਉੱਪਰ ਹੀ ਨਿਰਭਰ ਮੰਨੀ ਜਾਂਦੀ ਹੈ? ਅਤੇ ਇਹ ਪ੍ਰਭਾਵ ਸਿਲਸਿਲੇਵਾਰ ਕਰਮ ਵਿੱਚ ਕਿਉਂ ਉਜਾਗਰ ਹੁੰਦੇ ਹਨ ਭਾਵ ਇੱਕ ਦੇ ਬਾਅਦ ਦੂਸਰਾ। ਬਾਅਦ ਦੇ ਕਰਮ ਵਿੱਚ ਆਉਣ ਵਾਲੇ ਪ੍ਰਭਾਵ ਨੂੰ ਵੀ ਪਹਿਲੇ ਕਰਮ ਉੱਪਰ ਪ੍ਰਗਟ ਹੋਣਾ ਚਾਹੀਦਾ ਸੀ, ਕਿਉਂਕਿ ਉਸ ਪ੍ਰਭਾਵ ਦਾ ਕਾਰਨ ਆਪਣੇ ਪੂਰੇ ਮੁਕਤ ਰੂਪ ਵਿੱਚ ਪਹਿਲਾਂ ਤੋਂ ਹੀ ਮੌਜੂਦ ਹੋਵੇਗਾ।"

ਭਾਰਤੀ ਸਮਾਜ ਅੰਦਰ ਆਪਣਾ ਮੱਕੜਜਾਲ ਵਿਛਾਈ ਬੈਠੀਆਂ ਕੋਝੀਆਂ ਅਲਾਮਤਾਂ 'ਚੋ ਨਿਕਲਣ ਲਈ ਭਾਵ ਹਕੀਕੀ ਰੂਪ 'ਚ ਮੁਕਤ ਹੋਣ ਲਈ ਲੇਖਕ ਨੇ "ਮੁਕਤੀ ਦਾ ਮਸਲਾ" ਨਾਮੀ ਅੰਤਮ ਅਧਿਆਇ 'ਚ ਆਪਣੇ ਮਨਸ਼ੇ ਨੂੰ ਪੂਰਨ ਰੂਪ 'ਚ ਜਾਹਰ ਕਰ ਦਿੱਤਾ ਹੈ ਕਿਉਂਕਿ ਪੱਛਮੀ ਮੁਲਕਾਂ ਦੇ ਪ੍ਰਚਾਰ ਅਨੁਸਾਰ ਵੀ ਅਤੇ ਭਾਰਤ ਦੇ ਸਰਕਾਰੀ ਪ੍ਰਚਾਰ ਤੰਤਰ ਰਾਹੀਂ ਵੀ ਲਗਾਤਾਰ ਇਹ ਪ੍ਰਚਾਰ ਕੀਤਾ ਜਾਂਦਾ ਹੈ ਕਿ ਭਾਰਤ ਅਧਿਆਤਮਕਤਾ ਦਾ ਕੇਂਦਰ ਹੈ, ਅਧਿਆਤਮਕ ਸ਼ਾਂਤੀ ਦਾ ਅਧਿਆਤਮਕ ਮੁਕਤੀ ਦਾ ਰਾਹ ਹੀ ਭਾਰਤ ਦੀ ਸੱਭਿਆਚਾਰਕ ਵਿਰਾਸਤ ਹੈ। ਇਸ ਦੇ ਉਲਟ ਲੇਖਕ ਸਹੀ ਪਰਿਪੇਖ 'ਚ ਰੱਖਕੇ ਭਾਰਤੀ ਵਿਚਾਰਵਾਦੀਆਂ ਦੀ ਗਿਣਤੀ ਦੀ ਤੁਲਨਾਤਮਕ ਸਮੀਖਿਆ ਵਿਚਾਰਵਾਦ ਵਿਰੋਧੀ ਪੈਂਤੜੇ ਦੇ ਫਲਾਸਫ਼ਰਾਂ ਦੀ ਕਿਤੇ ਵਧੇਰੇ ਗਿਣਤੀ 'ਚ ਹੋਣ ਵਜੋਂ ਕੀਤੀ ਹੈ ਅਤੇ ਕਿਹਾ ਹੈ ਕਿ

"ਸਾਡੀਆਂ ਅਜੋਕੀਆਂ ਦਾਰਸ਼ਨਿਕ ਲੋੜਾਂ ਦੇ ਮੱਦੇ ਨਜ਼ਰ ਭਾਰਤੀ ਦਰਸ਼ਨ ਦੀ ਇੱਕ ਹੋਰ ਪ੍ਰਮੁੱਖ ਵਿਸ਼ੇਸ਼ਤਾ ਬਾਰੇ ਚਰਚਾ ਕੀਤੇ ਬਗ਼ੈਰ ਸਾਡੀ ਇਹ ਬਹਿਸ ਅਧੂਰੀ ਰਹੇਗੀ। ਭਾਰਤੀ ਦਰਸ਼ਨ ਦੀ ਇਹ ਵਿਸ਼ੇਸ਼ਤਾ ਸਾਡੇ ਫ਼ਿਲਾਸਫ਼ਰਾਂ ਦੀ ਸਫਲਤਾ ਦੀ ਸੂਚਕ ਨਹੀਂ ਸਗੋਂ ਉਨ੍ਹਾਂ ਦੀ ਨਾਕਾਮੀ ਦੀ ਸੂਚਕ ਹੈ। ਇਹ ਅਸਫਲਤਾ ਮੁਕਤੀ ਬਾਰੇ ਸਾਰਥਕ ਸਮਝ ਵਿਕਸਿਤ ਨਾ ਕਰ ਸਕਣ ਦੇ ਸਬੰਧ ਵਿੱਚ ਹੈ। ਤਰਾਸਦੀ ਇਹ ਹੈ ਕਿ ਮੁਕਤੀ ਵਾਲੇ ਜਿਸ ਪੱਖ ਤੋਂ ਭਾਰਤੀ ਫ਼ਿਲਾਸਫ਼ਰ ਸੱਚਮੁੱਚ ਫੇਲ੍ਹ ਹੋਏ, ਉਸੇ ਪੱਖ ਨੂੰ ਹੀ ਉਨ੍ਹਾਂ ਦੀ ਕਲਪਿਤ ਸਫਲਤਾ ਬਣਾ ਕੇ ਖੂਬ ਸਲਾਹਿਆ ਜਾਂਦਾ ਹੈ ਅਤੇ ਇਸ ਸਫਲਤਾ ਨੂੰ ਬਹੁਤ ਪ੍ਰਚਾਰਿਆ ਵੀ ਜਾਂਦਾ ਹੈ।

ਅਜਿਹੇ ਪ੍ਰਚਾਰ ਦਾ ਨਤੀਜਾ ਸਿਧਾਂਤਕ ਗੰਧਲ ਚੌਂਦੇਂ ਤੋਂ ਵੀ ਵੱਧ ਭੈੜਾ ਨਿਕਲਦਾ ਹੈ। ਮੁਕਤੀ ਦੇ ਸੰਕਲਪ ਬਾਰੇ ਅਜਿਹਾ ਪ੍ਰਚਾਰ ਇੱਕ ਭਰਮ ਸਿਰਜਦਾ ਹੈ ਅਤੇ ਇਹ ਭਰਮ ਪਰਜਾ ਦੀ ਚੇਤਨਾ ਨੂੰ ਮੋਂਹਦਾ ਹੈ। ਮੁਕਤੀ ਪ੍ਰਤੀ ਅਜਿਹੀ ਖਿੱਚ ਨੂੰ ਤੋੜਨਾ ਪੈਣਾ ਹੈ। ਪਰ ਇਹ ਖਿੱਚ ਸਿਰਫ਼ ਬੇਰੁਖੀ ਅਤੇ ਨਫ਼ਰਤ ਕਰਨ ਨਾਲ ਹੀ ਨਹੀਂ ਤੋੜੀ ਜਾ ਸਕਦੀ ਅਤੇ ਨਾ ਹੀ ਸਿਰਫ਼ ਘ੍ਰਿਣਾ ਕਰਨ ਨਾਲ ਇਹਨਾਂ ਘਿਨਾਉਣੇ ਹਾਲਾਤਾਂ ਉੱਪਰ ਕਾਬੂ ਪਾਇਆ ਜਾ ਸਕਦਾ ਹੈ। ਸਾਨੂੰ ਰਵਾਇਤੀ ਫ਼ਿਲਾਸਫ਼ਰਾਂ ਦੀ ਇਸ ਅਸਫਲਤਾ ਨੂੰ ਸਮਝਣਾ ਪਵੇਗਾ, ਜੋ ਅਸੀਂ ਉਨ੍ਹਾਂ ਅਸਲੀ ਕਾਰਕਾਂ (factors) ਨੂੰ ਸਮਝਣ ਦੇ ਰੂਪ 'ਚ ਕਰ ਸਕਦੇ ਹਾਂ ਜਿਹੜੇ ਕਾਰਕ ਇਨ੍ਹਾਂ ਫ਼ਿਲਾਸਫ਼ਰਾਂ ਦੇ ਮਾਨਸਿਕ ਦਿਸਹੱਦਿਆਂ ਦੀ ਸੀਮਾ ਤੈਅ ਕਰਦੇ ਸਨ। ਫਿਰ ਹੀ ਅਸੀਂ ਉਨ੍ਹਾਂ ਫ਼ਿਲਾਸਫ਼ਰਾਂ ਤੋਂ ਰਹਿ ਗਈਆਂ ਘਾਟਾਂ-ਕਮਜ਼ੋਰੀਆਂ ਤੋਂ ਸਬਕ ਸਿੱਖ ਕੇ ਆਪਣੀਆਂ ਮੌਜੂਦਾ ਹਾਲਾਤਾਂ ਮੁਤਾਬਕ ਮੁਕਤੀ ਦੇ ਹਾਂਦਰੂ ਸੰਕਲਪ ਵੱਲ ਅੱਗੇ ਵਧ ਸਕਾਂਗੇ...

ਵਿਚਾਰਵਾਦੀਆਂ ਦਾ ਮੁਕਤੀ ਯਾਨੀ ਕਿ ਬਿਹਤਰ ਸਮਾਜ ਸਿਰਜਣ ਦਾ ਸੰਕਲਪ ਭਰਮ ਦੇ ਦਾਇਰੇ ਅੰਦਰ ਰਹਿਕੇ ਹੀ ਸਮਾਜ ਸਿਰਜਣ ਤੋਂ ਹੈ। ਇਸ ਲਈ ਵਿਚਾਰਵਾਦੀ ਚਿੰਤਕ ਇਹ ਸੋਚਦਾ ਹੈ ਕਿ ਭੌਤਿਕ ਸੰਸਾਰ ਦੇ ਮਾਮਲਿਆਂ 'ਚ ਦਖ਼ਲ ਦੇਣ ਦੀ ਕੋਸ਼ਿਸ਼ ਕਰਨ ਦੀ ਬਜਾਏ ਇਸ ਸੰਸਾਰ ਪ੍ਰਤੀ ਆਪਣੇ ਮਾਨਸਿਕ ਰਵੱਈਏ ਨੂੰ ਹੀ ਤਬਦੀਲ ਕਰ ਲਿਆ ਜਾਵੇ। ਯਾਨੀ ਕਿ ਠੀਕ ਠੀਕ ਸ਼ਬਦਾਂ ਵਿੱਚ ਕਹਿਣਾ ਹੋਵੇ ਤਾਂ ਮੁਕਤੀ ਮਨੁੱਖ ਲਈ ਨਹੀਂ ਸਗੋਂ ਮਨੁੱਖ ਖ਼ੁਦ ਹੀ ਮੁਕਤੀ ਹੈ...

ਭਾਰਤੀ ਵਿਚਾਰਵਾਦ ਦੇ ਵਿਰੋਧੀਆਂ ਵਿੱਚੋਂ ਲੋਕਾਯਾਤ ਹੀ ਇੱਕੋ-ਇੱਕ ਅਜਿਹੇ ਫਿਲਾਸਫਰ ਹਨ ਜਿਹੜੇ ਆਤਮਾ ਅਤੇ ਇਸ ਦੀ ਮੁਕਤੀ ਦੇ ਵਿਚਾਰਵਾਦੀ ਨਜ਼ਰੀਏ ਨੂੰ ਪੂਰੀ ਤਰ੍ਹਾਂ ਰੱਦ ਕਰਦੇ ਹਨ। ਆਪਣੀ ਸੁਭਾਵਿਕ ਸਾਦਗੀ ਨਾਲ ਉਹ ਐਲਾਨ ਕਰਦੇ ਹਨ ਕਿ ਮੁਕਤੀ ਬਾਰੇ ਸਾਰੀ ਗੱਲਬਾਤ ਜਿਵੇਂ ਕਿ ਸਵਰਗ ਦਾ ਹੋਣਾ ਅਤੇ ਆਤਮਾ ਦਾ ਪ੍ਰਵਾਸ ਕਰਨਾ ਆਦਿ ਮਹਿਜ਼ ਇੱਕ ਕਲਪਿਤ ਕਥਾ ਹੈ। ਸਵਰਗ ਤੇ ਮੁਕਤੀ ਨਾਂਅ ਦੀ ਕੋਈ ਚੀਜ਼ ਨਹੀਂ ਹੈ ਅਤੇ ਕੋਈ ਆਤਮਾ ਕਿਸੇ ਦੂਸਰੇ ਸੰਸਾਰ ਵੱਲ ਨੂੰ ਪ੍ਰਵਾਸ ਨਹੀਂ ਕਰਦੀ: ਨਾ ਸਵਰਗੋ ਨਾ ਪਾਵਰਗੋ ਵਾ ਨੈਵਆਤਮਾ ਪਰਲੌਕੀਕਾਅ...

ਇਸ ਤਰ੍ਹਾਂ ਆਤਮਾ ਦੇ ਸੰਕਲਪ ਨੂੰ ਰੱਦ ਕਰਦੇ ਹੋਏ ਲੋਕਾਯਾਤ ਜ਼ਿੰਦਗੀ ਤੋਂ ਟਾਲਾ ਵੱਟਣ ਦੀ ਬਜਾਏ ਸਗੋਂ ਇਸ ਨੂੰ ਮਾਨਣ ਦੀ ਗੱਲ ਕਰਦੇ ਹਨ। ਜਦ ਇੱਕ ਤਰਫ਼ ਦੂਸਰੇ ਮੱਤ 'ਅਮਰ ਹੋਣ' ਤੋਂ ਪਹਿਲਾਂ ਵਾਲੀ ਦੁੱਖਮਈ ਜ਼ਿੰਦਗੀ ਨੂੰ ਘੜੀ-ਮਾਤਰ ਹੀ ਸਮਝਦੇ ਹਨ, ਤਦ ਦੂਸਰੀ ਤਰਫ਼ ਲੋਕਾਯਾਤ ਹੀ ਇੱਕੋ-ਇੱਕ ਅਜਿਹੇ ਭਾਰਤੀ ਫ਼ਿਲਾਸਫ਼ਰ ਹਨ ਜਿਹੜੇ ਮਨੁੱਖੀ-ਜਾਨਦਾਰ-ਪ੍ਰਾਣੀਆਂ ਦੇ ਰੂਪ 'ਚ ਮਿਲੀ ਸੰਖੇਪ ਜਿਹੀ ਜ਼ਿੰਦਗੀ ਦਾ ਵੱਧ ਤੋਂ ਵੱਧ ਲੁਤਫ਼ ਲੈਣ ਉੱਪਰ ਜ਼ੋਰ ਦਿੰਦੇ ਹਨ। ਉਨ੍ਹਾਂ ਮੁਤਾਬਕ ਇਸ ਗੱਲ ਦੀ ਕੋਈ ਤੁਕ ਨਹੀਂ ਬਣਦੀ ਕਿ ਇਸ ਜ਼ਿੰਦਗੀ ਪ੍ਰਤੀ ਐਨਾ ਢਾਹੂ ਨਜ਼ਰੀਆ ਅਪਣਾਇਆ ਜਾਵੇ ਕਿ ਦੁੱਖਾਂ ਤੋਂ ਬਚਣ ਦਾ ਇੱਕੋ-ਇੱਕ ਰਸਤਾ, ਇਸ ਦਾ ਜਿੰਦਗੀ ਹੋਣ ਵਜੋਂ ਹੀ ਖੰਡਨ ਕਰਨਾ ਕਲਪਿਆ ਜਾਵੇ।"

ਇਉਂ ਲੇਖਕ ਨੇ ਭਾਰਤੀ ਫਲਸਫ਼ੇ 'ਚ ਵਿਚਾਰਵਾਦ ਦੇ ਵਿਰੋਧ 'ਚ ਲਗਾਤਾਰ ਇਸ ਦੇ ਟਕਰਾਅ 'ਚ ਆਉਂਦੇ ਪਦਾਰਥਵਾਦੀ ਨਜ਼ਰੀਏ ਦੀ ਨਿਸ਼ਾਨਦੇਹੀ ਕੀਤੀ ਹੈ ਅਤੇ ਅੱਜ ਦੇ ਭਾਰਤ ਦੇ ਸੰਦਰਭ 'ਚ ਮੁਕਤੀ ਦੇ ਅਸਲੀ ਸੰਕਲਪ ਵੱਲ ਸਾਡਾ ਧਿਆਨ ਖਿੱਚਿਆ ਹੈ:-

"ਸੰਸਾਰ ਫ਼ਲਸਫ਼ੇ ਦੇ ਇਤਿਹਾਸ ਵਿੱਚ ਮੁਕਤੀ ਦੇ ਸਾਰਥਕ ਸੰਕਲਪ ਦੀ ਪਹਿਲੀ ਝਲਕ ਆਧੁਨਿਕ ਵਿਗਿਆਨ ਦੇ ਦੋ ਪੈਗੰਬਰਾਂ ਤੇ ਪ੍ਰਚਾਰਕਾਂ-ਬੇਕਿਨ ਤੇ ਡਿਸਕਾਰਟੇ- ਨੇ ਦਿਖਾਈ। ਇਸ ਨਵੇਂ ਦਿਸਹੱਦੇ ਲਈ ਉਨ੍ਹਾਂ ਨੂੰ ਜਿਸ ਚੀਜ਼ ਨੇ ਪ੍ਰੇਰਿਤ ਕੀਤਾ ਉਹ ਸੀ ਉਸ ਦੌਰ ਦੌਰਾਨ ਵਪਾਰੀਆਂ, ਜਹਾਜ਼ ਚਾਲਕਾਂ, ਕਾਰਖਾਨੇਦਾਰਾਂ ਅਤੇ ਰਾਜ ਨੇਤਾਵਾਂ-ਸੰਖੇਪ ਵਿੱਚ ਆਰੰਭਿਕ ਕਾਲ ਦੀ ਅਗਾਂਹਵਧੂ ਬੁਰਜੁਆਜ਼ੀ-ਦੀ ਅਗਵਾਈ ਹੇਠ ਹੋ ਰਹੀ ਸਮਾਜਕ ਤਬਦੀਲੀ ਦੇ ਅਮਲ ਵਿੱਚ ਵਿਗਿਆਨ ਵੱਲੋਂ ਸੰਭਾਲੀ ਗਈ ਨਵੀਂ ਭੂਮਿਕਾ: "ਇਸ ਤੋਂ ਇਲਾਵਾ ਮੱਧ-ਵਰਗ ਦੇ ਸਮਾਨੰਤਰ ਉਭਾਰ ਨੇ ਵੀ ਵਿਗਿਆਨ ਦੇ ਮੁੜ-ਉਭਾਰ ਨੂੰ ਹੁਲਾਰਾ ਦਿੱਤਾ; ਤਾਰਾ-ਵਿਗਿਆਨ, ਮਸ਼ੀਨੀ ਵਿਗਿਆਨ, ਭੌਤਿਕ-ਵਿਗਿਆਨ, ਸਰੀਰ-ਵਿਗਿਆਨ, ਸਰੀਰ-ਕਿਰਿਆ-ਵਿਗਿਆਨ ਨੂੰ ਮੁੜ ਤੋਂ ਖੋਜਿਆ ਗਿਆ। ਅਤੇ ਸਨਅਤੀ ਪੈਦਾਵਾਰ ਦੇ ਵਿਕਾਸ ਲਈ ਬੁਰਜੁਆਜ਼ੀ ਨੂੰ ਅਜਿਹੇ ਵਿਗਿਆਨ ਦੀ ਜ਼ਰੂਰਤ ਸੀ ਜਿਹੜਾ ਕੁਦਰਤੀ ਵਸਤਾਂ ਦੇ ਭੌਤਿਕ ਗੁਣਾਂ ਨੂੰ ਅਤੇ ਕੁਦਰਤੀ ਤਾਕਤਾਂ ਦੇ ਰੱਦੋ-ਅਮਲ ਦੇ ਦਸਤੂਰਾਂ ਨੂੰ ਤਹਿ ਕਰੇ। ਉਸ ਸਮੇਂ ਤੱਕ ਵਿਗਿਆਨ ਚਰਚ, (ਧਰਮ ਆਸਥਾ) ਦਾ ਇੱਕ ਨਿਮਾਣਾ ਨੌਕਰ ਬਣ ਕੇ ਚਲ ਰਿਹਾ ਸੀ ਅਤੇ ਇਸ ਨੂੰ ਆਸਥਾ ਵੱਲੋਂ ਤਹਿ ਕੀਤੀਆਂ ਹੱਦਬੰਦੀਆਂ ਨੂੰ ਉਲੰਘਣ ਦੀ ਇਜਾਜ਼ਤ ਨਹੀਂ ਸੀ ਜਿਸ ਕਾਰਨ ਅਸਲ ਵਿੱਚ ਇਹ ਵਿਗਿਆਨ ਹੈ ਹੀ ਨਹੀਂ ਸੀ। ਵਿਗਿਆਨ ਨੇ ਚਰਚ (ਧਰਮ-ਆਸਥਾ) ਵਿਰੁੱਧ ਬਗ਼ਾਵਤ ਕੀਤੀ ਅਤੇ ਕਿਉਂਕਿ ਬੁਰਜੁਆਜ਼ੀ ਨੂੰ ਵਿਗਿਆਨ ਬਿਨਾਂ ਸਰਦਾ ਨਹੀਂ ਸੀ, ਇਸ ਲਈ ਇਸ ਬਗ਼ਾਵਤ ਵਿੱਚ ਬੁਰਜੁਆਜ਼ੀ ਨੂੰ ਸ਼ਾਮਲ ਹੋਣਾ ਪਿਆ।"

ਦਵੰਦਵਾਦੀ ਪਦਾਰਥਵਾਦ ਨੂੰ ਪ੍ਰਣਾਏ ਹੋਏ ਦੇਵੀ ਪ੍ਰਸਾਦ ਚਟੋਪਾਧਿਯਾ ਇਉਂ ਮੁਕਤੀ ਮਾਰਗ ਦੀ ਤਲਾਸ਼ ਕਰਦਿਆਂ ਭਾਰਤੀ ਲੋਕਾਂ ਦੀ ਹੋਣੀ ਨੂੰ ਇਸ ਢੰਗ ਨਾਲ ਆਪਣੀ ਸ਼ਾਹਕਾਰ ਰਚਨਾ ਦੇ ਸਿਖਰਲੇ ਪੜਾਅ 'ਤੇ ਬਿਆਨ ਕਰਦਾ ਹੈ:-

"ਇਸ ਤਰ੍ਹਾਂ ਅਸੀਂ ਫਿਰ ਇਸ ਹੱਥਲੀ ਰਚਨਾ ਦੇ ਮੁੱਖ ਵਿਸ਼ੇ ਵੱਲ ਮੁੜ ਆਉਂਦੇ ਹਾਂ ਕਿਉਂਕਿ ਰਵਾਇਤੀ ਭਾਰਤੀ ਚਿੰਤਨ ਵਿੱਚ ਜੋ ਕੁੱਝ ਵੀ ਉਸਾਰੂ ਹੈ, ਉਸ ਨੂੰ ਮੁਲਕ ਦੇ ਕਿਰਤੀ ਲੋਕਾਂ ਵੱਲੋਂ ਬਹੁਤ ਹੀ ਜੋਸ਼-ਖਰੋਸ਼ ਨਾਲ ਵਿਰਾਸਤ ਵਜੋਂ ਗ੍ਰਹਿਣ ਕੀਤਾ ਜਾ ਸਕਦਾ ਹੈ ਅਤੇ ਓਨੇ ਹੀ ਜੋਸ਼-ਖਰੋਸ਼ ਨਾਲ ਇਸ ਚਿੰਤਨ ਦੇ ਭਟਕਾਊ ਅੰਸ਼ਾਂ ਨੂੰ ਰੱਦ ਕਰ ਦੇਣਾ ਚਾਹੀਦਾ ਹੈ। ਇਹ ਅਸਲ ਵਿੱਚ ਮੁਲਕ ਦੀ ਹੋਣੀ ਅੰਦਰ ਤਬਦੀਲੀ ਲਿਆਉਣ ਨਾਲ ਸਬੰਧਿਤ ਉਨ੍ਹਾਂ ਦੇ ਮਹਾਨ ਇਤਿਹਾਸਕ ਮਿਸ਼ਨ ਦਾ ਹੀ ਹਿੱਸਾ ਹੈ। ਇਸ ਮਕਸਦ ਦੀ ਪੂਰਤੀ ਲਈ ਸੱਚ ਖਾਤਰ ਲੜਨਾ ਪੈਣਾ ਹੈ ਜਿਸ ਲਈ ਬਹੁਤ ਜੋਸ਼ ਅਤੇ ਨਿਡਰਤਾ ਦੀ ਲੋੜ ਹੈ ਅਤੇ ਅਜਿਹਾ ਜੋਸ਼ ਤੇ ਨਿੱਡਰਤਾ ਕਿਰਤੀ-ਜਮਾਤ ਦੀ ਲਹਿਰ ਤੋਂ ਇਲਾਵਾ ਕਿਤੇ ਹੋਰ ਨਹੀਂ ਮਿਲਦੀ ਕਿਉਂਕਿ ਦੂਸਰੀਆਂ ਜਮਾਤਾਂ ਅਕਸਰ ਕਈ ਹੋਰਨਾਂ ਗਿਣਤੀਆਂ-ਮਿਣਤੀਆਂ 'ਚ ਉਲਝੀਆਂ ਰਹਿੰਦੀਆਂ ਹਨ ਜਿਸ ਕਾਰਨ ਉਨ੍ਹਾਂ ਵਿੱਚ ਸਮਝੌਤਾ-ਕਰੂ ਰੁਚੀਆਂ ਪੈਦਾ ਹੋ ਜਾਂਦੀਆਂ ਹਨ। ਇਸ ਦੇ ਉਲਟ ਬੀਤੇ ਦੇ ਸਾਡੇ ਮਹਾਨ ਚਿੰਤਕਾਂ ਵੱਲੋਂ ਮਨੁੱਖੀ ਰਿਸ਼ਤਿਆਂ ਸਮੇਤ ਕੁਦਰਤ ਨੂੰ ਸਮਝਣ ਅਤੇ ਇਸ ਉੱਪਰ ਮੁਹਾਰਤ ਹਾਸਲ ਕਰਨ ਲਈ ਉਠਾਇਆ ਗਿਆ ਹਰ ਕਦਮ ਸਾਡੇ ਕਿਰਤੀ ਲੋਕਾਂ ਲਈ ਬਹੁਤ ਕੀਮਤੀ ਹੈ ਜਿਨ੍ਹਾਂ ਦੇ ਹਿਤ ਤੇ ਖਾਹਸ਼ਾਂ ਪੂਰੀ ਤਰ੍ਹਾਂ ਇਨ੍ਹਾਂ ਕਦਮਾਂ ਨਾਲ ਮੇਲ ਖਾਂਦੀਆਂ ਹਨ।"

ਸਮੁੱਚਤਾ 'ਚ ਦਵੰਦਵਾਦੀ ਪਦਾਰਥਵਾਦੀ ਨਜ਼ਰੀਏ ਨੂੰ ਲੈ ਕੇ ਲਿਖੀ ਗਈ ਇਹ ਪੁਸਤਕ ਲੱਖਾਂ ਕਰੋੜਾਂ ਕਿਰਤੀ ਲੋਕਾਂ ਲਈ ਇੱਕ ਸ਼ਾਹਕਾਰ ਰਚਨਾ ਹੈ। ਉਹਨਾਂ ਦੀ ਜ਼ਿੰਦਗੀ ਨੂੰ ਨਿਰਧਾਰਤ, ਪ੍ਰਭਾਵਤ ਕਰ ਰਹੇ ਭਾਰੂ ਲੋਕ ਵਿਰੋਧੀ ਫਲਸਫ਼ਿਆਂ ਦੀ ਸਹੀ ਰੂਪ 'ਚ ਪਹਿਚਾਣ ਕਰਨ ਅਤੇ ਉਹਨਾਂ ਫਲਸਫ਼ਿਆਂ ਖਿਲਾਫ਼ ਆਪਣੀ ਆਵਾਜ਼ ਉਠਾਉਣ ਦਾ ਹੋਕਾ ਦੇਣ ਅਤੇ ਸਹੀ -ਗਲਤ ਦੀ ਪਹਿਚਾਣ ਕਰਦਿਆਂ ਆਪਣੀ ਹਕੀਕੀ ਮੁਕਤੀ ਵੱਲ ਵਧਣ ਦਾ ਰਾਹ ਦਰਸਾਉਂਦੀ ਹੈ। ਇਉਂ ਇਹ ਰਚਨਾ ਦੀ ਖੂਬਸੂਰਤੀ ਅਤੇ ਉਪਯੋਗਤਾ ਅਜਿਹੀ ਹੈ ਕਿ ਇਸ ਨੇ ਫਲਸਫ਼ੇ ਨੂੰ ਵਿਗਿਆਨ ਦੇ ਰੂਪ 'ਚ ਪੇਸ਼ ਕਰਕੇ ਇਸ ਨੂੰ ਕੋਈ ਗੋਰਖਧੰਦਾ ਨਹੀਂ ਰਹਿਣ ਦਿੱਤਾ।

ਭਾਵੇਂ ਕਿ ਮੂਲ ਰੂਪ 'ਚ ਅੰਗਰੇਜ਼ੀ 'ਚ ਲਿਖੀ ਗਈ ਇਹ ਰਚਨਾ 1976 'ਚ ਪ੍ਰਕਾਸ਼ਤ ਹੋ ਚੁੱਕੀ ਸੀ ਅਤੇ ਇਸਦਾ ਹਿੰਦੀ ਅਨੁਵਾਦ ਵੀ ਕਾਫ਼ੀ ਪਹਿਲਾਂ ਕੀਤਾ ਜਾ ਚੁੱਕਿਆ ਹੈ। ਪੰਜਾਬੀ ਜ਼ੁਬਾਨ ਜਾਣਨ ਵਾਲਿਆਂ ਨੂੰ ਉਚਪਾਏ ਦੀ ਅਜਿਹੀ ਲਿਖਤ ਦੀ ਅਣਸਰਦੀ ਲੋੜ ਸੀ। ਚਿਰਾਂ ਪੁਰਾਣੀ ਇਸ ਆਸ ਨੂੰ ਅਨੁਵਾਦਕ ਅਤੇ ਪ੍ਰਕਾਸ਼ਕ ਟੀਮ (ਸ਼ਹੀਦ ਭਗਤ ਸਿੰਘ ਸ਼ਤਾਬਦੀ ਫਾਉਂਡੇਸ਼ਨ ਖਟਕੜ ਕਲਾਂ ਸਬ ਆਫਿਸ ਲੁਧਿਆਣਾ ਅਤੇ ਪੰਜਾਬ ਬੁੱਕ ਸੈਂਟਰ ਚੰਡੀਗੜ੍ਹ) ਨੇ ਪੂਰਾ ਕੀਤਾ ਹੈ। ਉਹ ਇਸ ਦੇ ਵਧਾਈ ਦੇ ਹੱਕਦਾਰ ਹਨ।

ਪੰਜਾਬੀ ਫਲਸਫੇ ਨਾਲ ਸਬੰਧਿਤ ਰਚਨਾਵਾਂ ਪਹਿਲਾਂ ਵੀ ਛਪਦੀਆਂ ਰਹੀਆਂ ਹਨ ਪਰ ਉਹ ਵਧੇਰੇ ਕਰਕੇ ਯੂਨੀਵਰਸਿਟੀਆਂ, ਕਾਲਜਾਂ ਦੀਆਂ ਲਾਇਬਰੇਰੀਆਂ ਦਾ ਸ਼ਿੰਗਾਰ ਬਣਕੇ ਰਹਿ ਜਾਂਦੀਆਂ ਹਨ। ਅੱਜ ਦੇ ਹਾਲਾਤਾਂ 'ਚ ਸਮਾਜ ਨਾਲ ਸਰੋਕਾਰ ਰੱਖਣ ਵਾਲੇ ਹਰ ਵਿਅਕਤੀ ਨੂੰ ਫਲਸਫੇ ਦੇ ਰੂਬਰੂ ਹੋਣ ਦੀ ਲੋੜ ਹੈ ਜਿਵੇਂ ਕਿ ਲੇਖਕ ਨੇ ਨੋਟ ਕੀਤਾ ਹੈ ਕਿ:-

"ਬੇਚੈਨੀ ਵਾਲੇ ਜਿਸ ਦੌਰ ਵਿੱਚੋਂ ਅਸੀਂ ਗੁਜ਼ਰ ਰਹੇ ਹਾਂ, ਇਸ ਵਿੱਚ ਭਾਰਤੀ ਦਾਰਸ਼ਨਿਕ ਰਵਾਇਤ ਦਾ ਵਿਸ਼ਲੇਸ਼ਣ ਕਰਨਾ ਸਿਰਫ਼ ਪੁਰਾਤਨ ਖੋਜੀ ਉਤਸੁਕਤਾ ਦਾ ਮਸਲਾ ਹੋਣ ਨਾਲੋਂ ਕਿਤੇ ਵਧੇਰੇ ਅਹਿਮ ਮੁੱਦਾ ਹੈ। ਅਜਿਹੇ ਵਿਸ਼ਲੇਸ਼ਣ ਤੋਂ ਬਗ਼ੈਰ ਅਸੀਂ ਅਜੋਕੇ ਦੌਰ ਦੀ ਖ਼ੌਫ਼ਨਾਕ ਸਿਆਸੀ ਖੇਡ ਵਿੱਚ ਮਹਿਜ਼ ਲਾਚਾਰ ਪਿਆਦੇ ਬਣ ਕੇ ਰਹਿ ਜਾਵਾਂਗੇ।"

ਵਿਗਿਆਨਕ ਵਿਧੀ ਨਾਲ ਸਾਦੀ ਸ਼ੈਲੀ 'ਚ ਲਿਖੀ ਗਈ ਇਹ ਪੁਸਤਕ ਆਮ ਪਾਠਕਾਂ, ਵਿਦਿਆਰਥੀਆਂ, ਕਾਲਜ ਅਤੇ ਸਕੂਲ ਅਧਿਆਪਕਾਂ, ਟਰੇਡ ਯੂਨੀਅਨ ਕਾਰਕੁਨਾਂ, ਖੋਜੀਆਂ, ਸੱਭਿਆਚਾਰਕ ਕਾਮਿਆਂ ਆਦਿ ਸਭ ਲਈ ਕੁੱਝ ਨਾ ਕੁੱਝ ਨਵੇਕਲਾ ਸਮੋਈ ਬੈਠੀ ਹੈ। ਸੋ ਵੱਧ ਤੋਂ ਵੱਧ ਲੋਕਾਂ ਹੱਥ ਇਸ ਪੁਸਤਕ ਨੂੰ ਲੈ ਕੇ ਜਾਣਾ ਜਰੂਰੀ ਹੈ। ਕਵਰ ਅਤੇ ਛਪਾਈ, ਦਿੱਖ ਪੱਖੋਂ ਪੁਸਤਕ ਮੁਕੰਮਲ ਰੂਪ 'ਚ ਪੇਸ਼ੇਵਾਰਾਨਾ ਛਪਾਈ ਦੀ ਛਾਪ ਛੱਡਦੀ ਹੈ। ਪਰ ਪੁਸਤਕ ਦੇ ਅੰਤ 'ਚ ਦਿੱਤੀ ਜਾਣ ਵਾਲੀ ਸ਼ਬਦ ਸਾਰਣੀ ਦੀ ਘਾਟ ਰੜਕਦੀ ਹੈ। ਉਮੀਦ ਹੈ ਕਿ ਅਗਲੇ ਐਡੀਸ਼ਨ 'ਚ ਇਸ ਘਾਟ ਨੂੰ ਪੂਰਿਆਂ ਕਰ ਦਿੱਤਾ ਜਾਵੇਗਾ।

**ਡਾ ਬਲਜਿੰਦਰ ਸਿੰਘ**
9417079720
singh.drbaljinder@gmail.com

## ਲੋਕਾਂ ਨੂੰ ਮੁਥਾਜ ਅਤੇ ਨਿਤਾਣੇ ਬਣਾ ਕੇ ਰੱਖਣ ਰਾਹੀਂ ਲੋਕਾਂ ਦੀ ਲੁੱਟ ਦਾ ਸਿਲਸਿਲਾ ਬਰਕਰਾਰ

ਨਵੀਆਂ ਆਰਥਿਕ ਨੀਤੀਆਂ ਦਾ ਹਮਲਾ ਜਿਉਂ ਜਿਉਂ ਤੇਜ ਹੋ ਰਿਹਾ ਹੈ, ਲੋਕਾਂ ਦੇ ਵੱਖ ਵੱਖ ਹਿੱਸੇ ਇਸ ਦੇ ਅਸਰਾਂ ਖਿਲਾਫ ਸੰਘਰਸ਼ ਦੇ ਮੈਦਾਨ ਵਿੱਚ ਕੁੱਦ ਰਹੇ ਹਨ। ਇਨਕਲਾਬੀ ਸਿਆਸਤ ਨੂੰ ਪ੍ਰਣਾਈਆਂ ਜਥੇਬੰਦੀਆਂ ਲੋਕਾਂ ਅੰਦਰ ਅਜਿਹੇ ਸੰਘਰਸ਼ਾਂ ਦਾ ਉਠਾਣ ਬੰਨ੍ਹਣ, ਆਪ ਮੁਹਾਰੇ ਚੱਲਦੇ ਸੰਘਰਸ਼ਾਂ ਨੂੰ ਚੇਤਨ ਸੰਘਰਸ਼ਾਂ ਵਿੱਚ ਪਲਟਣ, ਇਨ੍ਹਾਂ ਉੱਪਰ ਇਨਕਲਾਬੀ ਅਗਵਾਈ ਸਥਾਪਤ ਕਰਨ ਅਤੇ ਲੋਕਾਂ ਦੀ ਸੰਘਰਸ਼ ਤਾਂਘ ਨੂੰ ਪੂਰੀ ਤਰ੍ਹਾਂ ਸਾਕਾਰ ਕਰਨ ਲਈ ਯਤਨਸ਼ੀਲ ਹੁੰਦੀਆਂ ਹਨ। ਅਜਿਹੇ ਯਤਨਾਂ ਰਾਹੀਂ ਉਹ ਚਾਹੁੰਦੀਆਂ ਹਨ ਕਿ

-ਲੋਕਾਂ ਅੰਦਰ ਇਸ ਚੇਤਨਾ ਦਾ ਸੰਚਾਰ ਹੋਵੇ ਕਿ ਜੋ ਕੁਝ ਵੀ ਹਾਸਲ ਕੀਤਾ ਜਾ ਸਕਦਾ ਹੈ, ਉਹ ਸਿਰਫ਼ ਤੇ ਸਿਰਫ਼ ਸੰਘਰਸ਼ ਰਾਹੀਂ ਹੀ ਕੀਤਾ ਜਾ ਸਕਦਾ ਹੈ। ਕਿ ਹਾਕਮ ਜਮਾਤਾਂ ਨੂੰ ਸਿਰਫ ਲੋਕ ਸੰਘਰਸ਼ ਦੀ ਤਾਕਤ ਦੇ ਜ਼ੋਰ ਹੀ ਲੋਕ ਮਸਲੇ ਸੁਣਨ, ਵਿਚਾਰਨ, ਲੋਕ ਹਿੱਤਾਂ ਵਿੱਚ ਫ਼ੈਸਲੇ ਕਰਨ ਅਤੇ ਇਨ੍ਹਾਂ ਦੀ ਅਮਲਦਾਰੀ ਯਕੀਨੀ ਕਰਨ ਲਈ ਮਜਬੂਰ ਕੀਤਾ ਜਾ ਸਕਦਾ ਹੈ। ਕਿ ਸੰਘਰਸ਼ ਦੀ ਦਾਬ ਹਾਕਮ ਜ਼ਮਾਤਾਂ ਨੂੰ ਵੱਡੇ ਤੋਂ ਵੱਡੇ ਲੋਕ ਦੋਖੀ ਫ਼ੈਸਲਿਆਂ ਤੋਂ ਪਲਟਣ ਤੇ ਥੁੱਕਿਆ ਚੱਟਣ ਲਈ ਮਜਬੂਰ ਕਰਨ ਦੀ ਤਾਕਤ ਰੱਖਦੀ ਹੈ। ਕਿ ਲੋਕਾਂ ਦੀ ਕੋਈ ਵੀ ਮੰਗ ਮੰਨਣਾ ਹਾਕਮਾਂ ਦੀ ਸਿਰਫ ਮਜਬੂਰੀ ਹੈ ਤੇ ਸੰਘਰਸ਼ ਦੀ ਦਾਬ ਹੀ ਉਨ੍ਹਾਂ ਨੂੰ ਲੋਕਾਂ ਨਾਲ ਗੱਲਬਾਤ ਦੇ ਮੇਜ਼ ਤੇ ਲਿਆਉਂਦੀ ਹੈ। ਇਹ ਦਾਬ ਘਟਦਿਆਂ ਹੀ ਉਹ ਕਰੇ ਵਾਅਦਿਆਂ ਤੋਂ ਆਪਣੀ ਖਸਲਤ ਅਨੁਸਾਰ ਭੱਜ ਤੁਰਦੇ ਹਨ। ਸੋ, ਇਨਕਲਾਬੀ ਹਿੱਸਿਆਂ ਦੀ ਪ੍ਰਾਪਤੀ ਇਹ ਬਣਦੀ ਹੈ ਕਿ ਸੰਘਰਸ਼ ਕਰ ਰਹੇ ਲੋਕਾਂ ਅੰਦਰ ਸੰਘਰਸ਼ ਦੇ ਇੱਕੋ ਰਾਹ ਸਵੱਲੜਾ ਹੋਣ ਦੇ ਸੰਕਲਪ ਦੀ ਸਥਾਪਤੀ ਹੋਵੇ।

- ਲੋਕਾਂ ਅੰਦਰ ਦੁਸ਼ਮਣਾਂ ਅਤੇ ਦੋਸਤਾਂ ਦੀ ਪਛਾਣ ਉਘੜੇ। ਉਹ ਇਹ ਸਮਝਣ ਲੱਗਣ ਕਿ ਹਾਕਮ ਜਮਾਤਾਂ ਦੇ ਸੱਭੇ ਨੁਮਾਇੰਦੇ ਤੇ ਸੱਭੇ ਵੋਟ ਵਟੋਰੂ ਪਾਰਟੀਆਂ ਇੱਕੋ ਚੀਜ ਹਨ। ਉਹ ਢਿੱਡੋਂ ਲੋਕਾਂ ਦੀਆਂ ਦੋਖੀ ਅਤੇ ਜੋਕਾਂ ਦੀਆਂ ਹਿਤੂ ਹਨ । ਉਨ੍ਹਾਂ ਦਾ ਲੋਕਾਂ ਨਾਲ ਹੇਜ ਦੰਭੀ ਹੈ । ਉਹ ਲੋਕਾਂ ਨੂੰ ਮੁਥਾਜ ਅਤੇ ਨਿਤਾਣੇ ਬਣਾ ਕੇ ਰੱਖਣ ਰਾਹੀਂ ਲੋਕਾਂ ਦੀ ਲੁੱਟ ਦਾ ਸਿਲਸਿਲਾ ਬਰਕਰਾਰ ਰੱਖਣਾ ਚਾਹੁੰਦੀਆਂ ਹਨ। ਲੋਕ ਮੰਗਾਂ ਅਤੇ ਲੋਕ ਸੰਘਰਸ਼ਾਂ ਪ੍ਰਤੀ ਇਨ੍ਹਾਂ ਦਾ ਰਵੱਈਆ ਨਫਰਤ ਅਤੇ ਦਾਬੇ ਵਾਲਾ ਹੈ। ਆਪੋ ਆਪਣੇ ਮੌਕੇ ਇਹ ਇਸ ਰਵੱਈਏ ਨੂੰ ਜ਼ਾਹਰ ਕਰਦੀਆਂ ਰਹਿੰਦੀਆਂ ਹਨ। ਲੋਕ ਮੰਗਾਂ ਨਾਲ ਦੰਭੀ ਹੇਜ ਇਨ੍ਹਾਂ ਦੀ ਵੋਟ ਸਿਆਸਤ ਦਾ ਹਿੱਸਾ ਹੈ। ਇਸ ਦੰਭ ਰਾਹੀਂ ਇਹ ਲੋਕ-ਸੰਘਰਸ਼ਾਂ ਅੰਦਰ ਸੰਨ੍ਹ ਲਾਉਣ, ਭੁਚਲਾਉਣ , ਵਿਰੋਧ ਨੂੰ ਨਕਾਰਾ ਸ਼ਕਲਾਂ ਰਾਹੀਂ ਖਾਰਜ ਕਰਨ ਅਤੇ ਸੰਘਰਸ਼ਾਂ ਨੂੰ ਫੇਲ? ਕਰਨ ਦੇ ਯਤਨ ਕਰਦੀਆਂ ਹਨ। ਇਨਕਲਾਬੀ ਹਿੱਸਿਆਂ ਦਾ ਸਰੋਕਾਰ ਹੈ ਕਿ ਲੋਕਾਂ ਅੱਗੇ ਕਦਮ-ਬ-ਕਦਮ ਇਨ੍ਹਾਂ ਦੀ ਸਿਆਸਤ ਅਤੇ ਨੁਮਾਇੰਦੇ ਨਸ਼ਰ ਹੋਣ, ਇਨ੍ਹਾਂ ਦੀਆਂ ਪਾਟਕ ਪਾਊ ਜੁਗਤਾਂ ਦੀ ਪਛਾਣ ਬਣੇ। ਦੂਜੇ ਪਾਸੇ ਸੰਘਰਸ਼ਸ਼ੀਲ ਲੋਕਾਂ ਨੂੰ ਆਪਣੇ ਹਕੀਕੀ ਸੰਗੀਆਂ ਦੀ ਪਛਾਣ ਬਣੇ। ਹੋਰਨਾਂ ਲੋਕਾਂ ਨਾਲ ਆਪਣੀ ਸਾਂਝ ਦਾ ਅਹਿਸਾਸ ਬਣੇ ਤੇ ਪੱਕਾ ਹੋਵੇ। ਹਕੂਮਤ ਨਾਲ ਲੜਾਈ ਅੰਦਰ ਲੋਕਾਂ ਸੰਗ ਜੋਟੀ ਦੇ ਮਹੱਤਵ ਦੀ ਪਛਾਣ ਹੋਵੇ। ਇਨਕਲਾਬੀ ਜਮਹੂਰੀ ਹਿੱਸਿਆਂ ਦੀ ਸੁਹਿਰਦਤਾ ਤੇ ਯਕੀਨ ਪੱਕਾ ਹੋਵੇ। ਯਾਨੀ ਕਿ ਹਰ ਸੰਘਰਸ਼ ਲੋਕਾਂ ਦੀ ਚੇਤਨਾ ਅੰਦਰ ਦੁਸ਼ਮਣਾਂ ਅਤੇ ਦੋਸਤਾਂ ਦਰਮਿਆਨ ਨਿਖੇੜੇ ਦੀ ਲਾਈਨ ਨੂੰ ਪਹਿਲਾਂ ਨਾਲੋਂ ਵੱਧ ਉਘੇੜ ਕੇ ਜਾਵੇ।

- ਸੰਘਰਸ਼ਸ਼ੀਲ ਲੋਕਾਂ ਦਾ ਆਪਣੀ ਜਥੇਬੰਦਕ ਤਾਕਤ ਵਿੱਚ ਯਕੀਨ ਪੱਕਾ ਹੋਵੇ। ਇਸ ਜਥੇਬੰਦ ਤਾਕਤ ਰਾਹੀਂ ਕੁਝ ਵੀ ਹਾਸਲ ਹੋ ਸਕਣ ਦਾ ਵਿਸ਼ਵਾਸ ਭਰੇ, ਹੋਰ ਹਾਸਲ ਕਰਨ ਦੀ ਤਾਂਘ ਜਾਗੇ। ਇਸ ਤਾਕਤ ਰਾਹੀਂ ਹੁੰਦੀਆਂ ਛੋਟੀਆਂ ਪ੍ਰਾਪਤੀਆਂ ਦਾ ਮਾਣ ਵੱਡੀਆਂ ਪ੍ਰਾਪਤੀਆਂ ਕਰਨ ਅਤੇ ਅੰਤ ਆਪਣੀ ਹੋਣੀ ਆਪਣੇ ਹਥ ਲੈਣ ਦੀ ਮੰਜਿਲ ਵਲ ਤੋਰੇ। ਹਾਕਮ ਜਮਾਤਾਂ ਦੀਆਂ ਮਿੰਨਤਾਂ, ਮੁਥਾਜੀ, ਰਹਿਮੋ ਕਰਮ ਦੀ ਹਾਲਤ ਨੂੰ ਬਦਲ ਕੇ ਜਥੇਬੰਦੀ ਦੇ ਜ਼ੋਰ ਹੱਕ ਜਤਲਾਈ ਕਰਨ ਦੀ ਬਿਰਤੀ ਵਿਗਸੇ। ਲੋਕਾਂ ਦੀ ਜਥੇਬੰਦ ਤਾਕਤ ਅੱਗੇ ਪਾਰਲੀਮੈਂਟਾਂ , ਵਿਧਾਨ ਸਭਾਵਾਂ ਦੀ ਬੌਣੀ ਸਮਰੱਥਾ ਉੱਘੜੇ। ਕੈਬਨਿਟਾਂ 'ਚ ਹੋਏ ਫੈਸਲਿਆਂ, ਚੋਣ ਜ਼ਾਬਤੇ ਦੇ ਬੰਧਨਾਂ ਦੀਆਂ ਧੱਜੀਆਂ ਉਡਾਉਣ ਤੋਂ ਤੁਰਦੇ ਹੋਏ ਨੀਤੀਗਤ ਫੈਸਲਿਆਂ ਤੱਕ ਨੂੰ ਪਲਟਾ ਸਕਣ ਦੀ ਤਾਕਤ ਵਿੱਚ ਯਕੀਨ ਬੱਝੇ। ਯਾਨੀ ਕਿ ਵੱਧਦੀ ਜਥੇਬੰਦਕ ਤਾਕਤ ਸਾਹਮਣੇ ਘੱਟਦੀ ਹਕੂਮਤੀ ਤਾਕਤ ਦੇ ਇਜ਼ਹਾਰ ਦਿਸਣ ਲੱਗਣ। ਸੰਘਰਸ਼ਸ਼ੀਲ ਲੋਕਾਂ ਅੰਦਰ ਆਪਣੀ ਜਥੇਬੰਦ ਤਾਕਤ ਬਾਰੇ ਵਧੀ ਚੇਤਨਾ ਇਨਕਲਾਬੀ ਹਿੱਸਿਆਂ ਦੀ ਪ੍ਰਾਪਤੀ ਬਣਦੀ ਹੈ। ਇਸ ਪੱਖੋਂ ਇਹ ਦੇਖਣਾ ਬਣਦਾ ਹੈ ਕਿ ਕਿਸੇ ਸੰਘਰਸ਼ ਦੌਰਾਨ ਲਿਆ ਕੋਈ ਵੀ ਕਦਮ:

-ਹਾਕਮ ਜਮਾਤਾਂ ਤੇ ਜਨਤਕ ਲਹਿਰਾਂ ਅੰਦਰ ਘੁਸੇ ਉਨ੍ਹਾਂ ਦੇ ਨੁਮਾਇੰਦਿਆਂ ਨੂੰ ਉਘਾੜਨ ਵਾਲਾ ਹੈ ਜਾਂ ਉਨ੍ਹਾਂ ਦੀ ਪਛਾਣ ਮੱਧਮ ਪਾਉਣ ਵਾਲਾ ਹੈ?

- ਲੋਕਾਂ ਦਾ ਆਪਣੇ ਸੰਘਰਸ਼ ਦੀ ਤਾਕਤ ਵਿੱਚ ਯਕੀਨ ਪੱਕਾ ਕਰਨ ਵਾਲਾ ਹੈ ਜਾਂ ਹਾਕਮ ਜਮਾਤਾਂ ਦੇ ਮੂੰਹ ਵੱਲ ਝਾਕਣ, ਉਨ੍ਹਾਂ ਦੀ ਜ਼ਮੀਰ ਹਲੂਣੇ ਜਾਣ ਤੇ ਹਮਦਰਦੀ ਵਜੋਂ ਲੋਕ ਮੰਗਾਂ ਮੰਨੇ ਜਾਣ ਦੀ ਝੂਠੀ ਆਸ ਬਣਾਉਣ ਵਾਲਾ ਹੈ ?ਇਹ ਸ਼ੰਕੇ ਖੜ੍ਹੇ ਕਰਨ ਵਾਲਾ ਹੈ ਕਿ ਸੰਘਰਸ਼ ਦੀ ਦਾਬ ਨਾ ਰਹਿਣ ਤੇ ਵੀ ਉਹ ਗੱਲ ਸੁਣ ਜਾ ਮੰਨ ਸਕਦੇ ਹਨ ?

- ਲੋਕਾਂ ਦੀ ਜਮਹੂਰੀ ਰਜ਼ਾ ਦੀ ਨੁਮਾਇੰਦਗੀ ਕਰਦਾ ਹੈ ਜਾਂ ਕੀਤੇ ਫ਼ੈਸਲੇ ਚੁੱਪ ਚਾਪ ਮੰਨ ਲੈਣ ਦੀ ਵਕਾਲਤ ਕਰਦਾ ਹੈ? ਲੋਕਾਂ ਦੀ ਆਪਣੇ ਮਸਲੇ ਨੂੰ ਡੂੰਘਾਈ ਵਿੱਚ ਸਮਝਣ, ਫੈਸਲੇ ਲੈਣ ਤੇ ਚੇਤਨ ਚੋਣ ਕਰਨ ਦੀ ਬਿਰਤੀ ਨੂੰ ਉਗਾਸਾ ਦਿੰਦਾ ਹੈ ਜਾਂ ਨਹੀਂ?

- ਦ੍ਰਿੜ੍ਹ, ਖਾੜਕੂ ਤੇ ਲੰਬੇ ਘੋਲਾਂ ਲਈ ਤਿਆਰ ਕਰਨ ਵਾਲਾ ਹੈ ਜਾਂ ਇਹ ਅਹਿਸਾਸ ਜਗਾਉਣ ਵਾਲਾ ਹੈ ਕਿ ਸੰਘਰਸ਼ ਕਰਕੇ ਤਾਂ ਵੇਖ ਲਿਆ, ਹੁਣ "ਹੋਰ" ਤਰੀਕੇ ਅਪਣਾਏ ਜਾਣ।

-ਹਾਕਮਾਂ ਦੀਆਂ ਅਖੌਤੀ ਸੰਸਥਾਵਾਂ ਦੇ ਫ਼ੈਸਲਿਆਂ, ਨਕਲੀ ਜ਼ਾਬਤਿਆਂ, ਦੰਭੀ ਬਹਾਨਿਆਂ ਦਾ ਥੋਥ ਉਜਾਗਰ ਕਰਨ ਵਾਲਾ ਹੈ ਜਾਂ ਉਨ੍ਹਾਂ ਦੇ ਰਹਿੰਦੇ ਸੰਘਰਸ਼ ਦੀ ਵਿਅਰਥਤਾ ਦਾ ਅਹਿਸਾਸ ਜਗਾਉਣ ਵਾਲਾ ਹੈ।

**Pavel Kussa**



ਡਾ. ਬਲਜਿੰਦਰ ਸਿੰਘ
94170-79720

**ਪੁਸਤਕ ਪੜਚੋਲ**

# ਪੰਜਾਬ 'ਚੋਂ ਪੜ੍ਹਾਈ ਓਹਲੇ ਹਿਜ਼ਰਤ

ਮਨੁੱਖ ਜਾਤੀ ਦੇ ਇਸ ਗ੍ਰਹਿ 'ਤੇ ਆਮਦ ਨਾਲ ਹੀ ਪ੍ਰਵਾਸ ਦੇ ਸਿਲਸਿਲੇ ਦਾ ਮੁੱਢ ਬੱਝ ਜਾਂਦਾ ਹੈ। ਆਦਿ ਕਾਲ ਤੋਂ ਹੀ ਆਪਣੇ ਭੋਜਨ ਦੀ ਤਲਾਸ਼ 'ਚ ਮਨੁੱਖ ਆਪਣੇ ਨੇੜੇ ਤੇੜੇ ਪ੍ਰਵਾਸ ਕਰਦਾ ਆ ਰਿਹਾ ਹੈ। ਹੜ੍ਹ, ਸੋਕਾ, ਬਿਮਾਰੀ, ਅੱਗ, ਭੂਚਾਲ ਆਦਿ ਵਰਗੇ ਕੁਦਰਤੀ ਵਰਤਾਰਿਆਂ ਸਾਹਵੇਂ ਮਨੁੱਖ ਨਿਤਾਣਾ ਮਹਿਸੂਸ ਕਰਦਾ ਸੀ। ਮੁਆਫ਼ਕ ਮੌਸਮ ਨਾ ਹੋਣ ਕਾਰਨ, ਭੁੱਖਮਰੀ ਅਤੇ ਮੌਤ ਸਾਹਵੇਂ ਪ੍ਰਵਾਸ ਕਰਕੇ ਮੁਕਾਬਲਤਨ ਵੱਧ ਮੁਆਫ਼ਕ ਖੇਤਰਾਂ ਵਿੱਚ ਚਲੇ ਜਾਣ ਦਾ ਰੁਝਾਨ ਮਨੁੱਖ ਜਾਤੀ ਦੇ ਨਾਲ ਨਾਲ ਸਮੁੱਚੀ ਜੀਵ ਜਾਤੀ 'ਚ ਵੀ ਪਾਇਆ ਜਾਂਦਾ ਹੈ। ਪ੍ਰਵਾਸੀ ਪੰਛੀ ਕੂੰਜਾਂ ਤੋਂ ਕੌਣ ਵਾਕਫ਼ ਨਹੀਂ ਹੈ, ਇਹ ਪੰਛੀ ਸਾਇਬੇਰੀਆ ਦੀਆਂ ਠੰਢੀਆਂ ਯੱਖ ਹਵਾਵਾਂ 'ਚੋਂ ਉਡਾਰੀ ਮਾਰਕੇ ਧੁਰ ਦੱਖਣ ਵੱਲ ਕੂਚ ਕਰਕੇ ਭਾਰਤ ਦੇ ਊਸ਼ਣ ਜਲਵਾਯੂ ਵਾਲੇ ਖੇਤਰਾਂ ਵਿਚ ਆ ਡੇਰੇ ਲਾਉਂਦੀਆਂ ਨੇ ਅਤੇ ਮੌਸਮ ਬਦਲਦੇ ਸਾਰ ਮੁੜ ਚਾਲੇ ਪਾ ਜਾਂਦੀਆਂ ਨੇ ।

ਪ੍ਰਵਾਸ ਦੇ ਇੱਕ ਅਜਿਹੇ ਹੀ ਵਿਸ਼ੇ 'ਤੇ ਪੰਜਾਬੀ ਯੂਨੀਵਰਸਿਟੀ ਦੇ ਬਠਿੰਡਾ ਖੇਤਰੀ ਕੈਂਪਸ ਦੇ ਡਾਕਟਰ ਕਮਲਜੀਤ ਸਿੰਘ ਅਤੇ ਡਾਕਟਰ ਰਕਸ਼ਿੰਦਰ ਕੌਰ ਨੇ ਪੰਜਾਬ ਚੋਂ ਪੜ੍ਹਾਈ ਉਹਲੇ ਪ੍ਰਵਾਸ (Educational Migration From Punjab) ਦੇ ਸਿਰਲੇਖ ਹੇਠ ਅੰਗਰੇਜ਼ੀ ਜ਼ੁਬਾਨ 'ਚ ਲਿਖੀ ਇਕ ਪੁਸਤਕ ਪੰਜਾਬੀ ਲੋਕਾਂ ਦੀ ਝੋਲੀ ਪਾਈ ਹੈ। ਜਿਵੇਂ ਕਿ ਇਸ ਦੇ ਸਿਰਲੇਖ ਤੋਂ ਹੀ ਇਹ ਗੱਲ ਸਪੱਸ਼ਟ ਹੈ ਕਿ ਇਸ ਵਿਚਲਾ ਵਿਸ਼ਾ ਪੰਜਾਬ ਦੇ ਮੁੰਡੇ ਕੁੜੀਆਂ ਦਾ ਆਪਣੀ ਪੜ੍ਹਾਈ ਲਈ ਬਾਹਰਲੇ ਮੁਲਕਾਂ ਵੱਲ ਨੂੰ ਪ੍ਰਵਾਸ ਕਰਨ ਨਾਲ ਸਬੰਧਤ ਹੈ। ਪਰ ਵਿਦਵਾਨ ਲੇਖਕਾਂ ਵੱਲੋਂ ਇਸ ਪੁਸਤਕ ਅੰਦਰ ਦਿੱਤੇ ਇੱਕ ਉਪ ਸਿਰਲੇਖ ਬੇਚੈਨ ਹਕੀਕਤਾਂ ਅਤੇ ਪਾਲੀਆਂ ਉਮੰਗਾਂ 'ਚੋਂ ਇਸ ਗੱਲ ਦੀ ਪਹਿਲੀ ਝਲਕ ਮਿਲਦੀ ਹੈ ਕਿ ਪੜ੍ਹਾਈ ਬਹਾਨੇ ਪਰਵਾਸ ਦੇ ਇਸ ਮਸਲੇ ਦੀਆਂ ਧੁਰ ਜੜ੍ਹਾਂ ਤੱਕ ਪਹੁੰਚਣ ਦੀ ਕੋਸ਼ਿਸ਼ ਕੀਤੀ ਗਈ ਹੈ।


ਅਕਾਦਮਿਕ ਖੋਜ ਪਰਚੇ ਦੀ ਸ਼ੈਲੀ 'ਚ ਲਿਖੀ ਗਈ ਇਸ ਪੁਸਤਕ ਨੂੰ ਪੰਜ ਅਧਿਆਇਆਂ ਵਿੱਚ ਵੰਡਿਆ ਗਿਆ ਹੈ। ਵਿਸ਼ੇ ਦੀ ਜਾਣ-ਪਹਿਚਾਣ ਵਾਲੇ ਪਹਿਲੇ ਅਧਿਆਇ 'ਚ ਪੰਜਾਬੀ ਵਿਦਿਆਰਥੀਆਂ ਦੇ ਪਰਵਾਸ ਦੀ ਗੱਲ ਕਰਦਿਆਂ ਕਿਹਾ ਗਿਆ ਹੈ ਕਿ ਵਿਦਿਆ ਦੇ ਕਾਰੋਬਾਰ ਬਣਨ ਨਾਲ ਆਲਮੀ ਪੱਧਰ 'ਤੇ ਹੋਏ ਸਮਝੌਤੇ ਨੇ ਪੰਜਾਬੀ ਵਿਦਿਆਰਥੀਆਂ ਸਾਹਮਣੇ ਵਿਕਸਤ ਪੱਛਮੀ ਮੁਲਕਾਂ ਅਤੇ ਆਸਟ੍ਰੇਲੀਆ ਨਿਊਜ਼ੀਲੈਂਡ ਆਦਿ ਦੀਆਂ ਯੂਨੀਵਰਸਿਟੀਆਂ ਅਤੇ ਉੱਚ ਵਿਦਿਅਕ ਸੰਸਥਾਵਾਂ 'ਚ ਦਾਖਲੇ ਲੈਣ ਦੇ ਮੌਕਿਆਂ 'ਚ ਵੱਡੀ ਪੱਧਰ ਤੇ ਵਾਧਾ ਕੀਤਾ ਹੈ ਅਤੇ ਇਉਂ ਉਹਨਾਂ ਦਾ ਰੁਝਾਨ ਬਾਹਰਲੇ ਮੁਲਕਾਂ 'ਚ ਜਾਕੇ ਪੜ੍ਹਾਈ ਕਰਨ ਵੱਲ ਵਧਿਆ ਹੈ।

ਪਰ ਉਚ-ਵਿਦਿਆ ਪ੍ਰਦਾਨ ਕਰਨ ਵਾਲੀਆਂ ਇਹਨਾਂ ਵਿਦੇਸ਼ੀ ਯੂਨੀਵਰਸਿਟੀਆਂ 'ਚ ਦਾਖਲਾ ਲੈਣ ਲਈ IELTS, TOEFL ਅਤੇ PET ਵਰਗੇ ਅੰਗਰੇਜ਼ੀ ਭਾਸ਼ਾ ਤੇ ਮੁਹਾਰਤ ਨੂੰ ਪਰਖਣ ਵਾਲੇ ਟੈਸਟਾਂ ਦਾ ਇਕ ਖਾਸ ਪੈਮਾਨਾ ਨਿਰਧਾਰਤ ਕੀਤਾ ਹੋਇਆ ਹੈ। ਇਹਨਾਂ ਟੈਸਟਾਂ 'ਚ ਉਸ ਘੱਟੋ ਘੱਟ ਮਿਆਰੀ ਮੁਹਾਰਤ ਨੂੰ ਹਾਸਲ ਕਰਨ ਲਈ ਛੋਟੇ ਛੋਟੇ ਸ਼ਹਿਰਾਂ ਤੋਂ ਲੈ ਕੇ ਵੱਡੇ ਮਹਾਂਨਗਰਾਂ 'ਚ ਹਜ਼ਾਰਾਂ ਦੀ ਗਿਣਤੀ ਵਿੱਚ ਖੁੱਲ੍ਹੇ ਟਰੇਨਿੰਗ ਸੈਂਟਰਾਂ ਦੀਆਂ ਚਕਾਚੌਂਧ ਰੌਸ਼ਨੀ ਵਾਲੀਆਂ ਮਸ਼ਹੂਰੀਆਂ ਅਤੇ ਰੰਗਬਰੰਗੇ ਦਫ਼ਤਰਾਂ ਤੋਂ ਹੀ ਇਸ ਗੱਲ ਦਾ ਅੰਦਾਜ਼ਾ ਲੱਗ ਜਾਂਦਾ ਹੈ ਕਿ ਪੰਜਾਬ ਦਾ ਨੌਜਵਾਨ ਵਰਗ ਪੜ੍ਹਾਈ ਬਹਾਨੇ ਪਰਵਾਸ ਕਰਨ ਲਈ ਕਿਸ ਹੱਦ ਤੱਕ ਤਹੂ ਹੈ। ਇਸ ਵਰਤਾਰੇ ਦੀ ਵਿਆਪਕਤਾ ਦਾ ਅੰਦਾਜ਼ਾ ਇਸ ਗੱਲ ਤੋਂ ਵੀ ਸੌਖਿਆਂ ਹੀ ਲਾਇਆ ਜਾ ਸਕਦਾ ਹੈ ਕਿ ਜਦੋਂ ਕਿਸੇ ਵੀ 11ਵੀਂ 12ਵੀਂ ਵਾਲੇ ਵਿਦਿਆਰਥੀ ਨੂੰ ਉਸਦੀ ਅਗਲੀ ਪੜ੍ਹਾਈ ਸਬੰਧੀ ਸੁਆਲ ਕੀਤਾ ਜਾਂਦਾ ਹੈ ਤਾਂ ਝੱਟ ਹੀ ਘੜਿਆ ਘੜਾਇਆ ਜੁਆਬ ਮਿਲਦਾ ਹੈ ਕਿ ਐਬਰੋਡ ਸਟੱਡੀ ਕਰਨਾ ਹੈ।

ਕੁਝ ਤਾਜ਼ਾ ਸਟੱਡੀਜ਼ ਦੇ ਹਵਾਲੇ ਨਾਲ ਪ੍ਰਵਾਸ ਦੇ ਕਾਰਨਾਂ ਦਾ ਜ਼ਿਕਰ ਕਰਦਿਆਂ ਕਿਹਾ ਗਿਆ ਹੈ ਕਿ ਪੰਜਾਬ ਵਿਚੋਂ ਨੌਜਵਾਨਾਂ ਨੂੰ ਪ੍ਰਦੇਸ ਜਾਣ ਦੇ ਰਾਹ ਪੈਣ ਦਾ ਇੱਕ ਵੱਡਾ ਕਾਰਨ ਬੇਰੁਜ਼ਗਾਰੀ (ਸਿੰਘ ਅਤੇ ਕਾਹਲੋਂ 2016) ਬਣਦਾ ਹੈ ਕਿਉਂਕਿ ਪੰਜਾਬ ਦੀ ਜਵਾਨੀ ਖੇਤੀ ਅਤੇ ਇਸ ਨਾਲ ਜੁੜੇ ਹੋਏ ਹੋਰ ਰਵਾਇਤੀ ਧੰਦਿਆਂ ਨੂੰ ਅਪਣਾਉਣਾ ਨਹੀਂ ਚਾਹੁੰਦੀ। ਦੂਜਾ ਪੇਂਡੂ ਨੌਜਵਾਨ ਆਪਣੇ ਮੁਲਕ ਅੰਦਰ ਹੀ ਉਪਲੱਬਧ ਰੋਜ਼ਗਾਰ ਦੇ ਹੋਰਨਾਂ ਮੌਕਿਆਂ ਦੇ ਮਾਮਲੇ ਵਿੱਚ ਵੀ ਸ਼ਹਿਰੀ ਨੌਜਵਾਨਾਂ ਨਾਲ ਸਖਤ ਮੁਕਾਬਲੇ 'ਚ ਪਛੜ ਜਾਂਦਾ ਹੈ ਕਿਉਂਕਿ ਪੇਂਡੂ ਨੌਜਵਾਨ ਕੋਲ ਰਵਾਇਤੀ ਵਿਦਿਆ ਅਤੇ ਤਕਨੀਕੀ ਮੁਹਾਰਤ ਦੀ ਘਾਟ ਹੈ। ਅਜਿਹੀ ਹਾਲਤ ਵਿੱਚ ਉਹਨਾਂ ਸਾਹਮਣੇ ਪ੍ਰਦੇਸ਼ ਜਾ ਕੇ ਕੰਮ ਦੇ ਮੌਕਿਆਂ ਦੀ ਤਲਾਸ਼ ਕਰਨਾ ਅਤੇ ਉੱਥੇ ਵਸਣਾ ਹੀ ਇਕੋ ਇਕ ਰਾਹ ਬਾਕੀ ਰਹਿ ਜਾਂਦਾ ਹੈ। ਪ੍ਰਸਿੱਧ ਅਰਥਸ਼ਾਸਤਰੀ ਸੁੱਚਾ ਸਿੰਘ ਗਿੱਲ (2016) ਦਾ ਕਹਿਣਾ ਹੈ ਕਿ ਪੰਜਾਬ ਕੋਲ ਨੌਜਵਾਨਾਂ ਨੂੰ ਕੋਈ ਲਾਹੇਵੰਦ ਰੁਜ਼ਗਾਰ ਦੇਣ ਦੀ ਕੋਈ ਸਕੀਮ ਹੀ ਨਹੀਂ ਹੈ। ਖੇਤੀ ਖੇਤਰ ਵਿੱਚ ਰੁਜ਼ਗਾਰ ਦੇ ਵਸੀਲਿਆਂ 'ਚ ਭਾਰੀ ਕਟੌਤੀ ਦਰਜ ਕੀਤੀ ਗਈ ਹੈ। ਅਜਿਹੀ ਹਾਲਤ ਦੇ ਮੱਦੇਨਜ਼ਰ ਸਾਹਾ ਨੇ 2012 ਦੇ ਆਪਣੇ ਅਧਿਐਨ 'ਚ ਦੱਸਿਆ ਹੈ ਕਿ ਅੱਜ ਹਾਲਤ ਇਹ ਹੈ ਕਿ ਔਸਤਨ ਹਰ ਪੰਜਾਬੀ ਕਾਨੂੰਨੀ ਜਾਂ ਗੈਰ ਕਾਨੂੰਨੀ ਹਰ ਹੀਲਾ ਵਰਤਕੇ ਬਾਹਰਲੇ ਮੁਲਕ ਵਿਚ ਪਰਵਾਸ ਕਰਨ ਲਈ ਉਤਾਵਲਾ ਹੈ।

ਪੜ੍ਹਾਈ ਲਈ ਪਰਵਾਸ ਦੇ ਇਤਿਹਾਸ ਦੇ ਸਬੰਧ ਵਿੱਚ ਕਿਹਾ ਗਿਆ ਹੈ ਕਿ ਅਜਿਹੀ ਰਵਾਇਤ ਦਾ ਇਤਿਹਾਸ ਪ੍ਰਾਚੀਨ ਕਾਲ ਤੋਂ ਚੱਲਿਆ ਆ ਰਿਹਾ ਹੈ। ਚੌਥੀ ਸ਼ਤਾਬਦੀ 'ਚ ਨਾਲੰਦਾ ਦੇ ਵਿਸ਼ਵਵਿਦਿਆਲੇ 'ਚ ਨੇਪਾਲ, ਤਿੱਬਤ, ਚੀਨ ਅਤੇ ਕੋਰੀਆ ਤੋਂ ਵਿਦਿਆਰਥੀਆਂ ਦਾ ਇਥੇ ਆਕੇ ਪੜ੍ਹਾਈ ਕਰਨ ਦਾ ਇਤਿਹਾਸ ਮਿਲਦਾ ਹੈ। ਅਜੋਕੇ ਸਮਿਆਂ 'ਚ ਦੁਨੀਆਂ ਭਰ ਅੰਦਰ ਅਜਿਹੇ ਵਿਦਿਆਰਥੀਆਂ ਦੀ ਗਿਣਤੀ ਸਬੰਧੀ ਯੂਨੈਸਕੋ ਦੇ ਅੰਕੜਿਆਂ ਅਨੁਸਾਰ 1960 'ਚ 5 ਲੱਖ , 1980 'ਚ 9 ਲੱਖ 20 ਹਜਾਰ, 1990 'ਚ 12 ਲੱਖ ਅਤੇ 1995 ਚ 15 ਲੱਖ ਹੋ ਗਈ (ਪਵਾਰ 2002) ਅਤੇ ਵਰਲਡ ਟਰੇਡ ਆਰਗੇਨਾਈਜੇਸ਼ਨ WTO ਦੀ ਰਹਿਨੁਮਾਈ 'ਚ ਹੋਈ GATS ਸੰਧੀ (1 ਜਨਵਰੀ 1995) ਨੇ ਵਿਦਿਅਕ ਸੇਵਾਵਾਂ ਸਮੇਤ ਵਪਾਰਕ ਸੇਵਾਵਾਂ ਦੇ ਵਪਾਰ 'ਚ ਲਗਾਤਾਰ ਛੋਟਾਂ liberalisation ਦਿੱਤੇ ਜਾਣਾ ਯਕੀਨੀ ਬਣਾਏ ਜਾਣ ਨਾਲ ਇਸ ਖੇਤਰ ਵਿੱਚ ਲਗਾਤਾਰ ਵਾਧਾ ਹੁੰਦਾ ਜਾ ਰਿਹਾ ਹੈ। GATS ਤਹਿਤ ਜਾਰੀ ਐਲਾਨਨਮੇ ਦੀ ਸਮਝ ਇਹ ਹੈ ਕਿ ਬਾਕੀ ਹੋਰ ਵਸਤਾਂ ਦੀ ਤਰ੍ਹਾਂ ਵਿਦਿਆ ਵੀ ਇੱਕ ਵਸਤ ਹੈ ਅਤੇ ਇਸਦਾ ਵਪਾਰ ਵੀ ਆਲਮੀ ਪੱਧਰ ਤੇ ਹੋਣਾ ਚਾਹੀਦਾ ਹੈ (ਆਲਟਬੈਕ 2003)।

ਲੋਕ ਸਭਾ ਵਿੱਚ ਪ੍ਰਦੇਸ਼ ਜਾ ਕੇ ਪੜ੍ਹਾਈ ਕਰਨ ਵਾਲੇ ਵਿਦਿਆਰਥੀਆਂ ਦੀ ਗਿਣਤੀ ਪੁੱਛੇ ਜਾਣ ਦੇ ਸਬੰਧ ਵਿੱਚ ਇਕ ਸੁਆਲ ਦੇ ਜੁਆਬ 'ਚ 9 ਅਗਸਤ 2017 ਨੂੰ ਵਿਦੇਸ਼ ਮੰਤਰੀ ਨੇ ਦੱਸਿਆ ਕਿ ਮੁਤਾਬਕ ਦੁਨੀਆਂ ਦੇ 86 ਮੁਲਕਾਂ ਅੰਦਰ ਇਸ ਸਮੇਂ 5 ਲੱਖ 53 ਹਜਾਰ 440 ਭਾਰਤੀ ਵਿਦਿਆਰਥੀ ਪੜ੍ਹਾਈ ਕਰ ਰਹੇ ਹਨ। ਇਹਨਾਂ ਦੀ ਦੋ ਤਿਹਾਈ ਗਿਣਤੀ ਅਮਰੀਕਾ, ਕੈਨੇਡਾ ਤੇ ਆਸਟ੍ਰੇਲੀਆ 'ਚ ਪੜ੍ਹਾਈ ਕਰ ਰਹੀ ਹੈ।




ਇਸ ਖੋਜ ਪੁਸਤਕ ਵਿਚ ਪ੍ਰਵਾਸ ਨੂੰ ਧੱਕਣ ਤੇ ਖਿੱਚਣ ਦੇ ਦੋ ਕਾਰਕਾਂ ਦਰਮਿਆਨ ਚੱਲ ਰਹੀ ਖੇਡ ਦੇ ਰੂਪ 'ਚ ਦੇਖਿਆ ਗਿਆ ਹੈ। ਕਿਸੇ ਰਾਜ ਚੋਂ ਵੱਡੀ ਪੱਧਰ 'ਤੇ ਹੋ ਰਹੇ ਪਰਵਾਸ ਨੂੰ ਆਮ ਤੌਰ 'ਤੇ ਉਸ ਖੇਤਰ ਦੇ ਆਰਥਿਕ ਵਿਕਾਸ 'ਚ ਪਛੜੇਵੇਂ ਦੇ ਰੂਪ ਵਿੱਚ ਪੈਦਾ ਹੋਈ ਸਮਾਜਿਕ ਜਾਂ ਸਿਆਸੀ ਉਥਲ-ਪੁਥਲ ਦੇ ਨਤੀਜੇ ਵਜੋਂ ਦੇਖਿਆ ਜਾਂਦਾ ਹੈ। ਪਰ ਪੰਜਾਬ ਦੇ ਮਾਮਲੇ ਵਿਚ ਹਾਲਾਤ ਵੱਖਰੇ ਹਨ ਕਿਉਂਕਿ ਆਰਥਿਕ ਪੱਖ ਤੋਂ ਇਸ ਨੂੰ ਭਾਰਤ ਦੇ ਇੱਕ ਸਭ ਤੋਂ ਵੱਧ ਵਿਕਸਤ ਸੂਬੇ ਦੇ ਰੂਪ ਵਿੱਚ ਦੇਖਿਆ ਜਾਂਦਾ ਹੈ ਅਤੇ ਜਿਸਦਾ ਭਾਰਤ ਦੀ ਖੇਤੀ ਅਧਾਰਤ ਆਰਥਿਕਤਾ ਅਤੇ ਮਨੁੱਖਾ ਸਰੋਤ ਦੇ ਵਿਕਾਸ ਦੇ ਮਾਮਲੇ 'ਚ ਇੱਕ ਅਹਿਮ ਯੋਗਦਾਨ ਹੈ।

ਪਰ ਸੱਤਰਵਿਆਂ 'ਚ ਅਮਰੀਕੀ ਤਰਜ਼ 'ਤੇ ਕੀਤੀ ਜਾਣ ਵਾਲੀ ਆਧੁਨਿਕ ਖੇਤੀ ਉਤਰੀ ਭਾਰਤ ਦੇ ਮੈਦਾਨੀ ਇਲਾਕਿਆਂ 'ਚ ਆਏ ਹਰੇ ਇਨਕਲਾਬ 'ਚ ਖੇਤੀ ਉਤਪਾਦਨ 'ਚ ਹੋਏ ਵਾਧੇ ਦੇ ਨਾਲ ਖੇਤੀ ਆਧਾਰਿਤ ਸਨਅਤਾਂ ਲਗਾਉਣ ਸਬੰਧੀ ਵੱਖ ਵੱਖ ਸਰਕਾਰਾਂ ਵੱਲੋਂ ਕੋਈ ਉਤਸ਼ਾਹ ਕਰੂ ਨੀਤੀਆਂ ਨਾ ਘੜਨ ਕਾਰਨ ਰੁਜ਼ਗਾਰ ਦੇ ਮੌਕੇ ਬਹੁਤ ਘੱਟ ਵਿਕਸਤ ਹੋਏ ਹਨ। ਮਨੁੱਖੀ ਸ਼ਕਤੀ ਦੀ ਥਾਂ 'ਤੇ ਮਸ਼ੀਨੀ ਵਰਤੋਂ ਹੋਣ ਨਾਲ ਖੇਤੀ ਦੇ ਖੇਤਰ 'ਚ ਲੱਗੇ ਕਾਮਿਆਂ ਦੀ ਮੰਗ ਘਟੀ ਹੈ। ਸਿੱਟੇ ਵਜੋਂ ਕਿਸਾਨੀ ਅਤੇ ਖੇਤ ਮਜ਼ਦੂਰਾਂ ਅੰਦਰ ਬੇਰੁਜ਼ਗਾਰੀ ਦੀ ਨੌਬਤ ਆਈ ਹੈ। ਇਸਦੇ ਨਾਲ ਹੀ ਸਰਕਾਰ ਦੀ ਅਜੋਕੀ ਆਰਥਕ ਨੀਤੀ ਦੀ ਚੀਰਫਾੜ ਕਰਦਿਆਂ ਦੱਸਿਆ ਗਿਆ ਹੈ ਕਿ ਜਿੱਥੇ ਇੱਕ ਪਾਸੇ ਸਰਕਾਰੀ ਨੌਕਰੀਆਂ ਚ ਭਾਰੀ ਕਟੌਤੀਆਂ, ਸਰਕਾਰੀ ਅਦਾਰਿਆਂ ਨੂੰ ਠੇਕੇਦਾਰੀ ਪ੍ਰਬੰਧ ਅਧੀਨ ਕਰਨ, ਸਨਅਤੀ ਵਿਕਾਸ ਦੀ ਕੋਈ ਬੱਝਵੀਂ ਨੀਤੀ ਨਾ ਹੋਣ ਵਰਗੇ ਕਾਰਨਾਂ ਨੇ ਬੇਰੁਜ਼ਗਾਰੀ 'ਚ ਭਾਰੀ ਵਾਧਾ ਕੀਤਾ ਹੈ। ਸਨਅਤੀ ਖੇਤਰ ਚ ਨੌਕਰੀਆਂ ਦੇ ਮਾਮਲੇ 'ਚ ਦੱਸਿਆ ਗਿਆ ਹੈ ਕਿ ਪਿਛਲੇ ਸਮੇਂ ਦੌਰਾਨ ਸੂਬੇ ਅੰਦਰ ਬਠਿੰਡਾ ਰਿਫਾਈਨਰੀ ਤੋਂ ਇਲਾਵਾ ਹੋਰ ਕੋਈ ਵੀ ਭਾਰੀ ਸਨਅਤ ਨਹੀਂ ਲਾਈ ਗਈ ਅਤੇ ਦੂਜੇ ਪਾਸੇ ਬਠਿੰਡਾ ਦੇ ਥਰਮਲ ਪਲਾਂਟ ਵਰਗੇ 50 ਸਾਲ ਪੁਰਾਣੇ ਸਰਕਾਰੀ ਅਦਾਰੇ ਨੂੰ ਵੀ ਨਿਜੀਕਰਨ ਦੀ ਭੇਂਟ ਚਾੜ੍ਹਦਿਆਂ ਇਸਨੂੰ ਬੰਦ ਕਰਕੇ ਹਜ਼ਾਰਾਂ ਕਾਮਿਆਂ ਨੂੰ ਬੇਰੁਜ਼ਗਾਰ ਕਰ ਦਿੱਤਾ ਹੈ।

1980-92 ਦੇ ਬਾਰਾਂ ਸਾਲ ਦੇ ਅਰਸੇ ਦੌਰਾਨ ਖਾੜਕੂਵਾਦ ਵਲੋਂ ਪੰਜਾਬ ਦੀ ਆਰਥਿਕ ਹਾਲਤ ਨੂੰ ਖੋਰਾ ਲਾਉਣ ਦੇ ਨਾਲ ਨਾਲ ਇਸਨੇ ਸਰਕਾਰ ਨੂੰ ਵੀ ਮਾਲੀ ਸੰਕਟ ਚ ਸੁੱਟਿਆ ਹੈ। ਖਾੜਕੂਵਾਦ ਨਾਲ ਨਜਿੱਠਣ ਲਈ ਕੇਂਦਰ ਸਰਕਾਰ ਕੋਲੋਂ ਪੰਜਾਬ ਸਰਕਾਰ ਵੱਲੋਂ ਲਿਆ ਗਿਆ ਉਸ ਅਰਸੇ ਦਾ ਕਰਜਾ ਜਿਓਂ ਦਾ ਤਿਓਂ ਖੜ੍ਹਾ ਹੈ। ਨਤੀਜੇ ਵਜੋਂ ਵਿਤੀ ਸੰਕਟ ਕਾਰਨ ਕਿਸੇ ਵੀ ਵਿਕਾਸ ਮੁਖੀ ਨੀਤੀ ਨੂੰ ਸਰਕਾਰ ਸਾਹਮਣੇ ਨਹੀਂ ਲਿਆ ਰਹੀ।

ਸੰਕਟਗ੍ਰਸਤ ਖੇਤੀ ਆਰਥਿਕਤਾ, ਸਨਅਤੀ ਖੇਤਰ ਵਿੱਚ ਵਿਕਾਸ ਦੀ ਖੜੋਤ, ਰੁਜ਼ਗਾਰ ਦੇ ਵਧੀਆ ਮੌਕਿਆਂ ਦਾ ਸੁੰਗੜਦੇ ਜਾਣਾ, ਵਿਆਪਕ ਬੇਰੁਜ਼ਗਾਰੀ ਅੱਜ ਦੇ ਪੰਜਾਬ ਦੇ ਸਮਾਜ ਦਾ ਉਘੜਵਾਂ ਲੱਛਣ ਹੈ। ਘੋਰ ਨਿਰਾਸ਼ਾ ਵਾਲੀ ਅਜਿਹੀ ਹਾਲਤ 'ਚੋਂ ਨੌਜਵਾਨ ਨਸ਼ਿਆਂ ਵੱਲ ਜਾਂ ਆਤਮਹੱਤਿਆ ਵੱਲ ਨੂੰ ਵਧਦੇ ਜਾ ਰਹੇ ਹਨ। ਰੋਜ਼ਾਨਾ ਅਖਬਾਰਾਂ ਦੀਆਂ ਸੁਰਖੀਆਂ ਇਸ ਦਾ ਗਵਾਹ ਹਨ।

ਇਸ ਪੁਸਤਕ ਵਿਚ ਅਜਿਹੀ ਨਿਰਾਸ਼ਾਜਨਕ ਹਾਲਤ 'ਚ ਇੱਕ ਅਹਿਮ ਨੁਕਤੇ ਨੂੰ ਵੀ ਨੋਟ ਕੀਤਾ ਗਿਆ ਹੈ ਕਿ ਇਥੇ ਜਸ਼ਨਾਂ ਦਾ ਸੱਭਿਆਚਾਰਵਧ ਫੂਲ ਰਿਹਾ ਹੈ। ਵਿਕਾਊ ਮੀਡੀਏ ਰਾਹੀਂ ਖਪਤਕਾਰ ਵਸਤੂਆਂ ਵਾਂਗ ਪਰੋਸੇ ਜਾ ਰਹੇ ਪੰਜਾਬੀ ਲੋਕ ਸੱਭਿਆਚਾਰ ਦੀ ਮੁੱਖਧਾਰਾ 'ਚ ਪੰਜਾਬੀਆਂ ਦੀ ਆਣ ਸ਼ਾਨ ਨੂੰ ਇੱਕ ਹੋਰ ਵੱਖਰੇ ਹੀ ਅੰਦਾਜ਼ ਵਿੱਚ ਪੇਸ਼ ਕੀਤਾ ਜਾ ਰਿਹਾ ਹੈ-ਜਿਸ ਚੋਂ ਇਓਂ ਪ੍ਰਭਾਵ ਮਿਲਦਾ ਹੈ ਕਿ ਜਿਵੇਂ ਪੰਜਾਬ ਵਿੱਚ ਤਾਂ ਕੋਈ ਸੰਕਟ ਹੈ ਹੀ ਨਹੀਂ ਹੈ। ਸਾਰਾ ਪੰਜਾਬ ਹਮੇਸ਼ਾਂ ਨੱਚਦਾ ਗਾਉਂਦਾ ਹੀ ਰਹਿੰਦਾ ਹੈ। ਓਪਰੀ ਖੁਸ਼ਹਾਲੀ ਦਾ ਗੁਣਗਾਣ, ਹਥਿਆਰਾਂ ਅਤੇ ਨਸ਼ਿਆਂ ਦੀ ਮਹਿਮਾ, ਵੱਡੀਆਂ ਮਹਿੰਗੀਆਂ ਚਮਚਮਾਉਂਦੀਆਂ ਕਾਰਾਂ, ਬਰਾਂਡਡ ਕੱਪੜੇ, ਜੁੱਤੇ, ਐਨਕਾਂ ਤੇ ਪਹਿਨਣ ਪੱਚਰਣ ਦਾ ਹੋਰ ਲਗਾਤੂਗਾ ਇਕੱਠਾ ਕਰਨ ਵੱਲ ਨੂੰ ਉਲਾਰ ਹੋਣਾ ਇਕ ਅਜਿਹੀ ਮਨੋਸਥਿਤੀ ਵੱਲ ਨੂੰ ਇਸ਼ਾਰਾ ਕਰਦਾ ਹੈ ਜਿਸਨੂੰ ਫਰੈਂਕਫਰਟ ਸਕੂਲ ਆਫ਼ ਕਰਿਟੀਕਲ ਸਟੱਡੀਜ਼ ਦੇ ਅਮਰੀਕੀ-ਜਰਮਨ ਫਲਾਸਫ਼ਰ ਹਰਬਰਟ ਮਾਰਕਿਊਜ਼ ਨੇ ਇੱਕ ਓਪਰੀ ਝੂਠੀ ਅਤੇ ਦੂਜੀ ਖੁਸ਼ੀ ਦਿਖਾਈ ਦਿੰਦੀ ਜ਼ਮੀਰ ਦੇ ਬਰੋ-ਬਰਾਬਰ ਉਗਮਦੇ ਹੋਣ ਦਾ ਸੰਕਲਪ ਦਿੱਤਾ ਸੀ ਕਿ ਮਨੁੱਖ ਖਪਤ ਅਤੇ ਵਸਤਾਂ 'ਚੋਂ ਹੀ ਜਸ਼ਨ ਮਾਨਦਾ ਦਿਖਾਈ ਦਿੰਦਾ ਹੈ। ਜਿਵੇਂ ਕਿ ਉਸਨੇ ਕਿਹਾ ਸੀ ਕਿ ਲੋਕ ਆਪਣਾ ਤੁਆਰਫ਼ ਆਪਣੀਆਂ ਵਸਤਾਂ ਨਾਲ ਕਰਾਉਂਦੇ ਹਨ, ਉਹ ਆਪਣੀ ਜਾਨ ਆਪਣੀਆਂ ਕਾਰਾਂ, ਮਹਿੰਗੇ ਸਾਜ਼ੋ-ਸਮਾਨ, ਅਲੀਸ਼ਾਨ ਘਰਾਂ, ਚਮਚਮਾਉਂਦੀ ਕਰਾਕਰੀ 'ਚ ਪਈ ਸਮਝਦੇ ਹਨ। ਅਜਿਹੀ ਮਾਨਸਿਕਤਾ ਵਾਲੇ ਨੌਜਵਾਨ ਆਪਣੇ ਜ਼ਿੰਦਗੀ ਜਿਉਣ ਦੇ ਮਕਸਦ ਬਾਰੇ ਵੀ ਪੂਰਨ ਰੂਪ ਵਿੱਚ ਜਾਗਰੂਕ ਨਹੀਂ ਹੁੰਦੇ ਤੇ ਨਾਹੀਂ ਹੀ ਆਪਣੇ ਕੈਰੀਅਰ ਬਾਰੇ ਅਤੇ ਜਦੋਂ ਵੀ ਉਹਨਾਂ ਨੂੰ ਪ੍ਰਦੇਸ਼ ਜਾ ਕੇ ਪੜ੍ਹਾਈ ਦੀ ਲਾਈਨ ਦੀ ਗੱਲ ਕੀਤੀ ਜਾਂਦੀ ਹੈ ਤਾਂ ਇਹੀ ਜਵਾਬ ਮਿਲਦਾ ਹੈ ਕਿ -ਜਿਸ ਮਰਜ਼ੀ ਲਾਈਨ ਵਿੱਚ ਦਾਖਲਾ ਮਿਲ ਜਾਵੇ ਜਾਣਾ ਤਾਂ ਆਪਾਂ ਜਾਣਾ ਕੈਨੇਡਾ ਅਮਰੀਕਾ ਸੈਟਲ ਹੋਣ ਵਾਸਤੇ ਹੀ ਹੈ।

ਆਪਣੀ ਇਸ ਖੋਜ ਪੁਸਤਕ ਨੂੰ ਅਮਲੀਜਾਮਾ ਪਹਿਨਾਉਣ ਤੋਂ ਪਹਿਲਾਂ ਵਿਦਵਾਨ ਲੇਖਕਾਂ ਨੇ ਬਠਿੰਡੇ ਸ਼ਹਿਰ ਦੀਆਂ ਅੰਗਰੇਜ਼ੀ ਭਾਸ਼ਾ ਦੀ ਸਿਖਲਾਈ ਦੇਣ ਵਾਲੀਆਂ ਵੱਖ-ਵੱਖ ਸੰਸਥਾਵਾਂ ਦੇ 540 ਵਿਦਿਆਰਥੀਆਂ ਦਾ ਸਰਵੇਖਣ ਕੀਤਾ ਹੈ।

ਸਮਾਜਕ ਆਰਥਿਕ ਪੱਖੋਂ ਵਿਦਿਆਰਥੀਆਂ ਦਾ ਸਰਵੇਖਣ ਕਰਨ ਲਈ ਇਹਨਾਂ ਨੇ ਲਿੰਗ, ਰਿਹਾਇਸ਼ (ਪੇਂਡੂ/ਸ਼ਹਿਰੀ), ਸਮਾਜਕ ਕੈਟੇਗਰੀ, ਸਕੂਲੀ ਵਿਦਿਆ ਦਾ ਪਿਛੋਕੜ, ਮਾਪਿਆਂ ਦਾ ਵਿਦਿਅਕ ਪਿਛੋਕੜ, ਪਰਿਵਾਰ ਦੀ ਆਰਥਕ ਹਾਲਤ, ਪਰਿਵਾਰ ਦੀ ਸਮਾਜਕ ਹੈਸੀਅਤ ਆਦਿ ਨੂੰ ਵਿਚਾਰ ਅਧੀਨ ਲਿਆਂਦਾ ਹੈ। ਇਹਨਾਂ ਸੁਆਲਾਂ ਦੇ ਨਾਲ ਹੀ ਮਾਈਗਰੇਸ਼ਨ ਕਰਕੇ ਪੜ੍ਹਾਈ ਦੇ ਵਿਸ਼ੇ, ਕਾਲਜ ਦੀ ਪੜ੍ਹਾਈ ਦਾ ਖਰਚਾ ਕੌਣ ਕਰੂ, ਪੜ੍ਹਾਈ ਦੇ ਨਾਲੋਂ-ਨਾਲ ਕੰਮ ਕਰਨ ਬਾਰੇ ਅਤੇ ਉੱਥੇ ਰਹਿਣ ਬਾਰੇ ਭਵਿੱਖ ਦੀਆਂ ਵਿਉਂਤਬੰਦੀਆਂ ਦੇ ਸਬੰਧ 'ਚ ਉਠਾਏ ਸੁਆਲਾਂ ਨੂੰ ਵੀ ਸੁਆਲਨਾਮੇ ਲਿਆ ਹੈ।

ਸਮਾਜਕ ਵਰਗਾਂ ਦੇ ਸਬੰਧ 'ਚ ਸਰਵੇ 'ਚ ਪਾਇਆ ਗਿਆ ਕਿ ਅੰਗਰੇਜ਼ੀ ਭਾਸ਼ਾ ਦੀਆਂ ਇਹਨਾਂ ਸੰਸਥਾਵਾਂ 'ਚ 90 ਫੀਸਦੀ ਵਿਦਿਆਰਥੀ ਜਰਨਲ ਕੈਟੇਗਰ ਨਾਲ ਸਬੰਧਿਤ ਹਨ ਅਤੇ ਪੱਛੜੀ ਜਾਤੀ ਦੇ 8 ਫੀਸਦੀ ਜਦ ਕਿ ਦਲਿਤ ਸ਼੍ਰੇਣੀ ਦੇ ਸਿਰਫ ਦੋ ਫੀ ਸਦੀ ਵਿਦਿਆਰਥੀ ਹੀ ਇਹਨਾਂ ਸੰਸਥਾਵਾਂ 'ਚ ਟਰੇਨਿੰਗ ਲੈ ਰਹੇ ਹਨ। ਇਸ 'ਚੋ. ਹੀ ਪ੍ਰਦੇਸ਼ ਜਾ ਕੇ ਪੜ੍ਹਾਈ 'ਤੇ ਹੋਣ ਵਾਲੇ ਖਰਚੇ ਨੂੰ ਝੱਲ ਸਕਣ ਦੀ ਸਮਰੱਥਾ ਦਾ ਅੰਦਾਜ਼ਾ? ਲੱਗ ਜਾਂਦਾ ਹੈ ਕਿ ਜਾਇਦਾਦ ਵਿਹੂਣੀ ਇਹ ਜਮਾਤ ਐਨੀ ਮਹਿੰਗੀ ਵਿਦਿਆ ਦੀ ਪਰੋਖੋਂ ਝੱਲਣ ਤੋਂ ਅਸਮਰੱਥ ਹੈ।

ਕੁਲ ਮਿਲਾਕੇ ਦੇਖਿਆ ਜਾਵੇ ਤਾਂ ਇਹ ਪੁਸਤਕ ਅੱਜ ਦੇ ਭਖਵੇਂ ਮਸਲੇ 'ਤੇ ਇੱਕ ਸਰਬਪੱਖੀ ਲਿਖਤ ਹੈ। ਪੰਜਾਬ ਦੀ ਜਵਾਨੀ ਨੂੰ ਦਰਪੇਸ਼ ਸਭ ਤੋਂ ਤਿੱਖੀ ਸਮੱਸਿਆ ਬੇਰੁਜ਼ਗਾਰੀ 'ਤੇ ਸਮਾਜਕ-ਆਰਥਕ ਪ੍ਰਸੰਗ ਤੋਂ ਡੂੰਘੀ ਝਾਤ ਪਾਉਂਦੀ ਹੈ। ਇਹਨਾਂ ਸਮੱਸਿਆਵਾਂ ਦੇ ਹੱਲ ਲਈ ਵੱਖ ਵੱਖ ਸਰਕਾਰਾਂ ਵੱਲੋਂ ਅਪਣਾਈਆਂ ਨੀਤੀਆਂ ਦੀ ਵੀ ਤਿੱਖੀ ਅਲੋਚਨਾ ਕਰਦੀ ਹੈ। ਨਾਲ ਦੀ ਨਾਲ ਹੀ ਪੁਸਤਕ ਦੇ ਅੰਤ 'ਚ ਪੰਜਵੇਂ ਅਧਿਆਏ 'ਚ ਸਰਕਾਰ ਅਤੇ ਸਬੰਧਿਤ ਧਿਰਾਂ ਸਾਹਮਣੇ ਵਿਦਿਆ ਅਤੇ ਆਰਥਕਨੀਤੀਆਂ 'ਚ ਬਦਲਾਅ ਕਰਨ ਲਈ 12 ਨੀਤੀਗਤ ਸੁਝਾਅ ਵੀ ਪ੍ਰਦਾਨ ਕਰਦੀ ਹੈ। ਇਹ ਸੁਝਾਅ ਅਜੋਕੀ ਵਿਦਿਆ ਪ੍ਰਣਾਲੀ ਦੇ ਸੁਧਾਰ ਲਈ ਨਾਕਾਫ਼ੀ ਹਨ ਕਿਉਂਕਿ ਵਿਦਿਆ ਦਾ ਬੁਨਿਆਦੀ ਮਕਸਦ ਮਨੁੱਖ ਦਿਮਾਗਾਂ ਨੂੰ ਰੁਸ਼ਨਾਉਣਾ ਹੁੰਦਾ ਹੈ, ਉਹਨਾਂ ਦਿਮਾਗਾਂ ਨੂੰ ਹਰ ਵਰਤ-ਵਰਤਾਰੇ ਨੂੰ ਕਿਉਂ, ਕਿਵੇਂ ਦੇ ਨੁਕਤਾ ਨਜ਼ਰ ਤੋਂ ਪਰਖ ਪੜਤਾਲ ਕਰਨ ਦੇ ਕਾਬਲ ਬਣਾਉਣਾ ਹੁੰਦਾ ਹੈ। ਇੱਥੇ ਅਸੀਂ ਉਮੀਦ ਕਰਦੇ ਹਾਂ ਕਿ ਭਵਿੱਖ 'ਚ ਇਹੀ ਅਤੇ ਹੋਰ ਰੌਸ਼ਨ ਦਿਮਾਗ ਵਿਦਵਾਨ ਇਸ ਸੇਧ 'ਚ ਅੱਗੇ ਵੱਧਕੇ ਵਿਦਿਅਕ ਢਾਂਚੇ ਅੰਦਰ ਅਜਿਹੀਆਂ ਵਿਆਪਕ ਤਬਦੀਲੀਆਂ ਲਿਆਉਣ ਲਈ ਉਪਰਾਲੇ ਜੁਟਾਉਣਗੇ ਕਿਉਂਕਿ ਤਦ ਹੀ ਸਹੀ ਮਾਹਨਿਆਂ 'ਚ ਇਹ ਸਾਰਥਿਕ ਰੂਪ'ਚ ਸਹਾਈ ਹੋ ਸਕਦੀ ਹੈ।

ਇਹ ਪੁਸਤਕ ਵਿਦਿਆਰਥੀਆਂ, ਕਾਲਜ-ਸਕੂਲ ਅਧਿਆਪਕਾਂ, ਲੋਕ ਪੱਖੀ ਜਥੇਬੰਦੀਆਂ 'ਚ ਕੰਮ ਕਰਨ ਵਾਲੇ ਆਗੂਆਂ, ਖੋਜਕਾਰਾਂ ਅਤੇ ਆਮ ਪਾਠਕਾਂ ਲਈ ਬਹੁਤ ਕੁੱਝ ਸਮੋਈ ਬੈਠੀ ਹੈ। ਪਰ ਕਿਤਾਬ ਦੇ ਅਕਾਰ ਨੂੰ ਦੇਖਦਿਆਂ ਇਸ ਦੀ ਰੱਖੀ ਗਈ ਕੀਮਤ 350 ਰੁਪੈ ਅਤੇ ਇਸ ਦਾ ਅੰਗਰੇਜ਼ੀ ਭਾਸ਼ਾ ਵਿੱਚ ਹੋਣਾ ਇਸਨੂੰ ਵੱਧ ਤੋਂ ਵੱਧ ਗੰਭੀਰ ਪਾਠਕਾਂ ਅਤੇ ਸੰਘਰਸ਼ਸੀਲ ਤਬਕਿਆਂ ਤੱਕ ਲੈ ਕੇ ਜਾਣ 'ਚ ਸਭ ਤੋਂ ਵੱਡਾ ਅੜਿੱਕਾ ਹੈ। ਇਸ ਦਾ ਪੰਜਾਬੀ ਤਰਜ਼ਮਾ ਕਰਨਾ ਬਹੁਤ ਅਹਿਮ ਹੈ।

*26 ਦਸੰਬਰ ਨੂੰ ਜਨਮ ਦਿਵਸ ਮੌਕੇ ਵਿਸ਼ੇਸ਼*

# ਅੰਗਰੇਜ਼ ਸਾਮਰਾਜ ਨੂੰ ਵਦਾਨੀ ਸੱਟ ਮਾਰਨ ਵਾਲਾ ਸ਼ਹੀਦ ਊਧਮ ਸਿੰਘ ਸੁਨਾਮ

ਸ਼ੇਰ ਸਿੰਘ (ਊਧਮ ਸਿੰਘ) ਦਾ ਜਨਮ 26 ਦਸੰਬਰ 1899 ਨੂੰ ਸੁਨਾਮ ਵਿਖੇ ਮਾਤਾ ਨਰੈਣੀ (ਹਰਨਾਮ ਕੌਰ) ਤੇ ਪਿਤਾ ਚੂਹੜ ਰਾਮ (ਟਹਿਲ ਸਿੰਘ) ਦੇ ਘਰ ਹੋਇਆ। ਆਪ ਦੇ ਪਿਤਾ ਪਹਿਲਾਂ ਸਬਜ਼ੀਆਂ ਦੀ ਖੇਤੀ, ਫਿਰ ਨਹਿਰੀ ਮਹਿਕਮੇ ਦੀ ਨੌਕਰੀ, ਊਪਲੀ ਰੇਲਵੇ ਫਾਟਕ ਦੀ ਨੌਕਰੀ ਕਰਦੇ ਸਨ ਪ੍ਰੰਤੂ ਪਿਛੋਂ ਇਹ ਨੌਕਰੀ ਛੱਡ ਕੇ ਅੰਮ੍ਰਿਤਸਰ ਕੰਮ ਦੀ ਭਾਲ ਲਈ ਚਲੇ ਗਏ। ਜਿੱਥੇ ਜਾ ਕੇ ਉਨ੍ਹਾਂ ਦੀ ਮੌਤ ਹੋ ਗਈ। ਮਾਤਾ ਪਹਿਲਾਂ ਹੀ ਗੁਜ਼ਰ ਚੁੱਕੀ ਸੀ। 24.10.1907 ਤੋਂ ਊਧਮ ਸਿੰਘ ਤੇ ਵੱਡਾ ਭਰਾ ਸਾਧੂ ਸਿੰਘ ਸਿੱਖ ਸੈਂਟਰਲ ਯਤੀਮ ਘਰ ਅੰਮ੍ਰਿਤਸਰ ਵਿਖੇ ਦਾਖਲ ਹੋ ਗਏ। ਯਤੀਮ ਘਰ 'ਚ ਬੱਚਿਆਂ ਨੂੰ ਪੜ੍ਹਾਈ, ਖੇਡਾਂ ਤੋਂ ਇਲਾਵਾ ਤਰਖਾਣਾ, ਰੰਗ ਰੋਗਨ ਆਦਿ ਕੰਮ ਵੀ ਸਿਖਾਏ ਜਾਂਦੇ ਸਨ। ਊਧਮ ਸਿੰਘ ਤਾਕਤਵਰ, ਬੁੱਧੀ ਤੌਰ 'ਤੇ ਤੇਜ਼, ਮਿਹਨਤੀ ਤੇ ਸਿਰੜੀ ਹੋਣ ਕਰਕੇ ਆਪਣੇ ਗਰੁੱਪ ਦੇ ਬੱਚਿਆਂ ਦਾ ਮੋਹਰੀ ਬਣ ਗਿਆ। ਉਸਦਾ ਆਪਣਾ ਬਿਆਨ ਹੈ ਕਿ ਉਸਨੇ ਕੋਈ ਪੜ੍ਹਾਈ ਨਹੀਂ ਕੀਤੀ। ਬੇਸ਼ੱਕ ਉਹ ਤਿੰਨ ਬੋਲੀਆਂ-ਗੁਰਮੁਖੀ, ਉਰਦੂ, ਅੰਗਰੇਜ਼ੀ ਲਿਖਣ ਬੋਲਣ ਦਾ ਵਧੀਆ ਮਾਹਿਰ ਸੀ। ਯਤੀਮਖਾਨੇ ਰਹਿੰਦਿਆਂ ਉਸ ਨੇ ਸਿੱਖ ਇਤਿਹਾਸ 'ਚ ਹੋਈਆਂ ਕੁਰਬਾਨੀਆਂ ਦਾ ਭਰਪੂਰ ਗਿਆਨ ਪ੍ਰਾਪਤ ਕੀਤਾ। ਉਹ ਸਥਾਨਕ ਦੇਸ਼ ਭਗਤ ਪੰਡਤ ਹਰੀ ਚੰਦ ਦੀਆਂ ਸਭਾਵਾਂ 'ਚ ਤੇ ਗੁਪਤ ਮੀਟਿੰਗਾਂ 'ਚ ਵੀ ਜਾਣ ਲੱਗਿਆ। 1917 'ਚ ਵੱਡੇ ਭਰਾ ਸਾਧੂ ਸਿੰਘ ਦੀ ਨਮੂਨੀਏ ਨਾਲ ਹੋਈ ਮੌਤ ਨੇ ਉਸ ਨੂੰ ਕਾਫੀ ਵੱਡਾ ਸਦਮਾ ਪਹੁੰਚਾਇਆ। ਯਤੀਮਘਰ ਦੀ ਸਹਾਇਤਾ ਨਾਲ ਉਹ ਉਤੱਰੀ ਪੱਛਮੀ ਰੇਲਵੇ 'ਚ ਡਰਾਈਵਰ ਦੇ ਸਹਾਇਕ ਦੇ ਰੂਪ 'ਚ ਕੰਮ ਕਰਨ ਲੱਗਿਆ ।

1918 'ਚ ਪੂਰਬੀ ਅਫਰੀਕਾ ਦੇ ਸ਼ਹਿਰ ਮੋਬਾਸਾ ਪੁੱਜਾ। ਨੈਰੋਬੀ 'ਚ ਇੱਕ ਜਰਮਨ ਕੰਪਨੀ 'ਚ ਮੋਟਰ ਮਕੈਨਿਕ ਦੀ ਨੌਕਰੀ ਕੀਤੀ 18 ਮਹੀਨੇ। ਜੂਨ 1919 ਨੂੰ ਭਾਰਤ ਵਾਪਸ ਆਇਆ। ਅੰਮ੍ਰਿਤਸਰ ਆ ਕੇ ਉਸ ਨੇ 13 ਅਪ੍ਰੈਲ 1919 ਜਲਿਆਂਵਾਲੇ ਬਾਗ ਦੇ ਕਤਲੇਆਮ ਦੀ ਅਤੇ ਪੂਰਾ ਅਪ੍ਰੈਲ ਮਹੀਨਾ ਪੰਜਾਬ ਦੇ ਜ਼ਿਲਿਆਂ-ਅੰਮ੍ਰਿਤਸਰ, ਲਾਹੌਰ, ਗੁਜਰਾਂਵਾਲਾ, ਲਾਇਲਪੁਰ ਤੇ ਗੁਜਰਾਤ ਦੇ ਸ਼ਹਿਰਾਂ ਅਤੇ ਸੈਂਕੜੇ ਪਿੰਡਾਂ 'ਚ ਲੱਗੇ ਮਾਰਸ਼ਲ ਲਾਅ ਦੌਰਾਨ ਹੋਈ ਬੇਦੋਸ਼ੇ ਤੇ ਮਾਸੂਮ ਲੋਕਾਂ ਤੇ ਹੋਈ ਗੋਲੀਬਾਰੀ, ਕਤਲੋਗਾਰਦ, ਜਬਰ-ਤਸ਼ੱਦਦ, ਗ੍ਰਿਫਤਾਰੀਆਂ ਦਾ ਦਮਨ ਚੱਕਰ ਬਾਰੇ ਮੁਕੰਮਲ ਤੇ ਦਰਦਨਾਕ ਕਹਾਣੀ ਸੁਣ ਕੇ ਉਸਦਾ ਕੋਮਲ ਭਾਵੀ ਹਿਰਦਾ ਵਲੂੰਧਰਿਆ ਗਿਆ ਤੇ ਉਸ ਨੇ ਆਪਣੇ ਮਨ ਦੇ ਅੰਦਰ ਹੀ ਇਸ ਦਾ ਬਦਲਾ ਚੁਕਾਉਣ ਦੀ ਸੌਂਹ ਖਾਧੀ ।(ਉਸ ਨੇ ਆਪਣੇ 5 ਜੂਨ 1940 ਦੇ ਬਿਆਨ 'ਚ ਦੱਸਿਆ ਕਿ ਜਲਿਆਂਵਾਲੇ ਬਾਗ ਦੇ ਸਾਕੇ ਵੇਲੇ ਉਹ ਪੂਰਬੀ ਅਫਰੀਕਾ 'ਚ ਸੀ ਤੇ ਉਸ ਨੂੰ ਇਸਦੀ ਜਾਣਕਾਰੀ ਵਾਪਸ ਆ ਕੇ ਹੀ ਮਿਲੀ ਸੀ)

ਦਸੰਬਰ 1919 'ਚ ਇੰਡੀਅਨ ਨੈਸ਼ਨਲ ਕਾਂਗਰਸ ਦੇ ਅੰਮ੍ਰਿਤਸਰ ਸੈਸ਼ਨ 'ਚ ਬਤੌਰ ਵਲੰਟੀਅਰ ਸ਼ਾਮਲ ਹੋਇਆ ਅਤੇ ਬਹੁਤ ਹੀ ਤਿਖੀ ਸੂਝ ਦਾ ਮਾਲਕ ਹੋਣ ਕਰਕੇ ਇਸ ਸਿੱਟੇ ਤੇ ਪੁੱਜਿਆ ਕਿ ਕਾਂਗਰਸ ਪਾਰਟੀ ਅੰਗਰੇਜ਼ਾਂ ਲਈ ਕੋਈ ਚੁਣੌਤੀ ਨਹੀਂ। ਸੋ ਇਸ ਨਾਲੋਂ ਨਾਤਾ ਤੋੜ ਲਿਆ।

ਊਧਮ ਸਿੰਘ ਗਦਰ ਸਾਹਿਤ ਦੀ ਪ੍ਰਾਪਤੀ ਲਈ ਤੇ ਮਾਸਟਰ ਮੋਤਾ ਸਿੰਘ ਨੂੰ ਮਿਲਣ ਲਈ ਪਤਾਰਾ (ਜ਼ਿਲ੍ਹਾ ਜਲੰਧਰ) ਗਿਆ, ਲੇਕਿਨ ਫੜੋ-ਫੜੀ ਦਾ ਦੌਰ ਹੋਣ ਕਰਕੇ, ਕੋਈ ਭੇਤ ਨਾ ਲੱਗ ਸਕਿਆ।

ਕੁੱਝ ਮਹੀਨਿਆਂ ਬਾਅਦ ਊਧਮ ਸਿੰਘ ਮੁੜ ਪੂਰਬੀ ਅਫਰੀਕਾ ਗਿਆ, ਜਿੱਥੇ 2 ਸਾਲ ਯੁਗਾਂਡਾ ਰੇਲਵੇ ਵਰਕਸ਼ਾਪ 'ਚ ਮਕੈਨਿਕ ਵਜੋਂ ਨੌਕਰੀ ਕੀਤੀ। ਮੁੜ ਫੇਰ ਭਾਰਤ ਪਰਤ ਆਇਆ। ਜਲਦੀ ਹੀ 1922 'ਚ ਪ੍ਰੀਤਮ ਸਿੰਘ ਨਾਲ ਲੰਡਨ, ਫਿਰ ਮੈਕਸੀਕੋ ਗਿਆ। 2 ਸਾਲ ਕੈਲੇਫੋਰਨੀਆਂ ਕੰਮ ਕੀਤਾ, ਕੁੱਝ ਮਹੀਨੇ ਡੈਟਰੋਇਟ, ਸ਼ਿਕਾਗੋ ਤੇ ਨਿਊਯਾਰਕ ਵੀ। ਕੈਲੇਫੋਰਨੀਆਂ 'ਚ ਉਹ ਗਦਰ ਪਾਰਟੀ ਦਾ ਮੈਂਬਰ ਬਣ ਗਿਆ ਅਤੇ ਇਸ ਦੀਆਂ ਸਰਗਰਮੀਆਂ 'ਚ ਹਿੱਸਾ ਲੈਣ ਲੱਗਾ, ਜੋ ਕਿ ਅੰਤ ਤੱਕ ਜਾਰੀ ਰਿਹਾ। 1923 'ਚ ਸੈਫ-ਉਦ-ਦੀਨ ਕਿਚਲੂ ਰਾਹੀਂ ਉਸਦੀ ਮਿਲਣੀ ਕਾਬਲ ਵਿੱਚ ਮਾਸਟਰ ਮੋਤਾ ਸਿੰਘ ਨਾਲ ਹੋਈ। ਵਾਪਸ ਸੁਨਾਮ ਆ ਕੇ ਆਪਣੇ ਮਿੱਤਰਾਂ ਤੇ ਸਕੇ ਸੰਬਧੀਆਂ ਨਾਲ ਮਿਲਣੀਆਂ ਕੀਤੀਆਂ। ਅੰਮ੍ਰਿਤਸਰ ਆ ਕੇ ਇੱਕ ਦੁਕਾਨ ਲਈ ਜਿਸ ਤੇ 'ਰਾਮ ਮੁਹੰਮਦ ਸਿੰਘ ਅਜ਼ਾਦ' ਲਿਖਿਆ ਹੋਇਆ ਸੀ। ਇਹ ਦੁਕਾਨ ਕਾਫੀ ਦੇਰ ਇਨਕਲਾਬੀਆਂ ਦੇ ਤਾਲਮੇਲ ਦਾ ਕੇਂਦਰ ਬਣੀ ਰਹੀ। ਊਧਮ ਸਿੰਘ ਇਨਕਲਾਬੀ ਸਾਹਿਤ ਪੜ੍ਹਦਾ ਤੇ ਵੱਡੀ ਕੁਰਬਾਨੀ ਲਈ ਆਪਣੇ ਆਪ ਨੂੰ ਤਿਆਰ ਕਰਦਾ। ਇੱਥੇ ਹੀ ਉਸਦੀ ਮੁਲਾਕਾਤ ਭਗਤ ਸਿੰਘ ਨਾਲ ਹੋਈ ।

ਇਸ ਤੋਂ ਬਾਅਦ ਊਧਮ ਸਿੰਘ ਬਬਰ ਅਕਾਲੀ ਲਹਿਰ 'ਚ ਸ਼ਾਮਲ ਹੋ ਗਿਆ। ਉਸ ਨੇ ਤੇ ਸ਼ੇਰਜੰਗ ਨੇ ਆਪਣੇ ਨਾਲ 15-16 ਸਾਥੀ ਹੋਰ ਤਿਆਰ ਕਰ ਲਏ ਤੇ ਬੱਬਰ ਸਰਗਰਮੀਆਂ 'ਚ ਰੋਲ ਨਿਭਾਉਣ ਲੱਗੇ। ਇਸ ਤੋਂ ਬਾਅਦ ਊਧਮ ਸਿੰਘ ਨੇ ਮੁੜ ਭਗਤ ਸਿੰਘ ਨਾਲ ਸੰਪਰਕ ਕਾਇਮ ਕੀਤਾ। ਇਨ੍ਹਾਂ ਦਿਨਾਂ 'ਚ ਉਹ ਗਦਰ ਪਾਰਟੀ ਦੇ ਆਗੂ ਬਾਬਾ ਭਾਗ ਸਿੰਘ ਨੂੰ ਵੀ ਮਿਲੇ। ਰਾਵਲਪਿੰਡੀ ਵਿਖੇ ਆਪ ਦੀ ਬਸੰਤ ਸਿੰਘ ਤੇ ਸ. ਅਜੀਤ ਸਿੰਘ ਮੁਲਾਕਾਤ ਹੋਈ। ਊਧਮ ਸਿੰਘ ਨੂੰ ਇਨਕਲਾਬੀ ਸਾਹਿਤ ਦੀ ਸਪਲਾਈ ਲਈ ਅਮਰੀਕਾ ਭੇਜਣ ਦਾ ਫੈਸਲਾ ਹੋਇਆ। ਸੋ ਆਪ 1924 'ਚ ਅਮਰੀਕਾ ਪੁੱਜੇ। ਉਸ ਨੇ ਵੱਖ-ਵੱਖ ਦੇਸ਼ਾਂ ਵਿੱਚ ਗਦਰ ਪਾਰਟੀ ਦੇ ਕਾਰਕੁੰਨਾਂ ਨਾਲ ਮੁੜ ਸੰਪਰਕ ਬਹਾਲ ਕੀਤੇ ਤੇ ਗਦਰ ਸਾਹਿਤ ਭੇਜਣਾ ਸ਼ੁਰੂ ਕੀਤਾ। ਅਮਰੀਕਾ 'ਚ ਰਹਿੰਦਿਆਂ ਊਧਮ ਸਿੰਘ ਨੇ "ਆਜ਼ਾਦ ਪਾਰਟੀ" ਕਾਇਮ ਕੀਤੀ ਜੋ ਕਿ ਗਦਰ




ਪਾਰਟੀ ਦੀ ਹੀ ਸਹਾਇਕ ਸੀ। ਉਹ ਗੁਜਾਰੇ ਲਈ 6 ਘੰਟੇ ਕੰਮ ਕਰਦਾ ਤੇ ਬਾਕੀ ਸਮਾਂ ਪਾਰਟੀ ਲਈ ਲਗਾਉਂਦਾ। 1927 ਦੇ ਸ਼ੁਰੂ 'ਚ ਉਸ ਨੂੰ ਭਗਤ ਸਿੰਘ ਦਾ ਪੱਤਰ ਮਿਲਿਆ। ਜਿਸ ਬਾਰੇ ਉਸ ਨੇ ਆਪਣੀ ਪਾਰਟੀ ਨਾਲ ਵਿਚਾਰ ਕੀਤੀ ਤੇ ਫੈਸਲਾ ਕੀਤਾ ਕਿ ਉਸਦੇ ਨਾਲ 25 ਮੈਂਬਰ ਭਾਰਤ ਜਾਣਗੇ, ਜਿੰਨਾਂ 'ਚ ਇੱਕ ਜਰਮਨ ਔਰਤ ਵੀ ਸੀ। ਵਰਣਨਯੋਗ ਹੈ ਕਿ ਉਸ ਨੇ ਦੱਖਣੀ ਇੰਗਲੈਂਡ ਦੇ ਆਈਲ ਆਫ ਵਾਈਟ 'ਚ ਇੰਗਲਿਸ਼ ਚੈਨਲ ਦੇ ਸਮੁੰਦਰੀ ਡਾਕੂਆਂ ਤੋਂ ਹੱਥਿਆਰ ਖਰੀਦੇ ਤੇ ਜਮ੍ਹਾਂ ਕੀਤੇ। ਭਾਰਤ ਵਾਪਸੀ ਮੌਕੇ ਉਹ ਲਾਲਾ ਹਰਦਿਆਲ ਦਾ ਇੱਕ ਪੱਤਰ ਸੁਭਾਸ਼ ਚੰਦਰ ਬੋਸ ਦੇ ਨਾਮ ਲੈ ਕੇ ਆਇਆ। ਆਪਣੇ ਜੱਥੇ ਸਮੇਤ ਉਹ ਸੁਨਾਮ ਪੁੱਜੇ ਤੇ ਆਪਣੇ ਘਰ ਹੀ ਦਫਤਰ ਕਾਇਮ ਕੀਤਾ। ਉਹ ਮੋਟਰ ਸਾਈਕਲ ਤੇ ਅੰਮ੍ਰਿਤਸਰ ਤੇ ਲਾਹੌਰ ਜਾਂਦਾ ਉਸ ਨੇ ਮਾਨਾਂ ਵਾਲਾ ਸਟੇਸ਼ਨ ਦੇ ਨੇੜੇ ਰਾਤ ਨੂੰ ਇੱਕ ਵੱਡਾ ਬਕਸਾ ਸੌਂਪਿਆ ਜਿਸ ਵਿੱਚ ਭਾਰੀ ਕਰੰਸੀ ਤੇ ਪਿਸਤੌਲ ਸਨ। 30.08.1927 ਨੂੰ ਅੰਗਰੇਜ਼ੀ ਭੇਸ ਵਿੱਚ ਉਹ ਅਸਲੇ ਸਮੇਤ ਕਟੜਾ ਸ਼ੇਰ ਸਿੰਘ (ਅੰਮ੍ਰਿਤਸਰ) ਤੋਂ ਫੜਿਆ ਗਿਆ। ਅੰਗਰੇਜ਼ ਪੁਲਿਸ ਨੇ ਉਸ ਤੇ ਭਾਰੀ ਤਸ਼ਦਦ ਢਾਹਿਆ ਪਰ ਉਹ ਆਪਣੇ ਮਿਸ਼ਨ ਤੇ ਅਡੋਲ ਰਿਹਾ। ਮੁਕੱਦਮੇ ਉਪਰੰਤ 1928 'ਚ ਨੂੰ 5 ਸਾਲ ਦੀ ਕੈਦ ਹੋਈ। ਜੇਲ੍ਹ 'ਚ ਤਿੰਨ ਵਾਰ ਕੋਰੜੇ ਮਾਰੇ ਗਏ। ਉਹ ਪਿਸ਼ਾਵਰ ਤੇ ਮੁਲਤਾਨ ਜੇਲਾਂ 'ਚ ਰਿਹਾ ਜਿੱਥੇ ਉਹ ਗਦਰੀ ਬਾਬਾ ਜਵਾਲਾ ਸਿੰਘ ਵੱਲੋਂ ਪੜ੍ਹਾਏ ਗਦਰ ਸਾਹਿਤ ਨੂੰ ਬਹੁਤ ਧਿਆਨ ਨਾਲ ਸੁਣਦਾ। 23 ਮਾਰਚ 1931 ਨੂੰ ਸ਼ਹੀਦ ਭਗਤ ਸਿੰਘ ਤੇ ਸਾਥੀਆਂ ਦੀ ਫਾਂਸੀ ਤੇ ਉਹ ਰੋਇਆ, ਉਦਾਸ ਤੇ ਗੰਭੀਰ ਹੋਇਆ। 23.10.1931 ਨੂੰ ਰਿਹਾਈ ਤੋਂ ਬਾਅਦ ਉਹ ਸਿੱਧਾ ਹੁਸੈਨੀਵਾਲੇ ਤੇ ਫਿਰ ਸੁਨਾਮ ਪੁੱਜਿਆ।


ਮਨੁੱਖੀ ਸਬੰਧ ਕਲਾ ਦਾ ਉਹ ਚੋਟੀ ਦਾ ਕਲਾਕਾਰ ਸੀ। ਪਹਿਲਾਂ ਵਰਣਨ ਕੀਤੀਆਂ ਹਸਤੀਆਂ ਤੋਂ ਬਿਨਾਂ ਮਹਾਨ ਇਨਕਲਾਬੀ ਅਬਦੁਲ ਸਿੰਧੀ ਨੇ ਉਸ ਨੂੰ ਰਾਜਾ ਮਹਿੰਦਰ ਪ੍ਰਤਾਪ ਕੋਲ ਚਿੱਠੀ ਦੇ ਕੇ ਮਦਦ ਵਾਸਤੇ ਭੇਜਿਆ। ਨਾਨਾ ਫਰਨਵੀਸ, ਸੁਭਾਸ਼ ਚੰਦਰ ਬੋਸ, ਪ੍ਰਜਾ ਮੰਡਲ ਲਹਿਰ ਦੇ ਭਗਵਾਨ ਸਿੰਘ, ਡਾ. ਕਿਚਲੂ ਨਾਲ ਉਸ ਦੇ ਨੇੜਲੇ ਸਬੰਧ ਸਨ। ਸਬੰਧ ਕਲਾ ਦੀ ਇਹ ਸਿਖਰ ਹੀ ਸੀ ਕਿ ਉਸਨੇ ਗੁਪਤ ਭੇਦ ਹਾਸਲ ਕਰਨ ਲਈ ਉਸਨੇ ਜਰਨਲ ਡਾਇਰ ਦੀ ਲੜਕੀ ਨਾਲ ਸਮਾਜਿਕ ਸਬੰਧ ਸਥਾਪਿਤ ਕੀਤੇ ਤੇ ਆਪਣੇ ਸ਼ਿਕਾਰ-ਅਡਵਾਇਰ ਨਾਲ 6-7 ਮੁਲਾਕਾਤਾਂ ਕੀਤੀਆਂ ਤੇ ਇੱਕ ਵਾਰ ਉਸ ਨੂੰ ਆਪਣੀ ਕਾਰ 'ਚ ਸਮੁੰਦਰੀ ਕੰਢੇ ਸੈਰ ਵੀ ਕਰਵਾਈ। ਉਸ ਦੇ ਆਇਰਿਸ਼ ਦੇਸ਼ ਭਗਤਾਂ ਨਾਲ ਵੀ ਗੁਪਤ ਸਬੰਧ ਸਨ।

ਜੂਨ 1932 'ਚ ਊਧਮ ਸਿੰਘ ਸਾਧੂ "ਬਾਵਾ" ਦੇ ਭੇਸ 'ਚ ਜੰਮੂ ਤੋਂ ਸ੍ਰੀ ਨਗਰ ਪੈਦਲ ਗਿਆ। 20.03.1933 ਉਹ ਲਾਹੌਰ ਤੋਂ ਊਧਮ ਸਿੰਘ ਦੇ ਨਾਮ ਤੇ ਨਵਾਂ ਪਾਸਪੋਰਟ ਹਾਸਲ ਕਰਨ 'ਚ ਸਫਲ ਹੋਇਆ। 1934 'ਚ ਉਹ ਮੁੜ ਇੰਗਲੈਂਡ ਪੁੱਜਾ। ਉਹ ਇੰਨਾਂ ਸਾਧਨ ਸੰਪੰਨ, ਆਕਰਸ਼ਕ, ਤਕੜਾ ਤੇ ਘੁਮੱਕੜ ਸੀ ਕਿ ਉਹ 4 ਮਹਾਦੀਪਾਂ ਦੇ ਕਰੀਬ 40 ਦੇਸ਼ਾਂ 'ਚ ਘੁੰਮਿਆ। ਹਰ ਥਾਂ ਗੁਜ਼ਾਰੇ ਲਈ ਨਵੇਂ-ਨਵੇਂ ਕੰਮ ਲੱਭ ਲੈਂਦਾ। ਕੰਮ ਤੋਂ ਵੱਧ ਕੇ ਨਵੇਂ-ਨਵੇਂ ਲੋਕਾਂ ਨਾਲ ਸਬੰਧ ਬਣਾਉਣ ਤੇ ਘੁੰਮਣ ਤੇ ਜ਼ੋਰ ਰੱਖਦਾ। 1937 'ਚ ਗੋਰਿਆਂ ਦੀ ਸੀ.ਆਈ.ਡੀ. ਨੂੰ ਪਤਾ ਲੱਗਾ ਕਿ ਸ਼ੇਰ ਸਿੰਘ, ਉਦੈ ਸਿੰਘ, ਊਧਮ ਸਿੰਘ, ਮੁਹੰਮਦ ਸਿੰਘ ਅਜ਼ਾਦ ਇੱਕੋ ਹੀ ਬੰਦਾ ਹੈ। ਆਪਣੀ ਰਣ ਨੀਤੀ ਅਨੁਸਾਰ ਭਾਰਤੀ ਵਸੋਂ ਦੀ ਬਜਾਏ ਗੋਰਾਂ ਵਸੋਂ 'ਚ ਹੀ ਕਿਰਾਏ ਦੇ ਮਕਾਨਾਂ 'ਚ ਰਹਿੰਦਾ। ਸਰਕਾਰ ਵਿਰੋਧੀ ਖੁੱਲੇ ਇੱਕਠਾਂ 'ਚ ਆਉਣ ਦੀ ਬਜਾਏ ਭਾਰਤੀ ਆਗੂਆਂ ਨੂੰ ਇੱਕਲੇ ਤੌਰ ਤੇ ਹੀ ਮਿਲਦਾ।

ਊਧਮ ਸਿੰਘ ਨੇ 12 ਮਾਰਚ 1940 ਨੂੰ ਆਪਣੇ ਨਜ਼ਦੀਕੀ ਦੋਸਤਾਂ ਨੂੰ ਰਸਮੀ ਵਿਦਾਇਗੀ ਦਿੱਤੀ ਤੇ ਆਖਿਆ, "ਕਲ ਦੀ ਸ਼ਾਮ ਲੰਡਨ ਦੇ ਲੋਕ ਇੱਕ ਅਦਭੁੱਤ ਨਜ਼ਾਰਾ ਦੇਖਣਗੇ ਜੋ ਅੰਗਰੇਜ਼ ਸਾਮਰਾਜ ਦੀ ਨੀਂਹ ਹਿਲਾ ਕੇ ਰੱਖ ਦੇਵੇਗਾ। ਇਹ ਤੁਹਾਡੇ ਪਿਆਰੇ "ਬਾਵੇ" ਲਈ ਸ਼ੁਭ ਦਿਨ ਹੋਵੇਗਾ।" 13 ਮਾਰਚ ਸ਼ਾਮ ਨੂੰ ਨਵਾਂ ਸੂਟ ਪਹਿਨ ਕੇ, ਹੈਟ ਲੈ ਕੇ, ਉਵਰਕੋਟ ਦੀ ਅੰਦਰਲੀ ਜੇਬ 'ਚ ਕਾਰਤੂਸਾਂ ਨਾਲ ਭਰਿਆ ਪਿਸਤੌਲ ਲੈ ਕੇ ਊਧਮ ਸਿੰਘ ਮੀਟਿੰਗ ਤੋਂ ਪਹਿਲਾਂ ਕੈਕਸਟਨ ਹਾਲ (ਲੰਡਨ) ਵਿਖੇ ਪੁੱਜਾ। ਸੀਟਾਂ ਦੀ ਘਾਟ ਕਾਰਨ ਉਹ ਖੜੇ ਲੋਕਾਂ 'ਚ ਸੱਜੇ ਪਾਸੇ ਪਹਿਲੀ ਕਤਾਰ ਦੇ ਨੇੜੇ ਖੜ੍ਹਾ ਹੋਇਆ। ਹੋਰਨਾਂ ਤੋਂ ਇਲਾਵਾ ਸਰ ਮਾਈਕਲ ਓਡਵਾਇਰ ਨੇ 1913-16 'ਚ ਭਾਰਤ 'ਚ ਆਪਣੇ ਰੋਲ ਬਾਰੇ ਹੰਕਾਰੀ ਭਾਸ਼ਨ ਕੀਤਾ। ਮੀਟਿੰਗ ਮੁੱਕਦੇ ਸਾਰ ਹੀ ਊਧਮ ਸਿੰਘ ਨੇ ਕੱਢ ਕੇ ਪਿਸਤੌਲ ਚਲਾਈਆਂ 6 ਗੋਲੀਆਂ ਓਡਵਾਇਰ ਮੌਕੇ 'ਤੇ ਹੀ ਮਾਰਿਆ ਗਿਆ। ਲਾਰਡ ਜੈਟ ਲੈਂਡ, ਲਾਰਡ ਲਮਿੰਗਟਨ, ਸਰ ਲੂਇਸ ਡੇਨ ਫੱਟੜ ਹੋਏ। ਗੋਰਿਆਂ 'ਚ ਭਗਦੜ ਮਚੀ, ਊਧਮ ਸਿੰਘ ਗੇਟ ਤੇ ਫੜਿਆ ਗਿਆ। ਉਹ ਪੂਰਾ ਸ਼ਾਂਤ, ਖੁਸ਼ ਤੇ ਸੰਤੁਸ਼ਟ ਸੀ। ਉਸ ਨੇ ਓਡਵਾਇਰ ਦੀ ਲਾਸ਼ ਵੱਲ ਇਸ਼ਾਰਾ ਕਰਕੇ ਕਿਹਾ, "ਆਹ ਪਿਆ" । ਰਾਤ ਨੂੰ 9 ਵਜੇ ਬੀਬੀਸੀ ਨੇ ਪਹਿਲੀ ਸੰਖੇਪ ਖਬਰ ਦਿੱਤੀ। 9:15 ਤੇ ਜਰਮਨ ਰੇਡੀਓ ਨੇ ਵੱਡੀ ਖਬਰ ਦਿੱਤੀ। ਅਗਲੇ ਦਿਨ ਅਖਬਾਰਾਂ, ਰੇਡੀਓ ਰਾਹੀਂ ਇਹ ਖਬਰ ਪੂਰੀ ਦੁਨੀਆਂ ਵਿੱਚ ਜੰਗਲ ਦੀ ਅੱਗ ਵਾਂਗ ਫੈਲ ਗਈ। 13 ਮਾਰਚ ਦੀ ਰਾਤ ਨੂੰ 10:30 ਵਜੇ ਊਧਮ ਸਿੰਘ ਤੇ ਕਤਲ ਦਾ ਮੁਕੱਦਮਾ ਦਰਜ ਕਰ ਲਿਆ ਗਿਆ। ਮਹੀਨਾ ਭਰ ਉਸਨੂੰ ਅੰਗਰੇਜ਼ੀ ਪੁਲਿਸ ਨੇ ਭਾਰੀ ਤਸੀਹੇ ਦਿੱਤੇ ਪ੍ਰੰਤੂ ਉਹ ਆਪਣੇ ਮਿਸ਼ਨ ਤੇ ਡਟਿਆ ਰਿਹਾ। 26 ਅਪ੍ਰੈਲ ਤੋਂ 7 ਜੂਨ ਤੱਕ ਭੁੱਖ ਹੜਤਾਲ ਕਾਰਨ ਉਸਦਾ ਵਜਨ 24 ਪੌਂਡ ਘੱਟ ਗਿਆ। 5-6 ਜੂਨ ਨੂੰ ਹੋਈ ਅਦਾਲਤੀ ਕਾਰਵਾਈ ਦੌਰਾਨ ਉਸ ਨੇ ਆਪਣਾ ਲਿਖਤੀ ਬਿਆਨ 12 ਮੈਂਬਰੀ ਜਿਊਰੀ ਸਾਹਮਣੇ ਪੜ੍ਹਨਾ ਸ਼ੁਰੂ ਕੀਤਾ, ਪਰੰਤੂ ਉਸਨੂੰ ਜੱਜਾਂ ਨੇ ਬਾਰ-ਬਾਰ ਟੋਕਿਆ। ਊਧਮ ਸਿੰਘ ਗਰਜਿਆ, ਉਅਸੀ ਅੰਗਰੇਜ਼ੀ ਗੁਲਾਮੀ ਤੋਂ ਪੀੜ੍ਹਤ ਹਾਂ ਮੈਨੂੰ ਮਰਨ ਦਾ ਕੋਈ ਡਰ ਨਹੀ ਹੈ। ਮੈਨੂੰ ਆਪਣੀ ਇਸ ਮੌਤ 'ਤੇ ਨਾਜ਼ ਹੈ, ਜੋ ਮੇਰੀ ਮਾਤਭੂਮੀ ਦੀ ਆਜ਼ਾਦੀ ਖਾਤਰ ਹੈ ਅਤੇ ਆਸ ਕਰਦਾ ਹਾਂ ਕਿ ਜਦੋਂ ਮੈਂ ਜਾ ਚੁੱਕਾ ਹੋਵਾਂਗਾ, ਤਾਂ ਮੇਰੀ ਥਾਂ ਮੱਲਣ ਲਈ ਮੇਰੇ ਹਜ਼ਾਰਾਂ ਹਮਵਤਨ ਮੈਦਾਨ ਵਿਚ ਨਿਤਰਨਗੇ ਤਾਂ ਜੁ ਤੁਹਾਨੂੰ (ਅੰਗਰੇਜ਼ੀ) ਗੰਦੇ ਕੁਤਿਆਂ ਨੂੰ ਮਾਰ ਭਜਾ ਕੇ ਮੇਰੇ ਵਤਨ ਨੂੰ ਆਜ਼ਾਦ ਕਰਾ ਸਕਣ।.... ਤੁਸੀ ਲੋਕ ਜਦੋਂ ਹਿੰਦ ਤੋਂ ਵਾਪਸ ਪਰਤਦੇ ਹੋ, ਤਾਂ ਤੁਹਾਨੂੰ ਸਨਮਾਨਿਤ ਕੀਤਾ ਜਾਂਦਾ ਹੈ, ਤੇ ਪਾਰਲੀਮੈਂਟ ਵਿਚ ਨਿਵਾਜਿਆ ਜਾਂਦਾ ਹੈ। ਅਸੀ ਇੰਗਲੈਂਡ ਆਉਂਦੇ ਹਾਂ, ਤਾਂ ਮੌਤ ਦੀ ਸਜ਼ਾ ਪਾਉਂਦੇ ਹਾਂ।..... ਅੰਤ 'ਚ ਊਧਮ ਸਿੰਘ ਨੇ ਨਾਅਰਾ ਲਾਇਆ, "ਅੰਗਰੇਜ਼ ਸਾਮਰਾਜ ਵਾਦ ਮੁਰਦਾਬਾਦ।" ਉਨ੍ਹਾ ਦਲੀਲ, ਨਾ ਵਕੀਲ, ਨਾ ਅਪੀਲ" ਵਾਲੇ ਸਾਮਰਾਜੀ ਪ੍ਰਬੰਧ ਨੇ ਉਸ ਨੂੰ ਫਾਂਸੀ ਦੇਣਾ ਪਹਿਲਾਂ ਹੀ ਤਹਿ ਕਰ ਲਿਆ ਸੀ। ਸੋ ਐਨਕਿਨਸਨ ਨੇ ਜਿਊਰੀ ਵਲੋਂ ਫਾਂਸੀ ਦਾ ਹੁਕਮ ਸੁਣਾ ਦਿੱਤਾ। ਆਖਰ 31.07.1940 ਨੂੰ ਸਵੇਰੇ 9:00 ਵਜੇ ਪੈਨਟਨਵਿਲ ਜੇਲ ਵਿੱਚ ਉਸ ਨੂੰ ਫਾਂਸੀ ਦੇ ਦਿੱਤੀ ਗਈ। ਦੇਸ਼ ਲਈ ਦਿੱਤੀਆਂ ਮਹਾਨ ਸੇਵਾਵਾਂ ਤੇ ਕੀਤੀਆਂ ਭਾਰੀ ਕੁਰਬਾਨੀਆਂ ਬਦਲੇ ਗਦਰੀ ਸ਼ਹੀਦ ਊਧਮ ਸਿੰਘ ਸਦਾ-ਸਦਾ ਲਈ ਅਮਰ ਰਹੇਗਾ। ਸਾਮਰਾਜੀ ਲੁੱਟ, ਜ਼ੁਲਮ ਤੇ ਸਰਕਾਰੀ ਦਹਿਸ਼ਤਗਰਦੀ ਵਿਰੁੱਧ ਜੂਝਣ ਦਾ ਪੈਗਾਮ ਦਿੰਦਾ ਰਹੇਗਾ ।

**ਜਸਦੇਵ ਸਿੰਘ ਲਲਤੋਂ**
0161-2805677

# ਡਾ. ਅਜੀਤਪਾਲ ਸਿੰਘ ਦੀ ਪ੍ਰੇਰਣਾ ਸਦਕਾ ਸਕੂਲਾਂ ਵਿਚ ਗਰਮ ਜਰਸੀਆਂ ਵੰਡੀਆਂ



ਡਾ. ਅਜੀਤਪਾਲ ਸਿੰਘ ਐਮ ਡੀ ਦੀ ਪ੍ਰੇਰਨਾ ਸਦਕਾ ਰੋਕਰ ਸਕਿਓਰਿਟੀ ਦੇ ਇੰਚਾਰਜ ਕੈਪਟਨ ਗੁਰਦਾਸ ਸਿੰਘ ਮਾਨ ਨੇ ਸਰਕਾਰੀ ਕੰਨਿਆ ਸੈਕੰਡਰੀ ਸਕੂਲ ਮਾਲ ਰੋਡ ਮੌਕੇ ਪਹੁੰਚ ਕੇ 60 ਗਰੀਬ ਵਿਦਿਆਰਥਣਾਂ ਨੂੰ ਠੰਡ ਦੀ ਮਾਰ ਤੋਂ ਬਚਾਉਣ ਲਈ ਚੌਦਾਂ ਹਜ਼ਾਰ ਰੁਪਏ ਦੀਆਂ ਗਰਮ ਜਰਸੀਆਂ ਵੰਡੀਆਂ। ਸਕੂਲ ਦੀ ਪ੍ਰਿੰਸੀਪਲ ਮੈਡਮ ਸਵੀਨ ਕਿਰਨ ਕੌਰ ਤੇ ਸਮੁੱਚੇ ਸਟਾਫ਼ ਨੇ ਉਨ੍ਹਾਂ ਦੇ ਇਸ ਨੇਕ ਕਾਰਜ ਦੀ ਸ਼ਲਾਘਾ ਕੀਤੀ ਹੈ। ਯਾਦ ਰਹੇ ਕਿ ਸਰਕਾਰੀ ਸਕੂਲਾਂ ਵਿੱਚ ਬਸਤੀਆਂ ਤੇ ਹੋਰ ਗ਼ਰੀਬਾਂ ਦੇ ਬੱਚੇ ਹੀ ਪੜ੍ਹਨ ਆਉਂਦੇ ਹਨ ਕਿਉਂਕਿ ਮਹਿੰਗੇ ਪ੍ਰਾਈਵੇਟ ਸਕੂਲਾਂ ਦੀ ਪੜ੍ਹਾਈ ਉਨ੍ਹਾਂ ਦੀ ਪਹੁੰਚ ਤੋਂ ਬਾਹਰ ਹੈ। ਪਿਛਲੇ ਸੈਸ਼ਨ ਦੇ ਨਤੀਜਿਆਂ ਤੋਂ ਇਹ ਵੀ ਗੱਲ ਸਾਹਮਣੇ ਆਈ ਸੀ ਕਿ ਸਰਕਾਰੀ ਸਕੂਲਾਂ ਦੇ ਗਰੀਬ ਬੱਚੇ ਖਾਸ ਕਰਕੇ ਲੜਕੀਆਂ ਟੇਲੈਂਟ ਪੱਖੋਂ ਕਿਸੇ ਤਰ੍ਹਾਂ ਵੀ ਪਿੱਛੇ ਨਹੀਂ ਹਨ ਮਾਲ ਰੋਡ ਤੇ ਸਥਿਤ ਇਸ ਕੰਨਿਆ ਸਰਕਾਰੀ ਸੈਕੰਡਰੀ ਸਕੂਲ ਦੀ ਇੱਕ ਵਿਦਿਆਰਥਣ ਨੇ ਤਾਂ ਇਸ ਸੈਸ਼ਨ ਦੇ ਨਤੀਜਿਆਂ ਵਿੱਚ ਪਚੰਨਵੇਂ ਫੀਸਦੀ ਦੇ ਕਰੀਬ ਨੰਬਰ ਹਾਸਿਲ ਕਰਕੇ ਬੋਰਡ ਦੀ ਮੈਰਿਟ ਵਿੱਚ ਪਹਿਲੀਆਂ ਪੁਜੀਸ਼ਨਾਂ ਵਿੱਚ ਆਪਣੀ ਥਾਂ ਬਣਾ ਕੇ ਸਕੂਲ ਦਾ ਹੀ ਨਹੀਂ ਬਲਕਿ ਸਾਰੇ ਸ਼ਹਿਰ ਦਾ ਨਾਂ ਰੋਸ਼ਨ ਕੀਤਾ।ਹੋਰ ਤਾਂ ਹੋਰ ਸਭ ਤੋਂ ਵੱਧ ਕੁਆਲੀਫਾਈਡ ਸਟਾਫ਼ ਸਰਕਾਰੀ ਸਕੂਲਾਂ ਵਿੱਚ ਹੀ ਮੁਹੱਈਆ ਹੈ। ਵਪਾਰੀਕਰਨ ਤੇ ਨਿੱਜੀਕਰਨ ਦੇ ਇਸ ਦੌਰ ਵਿੱਚ ਕੁਝ ਕੁ ਨੂੰ ਛੱਡ ਕੇ ਬਾਕੀ ਸਾਰੇ ਪ੍ਰਾਈਵੇਟ ਸਕੂਲਾਂ ਤੇ ਹੋਰ ਅਦਾਰਿਆਂ ਨੇ ਇਸ਼ਤਿਹਾਰਬਾਜ਼ੀ ਕਰਕੇ ਲੋਕਾਂ ਦਾ ਧਿਆਨ ਆਪਣੇ ਵੱਲ ਖਿੱਚ ਲਿਆ ਹੈ। ਮਹਿੰਗੀਆਂ ਕਿਤਾਬਾਂ ਵਰਦੀਆਂ ਅਤੇ ਵੱਡੀਆਂ ਫੀਸਾਂ ਦਾ ਬੋਝ ਮਾਪਿਆਂ ਸਿਰ ਲੱਦ ਕੇ ਅਜਿਹੇ ਸਕੂਲ ਆਪਣੀ ਸ਼ਾਨੋਸ਼ੌਕਤ ਦਾ ਮੁਜ਼ਾਹਰਾ ਕਰਦੇ ਹਨ ਜਦ ਕਿ ਪੜ੍ਹਾਈ ਦੀ ਕੁਆਲਿਟੀ ਉੱਥੇ ਸਰਕਾਰੀ ਸਕੂਲਾਂ ਦੇ ਮੁਕਾਬਲੇ ਨਿਗੂਣੀ ਹੈ।ਲਾਜ਼ਮੀ ਅਤੇ ਮੁਫ਼ਤ ਬੁਨਿਆਦੀ ਸਿੱਖਿਆ ਮੁਹੱਈਆ ਕਰਵਾਉਣਾ ਸਰਕਾਰਾਂ ਅਤੇ ਪ੍ਰਸ਼ਾਸਨ ਦਾ ਫਰਜ਼ ਹੈ ਅਤੇ ਇਹ ਸਿੱਖਿਆ ਲੋਕਾਂ ਦਾ ਬੁਨਿਆਦੀ ਅਧਿਕਾਰ ਵੀ ਹੈ। ਸਿੱਖਿਆ ਵਰਗੇ ਲੋਕ ਭਲਾਈ ਦੇ ਅਜਿਹੇ ਕੰਮਾਂ ਤੋਂ ਸਰਕਾਰ ਜੇ ਆਪਣਾ ਹੱਥ ਪਿੱਛੇ ਖਿੱਚਦੀ ਹੈ ਤਾਂ ਦਾਨੀ ਸੱਜਣਾਂ ਤੋਂ ਇਲਾਵਾ ਲੋਕਾਂ ਕੋਲ ਇਨ੍ਹਾਂ ਅਦਾਰਿਆਂ ਨੂੰ ਚਲਾਉਣ ਲਈ ਹੋਰ ਕੋਈ ਚਾਰਾ ਬਚਦਾ ਵੀ ਨਹੀਂ ਹੈ। ਇਸ ਤੋਂ ਇਲਾਵਾ ਹਰ ਸੂਝਵਾਨ ਤੇ ਜਾਗਰੂਕ ਸ਼ਹਿਰੀ ਦਾ ਇਹ ਫਰਜ਼ ਵੀ ਬਣ ਜਾਂਦਾ ਹੈ ਕਿ ਇਨ੍ਹਾਂ ਸਕੂਲਾਂ ਨੂੰ ਚਲਾਉਣ ਲਈ ਜ਼ਰੂਰੀ ਬਜਟ ਅਲਾਟ ਕਰਨ ਵਾਸਤੇ ਸਰਕਾਰ ਤੇ ਉਹ ਦਬਾਅ ਪਾਉਣ ਅਤੇ ਨਾਲ ਹੀ ਨਾਲ ਸਰਦੇ ਪੁਜਦੇ ਲੋਕ ਆਪਣੇ ਕੋਲੋਂ ਵੀ ਥੋੜ੍ਹਾ ਬਹੁਤ ਦਾਨ ਕਰਕੇ ਸਕੂਲਾਂ ਨੂੰ ਚੱਲਦਾ ਰੱਖਣ ਕਿਉਂਕਿ ਮੁਕਾਬਲੇ ਦੇ ਇਸ ਦੌਰ ਵਿੱਚ ਜਨਤਕ ਖੇਤਰ ਦੇ ਇਹ ਸਕੂਲ ਕਿਤੇ ਪਿੱਛੇ ਨਾ ਰਹਿ ਜਾਣ ਅਤੇ ਗ਼ਰੀਬਾਂ ਦੇ ਅਨਪੜ੍ਹ ਰਹਿਣ ਤੱਕ ਦੀ ਨੌਬਤ ਆ ਜਾਵੇ।

# ਦੀਵਾਲੀ ਅਤੇ ਕ੍ਰਿਸਮਸ ਇਕੱਠੇ ਮਨਾਏ

ਕੈਲਗਰੀ ਵੂਮੇਨ ਕਲਚਰਲ ਐਸੋਸੀਏਸ਼ਨ ਨੇ ਸਾਲ 2018 ਦੀ ਆਖਰੀ ਮੀਟਿੰਗ 8 ਦਸੰਬਰ ਨੂੰ ਦਿਵਾਲੀ ਤੇ ਕ੍ਰਿਸਮਸ ਸਾਂਝੇ ਤੌਰ 'ਤੇ ਸੈਲੀਬ੍ਰੇਟ ਕਰ ਕੇ ਅਤੇ ਸਾਲ 2019 ਦੇ ਆਗਮਨ ਦੀਆਂ ਸ਼ੁਭ ਇਛਾਵਾਂ ਨਾਲ ਸੰਪਨ ਕੀਤੀ। ਨਿੱਕੇ ਨਿੱਕੇ ਜਗਦੇ ਬੁਝਦੇ ਬਲਬਾਂ ਦੀਆਂ ਲੜੀਆਂ ਦੀ ਰੋਸ਼ਨੀ ਨਾਲ ਰੌਸ਼ਨ ਇਨ੍ਹਾਂ ਤਿਉਹਾਰਾਂ ਦੀ ਮਹੱਤਤਾ ਦੀ ਗੱਲ ਕਰਨ ਉਪਰੰਤ ਚਾਲੀ ਮੈਂਬਰਾਂ ਦੇ ਇਕੱਠ ਨੇ ਮਿਲ ਕੇ ਕੇਕ ਕੱਟਿਆ ਅਤੇ ਲੰਘ ਚੁੱਕੇ ਦਿਵਾਲੀ ਦੇ ਅਤੇ ਆਉਣ ਵਾਲੇ ਕ੍ਰਿਸਮਸ ਦੇ ਤਿਉਹਾਰ ਦੀਆਂ ਵਧਾਈਆਂ












ਦਾ ਅਦਾਨ ਪ੍ਰਦਾਨ ਕਰ ਖੁਸ਼ੀ ਸਾਂਝੀ ਕੀਤੀ। ਇੰਜ ਅੱਜ ਦੀ ਇਕੱਤਰਤਾ ਕੈਨੇਡਾ ਦੇ ਮਲਟੀਪਲਕਲਚਰ ਦਾ ਸਾਂਝਾ ਦਿਨ ਹੋ ਨਿਬੜੀ। ਇਸ ਤਰ੍ਹਾਂ ਸਭਾ ਨੇ ਦੂਸੇ ਸਭਿਆਚਾਰਾਂ ਨੂੰ ਜਾਨਣ ਅਤੇ ਇੱਕ ਦੂਜੇ ਨਾਲ ਮਿਲ ਬੈਠਣ ਦਾ ਆਪਣਾ ਮੰਤਵ ਵੀ ਪੂਰਾ ਕੀਤਾ। ਅੱਜ ਦੀ ਮੀਟਿੰਗ ਦਾ ਅਗਾਜ਼ ਪ੍ਰਧਾਨ ਬਲਵਿੰਦਰ ਬਰਾੜ ਨੇ ਸਭ ਨੂੰ ਜੀ ਆਇਆਂ ਕਹਿੰਦਿਆਂ ਆਪਣੇ ਕੋਲ ਇੱਕ ਡਾਇਰੀ ਰੱਖਣ ਲਈ ਕਹਿ ਕੇ ਕੀਤਾ ਤਾਂ ਜੋ ਲੋੜ ਪੈਣ ਤੇ ਕੋਈ ਜ਼ਰੂਰੀ ਸੂਚਨਾ ਜਾਂ ਜਾਣਕਾਰੀ ਨੋਟ ਕੀਤੀ ਜਾ ਸਕੇ। ਗੁਰਦੀਸ਼ ਗਰੇਵਾਲ ਦੀ ਗੈਰ ਹਾਜ਼ਰੀ ਕਾਰਨ ਅਜੱ ਦੀ ਮੀਟਿੰਗ ਦਾ ਸੰਚਾਲਨ ਗੁਰਚਰਨ ਥਿੰਦ ਨੇ ਕੀਤਾ। ਉਹਨਾਂ ਨਵੰਬਰ ਮਹੀਨੇ ਕੀਤੇ ਗਏ ਸਲਾਨਾ ਸਮਾਗਮ ਦੀ ਸਫਲਤਾ ਅਤੇ ਮਹੱਤਤਾ ਬਾਰੇ ਗੱਲ ਕਰਦਿਆਂ ਕਿਹਾ ਕਿ ਇਹ ਸਾਰੇ ਮੈਂਬਰਾਂ ਦੇ ਸਾਂਝੇ ਯਤਨਾਂ ਸਦਕਾ ਹੀ ਐਨੀ ਕਾਮਯਾਬੀ ਨਾਲ ਨੇਪਰੇ ਚੜ੍ਹਿਆ ਹੈ ਅਤੇ ਸਾਰੇ ਮੈਂਬਰ ਵਧਾਈ ਦੇ ਪਾਤਰ ਹਨ। ਉਹਨਾਂ ਕਿਹਾ ਕਿ ਅੱਗੇ ਤੋਂ ਸਭਾ ਵਲੋਂ ਕਮਿਊਨਟੀ ਜਾਗਰੂਕਤਾ ਦੇ ਅਜਿਹੇ ਪ੍ਰੋਗਰਾਮ ਕਰਦੇ ਰਹਾਂਗੇ। ਅੱਜ ਯੂਨਾਈਟਡ ਵੇ ਤੋਂ ਲਲਿਤਾ ਸਿੰਘ ਉਚੇਚਾ ਇਸ ਮੀਟਿੰਗ ਵਿੱਚ ਸ਼ਾਮਲ ਹੋਏ ਅਤੇ ਉਹਨਾਂ ਪਿਛਲੇ ਮਹੀਨੇ ਘਰੇਲੂ ਹਿੰਸਾ ਸਬੰਧੀ ਕੀਤੀ ਗਈ ਇਸ ਈਵੈਂਟ ਦੀ ਸਾਰਥਕਤਾ ਅਤੇ ਉਸ ਤੋਂ ਉਤਪੰਨ ਨਤੀਜਿਆਂ ਅਤੇ ਪ੍ਰਭਾਵਾਂ ਦਾ ਵਰਨਣ ਕੀਤਾ ਅਤੇ ਸਭਾ ਨੂੰ, ਕਮਿਊਨਿਟੀ ਦੀ ਵੱਡੀ ਸ਼ਮੂਲੀਅਤ ਵਾਲੀ ਅਜਿਹੀ ਕਾਮਯਾਬ ਤੇ ਅਰਥ-ਭਰਪੂਰ ਈਵੈਂਟ ਕਰਨ ਲਈ ਵਧਾਈ ਦਿੱਤੀ ਅਤੇ ਭਰਪੂਰ ਸ਼ਲਾਘਾ ਕੀਤੀ। ਇਸ ਈਵੈਂਟ ਦੀ ਫੰਡਿੰਗ ਯੂਨਾਈਟਡ ਵੇ ਵਲੋਂ ਕੀਤੀ ਗਈ ਸੀ। ਸੁਨੀਤਾ ਸ਼ਰਮਾ, ਮੀਤ ਪ੍ਰਧਾਨ ਹਿੰਦੂ ਯੂਥ ਸੋਸਾਇਟੀ ਵੀ ਮੀਟਿੰਗ ਵਿੱਚ ਸ਼ਾਮਲ ਹੋਏ।

ਸੁਖਮਣੀ ਅਤੇ ਗੁਰਪ੍ਰੀਤ ਕੌਰ ਨੇ, ਸੈਂਟਰ ਫਾਰ ਨਿਊਕਮਰਜ਼ ਵਲੋਂ ਨਵੇਂ ਆਏ ਇਮੀਗ੍ਰੈਂਟਸ ਨੂੰ ਦਿੱਤੀਆਂ ਜਾਣ ਵਾਲੀਆਂ ਸੇਵਾਵਾਂ ਸਬੰਧੀ ਟੇਬਲ ਲਗਾਇਆ ਅਤੇ ਸਭਾ ਦੀਆਂ ਮੈਂਬਰਾਂ ਨੂੰ ਇਸ ਸਬੰਧੀ ਜਾਣੂ ਕਰਵਾਇਆ ਤਾਂ ਜੋ ਲੋੜ ਪੈਣ ਤੇ ਉਹ ਕਿਸੇ ਲੋੜਵੰਦ ਨੂੰ ਇਸ ਸਬੰਧੀ ਜਾਣੂ ਕਰਵਾ ਸਕਣ। ਗੁਰਤੇਜ ਕੌਰ ਸਿੱਧੂ ਵਲੋਂ ਪ੍ਰਬੰਧ ਕੀਤੇ ਗਏ ਅਤੇ ਅਮਰਜੀਤ ਸੱਗੂ, ਬਲਜਿੰਦਰ ਗਿੱਲ ਅਤੇ ਗੁਰਤੇਜ ਹੁਰਾਂ ਵਲੋਂ ਬੜੀ ਸੁਚੱਜਤਾ ਨਾਲ ਵਰਤਾਏ ਗਏ ਲੰਚ ਦਾ ਸਭ ਨੇ ਰਲ ਕੇ ਆਨੰਦ ਮਾਣਿਆ। ਉਪਰੰਤ ਰੰਗਾਰੰਗ ਕਲਚਰਲ ਪ੍ਰਗਰਾਮ ਵਿੱਚ ਹਰਚਰਨ ਬਾਸੀ, ਜੁਗਿੰਦਰ ਪੁਰਬਾ, ਜਸਮਿੰਦਰ ਕੌਰ, ਜਸਮੇਰ ਹੁੰਜਨ, ਸਤਵਿੰਦਰ ਫਰਵਾਹ ਅਤੇ ਹਰਮਿੰਦਰ ਕੌਰ ਨੇ ਗੀਤਾਂ, ਕਵਿਤਾਵਾਂ, ਲੋਕ ਗੀਤਾਂ ਅਤੇ ਫਿਲਮੀ ਗੀਤਾਂ ਨਾਲ ਰੰਗ ਬੰਨ੍ਹਿਆ। ਕੁਲਦੀਪ ਘਟੌੜਾ ਨੇ ਪ੍ਰਵਾਰਿਕ ਰਿਸ਼ਤਿਆਂ ਨੂੰ ਸਮਝਦਾਰੀ ਨਾਲ ਚਲਦੇ ਰਖਣ ਬਾਰੇ ਅਹਿਮ ਗੱਲਾਂ ਸਾਂਝੀਆਂ ਕੀਤੀਆਂ। ਤਰਨਜੀਤ ਪਰਮਾਰ ਨੇ ਸਿਹਤ ਸਬੰਧਖੀ ਨੁਕਤੇ ਦੱਸੇ ਅਤੇ ਰਾਜਵੰਤ ਮਾਨ ਜੀ ਨੇ ਪੰਜਾਬ ਦੀ ਕੋਇਲ ਸੁਰਿੰਦਰ ਕੌਰ ਨਾਲ ਆਪਣੀ ਸਾਂਝ ਬਾਰੇ ਗੱਲ ਕਰਦਿਆਂ ਸੁਰਿੰਦਰ ਕੌਰ ਦੇ 25 ਨਵੰਬਰ ਨੂੰ ਲੰਘ ਚੁੱਕੇ ਨਬਵੇਂ ਜਨਮ ਦਿਨ ਨੂੰ ਯਾਦ ਕੀਤਾ। ਅਖੀਰ ਵਿੱਚ ਜਦ ਬੋਲੀਆਂ ਦੀ ਛਹਿਬਰ ਲਗੀ ਤਾਂ ਥੋੜੀ ਦੇਰ ਗਿੱਧੇ ਦੀ ਰੌਣਕ ਵੀ ਲਗ ਗਈ। ਅੰਤ ਵਿੱਚ ਨਵੇਂ ਸਾਲ ਦੀਆਂ ਵਧਾਈਆਂ ਦੇਂਦੇ ਇਸੇ ਤਰ੍ਹਾਂ ਮੁੜ ਮਿਲ ਬੈਠਣ ਦੀਆਂ ਸ਼ੁਭ ਇਛਾਵਾਂ ਨਾਲ ਮੀਟਿੰਗ ਅੰਤਮ ਪੜਾਅ ਤੇ ਪਹੁੰਚ ਸਮਾਪਤ ਹੋ ਗਈ। ਜਾਣਕਾਰੀ ਲਈ ਸੰਪਰਕ ਬਲਵਿੰਦਰ ਬਰਾੜ : 403-590-9629, ਗੁਰਚਰਨ ਥਿੰਦ : 403-402-9635

Best Mobile Signs
All kinds of
mobile sign board
best mobile sign
call for yours
Kamal Sidhu
403-966-7167
bestmobilesigns@gmail.com

BAINS VISION CENTRE
New Patients & Walk-Ins Welcome
McKnight Village 5218 Falsbridge Dr. NE Calgary AB T3J 3G1
Dr. Jaswinder S. Bains
Appointments also available on Saturdays & Evenings
ਸ਼ਨਿੱਚਰਵਾਰ ਅਤੇ ਸ਼ਾਮ ਦੀਆਂ ਅਪਾਇੰਟਮੈਂਟਸ ਵੀ ਮਿਲ ਸਕਦੀਆਂ ਹਨ।
Services Available in Punjabi, Hindi, Urdu & English
DR. J.S. BAINS & ASSOCIATES-(OPTOMETRY)
- Complete Eye Exam — ਨਜ਼ਰ ਦੀ ਪੂਰੀ ਜਾਂਚ
- Ocular Health Assessment — ਅੱਖਾਂ ਦੀ ਅੰਦਰਲੀ ਜਾਂਚ
- Contact Lenses — ਕਾਂਨਟੈਕਟ ਲੈਨਜ਼ ਲਗਾਉਣੇ
Jaswinder S Bains, Ph.D., OD.
403-274-4514
deerfootvision@yahoo.ca
ਅਸੀਂ ਪੰਜਾਬੀ, ਹਿੰਦੀ, ਉਰਦੂ ਅਤੇ ਅੰਗਰੇਜ਼ੀ ਵਿੱਚ ਵੀ ਗੱਲਬਾਤ ਕਰਦੇ ਹਾਂ।
Every Monday, 9:30 to 5:00 pm at Dr. Pardeep Dhillon Optometric Corporation
7110 120 St, #102,
Surrey, BC V3W 3M8
604-635-0155

HMP ਐਚ ਐਮ ਪੀ ਪ੍ਰੋਫੈਸ਼ਨਲ ਕੰਸਟ੍ਰਕਸ਼ਨ ਲਿਮਟਿਡ
PROFESSIONAL CONSTRUCTION LTD.
Specialist in: www. hmphome.com
- Built Garage
- Garage Door Opener & Install
- New Garage Door
- Repair Old Garage Door
- Roofing, Fence, Deck
- New Houses Framing
- Old House Extension & any other add on construction Work
ਨਵੀਂ ਗੈਰਾਜ ਬਣਾਉਣ ਲਈ ਗੈਰਾਜ ਡੋਰ ਓਪਨਰ, ਨਵੀਂ ਗੈਰਾਜ ਡੋਰ, ਪੁਰਾਣੀ ਗੈਰਾਜ ਡੋਰ ਰਿਪੇਅਰ, ਰੂਫਿੰਗ, ਫੈਂਸ, ਡੈੱਕ, ਨਵੇਂ ਘਰਾਂ ਦੀ ਫਰੇਮਿੰਗ, ਪੁਰਾਣੇ ਘਰ ਦੀ ਐਕਸਟੈਂਸ਼ਨ ਅਤੇ ਹੋਰ ਕੋਈ ਵੀ ਕੰਸਟਰਕਸ਼ਨ ਦਾ ਕੰਮ ਕਰਾਉਣ ਲਈ ਫੋਨ ਕਰੋ।
HMP CUSTOM CABINETS LTD.
Specialist in : Custom Kitchen, Bars, Washroom Vanity, Closet & All Commercial Mill Work
Paul Sekhon: 403-829-5000
Free Estimate Paul Sekhon: 403-701-4947
Bay 11 2316 27 Ave. NE, Calgary Ph.: 403-719-4947

IQBAL SIDHU INSURANCE ADVISOR
FINANCIAL SERVICES
- Life Insurance; - Term Life - Universal Life
- Critical Illness Insurance • Segregated Funds
- RRSP
ਲਾਈਫ ਇੰਸ਼ੋਰੈਂਸ ਦੀਆਂ ਜ਼ਰੂਰਤਾਂ ਲਈ ਇਕਬਾਲ ਸਿੱਧੂ ਨਾਲ ਸੰਪਰਕ ਕਰੋ।
Tel: (403) 615-0957
Email: isidhu@sidhuaccounting.com

SIDHU ACCOUNTING & TAX SERVICES
ACCOUNTING SERVICES
- Personal Tax Returns • Corporate Tax Returns
- Computerized Book Keeping
- Payroll • T4's • Record of Employment
ਅਕਾਊਂਟਿੰਗ ਦੀਆਂ ਜ਼ਰੂਰਤਾਂ ਲਈ ਇਕਬਾਲ ਸਿੱਧੂ ਨਾਲ ਸੰਪਰਕ ਕਰੋ।
Iqbal Sidhu
Tel: (403) 568-2667 Fax: (403) 568-2676
Email: sidhuaccounting@gmail.com
Unit 202, 4656 Westwinds Dr. NE Calgary, AB. T3J 3Z5 (Near Sikh Virsa Office)

# ਹਾਰਟ (ਦਿਲ) ਦੀਆਂ ਬਿਮਾਰੀਆਂ ਬਾਰੇ ਪਬਲਿਕ ਲੈਕਚਰ

ਕੈਨੇਡਾ ਵਿੱਚ ਮੌਤਾਂ ਦਾ ਦੂਜਾ ਪ੍ਰਮੁੱਖ ਕਾਰਨ ਦਿਲ ਦੀਆਂ ਬਿਮਾਰੀਆਂ ਹਨ!
ਦੱਖਣੀ ਏਸ਼ੀਆ ਦੇ ਲੋਕ ਵੱਧ ਗਿਣਤੀ ਵਿੱਚ ਇਹਨਾਂ ਦਾ ਸ਼ਿਕਾਰ ਕਿਉਂ ਹੁੰਦੇ ਹਨ?
ਸਮੇਂ ਸਿਰ ਨਿਸ਼ਾਨਦੇਹੀ (ਪਰਖ) ਅਤੇ ਡਾਕਟਰੀ ਸਹਾਇਤਾ ਕਿਵੇਂ ਦਿਲ ਦੀਆਂ ਬਿਮਾਰੀਆਂ ਦੇ ਖ਼ਤਰੇ ਨੂੰ ਘਟਾ ਸਕਦੀ ਹੈ?
ਜੀਵਨ ਸ਼ੈਲੀ (ਲਾਈਫ ਸਟਾਈਲ) ਬਦਲਣ ਨਾਲ਼ ਕਿਵੇਂ ਤੁਹਾਡੇ ਹਾਰਟ (ਦਿਲ) ਦੀ ਸਿਹਤ 'ਤੇ ਅਸਰ ਪਵੇਗਾ?
ਸ਼ਰਾਬ ਪੀਣ ਤੋਂ ਪਰਹੇਜ਼ ਕਿਵੇਂ ਹਾਰਟ (ਦਿਲ) ਦੀ ਸਿਹਤ 'ਤੇ ਅਸਰ ਪਾਉਂਦਾ ਹੈ?
ਇਹਨਾਂ ਅਹਿਮ ਸਵਾਲਾਂ ਦੇ ਜਵਾਬ ਦੇਣ ਲਈ

**ਡਾ. ਅਮ੍ਰਿਤ ਮਲਿਕ**

**ਦਿਲ ਦੀਆਂ ਬਿਮਾਰੀਆਂ ਦੇ ਮਾਹਿਰ, ਮੇਪਲ ਕਾਲਜੀਏਟ ਕਾਮਨਜ਼, 1330 ਜੈ.ਫਰਸਨ ਐਵੇਨਿਊ ਵਿਖੇ ਮਿਤੀ 20 ਜਨਵਰੀ, 2019 ਨੂੰ** ਦੁਪਹਿਰ 1:30 ਵਜੇ ਆ ਰਹੇ ਹਨ।
ਸਭ ਨੂੰ ਸਮੇਂ ਸਿਰ ਪਹੁੰਚ ਕੇ ਲਾਭ ਉਠਾਉਣ ਲਈ ਸੱਦਾ ਦਿੱਤਾ ਜਾਂਦਾ ਹੈ।
**ਵੱਧ ਜਾਣਕਾਰੀ ਲਈ ਹਰਨੇਕ ਸਿੰਘ (2044886960) ਅਤੇ ਮੰਗਤ ਸਹੋਤਾ (2049143055) ਨੂੰ ਸੰਪਰਕ ਕੀਤਾ ਜਾ ਸਕਦਾ ਹੈ।**
**ਵੱਲੋਂ: ਪੰਜਾਬੀ ਸਾਹਿਤ ਅਤੇ ਸੱਭਿਆਚਾਰਕ ਸਭਾ, ਵਿੰਨੀਪੈਗ (ਕੈਨੇਡਾ)**


ਅੱਠ ਸਾਲਾਂ ਤੋਂ ਆਰਥਿਕ, ਸਮਾਜਿਕ, ਸਭਿਆਚਾਰਕ ਅਤੇ ਸਿਆਸੀ ਚੇਤਨਤਾ ਨੂੰ ਸਮਰਪਿਤ

## ਸਰੋਕਾਰਾਂ ਦੀ ਆਵਾਜ਼

ਕੈਨੇਡਾ ਦੇ ਪ੍ਰਮੁੱਖ ਸ਼ਹਿਰਾਂ ਟੋਰਾਂਟੋ, ਵੈਨਕੂਵਰ ਅਤੇ ਕੈਲਗਰੀ ਵਿੱਚ ਖ਼ਬਰਾਂ ਅਤੇ ਇਸ਼ਤਿਹਾਰ ਦੇਣ ਲਈ ਸਾਡੀ ਟੀਮ ਨਾਲ਼ ਹੇਠ ਲਿਖੇ ਨੰਬਰਾਂ ਤੇ ਸੰਪਰਕ ਕਰੋ। ਇਸ ਅਖ਼ਬਾਰ ਈਮੇਲ 'ਤੇ ਮੰਗਵਾਉਣ ਲਈ ਜਾਂ ਕਾਪੀ ਪ੍ਰਾਪਤ ਕਰਨ ਲਈ ਸਾਡੀ ਟੀਮ ਨਾਲ ਸੰਪਰਕ ਕਰੋ।


ਹਰਬੰਸ ਸਿੰਘ
(ਟੋਰਾਂਟੋ)
416-817-7142


ਮਾਸਟਰ ਭਜਨ
(ਕੈਲਗਰੀ)
403-455-4220


ਪਰਮਿੰਦਰ ਕੌਰ ਸਵੈਚ
(ਵੈਨਕੂਵਰ)
604 760 4794


ਸੁਖਵੀਰ ਗਰੇਵਾਲ
(ਕੈਲਗਰੀ)
403 402 0770





PUNJABI SWEETS
House & Restaurant
All Kinds of Sweets
Non-Veg & Vegi Food
Take out
We do catering also
Fast & Best Friendly Service
ਤਾਜਾ ਅਤੇ ਸਵਾਦੀ ਖਾਣਾ ਜਿਵੇਂ ਸਮੋਸੇ, ਗੋਲਗੱਪੇ, ਚਾਟ, ਤਾਜ਼ਾ ਮਠਿਆਈ ਬਰਫ਼ੀ, ਗੁਲਾਬ ਜਾਮਣ, ਰਸਗੁੱਲੇ, ਲੱਡੂ ਅਤੇ ਜਲੇਬੀਆਂ ਖਾਣ ਜਾਂ ਲਿਜਾਣ ਲਈ ਅੱਜ ਹੀ ਸਾਡੇ ਰੈਸਟੋਰੈਂਟ 'ਤੇ ਪਹੁੰਚੋ ਜਾਂ ਫੋਨ ਕਰੋ।
Open 7 Days a Week
403-293-5252
Bay 113 216 Saddle Towne Cir, N.E. T3J 0C9

SHAHEED BHAGAT SINGH BOOK CENTRE

ਸ਼ਹੀਦ ਭਗਤ ਸਿੰਘ ਬੁੱਕ ਸੈਂਟਰ

A Non-Profit, Volunteer Service to Promote New Readership & Encourage New Writers!
Book Exhibition & Sale!
Contact: Master Bhajan Singh at 403-455-4220


BLACK ICE
Auto Detailing
Lucky Dadrah
Cell : 403-404-0751
Tel : 587-896-1838
Email : blackiceautodetailing@gmail.com
Unit G 3515 32 ST NE, Calgary - AB T1Y 5Y9
www.blackiceautodetailing.com
GET YOUR CAR DETAILING DONE IN PROFESSIONAL WAY
- Exterior Hand Wash & Dry
- Complete Interior Vaccum
- Clean All Windows Including Trunk
- Engine Wash, Tires & Wheels
- Wax & Polish
- Remove Scratches & Shampoo


Punjabi Rang Radio
CHKT 1430AM
11pm to 12am Every Friday
Producer/ Host
Chamkaur Singh Cell 416 662 1313
Email punjabirang13@hotmail.com

403-605-6300
CARE Inc.
Home Health Solutions
ਪੰਜਾਬੀ ਮਾਰਕੀਟ ਗਰੋਸਰੀ ਸਟੋਰ ਦੇ ਸਾਹਮਣੇ
ਸੋਮਵਾਰ ਤੋ ਸ਼ਨੀਵਾਰ 10 ਵਜੇ ਤੋ 6 ਵਜੇ ਤੱਕ
ਐਤਵਾਰ ਬੰਦ

"ਮਾਤਾ ਪਿਤਾ ਦਾ ਰੱਖੋ ਖਿਆਲ
ਹੁਣ ਕੇਅਰ ਇੰਕ ਹੈ ਤੁਹਾਡੇ ਨਾਲ"

ਹੁਣ ਤੁਸੀਂ ਸੀਨੀਅਰਜ਼ ਲਈ ਹਰ ਤਰ੍ਹਾਂ ਦੀਆਂ ਲੋੜਾਂ ਸਬੰਧੀ ਵਧੀਆ ਕੁਆਲਿਟੀ ਦਾ ਸਮਾਨ ਪੰਜਾਬੀਆਂ ਦੇ ਗੜ੍ਹ ਵਿੱਚ ਆਪਣੇ ਪੰਜਾਬੀ ਭਰਾਵਾਂ ਕੋਲੋਂ ਹੀ ਲੈ ਸਕਦੇ ਹੋ। ਕੇਅਰ ਇੰਕ ਤੋਂ ਤੁਸੀਂ ਵਧੀਆ ਮਸਾਜ ਚੇਅਰ, ਲਿਫਟ ਚੇਅਰ, ਵੀਲ੍ਹ ਚੇਅਰ, ਵਾਕਰ, ਵਾਕਿੰਗ ਕੈਨਜ, ਸਕੂਟਰ, ਬਾਥਰੂਮ ਸੇਫਟੀ ਪ੍ਰੋਡਕਟਸ, ਸੀਨੀਅਰਜ ਲਈ ਬੈੱਡ, ਗੱਦੇ, ਕਸਟਮ ਮੇਡ ਪਤਾਵੇ, ਕੰਪਰੈਸ਼ਨ ਥੈਰੇਪੀ ਲਈ ਜਰਮਨ ਦੇ ਬਣੇ ਸਮਾਨ ਤੋਂ ਇਲਾਵਾ ਹੋਰ ਵੀ ਬਹੁਤ ਸਾਰਾ ਸਮਾਨ ਲੈ ਸਕਦੇ ਹੋ।
ਸੀਨੀਅਰਜ਼ ਲਈ ਬਹੁਤ ਸਾਰੇ ਸਰਕਾਰੀ ਫੰਡ ਵੀ ਮਿਲਦੇ ਹਨ। ਸਾਡੇ ਕੋਲੋਂ ਤੁਸੀਂ ਫਾਰਮ ਭਰਵਾ ਸਕਦੇ ਹੋ। ਇਹ ਸੇਵਾ ਬਿਲਕੁੱਲ ਮੁਫ਼ਤ ਹੈ। ਜੇਕਰ ਤੁਹਾਡੇ ਕੋਲ ਪਹਿਲਾਂ ਹੀ ਮਨਜ਼ੂਰੀ ਹੈ ਤਾਂ ਵੀ ਤੁਸੀਂ ਸਾਡੇ ਕੋਲੋਂ ਸਮਾਨ ਲੈ ਸਕਦੇ ਹੋ। ਤੁਹਾਡਾ ਪਹਿਲਾਂ ਦਿੱਤਾ ਡਿਪਾਜਿਟ ਅਡਜਸਟ ਕਰ ਦਿੱਤਾ ਜਾਵੇਗਾ।

ਜ਼ਿਆਦਾ ਜਾਣਕਾਰੀ ਲਈ ਵੈਬਸਾਈਟ 'ਤੇ ਕਲਿੱਕ ਕਰੋ
www.careinc.ca

Head Office: #124-4774 Westwinds Drive N.E., Calgary Alberta, Canada
Fax : 403-536-4057 Email : info@careinc.ca Edmonton Store #108-5239 55 Ave. NW, 780-229-3233

Jagwant Gill
Sales Representative
- Home
- Investment
- Business
For Free Consultation

Jagwant Gill
Realtor
Rai Realty Ltd.
4656-Westwinds & Calgary AB T3J 2Z5
Contact : 403-875-2392



ਹਰਚਰਨ ਸਿੰਘ ਪਰਹਾਰ
403-681-8689
hp8689@gmail.com

# ਬੀ. ਸੀ. ਵਿੱਚ ਵੋਟਿੰਗ ਸਿਸਟਮ ਬਦਲਣ ਲਈ ਰਾਏਸ਼ੁਮਾਰੀ ਤੀਜੀ ਵਾਰ ਅਸਫਲ !

ਜਿਵੇਂ ਜਿਵੇਂ ਮਨੁੱਖੀ ਸਭਿਅਤਾ ਨੇ ਵਿਕਾਸ ਕੀਤਾ ਹੈ, ਮਨੁੱਖ ਹਮੇਸ਼ਾਂ ਹਰ ਖੇਤਰ ਵਿੱਚ ਨਵੇਂ ਨਵੇਂ ਤਜ਼ਰਬੇ ਕਰਦਾ ਰਿਹਾ ਹੈ ਤੇ ਅੱਜ ਵੀ ਕਰ ਰਿਹਾ ਹੈ।ਰਾਜਨੀਤੀ ਦੇ ਖੇਤਰ ਵਿੱਚ ਕਬੀਲਦਾਰੀ ਯੁੱਗ, ਰਜਵਾੜਾਸ਼ਾਹੀ ਯੁੱਗ, ਡਿਕਟੇਟਰਸ਼ਿਪ ਆਦਿ ਵਿੱਚੋਂ ਲੰਘਦਾ ਮਨੁੱਖ ਲੋਕਤੰਤਰ ਵਿੱਚ ਪਹੁੰਚਿਆ ਸੀ। ਇਸ ਤੋਂ ਇਲਾਵਾ ਕਈ ਤਰ੍ਹਾਂ ਦੇ ਸਿਸਟਮ ਦੁਨੀਆਂ ਵਿੱਚ ਚੱਲਦੇ ਰਹੇ ਹਨ, ਪਰ ਦੁਨੀਆਂ ਦੀ ਵੱਡੀ ਵੱਸੋਂ ਨੇ ਲੋਕਤੰਤਰ ਨੂੰ ਵੱਧ ਮਾਨਤਾ ਦਿੱਤੀ ਹੈ। ਪਰ ਫਿਰ ਵੀ ਮਨੁੱਖ ਅਜੇ ਤੱਕ ਦੇ ਕਿਸੇ ਵੀ ਰਾਜਨੀਤਕ ਸਿਸਟਮ ਤੋਂ ਖੁਸ਼ ਨਹੀਂ ਹੈ। ਬੇਸ਼ਕ ਲੋਕਤੰਤਰ ਵਿੱਚ ਆਮ ਮਨੁੱਖ ਕੋਲ ਆਪਣੇ ਰਾਜਨੀਤਕ ਨੁਮਾਇੰਦੇ ਚੁਣਨ ਦੇ ਸਿੱਧੇ ਅਧਿਕਾਰ ਹਨ, ਪਰ ਇਸ ਸਿਸਟਮ ਵਿੱਚ ਵੀ ਤਾਕਤਵਰ ਤੇ ਸਰਮਾਏਦਾਰ ਲੋਕ ਜਾਂ ਪਾਰਟੀਆਂ ਸਿਸਟਮ ਤੇ ਕਬਜ਼ਾ ਕਰੀ ਬੈਠੀਆਂ ਹਨ। ਇਸ ਲੋਕਤੰਤਰੀ ਸਿਸਟਮ ਵਿੱਚ ਵੀ ਕਈ ਦੇਸ਼ਾਂ ਨੇ ਇਸਨੂੰ ਹੋਰ ਬਿਹਤਰ ਬਣਾਉਣ ਦੇ ਯਤਨਾਂ ਵਜੋਂ ਸਮੇਂ ਸਮੇਂ ਕਈ ਤਰ੍ਹਾਂ ਦੀਆਂ ਤਬਦੀਲੀਆਂ ਕੀਤੀਆਂ ਹਨ। ਇਸੇ ਲੜੀ ਵਿੱਚ 2015 ਦੀਆਂ ਫੈਡਰਲ ਚੋਣਾਂ ਵਿੱਚ ਲਿਬਰਲ ਪਾਰਟੀ ਨੇ ਆਪਣੇ ਚੋਣ ਮੈਨੀਫੈਸਟੋ ਵਿੱਚ ਵਾਅਦਾ ਕੀਤਾ ਸੀ ਕਿ ਉਨ੍ਹਾਂ ਦੀ ਸਰਕਾਰ ਬਣਨ ਤੇ ਚੋਣ ਪ੍ਰਣਾਲੀ ਵਿੱਚ ਸੁਧਾਰ ਕੀਤੇ ਜਾਣਗੇ ਤਾਂ ਕਿ ਲੋਕ ਵੱਧ ਤੋਂ ਵੱਧ ਇਸ ਵਿੱਚ ਯੋਗਦਾਨ ਪਾ ਸਕਣ ਅਤੇ ਉਨ੍ਹਾਂ ਦੀ ਮਨਪਸੰਦ ਪਾਰਟੀ ਦੇ ਨੁਮਾਇੰਦਿਆਂ ਨੂੰ ਲੋਕਾਂ ਦੀ ਵੋਟ ਅਨੁਸਾਰ ਨੁਮਾਇੰਦਗੀ ਮਿਲ ਸਕੇ। ਉਨ੍ਹਾਂ ਨੇ ਆਪਣੀ ਸਰਕਾਰ ਬਣਨ ਤੇ ਸ਼ੁਰੂਆਤ ਵਜੋਂ ਇੱਕ ਪਾਰਲੀਮਾਨੀ ਕਮੇਟੀ ਵੀ ਬਣਾਈ ਸੀ, ਜਿਸਨੇ ਦਸਬੰਰ 2016 ਵਿੱਚ ਆਪਣੀ ਰਿਪੋਰਟ ਵਿੱਚ ਚੋਣ ਪ੍ਰਣਾਲੀ ਵਿੱਚ ਸੁਧਾਰ ਕਰਨ ਲਈ ਲੋਕਾਂ ਦੀਆਂ ਵੋਟਾਂ ਅਨੁਸਾਰ ਪਾਰਟੀਆਂ ਨੂੰ ਸੀਟਾਂ ਮਿਲਣ ਬਾਰੇ ਰਾਇਸ਼ੁਮਾਰੀ ਕਰਾਉਣ ਦਾ ਸੁਝਾਅ ਵੀ ਦਿੱਤਾ ਸੀ। ਪਰ ਬਾਅਦ ਵਿੱਚ ਟਰੂਡੋ ਸਰਕਾਰ ਵਲੋਂ ਅਣ ਦੱਸੇ ਕਾਰਨਾਂ ਕਰਕੇ ਇਸਨੂੰ ਮੰਨਣ ਤੋਂ ਇਨਕਾਰ ਕਰਕੇ ਰਿਪੋਰਟ ਨੂੰ ਰੱਦੀ ਦੀ ਟੋਕਰੀ ਵਿੱਚ ਸੁੱਟ ਦਿੱਤਾ ਸੀ ਤੇ ਕਹਿ ਦਿੱਤਾ ਸੀ ਕਿ ਇਸਦੀ ਲੋੜ ਨਹੀਂ। ਇਸੇ ਤਰ੍ਹਾਂ 2017 ਦੀਆਂ ਬੀ ਸੀ ਸੂਬੇ ਦੀਆਂ ਅਸੰਬਲੀ ਚੋਣਾਂ ਵਿੱਚ ਐਨ ਡੀ ਪੀ ਨੇ ਅਜਿਹੇ ਚੋਣ ਸੁਧਾਰਾਂ ਨੂੰ ਲਾਗੂ ਕਰਨ ਲਈ ਰੈਫਰੈਂਡਮ ਕਰਾਉਣ ਦੀ ਗੱਲ ਕਹੀ ਸੀ, ਜੋ ਉਨ੍ਹਾਂ ਨੇ ਆਪਣੇ ਵਾਅਦੇ ਮੁਤਾਬਿਕ ਘੱਟ ਗਿਣਤੀ ਸਰਕਾਰ ਹੋਣ ਬਾਵਜੂਦ ਰਾਏ ਸ਼ੁਮਾਰੀ ਕਰਾਈ। ਇਸ ਸਬੰਧੀ 22 ਅਕਤੂਬਰ ਤੋਂ 7 ਦਸੰਬਰ ਤੱਕ ਲੋਕਾਂ ਵਲੋਂ ਵੋਟਾਂ ਪਾਈਆਂ ਗਈਆਂ। ਜਿਸਦੇ ਨਤੀਜੇ 20 ਦਸੰਬਰ ਨੂੰ ਜਾਰੀ ਕੀਤੇ ਗਏ, ਜਿਸ ਅਨੁਸਾਰ 61.3% ਜਨਤਾ ਨੇ ਪਹਿਲਾ ਸਿਸਟਮ ਹੀ ਠੀਕ ਹੈ, ਦੇ ਹੱਕ ਵਿੱਚ ਵੋਟ ਪਾਈ ਅਤੇ 38.7% ਲੋਕਾਂ ਨੇ ਤਬਦੀਲੀ ਦੇ ਹੱਕ ਵਿੱਚ ਵੋਟ ਪਾਈ। ਇਥੇ ਇਹ ਵੀ ਵਰਨਣਯੋਗ ਹੈ ਕਿ ਇਸ ਰੈਫਰੈਂਡਮ ਲਈ ਵੋਟ ਪਾਉਣ ਵਾਸਤੇ ਯੋਗ ਵੋਟਰਾਂ ਵਿਚੋਂ ਸਿਰਫ 42.6% ਲੋਕਾਂ ਨੇ ਹੀ ਆਪਣੀ ਵੋਟ ਦਾ ਇਸਤੇਮਾਲ ਕੀਤਾ, ਭਾਵੇਂ ਕਿ ਇਹ ਵੋਟਾਂ ਮੇਲ ਰਾਹੀਂ ਹੀ ਪੈਣੀਆਂ ਸਨ। ਇਸ ਤੋਂ ਇਹ ਵੀ ਪਤਾ ਲਗਦਾ ਹੈ ਕਿ ਮੌਜੂਦਾ ਲੋਕਤੰਤਰੀ ਸਿਸਟਮ ਅਤੇ ਮੌਜੂਦਾ ਪਾਰਟੀਆਂ ਤੇ ਉਨ੍ਹਾਂ ਦੀ ਰਾਜਨੀਤੀ ਤੋਂ ਲੋਕਾਂ ਦਾ ਵਿਸ਼ਵਾਸ਼ ਉੱਠ ਚੁੱਕਾ ਹੈ ਤਾਂ ਹੀ 57.4% ਲੋਕਾਂ ਨੇ ਵੋਟ ਹੀ ਨਹੀਂ ਪਾਈ, ਭਾਵੇਂ ਕਿ ਉਨ੍ਹਾਂ ਕਿਤੇ ਜਾਣਾ ਨਹੀਂ ਸੀ, ਵੋਟ ਘਰੋਂ ਮੇਲ ਕਰ ਸਕਦੇ ਸਨ। ਮੌਜੂਦਾ ਨਿਰਧਾਰਤ ਨਿਯਮਾਂ ਅਨੁਸਾਰ 51% ਲੋਕਾਂ ਵਲੋਂ ਮੋਹਰ ਲਾਉਣ ਤੋਂ ਬਾਅਦ ਹੀ ਤਬਦੀਲੀ ਸੰਭਵ ਸੀ, ਜੋ ਕਿ ਨਹੀਂ ਹੋ ਸਕੀ, ਜਿਸ ਕਰਕੇ ਹੁਣ ਮੌਜੂਦਾ ਸਿਸਟਮ ਹੀ ਲਾਗੂ ਰਹੇਗਾ। ਯਾਦ ਰਹੇ ਇਸ ਤੋਂ ਪਹਿਲਾਂ ਵੀ ਬੀ. ਸੀ. ਵਿੱਚ ਦੋ ਵਾਰ ਇਸੇ ਵਿਸ਼ੇ ਤੇ ਰਾਏ ਸ਼ੁਮਾਰੀ ਹੋ ਚੁੱਕੀ ਹੈ, ਜਿਸ ਵਿੱਚ ਵੀ ਤਬਦੀਲੀ ਦੇ ਵਿਰੋਧ ਵਿੱਚ ਹੀ ਵੋਟਾਂ ਪਈਆਂ ਸਨ। ਚੋਣ ਪ੍ਰਣਾਲੀ ਵਿੱਚ ਤਬਦੀਲੀ ਦਾ ਮੁੱਦਾ 1997 ਦੀਆਂ ਬੀ ਸੀ ਅਸੰਬਲੀ ਦੀਆਂ ਚੋਣਾਂ ਤੋਂ ਬਾਅਦ ਉਸ ਵਕਤ ਉਭਰਿਆ ਸੀ, ਜਦੋਂ ਐਨ ਡੀ ਪੀ ਨੇ ਬਹੁਮਤ ਨਾਲ ਸਰਕਾਰ ਬਣਾਈ ਸੀ, ਜਦਕਿ ਉਨ੍ਹਾਂ ਨੂੰ ਕੁੱਲ ਵੋਟਾਂ ਵਿਚੋਂ ਸਿਰਫ 39.5% ਵੋਟਾਂ ਹੀ ਮਿਲੀਆਂ ਸਨ, ਜਦਕਿ ਲਿਬਰਲ ਨੂੰ 41.8% ਵੋਟਾਂ ਪਈਆਂ ਸਨ ਉਸ ਸਮੇਂ ਲਿਬਰਲ ਪਾਰਟੀ ਨੇ ਵਾਅਦਾ ਕੀਤਾ ਸੀ ਕਿ ਅਗਲੀ ਸਰਕਾਰ ਉਨ੍ਹਾਂ ਦੀ ਬਣਨ ਤੇ ਉਹ ਨਵਾਂ ਸਿਸਟਮ ਲਿਆਉਣਗੇ, ਜਿਸ ਅਨੁਸਾਰ ਲੋਕ ਪਾਰਟੀ ਨੂੰ ਵੋਟ ਪਾਉਣਗੇ, ਨਾ ਕਿ ਆਪਣੇ ਹਲਕੇ ਦੇ ਨੁਮਇੰਦਿਆਂ ਨੂੰ, ਜਿਤਨੇ ਪ੍ਰਤੀਸ਼ਤ ਵੋਟਾਂ ਕਿਸੇ ਪਾਰਟੀ ਨੂੰ ਮਿਲਣਗੀਆਂ, ਉਸੇ ਅਨੁਪਾਤ ਵਿੱਚ ਉਸ ਪਾਰਟੀ ਦੇ ਐਮ ਐਲ ਏ ਅਸੰਬਲੀ ਵਿੱਚ ਜਾਣਗੇ। ਜਿਸ ਤੋਂ ਬਾਅਦ 2001 ਦੀਆਂ ਚੋਣਾਂ ਵਿੱਚ ਲਿਬਰਲ ਭਾਰੀ ਬਹੁਮਤ ਨਾਲ ਜਿੱਤੇ ਸਨ ਤੇ ਆਪਣੇ ਵਾਅਦੇ ਮੁਤਬਿਕ 2005 ਵਿੱਚ ਪਹਿਲੀ ਰਾਏਮੁਸ਼ਾਰੀ ਕਰਾਈ ਗਈ ਸੀ, ਜਿਸ ਵਿੱਚ 57.7% ਲੋਕਾਂ ਨੇ ਤਬਦੀਲੀ ਦੇ ਹੱਕ ਵਿੱਚ ਵੋਟ ਪਾਈ ਸੀ, ਉਸ ਵੇਲੇ ਤਬਦੀਲੀ ਲਈ 60% ਵੋਟਾਂ ਦਾ ਨਿਯਮ ਰੱਖਿਆ ਗਿਆ ਸੀ, ਜਿਸ ਕਰਕੇ ਸਿਰਫ 2.3% ਘੱਟ ਵੋਟਾਂ ਕਾਰਨ ਇਹ ਸਫਲ ਨਹੀਂ ਹੋ ਸਕਿਆ ਸੀ। ਇਸ ਤੋਂ ਬਾਅਦ 2009 ਵਿੱਚ ਇੱਕ ਵਾਰ ਫਿਰ ਅਜਿਹਾ ਯਤਨ ਕੀਤਾ ਗਿਆ ਸੀ, ਉਸ ਵਕਤ ਤਬਦੀਲੀ ਦੇ ਹੱਕ ਵਿੱਚ ਸਿਰਫ 39.09% ਹੀ ਲੋਕ ਆਏ ਸਨ, ਜਿਸ ਨਾਲ ਇਹ ਮੁੱਦਾ ਬਹੁਤ ਸਾਲ ਦੱਬਿਆ ਰਿਹਾ, ਪਰ ਪਿਛਲੀਆਂ ਚੋਣਾਂ ਵਿੱਚ ਐਨ ਡੀ ਪੀ ਤੇ ਗਰੀਨ ਪਾਰਟੀ ਦੀ ਸਾਂਝੀ ਸਰਕਾਰ ਬਣਨ ਤੋਂ ਬਾਅਦ ਉਨ੍ਹਾਂ ਨੇ ਇਹ ਮੁੱਦਾ ਫਿਰ ਉਭਾਰਿਆ ਸੀ, ਜਿਸ ਲਈ ਪਿਛਲੇ ਮਹੀਨੇ ਪਈਆਂ ਵੋਟਾਂ ਦੇ ਨਤੀਜਿਆਂ ਅਨੁਸਾਰ 38.7% ਲੋਕਾਂ ਨੇ ਹੀ ਤਬਦੀਲੀ ਦੇ ਹੱਕ ਵਿੱਚ ਵੋਟਾਂ ਪਾਈਆਂ। ਜਿਸ ਨਾਲ ਮੌਜੂਦਾ ਸਿਸਟਮ ਹੀ ਫਿਲਹਾਲ ਬੀ ਸੀ ਸਮੇਤ ਸਾਰੇ ਕਨੇਡਾ ਵਿਚ ਲਾਗੂ ਰਹੇਗਾ। ਇਸ ਤਰਜ਼ ਦੇ ਰੈਫਰੈਂਡਮ 2005 ਵਿੱਚ ਪਰਿੰਸ ਐਡਵਰਡ ਆਈਲੈਂਡ ਤੇ 2007 ਵਿੱਚ ਉਨਟੇਰੀਉ ਵਿੱਚ ਹੋ ਚੁੱਕੇ ਹਨ, ਪਰ ਕੋਈ ਵੀ ਸਿਰੇ ਨਹੀਂ ਚੜ੍ਹਿਆ। ਬੀ ਸੀ ਦੇ ਮੌਜੂਦਾ ਰੈਫਰੈਂਡਮ ਵਿੱਚ ਲੋਕਾਂ ਨੂੰ ਵੋਟ ਕਰਨ ਲਈ ਦੋ ਸਵਾਲ ਦਿੱਤੇ ਗਏ ਸਨ। ਪਹਿਲਾ ਇਹ ਸੀ ਕਿ ਮੌਜੂਦਾ ਨੁਮਾਇੰਦੇ ਚੁਣਨ ਦਾ ਤਰੀਕਾ ਰੱਖਿਆ ਜਾਵੇ ਜਾਂ ਤਬਦੀਲੀ ਕਰਕੇ ਪਾਰਟੀਆਂ ਨੂੰ ਵੋਟਾਂ ਪਾਈਆਂ ਜਾਣ ਤੇ ਪਾਰਟੀਆਂ ਵੋਟਾਂ ਦੀ ਪ੍ਰਤੀਸ਼ਤਤਾ ਅਨੁਸਾਰ ਆਪਣੇ ਨੁਮਇੰਦੇ ਚੁਣਨ। ਦੂਜਾ ਸਵਾਲ ਸੀ ਕਿ ਜੇ ਲੋਕ ਤਬਦੀਲੀ ਦੇ ਹੱਕ ਵਿੱਚ ਵੋਟ ਪਾਉਂਦੇ ਹਨ ਤਾਂ ਨੁਮਾਇੰਦੇ ਚੁਣਨ ਦਾ ਕੀ ਤਰੀਕਾ ਅਪਨਾਇਆ ਜਾਵੇ, ਇਸ ਲਈ 3 ਤਰੀਕੇ ਸੁਝਾਏ ਗਏ ਸਨ, ਪਹਿਲਾ ਇਹ ਸੀ ਕਿ ਵੱਖ-ਵੱਖ ਰਿਜ਼ਨ ਬਣਾ ਲਏ ਜਾਣ ਤੇ ਹਰੇਕ ਰਿਜ਼ਨ ਤੋਂ ਦੋ ਉਮੀਦਵਾਰ ਹੋਣ, ਜਿਹੜਾ ਵੱਧ ਵੋਟਾਂ ਲਿਜਾਵੇ, ਉਹ ਹੁਣ ਵਾਂਗ ਲੋਕ ਉਮੀਦਵਾਰ ਹੋਵੇ ਤੇ ਬਾਕੀ ਪ੍ਰਤੀਸ਼ਤਤਾ ਅਨੁਸਾਰ ਪਾਰਟੀਆਂ ਐਮ ਐਲ ਏ ਨਾਮਜਦ ਕਰਨ।ਦੂਜੀ ਚੋਣ ਸੀ ਕਿ ਮਿਕਸ ਉਮੀਦਵਾਰ ਹੋਣ, ਇੱਕ ਉਮੀਦਵਾਰ ਨੂੰ ਲੋਕ ਚੁਣਨ ਤੇ ਇੱਕ ਪਾਰਟੀ ਨਾਮਜ਼ਦ ਕਰੇ।ਤੀਜਾ ਇਹ ਸੀ ਕਿ ਸ਼ਹਿਰੀ ਤੇ ਪੇਂਡੂ ਜਾਂ ਛੋਟੇ ਸ਼ਹਿਰਾਂ ਦੇ ਵੱਖਰੇ-ਵੱਖਰੇ ਉਮੀਦਵਾਰ ਚੁਣੇ ਜਾਣ ਤਾਂ ਕਿ ਸਭ ਨੂੰ ਬਰਾਬਰ ਦੀ ਨੁਮਾਇੰਦਗੀ ਮਿਲ ਸਕੇ।

ਜਿਸ ਤਰ੍ਹਾਂ ਅਸੀਂ ਉੱਪਰ ਗੱਲ ਕੀਤੀ ਸੀ ਕਿ ਅਜੇ ਤੱਕ ਕੋਈ ਅਜਿਹਾ ਸਰਬ ਪ੍ਰਵਾਨਤ ਲੋਕਤੰਤਰੀ ਤਰੀਕਾ ਨਹੀਂ ਬਣ ਸਕਿਆ, ਜੋ ਹਰ ਪੱਖੋਂ ਸੰਪੂਰਨ ਹੋਵੇ। ਜਿਸ ਸਿਸਟਮ ਨੂੰ ਕਨੇਡੀਅਨ ਲੋਕਾਂ ਨੇ ਨਕਾਰਿਆ ਹੈ, ਉਸੇ ਨੂੰ ਕਈ ਦੇਸ਼ਾਂ ਦੇ ਲੋਕਾਂ ਨੇ ਲੰਬੇ ਸਮੇਂ ਤੋਂ ਪ੍ਰਵਾਨ ਕੀਤਾ ਹੋਇਆ ਹੈ ਤੇ ਉਹ ਇਸਨੂੰ ਠੀਕ ਸਿਸਟਮ ਮੰਨਦੇ ਹਨ। ਇਸ ਵੇਲੇ ਦੁਨੀਆਂ ਵਿੱਚ ਅਜਿਹੇ 90 ਦੇ ਕਰੀਬ ਦੇਸ਼ ਹਨ, ਜਿਥੇ ਅਜਿਹਾ ਸਿਸਟਮ ਲਾਗੂ ਹੈ। ਇਨ੍ਹਾਂ ਦੇਸ਼ਾਂ ਵਿੱਚ ਲੋਕ ਪਾਰਟੀ ਨੂੰ ਵੋਟ ਪਾਉਂਦੇ ਹਨ ਤੇ ਫਿਰ ਪਾਰਟੀਆਂ ਨੂੰ ਵੋਟਾਂ ਦੀ ਪ੍ਰਤੀਸ਼ਤਤਾ ਅਨੁਸਾਰ ਨੁਮਇੰਦਗੀ ਮਿਲਦੀ ਹੈ। ਜਿਨ੍ਹਾਂ ਵਿਚੋਂ ਅਸਟਰੀਆ, ਬੈਲਜੀਅਮ, ਬਰਾਜ਼ੀਲ, ਚਿੱਲੀ, ਫਿਜ਼ੀ, ਜਰਮਨੀ, ਇੰਡੋਨੇਸ਼ੀਆ, ਇਰਾਕ, ਨੀਦਰਲੈਂਡ, ਨਾਰਵੇ, ਪੋਲੈਂਡ, ਪੁਰਤਗਾਲ, ਸਾਊਥ ਅਫਰੀਕਾ, ਸ੍ਰੀ ਲੰਕਾ, ਤੁਰਕੀ ਆਦਿ ਦੇ ਨਾਮ ਵਰਨਣਯੋਗ ਹਨ।



ਬੀ ਸੀ ਵਿੱਚ ਰਾਏ ਸ਼ੁਮਾਰੀ ਦੇ ਰਿਜਲਟ ਬੇਸ਼ਕ ਕੁਝ ਵੀ ਹੋਣ, ਪਰ ਇਸ ਗੱਲ ਤੋਂ ਇਨਕਾਰੀ ਨਹੀਂ ਹੋਇਆ ਜਾ ਸਕਦਾ ਕਿ ਦੁਨੀਆਂ ਭਰ ਵਿੱਚ ਮੌਜੂਦਾ ਲੋਕਤੰਤਰੀ ਸਿਸਟਮ ਫੇਲ੍ਹ ਹੋ ਚੁੱਕਾ ਹੈ। ਸਰਮਾਏਦਾਰੀ ਦਾ ਮੌਜੂਦਾ ਰਾਜਨੀਤਕਾਂ ਤੇ ਰਾਜਨੀਤਕ ਪਾਰਟੀ ਤੇ ਪੂਰੀ ਤਰ੍ਹਾਂ ਕੰਟਰੋਲ ਹੈ। ਇਹ ਸਿਸਟਮ ਉਨ੍ਹਾਂ ਨੂੰ ਪੂਰੀ ਤਰ੍ਹਾਂ ਰਾਸ ਆ ਰਿਹਾ ਹੈ, ਉਹ ਇਸ ਵਿੱਚ ਕਿਸੇ ਤਰ੍ਹਾਂ ਦੀ ਤਬਦੀਲੀ ਦੇ ਬਹੁਤਾ ਹੱਕ ਨਹੀਂ ਕਿਉਂਕਿ ਤਬਦੀਲੀ ਹੋਣ ਤੋਂ ਬਾਅਦ ਉਨ੍ਹਾਂ ਨੂੰ ਦੁਬਾਰਾ ਕਾਬਿਜ਼ ਹੋਣ ਲਈ ਫਿਰ ਨਵੇਂ ਤਰੀਕੇ ਅਪਨਾਉਣੇ ਪੈਣਗੇ, ਉਸ ਲਈ ਸਮਾਂ ਵੀ ਲੱਗੇਗਾ। ਪਰ ਸਰਮਾਏਦਾਰੀ ਨਿਜ਼ਾਮ ਨੇ ਲੋਕਾਂ ਦਾ ਅਜਿਹਾ ਬਰੇਨਵਾਸ਼ ਕਰ ਦਿੱਤਾ ਹੈ ਕਿ ਇੱਕ ਪਾਸੇ ਤਾਂ ਲੋਕਾਂ ਨੂੰ ਮੌਜੂਦਾ ਲੋਕਤੰਤਰੀ ਸਿਸਟਮ ਹੁਣ ਤੱਕ ਦਾ ਸਭ ਤੋਂ ਬੈਸਟ ਸਿਸਟਮ ਲੱਗ ਰਿਹਾ ਹੈ ਤੇ ਦੂਜਾ ਉਨ੍ਹਾਂ ਵਿੱਚ ਇਸ ਸਿਸਟਮ ਪ੍ਰਤੀ ਉਪਰਾਮਤਾ ਵੀ ਪੈਦਾ ਕੀਤੀ ਹੋਈ ਹੈ ਕਿ ਉਹ ਇਸ ਵਿੱਚ ਹਿੱਸਾ ਲੈਣ ਤੋਂ ਹੀ ਕੰਨੀ ਕਤਰਾ ਰਹੇ ਹਨ। ਉਨ੍ਹਾਂ ਨੂੰ ਲਗਦਾ ਹੈ ਕਿ ਕੁਝ ਵੀ ਬਦਲਣ ਵਾਲਾ ਨਹੀਂ, ਇਸ ਲਈ ਆਪਣਾ ਕੰਮ ਕਰੋ ਤੇ ਰਾਜਨੀਤੀ ਤੋਂ ਦੂਰ ਰਹੋ। ਇਹ ਗੰਦੀ ਗੇਮ ਹੈ। ਬੀ ਸੀ ਜਾਂ ਹੋਰ ਸੂਬਿਆਂ ਜਾਂ ਫੈਡਰਲ ਚੋਣਾਂ ਇਸ ਗੱਲ ਦੀ ਗਵਾਹੀ ਹਨ ਕਿ ਔਸਤਨ 40-50% ਲੋਕ ਹੀ ਵੋਟ ਪਾਉਂਦੇ ਹਨ। ਅੱਧੀ ਅਬਾਦੀ ਨੂੰ ਇਸ ਲੋਕਤੰਤਰੀ ਸਿਸਟਮ ਵਿੱਚ ਸ਼ਾਮਿਲ ਹੋਣ ਦੀ ਲੋੜ ਹੀ ਨਹੀਂ ਲਗਦੀ। ਮੌਜੂਦਾ ਸਰਮਾਏਦਾਰੀ ਨਿਜ਼ਾਮ ਨੂੰ ਇਹ ਸਭ ਬਹੁਤ ਰਾਸ ਆ ਰਿਹਾ ਹੈ। ਬੀ ਸੀ ਦੇ ਲੋਕਾਂ ਵਲੋਂ ਇਸਦੇ ਵਿਰੋਧ ਵਿੱਚ ਵੋਟ ਪਾਉਣ ਦਾ ਇੱਕ ਕਾਰਨ ਇਹ ਵੀ ਹੈ ਕਿ ਬਹੁਤੇ ਲੋਕ ਮੌਜੂਦਾ ਐਨ ਡੀ ਪੀ ਤੇ ਗਰੀਨ ਪਾਰਟੀ ਦੇ ਗਠਬੰਧਨ ਤੋਂ ਖੁਸ਼ ਨਹੀਂ ਹਨ ਅਤੇ ਉਹੀ ਲਿਬਰਲ ਪਾਰਟੀ, ਜਿਸਨੇ ਪਹਿਲੇ ਦੋ ਰੈਫਰੈਂਡਮ ਕਰਵਾਏ ਸਨ, ਉਸਨੇ ਵੀ ਹੁਣ ਇਸਦਾ ਵਿਰੋਧ ਕਰਕੇ ਇਸਨੂੰ ਐਨ ਡੀ ਪੀ ਸਰਕਾਰ ਖਿਲਾਫ ਰਾਜਨੀਤਕ ਤੌਰ ’ਤੇ ਵਰਤਣ ਦੀ ਕੋਸ਼ਿਸ਼ ਕੀਤੀ ਸੀ ਤਾਂ ਕਿ ਇਹ ਪ੍ਰਭਾਵ ਜਾਵੇ ਕਿ ਲੋਕ ਐਨ ਡੀ ਪੀ ਤੋਂ ਖੁਸ਼ ਨਹੀਂ ਤੇ ਅਗਲੀਆਂ ਚੋਣਾਂ ਵਿੱਚ ਇਸਦਾ ਲਾਹਾ ਲਿਆ ਜਾ ਸਕੇ। ਸਾਡੀ ਸਮਝ ਅਨੁਸਾਰ ਜਿਥੇ ਵੀ ਮੌਜੂਦਾ 2 ਜਾਂ 3 ਪਾਰਟੀ ਲੋਕਤੰਤਰੀ ਸਿਸਟਮ ਹੈ, ਵੋਟਾਂ ਦੀ ਪ੍ਰਤੀਸ਼ਤ ਅਨੁਸਾਰ 2 ਵੱਡੀਆਂ ਪਾਰਟੀਆਂ ਦੇ ਮੁਕਾਬਲੇ ਤੀਜੀ ਧਿਰ ਨੂੰ ਉਤਨੀ ਪ੍ਰਤੀਨਿਧਤਾ ਨਹੀਂ ਮਿਲਦੀ, ਜਿਤਨੀ ਮਿਲਣੀ ਚਾਹੀਦਾ ਹੈ? ਦੂਸਰਾ ਪੱਖ ਇਹ ਵੀ ਹੈ ਕਿ ਮੌਜੂਦਾ ਸਿਸਟਮ ਵਿੱਚ ਜੇ ਕੋਈ ਨਵੀਂ ਪਾਰਟੀ, ਕੋਈ ਨਵੀਂ ਸੋਚ ਲੈ ਕੇ ਆਵੇ ਵੀ ਤਾਂ ਉਸਨੂੰ ਕੋਈ ਸੀਟ ਨਹੀਂ ਮਿਲਦੀ, ਭਾਵੇਂ ਕਿ ਉਹ ਵੋਟ ਪ੍ਰਤੀਸ਼ਤਾ ਅਨੁਸਾਰ ਕਈ ਸੀਟਾਂ ਲੈਣ ਦੀ ਹੱਕਦਾਰ ਹੁੰਦੀ ਹੈ, ਜਿਸ ਨਾਲ ਉਨ੍ਹਾਂ ਦੀ ਵਿਚਾਰਧਾਰਾ ਜਾਂ ਪਾਰਟੀ ਪਾਲਿਸੀਆਂ ਅਸੰਬਲੀ ਜਾਂ ਪਾਰਲੀਮੈਂਟ ਤੱਕ ਨਹੀਂ ਪਹੁੰਚਦੀਆਂ ਤੇ ਅਖੀਰ ਤੀਜਾ ਬਦਲ ਰੂਪੀ ਪਾਰਟੀਆਂ ਕੁਝ ਚਿਰ ਬਾਅਦ ਦਮ ਤੋੜ ਜਾਂਦੀਆਂ ਹਨ। ਅਮਰੀਕਾ ਵਰਗੇ ਸ਼ਕਤੀਸ਼ਾਲੀ ਲੋਕਤੰਤਰੀ ਸਿਸਟਮ ਵਾਲੇ ਦੇਸ਼ ਵਿੱਚ ਮੌਜੂਦਾ ਸਿਸਟਮ ਨੇ ਰਿਪਬਲਿਕਨ ਤੇ ਡੈਮੋਕਰੈਟ ਤੋਂ ਵੱਖਰਾ ਤੀਜਾ ਬਦਲ ਕਦੇ ਉਭਰਨ ਹੀ ਨਹੀਂ ਦਿੱਤਾ ਅਤੇ ਦੋਨੋ ਪਿਛਲੇ 200 ਸਾਲ ਤੋਂ ਵਾਰੀ-ਵਾਰੀ ਫਰੈਂਡਲੀ ਮੈਚ ਖੇਡਦੇ ਹਨ।ਕਨੇਡਾ ਵਿੱਚ ਇਹੀ ਹਾਲ ਹੈ ਕਿ ਲਿਬਰਲ ਤੇ ਕੰਜ਼ਰਵੇਟਿਵ ਹੀ ਫਰੈਂਡਲੀ ਮੈਚ ਖੇਡਦੇ ਹਨ, ਭਾਵੇਂ ਕਿ ਐਨ ਡੀ ਪੀ ਥੋੜਾ ਬਹੁਤ ਤਵਾਜਨ ਬਣਾਉਣ ਦੀ ਕੋਸ਼ਿਸ਼ ਕਰਦੀ ਹੈ। ਸਾਡੇ ਅਲਬਰਟਾ ਵਿੱਚ ਇਸ ਅਖੌਤੀ ਲੋਕਤੰਤਰੀ ਸਿਸਟਮ ਨੇ ਲੋਕਤੰਤਰ ਪੂਰੀ ਤਰ੍ਹਾਂ ਤਬਾਹ ਕਰ ਦਿੱਤਾ ਹੈ। ਅਲਬਰਟਾ ਵਿੱਚ ਪਿਛਲ਼ੇ 80 ਸਾਲ ਤੋਂ ਡੈਮੋਕਰੇਸੀ ਨਾਮ ਦੀ ਕੋਈ ਸ਼ੈਅ ਨਹੀਂ ਹੈ। ਕੰਜ਼ਰਵੇਟਿਵ ਹੀ ਡੈਮੋਕਰੇਸੀ ਹੈ ਤੇ ਡੈਮੋਕਰੇਸੀ ਹੀ ਕੰਜ਼ਰਵੇਟਿਵ ਹੈ। ਲੋਕਾਂ ਦਾ ਇਤਨਾ ਬਰੇਨਵਾਸ਼ ਹੈ ਕਿ ਮੌਜੂਦਾ ਐਨ ਡੀ ਪੀ ਸਰਕਾਰ ਦੇ 3-4 ਸਾਲਾਂ ਨੂੰ ਛੱਡ ਕੇ ਪਿਛਲੇ 70-80 ਸਾਲਾਂ ਤੋਂ ਕੰਜ਼ਰਵੇਟਿਵਾਂ ਦਾ ਹੀ ਬੋਲ-ਬਾਲਾ ਰਿਹਾ ਹੈ, ਅਨੇਕਾਂ ਵਾਰ ਆਪੋਜ਼ੀਸਨ ਲਿਬਰਲ ਜਾਂ ਐਨ ਡੀ ਪੀ ਨੂੰ ਰਲ਼ਾ ਕੇ 2-4 ਸੀਟਾਂ ਹੀ ਮਿਲਦੀਆਂ ਰਹੀਆਂ ਹਨ। ਜਿਸ ਨਾਲ ਅਲਬਰਟਾ ਦੇ ਲਿਬਰਲ ਜਾਂ ਐਨ ਡੀ ਪੀ ਸੋਚ ਦੇ ਲੋਕਾਂ ਨੇ ਇਸਨੂੰ ਰੱਬੀ ਭਾਣਾ ਹੀ ਮੰਨ ਲਿਆ ਸੀ ਤੇ ਅਜਿਹੇ ਲੋਕ ਜਾਂ ਤੇ ਵੋਟ ਪਾਉਂਦੇ ਹੀ ਨਹੀਂ ਸਨ ਜਾਂ ਆਪਣੀ ਪਾਰਟੀ ਦੀਆਂ ਵੋਟਾਂ ਵਧਾਉਣ ਦੇ ਮਨਸ਼ੇ ਨਾਲ ਵੋਟ ਪਾਉਂਦੇ ਸਨ, ਜਦਕਿ ਰਿਜਲਟ ਉਨ੍ਹਾਂ ਨੂੰ ਪਹਿਲਾਂ ਹੀ ਪਤਾ ਹੁੰਦਾ ਸੀ। ਬਹੁਤ ਲੋਕ ਇਸ ਲਈ ਵੋਟ ਨਹੀਂ ਪਾਉਂਦੇ ਸਨ ਕਿ ਪਤਾ ਹੀ ਹੈ ਕਿ ਕੰਜ਼ਰਵੇਟਿਵਾਂ ਨੇ ਹੀ ਜਿੱਤਣਾ ਹੈ, ਵੋਟ ਪਾਉਣ ਦਾ ਕੀ ਲਾਭ ਹੈ? ਜੇ ਵਿਚਾਰਧਾਰਕ ਤੌਰ ਤੇ ਦੇਖਿਆ ਜਾਵੇ ਤਾਂ ਸਿੱਖ ਵਿਚਾਰਧਾਰਾ ਨੂੰ ਮੰਨਣ ਵਾਲੇ ਲੋਕਾਂ ਦਾ ਸੱਜੇ ਪੱਖੀ ਕੰਜ਼ਰਵੇਟਿਵ ਜਾਂ ਵਾਈਲਡ ਰੋਜ਼ ਵਰਗੀਆਂ ਪਿਛਾਖੜੀ ਪਾਰਟੀਆਂ ਨਾਲ ਕੋਈ ਸਬੰਧ ਨਹੀਂ ਸੀ ਬਣਦਾ ਤੇ ਨਾ ਹੀ ਹੁਣ ਹੈ, ਪਰ ਸਿਆਸਤ ਵਿੱਚ ਦਾਅ ਲਾਉਣ ਲਈ ਅਲਬਰਟਾ ਦੇ ਪੰਜਾਬੀ ਸਿੱਖਾਂ ਕੋਲ ਕੰਜ਼ਰਵੇਟਿਵ ਤੋਂ ਬਿਨਾਂ ਕੋਈ ਹੋਰ ਰਸਤਾ ਨਹੀਂ ਸੀ। ਮੇਰਾ ਆਪਣਾ ਮੰਨਣਾ ਹੈ ਕਿ ਜੇ ਵੋਟਾਂ ਦੀ ਪ੍ਰਤੀਸ਼ਤਾ ਵਾਲਾ ਨਵਾਂ ਸਿਸਟਮ ਲਾਗੂ ਕੀਤਾ ਜਾਵੇ ਤਾਂ ਹੋਰ ਵਿਚਾਰਧਾਰਾਵਾਂ ਦੇ ਲੋਕਾਂ ਤੇ ਪਾਰਟੀਆਂ ਨੂੰ ਆਪਣੀ ਗੱਲ ਕਹਿਣ ਦਾ ਜਾਂ ਆਪਣੇ ਵੱਧ ਨੁਮਾਇੰਦੇ ਅਸੰਬਲੀ ਜਾਂ ਪਾਰਲੀਮੈਂਟ ਵਿੱਚ ਭੇਜਣ ਦਾ ਮੌਕਾ ਮਿਲੇਗਾ, ਜਿਸ ਨਾਲ ਲੋਕਤੰਤਰੀ ਸਿਸਟਮ ਮਜਬੂਤ ਵੀ ਹੋਵੇਗਾ ਤੇ ਲੋਕਾਂ ਵਿੱਚ ਇਹ ਵਿਸ਼ਵਾਸ਼ ਵਧੇਗਾ ਕਿ ਉਨ੍ਹਾਂ ਦੀ ਵੋਟ ਦੀ ਵੀ ਅਹਿਮੀਅਤ ਹੈ। ਇਸ ਨਾਲ ਅਖੌਤੀ ਲੋਕਤੰਤਰੀ ਦੇਸ਼ਾਂ ਵਿੱਚ ਵੱਡੀਆਂ 2 ਸਰਮਾਏਦਾਰ ਪਾਰਟੀਆਂ ਦੀ ਸਿਆਸਤ ਵਿਚੋਂ ਅਜਾਰੇਦਾਰੀ ਘਟੇਗੀ।ਘੱਟ ਗਿਣਤੀ ਫਿਰਕਿਆਂ ਦਾ ਇਸ ਨਵੇਂ ਸਿਸਟਮ ਨਾਲ ਸਿਆਸਤ ਵਿੱਚ ਪ੍ਰਭਾਵ ਵਧੇਗਾ ਤੇ ਉਹ ਆਪਣੀ ਮਨਪਸੰਦ ਦੀ ਪਾਰਟੀ ਨੂੰ ਅਸੰਬਲੀ ਜਾਂ ਪਾਰਲੀਮੈਂਟ ਵਿੱਚ ਵੱਧ ਨੁਮਾਇੰਦਗੀ ਦੁਆ ਸਕਦੇ ਹਨ। ਮੇਰੀ ਸਮਝ ਅਨੁਸਾਰ ਬੀ ਸੀ ਵਿੱਚ ਹੋਏ ਰੈਫਰੰਡਮ ਵਿੱਚ ਪੰਜਾਬੀ ਸਿੱਖਾਂ ਵਲੋਂ ਨਵੇਂ ਸਿਸਟਮ ਦੇ ਵਿਰੋਧ ਵਿੱਚ ਵੋਟਾਂ ਪਾ ਕੇ ਜਾਂ ਵੋਟਾਂ ਨਾ ਪਾ ਕੇ ਸਮਝਦਾਰੀ ਦਾ ਸਬੂਤ ਨਹੀਂ ਦਿੱਤਾ। ਇਸ ਤੋਂ ਉਨ੍ਹਾਂ ਦੀ ਸਿਆਸੀ ਨਾ-ਕਾਬਲੀਅਤ ਤੇ ਲੀਡਰਸ਼ਿਪ ਵਿੱਚ ਦੂਰ-ਅੰਦੇਸ਼ੀ ਦੀ ਘਾਟ ਸਪੱਸ਼ਟ ਦਿਖਾਈ ਦਿੰਦੀ ਹੈ।ਵੈਸੇ ਤਾਂ ਭਾਵੇਂ ਕਨੇਡਾ ਵਿੱਚ ਪੰਜਾਬੀ ਸਿੱਖਾਂ ਦੀ ਕਾਫੀ ਗਿਣਤੀ ਹੈ ਤੇ ਉਹ ਸਿਆਸਤ ਵਿੱਚ ਵੀ ਕਾਫੀ ਸਰਗਰਮ ਹਨ, ਪਰ ਉਨ੍ਹਾਂ ਕੋਲ ਕੋਈ ਨਾ ਹੀ ਮਜਬੂਤ ਜਥੇਬੰਦੀ ਹੈ ਤੇ ਨਾ ਹੀ ਕੋਈ ਪ੍ਰਵਾਨਤ ਸੂਝਵਾਨ ਲੀਡਰ ਹੀ ਹੈ। ਬਹੁਤੇ ਸਿਆਸੀ ਲੀਡਰ ਮੌਕਾ ਪ੍ਰਸਤ ਤੇ ਨਿੱਜਵਾਦ ਤੋਂ ਪ੍ਰਭਾਵਤ ਹਨ। ਇਸੇ ਕਰਕੇ ਕਹਿਣ ਨੂੰ 20 ਐਮ ਪੀ ਹੋਣ ਦੇ ਬਾਵਜੂਦ ਉਹ ਪਿਛਲੇ 3 ਸਾਲਾਂ ਵਿੱਚ ਸਾਂਝੇ ਤੌਰ ਤੇ ਕੁਝ ਵੀ ਨਹੀਂ ਕਰ ਸਕੇ। ਸਾਨੂੰ ਜਿਥੇ ਪੁਰਾਣੇ ਸਿਸਟਮ ਦੀਆਂ ਕਮੀਆਂ ਦੀ ਸਮਝ ਚਾਹੀਦੀ ਹੈ, ਉਥੇ ਨਵੇਂ ਸਿਸਟਮ ਨੂੰ ਸਮਝਣ ਲਈ ਸੈਮੀਨਾਰ ਜਾਂ ਕੋਈ ਜਨ ਚੇਤਨਾ ਲਹਿਰ ਚਲਾਉਣ ਦੀ ਲੋੜ ਹੈ ਤਾਂ ਕਿ ਅਸੀਂ ਸਿਆਸੀ ਤੌਰ ’ਤੇ ਇਸ ਲੋਕਤੰਤਰੀ ਸਿਸਟਮ ਵਿੱਚ ਕੋਈ ਬਣਦਾ ਲੋਕ ਪੱਖੀ ਯੋਗਦਾਨ ਪਾ ਸਕੀਏ।

**Commercial Land for sale in Calgary**

Car wash For Sale In great Location in Calgary (under Construction)
14000 Sq FT Plaza for sale ,building is under construction, Cap rate will be 6.5 % with A class tenants.
8000 Sq Ft Plaza for sale , building is under construction ,cap rate will be 6.5 % with A class tenants. 3800 Sq Ft Plaza for sale , building is under construction, cap rate will be 6.5% with A class tenants. 1.8 Acres Land for a Conference Hall for sale in Great location in Calgary with approved plans , development permits and services in, asking $2.5 Million.
Condo Bays for sale in NE Calgary starting from $500 sq ft .
Pizza Restaurants and Subway franchises for sale in Calgary.
New sites For gas stations available.

GURPRIT SIDHU
Executive Vice President, B.Eng. MICP
LIANG Commercial Real Estate
Century 21 Bravo Realty 3009 23 Street NE, Calgary
# 1 Commercial Canada - For Century 21 2014
Cell :403-831-5000 Office:403 539-9980 Fax:403-476-5368
Email: gurpritsidhu@liangcommercial.ca | www.liangcommercial.ca

## ਪੰਜਾਬੀ ਲਿਖਾਰੀ ਸਭਾ ਕੈਲਗਰੀ ਦੀ ਦਸੰਬਰ ਮੀਟਿੰਗ ਵਿੱਚ ਇੰਗਲੈਂਡ ਦੀ ਲੇਖਿਕਾ ਮਨਜੀਤ ਕੌਰ ਪੱਡਾ ਦਾ ਪਲੇਠਾ ਕਵਿ ਸੰਗ੍ਰਹਿ 'ਸੰਦਲੀ ਮਹਿਕ' ਲੋਕ ਅਰਪਣ

# 'ਬੱਚਿਆਂ ਵਿੱਚ ਪੰਜਾਬੀ ਬੋਲਣ ਦੀ ਮੁਹਾਰਤ' ਅੱਠਵਾਂ ਸਮਾਗਮ 23 ਮਾਰਚ ਨੂੰ ਕਰਵਾਉਣ ਲਈ ਸਭਾ ਵਲੋਂ ਐਲਾਨ

**ਜੋਰਾਵਰ ਬਾਂਸਲ**

ਪੰਜਾਬੀ ਲਿਖਾਰੀ ਸਭਾ ਕੈਲਗਰੀ ਦੀ ਇਸ ਸਾਲ ਦੀ ਆਖਰੀ ਮੀਟਿੰਗ ਸ਼ੁਰੂ ਕਰਦਿਆ ਸਭਾ ਦੇ ਜਨਰਲ ਸਕੱਤਰ ਰਣਜੀਤ ਸਿੰਘ ਨੇ ਪ੍ਰਧਾਨਗੀ ਮੰਡਲ ਵਿੱਚ ਬੈਠਣ ਲਈ ਸਭਾ ਦੇ ਪ੍ਰਧਾਨ ਬਲਜਿੰਦਰ ਸੰਘਾ ਦੇ ਨਾਲ ਸਿਮਰ ਚੀਮਾ, ਸਾਬਕਾ ਪ੍ਰਧਾਨ ਮਹਿੰਦਰ ਸਿੰਘ ਐਸ ਪਾਲ ਅਤੇ ਸਰੂਪ ਸਿੰਘ ਮੰਡੇਰ ਨੂੰ ਹਾਜ਼ਰੀਨ ਦੀਆਂ ਭਰਪੂਰ ਤਾੜ੍ਹੀਆਂ ਵਿੱਚ ਸੱਦਾ ਦਿੱਤਾ। ਇਸ ਮਹੀਨੇ ਦੀਆਂ ਗਤੀਵਿਧੀਆਂ ਦੀ ਸਾਂਝ ਨਾਲ ਸ਼ੋਕ ਸਮਾਚਾਰ ਸਾਂਝਾਂ ਕਰਦਿਆ ਉਹਨਾ ਦੱਸਿਆ ਕਿ ਪਾਕਿਸਤਾਨ ਦੀ ਮਸ਼ਹੂਰ ਲੇਖਿਕਾ ਫੈਹਿਮੀਦਾ ਰਿਆਜ਼ ਜਿੰਨ੍ਹਾਂ ਪੰਦਰਾਂ ਪੁਸਤਕਾਂ ਸਾਹਿਤ ਦੀ ਝੋਲੀ ਪਾਈਆਂ ਉਹ ਸਦੀਵੀ ਵਿਛੋੜਾ ਦੇ ਗਏ। ਸਭਾ ਵਲੋਂ ਉਹਨਾਂ ਦੇ ਅਕਾਲ ਚਲਾਣੇ ਤੇ ਦੁੱਖ ਦਾ ਪ੍ਰਗਟਾਵਾ ਕੀਤਾ ਗਿਆ। ਪ੍ਰਧਾਨ ਬਲਜਿੰਦਰ ਸੰਘਾ ਨੇ ਬਹੁਤ ਹੀ ਖਾਸ ਮਾਣਮੱਤੀ ਜਾਣਕਾਰੀ ਸਾਂਝੀ ਕਰਦਿਆ ਦੱਸਿਆ ਕਿ ਸਭਾ ਵਲੋਂ 2012 ਵਿੱਚ ਸ਼ੁਰੂ ਕੀਤੇ 'ਬੱਚਿਆਂ ਵਿੱਚ ਪੰਜਾਬੀ ਬੋਲਣ ਦੀ ਮੁਹਾਰਤ' ਦਾ ਅੱਠਵਾਂ ਸਮਾਗਮ 23 ਮਾਰਚ 2019 ਨੂੰ ਵਾਈਟਹੌਰਨ ਕਮਿਊਨਟੀ ਹਾਲ ਵਿੱਚ ਦਿਨ ਸ਼ਨੀਵਾਰ 1 ਤੋਂ 4 ਵਜੇ ਤੱਕ ਹੋਏਗਾ। ਇਸ ਬਾਰੇ ਹੋਰ ਜਾਣਕਾਰੀ ਆਉਣ ਵਾਲੇ ਪ੍ਰੋਗਰਾਮਾਂ ਵਿੱਚ ਸਾਂਝੀ ਕੀਤੀ ਜਾਵੇਗੀ।ਹਮੇਸ਼ਾ ਦੀ ਤਰ੍ਹਾਂ ਇਸ ਵਾਰ ਵੀ ਉਹਨਾਂ ਸਹਿਯੋਗ ਦੀ ਅਪੀਲ ਕੀਤੀ। ਸਭਾ ਦੇ ਸਾਬਕਾ ਪ੍ਰਧਾਨ ਮਹਿੰਦਰ ਐਸ ਪਾਲ ਜੋ ਪੰਜਾਬੀ ਲੇਖਕਾਂ ਤੇ ਸਾਹਿਤ ਜਗਤ ਵਿੱਚ ਜਾਣਿਆਂ ਪਛਾਣਿਆਂ ਨਾਮ ਹੈ, ਉਹਨਾਂ ਦੀ ਇੰਗਲੈਂਡ ਵਸਨੀਕ ਭੈਣ ਮਨਜੀਤ ਕੌਰ ਪੱਡਾ ਦਾ ਪਲੇਠਾ ਕਵਿ ਸੰਗ੍ਰਹਿ 'ਸੰਦਲੀ ਮਹਿਕ' ਮੌਕੇ ਜਿੱਥੇ ਉਹਨਾਂ ਸਟੇਜ ਤੋਂ ਆਪਣੇ ਪਰਿਵਾਰ ਦੇ ਸਹਿਤਕ ਮਾਹੌਲ ਦੀ ਗੱਲ ਕੀਤੀ ਉਥੇ ਹੀ ਇਸ ਕਿਤਾਬ ਉੱਤੇ ਸਾਥੀ ਲੁਧਿਆਣਵੀ (ਪ੍ਰਧਾਨ ਪੰਜਾਬੀ ਸਾਹਿਤ ਕਲਾ ਕੇਂਦਰ ਯੂ ਕੇ) ਤੇ



ਕੁਲਵੰਤ ਕੌਰ ਵਲੋਂ ਲਿਖਿਆ ਪਰਚਾ ਪੜ੍ਹਿਆ। ਸਾਰੇ ਬੁਲਾਰਿਆ ਆਪਣੀ ਸਟੇਜ ਹਾਜ਼ਰੀ ਸਮੇਂ ਮਹਿੰਦਰ ਪਾਲ ਤੇ 'ਸੰਦਲੀ ਮਹਿਕ' ਦੀ ਲੇਖਿਕਾ ਨੂੰ ਵਧਾਈ ਦਿੱਤੀ। ਸਭਾਂ ਦੀ ਕਾਰਜਕਾਰੀ ਕਮੇਟੀ ਤੇ ਲੇਖਿਕਾਂ ਦੇ ਪਰਿਵਾਰਿਕ ਮੈਂਬਰਾਂ ਵਲੋਂ 'ਸੰਦਲੀ ਮਹਿਕ' ਲੋਕ ਅਰਪਣ ਕੀਤੀ ਗਈ। ਸਾਬਕਾ ਪ੍ਰਧਾਨ ਹਰੀਪਾਲ ਨੇ ਪਿਛਲੇ ਦਿਨੀਂ ਰਿਲੀਜ਼ ਹੋਏ ਪ੍ਰਸਿੱਧ ਕਹਾਣੀਕਾਰ ਜਤਿੰਦਰ ਹਾਂਸ ਦੇ ਤੀਸਰੇ ਕਹਾਣੀ ਸੰਗ੍ਰਹਿ 'ਜਿਊਣਾ ਸੱਚ ਬਾਕੀ ਝੂਠ' ਪ੍ਰਥਮ ਕਹਾਣੀ 'ਝ ਖਾਲੀ ਨਹੀਂ ਹੁੰਦਾ' ਤੇ ਪਰਚਾ ਪੜ੍ਹਿਆ, ਕਹਾਣੀ ਜਿੱਥੇ ਸਰਕਾਰੀ ਤੇ ਪ੍ਰਾਈਵੇਟ ਸਕੂਲਾਂ ਦੇ ਪਾੜ੍ਹੇ ਦੀ ਗੱਲ ਦੇ ਨਾਲ ਨਾਲ ਅਸਲੀ ਹੱਕਦਾਰ ਅਧਿਆਪਕਾ ਦੇ ਸ਼ੋਸ਼ਣ ਤੇ ਕੋਟੇ ਵਿੱਚ ਭਰਤੀ ਟੀਚਰਾਂ ਵਲੋਂ ਕੀਤੇ ਧੱਕੇ ਦੀ ਗੱਲ ਕਰਦੀ ਹੈ ਉਥੇ ਹੀ ਹਰੀਪਾਲ ਨੇ ਕਹਾਣੀ ਦੇ ਕਿਰਦਾਰਾਂ ਤੇ ਸਿਸਟਮ ਵਿੱਚ ਪਿਸੱਦੇ ਲੋਖਾਂ ਦੀ ਵੀ ਗੱਲ ਕੀਤੀ। ਇਹ ਪਰਚਾ ਇਸ ਕਹਾਣੀ ਦਾ ਵਿਸਥਾਰ ਕਰਦਿਆ ਸਮਾਜਿਕ ਤੇ ਆਰਥਿਕ ਤਾਣੇ ਬਾਣੇ ਤੇ ਕਰਾਰੀ ਚੋਟ ਕਰ ਗਿਆ। ਰਚਨਾਵਾਂ ਦੇ ਦੌਰ ਵਿੱਚ ਸਭਾ ਦੇ ਖਜਾਨਚੀ ਮੰਗਲ ਚੱਠਾ ਨੇ 'ਉਹ ਦੱਸ ਕਿੱਥੇ ਮਰਦੇ ਨੇ', ਜਾਂਬਾਜ਼ ਯੋਧਿਆਂ ਬਾਰੇ ਜੋਸ਼ੀਲਾ ਗੀਤ ਤੇ ਪੰਚਾਇਤੀ ਚੋਣਾਂ ਉੱਤੇ ਵਿਅੰਗਮਈ ਕਵਿਤਾ 'ਸਰਪੰਚੀ' ਪੇਸ਼ ਕੀਤੀ।ਲਖਵਿੰਦਰ ਜੌਹਲ ਨੇ ਭਾਵੁਕ ਕਵਿਤਾ 'ਮਾਂ', ਜਸਵੰਤ ਸਿੰਘ ਸੇਖੋਂ ਨੇ ਧਾਰਮਿਕ ਕਲੀ 'ਬਾਬਾ ਅਜੀਤ ਸਿੰਘ' ਤੇ ਆਪਣੀ ਦੂਸਰੀ ਸਟੇਜ ਹਾਜਰੀ ਵਿੱਚ 'ਗੈਰਤ ਦੀ ਜਿੰਦਗੀ' ਤੇ ਸਰੂਪ ਸਿੰਘ ਮੰਡੇਰ ਦੀ ਜੁਗਲਬੰਦੀ ਨਾਲ ਜੋਸ਼ੀਲੀ ਕਵੀਸ਼ਰੀ 'ਜਿੰਦਾਂ ਨਿੱਕੀਆ ਨੇ ਕੀਤੇ ਵੱਡੇ ਸਾਕੇ' ਬੁਲੰਦ ਅਵਾਜ ਵਿੱਚ ਪੇਸ਼ ਕੀਤੀ। ਹਰਨੇਕ ਬੱਧਣੀ ਨੇ 'ਮੈਂ ਗੀਤਾਂ ਦਾ ਵਣਜਾਰਾ', ਸੁਰਿੰਦਰ ਗੀਤ ਨੇ ਖੂਬਸੂਰਤ ਕਵਿਤਾ 'ਹਨੇਰਾ ਘੂਰਦਾ ਮੈਨੂੰ', ਸ਼ਿਵ ਕੁਮਾਰ ਸ਼ਰਮਾਂ ਨੇ ਦੋ ਚੁਟਕਲਿਆ ਨਾਲ ਹਾਸਰਸ ਕਵਿਤਾ 'ਕਰਦੇ ਗੱਲਾਂ ਮੁਰਗਾ ਤੇ ਬੱਕਰਾ' ਸੁਣਾ ਕੇ ਮਹੌਲ ਖੁਸ਼ਗਵਾਰ ਕੀਤਾ। ਜਸ ਚਾਹਲ (ਕਲਸਾ ਪ੍ਰਧਾਨ) ਨੇ ਕੁਝ ਸ਼ੇਅਰ ਪੇਸ਼ ਕੀਤੇ। ਛੋਟੇ ਸਾਹਿਬਜਾਦਿਆਂ ਦੇ ਸ਼ਹੀਦੀ ਦਿਵਸ ਨੂੰ ਧਿਆਨ ਵਿੱਚ ਰੱਖਦਿਆਂ ਬਹੁਤੇ ਬੁਲਾਰਿਆ ਨੇ ਧਾਰਮਿਕ ਰਚਨਾਵਾਂ ਨਾਲ ਹਾਜ਼ਰੀ ਲਵਾਈ ਜਿੰਨ੍ਹਾਂ ਵਿੱਚ ਸੇਵਾ ਸਿੰਘ ਨੇ ਗੁਰਬਾਣੀ ਸ਼ਬਦ 'ਪ੍ਰੀਤਮ ਜਾਣ ਲੀਓ', ਸੁਖਵਿੰਦਰ ਸਿੰਘ ਤੂਰ ਨੇ 'ਜੇ ਚੱਲੇ ਹੋ ਸਰਹੰਦ ਨੂੰ', ਜੱਗ ਪੰਜਾਬੀ ਟੀ ਵੀ ਦੇ ਸਰਪ੍ਰਸਤ ਸਤਵਿੰਦਰ ਸਿੰਘ ਨੇ ਆਪਣੇ ਵਿਚਾਰ ਪੇਸ਼ ਕੀਤੇ ਤੇ ਦੇਸ ਪ੍ਰਦੇਸ ਦੀ ਜਿੰਦਗੀ ਨਾਲ ਸਬੰਧਿਤ ਕਵਿਤਾ 'ਮੈਂ ਤਾਂ ਬੱਸ ਵੰਡਿਆ ਪਿਆ ਹਾਂ' ਸੁਣਾਈ। ਦਵਿੰਦਰ ਮਲਹਾਂਸ ਨੇ ਜ਼ਫ਼ਰ ਸਾਹਿਬ ਦੀ ਕਵਿਤਾ 'ਸ਼ਹੀਦੀ' , ਜਸਵੀਰ ਸਹੋਤਾ ਨੇ ਪੰਜਾਬ ਦੀ ਸਿਆਸਤ ਉੱਤੇ 'ਪੰਜਾਬ ਪਿਆਰਾ ਗਿਰਵੀ ਕੀਤਾ' , ਬਲਵੀਰ ਗੋਰਾ ਨੇ ਮੁੱਦੇ ਦੀ ਗੱਲ 'ਖੁੱਲ ਗਿਆ ਕਰਤਾਰਪੁਰ ਦਾ ਲਾਂਘਾ' ਬਹੁਤ ਖੂਬਸੂਰਤ ਗੀਤ ਸੁਰ ਵਿੱਚ ਸੁਣਾਇਆ ਜੋ ਸਿੱਖਿਆ ਸੁਨੇਹੇ ਦੇ ਨਾਲ ਸਵਾਲ ਵੀ ਖੜ੍ਹੇ ਕਰ ਗਿਆਤੇ ਨਾਲ ਹੀ ਉਹਨਾਂ 'ਬੱਚੇ ਘਰਾਂ ਦੀਆਂ ਰੌਣਕਾਂ' ਗੀਤ ਸੁਣਾਇਆ। ਜਨਰਲ ਸਕੱਤਰ ਰਣਜੀਤ ਸਿੰਘ ਨੇ ਨਵੇਂ ਸਾਲ ਨੂੰ ਮੁੱਖ ਰੱਖਦਿਆ ਜਗਤਾਰ ਜੀ ਦੀ ਕਵਿਤਾ ਨਾਲ ਹਾਜ਼ਰੀ ਲਵਾਈ। ਇਸ ਮੌਕੇ ਰਾਜਵਿੰਦਰ ਸਿੰਘ, ਜੋਰਾਵਰ ਬਾਂਸਲ, ਸਰਬਜੀਤ ਕੌਰ ਪਾਲ, ਰਜਿੰਦਰ ਸਿੰਘ ਗਿੱਲ, ਪ੍ਰਿਤਪਾਲ ਸਿੰਘ ਪਾਲ, ਮਨਜਿੰਦਰ ਸਿੰਘ ਚੱਠਾ, ਨਛੱਤਰ ਪੁਰਬਾ, ਸੁਰਿੰਦਰ ਚੀਮਾ, ਸੁਖਦਰਸ਼ਨ ਸਿੰਘ ਜੱਸਲ, ਫਤਿਹ ਸਿੰਘ ਤੇ ਜਸਵੰਤ ਸਿੰਘ ਹਾਜ਼ਰ ਸਨ। ਅਖੀਰ ਵਿੱਚ ਪ੍ਰਧਾਨ ਬਲਜਿੰਦਰ ਸੰਘਾ ਨੇ ਆਏ ਹਾਜ਼ਰੀਨ ਦਾ ਧੰਨਵਾਦ ਕੀਤਾ ਤੇ ਨਵੇਂ ਸਾਲ ਦੀਆਂ ਸ਼ੁਭ ਕਾਮਨਾਵਾਂ ਦੇ ਨਾਲ ਸੰਨ 2019 ਦੀ ਪਹਿਲੀ ਮੀਟਿੰਗ 20 ਜਨਵਰੀ ਨੂੰ ਕੋਸੋਦੇ ਹਾਲ ਵਿੱਚ ਬਾਅਦ ਦੁਪਿਹਰ ਦੋ ਵਜੇ ਪਹੁੰਚਣ ਲਈ ਸਭ ਨੂੰ ਸੱਦਾ ਦਿੱਤਾ। ਹੋਰ ਜਾਣਕਾਰੀ ਲਈ ਪ੍ਰਧਾਨ ਬਲਜਿੰਦਰ ਸੰਘਾ ਨੂੰ 403-680-3212 ਅਤੇ ਜਨਰਲ ਸਕੱਤਰ ਰਣਜੀਤ ਸਿੰਘ ਨੂੰ 403-714-6848 ਤੇ ਸੰਪਰਕ ਕੀਤਾ ਜਾ ਸਕਦਾ ਹੈ।


FOR ALL YOUR REAL ESTATE NEEDS
Contact Long time trusted name in the community
Gurbachan Singh Brar
* RESIDENTIAL * BUSINESS * LAND
* COMMERCIAL * INDUSTRIAL * INVESTMENT
403-470-2628
gsbrar@gsbrar.com
www.gsbrar.com
ਰੀਅਲ ਅਸਟੇਟ ਦੀਆਂ ਕਿਸੇ ਵੀ ਤਰ੍ਹਾਂ ਦੀਆਂ ਜ਼ਰੂਰਤਾਂ ਲਈ ਸੰਪਰਕ ਕਰੋ।
* Free no obligation evaluation
* Full time commitment
* Assistance to arrange best mortgage rates
urban
1A-4101 19 ST N.E, CALGARY, AB T2E 6X8
Ph: 403-590-2233 Fax: 403-776-1942





Trust Your Memories to the Professionals
Dream Productions inc.
Wedding, Birthday, Engagement, Slide Show, Music Video, T.V. Program, Modeling Picture, Concert, Community Event Etc.
We can Also Arrange
Decoration
Party Rentals
Customer satisfaction is our pride!
VIDEO: Video film with single, double & multiple camera system (Broadcast Quality)
PHOTOGRAPHY: Digital Photography (Coloured, black and white) digital enhancement
MUSIC: DJ, Lighting, screen Projector live sound etc.
403-835-2762
or
29 DREAM (37326)
Special Packages Available For All Occasions



Avon Accounting & Tax Services
ਆਪਣੇ ਕਮਿਊਨਿਟੀ ਦੇ ਜਾਣੇ-ਪਹਿਚਾਣੇ ਅਕਾਊਂਟੈਂਟ ਕੋਲੋਂ ਵਾਜਿਬ ਰੇਟ 'ਤੇ ਆਪਣੇ ਬਿਜ਼ਨਿਸ ਜਾਂ ਪਰਸਨਲ ਟੈਕਸ ਸੰਬੰਧੀ ਕੋਈ ਵੀ ਕੰਮ ਕਰਵਾਉਣ ਲਈ ਮਿਲੋ ਜਾਂ ਫੋਨ ਕਰੋ।
ਸੇਵਾਵਾਂ ਵੀਕ ਐਂਡ 'ਤੇ ਵੀ ਉਪਲਬਧ
Personal Tax Returns (TI)
Self Employed
Taxi Business
Corporate Tax Returns (T2)
GST/Payrolls/ROE
WCB Returns
Tax Planning & Advisory Services
Weekends/Evenings Services also available.
Tel. : 403-479-4220, 403-561-9011
pandher_2004@yahoo.com or singhh73@gmail.com




FOR ALL YOUR REAL ESTATE NEEDS
Contact Long time trusted name in the community
REAL CORE REALTY
HARCHARAN SINGH PARHAR
* RESIDENTIAL * BUSINESS * LAND
* COMMERCIAL * INDUSTRIAL * INVESTMENT
403-681-8689
www.parharrealty.com
hp8689@gmail.com
ਰੀਅਲ ਅਸਟੇਟ ਦੀਆਂ ਕਿਸੇ ਵੀ ਤਰ੍ਹਾਂ ਦੀਆਂ ਜ਼ਰੂਰਤਾਂ ਲਈ ਸੰਪਰਕ ਕਰੋ।
* Free no obligation evaluation
* Full time commitment
* Assistance to arrange best mortgage rates





SUPER VISA INSURANCE
ਸੁਪਰ ਵੀਜ਼ਾ ਇੰਸ਼ੋਰੈਂਸ
With all the BENEFITS & REQUIREMENTS
SUPER VISA INSURANCE RATES
AGE 40-54 ($1038) AGE 55-59 ($1116) AGE 60-64 ($1317)
AGE 65-69 ($1606) AGE 70-74 ($2210) AGE 75-79 ($2470)
Note; All rates are based on $1000 deductible, No Pre Existing Condition, For 1 Year term, $100000 Coverage
LIFE INSURANCE, CRITICAL ILLNESS INSURANCE, DISABILITY INSURANCE, RRSP, RESP ETC.
Full Refund If Visa Denied, Partial Refund If Return early (with no claim) Ask for more details.
ਆਪਣੇ ਪੇਰੈਂਟਸ ਜਾਂ ਗਰੈਂਡ ਪੇਰੈਂਟਸ ਦੇ ਸੁਪਰ ਵੀਜ਼ਾ ਜਾਂ ਰੈਗੂਲਰ ਵੀਜ਼ਾ ਲਈ ਟਰੈਵਲ ਇੰਸ਼ੋਰੈਂਸ ਦੀਆਂ ਹਰ ਤਰ੍ਹਾਂ ਦੀਆਂ ਭਰੋਸੇਯੋਗ ਅਤੇ ਤਸੱਲੀਬਖਸ਼ ਸੇਵਾਵਾਂ ਲਈ ਹਰਚਰਨ ਸਿੰਘ ਪਰਹਾਰ ਨਾਲ ਸੰਪਰਕ ਕਰੋ।
For More Information Call
HARCHARAN SINGH PARHAR
403-681-8689
Note : We also Provide all other Financial Investment & Insurance Services including individual or group Medical Plans (including Blue Cross). Book Your Appointment for further details.
208, 4656-WESTWINDS DR. N.E CALGARY AB T3J 3Z5

# 34 ਸਾਲ ਪਹਿਲਾਂ 2-3 ਦਸੰਬਰ 1984 ਅਮਰੀਕੀ ਕੰਪਨੀ 'ਚ ਨਿਕਲੀਆਂ 40 ਟਨ ਜ਼ਹਿਰੀਆਂ ਗੈਸਾਂ




*ਭੁਪਾਲ ਦੀਆਂ ਸੜਕਾਂ ਲਾਸ਼ਾਂ ਨਾਲ਼ ਤੇ ਹਸਪਤਾਲ ਫੱਟੜਾਂ ਨਾਲ਼ ਭਰੇ ਪਏ ਸਨ ਤਾਂ ਭਾਰਤੀ ਸਰਕਾਰ ਯੂਨੀਅਨ ਕਾਰਬਾਈਡ ਦੇ ਮੁਖੀ ਵਾਰਨ ਐਂਡਰਸਨ ਨੂੰ ਬੇਸ਼ਰਮੀ ਨਾਲ਼ ਇੱਕ ਵਿਸ਼ੇਸ਼ ਹਵਾਈ ਜਹਾਜ਼ ਰਾਹੀਂ ਉਸਨੂੰ ਭੋਪਾਲ ਤੋਂ ਦਿੱਲੀ ਲੈ ਕੇ ਗਈ ਤੇ ਉੱਤੋਂ ਉਸਨੂੰ ਅਮਰੀਕਾ ਭਜਾ ਦਿੱਤਾ ਗਿਆ।*

ਅੱਜ ਤੋਂ 34 ਸਾਲ ਪਹਿਲਾਂ 2-3 ਦਸੰਬਰ 1984 ਦੀ ਵਿਚਕਾਰਲੀ ਰਾਤ ਨੂੰ ਅਮਰੀਕੀ ਕੰਪਨੀ ਯੂਨੀਅਨ ਕਾਰਬਾਈਡ ਦੀ ਭੋਪਾਲ ਸਥਿਤ ਕੀਟਨਾਸ਼ਕ ਫੈਕਟਰੀ ਤੋਂ ਨਿਕਲੀਆਂ 40 ਟਨ ਜ਼ਹਿਰੀਲੀਆਂ ਗੈਸਾਂ ਨੇ ਦਿਨ ਭਰ ਦੀ ਮਿਹਨਤ ਨਾਲ ਥੱਕੇ ਕੇ ਸੌਂ ਰਹੇ ਰਹੇ ਮਜ਼ਦੂਰਾਂ ਦੀ ਬਸਤੀ ਨੂੰ ਘੇਰ ਲਿਆ। ਗੈਸ ਦਾ ਅਸਰ ਇੰਨਾ ਤੇਜ਼ ਸੀ ਕਿ ਚੰਦ ਪਲਾਂ ਅੰਦਰ ਹੀ ਸੈਂਕੜੇ ਲੋਕਾਂ ਦੀ ਦਮ ਘੁਟਣ ਨਾਲ ਮੌਤ ਹੋ ਗਈ, ਹਜ਼ਾਰਾਂ ਲੋਕ ਅੰਨ੍ਹੇ ਹੋ ਗਏ, ਬਹੁਤ ਸਾਰੀਆਂ ਇਸਤਰੀਆਂ ਦਾ ਗਰਭਪਾਤ ਹੋ ਗਿਆ, ਹਜ਼ਾਰਾਂ ਲੋਕ ਫੇਫੜੇ, ਲੀਵਰ, ਗੁਰਦੇ ਜਾਂ ਦਿਮਾਗ ਕੰਮ ਕਰਨਾ ਬੰਦ ਹੋਣ ਕਾਰਨ ਮਰ ਗਏ ਜਾਂ ਅੱਧਮਰੇ ਜਿਹੇ ਹੋ ਗਏ। ਬੱਚਿਆਂ, ਬਿਮਾਰਾਂ ਅਤੇ ਬੁੱਢਿਆਂ ਨੂੰ ਤਾਂ ਘਰ ਤੋਂ ਨਿਕਲਣ ਤੱਕ ਦਾ ਮੌਕਾ ਨਹੀਂ ਮਿਲਿਆ। ਕੁੱਲ 20,000 ਲੋਕ ਮਰੇ ਤੇ ਕਰੀਬ 6 ਲੱਖ ਲੋਕ ਅੱਜ ਤੱਕ ਅਪਾਹਜਪੁਣੇ ਅਤੇ ਬਿਮਾਰੀਆਂ ਨਾਲ਼ ਜੂਝ ਰਹੇ ਹਨ। ਇਹ ਗੈਸ ਇੰਨੀ ਜ਼ਹਿਰੀਲੀ ਸੀ ਕਿ ਪੰਜਾਹ ਵਰਗ ਕਿਲੋਮੀਟਰ ਦੇ ਦਾਇਰੇ 'ਚ ਮਵੇਸ਼ੀ ਅਤੇ ਪੰਛੀ ਤੱਕ ਮਰ ਗਏ ਅਤੇ ਜ਼ਮੀਨ ਅਤੇ ਪਾਣੀ ਤੱਕ 'ਚ ਇਸ ਦਾ ਜ਼ਹਿਰ ਫੈਲ ਗਿਆ ਜੋ ਅਜੇ ਤੱਕ ਮੌਜੂਦ ਹੈ।

ਇੱਕ ਅਮਰੀਕੀ ਅਤੇ 8 ਭਾਰਤੀ ਸਰਮਾਏਦਾਰਾਂ ਦੀ ਸਾਂਝ ਵਾਲ਼ੇ ਇਸ ਕਾਰਖ਼ਾਨੇ ਨੂੰ ਪਹਿਲਾਂ ਪਛੜੀ ਤਕਨੀਕ ਦੇ ਬਾਵਜੂਦ ਮਨਜ਼ੂਰੀ ਮਿਲ਼ੀ, ਜਿਸ ਚ ਜਹਿਰੀਲੀ ਗੈਸ ਮਿੱਥੀ ਮਾਤਰਾ ਨਾਲ਼ੋਂ ਕਈ ਗੁਣਾ ਜਿਆਦਾ ਭੰਡਾਰ ਕਰਕੇ ਰੱਖੀ ਜਾਣ ਲੱਗੀ। ਪੈਸੇ ਬਚਾਉਣ ਲਈ ਗੈਸ ਨੂੰ ਠੰਡਾ ਰੱਖਣ ਲਈ ਅਤੀ ਲੋੜੀਂਦੀ ਪ੍ਰਣਾਲੀ ਬੰਦ ਕਰ ਦਿੱਤੀ ਅਤੇ ਦੁਰਘਟਨਾ ਦੀ ਸੂਰਤ ਵਿੱਚ ਸੂਚਨਾ ਦੇਣ ਵਾਲ਼ਾ ਹੂਟਰ ਵੀ ਬੰਦ ਕਰ ਦਿੱਤਾ ਤੇ ਮੁਨਾਫ਼ੇ ਦੀ ਇਸ ਹਵਸ ਦਾ ਨਤੀਜਾ ਹੋਇਆ ਕਿ ਰਾਤੋ-ਰਾਤ 20,000 ਧੜਕਦੇ ਮਨੁੱਖੀ ਦਿਲ ਸ਼ਾਂਤ ਕਰ ਦਿੱਤੇ ਗਏ।

ਜਦੋਂ ਭੁਪਾਲ ਦੀਆਂ ਸੜਕਾਂ ਲਾਸ਼ਾਂ ਨਾਲ਼ ਤੇ ਹਸਪਤਾਲ ਫੱਟੜਾਂ ਨਾਲ਼ ਭਰੇ ਪਏ ਸਨ ਤਾਂ ਭਾਰਤੀ ਸਰਕਾਰ ਯੂਨੀਅਨ ਕਾਰਬਾਈਡ ਦੇ ਮੁਖੀ ਵਾਰਨ ਐਂਡਰਸਨ ਨੂੰ ਬੇਸ਼ਰਮੀ ਨਾਲ਼ ਇੱਕ ਵਿਸ਼ੇਸ਼ ਹਵਾਈ ਜਹਾਜ਼ ਰਾਹੀਂ ਉਸਨੂੰ ਭੋਪਾਲ ਤੋਂ ਦਿੱਲੀ ਲੈ ਕੇ ਗਈ ਤੇ ਉੱਤੋਂ ਉਸਨੂੰ ਅਮਰੀਕਾ ਭਜਾ ਦਿੱਤਾ ਗਿਆ। ਉਸ ਮਗਰੋਂ ਉਹ ਕਦੇ ਅਦਾਲਤ ਵਿੱਚ ਹਾਜ਼ਰ ਹੀ ਨਹੀਂ ਹੋਇਆ। ਐਂਡਰਸਨ ਮੁੜ ਕਦੇ ਭਾਰਤ ਸਰਕਾਰ ਦੇ ਹੱਥ ਵੀ ਨਹੀਂ ਆਇਆ ਤੇ ਉਹ ਇਸ ਕਤਲੇਆਮ ਤੋਂ



ਮਗਰੋਂ 30 ਸਾਲ ਅੱਯਾਸ਼ੀ ਭਰੀ ਜ਼ਿੰਦਗੀ ਜਿਉਣ ਤੋਂ ਬਾਅਦ ਇਸ ਵਰ੍ਹੇ ਚੱਲ ਵਸਿਆ। ਉਸਦੇ 8 ਭਾਈਵਾਲ਼ ਭਾਰਤੀ ਸਰਮਾਏਦਾਰਾਂ ਨੂੰ 26 ਵਰ੍ਹੇ ਮਗਰੋਂ ਜੂਨ 2010 ਵਿੱਚ ਭੁਪਾਲ ਦੀ ਇੱਕ ਅਦਾਲਤ ਨੇ ਸਿਰਫ ਦੋ-ਦੋ ਵਰ੍ਹੇ ਦੀ ਸਜਾ ਸੁਣਾ ਕੇ ਛੱਡ ਦਿੱਤਾ ਤੇ ਉੱਤੋਂ ਦੋ ਘੰਟਿਆਂ ਅੰਦਰ ਹੀ ਉਹਨਾਂ ਦੀ ਜ਼ਮਾਨਤ ਵੀ ਹੋ ਗਈ ਅਤੇ ਉਹ ਹੱਸਦੇ ਹੋਏ ਘਰ ਚਲੇ ਗਏ। ਇਹ ਸਰਮਾਏਦਾਰਾ ਜਮਹੂਰੀਅਤ ਦਾ ਮਜ਼ਦੂਰਾਂ-ਕਿਰਤੀਆਂ ਲਈ ਇਨਸਾਫ਼ ਹੈ!!!

10 ਅਰਬ ਡਾਲਰ ਦੀ ਮਾਲਕੀ ਵਾਲ਼ੇ ਕਾਰਖ਼ਾਨੇ ਵਿੱਚ ਕੁੱਝ ਰੁਪਏ ਬਚਾਉਣ ਲਈ ਕੀਤੇ ਇਸ ਕਤਲੇਆਮ ਲਈ ਜਦੋਂ ਮਜ਼ਦੂਰ ਇਨਸਾਫ਼ ਮੰਗ ਰਹੇ ਸਨ ਤਾਂ ਉਸ ਵੇਲ਼ੇ ਮਦਰ ਟੈਰੇਸਾ ਉੱਥੇ "ਸੇਵਾ" ਲਈ ਪਹੁੰਚੀ ਤੇ ਪੀੜਤਾਂ ਨੂੰ ਕਹਿੰਦੀ ਰਹੀ, ਇਹ ਇੱਕ ਦੁਰਘਟਨਾ ਹੈ। ਇਸ ਲਈ ਮਾਫ ਕਰਨਾ ਜਰੂਰੀ ਹੈ। ਮਾਫ ਕਰਨ ਨਾਲ਼ ਦਿਲ ਹਲਕਾ ਹੋ ਜਾਂਦਾ ਹੈ ਅਤੇ ਮਾਫ ਕਰਨ ਤੋਂ ਬਾਅਦ ਲੋਕ ਹਜ਼ਾਰ ਗੁਣਾ ਬਿਹਤਰ ਮਹਿਸੂਸ ਕਰਦੇ ਹਨ।

ਇਹ ਹੈ ਪੁੰਨ-ਦਾਨ, ਸੇਵਾ ਤੇ ਸਮਾਜ-ਭਲਾਈ ਕਰਨ ਵਾਲ਼ੀਆਂ ਸੰਸਥਾਵਾਂ ਦਾ ਅਸਲ ਕੰਮ!!!

ਭੋਪਾਲ ਕਤਲੇਆਮ ਵਾਂਗ ਸਮਾਜ ਦੀਆਂ ਲੋੜਾਂ, ਸਹੂਲਤਾਂ ਤੇ ਅੱਯਾਸ਼ੀ ਦੀਆਂ ਸਭ ਚੀਜ਼ਾਂ ਪੈਦਾ ਕਰਨ ਵਾਲ਼ੇ ਸੱਨਅਤੀ ਮਜ਼ਦੂਰਾਂ ਤੋਂ ਲੈ ਕੇ ਹਰ ਤਰ੍ਹਾਂ ਦੇ ਕਾਮੇ, ਕਿਰਤੀ, ਅਰਧ ਮਜ਼ਦੂਰਾਂ ਭਿਆਨਕ ਲੁੱਟ ਅਤੇ ਦਾਬੇ ਦਾ ਸ਼ਿਕਾਰ ਹਨ। ਕੰਮ ਦੀਆਂ ਥਾਵਾਂ ਉੱਤੇ ਸੁਰੱਖਿਆ ਪ੍ਰਬੰਧਾਂ ਦੀ ਕਮੀਂ, ਹਾਦਸੇ ਹੋਣਾ, ਮਜ਼ਦੂਰਾਂ ਦਾ ਅਪਾਹਿਜ ਹੋਣਾ ਜਾਂ ਜਾਨ ਗਵਾ ਬਹਿਣਾ ਅਜੇ ਵੀ ਆਮ ਵਰਤਾਰਾ ਹਨ, ਜਿਨ੍ਹਾਂ ਵਿੱਚ ਨਾ ਕੋਈ ਮੁਆਵਜ਼ਾ ਮਿਲ਼ਦਾ ਹੈ ਨਾ ਸਰਕਾਰੀ ਦਰਬਾਰੇ ਕੋਈ ਸੁਣਵਾਈ ਹੁੰਦੀ ਹੈ। ਨਾਲ਼ ਹੀ ਰੱਜਵੀਂ ਰੋਟੀ, ਚੰਗੀ ਰਿਹਾਇਸ਼, ਸਾਫ਼ ਪਾਣੀ, ਸਫਾਈ, ਸੀਵਰੇਜ, ਸਿਹਤ, ਸਿੱਖਿਆ ਜਿਹੀਆਂ ਬੁਨਿਆਦੀ ਸਹੂਲਤਾਂ ਵੀ ਇਹਨਾਂ ਲਈ ਅਜੇ ਵੀ ਸੁਪਨਾ ਹਨ। ਇਹ ਸਭ ਚੀਖ਼ ਕੇ ਇਹ ਕਹਿ ਰਿਹਾ ਹੈ ਕਿ ਅੱਜ 'ਮਨੁੱਖ ਹੱਥੋਂ ਮਨੁੱਖ ਦੀ ਲੁੱਟ ਖਤਮ ਕਰਨ' ਵਾਲ਼ਾ ਇੱਕ ਇਨਕਲਾਬ ਮਨੁੱਖਤਾ ਦੀ ਅਟੱਲ ਲੋੜ ਹੈ। ਇਸ ਲੋੜ ਤੋਂ ਇਨਕਾਰੀ ਹੋਣਾ ਜਾਂ ਸਿਰਫ਼ ਸੁਧਾਰਵਾਦੀ ਸਮਾਜ-ਭਲਾਈ, ਪੁੰਨ-ਦਾਨ ਤੱਕ ਸੀਮਤ ਰਹਿਣਾ ਮਨੁੱਖਤਾ ਨਾਲ਼ ਧ੍ਰੋਹ ਹੈ, ਇਹ ਕਿਰਤੀਆਂ ਦੇ ਲਹੂ 'ਤੇ ਪਲ਼ਦੇ ਵਾਰਨ ਐਂਡਰਸਨ ਵਰਗੇ ਬਘਿਆੜਾਂ ਦਾ ਪੱਖ ਪੂਰਨਾ ਹੈ।

**- ਲਲਕਾਰ 'ਚੋਂ ਧੰਨਵਾਦ ਸਹਿਤ**

# ਮਿਲੋ 8 ਸਾਲਾਂ ਦੇ ਡੋਰਸਨ ਨੂੰ ਜੀਹਦੇ ਕਰਕੇ ਤੁਹਾਡਾ ਸਮਾਰਟਫੋਨ ਚਲਦਾ ਹੈ!

**ਰਵਿੰਦਰ**




ਇਹ ਤਸਵੀਰ 8 ਸਾਲਾਂ ਦੇ ਡੋਰਸਨ ਦੀ ਹੈ ਜਿਸ ਦੇ ਪੈਰੀਂ ਕੋਈ ਬੂਟ ਨਹੀਂ ਹਨ, ਉਹ ਦੱਸਦਾ ਹੈ ਕਿ ਭਾਵੇਂ ਉਸ ਨੇ ਪਿਛਲੇ ਦੋ ਦਿਨਾਂ ਤੋਂ 12-12 ਘੰਟੇ ਕੰਮ ਕੀਤਾ ਹੈ ਫਿਰ ਵੀ ਉਸ ਕੋਲ ਐਨੇ ਪੈਸੇ ਨਹੀਂ ਕਿ ਉਹ ਢਿੱਡ ਭਰ ਕੇ ਖਾਣਾ ਖਾ ਸਕੇ। ਇਹ ਹੋਣੀ ਡੋਰਸਨ ਜਿਹੇ ਲੱਖਾਂ ਬੱਚਿਆਂ ਦੀ ਹੈ ਜੋ ਕਾਂਗੋ ਦੀਆਂ ਕੋਬਾਲਤ ਖਾਣਾਂ ਵਿੱਚ ਕੰਮ ਕਰਦੇ ਹਨ। ਤੁਹਾਡੇ ਹੱਥਾਂ ਵਿੱਚ ਜਾਂ ਜੇਬਾਂ ਵਿੱਚ ਵਿਗਿਆਨ ਦੀ ਉਹ ਖੋਜ ਹੈ ਜੋ ਤੁਹਾਨੂੰ ਦੁਨੀਆ ਦੇ ਇੱਕ-ਇੱਕ ਕੋਨੇ ਨਾਲ਼ ਜੋੜ ਦਿੰਦੀ ਹੈ। ਹਾਂ ਤੁਸੀਂ ਸਹੀ ਸਮਝੇ ਮੈਂ ਮੋਬਾਇਲ ਫੋਨ ਦੀ ਗੱਲ ਕਰ ਰਹੀ ਹਾਂ। ਜਦੋਂ ਵੀ ਕੋਈ ਮਾਰਕਿਟ ਵਿੱਚ ਆਉਂਦਾ ਹੈ ਤਾਂ ਉਸ ਦੇ ਐਪ, ਫੀਚਰ ਜਾਨਣ ਦੀ, ਖਰੀਦਣ ਦੀ ਲਹਿਰ ਦੌੜ ਜਾਂਦੀ ਹੈ। ਫਿਰ ਤੁਸੀਂ ਉਸ ਨੂੰ ਆਪਣੇ ਹੱਥਾਂ ਨਾਲ਼ ਛੂੰਹਦੇਂ, ਉਗਲਾਂ ਨਾਲ਼ ਉਸਦੇ ਫੀਚਰ ਜਾਣਦੇ ਹੋ, ਮਾਣਦੇ ਹੋ। ਚਲੋ ਅੱਜ ਆਪਾਂ ਇਹਨਾਂ ਮੋਬਾਇਲ ਫੋਨ, ਲੈਪਟਾਪ ਵਿੱਚ ਵਰਤੀਆਂ ਜਾਣ ਵਾਲ਼ੀਆਂ ਬੈਟਰੀਆਂ ਪਿੱਛੇ ਲੁਕੀ, ਅਣਦੇਖੀ, ਮੌਤ ਜਿੰਨੀ ਭਿਆਨਕ ਜ਼ਿੰਦਗੀ ਦੀ ਗੱਲ ਕਰਦੇ ਹਾਂ।

ਇਹਨਾਂ ਬੈਟਰੀਆਂ (ਲੀਥੀਅਮ-ਆਇਨ ਬੈਟਰੀਆਂ) ਨੂੰ ਬਣਾਉਣ ਲਈ ਕੋਬਾਲਟ ਨਾਮ ਦੀ ਧਾਤੂ ਵਰਤੀ ਜਾਂਦੀ ਹੈ। ਇਹਨਾਂ ਲੀਥੀਅਮ-ਆਇਨ ਬੈਟਰੀਆਂ ਦੀ ਵਰਤੋਂ ਐਪਲ, ਸੈਮਸੰਗ, ਸੋਨੀ, ਮਾਈਕਰੋਸਾਫਟ, ਡੈੱਲ ਅਤੇ ਹੋਰ ਕੰਪਨੀਆਂ ਕਰਦੀਆਂ ਹਨ। ਇਸ ਕੋਬਾਲਟ ਦਾ ਸਭ ਤੋਂ ਵੱਡਾ ਸਰੋਤ ਹੈ ਸੰਸਾਰ ਦੇ ਸਭ ਤੋਂ ਗ਼ਰੀਬ ਮੁਲਕਾਂ ਵਿੱਚੋਂ ਇੱਕ ਡੈਮੋਕਰੈਟਕ ਰੀਪਬਲਿਕ ਆਫ ਕੌਂਗੋ। ਦੇਸ਼ ਜਿਸਦੀ ਅਬਾਦੀ 8 ਕਰੋੜ ਹੈ ਅਤੇ 2014 ਵਿੱਚ ਜਿਸ ਨੂੰ ਸੰਸਾਰ ਬੈਂਕ ਨੇ ਮਨੁੱਖੀ ਵਿਕਾਸ ਸੂਚਕਅੰਕ 'ਤੇ ਪਿੱਛਿਓਂ ਦੂਜਾ ਨੰਬਰ ਦਿੱਤਾ। ਲਗਭਗ ਪੰਜਵਾਂ ਹਿੱਸਾ ਆਬਾਦੀ ਇਹਨਾਂ ਖਾਣਾਂ 'ਤੇ ਨਿਰਭਰ ਹੈ।

ਦੁਨੀਆ ਭਰ ਵਿੱਚ ਜਿੰਨਾ ਕੋਬਾਲਟ ਪੈਦਾ ਹੁੰਦਾ ਹੈ, ਉਸ ਦਾ ਅੱਧ ਕੌਂਗੋ ਤੋਂ ਆਉਂਦਾ ਹੈ ਅਤੇ ਉਸ ਦਾ 20% ਆਰਟੀਸਨਲ ਖਾਣਾਂ ਤੋਂ ਕੱਢਿਆ ਜਾਂਦਾ ਹੈ। ਕਿਸੇ ਵਿਅਕਤੀ ਜਾਂ ਕੁਝ ਵਿਅਕਤੀਆਂ ਦੇ ਸਮੂਹ ਦੁਆਰਾ ਗੈਰ ਕਨੂੰਨੀ ਤਰੀਕੇ ਨਾਲ਼ ਚੱਲਣ ਵਾਲ਼ੀਆਂ ਛੋਟੇ ਪੱਧਰ ਦੀਆਂ ਖਾਣਾਂ ਨੂੰ ਆਰਟੀਸਨਲ ਖਾਣਾਂ ਕਿਹਾ ਜਾਂਦਾ ਹੈ। ਜਾਂ ਫਿਰ ਇਹ ਵੀ ਕਹਿ ਸਕਦੇ ਹਾਂ ਕਿ ਘੱਟ ਤੋਂ ਘੱਟ ਮਸ਼ੀਨਰੀ, ਤਕਨਾਲੋਜੀ ਨਾਲ਼ ਇਹ ਖਾਣਾਂ ਚਲ਼ਦੀਆਂ ਹਨ, ਜਿਹਨਾਂ ਵਿੱਚ ਉੱਥੇ ਕੰਮ ਕਰ ਰਹੇ, ਮਰਦ-ਔਰਤ, ਬੱਚੇ ਹੀ ਮਸ਼ੀਨਾਂ ਹੁੰਦੇ ਹਨ। ਜੋ ਆਪਣੇ ਹੱਥਾਂ ਪੈਰਾਂ ਨੂੰ ਵਰਤ ਕੇ ਖਾਣਾਂ ਪੁੱਟਦੇ ਹਨ, ਉਨਾਂ ਵਿੱਚ ਹੇਠਾਂ ਉੱਤਰਦੇ ਹਨ ਅਤੇ ਧਾਤੂ ਦੀ ਖੋਜ 'ਚ ਖੁਦਾਈ ਕਰਦੇ ਹਨ। ਬੱਚੇ ਮਿੱਟੀ ਵਿੱਚ ਮਿਲ਼ੇ ਹੋਏ ਕੋਬਾਲਟ ਨੂੰ ਅਲੱਗ ਕਰਦੇ ਹਨ। ਇਹ ਖਾਣਾ ਕਿਸੇ ਦੇ ਅਧੀਨ ਨਹੀਂ ਆਉਂਦੀਆਂ, ਦੇਸ਼ ਦੇ ਖਾਣਾ ਨਾਲ਼ ਸਬੰਧਤ ਕਨੂੰਨ ਇਸ ਤੇ ਲਾਗੂ ਨਹੀਂ ਹੁੰਦੇ, ਇਹਨਾਂ ਖਾਣਾਂ ਨੂੰ ਚਲਾਉਣ ਵਾਲ਼ੇ ਆਪਣੀ ਮਰਜ਼ੀ ਨਾਲ਼ ਥੱਪੜ ਮਾਰਦੇ, ਕੋੜੇ ਮਾਰਦੇ, ਭੁੱਖੇ ਰੱਖ ਕੇ ਜਿਵੇਂ ਚਾਹੇ ਉਹਨਾਂ ਲੋਕਾਂ ਤੋਂ ਕੰਮ ਲੈ ਸਕਦੇ ਹਨ। ਇਹਨਾਂ ਖਾਣਾ ਵਿੱਚ ਖੁਦਾਈ ਲਈ ਉੱਤਰਨਾ ਹੀ ਮਨੁੱਖ ਲਈ ਜਹਿਰ ਉਗਲਣ ਦੇ ਬਰਾਬਰ ਹੈ। ਜਿਹੜੇ ਮਜ਼ਦੂਰ ਔਰਤਾਂ, ਮਰਦ, ਬੱਚੇ ਖਾਣਾ ਵਿੱਚ ਕੰਮ ਕਰਦੇ ਹਨ, ਭਿਆਨਕ ਬਿਮਾਰੀਆਂ ਨਾਲ਼ ਗ੍ਰਸਤ ਹਨ। ਸੰਯੁਕਤ ਰਾਸ਼ਟਰ ਅਨੁਸਾਰ ਇਹਨਾਂ ਖਾਣਾਂ ਵਿੱਚ 40,000 ਬੱਚੇ ਕੰਮ ਕਰਦੇ ਹਨ, ਸਭ ਤੋਂ ਛੋਟੇ ਮਜ਼ਦੂਰ 6-7 ਸਾਲ ਦੇ ਬੱਚੇ ਹਨ, ਜੋ ਬੋਰੀਆਂ ਵਿੱਚ ਭਰੀ ਕੱਚੀ ਧਾਤ ਚੁੱਕਦੇ ਹਨ, ਜਿਹਨਾਂ ਦਾ ਭਾਰ ਉਹਨਾਂ ਬੱਚਿਆਂ ਦੇ ਭਾਰ ਤੋਂ ਵੀ ਜ਼ਿਆਦਾ ਹੁੰਦਾ ਹੈ। 12-14 ਘੰਟੇ ਕੰਮ ਕਰਨ ਤੋਂ ਬਾਅਦ ਵੀ ਮਾਂ-ਪਿਓ ਬੱਚਿਆਂ ਨੂੰ ਸਕੂਲ ਭੇਜਣ ਦੇ ਯੋਗ ਨਹੀਂ ਹੋ ਪਾਉਂਦੇ। ਜ਼ਿਆਦਾਤਰ ਬੱਚੇ, ਨੌਜਵਾਨ ਛੋਟੀ ਉਮਰੇ ਹੀ ਮਰ ਜਾਂਦੇ ਹਨ। ਦਿਨ ਭਰ ਦੀ ਮਜ਼ਦੂਰੀ ਦੀ 2 ਡਾਲਰ ਦਿਹਾੜੀ ਮਿਲ਼ਦੀ ਹੈ।

ਕੌਂਗੋਂ ਦੇ ਜ਼ਿਆਦਾਤਰ ਵਸਨੀਕ ਸਾਹ ਰੋਗਾਂ, ਹੱਡਾਂ ਦਾ ਦੁਖਣਾ, ਹਨੇਰੇ ਵਿੱਚ ਰਹਿਣ ਕਰਕੇ ਅੱਖਾਂ ਦੀ ਰੌਸ਼ਨੀ ਦਾ ਚਲੇ ਜਾਣਾ ਵਰਗੀਆਂ ਬਿਮਾਰੀਆਂ ਨਾਲ਼ ਗ੍ਰਸਤ ਹਨ। ਲੱਖਾਂ ਲੋਕ ਏਡਜ਼ ਤੋਂ ਪੀੜਤ ਹਨ। ਜਿਹੜੇ ਮਜ਼ਦੂਰ ਲਗਾਤਾਰ ਖੁਦਾਈ



ਕਰਦੇ ਹਨ, ਕੋਬਾਲਟ ਦੇ ਸੰਪਰਕ ਵਿੱਚ ਰਹਿੰਦੇ ਹਨ, ਉਹਨਾਂ ਨੂੰ ਹਾਰਡ ਮੈਟਲ ਲੰਗ ਡਜ਼ੀਜ਼ ਫੇਫੜਿਆਂ ਦਾ ਰੋਗ ਹੋ ਜਾਂਦਾ ਹੈ। ਉਥੋਂ ਦੇ ਇੱਕ ਪ੍ਰੋਫੈਸਰ, ਆਰਥਰ ਕਨੀਕੀ ਜੋ ਕਿ ਇਹਨਾਂ ਖਾਣਾ ਦੇ ਵਾਤਾਵਰਣ ਉੱਪਰ ਪ੍ਰਭਾਵ ਬਾਰੇ ਅਧਿਐਨ ਕਰ ਰਹੇ ਹਨ, ਉਹਨਾਂ ਦਾ ਕਹਿਣਾ ਹੈ ਕਿ ਇਹ ਕੰਪਨੀਆਂ ਜਦੋਂ ਸਾਡੇ ਦੇਸ਼ ਵਿੱਚ ਆਉਂਦੀਆਂ ਹਨ, ਤਾਂ ਲੈ ਕੇ ਤਾਂ ਬਹੁਤ ਕੁਝ ਜਾਂਦੀਆਂ ਹਨ, ਪਰ ਦੇ ਕੇ ਕੁਝ ਵੀ ਨਹੀਂ ਜਾਂਦੀਆਂ ਸਿਵਾਏ ਗੰਦਗੀ, ਬਿਮਾਰੀਆਂ, ਭਿਆਨਕ ਜ਼ਿੰਦਗੀ ਦੇ। ਉੱਥੇ ਲਗਾਤਾਰ ਖੁਦਾਈ ਹੋਣ ਕਰਕੇ ਮਿੱਟੀ ਦੀ ਉਪਜਾਊ ਸ਼ਕਤੀ ਖਤਮ ਹੋ ਚੁੱਕੀ ਹੈ, ਉਥੋਂ ਦੇ ਪਾਣੀ ਨੂੰ ਪੀਣਯੋਗ ਪਾਣੀ ਹੀ ਨਹੀਂ ਕਿਹਾ ਜਾ ਸਕਦਾ, ਕੌਂਗੋ ਵਾਸੀ ਨਾ ਹੀ ਖੇਤੀ ਕਰ ਸਕਦੇ ਹਨ ਤੇ ਨਾ ਹੀ ਕੋਈ ਹੋਰ ਕੰਮ, ਕਿਉਂਕਿ ਕੌਂਗੋ ਅਥਾਹ ਧਾਤਾਂ ਦਾ ਭੰਡਾਰ (ਕੋਬਾਲਟ, ਤਾਂਬਾ, ਸੋਨਾ, ਯੂਰੇਨੀਅਮ ਆਦਿ) ਹੋਣ ਕਾਰਨ ਖਾਣਾਂ ਦੀ ਧਰਤੀ ਬਣ ਚੁੱਕਾ ਹੈ, ਉਥੋਂ ਦੇ ਲੋਕਾਂ ਕੋਲ ਖਾਣ ਮਜ਼ਦੂਰ ਬਣਨ ਤੋਂ ਸਿਵਾ ਕੋਈ ਰਾਹ ਨਹੀਂ, ਕੌਂਗੋ ਦੀ ਇੱਕ ਮਹਿਲਾ ਵਾਸੀ ਨੇ ਦੱਸਿਆ ਕਿ ਇੱਥੋਂ ਦਾ ਪਾਣੀ ਪੂਰੀ ਤਰਾਂ ਪ੍ਰਦੂਸ਼ਿਤ ਹੋ ਚੁੱਕਿਆ ਹੈ, ਬੱਚੇ ਇਸ ਪਾਣੀ ਕਾਰਨ ਬਿਮਾਰ ਹੋ ਜਾਂਦੇ ਹਨ....। 30 ਲੱਖ ਕੇਸ ਡਾਈਰੀਏ ਦੇ ਹਨ ਅਤੇ ਹਰ ਸਾਲ ਇੱਕ ਲੱਖ ਮਨੁੱਖੀ ਜਾਨਾਂ ਡਾਈਰੀਏ ਕਾਰਨ ਚਲ਼ੀਆਂ ਜਾਂਦੀਆਂ ਹਨ ।

ਹਰ ਸਾਲ ਅਨੇਕਾਂ ਮਨੁੱਖੀ ਜਾਨਾਂ ਜਾਂਦੀਆਂ ਹਨ ਅਤੇ ਇਹ ਕੋਬਾਲਟ ਦੁਨੀਆਂ ਭਰ ਵਿੱਚ ਜਾਂਦਾ ਹੈ । ਕੌਂਗੋ ਤੋਂ ਕੋਬਾਲਟ ਦੁਨੀਆ ਭਰ ਵਿੱਚ ਸੀ. ਡੀ.ਐੱਮ (Congo dongfanf minig international) ਕੰਪਨੀ ਦੁਆਰਾ ਚੀਨ ਜਾਂਦਾ ਹੈ, ਚੀਨ ਦੀ ਕੰਪਨੀ ਹੁਆਏਊ ਕੋਬਾਲਟ ਬੈਟਰੀਆਂ ਬਣਾਉਂਦੀ ਹੈ ਵੱਡੇ ਪੱਧਰ 'ਤੇ ਅਤੇ ਅਲੱਗ-ਅਲੱਗ ਕੰਪਨੀਆਂ ਜੋ ਮੋਬਾਇਲ, ਲੈਪਟਾਪ ਤਿਆਰ ਕਰਦੀਆਂ ਹਨ, ਉਹਨਾਂ ਨੂੰ ਭੇਜਦੀ ਹੈ।

ਚੀਨੀ, ਅਮਰੀਕਨ, ਯੂਰਪੀਅਨ ਕੰਪਨੀਆਂ ਜੋ ਵੱਡੇ ਪੱਧਰ ਤੇ ਮੁਨਾਫਾ ਕਮਾਉਂਦੀਆਂ ਹਨ, ਇਹਨਾਂ ਕੰਪਨੀਆਂ ਨੂੰ ਚਲਾਉਂਣ ਲਈ ਹਰ ਕੋਸ਼ਿਸ਼ ਕਰਦੀਆਂ ਹਨ ਕਿ ਕਿਵੇਂ ਨਾ ਕਿਵੇਂ ਕਰਕੇ ਵੱਡੇ ਮੁਨਾਫੇ ਕਮਾਈਏ ਤੇ ਇੱਕ ਦੂਜੇ ਤੋਂ ਅੱਗੇ ਲੰਘ ਜਾਈਏ, ਪਰ ਨਾਲ਼ ਹੀ ਇਸਦੇ ਪਿੱਛੇ ਉਹ ਘੋਰ ਮਨੁੱਖਤਾ ਵਿਰੋਧੀ ਕਿਰਦਾਰ ਨੂੰ ਬਖੂਬੀ ਨਿਭਾਉਂਦੇ ਹਨ। ਭਾਵੇਂ ਉਹ ਲੁੱਟ ਕੁਦਰਤੀ ਸ੍ਰੋਤਾਂ ਦੀ ਹੋਵੇ, ਮਨੁੱਖ ਨੂੰ ਮਸ਼ੀਨ ਬਣਾਉਣ ਦੀ ਦੌੜ ਹੋਵੇ, ਮਨੁੱਖ ਤੋਂ ਉਸਦੀ ਰੋਟੀ ਦਾ ਆਖ਼ਰੀ ਟੁਕੜਾ, ਉਸਦਾ ਆਖ਼ਰੀ ਸਾਹ ਤੱਕ ਖੋਹ ਲੈਣ ਦੀ ਗੱਲ ਕਿਉਂ ਨਾ ਹੋਵੇ, ਉਹ ਇਸੇ ਦੌੜ ਵਿੱਚ ਲੱਗੇ ਰਹਿੰਦੇ ਹਨ। ਖਾਣਾਂ, ਫੈਕਟਰੀਆਂ 'ਚ ਕੰਮ ਕਰ ਰਹੇ ਮਜ਼ਦੂਰ ਜਿਹਨਾਂ ਬਦੌਲਤ ਆਪਾਂ ਆਪਣੀ ਜ਼ਿੰਦਗੀ ਅਰਾਮ ਨਾਲ਼ ਜੀਅ ਰਹੇ ਹਾਂ, ਭਾਵੇਂ ਉਹ ਮੋਬਾਇਲ ਦੀ ਸਹੂਲਤ ਹੋਵੇ ਜਾਂ ਆਪਣੇ ਜਿਸਮ 'ਤੇ ਰੰਗਦਾਰ ਕੱਪੜੇ ਹੋਣ। ਉਹਨਾਂ ਮਜ਼ਦੂਰਾਂ ਦੀ ਸਿਹਤ, ਉਹਨਾਂ ਦੀ ਜ਼ਿੰਦਗੀ ਕੀੜੇ-ਮਕੌੜਿਆਂ ਨਾਲੋਂ ਵੀ ਭੈੜੀ ਹੈ। ਬੱਚੇ ਜੋ ਕਹਿਣ ਨੂੰ ਤਾਂ ਸੰਵਿਧਾਨ ਦੀਆਂ ਪੋਥੀਆਂ ਵਿੱਚ ਪੜਨ ਦੇ ਹੱਕਦਾਰ ਹਨ, ਖੇਡਣ ਦੇ ਹੱਕਦਾਰ ਹਨ, ਬਾਲ-ਮਜ਼ਦੂਰੀ ਗੈਰ-ਕਨੂੰਨੀ ਹੈ। ਉੱਥੇ ਹੀ ਵੱਡੀ ਗਿਣਤੀ ਵਿੱਚ ਇਹ ਬੱਚੇ ਆਪਣੀ ਉਮਰ ਨਾਲੋਂ ਜ਼ਿਆਦਾ ਕੰਮ, ਆਪਣੇ ਭਾਰ ਨਾਲੋਂ ਜ਼ਿਆਦਾ ਭਾਰ ਢੋਂਦੇ ਹਨ।

ਇਹ ਕਿਸੇ ਇੱਕ ਦੇਸ਼ ਦੀ ਕਹਾਣੀ ਨਹੀ ਹੈ, ਹਰ ਥਾਂ ਅੱਜ ਮਨੁੱਖੀ ਕਿਰਤ ਨੂੰ ਲੁੱਟਿਆ ਜਾ ਰਿਹਾ ਹੈ। ਸਰਮਾਏਦਾਰਾਂ ਢਾਂਚਾ ਜਦੋਂ ਤੱਕ ਕਾਇਮ ਰਹੇਗਾ ਕਿਰਤੀਆਂ ਦੀ ਜ਼ਿੰਦਗੀ ਵਿੱਚ ਕੋਈ ਬੁਨਿਆਦੀ ਸੁਧਾਰ ਨਹੀਂ ਆਣ ਵਾਲ਼ਾ। ਇਸ ਲਈ ਜ਼ਰੂਰੀ ਹੈ ਕਿ ਮਨੁੱਖਦੋਖੀ, ਮੁਨਾਫੇ 'ਤੇ ਟਿਕੇ ਹੋਏ ਇਸ ਸਰਮਾਏਦਾਰਾ ਢਾਂਚੇ ਨੂੰ ਉਖਾੜ ਸੁੱਟਿਆ ਜਾਵੇ ਅਤੇ ਚੰਗਾ ਸਮਾਜ ਬਣਾਇਆ ਜਾਵੇ, ਜਿਸ ਵਿੱਚ ਸਭ ਨੂੰ ਜੀਣ ਦਾ ਹੱਕ ਹੋਵੇ।

(ਜੇ ਤੁਹਾਨੂੰ ਪੋਸਟ ਹਾਂਗੀ ਲੱਗੀ ਤਾਂ ਵੱਧ ਤੋਂ ਵੱਧ ਗਰੁੱਪਾਂ ਵਿੱਚ ਜਰੂਰ ਸਾਂਝਾ ਕਰੋ । ਤੁਸੀਂ ਅਜਿਹੀਆਂ ਹੀ ਪੋਸਟਾਂ ਰੋਜ਼ਾਨਾ ਪੜ੍ਹਨਾ ਚਾਹੁੰਦੇ ਹੋ ਤਾਂ ਲਲਕਾਰ ਦੇ ਫੇਸਬੁੱਕ ਪੰਨੇ ਨੂੰ ਪਸੰਦ ਜਰੂਰ ਕਰੋ)



# ਏਡਜ਼ ਤੋਂ ਜਾਗਰੂਕਤਾ ਹੀ ਬਚਾਅ ਦੀ ਕੁੰਜੀ ਹੈ



ਗੋਬਿੰਦਰ ਸਿੰਘ ਢੀਂਡਸਾ
ਪਿੰਡ ਤੇ ਡਾਕ - ਬਰੜ੍ਹਵਾਲ
ਲੰਮਾ ਪੱਤੀ
ਤਹਿਸੀਲ-ਧੂਰੀ (ਸੰਗਰੂਰ)
bardwal.gobinder@gmail.com




ਲੋਕਾਂ ਨੂੰ ਏਡਜ਼ ਸੰਬੰਧੀ ਜਾਣਕਾਰੀ ਅਤੇ ਪੀੜਤਾਂ ਪ੍ਰਤੀ ਸਕਰਾਤਮਕ ਰਵੱਈਆ ਅਪਣਾਉਣ ਸੰਬੰਧੀ ਜਾਗਰੂਕ ਕਰਨ ਦੇ ਉਦੇਸ਼ ਨਾਲ ਹਰ ਸਾਲ ਪੂਰੀ ਦੁਨੀਆਂ ਵਿੱਚ ਇੱਕ ਦਸੰਬਰ ਨੂੰ ਵਿਸ਼ਵ ਏਡਜ਼ ਦਿਵਸ ਦੇ ਰੂਪ ਵਿੱਚ ਮਨਾਇਆ ਜਾਂਦਾ ਹੈ। ਵਿਸ਼ਵ ਏਡਜ਼ ਦਿਵਸ ਦੀ ਸ਼ੁਰੂਆਤ 1 ਦਸੰਬਰ 1988 ਤੋਂ ਹੋਈ ਜਿਸਦਾ ਮੰਤਵ ਐੱਚ.ਆਈ.ਵੀ. ਏਡਜ਼ ਤੋਂ ਗ੍ਰਸਤ ਲੋਕਾਂ ਦੀ ਮੱਦਦ ਕਰਨ ਲਈ ਧਨ ਜੁਟਾਉਣ, ਲੋਕਾਂ ਨੂੰ ਏਡਜ਼ ਸੰਬੰਧੀ ਜਾਗਰੂਕ ਕਰਨ ਅਤੇ ਏਡਜ਼ ਨਾਲ ਜੁੜੇ ਮਿੱਥ ਨੂੰ ਦੂਰ ਕਰਕੇ ਲੋਕਾਂ ਨੂੰ ਸਿੱਖਿਅਤ ਕਰਨਾ ਸ਼ਾਮਲ ਸੀ। ਇਸ ਰੋਗ ਨੂੰ ਪਹਿਲੀ ਬਾਰ 1981ਵਿੱਚ ਮਾਨਤਾ ਮਿਲੀ ਅਤੇ ਇਹ ਏਡਜ਼ ਦੇ ਨਾਮ ਨਾਲ ਪਹਿਲੀ ਵਾਰ 27 ਜੁਲਾਈ 1982 ਨੂੰ ਜਾਣਿਆ ਗਿਆ। ਵਿਸ਼ਵ ਏਡਜ਼ ਦਿਵਸ ਸੰਬੰਧੀ ਪਹਿਲੀ ਵਾਰ ਕਲਪਨਾ 1987 ਵਿੱਚ ਅਗਸਤ ਮਹੀਨੇ ਵਿੱਚ ਥਾਮਸ ਨੇੱਟਰ ਅਤੇ ਜੇਮਜ਼ ਡਬਲਿਊ ਬੰਨ ਦੁਆਰਾ ਕੀਤੀ ਗਈ। ਇਹ ਦੋਨੋਂ ਵਿਸ਼ਵ ਸਿਹਤ ਸੰਗਠਨ-ਜਿਨੇਵਾ ਦੇ ਏਡਜ਼ ਗਲੋਬਲ ਪ੍ਰੋਗਰਾਮ ਦੇ ਲਈ ਸਰਵਜਨਿਕ ਸੂਚਨਾ ਅਧਿਕਾਰੀ ਸੀ। ਉਹਨਾਂ ਨੇ ਏਡਜ਼ ਦਿਵਸ ਦਾ ਆਪਣਾ ਵਿਚਾਰ ਡਾ. ਜਾਨ ਨਾਥਨ ਮੰਨ (ਏਡਜ਼ ਗਲੋਬਲ ਪ੍ਰੋਗਰਾਮ ਨਿਰਦੇਸ਼ਕ) ਨਾਲ ਸਾਂਝਾ ਕੀਤਾ ਜਿਹਨਾਂ ਨੇ ਇਸ ਵਿਚਾਰ ਨੂੰ ਮਨਜ਼ੂਰੀ ਦੇ ਦਿੱਤੀ ਅਤੇ ਸਾਲ 1988 ਵਿੱਚ 1 ਦਸੰਬਰ ਨੂੰ ਵਿਸ਼ਵ ਏਡਜ਼ ਦਿਵਸ ਦੇ ਰੂਪ ਵਿੱਚ ਮਨਾਉਣਾ ਸ਼ੁਰੂ ਕਰ ਦਿੱਤਾ। ਐੱਚ.ਆਈ.ਵੀ. ਏਡਜ਼ ਦਾ ਅੰਤਰ ਰਾਸ਼ਟਰੀ ਨਿਸ਼ਾਨ ਲਾਲ ਰਿਬਨ ਹੈ ਜੋ ਕਿ 1991 ਵਿੱਚ ਅਪਣਾਇਆ ਗਿਆ।

ਦੁਨੀਆਂ ਵਿੱਚੋਂ ਐੱਚ.ਆਈ.ਵੀ. ਪੀੜਤਾਂ ਦੀ ਗਿਣਤੀ ਵਿੱਚ ਭਾਰਤ ਦੱਖਣੀ ਅਫਰੀਕਾ ਅਤੇ ਨਾਈਜੀਰੀਆ ਤੋਂ ਬਾਅਦ ਤੀਜੇ ਸਥਾਨ ਤੇ ਹੈ। ਏਡਜ਼ ਸੰਬੰਧੀ ਜਨ ਜਾਗਰੂਕਤਾ ਲਈ ਬਹੁਤ ਉਪਰਾਲੇ ਕੀਤੇ ਜਾ ਰਹੇ ਹਨ। ਦੇਸ਼ ਦੇ ਵੱਖੋ ਵੱਖਰੇ ਖੇਤਰਾਂ ਵਿੱਚ ਏਡਜ਼ ਸੰਬੰਧੀ ਜਾਗਰੂਕਤਾ ਲਈ 1ਦਸੰਬਰ 2007ਨੂੰ ਰੈੱਡ ਰਿਬਨ ਟ੍ਰੇਨ ਵੀ ਚਲਾਈ ਗਈ ਅਤੇ ਦੂਰਦਰਸ਼ਨ ਤੇ ਲੜੀਵਾਰ ਜਾਸੂਸ ਵਿਜੇ ਵੀ ਏਡਜ਼ ਸੰਬੰਧੀ ਜਾਗਰੂਕਤਾ ਲਈ ਪ੍ਰਸਾਰਿਤ ਹੁੰਦਾ ਰਿਹਾ ਹੈ। 10 ਸਤੰਬਰ 2018 ਨੂੰ ਐੱਚ.ਆਈ.ਵੀ./ਏਡਜ਼ ਪੀੜਤਾਂ ਦੇ ਅਧਿਕਾਰਾਂ ਦੀ ਰੱਖਿਆ ਕਰਨ ਅਤੇ ਉਹਨਾਂਨੂੰ ਭੇਦਭਾਵ ਤੋਂ ਬਚਾਉਣ ਲਈ ਐੱਚ.ਆਈ.ਵੀ./ਏਡਜ਼ (ਰੋਕਥਾਮ ਅਤੇ ਨਿਯੰਤ੍ਰਣ) ਐਕਟ 2017 ਨੂੰ ਲਾਗੂ ਕੀਤਾ ਗਿਆ ਹੈ, ਜਿਸ ਵਿੱਚ ਸੰਬੰਧਤ ਮਾਮਲਿਆਂ ਵਿੱਚ ਜ਼ੁਰਮਾਨੇ ਅਤੇ ਸਜ਼ਾ ਦਾ ਪ੍ਰਾਵਧਾਨ ਹੈ।

ਯੂ.ਐੱਨ.ਏਡਜ਼ 2017 ਦੇ ਅੰਕੜਿਆਂ ਅਨੁਸਾਰ ਭਾਰਤ ਵਿੱਚ 2.1 ਮਿਲੀਅਨ ਲੋਕ ਐੱਚ.ਆਈ.ਵੀ. ਨਾਲ ਪੀੜਤ ਹਨ।2010 ਤੋਂ 2017 ਵਿਚਕਾਰ ਨਵੇਂ ਸੰਕ੍ਰਮਣ 27 ਫੀਸਦੀ ਘਟੇ ਹਨ। 2017 ਵਿੱਚ 88000 ਨਵੇਂ ਐੱਚ.ਆਈ.ਵੀ. ਸੰਕ੍ਰਮਿਤ ਹੋਏ ਜਦਕਿ 69000 ਏਡਜ਼ ਕਰਕੇ ਮੌਤਾਂ ਹੋਈਆਂ ਹਨ। ਨਵੇਂ ਸੰਕ੍ਰਮਣ ਵਿੱਚ 86 ਫੀਸਦੀ ਅਸੁਰੱਖਿਅਤ ਯੌਨ ਸੰਬੰਧ ਜ਼ਿੰਮੇਵਾਰ ਹਨ।

ਤਾਜ਼ਾ ਅੰਕੜਿਆਂ ਅਨੁਸਾਰ ਭਾਰਤ ਵਿੱਚ ਤਕਰੀਬਨ 11 ਲੱਖ ਦੀ ਆਬਾਦੀ ਵਾਲੇ ਮਿਜ਼ੋਰਮ ਵਿੱਚ ਸਭ ਤੋਂ ਜਿਆਦਾ ਐੱਚ.ਆਈ.ਵੀ. ਏਡਜ਼ ਦੇ ਸੰਕ੍ਰਮਣ ਦੀ ਦਰ ਹੈ, ਨਵੰਬਰ 2017 ਤੱਕ ਪੀੜਤਾਂ ਦੀ ਸੰਖਿਆ 14632 ਸੀ ਜੋ ਕਿ ਅਗਸਤ 2018 ਤੱਕ 18081 ਹੋ ਗਈ। ਮਨੀਪੁਰ ਅਤੇ ਨਾਗਾਲੈਂਡ ਵੀ ਉੱਚ ਸੰਕ੍ਰਮਣ ਦਰ ਵਾਲੇ ਸੂਬੇ ਹਨ।

ਤਾਜ਼ਾ ਅੰਕੜਿਆਂ ਅਨੁਸਾਰ ਭਾਰਤ ਵਿੱਚ ਤਕਰੀਬਨ 21.40 ਲੱਖ ਸੰਕ੍ਰਮਿਤ ਮਾਮਲੇ ਸਾਹਮਣੇ ਆਏ ਹਨ। ਪੰਜਾਬ ਵਿੱਚ 1993 ਤੋਂ ਸਤੰਬਰ 2018 ਤੱਕ ਕੁੱਲ 68024 ਮਾਮਲੇ ਐੱਚ.ਆਈ.ਵੀ. ਦੇ ਰਿਕਾਰਡ ਹੋਏ ਹਨ। ਅੰਮ੍ਰਿਤਸਰ ਜ਼ਿਲ੍ਹੇ ਵਿੱਚ ਸਭ ਤੋਂ ਜ਼ਿਆਦਾ 15664 ਪੋਜ਼ੀਟਿਵ ਕੇਸ ਹਨ। ਮਾਹਿਰਾਂ ਅਨੁਸਾਰ ਅੰਮ੍ਰਿਤਸਰ ਜ਼ਿਲ੍ਹੇ ਵਿੱਚ ਐਨੇ ਸੰਕ੍ਰਮਿਤ ਮਾਮਲਿਆਂ ਪਿੱਛੇ ਨਸ਼ੇ ਦੇ ਲਾਏ ਜਾਂਦੇ ਟੀਕੇ/ਸਾਂਝੀਆਂ ਸੂਈਆਂ ਦੀ ਵਰਤੋਂ ਵੱਡਾ ਕਾਰਨ ਹੈ।

2017 ਵਿੱਚ, ਸੰਸਾਰ ਵਿੱਚ ਤਕਰੀਬਨ 36.9 ਮਿਲੀਅਨ ਲੋਕ ਐੱਚ.ਆਈ.ਵੀ. ਤੋਂ ਸੰਕ੍ਰਮਿਤ ਸੀ ਅਤੇ ਇਹਨਾਂ ਵਿੱਚੋਂ 25 ਫੀਸਦੀ ਨੂੰ ਆਪਣੀ ਐੱਚ.ਆਈ.ਵੀ. ਦੀ ਸਥਿਤੀ ਪਤਾ ਨਹੀਂ ਸੀ।ਇਸੇ ਲਈ ਵਿਸ਼ਵ ਏਡਜ਼ ਦਿਵਸ 2018 ਦਾ ਵਿਸ਼ਾ 'ਆਪਣੀ ਸਥਿਤੀ ਨੂੰ ਜਾਣੋ' ਰਿਹਾ ਤਾਂ ਜੋ ਸੰਕ੍ਰਮਿਤ ਵਿਅਕਤੀ ਇਸ ਬਿਮਾਰੀ ਤੋਂ ਬੇਖਬਰ ਨਾ ਰਹੇ।

ਏਡਜ਼ (ਐਕੁਆਇਰਡ ਇਮਿਊਨੋ ਡੈਫੀਸੀਐਂਸੀ ਸਿੰਡ੍ਰੋਮ), ਐੱਚ.ਆਈ.ਵੀ. (ਹਿਊਮਨ ਇਮਿਊਨੋ ਡੈਫੀਸੀਐਂਸੀ ਵਾਇਰਸ) ਸੰਕ੍ਰਮਣ ਦੇ ਕਾਰਨ ਹੋਣ ਵਾਲੀ ਬਿਮਾਰੀ ਹੈ। ਇਹ ਵਾਇਰਸ ਵਿਅਕਤੀ ਦੀ ਪ੍ਰਤੀਰੋਧੀ ਭਾਵ ਰੋਗਾਂ ਨਾਲ ਲੜਨ ਦੀ ਸਮੱਰਥਾ ਨੂੰ ਕਮਜ਼ੋਰ ਕਰ ਦਿੰਦਾ ਹੈ ਅਤੇ ਅੱਗੇ ਚੱਲ ਕੇ ਏਡਜ਼ ਦਾ ਕਾਰਨ ਬਣਦਾ ਹੈ। ਪਰੰਤੂ ਇਹ ਜ਼ਰੂਰੀ ਨਹੀਂ ਕਿ ਐੱਚ.ਆਈ.ਵੀ. ਨਾਲ ਗ੍ਰਸਤ ਵਿਅਕਤੀ ਨੂੰ ਏਡਜ਼ ਹੋਵੇ। ਆਮ ਤੌਰ 'ਤੇ ਐੱਚ.ਆਈ.ਵੀ. ਗ੍ਰਸਤ ਵਿਅਕਤੀ ਵਿੱਚ 8 ਤੋਂ 10 ਸਾਲ ਜਾਂ ਇਸ ਤੋਂ ਜ਼ਿਆਦਾ ਸਮੇਂ ਬਾਅਦ ਹੀ ਏਡਜ਼ ਹੋਣ ਦੇ ਲੱਛਣ ਦਿਖਣੇ ਸ਼ੁਰੂ ਹੁੰਦੇ ਹਨ। ਇਸ ਦੌਰਾਨ ਐੱਚ.ਆਈ.ਵੀ. ਪੀੜਤ ਵਿਅਕਤੀ ਸਿਹਤਮੰਦ ਨਜ਼ਰ ਆਉਂਦਾ ਹੈ। ਏਡਜ਼ ਇੱਕ ਅਵਸਥਾ ਹੈ। ਏਡਜ਼ ਪੀੜਤ ਦਾ ਵਜ਼ਨ ਅਚਾਨਕ ਘੱਟ ਹੋਣ ਲੱਗਦਾ ਹੈ, ਲੰਬੇ ਸਮੇਂ ਤੱਕ ਬੁਖਾਰ ਦੀ ਸ਼ਿਕਾਇਤ, ਚਮੜੀ ਦੇ ਗੁਲਾਬੀ ਰੰਗ ਦੇ ਧੱਬੇ, ਸਰੀਰ ਤੇ ਦਾਣੇ ਨਿਕਲ ਆਉਣਾ, ਯਾਦਦਾਸ਼ਤ ਕਮਜ਼ੋਰ ਹੋਣਾ, ਰਾਤ ਨੂੰ ਸੌਂਦੇ ਸਮੇਂ ਪਸੀਨਾ ਆਉਣਾ ਅਤੇ ਨਾੜਾਂ ਵਿੱਚ ਸੋਜ ਆਦਿ ਵੀ ਹੋ ਸਕਦੀ ਹੈ।

ਏਡਜ਼ ਸੰਬੰਧਤ ਜਾਂਚਾ ਵਿੱਚ ਐਲੀਸਾ ਟੈਸਟ, ਵੈਸਟਰਨ ਬਲਾਟ ਟੈਸਟ, ਐੱਚ.ਆਈ.ਵੀ. ਪੀ 24ਐਂਟੀਜੇਨ (ਪੀ.ਸੀ.ਆਰ.), ਸੀਡੀ 4 ਕਾਊਂਟ ਆਦਿ ਹਨ। ਸਾਰੇ ਜ਼ਿਲ੍ਹਾ ਹਸਪਤਾਲਾਂ, ਸਬ ਡਵੀਜ਼ਨਲ ਹਸਪਤਾਲਾਂ, ਮੈਡੀਕਲ ਕਾਲਜਾਂ ਅਤੇ ਕੁੱਝ ਕਮਿਊਨਿਟੀ ਸਿਹਤ ਕੇਂਦਰਾਂ ਵਿੱਚ ਇਸਦੀ ਮੁੱਢਲੀ ਪੌਜ਼ੀਟਿਵ/ਨੈਗੀਟਿਵ ਜਾਂਚ ਬਿਲਕੁਲ ਮੁਫ਼ਤ ਕੀਤੀ ਜਾਂਦੀ ਹੈ ਅਤੇ ਜਾਂਚ ਦੀ ਰਿਪੋਰਟ ਗੁਪਤ ਰੱਖੀ ਜਾਂਦੀ ਹੈ। ਅਸਲ ਵਿੱਚ ਇਸ ਬਿਮਾਰੀ ਦਾ ਕੋਈ ਸਫ਼ਲ ਇਲਾਜ ਨਹੀਂ ਹੈ ਲੇਕਿਨ ਹੋ ਸਕਦਾ ਹੈ ਕਿ ਕੁਝ ਉਪਚਾਰਾ ਨਾਲ ਇਸ ਨੂੰ ਘੱਟ ਕੀਤਾ ਜਾ ਸਕੇ। ਪੰਜਾਬ ਵਿੱਚ ਅੰਮ੍ਰਿਤਸਰ, ਜਲੰਧਰ, ਪਟਿਆਲਾ, ਲੁਧਿਆਣਾ, ਪਠਾਨਕੋਟ, ਬਠਿੰਡਾ, ਫਿਰੋਜ਼ਪੁਰ, ਹੁਸ਼ਿਆਰਪੁਰ ਅਤੇ ਤਰਨਤਾਰਨ ਆਦਿ 9ਏ.ਆਰ.ਟੀ. (ਐਂਟੀ ਰਿਟ੍ਰੋਵਾਇਰਲ ਥੇਰੈਪੀ) ਕੇਂਦਰ ਹਨ, ਜਿੱਥੋਂ ਸੰਕ੍ਰਮਿਤ ਮਰੀਜ਼ ਉਪਚਾਰ ਲੈ ਸਕਦੇ ਹਨ।ਸਮੇਂ ਰਹਿੰਦੇ ਸੰਕ੍ਰਮਿਤ ਗਰਭਵਤੀ ਮਾਂ ਤੋਂ ਹੋਣ ਵਾਲੇ ਬੱਚੇ ਨੂੰ ਯੋਗ ਡਾਕਟਰਾਂ ਦੀ ਦੇਖ ਰੇਖ ਵਿੱਚ ਸੰਕ੍ਰਮਣ ਤੋਂ ਬਚਾਇਆ ਜਾ ਸਕਦਾ ਹੈ।

ਏਡਜ਼ ਛੂਆ ਛੂਤ ਦੀ ਬਿਮਾਰੀ ਨਹੀਂ ਹੈ, ਨਾ ਹੀ ਇਹ ਕਿਸੇ ਨਾਲ ਉੱਠਣ ਬੈਠਣ ਨਾਲ ਫੈਲਦੀ ਹੈ ਨਾ ਹੀ ਇਹ ਹੱਥ ਮਿਲਾਉਣ ਨਾਲ। ਇਹ ਮੱਛਰ ਦੇ ਕੱਟਣ ਨਾਲ, ਗਲੇ ਮਿਲਣ ਜਾਂ ਖੰਗਣ ਆਦਿ ਨਾਲ ਵੀ ਨਹੀਂ ਫੈਲਦਾ। ਏਡਜ਼ ਐੱਚ.ਆਈ.ਵੀ. ਸੰਕ੍ਰਮਿਤ ਗਰਭਵਤੀ ਔਰਤ ਤੋਂ ਉਸਦੇ ਬੱਚੇ ਨੂੰ, ਕਿਸੇ ਸੰਕ੍ਰਮਿਤ ਵਿਅਕਤੀ ਨਾਲ ਅਸੁਰੱਖਿਅਤ ਯੌਨ ਸੰਬੰਧਾਂ ਨਾਲ, ਸੰਕ੍ਰਮਿਤ ਲਹੂ ਜਾਂ ਲਹੂ ਪਦਾਰਥ ਸਰੀਰ ਵਿੱਚ ਚੜਨ ਜਾਂ ਸੰਪਰਕ ਵਿੱਚ ਆਉਣ ਤੇ, ਸਰਿੰਜਾਂ ਅਤੇ ਸੂਈਆਂ ਦੀ ਸਾਂਝੀ ਵਰਤੋਂ ਕਰਨ ਆਦਿ ਨਾਲ ਵੀ ਹੋ ਸਕਦਾ ਹੈ। ਐੱਚ.ਆਈ.ਵੀ. ਸੰਕ੍ਰਮਿਤ ਵਿਅਕਤੀ ਦਾ ਜਦ ਸਰੀਰਕ ਦ੍ਰਵ ਪਦਾਰਥ ਭਾਵ ਖ਼ੂਨ, ਸੀਮਨ, ਪ੍ਰੀ ਸੈਮੀਨਲ ਦ੍ਰਵ, ਵਜਾਈਨਲ ਦ੍ਰਵ, ਗੁੱਦਾ ਦ੍ਰਵ, ਦੁੱਧ ਆਦਿ ਕਿਸੇ ਸਿਹਤਮੰਦ ਵਿਅਕਤੀ ਦੇ ਸੰਪਰਕ ਵਿੱਚ ਆਉਂਦਾ ਹੈਤਾਂ ਸੰਬੰਧਤ ਵਿਅਕਤੀ ਵੀ ਸੰਕ੍ਰਮਿਤ ਹੋ ਜਾਂਦਾ ਹੈ। ਸੰਕ੍ਰਮਿਤ ਵਿਅਕਤੀ ਨਾਲ ਅਸੁਰੱਖਿਅਤ ਯੌਨ ਸੰਬੰਧ ਸਥਾਪਤ ਕਰਨਾ ਇਸਦੇ ਫੈਲਣ ਦਾ ਮੁੱਖ ਕਾਰਨ ਹੈ ਅਜਿਹੇ ਸੰਬੰਧ ਸਮਲੈਂਗਿਕ ਵੀ ਹੋ ਸਕਦੇ ਹਨ। ਸੁੱਰਖਿਅਤ ਯੌਨ ਸੰਬੰਧ ਸਥਾਪਤ ਕਰਨ ਲਈ ਕੰਡੋਮ ਜਾਂ ਨਿਰੋਧ ਦੀ ਵਰਤੋਂ ਕੀਤੀ ਜਾ ਸਕਦੀ ਹੈ। ਕੰਡੋਮ ਬਾਜ਼ਾਰ ਵਿੱਚ ਸਾਧਾਰਨ ਮੁੱਲ ਉੱਪਰ ਉਪਲੱਬਧ ਹਨ ਅਤੇ ਸਾਰੇ ਜ਼ਿਲ੍ਹਾ ਹਸਪਤਾਲਾਂ ਵਿੱਚ ਆਈ.ਸੀ.ਟੀ.ਸੀ. ਕੇਂਦਰ, ਪੀ.ਪੀ.ਸੀ.ਟੀ. ਕੇਂਦਰ, ਕਮਿਊਨਿਟੀ ਕੇਅਰ ਸੈਂਟਰ, ਐੱਸ.ਟੀ.ਡੀ. ਕਲੀਨਿਕ ਆਦਿ ਤੋਂ ਵੀ ਮੁਫ਼ਤ ਪ੍ਰਾਪਤ ਕੀਤੇ ਜਾ ਸਕਦੇ ਹਨ।

ਸਾਡੇ ਸਮਾਜ ਦਾ ਜ਼ਿਆਦਾਤਰ ਹਿੱਸਾ ਸੈਕਸ ਜਾਂ ਗੁਪਤ ਰੋਗਾਂ ਆਦਿ ਬਾਰੇ ਖੁੱਲ ਕੇ ਗੱਲ ਕਰਨ ਤੋਂ ਪਾਸਾ ਵੱਟਦਾ ਹੈ ਜੋ ਕਿ ਅਗਾਂਹਵਧੂ ਸਮਾਜ ਦਾ ਗੁਣ ਨਹੀਂ ਹੈ। ਬਹੁਤੇ ਲੋਕ ਨਿਰੋਧ ਖਰੀਦਣ ਜਾਂ ਮੰਗਣ ਤੋਂ ਹੀ ਝਿਝਕਦੇ ਹਨ ਅਤੇ ਅਸੁੱਰਖਿਅਤ ਯੌਨ ਸੰਬੰਧ ਸਥਾਪਤ ਕਰ ਲੈਂਦੇ ਹਨ, ਜੋ ਕਿ ਖੁੱਲ੍ਹਾ ਏਡਜ਼ ਨੂੰ ਸੱਦਾ ਸਾਬਤ ਹੋ ਸਕਦਾ ਹੈ। ਇਹ ਸਾਡੇ ਸਮਾਜ ਦਾ ਦੁਖਾਂਤ ਹੈ ਕਿ ਏਡਜ਼ ਦੇ ਰੋਗੀ ਨੂੰ ਬੜੀ ਸੰਕੀਰਣ ਸੋਚ ਨਾਲ ਵੇਖਿਆ ਜਾਂਦਾ ਹੈ ਅਤੇ ਪੀੜਤ ਵਿਅਕਤੀਆਂ ਤੇ ਬਹੁਤ ਤਰ੍ਹਾਂ ਦੇ ਸਮਾਜਿਕ ਦੂਸ਼ਣ ਜਾਂ ਕਲੰਕ ਲਾਏ ਜਾਂਦੇ ਹਨ ਜੋਕਿ ਉਨ੍ਹਾਂ ਦੀ ਰੂਹ ਨੂੰ ਤਾਰ ਤਾਰ ਕਰ ਛੱਡਦੇ ਹਨ। ਸਮੇਂ ਦੀ ਜ਼ਰੂਰਤ ਹੈ ਕਿ ਸੁਰੱਖਿਅਤ ਯੌਨ ਸੰਬੰਧਾਂ ਨੂੰ ਯਕੀਨੀ ਬਣਾਈਏ ਅਤੇ ਸੰਕ੍ਰਮਿਤ ਵਿਅਕਤੀਆਂ ਪ੍ਰਤੀ ਸਕਰਾਤਮਕਤਾ ਨਾਲ ਵਿਚਰੀਏ ਤਾਂ ਜੋ ਪੀੜਤ ਵਿਅਕਤੀ ਆਪਣੇ ਆਪ ਨੂੰ ਹੀਣ, ਸ਼ਰਮਿੰਦਾ, ਬਦਚਲਣ ਜਾਂ ਕਿਸੇ ਤਰ੍ਹਾਂ ਦਾ ਸਮਾਜਿਕ ਅਪਰਾਧੀ ਨਾ ਮਹਿਸੂਸ ਕਰਨ।

# ਕਿਰਤ ਕਾਨੂੰਨਾਂ ਨੂੰ ਕਿਉਂ ਬਦਲਣਾ ਚਾਹੁੰਦੀ ਹੈ ਮੋਦੀ ਸਰਕਾਰ




ਡਾ. ਅਜੀਤਪਾਲ ਸਿੰਘ
ਬਠਿੰਡਾ
98156-29301

ਪਿਛਲੇ ਦਿਨੀਂ ਇਹ ਖ਼ਬਰ ਸਭ ਨੇ ਪੜ੍ਹੀ ਹੋਵੇਗੀ 2013-16 ਦੇ ਦਰਮਿਆਨ ਕੁੱਲ ਕਾਰਪੋਰੇਟ ਫੰਡਿੰਗ ਦਾ ਕਰੀਬ 74 ਫੀਸਦੀ ਹਿੱਸਾ ਜਾਣੀ ਕਿ ਸੱਤ ਸੌ ਪੰਜ ਕਰੋੜ ਰੁਪਏ ਤੋਂ ਵੀ ਵੱਧ ਇਕੱਲੇ ਭਾਰਤੀ ਜਨਤਾ ਪਾਰਟੀ ਦੇ ਖਾਤੇ ਵਿੱਚ ਗਏ। ਆਖਰ ਭਾਰਤੀ ਜਨਤਾ ਪਾਰਟੀ ਤੇ ਇਹ ਮਿਹਰਬਾਨੀ ਦੀ ਵਜ੍ਹਾ ਉਂਝ ਹੀ ਤਾਂ ਨਹੀਂ ਹੈ ਉਹਦੀ ਸਰਕਾਰ ਲਗਾਤਾਰ ਇਹ ਸੰਕੇਤ ਦੇ ਰਹੀ ਹੈ ਕਿ ਜੇ ਕਾਰਪੋਰੇਟ ਕੰਪਨੀਆਂ ਭਾਜਪਾ ਦੀ ਮੁੱਠੀ ਇਸ ਤਰ੍ਹਾਂ ਗਰਮ ਕਰਦੀਆਂ ਰਹੀਆਂ ਤਾਂ ਸਰਕਾਰ ਬਦਲੇ ਵਿੱਚ ਉਹ ਸਭ ਕੁਝ ਕਰੇਗੀ ਜੋ ਇਹ ਕਾਰਪੋਰੇਟ ਸੈਕਟਰ ਚਾਹੁੰਦਾ ਹੈ। ਚੋਣਾਂ ਨੂੰ ਬੇਹੱਦ ਖਰਚੀਲਾ ਬਣਾ ਕੇ ਆਮ ਖਿਡਾਰੀਆਂ ਨੂੰ ਮੈਦਾਨ ਵਿੱਚੋਂ ਬਾਹਰ ਕਰ ਦੇਣ ਦੀ ਮੋਦੀ- ਅਮਿਤਸ਼ਾਹ ਜੋੜੀ ਦੀ ਰਾਜਨੀਤੀ ਦਾ ਅਧਾਰ ਕਾਰਪੋਰੇਟ ਕੰਪਨੀਆਂ ਹੀ ਹਨ ।ਦਸ ਅਗਸਤ ਨੂੰ ਕਿਰਤ ਕਾਨੂੰਨਾਂ ਦੇ ਨਾਂਅ ਹੇਠ ਜੋ ਬਿੱਲ ਲੋਕ ਸਭਾ ਵਿੱਚ ਪਾਸ ਹੋਇਆ ਹੈ ਉਹ ਇਸ ਲੈਣ ਦੇਣ ਦੀ ਇੱਕ ਵੰਨਗੀ ਹੀ ਤਾਂ ਹੈ। ਇਹ ਬਿੱਲ ਦੇ ਕਾਨੂੰਨ ਬਣ ਜਾਣ ਤੇ ਮਜ਼ਦੂਰਾਂ ਦੇ ਸਾਰੇ ਅਧਿਕਾਰ ਖਤਮ ਹੋ ਜਾਣਗੇ ਜਾਂ ਕਹੋ ਕਿ ਕਲਿਆਣਕਾਰੀ ਰਾਜ ਦੀ ਧਾਰਨਾ ਹੀ ਨਸ਼ਟ ਹੋ ਜਾਵੇਗੀ। ਕੰਮ ਦੇ ਘੰਟਿਆਂ ਅਤੇ ਘੱਟੋ ਘੱਟ ਮਜ਼ਦੂਰੀ ਨੂੰ ਲੈ ਕੇ ਮਜ਼ਦੂਰਾਂ ਦੀ ਹਾਲਤ ਗੂੰਗੇ ਗੁਲਾਮਾਂ ਵਰਗੀ ਹੋਵੇਗੀ। ਜੋ ਕਾਰਪੋਰੇਟ ਦਾ ਸੁਪਨਾ ਹੈ। ਚੰਗੇ ਸੱਭਿਆਚਾਰ ਦੀ ਕਸੌਟੀ ਇੱਕ ਅਜਿਹਾ ਜੀਵਨ ਹੈ ਜਿਸ ਵਿੱਚ ਸਭ ਨੂੰ ਕੰਮ ਆਰਾਮ ਮਨੋਰੰਜਨ ਹਾਸਲ ਹੋਵੇ। ਇਨ੍ਹਾਂ ਵਾਸਤੇ ਸਾਰਿਆਂ ਲਈ ਅੱਠ ਘੰਟੇ ਦੇ ਸਿਧਾਂਤ ਨੂੰ ਆਦਰਸ਼ ਮੰਨਿਆ ਗਿਆ ਪਰ ਇਸ ਸਿਧਾਂਤ ਨੂੰ ਉਨ੍ਹਾਂ ਨੇ ਕਦੇ ਵੀ ਨਹੀਂ ਮੰਨਿਆ ਜੋ ਮਜ਼ਦੂਰਾਂ ਦੀ ਕਿਰਤ ਦੀ ਲੁੱਟ ਤੇ ਆਪਣਾ ਸਾਮਰਾਜ ਖੜ੍ਹਾ ਕਰਨਾ ਚਾਹੁੰਦੇ ਹਨ। ਲੁੱਟ ਖਸੁੱਟ ਦੇ ਇਸ ਚੱਕਰ ਖਿਲਾਫ ਮਜ਼ਦੂਰਾਂ ਦੀ ਲੜਾਈ ਦਾ ਸ਼ਾਨਦਾਰ ਇਤਿਹਾਸ ਹੈ। ਮਨੁੱਖੀ ਮਾਣ ਇੱਜਤ ਨਾਲ ਜਿਊਣ ਲਈ ਮਜ਼ਦੂਰਾਂ ਨੇ ਆਪਣੇ ਹੀ ਝੰਡੇ ਨੂੰ ਆਪਣੇ ਹੀ ਖ਼ੂਨ ਨਾਲ ਕਰ ਦਿੱਤਾ ਸੀ। ਮਈ ਦਿਵਸ ਦੇ ਨਾਂ ਦੇ ਨਾਲ ਜਾਣੀ ਜਾਂਦੀ ਇਹ ਘਟਨਾ ਅਮਰੀਕਾ ਦੇ ਸ਼ਿਕਾਗੋ ਸ਼ਹਿਰ ਵਿੱਚ ਵਾਪਰੀ ਸੀ। 1886 ਵਿੱਚ ਮਜ਼ਦੂਰਾਂ ਦੇ ਇਸ ਸੰਘਰਸ਼ ਦੇ ਕਾਰਨ ਹੀ ਪੂੰਜੀਵਾਦ ਨੇ ਕਲਿਆਣਕਾਰੀ ਰਾਜ ਦੀ ਗੱਲ ਕਰਨੀ ਸ਼ੁਰੂ ਕੀਤੀ ਸੀ। ਪਰ ਇੱਕ ਸੌ ਕੱਤੀ ਸਾਲਾਂ ਪਿੱਛੋਂ ਅੱਜ ਪੂਰੀ ਦੁਨੀਆਂ ਵਿੱਚ ਮਜ਼ਦੂਰਾਂ ਦੀ ਇਨ੍ਹਾਂ ਸਾਰੀਆਂ ਪ੍ਰਾਪਤੀਆਂ ਨੂੰ ਨਸ਼ਟ ਕਰਨ ਦੀ ਸਾਜ਼ਿਸ਼ ਤਿਆਰ ਕੀਤੀ ਗਈ ਹੈ। ਨਿਊ ਇੰਡੀਆ ਦੇ ਜੁਮਲੇ ਹੇਠ ਭਾਰਤ ਦੀ ਹਾਕਮ ਜਮਾਤ ਵੀ ਜ਼ੋਰ ਸ਼ੋਰ ਨਾਲ ਗ਼ਰੀਬ ਨੂੰ ਲੁੱਟਣ ਵਾਲੀ ਜਮਾਤ ਦੇ ਨਾਲ ਪੂਰੀ ਤਰ੍ਹਾਂ ਬੇਸ਼ਰਮੀ ਨਾਲ ਖੜ੍ਹੀ ਹੈ। ਇਸ ਹਾਲਤ ਵਿੱਚ ਤੁਰੰਤ ਕੋਈ ਵੱਡੀ ਬਗ਼ਾਵਤ ਨਾਲ ਉੱਠ ਖੜ੍ਹੀ ਹੋਵੇ ਇਸ ਲਈ ਗਊਮਾਤਾ ਤੋਂ ਲੈ ਕੇ ਭਾਰਤ ਮਾਤਾ ਤੱਕ ਦੇ ਮਸਲੇ ਉਛਾਲੇ ਜਾ ਰਹੇ ਹਨ ਤਾਂ ਕਿ ਦੇਸ਼ ਹਿੰਦੂ ਮੁਸਲਮਾਨ ਦੇ ਗਧੀ ਗੇੜ ਵਿੱਚ ਹੀ ਰਹੇ ਮਜ਼ਦੂਰਾਂ ਦੀ ਆਵਾਜ਼ ਪੂਰੀ ਤਰ੍ਹਾਂ ਗਾਇਬ ਹੋ ਜਾਵੇ। ਕਾਰਪੋਰੇਟ ਵਿੱਚ ਚਲਾਏ ਜਾਂਦੇ ਮੀਡੀਆ ਦੀ ਨਜ਼ਰ ਵਿੱਚ ਮਜ਼ਦੂਰਾਂ ਅਤੇ ਉਨ੍ਹਾਂ ਦੇ ਹੱਕਾਂ ਦੀ ਗੱਲ ਕਰਨਾ ਅਪਰਾਧ ਹੈ। ਸੋ ਕਿਧਰੇ ਵੀ ਕੋਈ ਗੁੰਜਾਇਸ਼ ਨਹੀਂ ਬਚੀ ਹੈ। ਇਹ ਕਹਿਣਾ ਗਲਤ ਨਹੀਂ ਹੋਵੇਗਾ ਕਿ ਮੋਦੀ ਸਰਕਾਰ ਕਿਰਤ ਸੁਧਾਰਾਂ ਦੇ ਨਾਂ ਹੇਠ ਮਜ਼ਦੂਰਾਂ ਦੀ ਮਹਾਨ ਪ੍ਰਾਪਤੀਆਂ ਦਾ ਖ਼ੂਨ ਕਰਨਾ ਲੋਚਦੀ ਹੈ। ਜੋ ਕਿ ਅੱਠ ਘੰਟੇ ਤੋਂ ਵੱਧ ਕੰਮ ਨੂੰ ਅਪਰਾਧ ਐਲਾਨਦੇ ਹੋਣ ਜਾਂ ਘੱਟੋ ਘੱਟ ਮਜ਼ਦੂਰੀ ਨੂੰ ਲਾਜ਼ਮੀ ਬਣਾਉਂਦੇ ਹੋਣ। ਉਨ੍ਹਾਂ ਦੇ ਬਦਲਾਅ ਦੀ ਪੁਰਜ਼ੋਰ ਤਿਆਰੀ ਹੋ ਰਹੀ ਹੈ ।ਕਾਰਟੂਨਿਸਟ ਕਾਜਲ ਕੁਮਾਰ ਨੇ ਆਪਣੀ ਫੇਸਬੁੱਕ ਦੀ ਫੇਸਬੁੱਕ ਦੀਵਾਰ ਜੋ ਲਿਖਿਆ ਉਹ ਆਉਣ ਵਾਲੇ ਭਿਆਨਕ ਦਿਨਾਂ ਦੀ ਤਸਵੀਰ ਹੈ। ਉਹ ਲਿਖਦੇ ਹਨ :-ਮੁਆਫ ਕਰਨਾ ਇਹ ਮੇਰੀ ਅੱਜ ਤੱਕ ਦੀ ਸਭ ਤੋਂ ਲੰਬੀ ਪੋਸਟ ਹੈ ।ਨੌਕਰੀ ਪੇਸ਼ਾ ਲੋਕਾਂ ਨੂੰ ਵੀ ਜ਼ਰੂਰ ਪੜ੍ਹਨਾ ਚਾਹੀਦਾ ਹੈ ਕਿਉਂਕਿ ਹੁਣ ਉਨ੍ਹਾਂ ਦੀ ਜ਼ਿੰਦਗੀ ਬਦਲਣ ਜਾ ਰਹੀ ਹੈ ਅਤੇ ਮੀਡੀਆ ਇਸ ਬਾਰੇ ਚੁੱਪ ਹੈ। ਦਸ ਅਗਸਤ ਨੂੰ ਲੋਕ ਸਭਾ ਵਿੱਚ ਤਨਖ਼ਾਹ ਕੋਡ (ਕੋਡ ਆਫ ਵੇਜਿਜ਼) 2017 ਪੇਸ਼ ਕੀਤਾ ਗਿਆ ਇਸ ਦੇ ਲਾਗੂ ਹੋਣ ਪਿੱਛੋਂ ਇਹ ਸਾਰੇ ਕਾਨੂੰਨ ਰੱਦ ਹੋ ਜਾਣਗੇ ਜਿਵੇਂ ਕਿ ਤਨਖਾਹ ਭੁਗਤਾਨ ਐਕਟ 136 - ਘੱਟੋਘੱਟ ਤਨਖ਼ਾਹ 1948 -ਬੋਨਸ ਭੁਗਤਾਨ ਇੱਕ 1965 ਅਤੇ ਬਰਾਬਰ ਤਨਖ਼ਾਹ ਕਾਨੂੰਨ 1976 (ਧਾਰਾ 60) ਇਹ ਤਨਖਾਹ ਕੋਡ ਸਾਰੀਆਂ ਕੰਪਨੀਆਂ ਤੋਂ ਇਲਾਵਾ ਇਨ੍ਹਾਂ ਸਾਰਿਆਂ ਤੇ ਵੀ ਲਾਗੂ ਹੋਣ ਜਾ ਰਿਹਾ ਹੈ। ਜਿਵੇਂ ਕਿ ਕੇਂਦਰ ਸਰਕਾਰ ਦੀ ਅਥਾਰਟੀ ਅਧੀਨ ਕੰਮ ਕਰਦੇ ਅਦਾਰੇ :-ਰੇਲਵੇ ਖਾਣਾ ਤੇਲ ਖੇਤਰ ਪ੍ਰਮੁੱਖ ਬੰਦਰਗਾਹ ਹਵਾਈ ਆਵਾਜਾਈ ਸੇਵਾ ਦੂਰਸੰਚਾਰ ਬੈਂਕ ਬੀਮਾ ਕੰਪਨੀ ਕੇਂਦਰੀ ਕਾਨੂੰਨ ਤਹਿਤ ਸਥਾਪਿਤ ਨਿਗਮ ਜਾਂ ਹੋਰ ਅਥਾਰਟੀ ਕੇਂਦਰ ਦੇ ਜਨਤਕ ਖੇਤਰ ਦੇ ਅਦਾਰੇ ਜਾਂ ਕੇਂਦਰ ਸਰਕਾਰ ਦੀ ਮਾਲਕੀ ਜਾਂ ਉਸ ਦੇ ਕੰਟਰੋਲ ਵਾਲੇ ਸਮਝੌਤਿਆਂ ਰਾਹੀਂ ਸਥਾਪਤ ਕੇਂਦਰ ਜਨਤਕ ਖੇਤਰ ਦੇ ਅਦਾਰੇ ਜਾਂ ਸਹਾਇਕ ਕੰਪਨੀਆਂ ਜਿਸ ਵਿੱਚ ਅਜਿਹੇ ਅਦਾਰਿਆਂ ਨਿਗਮਾਂ ਜਾਂ ਹੋਰ ਅਥਾਰਟੀਆਂ ਖਾਤਰ ਨਿਯੁਕਤ ਠੇਕੇਦਾਰ ਵੀ ਸ਼ਾਮਿਲ ਹਨ ।ਕੇਂਦਰੀ ਜਨਤਕ ਖੇਤਰ ਦੇ ਅਦਾਰੇ ਕੰਪਨੀ ਜਾਂ ਆਜ਼ਾਦ ਸਮਝੌਤਾ ਜਿਹੋ ਜਿਹਾ ਮਰਜ਼ੀ ਮਾਮਲਾ ਹੋਵੇ ਕੇਂਦਰ ਸਰਕਾਰ ਧਾਰਾ 2 (5) ਅਧੀਨ ਯਾਨੀ। ਇਹ ਹੁਣ ਹਰ ਨੌਕਰੀ ਪੇਸ਼ਾ ਉੱਪਰ ਲਾਗੂ ਹੋਵੇਗਾ। ਇਸ ਮੁਤਾਬਕ ਹੁਣ ਤਨਖਾਹ ਘੰਟੇ ਦਿਨ ਜਾਂ ਮਹੀਨੇ ਦੇ ਹਿਸਾਬ ਨਾਲ ਤੈਅ ਕੀਤੀ ਜਾ ਸਕਦੀ ਹੈ ।ਇਹ ਹੁਣ ਸਮੇਂ ਦੇ ਕੰਮ ਲਈ ਮਜ਼ਦੂਰੀ ਦਰ (ਟੁਕੜੇ ਦੇ ਕੰਮ) ਦੇ ਲਈ ਮਜ਼ਦੂਰੀ ਇੱਕ ਘੱਟੋ ਘੱਟ ਦਰ ਦੇ ਹਿਸਾਬ ਨਾਲ ਦਿੱਤੀ ਜਾਵੇਗੀ (ਧਾਰਾ ਛੇ )ਯਾਨੀ ਨੌਕਰੀ ਘੰਟਾ ਜਾਂ ਦਿਨ ਦੇ ਹਿਸਾਬ ਨਾਲ ਵੀ ਦਿੱਤੀ ਜਾ ਸਕੇਗੀ। ਮਹੀਨੇ ਦੇ ਹਿਸਾਬ ਨਾਲ ਤਨਖਾਹ ਦੀ ਕੋਈ ਲਾਜ਼ਮੀ ਸ਼ਰਤ ਨਹੀਂ ਰਹਿ ਜਾਵੇਗੀ। ਤਨਖਾਹ ਕਮਿਸ਼ਨ ਜਾਂ ਤਨਖਾਹਾਂ ਦੀ ਮੁੜ ਨਿਰਧਾਰਨ ਆਦਿ ਖ਼ਤਮ ਕਰ ਦਿੱਤੇ ਜਾ ਰਹੇ ਹਨ ।ਸਰਕਾਰ ਇੱਕ ਸਲਾਹਕਾਰ ਬੋਰਡ ਬਣਾਵੇਗੀ ਜੋ ਮਜ਼ਦੂਰਾਂ ਦੀ ਤਨਖਾਹ ਤੈਅ ਕਰੇਗਾ। ਕਿਸੇ ਵੀ ਕਰਮਚਾਰੀ ਤੇ ਜ਼ੁਰਮਾਨਾ ਨਹੀਂ ਲੈ ਜਾਵੇਗਾ ਜਿਸ ਦੀ ਉਮਰ ਪੰਦਰਾਂ ਸਾਲ ਤੋਂ ਘੱਟ ਹੋਵੇਗੀ। ਜਾਣੀ ਪੰਦਰਾਂ ਸਾਲ ਇਸ ਤੋਂ ਘੱਟ ਉਮਰ ਦੇ ਲੋਕ ਵੀ ਕੰਮ ਤੇ ਰੱਖੇ ਜਾ ਸਕਣਗੇ। ਹੁਣ ਬਾਲ ਮਜ਼ਦੂਰੀ ਰੋਕੂ ਕਾਨੂੰਨ ਖਤਮ ਹੋ ਜਾਵੇਗਾ। ਕਿਸੇ ਨੂੰ ਵੀ ਸਿਰਫ ਦੋ ਦਿਨ ਦਾ ਨੋਟਿਸ ਦੇ ਕੇ ਕੰਮ ਤੋਂ ਕੱਢਿਆ ਜਾ ਸਕੇਗਾ। ਕੰਮ ਦੇ ਘੰਟੇ ਕਿੰਨੇ ਵੀ ਤੇ ਕੀਤੇ ਜਾ ਸਕਦੇ ਹਨ। ਅੱਠ ਘੰਟੇ ਦੀ ਸ਼ਰਤ ਹੁਣ ਖ਼ਤਮ ਕਰ ਦਿੱਤੀ ਗਈ ਹੈ। ਹਫਤਾ ਛੇ ਦਿਨਾਂ ਦਾ ਹੋਵੇਗਾ ਸੱਤਵੇਂ ਦਿਨ ਛੁੱਟੀ ਹੋਵੇਗੀ ਤਾਰਾ 13 (1) ਉੱਨੀ ਸੌ ਸੰਤਾਲੀ ਦੀ ਸੱਤਾ ਬਦਲੀ ਪਿੱਛੋਂ ਕਿਸੇ ਨੇ ਅਜਿਹਾ ਜ਼ਾਲਮ ਕਾਨੂੰਨ ਸ਼ਾਇਦ ਹੀ ਸੁਣਿਆ ਹੋਵੇਗਾ। ਕੌਮਾਂਤਰੀ ਕਿਰਤ ਸੰਗਠਨ (ਆਈ ਲਓ) ਇਸ ਕਾਨੂੰਨ ਦੇ ਸਾਹਮਣੇ ਇੱਕ ਹਾਸੋਹੀਣੀ ਸੰਸਥਾ ਵਿਖਾਈ ਦੇ ਰਿਹਾ ਹੈ। ਅਜੇ ਤੱਕ ਤਾਂ ਸਰਕਾਰ ਮਜ਼ਦੂਰਾਂ ਦੀ ਭਵਿੱਖ ਨਿਧੀ (ਪੀ ਐੱਫ)ਅਤੇ ਬੈਂਕ ਡਿਪਾਜ਼ਿਟ ਹੀ ਹੜੱਪ ਕਰ ਰਹੀ ਸੀ ਹੁਣ ਤਾਂ ਉਨ੍ਹਾਂ ਦੀ ਜ਼ਿੰਦਗੀ ਹੀ ਸ਼ਾਹੂਕਾਰਾਂ ਦੇ ਚੁੰਗਲ ਵਿੱਚ ਪਾਈ ਜਾ ਰਹੀ ਹੈ ।ਕਾਇਦੇ ਨਾਲ ਤਾਂ ਇਸ ਮੁੱਦੇ ਤੇ ਦੇਸ਼ ਵਿੱਚ ਲੋਕ ਉਭਾਰ ਦਿੱਸਣਾ ਚਾਹੀਦਾ ਹੈ। ਵਿਰੋਧੀ ਧਿਰ ਲਈ ਗਾਂ-ਗੋਹਾ- ਗਊ ਮੂਤਰ ਦਾ ਅਖਾਣ ਬਦਲਣ ਦਾ ਇਸ ਤੋਂ ਬਿਹਤਰ ਮੌਕਾ ਕੀ ਹੋ ਸਕਦਾ ਹੈ। ਪਰ ਅਫਸੋਸ ਫਿਲਹਾਲ ਕੋਈ ਵੀ ਹੱਲ ਚੱਲ ਨਹੀਂ ਦਿੱਸ ਰਹੀ। ਕਿਧਰੇ ਆਲੋਚਨਾ ਵੀ ਨਹੀਂ ਹੋ ਰਹੀ। ਅਖ਼ਬਾਰਾਂ ਵਿੱਚ ਬਿਆਨ ਵੀ ਨਹੀਂ ਆ ਰਹੀ। ਇਹ ਕਹੀਏ ਕਿ ਜਿਸ ਕਾਰਪੋਰੇਟ ਦੇ ਇਸ਼ਾਰੇ ਤੇ ਮੋਦੀ ਸਰਕਾਰ ਇਕ ਖ਼ੂਨੀ ਖੇਡ ਖੇਡਣ ਜਾ ਰਹੀ ਹੈ ਉਸ ਨੇ ਸਭ ਦੀ ਜੇਬ ਗਰਮ ਕਰ ਰੱਖੀ ਹੈ। ਜਦੋਂ ਜਨਤਾ ਨੇ ਸਰਗਰਮੀ ਫੜ ਲਈ ਤਾਂ ਸਭ ਦੀ ਗਰਮੀ ਉੱਤਰ ਜਾਣੀ ਹੈ। ਪਰ ਦੇਖੋ ਇਹ ਹੁੰਦਾ ਕਦੋਂ ਹੈ।

# ਪਬਲਿਕ ਸਿਹਤ ਬਜਟ ਕਟੌਤੀਆਂ, ਪ੍ਰਾਈਵੇਟ ਨਿਵੇਸ਼ ਖਿਲਾਫ ਬਰੈਂਪਟਨ ਓਂਟਾਰੀਓ ਵਿੱਚ ਸੈਮੀਨਾਰ









ਓਂਟਾਰੀਓ ਪਰੋਵਿੰਸੀਅਲ ਸਰਕਾਰ ਵੱਲੋਂ ਸਿਹਤ ਸੇਵਾਵਾਂ ਵਿੱਚ ਬਜ਼ਟ ਕਟੌਤੀਆਂ ਅਤੇ ਪ੍ਰਾਈਵੇਟ ਨਿਵੇਸ਼ ਦੀ ਨੀਤੀ ਦੇ ਮਾਰੂ ਪ੍ਰਭਾਵਾਂ ਖਿਲਾਫ "ਕਮਿਊਨਿਸਟ ਪਾਰਟੀ ਆਫ ਕੈਨੇਡਾ" ਦੀ "ਜੀ. ਟੀ. ਏ. ਵੈਸਟ ਕਲੱਬ" ਸ਼ਾਖਾ ਵੱਲੋਂ 16 ਦਸੰਬਰ ਐਤਵਾਰ ਨੂੰ ਇੱਕ ਸੈਮੀਨਾਰ ਦਾ ਆਯੋਜਨ ਕੀਤਾ ਗਿਆ। ਇਸ ਸੈਮੀਨਾਰ ਵਿੱਚ "ਓਂਟਾਰੀਓ ਹੈਲਥ ਕੋਲਿਸ਼ਨ" ਦੀ ਐਗਜੈਕਟਿਵ ਡਾਈਰੈਕਟਰ ਨਤਾਲੀ ਮੇਹਰਾ, ਪੰਜਾਬ ਸਰਕਾਰ ਦੀ ਡਾਕਟਰਜ਼ ਐਸੋਸਇਸ਼ਨ ਦੇ ਸਾਬਕਾ ਪ੍ਰਧਾਨ ਡਾ: ਹਰਦੀਪ ਸਿੰਘ ਜੋ ਕਿ ਕੈਨੇਡੀਅਨ ਪੇਪਰ_'ਸਰੋਕਾਰਾਂ ਦੀ ਅਵਾਜ਼' ਦੇ ਸਹਿ ਸੰਪਾਦਕ ਹਨ ਤੋਂ ਇਲਾਵਾ ਯੂਨੀਅਨ ਸੀਟ ਸਿਹਤ ਰਿਸਰਚਰ ਅਤੇ ਕਮਿਊਨਿਸਟ ਨੇਤਾ ਡੱਗ ਐਲਨ ਨੇ ਸੰਬੋਧਨ ਕੀਤਾ। ਇਸ ਸੈਮੀਨਾਰ ਵਿੱਚ ਵੱਖੋ ਵੱਖਰੇ ਸਿਹਤ ਮਾਹਿਰਾਂ ਨੇ ਵਿਸਥਾਰ ਵਿੱਚ ਦਰਸ਼ਕਾਂ ਨਾਲ ਵਿਚਾਰ ਸਾਂਝੇ ਕੀਤੇ ਅਤੇ ਕਾਮਰੇਡ ਵਿਲਫ੍ਰਡ ਨੇ ਸੈਮੀਨਾਰ ਦਾ ਸਟੇਜ ਪ੍ਰਬੰਧਨ ਕੀਤਾ। ਪ੍ਰਸ਼ਨ ਉਤਰ ਸ਼ੈਸ਼ਨ ਵਿੱਚ ਦਰਸ਼ਕਾਂ ਨੇ ਵਿਚਾਰ ਚਰਚਾ ਵਿੱਚ ਹਿੱਸਾ ਲਿਆ ਅਤੇ ਪ੍ਰੋਗਰਾਮ ਵਿੱਚ ਇਹ ਗੱਲ ਉਭਰੀ ਕਿ ਸਿਹਤ ਲਈ ਬਜਟ ਲੋੜ ਮੁਤਾਬਿਕ ਵਧਾਇਆ ਜਾਵੇ ਅਤੇ ਨਿੱਜੀਕਰਨ ਬੰਦ ਕੀਤਾ ਜਾਵੇ।

ਓਂਟਾਰੀਓ ਹੈਲਥ ਕੋਲਸ਼ਿਨ ਦੀ ਐਗਜੈਕਟਿਵ ਡਾਈਰੈਕਟਰ ਨਤਾਲੀ ਮੇਹਰਾ ਨੇ ਓਂਟਾਰੀਓ ਪ੍ਰੋਵਿੰਸ ਦੀ ਮੌਜੂਦਾ ਡੱਗ ਸਰਕਾਰ ਨੇ ਆਪਣੀਆਂ ਸੱਜੇ ਪੱਖੀ ਲੋਕ ਵਿਰੋਧੀ ਨੀਤੀਆਂ ਲਾਗੂ ਕਰਨੀਆਂ ਸ਼ੁਰੂ ਕਰ ਦਿੱਤੀਆਂ ਹਨ ਜਿਸ ਵਿੱਚ ਲੋਕਾਂ ਦੀ ਮੀਨੀਮਮ ਵੇਜ 15 ਡਾਲਰ ਪ੍ਰਤੀ ਘੰਟਾ ਨੂੰ ਫਰੀਜ ਕਰਨਾ, ਔਰਤਾਂ ਮਰਦਾਂ ਦੀ ਇੱਕੋ ਬਰਾਬਰ ਵੇਜ ਨੂੰ ਵਾਪਸ ਲੈਣ ਤੋਂ ਇਲਾਵਾ, ਸਿਹਤ ਬਜਟ ਦੀਆਂ ਕਟੌਤੀਆਂ, ਸਿਹਤ ਵਿੱਚ ਪ੍ਰਾਈਵੇਟ ਕੈਪਟਿਲ ਨਿਵੇਸ਼ ਆਦਿ ਸ਼ਾਮਲ ਹਨ। ਇਹ ਸਾਰੇ ਫੈਸਲੇ ਆਮ ਲੋਕਾਂ ਦੇ ਹਿੱਤਾਂ ਦੇ ਉਲਟ ਹਨ ਅਤੇ ਸਿਰਫ ਕਾਰਪੋਰੇਟ ਕੰਪਨੀਆਂ ਦੇ ਮੁਨਾਫੇ ਦੀ ਰਾਖੀ ਕਰਨ ਵਾਲੇ ਹਨ। ਪ੍ਰੋਵਿੰਸ ਦੀਆਂ ਪਬਲਿਕ ਸਿਹਤ ਪ੍ਰਬੰਧ ਪਹਿਲਾਂ ਹੀ ਲੋਕਾਂ ਦੀਆਂ ਲੋੜਾਂ ਲਈ ਨਾਕਾਫੀ ਹੈ ਪਰ ਡੱਗ ਸਰਕਾਰ ਵੱਲੋਂ ਹੋਰ ਬਜਟ ਕਟੌਤੀਆਂ ਅਤੇ ਪ੍ਰਾਈਵੇਟ ਕੈਪਟਿਲ ਨਿਵੇਸ਼ ਹੋਰ ਗੰਭੀਰ ਖਤਰਾ ਬਣੇਗਾ। ਉਨ੍ਹਾਂ ਕਿਹਾ ਕਿ ਪੂਰੇ ਪਰੋਵਿੰਸ ਖਾਸ ਕਰਕੇ ਬਰੈਂਪਟਨ ਸ਼ਹਿਰ ਦੇ ਨਿਵਾਸੀਆਂ ਇਲਾਜ ਸਹੂਲਤ ਲਈ ਬਹੁਤ ਮੁਸ਼ਕਿਲਾਂ ਦਾ ਸਾਹਮਣਾ ਕਰ ਰਹੇ ਹਨ। ਇਸ ਸ਼ਹਿਰ ਦਾ ਇੱਕੋ ਇੱਕ ਸਿਵਕ ਹਸਪਤਾਲ ਘਣੀ ਆਬਾਦੀ ਵਾਲੇ ਇਸ ਸ਼ਹਿਰ ਦੀਆਂ ਲੋੜ੍ਹਾਂ ਲਈ ਪੂਰਾ ਨਹੀਂ ਉਤਰ ਰਿਹਾ। ਬਰੈਂਪਟਨ ਸਿਵਕ ਐਮਰਜੈਂਸੀ ਵਿਭਾਗ ਇੱਕ ਸਾਲ ਵਿੱਚ 90,000 ਮਰੀਜ਼ਾਂ ਦੇ ਪ੍ਰਬੰਧ ਦੀ ਕਪੈਸਟੀ ਨਾਲ ਉਸਾਰਿਆ ਗਿਆ ਹੈ ਜਦਕਿ ਸਾਲ 2016-2017 ਵਿੱਚ 138,000 ਮਰੀਜ਼ਾਂ ਇਲਾਜ ਲਈ ਆਏ।


ਪਰ ਇਨ੍ਹੇ ਮਰੀਜ਼ਾਂ ਵਾਲੇ ਬਰੈਂਪਟਨ ਸ਼ਹਿਰ ਲਈ ਇਸ ਦੇ ਨਾਲ ਨਾਲ ਨਵਾਂ ਪੀਲ ਮੈਮੋਰੀਅਲ ਸੈਂਟਰ ਵੀ ਜ਼ਰੂਰਤ ਪੂਰੀ ਕਰਦਾ ਨਜ਼ਰ ਨਹੀਂ ਆ ਰਿਹਾ। ਸ਼ਹਿਰ ਦੇ ਆਲੇ ਦੁਆਲੇ 'ਪੀਲ ਰਿਜ਼ਨ' ਦੇ ਹੋਰ ਛੋਟੇ ਵੱਡੇ ਸ਼ਹਿਰਾਂ ਵਿੱਚ ਇਸ ਪੱਧਰ ਦੀ ਐਮਰਜੈਂਸੀ ਸਹੂਲਤਾਂ ਦੀ ਘਾਟ ਹੈ ਇਸ ਕਰਕੇ ਪੂਰੇ ਰਿਜ਼ਨ ਦੇ ਮਰੀਜ਼ ਵੀ ਇਸ ਬਰੈਂਪਟਨ ਸਿਵਕ ਹਸਪਤਾਲ ਤੇ ਨਿਰਭਰ ਹਨ। ਲਗਾਤਾਰ ਵਧ ਰਹੀ ਵੱਸੋਂ ਕਾਰਨ ਇਸ ਹਸਪਤਾਲ ਵਿੱਚ ਪ੍ਰਤੀ ਮਰੀਜ਼ ਬੈਡਾਂ ਦੀ ਘਾਟ ਹੋ ਰਹੀ ਰਹੀ ਹੈ।

ਉਨ੍ਹਾਂ ਦੱਸਿਆ ਕਿ ਹੈਲਥ ਕੋਲਸ਼ਿਨ ਲੋਕਾਂ ਨੂੰ ਸਿਹਤ ਸਹੂਲਤਾਂ ਪ੍ਰਤੀ ਜਾਗਰੂਕ ਕਰਕੇ ਇਸ ਲਈ ਲਗਾਤਾਰ ਸੰਘਰਸ਼ ਕਰਦੀ ਰਹਿੰਦੀ ਹੈ। ਅਸੀਂ ਸਿਹਤ ਸਹੂਲਤਾਂ ਦੀ ਕਮੀ ਨੂੰ ਪੂਰਾ ਕਰਨ ਦੀ ਮੰਗ ਨੂੰ ਲੈ ਕੇ ਪ੍ਰੋਵਿੰਸ ਲੈਜੀਸਲੇਚਰ ਇਮਾਰਤ ਸਾਹਮਣੇ 5000 ਵਰਕਰਾਂ ਦੀ ਵੱਡੀ ਰੈਲੀ ਵੀ ਕੀਤੀ ਸੀ ਅਤੇ ਭਵਿੱਖ ਵਿੱਚ ਹੋਰ ਵੱਡੇ ਫਰੋਗਰੱਮ ਦੀ ਤਿਆਰੀ ਹੈ। ਅਸੀਂ ਓਦੋਂ ਤੱਕ ਨਹੀਂ ਰੁਕਾਂਗੇ ਜਦੋਂ ਤੱਕ ਅਸੀਂ ਸਿਹਤ ਸਹੂਲਤਾਂ ਦੇ ਇਸ ਲੋਕਮਾਰੂ ਹਮਲੇ ਨੂੰ ਨਹੀਂ ਰੋਕ ਲੈਂਦੇ। ਸਾਨੂੰ ਡੱਗ ਸਰਕਾਰ ਦੇ ਇਸ ਲੋਕ ਮਾਰੂ ਹਮਲੇ ਖਿਲਾਫ ਤਕੜੇ ਅਤੇ ਸਾਂਝੇ ਵਿਰੋਧ ਨੂੰ ਲਾਮਬੰਦ ਕਰਨਾ ਪਵੇਗਾ। ਪੰਜਾਬ ਸਰਕਾਰ ਸਿਹਤ ਵਿਭਾਗ ਦੇ ਸਾਬਕਾ ਸੀ. ਐਮ. ਓ. ਅਤੇ 'ਸਰੋਕਾਰਾਂ ਦੀ ਅਵਾਜ਼' ਦੇ ਸਹਿ- ਸੰਪਾਦਕ ਡਾ: ਹਰਦੀਪ ਸਿੰਘ ਨੇ ਆਪਣੇ ਸੰਬੋਧਨ ਵਿੱਚ ਕਿਹਾ ਕਿ ਕੈਨੇਡਾ ਦੇ ਹਰ ਸ਼ਹਿਰੀ ਨੂੰ ਸਰਕਾਰ ਦੁਆਰਾ "ਕੈਨੇਡਾ ਹੈਲਥ ਐਕਟ" ਦੁਆਰਾ ਤਸੱਲੀਬਖਸ਼ ਸਿਹਤ ਸਹੂਲਤਾਂ ਬਗੈਰ ਕਿਸੇ ਭੇਦ ਭਾਵ ਦੇ ਪ੍ਰਾਪ੍ਰਤ ਕਰਨ ਦਾ ਪੂਰਾ ਸੰਵਿਧਾਨਕ ਹੱਕ ਹੈ ਜਿਸ ਨੂੰ ਇਸ ਐਕਟ ਵਿੱਚ ਮਨੁੱਖੀ ਅਧਿਕਾਰ ਵੀ ਦੱਸਿਆ ਗਿਆ ਹੈ ਪਰ ਸਰਕਾਰਾਂ ਇਸ ਦੇ ਉਲਟ ਸਿਹਤ ਸਹੂਲਤਾਂ ਦੇ ਇਸ ਵਾਅਦੇ ਤੋ ਮੁਨਕਰ ਹੁੰਦੀਆਂ ਨਜ਼ਰ ਆ ਰਹੀਆਂ ਹਨ। ਪਰੋਵਿੰਸ ਦੀਆਂ ਐਮਰਜੈਂਸੀ ਸੇਵਾਵਾਂ ਲਈ ਬਣੇ ਇਹ ਹਸਪਤਾਲ 85 ਪ੍ਰਤੀਸ਼ਤ ਤੋਂ ਪਾਰ ਕਰਕੇ ਹਰ ਵੇਲੇ 100 ਤੋਂ 120 ਪ੍ਰਤੀਸ਼ਤ ਤੱਕ ਵੀ ਓਵਰ ਕਰਾਉਡਿਡ ਰਹਿੰਦੇ ਹਨ। ਇਲਾਜ ਲਈ ਵੇਟਿੰਗ ਲਿਸਟ ਲੰਬੀ ਹੋ ਰਹੀ ਹੈ। ਮੌਜੂਦਾ ਡੱਗ ਸਰਕਾਰ ਵੱਲੋਂ ਸਿਹਤ ਬਜਟ ਦੀਆਂ ਕਟੌਤੀਆਂ ਅਤੇ ਸਿਹਤ ਵਿੱਚ ਪ੍ਰਾਈਵੇਟ ਕੈਪਟਿਲ ਨਿਵੇਸ਼ ਗੈਰ-ਸੰਵਿਧਾਨਿਕ ਹੈ। ਅਸਲ ਵਿੱਚ ਪਬਲਿਕ ਸਿਹਤ ਪ੍ਰਬੰਧਾਂ ਲਈ ਬਜਟਾਂ ਦੀ ਘਾਟ ਦਾ ਰੌਲਾ ਪਾ ਕੇ ਇਹ ਸਰਕਾਰਾਂ ਪੀ 3 (ਪਬਲਿਕ -ਪ੍ਰਾਈਵੇਟ -ਪਾਰਟਨਰਸ਼ਿਪ) ਪ੍ਰੋਜੈਕਟਾਂ ਰਾਹੀਂ ਕਾਰਪੋਰੇਟ ਕੰਪਨੀਆਂ ਦੇ ਹਵਾਲੇ ਕਰ ਰਹੀਆਂ ਹਨ। ਜਦਕਿ ਜੀਵਨ ਸਹੂਲਤਾਂ ਦੇ ਮਕਸਦ ਲਈ ਟੈਕਸ ਪੇਅਰ ਤੋਂ ਇਕੱਠੇ ਕੀਤੇ ਅਥਾਹ ਬਜਟ ਨੂੰ ਸੰਸਾਰ ਭਰ ਵਿੱਚ ਜੰਗੀ ਮੁਹਿੰਮਾਂ ਲਈ ਖਰਚ ਕਰ ਰਹੀ ਹੈ। ਹਲਾਂਕਿ ਬਣਦਾ ਇਹ ਹੈ ਕਿ ਜੰਗੀ ਬਜਟ ਦੀ ਕਟੌਤੀ ਕਰਕੇ ਲੋਕਾਂ ਮਿਆਰੀ ਸਿਹਤ ਸਹੂਲਤਾਂ ਦਿੱਤੀ ਜਾ ਸਕਦੀਆਂ ਹਨ। ਉਨਾਂ ਕਿਹਾ ਕਿ ਆਮ ਲੋਕਾਂ ਦੇ ਹਿੱਤ ਅਤੇ ਕਾਰਪੋਰੇਟ ਜਗਤ ਦੇ ਹਿੱਤ ਪਰਸਪਰ ਵਿਰੋਧੀ ਹਨ। ਆਮ ਲੋਕਾਂ ਦਾਆਪਣੇ ਹੱਕਾਂ ਲਈ ਅਵੇਸਲਾ ਹੋਣਾ ਵੀ ਸਰਕਾਰ ਨੂੰ ਕਾਰਪੋਰੇਟ ਜਗਤ ਦਾ ਹਿੱਤ ਪੂਰਾ ਕਰਨ ਦੀ ਇਜ਼ਾਜ਼ਤ ਦਿੰਦਾ ਹੈ। ਮਿਹਨਤਕਸ਼ ਵਰਗ ਦੀ ਚੇਤਨਤਾ ਅਤੇ ਵਰਗ ਸੰਘਰਸ਼ ਹੀ ਸਰਕਾਰਾਂ ਦੀਆਂ ਲੋਕ ਵਿਰੋਧੀ ਨੂੰ ਨੱਥ ਪਾ ਸਕਦਾ ਹੈ।

ਇਸ ਸੈਮੀਨਾਰ ਨੂੰ ਸੰਬੋਧਨ ਕਰਦੇ ਉਘੇ ਯੁਨੀਅਨ ਈਸਟ ਹੈਲਥ ਰਿਸਰਚਰ ਅਤੇ ਕਮਿਊਨਿਸਟ ਨੇਤਾ ਡੱਗ ਐਲਨ ਨੇ ਵੀ ਸਿਹਤ ਸੇਵਾਵਾਂ ਅੰਦਰ ਨਿੱਜੀਕਰਨ ਨੂੰ ਲੋਕਾਂ ਲਈ ਮੰਦਭਾਗਾ ਦੱਸਿਆ। ਉਨ੍ਹਾਂ ਕਿਹਾ ਕਿ ਕੈਨੇਡਾ ਦਾ ਪਬਲਿਕ ਸਿਹਤ ਸੰਭਾਲ ਪ੍ਰਬੰਧ ਖਤਰੇ ਵਿੱਚ ਹੈ। ਸਿਵਕ ਹਸਪਤਾਲਾਂ ਦੇ ਪ੍ਰਬੰਧਾਂ ਦਾ ਮਾੜਾ ਹਾਲ ਹੈ ਐਮਰਜੈਂਸੀ ਵੇਲੇ ਮਰੀਜ਼ਾਂ ਨੂੰ ਇਲਾਜ਼ ਲਈ ਹਸਪਤਾਲ ਦੇ ਹਾਲਵੇਅ ਵਿੱਚ ਲੰਬੀ ਉਡੀਕ ਕਰਨੀ ਪੈਂਦੀ ਹੈ। ਸਰਕਾਰਾਂ ਵੱਲੋਂ ਇਲਾਜ਼ ਪ੍ਰਬੰਧਾ ਤੇ ਲਗਾਏ ਗਏ ਬਜਟ ਕਟੌਤੀਆਂ ਅਤੇ ਕਈ ਛੋਟੇ ਸ਼ੁਹਿਰਾਂ ਦੇ ਹਸਪਤਾਲਾਂ ਦੀ ਕੀਤੀ ਗਈ ਤਾਲਾਬੰਦੀ ਦਾ ਨਤੀਜਾ ਮੌਜੂਦਾ ਕਰਾਈਸਸ ਹੈ। ਕਾਰਪੋਰੇਟ ਸੈਕਟਰ ਲਗਾਤਾਰ ਸਿਹਤ ਨੂੰ ਨਿੱਜੀਕਰਨ ਕਰਨ ਲਈ ਸਰਕਾਰਾਂ ਤੇ ਦਬਾਅ ਪਾ ਰਿਹਾ ਹੈ। ਮਿਹਨਤਕਸ਼ ਵਰਗ ਦੇ ਸੰਘਰਸ਼ਾਂ ਤੋਂ ਡਰ ਕੇ ਸਰਕਾਰਾਂ ਸਿਹਤ ਨੂੰ ਸਿੱਧੇ ਨਿੱਜੀਕਰਨ ਕਰਨ ਤੋਂ ਡਰਦੀਆਂ ਹਨ ਪਰ ਟੇਢੇ ਢੰਗ ਰਾਹੀ ਇਹ ਕੰਮ ਹੌਲੀ ਹੌਲੀ ਜਾਰੀ ਹੈ। ਗਿਣੀ ਮਿਥੀ ਸਕੀਮ ਨਾਲ ਸਰਕਾਰ ਦੁਆਰਾ ਸਿਹਤ ਅੰਦਰ ਬਜਟ ਕਟੌਤੀਆਂ ਜਾਰੀ ਹਨ ਅਤੇ ਪੀ 3 (ਪਬਲਿਕ-ਪ੍ਰਾਈਵੇਟ-ਪਾਰਟਨਰਸ਼ਿਪ) ਪ੍ਰੋਜੈਕਟ ਰਾਹੀਂ ਹਸਪਤਾਲਾਂ ਦਾ ਕੰਮ ਪ੍ਰਾਈਵੇਟ ਕੰਪਨੀਆਂ ਦੇ ਪੂੰਜੀ ਨਿਵੇਸ਼ ਨਾਲ 8 ਬਿਲੀਅਨ ਡਾਲਰ ਬਰਬਾਦ ਕੀਤੇ ਜਾ ਚੁੱਕੇ ਹਨ। ਸਿਹਤ ਪ੍ਰਬੰਧਾਂ ਦੀ ਰਾਖੀ ਲਈ ਮਿਹਨਤਕਸ਼ ਵਰਗ ਦਾ ਵੱਡਾ ਕੋਲਿਸ਼ਨ ਜੱਥੇਬੰਦ ਕਰਨ ਦੀ ਜ਼ਰੂਰਤ ਹੈ। ਕਮਿਊਨਿਸਟ ਕਾਰਕੁਨਾਂ ਨੂੰ ਇਸ ਸੰਘਰਸ਼ ਦੀ ਅਗਵਾਈ ਲਈ ਅੱਗੇ ਆਉਣਾ ਪਵੇਗਾ।

ਸੈਮੀਨਾਰ ਦੇ ਪ੍ਰਸ਼ਨ-ਉਤਰ ਸੈਸ਼ਨ ਵਿੱਚ ਮਹਿਰਾਜ਼, ਬਲਜੀਤ ਬੈਂਸ, ਹਰਪਰਮਿੰਦਰ ਗਦਰੀ ਤੇ ਹੋਰਨਾਂ ਨੇ ਹਿੱਸਾ ਲਿਆ। ਹਾਜ਼ਰੀਨ ਦੀ ਮੰਗ ਸੀ ਕਿ ਮੌਜੂਦਾ ਹਸਪਤਾਲਾਂ ਵਿੱਚ ਬੈਡ ਕੇਪੇਸਟੀ ਵਿੱਚ ਵਾਧਾ ਕੀਤਾ ਜਾਵੇ, ਤਾਲਾਬੰਦੀ ਕਿਨਾਰੇ ਖੜ੍ਹੇ ਹਸਪਤਾਲਾਂ ਨੂੰ ਬਚਾਇਆ ਜਾਵੇ ਅਤੇ ਸਾਰੇ ਛੋਟੇ ਵੱਡੇ ਇਲਾਕਿਆਂ ਦੀ ਲੋੜ੍ਹ ਮੁਤਾਬਿਕ ਨਵੇਂ ਹਸਪਤਾਲਾਂ ਦੀ ਉਸਾਰੀ ਕੀਤੀ ਜਾਵੇ। ਇਸ ਪ੍ਰੋਗਰਾਮ ਵਿੱਚ 'ਸਰੋਕਾਰਾਂ ਦੀ ਅਵਾਜ਼' ਦੇ ਚੀਫ-ਐਡੀਟਰ ਹਰਬੰਸ ਸਿੰਘ, ਇੰਡੋ-ਕੈਨੇਡਿਅਨ ਵਰਕਰਜ਼ ਐਸੋਸੀਏਸ਼ਨ ਦੇ ਸੁਰਜੀਤ ਸਹੋਤਾ, ਬਰੈਂਪਟਨ ਐਕਸ਼ਨ ਕਮੇਟੀ ਦੇ ਸ੍ਰੀ ਨਾਹਰ ਔਜਲਾ ਆਦਿ ਵੀ ਹਾਜ਼ਰ ਸਨ।

## ਰਿਵਿਊ




ਵਿਦਿਆਰਥੀਆਂ ਨੂੰ ਸਾਹਿਤ ਨਾਲ ਜੋੜਨ ਦਾ ਸ਼ਲਾਘਾਯੋਗ ਯਤਨ ਸਕੂਲ ਮੈਗਜ਼ੀਨ ਵਿਦਿਆਰਥੀਆਂ ਦੇ ਭਵਿੱਖ 'ਚ ਸਥਾਪਤ ਲੇਖਕ ਬਣਨ ਦਾ ਆਧਾਰ ਹੁੰਦਾ ਹੈ। ਆਪਣੀਆਂ ਭਾਵਨਾਵਾਂ ਅਤੇ ਵਿਚਾਰਾਂ ਨੂੰ ਲਿਖਤੀ ਰੂਪ ਦੇਣਾ ਵੀ ਇੱਕ ਕਲਾ ਹੈ। ਇਹ ਕਲਾ ਅਭਿਆਸ ਮੰਗਦੀ ਹੈ ਅਤੇ ਅਭਿਆਸ ਨਾਲ ਹੁਨਰ ਬਣ ਜਾਂਦੀ ਹੈ। ਵਿਦਿਆਰਥੀ ਰਚਨਾਵਾਂ ਉਹਨਾਂ ਦੀ ਸੋਚ ਦਾ ਚਿੱਤਰ ਉਲੀਕਦੀਆਂ ਹਨ। ਵਿਦਿਆਰਥੀਆਂ ਆਪਣੀਆਂ ਰਚਨਾਵਾਂ ਦੇ ਖਰੜੇ 'ਚ ਸੋਧ ਕਰਦਿਆਂ ਜਦੋਂ ਉੱਚ ਪਾਏ ਦਾ ਬਣਾਉਣ ਲਈ ਕੋਸ਼ਿਸ਼ ਕਰਦੇ ਹਨ, ਤਾਂ ਰਚਨਾਵਾਂ ਦੇ ਸੁਧਾਰ ਨਾਲ ਉਹਨਾਂ ਦਾ ਬੌਧਿਕ ਵਿਕਾਸ ਵੀ ਹੁੰਦਾ ਹੈ। ਸੀਬਾ ਇੰਟਰਨੈਸ਼ਨਲ ਪਬਲਿਕ ਸਕੂਲ, ਲਹਿਰਾਗਾਗਾ ਵੱਲੋਂ ਸਕੂਲ-ਮੈਗਜ਼ੀਨ "ਸੀਬਾ-ਟਾਇਮਜ਼" ਦਾ "ਵਿਸ਼ੇਸ਼ ਅੰਕ" ਜਾਰੀ ਕੀਤਾ ਗਿਆ ਹੈ। 20 ਵਰ੍ਹੇ ਪਹਿਲਾਂ ਲਹਿਰਾਗਾਗਾ ਜਿਹੇ ਪਛੜੇ ਇਲਾਕੇ 'ਚ ਸਥਾਪਤ ਹੋਈ ਇਸ ਸੰਸਥਾ ਦੀਆਂ ਸ਼ਾਨਦਾਰ/ਮਾਣਕਰਨਯੋਗ ਪ੍ਰਾਪਤੀਆਂ ਹਨ। ਸੀਬਾ ਦੇ 20 ਵਰ੍ਹਿਆਂ ਦੇ ਸਫਰ ਨਾਲ ਜੋੜਦਾ ਇਹ ਅੰਕ ਸਕੂਲੀ ਵਿਦਿਆਰਥੀਆਂ ਦੀਆਂ ਪੜ੍ਹਾਈ, ਖੇਡ, ਸਾਹਿਤ, ਸਭਿਆਚਾਰ, ਸਮਾਜਿਕ ਖੇਤਰ 'ਚ ਪ੍ਰਾਪਤੀਆਂ ਨੂੰ ਉਘਾੜਦਿਆਂ ਦਸਦਾ ਹੈ ਕਿ ਇਹ ਬੱਚੇ ਆਪਣੇ ਇਲਾਕੇ ਦੇ ਨਾਂਅ ਨਾਲ ਜੁੜੇ ਪਛੜੇਪਣ ਨੂੰ ਦੂਰ ਕਰਨ ਲਈ ਕਿੰਨਾ ਯਤਨਸ਼ੀਲ ਹਨ। ਤ੍ਰੈ-ਭਾਸ਼ੀ ਇਸ ਪਰਚੇ 'ਚ ਵਿਦਿਆਰਥੀਆਂ ਦੀਆਂ ਕਵਿਤਾਵਾਂ, ਕਹਾਣੀਆਂ, ਬੁਝਾਰਤਾਂ, ਲੇਖ਼ ਆਦਿ ਛਾਪੇ ਗਏ ਹਨ, ਨਾਲ ਹੀ ਗਤੀਵਿਧੀਆਂ ਦੀਆਂ ਤਸਵੀਰਾਂ ਵੀ। ਵਿਦਿਆਰਥੀ ਰਚਨਾਵਾਂ ਪੜ੍ਹਕੇ ਪਤਾ ਲੱਗਦਾ ਹੈ ਕਿ ਬੱਚਿਆਂ ਵਿੱਚ ਰਚਨਾਤਮਕਤਾ ਦੇ ਨਾਲ ਨਾਲ ਸਮਾਜਿਕ ਸੂਝ ਵੀ ਹੈ।

**ਸਰੋਕਾਰਾਂ ਦੀ ਆਵਾਜ਼ ਬਿਊਰੋ**



**ਹੋਮਲਾਈਫ਼ ਸਿਲਵਰਸਿਟੀ ਦੀ ਤੀਜੀ ਸਲਾਨਾ ਕ੍ਰਿਸਮਿਸ ਪਾਰਟੀ ਅਤੇ ਐਵਾਰਡ ਨਾਈਟ ਦੀਆਂ ਝਲਕੀਆਂ ਤੋਂ ਸਪਸ਼ਟ ਹੋ ਰਿਹਾ ਹੈ ਕਿ ਬੀਤੇ ਸਮੇਂ ਦੀਆਂ ਪ੍ਰਾਪਤੀਆਂ, ਮਿਹਨਤ ਦੀ ਭਾਵਨਾ ਅਤੇ ਭਵਿੱਖ ਵਿਚ ਸਫ਼ਲਤਾ ਨੂੰ ਚੁੰਮਣ ਜਾ ਰਹੀ ਸਖ਼ਤ ਮਿਹਨਤ ਅਤੇ ਇਮਾਨਦਾਰੀ ਦਾ ਸੇਹਰਾ ਅਜੀਤ ਸਿੰਘ ਗਰਚਾ ਅਤੇ ਬਲਜੀਤ ਗਰਚਾ ਭਰਾਵਾਂ ਦੇ ਸਿਰ ਜਾਂਦਾ ਹੈ। ਇਸ ਦੇ ਨਾਲ ਹੀ ਰੂਹੀ ਸੂਦ ਅਤੇ ਹਰਪ ਗਰੇਵਾਲ ਵਲੋਂ ਬੜੇ ਵਧੀਆ ਢੰਗ ਨਾਲ ਨਿਭਾਈ ਸਟੇਜ ਦੀ ਕਾਰਵਾਈ ਹੋਮਲਾਈਫ਼ ਸਿਲਵਰਸਿਟੀ ਦੀ ਸਲਾਨਾ ਪਾਰਟੀ ਲਈ ਸੋਨੇ ਤੇ ਸੁਹਾਗਾ ਸਾਬਤ ਹੋਈ।**





























# ਬਰੈਂਪਟਨ ਪੀ-3 ਹਸਪਤਾਲ ਬੇਚੈਨ ਕਮਿਊਨਟੀ ਦਾ ਨਿਸ਼ਾਨਾ, ਪ੍ਰੋਵਿੰਸ ਵੱਲੋਂ ਹਸਪਤਾਲ ਦੀ ਮਦਦ ਕਰਕੇ ਪਰਦੇ ਨੂੰ ਹਟਾਉਣ ਦੀ ਲੋੜ






ਬਰੈਂਪਟਨ ਦਾ ਨਵਾਂ ਹਸਪਤਾਲ ਬਣਨਾ ਇਥੋਂ ਦੇ ਵਸਨੀਕਾਂ ਲਈ ਖ਼ੁਸ਼ੀ ਦੀ ਗੱਲ ਸੀ, ਪਰ ਇਸ ਗੱਲ ਦੀ ਬਜਾਏ ਇਹ ਖੁੱਲ੍ਹਣ ਤੋਂ ਇੱਕ ਮਹੀਨੇ ਦੇ ਵਿੱਚ ਵਿੱਚ ਹੀ ਵਿਵਾਦ ਦਾ ਵਿਸ਼ਾ ਬਣ ਗਿਆ। ਪਿਛਲੇ ਹਫ਼ਤੇ ਹਜ਼ਾਰਾਂ ਲੋਕ ਦੋ ਮਰੀਜ਼ਾਂ ਦੀ ਮੌਤ ਦੇ ਵਿਰੁੱਧ ਇਸ ਖ਼ਿਲਾਫ਼ ਰੋਸ ਵਿਖਾਵਾ ਕਰਨ ਲਈ ਸੜਕਾਂ 'ਤੇ ਆ ਗਏ। ਇਹ ਮੌਤਾਂ ਲੋਕਾਂ ਅਨੁਸਾਰ ਹਸਪਤਾਲ ਵਿੱਚ ਬਿਸਤਰਿਆਂ ਦੀ ਘਾਟ ਅਤੇ ਲੰਮੇ ਉਡੀਕ ਸਮੇਂ ਕਾਰਨ ਹੋਈਆਂ। ਹੁਣ ਸੂਬਾ ਸਰਕਾਰ ਵੱਲੋਂ ਜਨਤਾ ਦਾ ਵਿਸ਼ਵਾਸ ਹਾਸਲ ਕਰਨ ਲਈ ਉਥੇ ਇੱਕ ਸੁਪਰਵਾਈਜ਼ਰ ਦੀ ਨਿਯੁਕਤੀ ਕੀਤੀ ਗਈ ਹੈ।

ਇਹ ਹਸਪਤਾਲ ਸੂਬੇ ਦਾ ਪਹਿਲਾ ਵੱਡਾ ਪੀ-3 (ਪਬਲਿਕ ਪ੍ਰਾਈਵੇਟ ਹਿੱਸੇਦਾਰੀ) ਵਾਲਾ ਹਸਪਤਾਲ ਹੈ। ਇੱਕ ਬਹੁਕੌਮੀ ਕਾਰਪੋਰੇਸ਼ਨਾਂ ਦੇ ਗਰੁੱਪ ਵੱਲੋਂ ਇਸ ਦਾ ਨਿਰਮਾਣ ਕੀਤਾ ਗਿਆ ਹੈ ਜਿਸ ਵਿੱਚ ਪੈਸਾ ਖ਼ਰਚਣ ਦੇ ਬਦਲੇ ਵਿੱਚ ਉਸ ਨੂੰ ਕੰਟ੍ਰੈਕਟ ਅਨੁਸਾਰ ਨਾ ਕੇਵਲ ਵੱਡਾ ਮੁਨਾਫ਼ਾ ਹੀ ਮਿਲੇਗਾ ਸਗੋਂ ਆਉਂਦੇ 25 ਸਾਲਾਂ ਵਿੱਚ ਉਸ ਗਰੁੱਪ ਨੂੰ ਇਸ ਗੱਲ ਦੀ ਗਰੰਟੀ ਦਿੱਤੀ ਗਈ ਹੈ ਕਿ ਉਹ ਹਸਪਤਾਲ ਨੂੰ ਸਹਾਇਕ ਸੇਵਾਵਾਂ ਅਤੇ ਜ਼ਮੀਨ ਦੇ ਬਦਲੇ ਮੁਨਾਫ਼ੇ ਲਈ ਚਲਾਏਗਾ। ਬਰੈਂਪਟਨ ਦਾ ਵੱਡਾ ਪੀ-3 ਹਸਪਤਾਲ ਉਨਟਾਰੀਓ ਵਿੱਚ ਪੱਕੇ ਤੌਰ 'ਤੇ ਲੰਬੇ ਸਮੇਂ ਲਈ ਇਥੇ ਸਿਹਤ ਸੇਵਾਵਾਂ ਸ਼ੁਰੂ ਹੋਣ ਤੋਂ ਬਾਦ ਨਿੱਜੀ ਮੁਨਾਫ਼ਾ ਲੈਣ ਲਈ ਉਸਾਰਿਆ ਗਿਆ ਹੈ। ਵੱਡੀ ਲਾਗਤ ਨਾਲ ਉਨਟਾਰੀਓ ਭਰ ਵਿੱਚ ਪੀ-3 ਹਸਪਤਾਲ ਦੇ ਕੀਤੇ ਸਮਝੌਤੇ ਯਕੀਨ ਕਰਨ ਯੋਗ ਨਹੀਂ ਜੋ ਬਜਟ ਵਿੱਚ ਪੀ-3 ਮਦ ਹੇਠ ਲਿਆਂਦੇ ਗਏ ਹਨ। ਮਗਿੰਟੀ ਸਰਕਾਰ ਦੀ ਨਵੀਂ ਪੀ-3 ਨਿੱਜੀਕਰਨ ਦੀ ਨੀਤੀ ਵਿੱਚ ਸੇਵਾਵਾਂ ਵਿੱਚ ਕਟੌਤੀ ਸੁਧਾਰਨ ਲਈ ਕੋਈ ਵੀ ਵਿਵਸਥਾ ਨਹੀਂ ਹੈ। ਪਰ ਸਰਕਾਰ ਦੇ ਆਪਣੇ ਦਸਤਾਵੇਜ਼ਾਂ ਅਨੁਸਾਰ ਹਸਪਤਾਲ ਦਾ ਨਿਸ਼ਚਿਤ ਅਕਾਰ ਘਟਾਉਣ ਦਾ ਕਾਰਨ ਖਰਚੇ ਦੇ ਵਧਣ ਕਰਕੇ ਦੱਸਿਆ ਜਾਂਦਾ ਹੈ ਤਾਂ ਜੋ ਗਰੁੱਪ ਦੇ ਮੁਨਾਫ਼ੇ ਨੂੰ ਬਰਕਰਾਰ ਰੱਖਿਆ ਜਾਵੇ। ਨਿੱਜੀ ਗਰੁੱਪ ਨਾਲ ਮੁਢਲੀ ਗੱਲਬਾਤ ਵੇਲੇ ਹਸਪਤਾਲ ਦਾ ਪ੍ਰੋਜੈਕਟ 350 ਮਿਲੀਅਨ ਡਾਲਰ ਦਾ ਮਿਥਿਆ ਗਿਆ ਸੀ ਪਰ ਇਸ ਦੇ ਆਖਰੀ ਸਮੇਂ ਇਸ ਦਾ ਖਰਚਾ 550 ਮਿਲੀਅਨ ਡਾਲਰ ਨੂੰ ਅੱਪੜ ਗਿਆ ਜਦ ਕਿ ਇਸ ਹਸਪਤਾਲ ਦਾ ਅਕਾਰ ਸੁੰਗੜ ਕੇ 608 ਬਿਸਤਰਿਆਂ ਤੋਂ 350 ਬਿਸਤਰਿਆਂ ਦੇ ਕਰੀਬ ਰਹਿ ਗਿਆ। ਕਮਿਊਨਟੀ ਦੇ ਦਬਾਅ ਕਾਰਨ ਸਰਕਾਰ ਨੇ 100 ਮਿਲੀਅਨ ਡਾਲਰ ਦੀ ਸਹਾਇਤਾ ਇਸ ਸਾਲ ਦੇ ਸ਼ੁਰੂ ਵਿੱਚ ਹੋਰ ਦੇ ਦਿੱਤੀ ਜਿਸ ਨਾਲ ਬਿਸਤਰਿਆਂ ਦੀ ਗਿਣਤੀ 479 ਤੱਕ ਕਰ ਦਿੱਤੀ ਗਈ। ਸਿੱਟੇ ਵਜੋਂ ਮਿਥੇ ਖਰਚ ਦੀ ਰਕਮ ਕਰੀਬ ਦੁਗਣੀ ਹੋ ਗਈ (£350 ਤੋਂ £650 ਮਿਲੀਅਨ) ਜਦ ਕਿ ਹਸਪਤਾਲ ਦਾ ਸਾਈਜ਼ ਵਾਅਦਾ ਕੀਤੇ 608 ਬਿਸਤਰਿਆਂ ਤੋਂ 479 ਹੋ ਕੇ 3/4 ਹਿੱਸਾ ਰਹਿ ਗਿਆ। ਨਿਰਪੱਖ ਮਾਹਿਰ ਜਿਨ੍ਹਾਂ ਨੇ ਇਸ ਕੰਟ੍ਰੈਕਟ ਨੂੰ ਘੋਖਿਆ ਨੇ ਇਸ ਸਕੀਮ ਵਿੱਚ ਖਰਚ ਸਬੰਧੀ ਬਹੁਤ ਗੰਭੀਰ ਕਨਸਰਨ ਉਠਾਏ ਸਨ। ਸਰਕਾਰੀ ਫਾਇਨੈਂਸ ਦੀ ਵਿਆਜ ਦਰ ਦੇ ਮੁਕਾਬਲੇ ਪ੍ਰਾਈਵੇਟ ਗਰੁੱਪ ਦਾ ਵਿਆਜ ਦਰ 120 ਬੇਸਿਜ਼ ਪੋਇੰਟ ਵੱਧ ਸੀ, ਜਿਸ ਦਾ ਮਤਲਬ ਸੂਬਾ ਸਰਕਾਰ ਵੱਲੋਂ ਆਪਣੇ ਤੌਰ 'ਤੇ ਖਰਚ ਕਰਨ ਦੇ ਮੁਕਾਬਲੇ ਪ੍ਰਾਈਵੇਟ ਫਾਇਨੈਂਸ ਕਰਵਾਉਣ ਦਾ £174 ਮਿਲੀਅਨ ਵੱਧ ਖਰਚਾ ਹੈ। ਵੱਧ ਵਿਆਜ ਦਰ ਦੇ ਨਾਲ ਨਾਲ ਨਿੱਜੀ ਸੈਕਟਰ ਹਸਪਤਾਲ ਵਿੱਚੋਂ ਵਾਧੂ ਦਾ ਮੁਨਾਫ਼ਾ ਵੀ ਲੈ ਰਿਹਾ ਹੈ। ਇਕੁਇਟੀ ਇਨਵੈਸਟਰ £260 ਮਿਲੀਅਨ ਦੇ ਡਿਵੀਡੈਂਡ ਦੇ ਨਾਲ ਨਾਲ £60ਮਿਲੀਅਨ ਮੁਢਲੀ ਇਨਵੈਸਟਮੈਂਟ ਵੀ ਵਸੂਲ ਰਹੇ ਹਨ (£260 ਮਿਲੀਅਨ ਇੱਕ ਨਵਾਂ ਕਮਿਊਨਟੀ ਹਸਪਤਾਲ ਬਣਾਉਣ ਲਈ ਕਾਫ਼ੀ ਹੁੰਦਾ ਹੈ ਜਦ ਕਿ ਮੁਨਾਫ਼ੇ ਵਿੱਚ ਇੱਕ ਵਾਧੂ ਰਕਮ ਦਿੱਤੀ ਜਾ ਰਹੀ ਹੈ ਜਦ ਕਿ ਇਸ ਨੂੰ ਬਣਾਉਣ ਦੀ ਕੀਮਤ ਮੂਲ ਰੂਪ ਵਿੱਚ £350 ਮਿਲੀਅਨ ਮਿਥੀ ਗਈ ਸੀ।) ਇਸ ਦਾ ਠੇਕਾ ਅੰਤਿਮ ਰੂਪ ਵਿੱਚ ਸਿਹਤ ਮੰਤਰਾਲੇ ਦੇ ਬਜਟ ਵਿੱਚੋਂ ਅਦਾ ਕੀਤਾ ਜਾਂਦਾ ਹੈ। ਸੋ ਹਰ ਡਾਲਰ ਮੈਨੇਜਮੈਂਟ ਫੀਸ, ਡਿਵੀਡੈਂਡਸ ਅਤੇ ਸਲਾਹਕਾਰਾਂ ਦੇ ਮੁਨਾਫ਼ੇ ਲਈ ਚਲਿਆ ਜਾਂਦਾ ਹੈ (ਜੇ ਇਹ ਪਬਲਿਕ ਫੰਡ ਨਾਲ ਉਸਾਰਿਆ ਹੁੰਦਾ ਤਾਂ ਇਹ ਪੈਸੇ ਬਚ ਸਕਦੇ ਸਨ) ਜਿਹੜਾ ਕਿ ਸਿਹਤ ਸੇਵਾਵਾਂ ਦੇਂਦੇ ਡਾਕਟਰਾਂ, ਨਰਸਾਂ, ਸਹਾਇਕ ਸੇਵਾਵਾਂ, ਬਿਸਤਰਿਆਂ ਆਦਿ ਨੂੰ ਜਾਣਾ ਚਾਹੀਦਾ ਸੀ। ਹਰ ਨਵੇਂ ਹਸਪਤਾਲ ਵਿੱਚ ਸਥਾਨਕ ਸ਼ਹਿਰੀਆਂ ਵੱਲੋਂ ਇਸ ਦੀ ਕੀਮਤ ਦਾ ਕੁਝ ਫੀਸਦੀ ਰੇਜ਼ ਕਰਨ ਦੀ ਆਸ ਕੀਤੀ ਜਾਂਦੀ ਹੈ। ਇਸ ਮਾਮਲੇ ਵਿੱਚ ਕਿਉਂਕਿ ਕੀਮਤ ਦੁਗਣੀ ਦੇ ਲਗਭਗ ਹੋ ਗਈ ਸੀ ਜਿਸ ਕਾਰਨ ਫੰਡ ਰੇਜ਼ਿੰਗ ਦਾ ਟੀਚਾ ਵੀ ਵੱਧ ਕੇ £100 ਮਿਲੀਅਨ ਤੋਂ £230 ਮਿਲੀਅਨ ਹੋ ਗਿਆ। ਮਹੀਨਿਆਂਬੱਧੀ ਮੈਂਬਰਾਂ 'ਤੇ ਸਥਾਨਕ ਫੰਡ ਰੇਜ਼ਿੰਗ ਲਈ ਦਬਾਅ ਵੱਧ ਗਿਆ ਅਤੇ ਹਸਪਤਾਲ ਅਧਿਕਾਰੀਆਂ ਅਤੇ ਸਥਾਨਕ ਪ੍ਰੈਸ ਵੱਲੋਂ ਸੇਵਾਵਾਂ ਵਿੱਚ ਕਟੌਤੀ ਦੀਆਂ ਚਿਤਾਵਨੀਆਂ ਮਿਲਨ ਲੱਗੀਆਂ। ਪੰਜਾਬੀ ਕਮਿਊਨਟੀ ਨੂੰ ਵਿਸ਼ੇਸ਼ ਤੌਰ 'ਤੇ ਹਸਪਤਾਲ ਦੇ ਬਹੁ-ਮਿਲੀਅਨ ਫੰਡ ਰੇਜ਼ਿੰਗ ਲਈ ਨਿਸ਼ਾਨਾ ਬਣਾਇਆ ਗਿਆ। ਪਰ ਫੰਡ ਰੇਜ਼ ਕਰਨ ਵਾਲਿਆਂ ਤੇ ਸਰਕਾਰ ਨੇ ਕਮਿਊਨਟੀ ਨੂੰ ਇਹ ਕਦੇ ਵੀ ਨਾ ਦੱਸਿਆ ਕਿ ਹਸਪਤਾਲ ਦਾ ਵੱਡਾ ਹਿੱਸਾ ਪ੍ਰਾਈਵੇਟ ਹੈ ਅਤੇ ਮੁਨਾਫ਼ੇ ਲਈ ਚਲਾਇਆ ਜਾ ਰਿਹਾ ਹੈ।

ਉਦਾਹਰਨ ਦੇ ਤੌਰ 'ਤੇ ਅਖ਼ਬਾਰ ਦੀਆਂ ਰਿਪੋਰਟਾਂ ਅਨੁਸਾਰ ਸ੍ਰੀ ਹਰਨੇਕ ਸਿੰਘ ਸਿੱਧੂ ਜਿਸ ਦੀ ਪਿਛਲੇ ਹਫ਼ਤਿਆਂ ਵਿੱਚ ਹਸਪਤਾਲ ਵਿੱਚ ਮੌਤ ਹੋ ਗਈ ਸੀ ਨੇ ਹਸਪਤਾਲ ਲਈ £20,000 ਦਾਨ ਵਜੋਂ ਦਿੱਤੇ ਸਨ। ਇਸ ਹਸਪਤਾਲ ਦੀ ਕੀਮਤ ਦੀ ਮੁਸ਼ਕਿਲ ਨਾਲੋਂ ਵੀ ਵੱਧ ਇਸ 'ਤੇ ਨਿੱਜੀ ਹਿੱਤਾਂ ਕਾਰਨ ਹਸਪਤਾਲ ਦਾ ਆਪਣਾ ਕੰਟਰੋਲ ਦਾ ਨਾ ਹੋਣਾ ਹੈ। ਹਸਪਤਾਲ ਦੀਆਂ ਸਾਰੀਆਂ ਸਹਾਇਕ ਸੇਵਾਵਾਂ ਪ੍ਰਾਈਵੇਟ ਗਰੁੱਪਾਂ ਦੇ ਆਪਣੇ ਮੁਨਾਫ਼ੇ ਕਰਕੇ 25 ਸਾਲਾਂ ਤੱਕ ਨਿੱਜੀ ਸੈਕਟਰ ਕੋਲ ਰਹਿਣਗੀਆਂ। ਜੇ ਉਥੇ ਇੰਫੈਕਸ਼ਨ ਵਧਣ, ਜਾਂ ਮਰੀਜ਼ਾਂ ਦੇ ਰਿਕਾਰਡ ਦੇ ਗੁੰਮ ਹੋ ਜਾਣ ਦੇ ਕੁਝ ਮਿਆਰ ਦੇ ਮੁੱਦੇ ਉਠਦੇ ਹਨ ਤਾਂ ਹਸਪਤਾਲ ਨੂੰ ਤੁਰੰਤ ਜ਼ਰੂਰੀ ਤੌਰ 'ਤੇ ਪੀ-3 ਕੰਟ੍ਰੈਕਟ ਅਨੁਸਾਰ ਕਾਨੂੰਨੀ ਪ੍ਰਣਾਲੀ ਦਾ ਸਹਾਰਾ ਲੈਣਾ ਬਣਦਾ ਹੈ ਤਾਂ ਜੋ ਉਹਨਾਂ ਦਾ ਕੰਟਰੋਲ ਇਸ ਤੋਂ ਖਤਮ ਕੀਤਾ ਜਾ ਸਕੇ। ਮਿਸਾਲ ਦੇ ਤੌਰ 'ਤੇ ਜੇ ਪ੍ਰਾਈਵੇਟ ਕੰਪਨੀਆਂ ਕਿਸੇ ਮਰੀਜ਼ ਨੂੰ ਹਸਪਤਾਲ ਪਹੁੰਚਾਉਣ ਵਿੱਚ ਨਾਕਾਮ ਰਹਿੰਦੀਆਂ ਹਨ, ਇਸ ਤੋਂ ਵੀ ਵੱਧ ਜੇ ਮਰੀਜ਼ ਕੁਝ ਨਿਸ਼ਚਿਤ ਘੰਟਿਆਂ ਤੋਂ ਤੱਕ ਉਸ ਨੂੰ ਇਲਾਜ ਮੁਹੱਈਆ ਨਹੀਂ ਹੁੰਦਾ ਤਾਂ ਹਸਪਤਾਲ ਦਾ ਫ਼ਰਜ਼ ਬਣਦਾ ਹੈ ਕਿ ਪ੍ਰੋਜੈਕਟ ਐਗਰੀਮੈਂਟ ਅਨੁਸਾਰ ਕਾਰਵਾਈ ਕਰੇ। ਉਹ ਉਸ ਕੰਪਨੀ ਤੋਂ ਜੁਰਮਾਨਾ ਵਸੂਲ ਸਕਦੇ ਹਨ। ਜੇ ਪ੍ਰਾਈਵੇਟ ਸੈਕਟਰ ਇਸ ਗੱਲ ਤੋਂ ਇਨਕਾਰ ਕਰੇ ਤਾਂ ਹਰ ਇੱਕ ਨੂੰ ਚਾਹੀਦਾ ਹੈ ਕਿ ਉਹ ਆਪਣੇ ਵਕੀਲ ਨੂੰ ਲੜਨ ਲਈ ਅੱਗੇ ਲਿਆਉਣ। ਰਾਹ ਦੇ ਹਰ ਕਦਮ 'ਤੇ ਹਸਪਤਾਲ ਨੂੰ ਇਹ ਫੈਸਲਾ ਲੈਣਾ ਚਾਹੀਦਾ ਹੈ ਕਿ ਉਹਨੇ ਆਪਣੇ ਪੈਸਿਆਂ ਨੂੰ ਡਾਕਟਰਾਂ ਅਤੇ ਨਰਸਾਂ 'ਤੇ ਖਰਚਣਾ ਹੈ ਜਾਂ ਵਕੀਲਾਂ ਅਤੇ ਜੱਜਾਂ ਉੱਤੇ? ਇਸ ਵਿੱਚ ਕੋਈ ਹੈਰਾਨੀ ਵਾਲੀ ਗੱਲ ਨਹੀਂ ਕਿ ਸਟੈਂਡਰਡ ਐਂਡ ਪੂਅਰਜ਼ (ਵਿੱਤ ਉਦਯੋਗ ਲਈ ਕੰਮ ਕਰਦੀ ਕਰੈਡਿਟ ਰੇਟਿੰਗ ਏਜੰਸੀ) ਨੇ ਪੀ-3 ਨੂੰ ਇੱਕ ਘੱਟ ਰਿਸਕ ਇਨਵੈਸਟਮੈਂਟ ਵਾਲੀ ਐਲਾਨਿਆ ਹੈ ਜਿਸ ਤਹਿਤ ਪ੍ਰਾਈਵੇਟ ਸੈਕਟਰ ਜਨਤਕ ਟੈਕਸਾਂ ਤੋਂ ਘੱਟ ਜ਼ੋਖ਼ਮ 'ਤੇ ਵੱਧ ਤੋਂ ਵੱਧ ਮੁਨਾਫ਼ਾ ਕਮਾਉਂਦਾ ਹੈ। ਕੁਲ ਮਿਲਾ ਕੇ ਸਰਕਾਰ ਅਤੇ ਹਸਪਤਾਲ ਬੋਰਡ ਦੇ ਹਿੱਤ ਉਹਨਾਂ ਨੂੰ ਹਸਪਤਾਲ ਨੂੰ ਕੰਮ ਕਰਦਾ ਰੱਖਣ ਲਈ ਮਜਬੂਰ ਕਰਦੇ ਹਨ ਜਦ ਕਿ ਮੁਨਾਫ਼ਾ ਕਮਾਉਣ ਵਾਲੇ ਪ੍ਰਾਈਵੇਟ ਇਨਵੈਸਟਰ ਆਪਣਾ ਮੁਨਾਫ਼ਾ ਦੇਖਦੇ ਹਨ ਜਿਨਾਂ ਨੂੰ ਇਹੋ ਜਿਹੀ ਕੋਈ ਜਰੂਰਤ ਨਹੀਂ, ਉਹ ਕਿਸੇ ਵੀ ਵਕਤ ਹਸਪਤਾਲ ਵਿਚਲੇ ਆਪਣੇ ਹਿੱਤ ਵੇਚ ਕੇ ਹਵਾ ਹੋ ਸਕਦੇ ਹਨ। ਅੰਤਿਮ ਤੌਰ 'ਤੇ ਬਰੈਂਪਟਨ ਪੀ-3 ਹਸਪਤਾਲ ਸਾਨੂੰ 25 ਸਾਲਾਂ ਦੇ ਸੇਵਾ ਸਮਝੌਤੇ ਨਾਲ ਸਾਜੋ ਸਮਾਨ ਸਮੇਤ ਘਟੋ ਘਟ £3.5 ਬਿਲੀਅਨ ਵਿੱਚ ਪਵੇਗਾ। ਬਰੈਂਪਟਨ ਅਤੇ ਉਨਟਾਰੀਓ ਦੇ ਵਸਨੀਕਾਂ ਨੂੰ ਇਸ ਸਕੀਮ ਦੀ ਵੱਧ ਕੀਮਤ ਅਦਾ ਕਰਨੀ ਪਵੇਗੀ ਭਾਵੇਂ ਅਸੀਂ ਪਸੰਦ ਕਰੀਏ ਜਾਂ ਨਾ। ਪਰ ਸਾਨੂੰ ਅਜਿਹਾ ਸੂਬਾ ਸਰਕਾਰ ਤੋਂ ਸਵਾਲ ਜਰੂਰ ਪੁੱਛਣਾ ਚਾਹੀਦਾ ਹੈ ਕਿ ਉਹਨਾਂ ਅਗਲੀ ਪੀੜ੍ਹੀ ਦੇ ਆਧਾਰ 'ਤੇ ਇਹ ਕਿਉਂ ਵਾਅਦਾ ਕਿ ਉਹ £3.5 ਬਿਲੀਅਨ ਕੇਵਲ 130 ਨਵੇਂ ਹਸਪਤਾਲ ਦੇ ਬਿਸਤਰਿਆਂ ਲਈ ਅਦਾ ਕਰਨਗੇ। ਉਹਨਾਂ ਦਾ ਫ਼ਰਜ਼ ਬਣਦਾ ਹੈ ਕਿ ਉਹ ਸਪਸ਼ਟ ਕਰਨ ਕਿ ਕੀ ਵਾਅਦੇ ਮੁਤਾਬਿਕ ਬਿਸਤਰੇ ਹਾਸਿਲ ਕਰਨ ਲਈ ਸਾਨੂੰ ਪ੍ਰਾਈਵੇਟ ਸੈਕਟਰ ਨੂੰ ਹੋਰ ਪੈਸੇ ਦੇਣੇ ਪੈਣਗੇ? ਬਰੈਂਪਟਨ ਦੇ ਲੋਕ ਇਹ ਕਦੇ ਨਹੀਂ ਚਾਹੁਣਗੇ ਕਿ ਉਹ ਹਸਪਤਾਲਾਂ ਵਿੱਚ ਮੁਨਾਫ਼ਾ ਕਮਾਉਣ ਵਾਲੀਆਂ ਕੰਪਨੀਆਂ ਅਤੇ ਫਾਇਨੈਂਸਰਾਂ ਲਈ ਪਿਗੀ ਬੈਂਕ ਬਣੇ ਰਹਿਣ। ਅਸਲ ਵਿੱਚ ਮਗਿੰਟੀ ਅਤੇ ਹੈਰੀਸ/ਈਵਜ਼ ਦੋਵੇਂ ਸਰਕਾਰਾਂ ਪੀ-3 ਦੇ ਕੰਮ ਕਾਜ਼ ਦੇ ਮੁੱਦੇ 'ਤੇ ਕਮਿਊਨਟੀ ਨੂੰ ਗੁੰਮਰਾਹ ਕਰਕੇ ਆਪਣੇ ਰਸਤੇ ਤੋਂ ਭਟਕ ਗਈਆਂ ਹਨ ਅਤੇ ਬਾਰ ਬਾਰ ਨਿੱਜੀਕਰਨ ਅਤੇ ਪੀ-3 ਨੂੰ ਆਲਟਰਨੇਟਿਵ ਫਾਈਨੈਂਸਿੰਗ ਜਾਂ ਆਲਟਰਨੇਟਿਵ ਪਰਕਿਉਰਮੈਂਟ ਦਾ ਨਾਂ ਦੇ ਕੇ ਇਸ 'ਤੇ ਪਰਦਾ ਪਾਉਂਦੀਆਂ ਆ ਰਹੀਆਂ ਹਨ। ਇਸ ਤਰ੍ਹਾਂ ਦੇ ਅਸਲੀਅਤ ਤੋਂ ਇਨਕਾਰ ਕਰਨ ਅਤੇ ਭੁਲੇਖੇ ਦਾ ਆਲਮ ਮੁੱਕਣਾ ਚਾਹੀਦਾ ਹੈ ਅਤੇ ਇੱਕ ਨੀਤੀ ਦੇ ਸਹੀ ਮੁਲਾਂਕਣ ਕਰਨ ਦੇ ਨਾਲ ਪ੍ਰਾਈਵੇਟ ਹਿੱਤਾਂ ਨੂੰ ਜਨਤਕ ਹਿੱਤਾਂ ਨਾਲ ਖਿਲਵਾੜ ਕਰਨ ਦੀ ਆਗਿਆ ਕਤਈ ਨਹੀਂ ਹੋਣੀ ਚਾਹੀਦੀ ਕਿਉਂਕਿ ਬਹੁਤ ਸਾਰੇ ਨਵੇਂ ਹਸਪਤਾਲਾਂ ਦੀਆਂ ਦਰਜਨਾਂ ਇਮਾਰਤਾਂ ਬਨਾਉਣ ਦੇ ਪ੍ਰੋਗਰਾਮ ਭਵਿੱਖ ਵਿੱਚ ਆ ਰਹੇ ਹਨ। ਇੱਕ ਸਾਫ਼ਗੋਈ ਵਾਲੀ ਜਨਤਕ ਨੀਤੀ ਅਮਲ ਵਿੱਚ ਜਰੂਰ ਲਿਆਂਦੀ ਜਾਣੀ ਚਾਹੀਦੀ ਹੈ ਤਾਂ ਜੋ ਕਮਿਊਨਟੀ ਨੂੰ ਲੋੜੀਂਦੀਆਂ ਹਸਪਤਾਲ ਲੋੜਾਂ ਦੀ ਪੂਰਤੀ ਹੋ ਸਕੇ ਅਤੇ ਵਾਅਦੇ ਅਨੁਸਾਰ ਬਿਸਤਰਿਆਂ ਦੀ ਵਿਵਸਥਾ ਉਪਲਬਧ ਕਰਵਾਈ ਜਾਵੇ। ਸੂਬਾ ਸਰਕਾਰ ਨੂੰ ਇਹ ਸਾਰਾ ਕੁਝ ਮੁਹੱਈਆ ਕਰਵਾਉਣਾ ਪਵੇਗਾ। ਬਰੈਂਪਟਨ ਦੇ ਹਸਪਤਾਲ ਨੂੰ ਇਸ ਵੇਲੇ ਵਿੱਤੀ ਮਦਦ ਅਤੇ ਮਨੁੱਖੀ ਵਸੀਲਿਆਂ ਨੂੰ ਭਰਤੀ ਕਰਨ ਦੀ ਮਦਦ ਦੀ ਜ਼ਰੂਰਤ ਹੈ। ਹੁਣ ਇਹ ਸਮਾਂ ਹੈ ਕਿ ਸੂਬਾ ਸਰਕਾਰ ਮੁਲਾਂਕਣ ਕਰੇ ਅਤੇ ਬਰੈਂਪਟਨ ਦੇ ਪੀ-3 ਹਸਪਤਾਲ ਤੋਂ ਸਬਕ ਸਿੱਖੇ ਅਤੇ ਸੂਬੇ ਦੇ ਆਡੀਟਰ ਤੋਂ ਇਸ ਦਾ ਪੂਰਾ ਆਡਿਟ ਕਰਵਾਏ। ਇਸ ਦੇ ਨਾਲ ਹੀ ਹਸਪਤਾਲ ਨੂੰ ਕਮਿਊਨਟੀ ਤੋਂ ਕਿਸੇ ਕਿਸਮ ਦੇ ਉਹਲੇ ਵਿੱਚ ਨਹੀਂ ਰੱਖਣਾ ਚਾਹੀਦਾ ਅਤੇ ਸਾਫ਼ਗੋਈ ਨਾਲ ਦੱਸਣਾ ਚਾਹੀਦਾ ਹੈ ਕਿ ਕਿੰਨੇ ਬਿਸਤਰੇ ਖੋਲ੍ਹੇ ਗਏ ਹਨ ਅਤੇ ਕਿੰਨੇ ਵਰਤੋਂ ਵਿੱਚ ਹਨ। ਉਹਨਾਂ ਨੂੰ ਦੱਸਣਾ ਚਾਹੀਦਾ ਹੈ ਕਿ ਕਿੰਨੇ ਬਜਟ ਦੀ ਘਾਟ ਉਹ ਸਹਿ ਰਹੇ ਹਨ ਅਤੇ ਇਹ ਵੀ ਦੱਸਣਾ ਚਾਹੀਦਾ ਹੈ ਕਿ ਇਸ ਲਈ ਕਿਸ ਤਰ੍ਹਾਂ ਦੀ ਪਹੁੰਚ ਅਪਣਾਈ ਜਾ ਰਹੀ ਹੈ। ਮਜ਼ਬੂਤ ਲੋਕ-ਰਾਜੀ ਕਦਰਾਂ ਕੀਮਤਾਂ ਅਤੇ ਜਨਤਕ ਜਵਾਬਦੇਹੀ ਨੂੰ ਧਿਆਨ ਵਿੱਚ ਰੱਖਦੇ ਹੋਏ ਫੰਡ ਰੇਜ਼ਿੰਗ ਮੁਹਿੰਮ ਦੀ ਆਗਿਆ ਬਿਲਕੁਲ ਨਹੀਂ ਦੇਣੀ ਚਾਹੀਦੀ। ਅਸੀਂ ਇਥੋਂ ਦੇ ਨਾਗਰਿਕ ਹਾਂ, ਨਾ ਕਿ ਗਾਹਕ ਅਤੇ ਸਾਡੇ ਨਾਲ ਨਾਗਰਿਕਾਂ ਜਿਹਾ ਸਲੂਕ ਹੀ ਹੋਣਾ ਚਾਹੀਦਾ ਹੈ। ਕਮਿਊਨਟੀ ਮੈਂਬਰਾਂ ਵਜੋਂ ਜਿਨ੍ਹਾਂ ਨੇ ਆਪਣੇ ਟੈਕਸਾਂ ਰਾਹੀਂ ਸਰਕਾਰੀ ਅਤੇ ਸਥਾਨਕ ਫੰਡ ਰੇਜ਼ਿੰਗਾਂ ਰਾਹੀਂ ਹਸਪਤਾਲ ਹਸਪਤਾਲ ਨੂੰ ਫੰਡ ਦਿੱਤਾ ਹੈ ਉਹਨਾਂ ਲਈ ਹਸਪਤਾਲ ਦੀਆਂ ਸੇਵਾਵਾਂ ਜ਼ਿੰਦਗੀ ਅਤੇ ਮੌਤ ਦਾ ਮਾਮਲਾ ਹੈ ਜਿਸ ਲਈ ਸਾਨੂੰ ਘੱਟੋ-ਘੱਟ ਇਸ ਪੱਧਰ ਦੀ ਜਨਤਕ ਜਵਾਬਦੇਹੀ ਦਾ ਹੱਕ ਜਰੂਰ ਹੈ। ਕਿਸੇ ਵੀ ਕਿਸਮ ਦੀ ਜਾਣਕਾਰੀ ਲਈ ਉਨਟਾਰੀਓ ਹੈਲਥ ਕੋਲੀਜ਼ਨ ਨਾਲ ਇਸ ਪਤੇ ਅਤੇ ਫੋਨ ਨੰਬਰ 'ਤੇ ਸੰਪਰਕ ਕੀਤਾ ਜਾ ਸਕਦਾ ਹੈ: ਨੈਟੈਲੀ ਮਹਿਰਾ, ਨਿਰਦੇਸ਼ਕ, 15-ਗੇਰਵੈਸ ਡਰਾਈਵ, ਸੁਈਟ ਨੰਬਰ 305, ਟੋਰਾਂਟੋ, ਉਨਟਾਰੀਓ,ਐਮ 3 ਸੀ 1 ਵਾਈ 8, ਫੋਨ:416-441-2503, ਫੈਕਸ:416-441-4073

FIVE STAR INSURANCE
Save up to 51%
• Auto • Home
• Business
Get the best rates with us!
FIVE STAR INSURANCE BROKERS LIMITED
We work with 15 major insurance companies& can get you the best prices guaranteed!
www.fivestarinsurance.ca
*With qualified discounts
Call: Harman Pandher
270 Orenda Rd., Unit # 200 Brampton, ON L6T 4X6
905.459.0555